ੴ ਸਤਿਗੁਰ ਪ੍ਰਸਾਦਿ ॥

# ਰਾਜ ਖਾਲਸਾ ਭਾਗ ਦੂਜਾ

## ਸਿੱਖ ਰਿਆਸਤਾਂ ਦੀ ਸਥਾਪਨਾ

(ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ)

ਕ੍ਰਿਤ:

## ਗਿਆਨੀ ਗਿਆਨ ਸਿੰਘ ਜੀ

# RAJ KHALSA

# PART - II

Rise of Sikh States of
PATIALA, NABHA, JIND,
FRIDKOT AND KAPURTHLA

Wirtten by

## Giani Gian Singh ji

## ਸ੍ਰੀ ਅਕਾਲ ਤਖ਼ਤ ਸਾਹਿਬ ਦੇ
## ੪੦੦ ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ

Dedicated to 400th Formation Anniversary of

## Sri Akal Takhat Sahib

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:

Bhai Baljinder Singh ji

© Baljinder Singh 16914 Lassen Street, Northridge, CA 91343 USA

*Visit: www.ik13.com* *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

# ਤਤਕਰਾ

Click any of link on right side of the tabe for easy access to a chapter


| | ਮਿਸਲ ੧੧ ਖਾਨਦਾਨ ਫੂਲ ਦਾ ਇਤਹਾਸ |
|---|---|
| ੧ | ਸਿੱਧੂ ਕੌਮ ਦਾ ਮੁਢ |
| ੨ | ਫੂਲ ਨੂੰ ਵਰ ਮਿਲਣਾ |
| ੩ | ਫੂਲ ਦਾ ਪ੍ਰਤਾਪ |
| ੪ | ਪਟਿਆਲੇ ਦੇ ਰਾਜ ਘਰਾਣੇ ਦਾ ਸ਼ਜਰਾ |
| ੫ | ਪਟਿਆਲੇ ਦਾ ਰਾਜ ਘਰਾਣਾ |
| ੬ | ਆਲਾ ਸਿੰਘ ਦੀ ਤਰੱਕੀ |
| ੭ | ਬਦਲਾ ਲੈਣਾ |
| ੮ | ਸੰਘੇਰਾ ਦਾ ਅਧੀਨ ਹੋਣਾ |
| ੯ | ਬਰਨਾਲੇ ਦਾ ਵਸਾਣਾ |
| ੧੦ | ਮੁਹੰਮਦ ਸ਼ਾਹ ਦਾ ਫੁਰਮਾਨ (ਸ੍ਰ: ਆਲਾ ਸਿੰਘ ਦੇ ਨਾਮ) |
| ੧੧ | ਪਿੰਡ ਨੀਮਾਂ ਦਾ ਜਿਤਾਣਾ |
| ੧੨ | ਰੰਘੜ ਰਾਜਪੂਤ ਨਵੇਂ ਹੋਏ ਮੁਸਲਮਾਨਾਂ ਦਾ ਜਹਾਦ |
| ੧੩ | ਸਰਦਾਰ ਆਲਾ ਸਿੰਘ ਦਾ ਭੱਟੀਆਂ ਨਾਲ ਜੰਗ |
| ੧੪ | ਰਾਏ ਕਲਹਾ ਨੂੰ ਭਾਂਜ |
| ੧੫ | ਸ੍ਰ: ਆਲਾ ਸਿੰਘ ਦਾ ਕੈਦ ਹੋਣਾ ਤੇ ਛੁਟਕਾਰਾ ਪਾਣਾ |
| ੧੬ | ਪਟਿਆਲੇ ਦੀ ਬੁਨਿਆਦ |
| ੧੭ | ਗੈਂਡੇ ਰਾਮ ਦੀ ਭਾਂਜ ਕਿਲ੍ਹਾ ਭਵਾਨੀ ਗੜ੍ਹ ਦਾ ਬਣਨਾ |
| ੧੮ | ਸੁਨਾਮ ਤੇ ਕਬਜ਼ਾ |
| ੧੯ | ਸਨੌਰ ਦੀ ਜਿੱਤ ਸੂਬਾ ਸਰਹੰਦ ਦੀ ਭਾਂਜ |
| ੨੦ | ਬਠਿੰਡੇ ਦੇ ਰਈਸ ਤੇ ਚੜ੍ਹਾਈ |
| ੨੧ | ਭਟੀ ਰਾਜਪੂਤਾਂ ਦੀ ਸ਼ਕਸਤ |
| ੨੨ | ਰਾਜਾ ਆਲਾ ਸਿੰਘ ਦਾ ਚਲਾਣਾ ਤੇ ਗੁਣ |
| ੨੩ | ਰਾਜਾ ਅਮਰ ਸਿੰਘ ਦਾ ਗੱਦੀ ਤੇ ਬੈਠਣਾ ਤੇ ਹਿੰਮਤ ਸਿੰਘ ਦਾ ਵਿਦ੍ਰੋਹ |
| ੨੪ | ਮਾਝੇ ਦੇ ਸਿੰਘਾਂ ਦਾ ਮਾਲੇਰ ਕੋਟਲੇ ਨਾਲ ਟਾਕਰਾ |
| ੨੫ | ਸਰਦਾਰ ਬਘੇਲ ਸਿੰਘ ਦਾ ਪਟਿਆਲੇ ਤੇ ਹੱਲਾ |
| ੨੬ | ਮਲੇਰ ਕੋਟਲਾ ਤੇ ਮਨੀ ਮਾਜਰੇ ਤੇ ਫਤਹਿ |
| ੨੭ | ਕੋਟਕਪੂਰਾ ਤੇ ਚੜ੍ਹਾਈ |
| ੨੮ | ਭੱਟੀਆਂ ਤੇ ਦੂਜੀ ਵੇਰ ਹੱਲਾ |
| ੨੯ | ਮਰਹੱਟਿਆਂ ਦੀ ਅਵਾਈ ਤੇ ਹਿੰਮਤ ਸਿੰਘ ਦਾ ਫ਼ਸਾਦ |
| ੩੦ | ਸਿਮਰੂ ਸਾਹਿਬ ਦਾ ਜੰਗ |
| ੩੧ | ਹਿਸਾਰ ਦੀ ਜਿੱਤ |
| ੩੨ | ਜੀਂਦ ਦਾ ਜੰਗ ਰਾਣੀ ਤੇ ਸਰਜੇ ਦੀ ਫਤਹਿ |
| ੩੩ | ਭਟਨੇਰ ਤੇ ਹਮਲਾ |
| ੩੪ | ਦੇਹਲੀ ਦੇ ਵਜ਼ੀਰ ਦਾ ਹੱਲਾ ਤੇ ਆਪੋ ਵਿੱਚ ਇਕਰਾਰ |
| ੩੫ | ਫ਼ਰੀਦਕੋਟ ਤੇ ਚੜ੍ਹਾਈ |
| ੩੬ | ਮਨੀ ਮਾਜਰੇ ਤੇ ਹਮਲਾ |
| ੩੭ | ਜੰਗ ਸਯਾਲਬਾ |
| ੩੮ | ਵਜ਼ੀਰ ਦਾ ਹਮਲਾ |
| ੩੯ | ਮਹਾਰਾਜਾ ਅਮਰ ਸਿੰਘ ਦਾ ਚਲਾਣਾ ਤੇ ਇਨ੍ਹਾਂ ਦੇ ਗੁਣ |
| ੪੦ | ਸਾਹਿਬ ਸਿੰਘ ਦੀ ਗੱਦੀ ਨਸ਼ੀਨੀ |
| ੪੧ | ਕਿਲ੍ਹਾ ਭਵਾਨੀਗੜ੍ਹ ਦੀ ਬਗ਼ਾਵਤ |
| ੪੨ | ਭਿਖੀ ਤੇ ਚੜ੍ਹਾਈ |
| ੪੩ | ਹੋਰ ਔਕੜਾਂ |
| ੪੪ | ਮੂਲੇ ਪੁਰ ਦਾ ਘੇਰਾ ਤੇ ਨਾਨੂੰ ਮਲ ਦਾ ਜ਼ਖ਼ਮੀ ਹੋਣਾ |
| ੪੫ | ਰਾਣੀ ਹੁਕਮਾਂ ਦਾ ਚਲਾਣਾ |
| ੪੬ | ਬੀਬੀ ਰੰਜੀਤ ਕੌਰ ਦੀ ਚੜ੍ਹਾਈ |
| ੪੭ | ਧਾਰਾ ਰਾਓ ਦਾ ਬੁਲਾਣਾ |
| ੪੮ | ਬਨੌੜ ਦਾ ਮੁਹਾਸਰਾ |
| ੪੯ | ਕੋਟਕਪੂਰੇ ਵਲ ਜਾਣਾ |
| ੫੦ | ਮੌਲੂਪੁਰ ਦੇ ਕਿਲ੍ਹੇ ਤੇ ਕਬਜ਼ਾ |
| ੫੧ | ਕੋਟਕਪੂਰਾ ਤੇ ਭੱਟੀਆਂ ਤੇ ਫ਼ਤਹਿ |
| ੫੨ | ਚੂਹੜ ਸਿੰਘ ਦਾ ਹਾਲ |
| ੫੩ | ਵਿਆਹ ਤੇ ਅੰਬਾਰਾਉ |
| ੫੪ | ਨਾਨੂੰ ਮਲ ਦੇ ਭਾਗਾਂ ਦਾ ਫੇਰ |
| ੫੫ | ਮਰਹੱਟਿਆਂ ਦੀ ਆਉਂਦ |
| ੫੬ | ਬੀਬੀ ਰਾਜਿੰਦਰ ਕੌਰ ਦਾ ਆਚਰਣ |
| ੫੭ | ਦੀਵਾਨ ਨਾਨੂ ਮੱਲ ਦਾ ਚਲਾਣਾ |
| ੫੮ | ਮੀਰ ਅਲਾਹੀ ਬਖ਼ਸ਼ ਤੇ ਕੇਸਰ ਮੱਲ |
| ੫੯ | ਬੀਬੀ ਸਾਹਿਬ ਕੌਰ ਦਾ ਵਜ਼ੀਰ ਹੋਣਾ |
| ੬੦ | ਸਾਹਿਬ ਕੌਰ ਦੀ ਮਰਹੱਟਿਆਂ ਨਾਲ ਜੰਗ ਤੇ ਫਤਹਿ |
| ੬੧ | ਮਲੇਰ ਕੋਟਲੇ ਤੇ ਹੱਲਾ |
| ੬੨ | ਨਾਹਨ ਦੀ ਸਹਾਇਤਾ |
| ੬੩ | ਲੁਧਿਆਣੇ ਤੇ ਛਾਪਾ |
| ੬੪ | ਰਾਏ ਅਲਯਾਸ ਦੀ ਜਾਰਜ ਟਾਮਸਨ ਤੋਂ ਮਦਦ ਮੰਗਣੀ |
| ੬੫ | ਟਾਮਸਨ ਸਾਹਿਬ ਦਾ ਜੀਂਦ ਤੇ ਹੱਲਾ |
| ੬੬ | ਰਾਜਾ ਸਾਹਿਬ ਸਿੰਘ ਤੇ ਬੀਬੀ ਸਾਹਿਬ ਕੌਰ ਦੀ ਅਣਬਣ |
| ੬੭ | ਭੈਣ ਭਰਾ ਦਾ ਜੰਗ |
| ੬੮ | ਟਾਮਸਨ ਦਾ ਦੂਜਾ ਹਮਲਾ |
| ੬੯ | ਪੈਰਨ ਸਾਹਿਬ ਨਾਲ ਗੱਲ ਬਾਤ |

| | |
|---|---|
| ੭੦ | ਇਕਰਾਰਨਾਮੇ ਤੇ ਨਜ਼ਰਾਨੇ |
| ੭੧ | ਲੋਈਸ ਦਾ ਦੂਜੀ ਵਾਰ ਆਉਣਾ ਤੇ ਨਜ਼ਰਾਨੇ ਵਸੂਲ ਕਰਨੇ |
| ੭੨ | ਅੰਗਰੇਜ਼ ਚੜ੍ਹਦੀਆਂ ਕਲਾਂ ਵਿਚ |
| ੭੩ | ਕੁਝ ਰਈਸ ਅੰਗਰੇਜ਼ਾਂ ਦੇ ਅਧੀਨ ਹੋ ਗਏ |
| ੭੪ | ਰਾਜਾ ਸਾਹਿਬ ਸਿੰਘ ਤੇ ਰਾਣੀ ਆਸ ਕੌਰ ਦੀ ਖਟਪਟੀ |
| ੭੫ | ਨਾਭੇ ਪਟਯਾਲੇ ਦੀ ਰੇੜ ਖੇੜ |
| ੭੬ | ਮਹਾਰਾਜਾ ਰਣਜੀਤ ਸਿੰਘ ਦਾ ਆਉਣਾ |
| ੭੭ | ਮਹਾਰਾਜਾ ਰਣਜੀਤ ਸਿੰਘ ਫਿਰ ਇਸ ਇਲਾਕੇ ਵਿਚ |
| ੭੮ | ਫੂਲ ਦੇ ਰਈਸਾਂ ਅੰਗਰੇਜ਼ਾਂ ਨੂੰ ਸੱਦਿਆ |
| ੭੯ | ਸਰਕਾਰ ਅੰਗਰੇਜ਼ੀ ਤੇ ਲਾਹੌਰ ਦੇ ਮਹਾਰਾਜਾ ਸਾਹਿਬ ਨਾਲ ਇਕਰਾਰਨਾਮਾ |
| ੮੦ | ਅੰਗ੍ਰੇਜ਼ਾਂ ਵਲੋਂ ਇਸ਼ਤਿਹਾਰ |
| ੮੧ | ਪਟਯਾਲੇ ਦੀ ਦਸ਼ਾ |
| ੮੨ | ਅਕਾਲੀ ਫੂਲਾ ਸਿੰਘ |
| ੮੩ | ਰਾਜਾ ਸਾਹਿਬ ਸਿੰਘ ਜੀ |
| ੮੪ | ਰਾਣੀ ਆਸ ਕੌਰ ਦਾ ਇੰਤਜ਼ਾਮ |
| ੮੫ | ਕਿਲ੍ਹਾ ਚਨਕੋਈਆਂ ਦੀ ਫਤਹ |
| ੮੬ | ਰਾਜਾ ਸਾਹਿਬ ਦੇ ਅਖਤਯਾਰਾਂ ਦਾ ਖੁਸਣਾ |
| ੮੭ | ਰਾਜਾ ਸਾਹਿਬ ਸਿੰਘ ਦਾ ਚਲਾਣਾ |
| ੮੮ | ਰਾਜਾ ਸਾਹਿਬ ਸਿੰਘ ਦੇ ਗੁਣ |
| ੮੯ | ਸੰਤਾਨ |
| ੯੦ | ਕਰਮ ਸਿੰਘ ਦੀ ਗੱਦੀ ਨਸ਼ੀਨੀ |
| ੯੧ | ਗੋਰਖਿਆਂ ਦੇ ਜੰਗ ਵਿੱਚ ਪਟਯਾਲਾ ਦੀ ਮਦਦ |
| ੯੨ | ਰਾਜਾ ਕਰਮ ਸਿੰਘ ਦੀ ਸੁਤੰਤਰਤਾ |
| ੯੩ | ਸੱਯਦ ਬਰਕਤ ਅਲੀ ਵਜ਼ੀਰ ਹੋਇਆ ਤੇ ਮਾਂ ਪੁਤ ਦਾ ਜੰਗ |
| ੯੪ | ਨਰਿੰਦਰ ਸਿੰਘ ਦਾ ਜਨਮ ਤੇ ਨਾਭੇ ਦਾ ਝਗੜਾ |
| ੯੫ | ਕੰਵਰ ਅਜੀਤ ਸਿੰਘ ਦਾ ਫ਼ਵਾਦ |
| ੯੬ | ਗੁਰਨਮੈਂਟ ਦਾ ਕਰਜ਼ਾ ਦਲਦੀ ਦਾ ਫ਼ੈਸਲਾ |
| ੯੭ | ਪਟਿਆਲੇ ਰਿਆਸਤ ਵਿੱਚ ਕਾਨੂੰਨ ਦਾ ਜਾਰੀ ਹੋਣਾ |
| ੯੮ | ਫੂਲ ਦੀਆਂ ਤਿੰਨਾਂ ਰਿਆਸਤਾਂ ਦਾ ਆਪੋ ਵਿੱਚ ਇਕਰਾਰ ਹੋਣਾ |
| ੯੯ | ਨੀਲੀ ਦਾ ਜ਼ਿਕਰ |
| ੧੦੦ | ਮੁਦਕੀ ਦੇ ਜੰਗ ਵਿੱਚ ਮਦਦ ਦੇਣਾ |
| ੧੦੧ | ਰਾਜਾ ਕਰਮ ਸਿੰਘ ਦਾ ਚਲਾਣਾ ਤੇ ਗੁਣ |
| ੧੦੨ | ਰਾਜਾ ਨਰਿੰਦਰ ਸਿੰਘ ਦੀ ਗੱਦੀ ਨਸ਼ੀਨੀ |
| ੧੦੩ | ਮਹਾਰਾਜਾ ਨਰਿੰਦਰ ਸਿੰਘ ਦੀ ਲੜਕੀ ਦਾ ਵਿਵਾਹ |
| ੧੦੪ | ਵਲੀ ਐਹਦ ਦਾ ਉਤਪਨ ਹੋਨਾ |
| ੧੦੫ | ਵਲਾਇਤ ਜਾਣ ਦਾ ਸ਼ੌਕ |
| ੧੦੬ | ਗ਼ਦਰ |
| ੧੦੭ | ਖਤਾਬ ਤੇ ਸਨਦ |
| ੧੦੮ | ਸਨਦ ਦੀ ਨਕਲ |
| ੧੦੯ | ਬੀਬੀ ਬਖਤਾਵਰ ਕੌਰ ਦਾ ਵਿਵਾਹ ਤੇ ਅੰਮ੍ਰਿਤਸਰ ਮਹਾਰਾਜੇ ਦਾ ਆਉਣਾ |
| ੧੧੦ | ਮਹਾਰਾਜੇ ਦਾ ਲਾਹੌਰ ਜਾਣਾ ਤੇ ਪ੍ਰਗਨਾ ਖਨੌਰ ਦੀ ਪ੍ਰਾਪਤੀ |
| ੧੧੧ | ਸਤਾਰਾ ਹਿੰਦ ਦਾ ਖਤਾਬ ਤੇ ਲੈਪਾਲਕ ਬਣਾਨ ਦੀ ਆਗਯਾ |
| ੧੧੨ | ਮਹਾਰਾਜਾ ਨਰਿੰਦਰ ਸਿੰਘ ਦਾ ਚਲਾਣਾ |
| ੧੧੩ | ਮਹਾਰਾਜਾ ਮਹਿੰਦਰ ਸਿੰਘ ਦਾ ਚਲਾਣਾ |
| | ਨਾਭੇ ਦਾ ਰਾਜ ਘਰਾਣਾ |
| ੧ | ਸਿੱਧੂਆਂ ਦੇ ਖਾਨਦਾਨ ਦਾ ਸ਼ਜਰਾ |
| ੨ | ਨਾਭੇ ਦਾ ਰਾਜ ਘਰਾਣਾ |
| ੩ | ਗੁਰਦਿਤ ਸਿੰਘ ਦਾ ਚਲਾਣਾ ਤੇ ਹਮੀਰ ਸਿੰਘ ਦਾ ਗੱਦੀ ਤੇ ਬੈਠਣਾ |
| ੪ | ਨਾਭੇ ਦੀ ਨੀਉਂ |
| ੫ | ਕਪੂਰ ਸਿੰਘ ਦਾ ਚਲਾਣਾ |
| ੬ | ਜਸਵੰਤ ਸਿੰਘ ਦਾ ਜਨਮ |
| ੭ | ਰੋੜੀ ਦੇ ਪ੍ਰਗਨੇ ਦਾ ਲੜਨਾ |
| ੮ | ਚੌਧਰੀ ਹਮੀਰ ਸਿੰਘ ਦਾ ਕੈਦ ਹੋਣਾ, ਛੁਟਕਾਰਾ ਪਾਣਾ ਤੇ ਸੰਗਰੂਰ ਦਾ ਹੱਥੋਂ ਨਿੱਕਲਣਾ |
| ੯ | ਰਾਜਾ ਹਮੀਰ ਸਿੰਘ ਦਾ ਚਲਾਣਾ ਤੇ ਜਸਵੰਤ ਸਿੰਘ ਦਾ ਗੱਦੀ ਤੇ ਬੈਠਣਾ |
| ੧੦ | ਰਾਣੀ ਦੇਸੂ ਦਾ ਕਤਲ |
| ੧੧ | ਰਾਜਾ ਜਸਵੰਤ ਸਿੰਘ ਦੇ ਕੰਮ |
| ੧੨ | ਲਾਰਡ ਲੀਕ ਦਾ ਆਉਣਾ ਤੇ ਜਸਵੰਤ ਰਾਏ ਹੁਲਕਰ |
| ੧੩ | ਰਾਜਾ ਜਸਵੰਤ ਸਿੰਘ ਦੇ ਵਲੀਐਹਦ ਰਣਜੀਤ ਸਿੰਘ ਦਾ ਆਪਣੇ ਪਿਤਾ ਦੇ ਹੱਥੋਂ ਕੈਦ ਹੋਣਾ ਤੇ ਛੁਟਕਾਰਾ |
| ੧੪ | ਰਣਜੀਤ ਸਿੰਘ ਦੇ ਅਚਣਚੇਤ ਚਲਾਣੇ ਦੀ ਖੋਜ |
| ੧੫ | ਲਧੜਾਂ ਦੇ ਸਰਦਾਰਾਂ ਤੇ ਸੋਨਟੀ ਦਾ ਮੁਕੱਦਮਾ |
| ੧੬ | ਰਾਜਾ ਜਸਵੰਤ ਸਿੰਘ ਦੇ ਗੁਣ ਤੇ ਨਿਸਚਾ |
| ੧੭ | ਰਾਜਾ ਦੇਵਿੰਦਰ ਸਿੰਘ ਦੀ ਗੱਦੀ ਨਸ਼ੀਨੀ |
| ੧੮ | ਰਾਜਾ ਦੇਵਿੰਦਰ ਸਿੰਘ ਦਾ ਚਾਲ ਚਲਨ |
| ੧੯ | ਮੌੜਾਂ ਦੇ ਝਗੜੇ ਦਾ ਹਾਲ |
| ੨੦ | ਸਰਕਾਰ ਲਾਹੌਰ ਦੀ ਸਰਕਾਰ ਅੰਗਰੇਜ਼ੀ ਨਾਲ ਵਿਰੋਧਤਾ |
| ੨੧ | ਕੌਂਸਲ ਦਾ ਬਣਨਾ |
| ੨੨ | ਕੌਂਸਲ ਦਾ ਕੰਮ |
| ੨੩ | ਗ਼ਦਰ ਦਾ ਹਾਲ |
| ੨੪ | ਸਾਰ ਉਸ ਸਨਦ ਦਾ ਜੋ ਰਾਜਾ ਸਾਹਿਬ ਨਾਭਾ ਨੂੰ ਮਿਲੀ |
| ੨੫ | ਰਾਜਾ ਭਰਪੂਰ ਸਿੰਘ ਦੇ ਗੁਣ |
| ੨੬ | ਰਾਜਾ ਭਰਪੂਰ ਸਿੰਘ ਦਾ ਚਲਾਣਾ |
| ੨੭ | ਰਾਜਾ ਭਰਪੂਰ ਸਿੰਘ ਦੀ ਜਗ੍ਹਾ ਉਨ੍ਹਾਂ ਦਾ ਛੋਟਾ ਭਰਾ ਰਾਜਾ ਭਗਵਾਨ ਸਿੰਘ |

| | |
|---|---|
| ੨੮ | ਖ਼ੂਨ ਦੇ ਝਗੜੇ ਦਾ ਹਾਲ |
| ੨੯ | ਰਾਜਾ ਭਗਵਾਨ ਸਿੰਘ ਦਾ ਚਲਾਣਾ |
| ੩੦ | ਰਾਜਾ ਹੀਰਾ ਸਿੰਘ ਦੀ ਗੱਦੀ ਨਸ਼ੀਨੀ |
| ੩੧ | ਕੂਕਿਆਂ ਦਾ ਫਸਾਦ |
| ੩੨ | ਕਾਬਲ ਦੀ ਲੜਾਈ ਵਿੱਚ ਗਵਰਨਮੈਂਟ ਦੀ ਸਹਾਇਤਾ |
| ੩੩ | ਰਿਆਸਤ ਨਾਭਾ ਵਿੱਚ ਵਾਇਸਰਾਇ ਦਾ ਆਉਣਾ |
| ੩੪ | ਪ੍ਰਜਾ ਦੀ ਭਲਿਆਈ ਦੇ ਕੰਮ |
| ੩੫ | ਰਿਆਸਤ ਦੀ ਆਮਦਨੀ |
| | ਜੀਂਦ ਦਾ ਰਾਜ ਘਰਾਣਾ |
| ੧ | ਜੀਂਦ ਦਾ ਗਜਪਤ ਸਿੰਘ ਦੇ ਹੱਥ ਆਉਣਾ |
| ੨ | ਗਜਪਤ ਸਿੰਘ ਦੀ ਨਜ਼ਰਬੰਦੀ |
| ੩ | ਰਾਜ ਗੱਦੀ ਦਾ ਖਿਤਾਬ, ਸਿੱਕਾ ਚਲਾਣਾ ਤੇ ਸੰਗਰੂਰ ਦਾ ਕਬਜ਼ਾ |
| ੪ | ਰਹੀਮ ਦਾਦ ਖਾਂ ਦੀ ਦਿੱਲੀ ਤੇ ਚੜ੍ਹਾਈ |
| ੫ | ਰਾਜਾ ਗਜਪਤ ਸਿੰਘ ਦਾ ਚਲਾਣਾ |
| ੬ | ਰਾਜਾ ਗਜਪਤ ਸਿੰਘ ਦੀ ਸੰਤਾਨ |
| ੭ | ਇਲਾਕੇ ਦੀ ਵੰਡ |
| ੮ | ਰਾਜਾ ਭਾਗ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ |
| ੯ | ਕਰਨਾਲ ਦੇ ਇਲਾਕੇ ਖੁੱਸਣਾ |
| ੧੦ | ਰਾਜਾ ਭਾਗ ਸਿੰਘ ਦੀ ਬੀਮਾਰੀ ਤੇ ਰਿਆਸਤ ਦਾ ਪ੍ਰਬੰਧ |
| ੧੧ | ਪ੍ਰਤਾਪ ਸਿੰਘ ਦਾ ਨੱਸਣਾ ਤੇ ਅਕਾਲੀ ਫੂਲਾ ਸਿੰਘ ਦਾ ਆਉਣਾ |
| ੧੨ | ਪ੍ਰਤਾਪ ਸਿੰਘ ਦੀ ਗ੍ਰਿਫਤਾਰੀ ਤੇ ਚਲਾਣਾ |
| ੧੩ | ਪ੍ਰਤਾਪ ਸਿੰਘ ਦਾ ਪਰਿਵਾਰ |
| ੧੪ | ਰਾਜਾ ਭਾਗ ਸਿੰਘ ਦਾ ਚਲਾਣਾ ਤੇ ਫਤਹ ਸਿੰਘ ਦੀ ਗੱਦੀ ਨਸ਼ੀਨੀ |
| ੧੫ | ਰਾਜਾ ਭਾਗ ਸਿੰਘ ਦਾ ਪਰਿਵਾਰ |
| ੧੬ | ਰਾਜਾ ਫਤਹ ਸਿੰਘ ਦਾ ਚਲਾਣਾ ਤੇ ਪਰਿਵਾਰ |
| ੧੭ | ਰਾਜਾ ਸੰਗਤ ਸਿੰਘ ਦੀ ਗੱਦੀ ਨਸ਼ੀਨੀ |
| ੧੮ | ਰਾਜਾ ਸੰਗਤ ਸਿੰਘ ਦਾ ਵਿਆਹ |
| ੧੯ | ਰਿਆਸਤ ਦਾ ਪ੍ਰਬੰਧ |
| ੨੦ | ਰਾਜਾ ਸੰਗਤ ਸਿੰਘ ਦਾ ਫਿਰ ਲਾਹੌਰ ਦਰਬਾਰ ਨਾਲ ਲਿਖਾ ਪੜ੍ਹੀ ਕਰਨਾ |
| ੨੧ | ਜੀਂਦ ਦਾ ਪ੍ਰਬੰਧ |
| ੨੨ | ਰਾਜਾ ਸੰਗਤ ਸਿੰਘ ਦਾ ਚਾਲ ਚਲਣ |
| ੨੩ | ਰਾਜਾ ਸੰਗਤ ਸਿੰਘ ਦਾ ਚਲਾਣਾ |
| ੨੪ | ਰਿਆਸਤ ਜੀਂਦ ਦੇ ਵਾਰਸ ਬਾਬਤ ਝਗੜਾ, ਸ੍ਰ. ਸਰੂਪ ਸਿੰਘ ਦੀ ਚੋਣ |
| ੨੫ | ਸਰਦਾਰ ਸਰੂਪ ਸਿੰਘ ਦੀ ਗੱਦੀ ਨਸ਼ੀਨੀ |
| ੨੬ | ਗਵਰਨਮੈਂਟ ਦਾ ਪ੍ਰਸੰਨ ਹੋ ਕੇ ਰਾਜਾ ਸਰੂਪ ਸਿੰਘ ਨੂੰ ਜਾਗੀਰ ਦੇਣਾ |
| ੨੭ | ਦਿੱਲੀ ਦੇ ਗਦਰ ਵਿੱਚ ਸਹਾਇਤਾ |

| | |
|---|---|
| ੨੮ | ਵਿਦਰੋਹ ਮਿਟਾਣ ਲਈ ਜੀਂਦ ਦੀ ਫ਼ੌਜ ਦਾ ਕਈ ਜਗ੍ਹਾ ਤੇ ਨੀਯਤ ਹੋਣਾ |
| ੨੯ | ਜੰਗ ਦੇ ਸਮੇਂ ਮਦਦ ਦੇਣ ਦੇ ਬਦਲੇ ਵਿੱਚ ਰਾਜਾ ਸਾਹਿਬ ਜੀਂਦ ਦੀ ਮਾਨ ਪ੍ਰਤਿਸ਼ਟਾ |
| ੩੦ | ਜੰਗੀ ਸੇਵਾ ਦੇ ਬਦਲੇ ਮਿਲੇ ਇਲਾਕੇ ਦੀ ਸੂਚੀ |
| ੩੧ | ਰਾਜਾ ਸਰੂਪ ਸਿੰਘ ਨੂੰ ਮੁਤਬੰਨਾ ਕਰਨ ਦੀ ਸਨਦ ਮਿਲੀ |
| ੩੨ | ਸਨਦ ਦਾ ਸਾਰ ਭਾਵ |
| ੩੩ | ਜੀਂਦ ਦੇ ਇਲਾਕੇ ਦੀ ਸੂਚੀ ਜਦੀ ਇਲਾਕਾ |
| ੩੪ | ਪਿੱਛੋਂ ਮਿਲਿਆ ਇਲਾਕਾ |
| ੩੫ | ਜਾਗੀਰਦਾਰ ਸੁਖਾਂ ਤੇ ਦਯਾਲਪੁਰ |
| ੩੬ | ੫ ਮਾਰਚ ੧੮੬੨ ਦੀ ਸਨਦ |
| ੩੭ | ਇਕ ਹੋਰ ਸਨਦ |
| ੩੮ | ਰਾਜਾ ਸਰੂਪ ਸਿੰਘ ਦਾ ਦਾਨ |
| ੩੯ | ਰਾਜਾ ਸਰੂਪ ਸਿੰਘ ਦਾ ਚਲਾਣਾ ਤੇ ਪਰਿਵਾਰ |
| ੪੦ | ਰਾਜਾ ਸਰੂਪ ਸਿੰਘ ਦੇ ਗੁਣ |
| ੪੧ | ਕੰਵਰ ਰਘਬੀਰ ਸਿੰਘ ਦਾ ਗੱਦੀ ਤੇ ਬੈਠਣਾ |
| ੪੨ | ਰਾਜਾ ਰਘਬੀਰ ਸਿੰਘ ਦਾ ਪ੍ਰਬੰਧ |
| ੪੩ | ਦਾਦਰੀ ਦੀ ਬਗ਼ਾਵਤ |
| ੪੪ | ਰਾਜਾ ਰਘਬੀਰ ਸਿੰਘ ਦਾ ਪਰਿਵਾਰ |
| ੪੫ | ਰਾਜਾ ਰਘਬੀਰ ਸਿੰਘ ਦੇ ਕੰਮ ਤੇ ਗੁਣ |
| ੪੬ | ਲੰਗਰ ਜਾਰੀ ਕੀਤੇ |
| ੪੭ | ਖ਼ਿਤਾਬ ਦਾ ਮਿਲਣਾ |
| ੪੮ | ਸੰਗਰੂਰ ਵਿੱਚ ਵਰਕਸ਼ਾਪ |
| ੪੯ | ਰਾਜਾ ਰਘਬੀਰ ਸਿੰਘ ਦਾ ਪ੍ਰਬੰਧ ਤੇ ਚਾਲ ਚਲਣ |
| ੫੦ | ਟਿੱਕਾ ਬਲਬੀਰ ਸਿੰਘ ਦਾ ਚਲਾਣਾ |
| ੫੧ | ਰਾਜਾ ਰਘਬੀਰ ਸਿੰਘ ਦਾ ਚਲਾਣਾ |
| ੫੨ | ਕੌਂਸਲ ਆਫ ਰੀਜੈਂਸੀ ਦਾ ਬਣਨਾ |
| ੫੩ | ਟਿੱਕਾ ਰਣਬੀਰ ਸਿੰਘ ਦੀ ਗੱਦੀ ਨਸ਼ੀਨੀ |
| ੫੪ | ਰਿਆਸਤ ਜੀਂਦ ਦਾ ਰਕਬਾ |
| ੫੫ | ਜੀਂਦ ਦਾ ਰਾਜ ਘਰਾਣਾ |
| | **ਰਿਆਸਤ ਫ਼ਰੀਦਕੋਟ ਦਾ ਹਾਲ** |
| ੧ | ਸੰਘਰ ਦਾ ਸਮਾਂ |
| ੨ | ਭੱਲਣ ਦਾ ਜ਼ਮਾਨਾ |
| ੩ | ਚੌਧਰੀ ਕਪੂਰੇ ਦਾ ਪ੍ਰਤਾਪ ਤੇ ਚਲਾਣਾ |
| ੪ | ਰੱਬ ਨੇੜੇ ਕਿ ਡੰਡਾ |
| ੫ | ਸਖੀਏ ਦਾ ਸਮਾਂ |
| ੬ | ਸਰਦਾਰ ਜੋਧ ਸਿੰਘ ਦੀ ਸਰਦਾਰੀ |
| ੭ | ਟੇਕ ਸਿੰਘ ਦੀ ਸਰਦਾਰੀ |
| ੮ | ਸਰਦਾਰ ਜਗਤ ਸਿੰਘ |
| ੯ | ਫਰੀਦਕੋਟ ਤੇ ਸਰਦਾਰ ਹਮੀਰ ਸਿੰਘ ਦਾ ਹਾਲ |
| ੧੦ | ਸਰਦਾਰ ਮੋਹਰ ਸਿੰਘ ਦਾ ਹਾਲ |
| ੧੧ | ਸਰਦਾਰ ਚੜ੍ਹਤ ਸਿੰਘ ਦੀ ਸਰਦਾਰੀ |

| | |
|---|---|
| ੧੨ | ਸਰਦਾਰ ਦਲ ਸਿੰਘ ਦੀ ਸਰਦਾਰੀ |
| ੧੩ | ਗੁਲਾਬ ਸਿੰਘ ਦੀ ਸਰਦਾਰੀ |
| ੧੪ | ਸਰਦਾਰ ਅਤਰ ਸਿੰਘ |
| ੧੫ | ਸਰਦਾਰ ਪਹਾੜਾ ਸਿੰਘ ਦੀ ਸਰਦਾਰੀ |
| ੧੬ | ਸਰਦਾਰ ਪਹਾੜਾ ਸਿੰਘ ਦੀ ਚਲਾਕੀ |
| ੧੭ | ਸਰਦਾਰ ਪਹਾੜਾ ਸਿੰਘ ਨੂੰ ਖ਼ਿਤਾਬ ਤੇ ਮੁਲਕ ਮਿਲਣਾ |
| ੧੮ | ਰਾਜਾ ਵਜ਼ੀਰ ਸਿੰਘ ਦਾ ਹਾਲ |
| ੧੯ | ਰਾਜਾ ਬਿਕਰਮਾ ਸਿੰਘ ਦਾ ਸਮਾਂ |
| ੨੦ | ਰਾਜਾ ਸਾਹਿਬ ਦੇ ਕੰਮ |
| ੨੧ | ਰਾਜਾ ਬਿਕਰਮਾ ਸਿੰਘ ਦੀ ਵਸੀਅਤ |
| ੨੨ | ਫਰੀਦਕੋਟ ਦੇ ਰਾਜ ਘਰਾਣੇ ਦਾ ਸ਼ਜਰਾ |
| | ਆਹਲੂਵਾਲੀਆ ਦੀ ਮਿਸਲ ੧੨ |
| | ਕਪੂਰਥਲੇ ਦਾ ਰਾਜ ਘਰਾਣਾ |
| ੧ | ਤਾਰੀਖ ਖਾਨਦਾਨ ਕਪੂਰਥਲਾ |
| ੨ | ਇਸ ਖਾਨਦਾਨ ਦਾ ਸ਼ਜਰਾ |
| ੩ | ਕਲਾਲ ਹੋਣ ਦਾ ਕਾਰਨ |
| ੪ | ਜੱਸਾ ਸਿੰਘ ਦੇ ਕਾਰਨਾਮੇ |
| ੫ | ਜੱਸਾ ਸਿੰਘ ਦਾ ਪਹਿਲਾ ਵਾਰ |
| ੬ | ਉਮੈਦ ਖਾਂ ਦਾ ਕਤਲ ਤੇ ਅਦੀਨਾ ਬੇਗ ਨਾਲ ਸੁਲਾਹ |
| ੭ | ਅਦੀਨਾ ਬੇਗ ਦੀ ਸਹਾਇਤਾ |
| ੮ | ਅਹਿਮਦ ਸ਼ਾਹ ਤੇ ਹਮਲਾ |
| ੯ | ਬੀਕਾਨੇਰ ਵੱਲ ਜਾਣਾ |
| ੧੦ | ਜੱਸਾ ਸਿੰਘ ਦੀ ਬਹਾਦਰੀ ਤੇ ਘੱਲੂਘਾਰਾ |
| ੧੧ | ਸਰਹੰਦ ਦੀ ਤਬਾਹੀ |
| ੧੨ | ਸਰਦਾਰ ਜੱਸਾ ਸਿੰਘ ਦਾ ਜਲਾਲਾਬਾਦ ਵੱਲ ਜਾਣਾ |
| ੧੩ | ਸਰਦਾਰ ਜੱਸਾ ਸਿੰਘ ਸ਼ਾਹੀ ਤਖ਼ਤ ਤੇ |
| ੧੪ | ਕਸੂਰ ਤੇ ਹਮਲਾ |
| ੧੫ | ਹਰਿਮੰਦਰ ਜੀ ਦੀ ਇਮਾਰਤ ਦੀ ਓਨਰੀ |
| ੧੬ | ਕਪੂਰਥਲੇ ਤੇ ਕਬਜ਼ਾ |
| ੧੭ | ਰਾਮਗੜ੍ਹੀਆ ਸਰਦਾਰਾਂ ਨੂੰ ਭਾਂਜ |
| ੧੮ | ਦਿੱਲੀ ਦੇ ਵਜ਼ੀਰ ਦੀ ਚੜ੍ਹਾਈ |
| ੧੯ | ਕਰਤਾਰਪੁਰ ਦੇ ਸੋਢੀਆਂ ਨੂੰ ਨਾਲ ਮਿਲਾਣਾ |
| ੨੦ | ਸਰਦਾਰ ਭਾਗ ਸਿੰਘ ਦਾ ਮੁਲਤਾਨ ਵੱਲ ਦੌਰਾ |
| ੨੧ | ਸਰਦਾਰ ਜੱਸਾ ਸਿੰਘ ਦਾ ਚਲਾਣਾ ਤੇ ਸਰਦਾਰ ਭਾਗ ਸਿੰਘ ਦੀ ਗੱਦੀ ਨਸ਼ੀਨੀ |
| ੨੨ | ਸਰਦਾਰ ਜੱਸਾ ਸਿੰਘ ਦਾ ਸੰਖੇਪ ਜੀਵਨ |
| ੨੩ | ਤਰਨਤਾਰਨ ਅਤੇ ਜੰਡਿਆਲੇ ਤੇ ਕਬਜ਼ਾ |
| ੨੪ | ਬੂੜਾ ਮੱਲ ਦਾ ਹਟਾਇਆ ਜਾਣਾ ਤੇ ਰਾਮਗੜ੍ਹੀਆਂ ਦੀ ਹਾਰ |
| ੨੫ | ਸਰਦਾਰ ਫਤਹ ਸਿੰਘ ਨੂੰ ਅੰਮ੍ਰਿਤ ਛਕਾਣਾ ਤੇ ਵਿਆਹ |
| ੨੬ | ਜ਼ਮਾਨ ਸ਼ਾਹ ਦੀ ਆਮਦ ਤੇ ਰਾਮਗੜ੍ਹੀਆਂ ਨਾਲ ਜੰਗ |
| ੨੭ | ਟਿਕਾ ਫਤਹ ਸਿੰਘ ਸਮੇਤ ਦੌਰਾ |
| ੨੮ | ਰਾਮਗੜ੍ਹੀਆਂ ਨਾਲ ਲੜਾਈ ਤੇ ਚਲਾਣਾ |
| ੨੯ | ਟਿੱਕਾ ਫਤਹ ਸਿੰਘ ਗੱਦੀ ਤੇ |
| ੩੦ | ਸ਼ੇਰਿ ਪੰਜਾਬ ਨਾਲ ਦਸਤਾਰ ਬਦਲਨੀ |
| ੩੧ | ਆਕੀਆਂ ਨੂੰ ਦਬਾਣਾ ਤੇ ਮਹਾਰਾਜੇ ਦੀ ਮਦਦ ਤੇ ਜਾਣਾ |
| ੩੨ | ਕਸੂਰ ਤੇ ਚੜ੍ਹਾਈ |
| ੩੩ | ਬੁੰਗਾ ਅਤੇ ਫਗਵਾੜੇ ਤੇ ਕਬਜ਼ਾ |
| ੩੪ | ਜਸਵੰਤ ਰਾਏ ਹੁਲਕਰ |
| ੩੫ | ਫਤਹ ਸਿੰਘ ਦਾ ਮਹਾਰਾਜੇ ਨਾਲ ਦੌਰਾ |
| ੩੬ | ਮਿ: ਮਟਕਾਫ ਦਾ ਸ਼ੇਰਿ ਪੰਜਾਬ ਪਾਸ ਆਉਣਾ |
| ੩੭ | ਜਲੰਧਰ ਦਾ ਛਡਵਾਣਾ |
| ੩੮ | ਰਿਆਸਤ ਭੜੋਕ ਦਾ ਮੁਕੱਦਮਾ |
| ੩੯ | ਜੋਧ ਸਿੰਘ ਦਾ ਚਲਾਣਾ ਤੇ ਕੁਝ ਇਲਾਕਾ ਮਿਲਣਾ |
| ੪੦ | ਕੰਵਰ ਨਿਹਾਲ ਸਿੰਘ ਦਾ ਜਨਮ ਤੇ ਈਸੜੂ ਦਾ ਜ਼ਿਕਰ |
| ੪੧ | ਰਿਆਸਤ ਕੋਟਲਾ ਦਾ ਮਾਮਲਾ |
| ੪੨ | ਗਵਰਨਮੈਂਟ ਦਾ ਫ਼ੈਸਲਾ |
| ੪੩ | ਲਾਹੌਰ ਤੋਂ ਕਪੂਰਥਲੇ ਫ਼ੌਜ ਆਉਣੀ |
| ੪੪ | ਰਾਜਾ ਰਣਧੀਰ ਸਿੰਘ ਦਾ ਜਨਮ |
| ੪੫ | ਸਰਦਾਰ ਫਤਹ ਸਿੰਘ ਦਾ ਚਲਾਣਾ |
| ੪੬ | ਕੰਵਰ ਅਮਰ ਸਿੰਘ ਦਾ ਝਗੜਾ |
| ੪੭ | ਰਾਜਾ ਨਿਹਾਲ ਸਿੰਘ ਤੇ ਅਮਰ ਸਿੰਘ ਦੀ ਸੁਲਾਹ |
| ੪੮ | ਅਮਰ ਸਿੰਘ ਦਾ ਚਲਾਣਾ |
| ੪੯ | ਲਾਹੌਰ ਦਰਬਾਰ ਦਾ ਹਾਲ |
| ੫੦ | ਸਤਲੁਜ ਦੀ ਲੜਾਈ |
| ੫੧ | ਜ਼ਬਤ ਹੋਏ ਇਲਾਕੇ ਦੀ ਸੂਚੀ: |
| ੫੨ | ਰਿਆਸਤ ਦਾ ਪ੍ਰਬੰਧ, ਟਿੱਕਾ ਰਣਧੀਰ ਸਿੰਘ ਦਾ ਵਿਆਹ ਤੇ ਰਾਜਗੀ ਦਾ ਖਿਤਾਬ |
| ੫੩ | ਸਨਦ ਦਾ ਸਾਰ |
| ੫੪ | ਰਾਜਾ ਖੜਗ ਸਿੰਘ ਤੇ ਕੰਵਰ ਹਰਨਾਮ ਸਿੰਘ ਦਾ ਜਨਮ ਤੇ ਨਿਹਾਲ ਸਿੰਘ ਦਾ ਚਲਾਣਾ |
| ੫੫ | ਰਾਜਾ ਨਿਹਾਲ ਸਿੰਘ ਦੇ ਗੁਣ |
| ੫੬ | ਕੰਵਰ ਸੁਚੇਤ ਸਿੰਘ ਦਾ ਝਗੜਾ |
| ੫੭ | ਬਿਕ੍ਰਮਾ ਸਿੰਘ ਦੀ ਅਜੋੜ |
| ੫੮ | ਵਲਾਇਤ ਵਿੱਚ ਅਪੀਲ |
| ੫੯ | ਰਾਜਾ ਰਣਧੀਰ ਸਿੰਘ ਦੀ ਗਵਰਨਮੈਂਟ ਨੂੰ ਮਦਦ |
| ੬੦ | ਗ਼ਦਰ ਦੇ ਸਮੇਂ ਕਪੂਰਥਲੇ ਦੀ ਫੌਜ ਦੀ ਗਿਣਤੀ |
| ੬੧ | ਵਲਾਇਤ ਦੇ ਫ਼ੈਸਲੇ ਦੀ ਵਰਤੋਂ |
| ੬੨ | ਦੀਵਾਨ ਮਥਰਾ ਦਾਸ ਨੂੰ ਖਤਾਬ ਤੇ ਜਾਗੀਰਾਂ |
| ੬੩ | ਮੁਤਬੰਨਾ ਬਨਾਣ ਦੀ ਸਨਦ ਦਾ ਮਿਲਨਾ |

| | |
|---|---|
| ੬੪ | ਇਲਾਕਾ ਆਹਲੂ ਦਾ ਵਾਪਸ ਮਿਲਣਾ |
| ੬੫ | ਰਾਜਾਏ ਰਾਜਗਾਨ ਦਾ ਖ਼ਿਤਾਬ ਮਿਲਣਾ |
| ੬੬ | ਸਤਾਰਾ ਹਿੰਦ ਦਾ ਤਗਮਾ ਮਿਲਣਾ |
| ੬੭ | ਵਲਾਇਤ ਦੀ ਸੈਰ |
| ੬੮ | ਰਾਜਾ ਰਣਧੀਰ ਸਿੰਘ ਦਾ ਚਲਾਣਾ |
| ੬੯ | ਮਲਕਾ ਵਿਕਟੋਰੀਆ ਵੱਲੋਂ ਸ਼ੋਕ |
| ੭੦ | ਖੜਕ ਸਿੰਘ ਦੀ ਗੱਦੀ ਨਸ਼ੀਨੀ |
| ੭੧ | ਕੌਂਸਲ ਆਫ ਰੀਜੈਂਸੀ ਦਾ ਨੀਯਤ ਹੋਣਾ |
| ੭੨ | ਸਰ ਲੈਪਲ ਗ੍ਰਿਫਨ ਸਾਹਿਬ ਸੁਪ੍ਰੰਟੰਡੰਟ ਬਣਾਏ ਗਏ |
| ੭੩ | ਰਾਜਾ ਖੜਕ ਸਿੰਘ ਦਾ ਚਲਾਣਾ ਤੇ ਜਗਜੀਤ ਸਿੰਘ ਦੀ ਗੱਦੀ ਨਸ਼ੀਨੀ |
| ੭੪ | ਕਪੂਰਥਲੇ ਵਿੱਚ ਇਹ ਅਸਥਾਨ ਵੇਖਣ ਯੋਗ ਹਨ: |

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਰਾਜ ਖਾਲਸਾ

## ਅਰਥਾਤ

## (ਤ੍ਵਾਰੀਖ ਖਾਲਸਾ-ਹਿਸਾ ਤੀਜਾ-ਭਾਗ ਦੂਜਾ)

# ਮਿਸਲ ੧੧ ਖਾਨਦਾਨ ਫੂਲ ਦਾ ਇਤਿਹਾਸ

ਇਹ ਓਹ ਮਿਸਲ ਹੈ ਜਿਸ ਦੀ ਯਾਦਗਾਰ ਪੰਜਾਬ ਵਿੱਚ ਤਿੰਨ ਬੜੀਆਂ ਪ੍ਰਸਿੱਧ ਰਿਆਸਤਾਂ ਪਟਯਾਲਾ, ਨਾਭਾ ਤੇ ਜੀਂਦ ਹੁਣ ਤਕ ਬੜੀਆਂ ਸਰਸਬਜ਼ ਹਾਲਤ ਵਿੱਚ ਹਨ। ਇਸ ਮਿਸਲ ਦਾ ਜੋ ਅਸਲ ਮੋਢੀ ਸੀ ਤੇ ਜਿਸ ਦੀਆਂ ਇਹ ਤਿੰਨੇ ਰਿਆਸਤਾਂ ਸੰਤਾਨ ਹਨ, ਉਹ ਇੱਕ ਭਾਗਾਂ ਵਾਲਾ ਬੜਾ ਨੇਕ, ਪਾਕ ਚੌਧਰੀ ਫੂਲ ਦੇ ਨਾਮ ਦਾ ਕੌਮ ਸਿੱਧੂ ਜੱਟ ਮੁਲਕ ਮਾਲਵੇ ਦਾ ਹੋਇਆ ਹੈ। ਇਹ ਆਦਮੀ ਅਸਲ ਵਿੱਚ ਰਾਜਾ ਜੈਸਲ ਸ਼ਹਿਰ ਜੈਸਲਮੇਰ ਦਾ ਬਨਾਣ ਵਾਲਾ ਰਾਜਪੂਤਾਨੇ ਦੇ ਵਸਨੀਕ ਦੀ ਤੀਹਵੀਂ ਪੀੜੀ ਵਿੱਚੋਂ ਭੱਟੀ ਰਾਜਪੂਤਾਂ ਦੇ ਖਾਨਦਾਨ ਵਿੱਚੋਂ ਸੀ।

## ੧. ਸਿੱਧੂ ਕੌਮ ਦਾ ਮੁਢ

ਇਸ ਦਾ ਪੂਰਾ ਹਾਲ ਇੰਜ ਹੈ ਕਿ: ਜਦ ਰਾਜਾ ਜੈਸਲ ਦਾ ਬੇਟਾ ਭੀਮ ਮਲ ਆਪਣੇ ਭਰਾ ਦੇ ਨਾਲ ਜੋ ਗੱਦੀ ਤੇ ਬੈਠਾ ਹੋਇਆ ਸੀ, ਲੜ ਕੇ ੧੨੩੭ ਵਿੱਚ ਪੰਜਾਬ ਵਲ ਚਲਾ ਆਇਆ ਤੇ ਲੁੱਟਮਾਰ ਤੇ ਗੁਜ਼ਾਰਾ ਕਰਦਾ ਰਿਹਾ, ਕਿੰਤੂ ਜਦ ੧੨੪੩ ਬਿਕ੍ਰਮੀ ੧੧੯੬ ਈਸਵੀ ਵਿੱਚ ਸ਼ਹਾਬਓਦੀਨ ਗੌਰੀ ਨੇ ਦਿੱਲੀ ਤੇ ਹਮਲਾ ਕੀਤਾ ਤਾਂ ਭੀਮ ਮਲ ਨੇ ਉਹਨੂੰ ਬੜੀ ਮਦਦ ਦਿੱਤੀ, ਜਿਸ ਤੋਂ ਫਤਹ ਪ੍ਰਾਪਤ ਹੋਣ ਤੇ ਮੁਹੰਮਦ ਗੌਰੀ ਨੇ ਓਹਨੂੰ ਹਸਾਰ, ਸਰਸਾ ਤੇ ਭਟਨੇਰ ਦਾ ਇਲਾਕਾ ਦੇ ਦਿੱਤਾ। ਸੰਮਤ ੧੨੫੩ ਵਿੱਚ ਉਹਨੇ ਹਿਸਾਰ ਵਿੱਚ ਬੜਾ ਪੱਕਾ ਕਿਲ੍ਹਾ ਬਣਵਾਇਆ। ਸੰਮਤ ੧੨੬੫ ਨੂੰ ਭੀਮ ਮਲ ਚੜ੍ਹਾਈ ਕਰ ਗਿਆ ਤੇ ਉਹਦਾ ਵਡਾ ਲੜਕਾ ਜੋਧਰ ਰਾਓ ਗੱਦੀ ਤੇ ਬੈਠਾ। ਇਹਦੇ ੨੧ ਲੜਕੇ ਸਨ, ਜਿਨ੍ਹਾਂ ਤੋਂ ੨੧ ਹੀ ਵੱਖੋ ਵੱਖ ਮੋਸੀਆਂ ਨਿੱਕਲੀਆਂ। ਜੋਧਰ ਦੇ ਪਿੱਛੇ ਮੰਗਲ ਰਾਓ ਆਨੰਦ ਰਾਓ ਤੇ ਖੀਵਾ ਰਾਓ ਇੱਕ ਦੂਜੇ ਦੀ ਸੰਤਾਨ ਗੱਦੀ ਤੇ ਬਹਿੰਦੀ ਰਹੀ। ਖੀਵਾ ਨੇ ਚੌਧਰੀ ਬਸੇਰਾ ਕੌਮ ਸਰਾਓ ਵਸਨੀਕ ਪਿੰਡ ਲਦੂਕੋਟ* ਦੀ ਲੜਕੀ ਨਾਲ ਵਿਆਹ ਕਰ ਲਿਆ ਕਿਉਂਕਿ ਰਾਜਪੂਤਨੀਆਂ ਤੋਂ ਉਹਦੇ ਘਰ ਸੰਤਾਨ ਨਹੀਂ ਹੋਈ ਸੀ, ਇਸ ਅਪਰਾਧ ਵਿੱਚ ਰਾਜਪੂਤਾਂ ਨੇ ਓਹਨੂੰ ਆਪਣੇ ਨਾਲੋਂ ਅੱਡ ਕਰ ਦਿੱਤਾ ਤੇ ਓਹਦਾ ਨਾਮ ਖੋਟ ਰੱਖ ਦਿੱਤਾ। ਅਸਲ ਗੱਲ ਇਹ ਕਿ ਜੋ ਕਦੀ ਰਾਜਪੂਤਾਂ ਦੇ ਮੁਢ ਦੀ ਪੜਤਾਲ ਕੀਤੀ ਜਾਏ ਤਦ ਉਹਦੇ ਵਿੱਚ ਵੀ ਅਜੇਹੇ ਨੁਕਸ ਹਨ। ਰਾਜਪੂਤਾਂ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਹਨਾਂ ਬਾਬਤ ਬਚਿੱਤ੍ਰ ਨਾਟਕ ਵਿੱਚ ਇੰਜ ਲਿਖਿਆ ਹੈ ਕਿ: ਪਹਿਲੇ ਸਮੇਂ ਵਿੱਚ ਰਾਜਪੂਤਾਂ ਦੀ ਕੌਮ ਉੱਕਾ ਨਹੀਂ ਸੀ, ਜਿਸ ਮੁਲਕ ਦੇ ਹਾਕਮ ਛਤਰੀ ਸਨ। ਜਨਮੇਜਾ ਨਾਮ ਦੇ ਇੱਕ ਮਹਾਰਾਜੇ ਨੇ ਇੱਕ ਧੋਬੀ ਦੀ ਲੜਕੀ ਜੋ ਵੇਖਣ ਵਿੱਚ ਸੁੰਦਰ ਸੀ, ਆਪਣੇ ਮਹਲਾਂ ਵਿੱਚ ਪਾ ਲਈ। ਇਸ ਲੜਕੀ ਦਾ ਨਾਮ ਰਜਯਾ ਸੀ। ਉਸ ਦੇ ਘਰ ਜੋ ਲੜਕਾ ਹੋਇਆ, ਉਹਦਾ ਨਾਮ ਅਜੇ ਸਿੰਘ ਰਖਯਾ ਗਿਆ ਜੋ ਰਾਜਾ ਜਨਮੇਜਾ ਤੋਂ ਪਿੱਛੇ ਗੱਦੀ ਤੇ ਬਿਠਾ ਇਸ ਨੂੰ ਰਜਯ ਪੂਤ ਕਿਹਾ ਕਰਦੇ ਸਨ, ਜੋ ਬਦਲ ਕੇ ਰਾਜਪੂਤ ਹੋ ਗਿਆ। ਇਹ ਅਜੇਹਾ ਬਹਾਦਰ ਭਾਗਾਂ ਵਾਲਾ ਸੀ ਕਿ ਇਸ ਨੇ ਤਲਵਾਰ ਦੇ ਨਾਲ ਸਾਰਿਆਂ ਛੱਤਰੀਆਂ ਨੂੰ ਜਿੱਤ ਕੇ ਆਪਣੇ ਨਾਲ ਮਿਲਾ ਲਿਆ, ਜਿਸ ਤੋਂ ਓਹ ਸਾਰੇ ਦੇ ਸਾਰੇ ਰਾਜਪੂਤ ਅਖਵਾਣ ਲਗੇ। ਕਿੰਤੂ ਇਹ ਗੱਲ ਨਿਰੀ

*ਇਹ ਪਿੰਡ ਸਰਸੇ ਦੇ ਪਾਸ ਉੱਜੜਿਆ ਪਿਆ ਹੈ।

ਰਾਜਪੂਤਾਂ ਦੀ ਨਹੀਂ; ਐਸ ਵੇਲੇ ਜਿੰਨੀਆਂ ਕੌਮਾਂ ਨਜ਼ਰ ਆ ਰਹੀਆਂ ਹਨ ਜੇ ਕਦੀ ਓਹਨਾਂ ਵਿੱਚ ਇਹੋ ਬਨਾਵਟ ਤੇ ਧਿਆਨ ਦੇ ਦਿੱਤਾ ਜਾਵੇ ਤਦ ਓਹਨਾਂ ਵਿੱਚ ਏਹੋ ਮਲੂਮ ਹੋਵੇਗਾ। ਬਾਹਲੇ ਗੋਤ ਤੇ ਜਾਤਾਂ ਨਜ਼ਰ ਆਉਂਦੀਆਂ ਹਨ, ਇਨ੍ਹਾਂ ਵਿੱਚ ਬਹੁਤੀਆਂ ਇਸੇ ਤਰ੍ਹਾਂ ਬਣੀਆਂ ਹਨ ਕਿ ਕਿਸੇ ਓਦੋਂ ਖਾਨਦਾਨ ਦੇ ਆਦਮੀ ਨੇ ਨੀਵੀਂ ਕੌਮ ਦੀ ਲੜਕੀ ਨਾਲ ਵਿਆਹ ਕਰ ਲਿਆ ਤਦ ਓਹਦੀ ਸੰਤਾਨ ਦੀ ਜਾਤ ਵਖਰੀ ਬਣ ਗਈ। ਸੋ ਇਸ ਖਾਨਦਾਨ ਦਾ ਹਾਲ ਵੀ ਇੰਜ ਹੀ ਹੋਇਆ। ਅਰਥਾਤ ਉਸ ਤੀਵੀਂ ਤੋਂ ਖੀਵਾ ਦੇ ਘਰ ਸਧੂ* ਨਾਮ ਦਾ ਲੜਕਾ ਉਤਪੰਨ ਹੋਇਆ, ਜਿਸ ਦੀ ਸੰਤਾਨ ਸਿੱਧੂ ਜੱਟ ਅਖਵਾਈ।

ਸਿੱਧੂ ਦੇ ੬ ਲੜਕੇ ਸਨ, ਜਿਨ੍ਹਾਂ ਦੀ ਸੰਤਾਨ ਕੈਂਥਲ, ਕੋਟਪੀਰ, ਪਿੰਡਖਾਈ, ਫਰੀਦਕੋਟ, ਅਟਾਰੀ, ਬੈਰਾੜ, ਨਾਭਾ ਤੇ ਪਟਯਾਲਾ ਆਦਿ ਸੈਂਕੜੇ ਪਿੰਡ ਤੇ ਰਿਆਸਤਾਂ ਹਨ।

ਸੰਮਤ ੧੫੭੮ ਬਿਕ੍ਰਮੀ ਨੂੰ ਜਦ ਬਾਬਰ ਬਾਦਸ਼ਾਹ ਨੇ ਤੀਜੀ ਵੇਰ ਹਿੰਦ ਤੇ ਹਮਲਾ ਕੀਤਾ ਤਾਂ ਸੰਘਰ ਨਾਮ ਦਾ ਆਦਮੀ ਜੋ ਬੜਾ ਜਵਾਨ, ਸ਼ਕਤੀਵਾਨ ਤੇ ਭਾਗਵਾਨ ਸੀ, ਕਾਫੀ ਫੌਜ ਨਾਲ ਲੈ ਕੇ ਬਾਬਰ ਨੂੰ ਲਾਹੌਰ ਜਾ ਮਿਲਿਆ। ਸੌ ਘਰ ਤਾਂ ਪਾਨੀਪਤ ਦੇ ਮੈਦਾਨ ਵਿੱਚ ਮਾਰਿਆ ਗਿਆ, ਕਿੰਤੂ ਬਾਦਸ਼ਾਹ ਨੇ ਉਹਦੇ ਪੁਤਰ ਬੀਰਮ ਨੂੰ ਮੁਲਕ ਮਾਲਵੇ ਦਾ ਚੌਧਰੀ ਬਣਾ ਦਿੱਤਾ ਤੇ ਮਾਲਗੁਜ਼ਾਰੀ ਦੀ ਸਨਦ ਲਿਖ ਦਿੱਤੀ। ਇਹ ਮੁਕਾਮ ਬੋਦੇ ਵਾਲੀ ਭੱਟੀ ਕੌਮ ਦੇ ਨਾਲ ਲੜਾਈ ਕਰਦਾ ਮਾਰਿਆ ਗਿਆ ਤਦ ਇਸ ਦਾ ਪੁਤਰ ਮੇਹਰਾਜ ਚੌਧਰੀ ਬਨਿਆ। ਕਿੰਤੂ ਕੁਝ ਚਿਰ ਪਿੱਛੋਂ ਇਹ ਵੀ ਇਸੇ ਕੌਮ ਦੀ ਲੜਾਈ ਵਿੱਚ ਮਾਰਿਆ ਗਿਆ। ਇਸ ਦਾ ਬੇਟਾ ਸਤੂ ਇਸ ਦੀ ਥਾਂ ਤੇ ਬੈਠਾ ਜਦ ਓਹ ਵੀ ਇੱਕ ਲੜਾਈ ਵਿੱਚ ਸ਼ਹੀਦ ਹੋ ਗਿਆ ਤਦ ਉਹਦਾ ਪੁਤਰ ਪੱਖੂ ਚੌਧਰੀ ਹੋਇਆ। ਇਸ ਤੋਂ ਪਿੱਛੋਂ ਇਹਦਾ ਪੁਤਰ ਮੋਹਨ ਚੌਧਰੀ ਹੋਇਆ, ਕਿੰਤੂ ਇਹ ਭੱਟੀ ਰਾਜਪੂਤਾਂ ਦੀ ਛੇੜ ਛਾੜ ਤੋਂ ਤੰਗ ਆ ਕੇ ਬੇਦੋਵਾਲੀ ਤੋਂ ਨਥਾਣਾ ਵਲ ਚਲਾ ਆਇਆ। ਭੁੱਲਰ ਤੇ ਧਾਰੀਵਾਲ ਕੌਮ ਨੇ ਜੋ ਇਸ ਇਲਾਕੇ ਦੇ ਤੱਪੇਦਾਰ ਮਾਲਕ ਬਣ ਰਹੇ ਸਨ। ਇਨ੍ਹਾਂ ਨੂੰ ਇੱਕ ਪਿੰਡ ਵਸਾ ਕੇ ਵੀ ਰਹਿਣ ਨਾ ਦਿੱਤਾ, ਸਗੋਂ ਬੈਰਾੜ, ਹਰੀਕੇ, ਜੈਦ ਆਦਿਕ ਸਿੱਧੂ ਜੱਟ ਜੋ ਇਸ ਇਲਾਕੇ ਵਿੱਚ ਵਸਦੇ ਸਨ, ਉਹ ਭੀ ਇਨ੍ਹਾਂ ਦੀ ਸਹਾਇਤਾ ਕਰਨ ਦੀ ਜਗ੍ਹਾ ਇਨ੍ਹਾਂ ਨੂੰ ਆਪਣਾ ਸ਼ਰੀਕ ਸਮਝ ਕੇ ਦਵੈਖ ਕਰਦੇ ਸੀ। ਇਸ ਕਰ ਕੇ ਇਹ ਵਿਚਾਰੇ ਬੜੇ ਦੁਖ ਤੇ ਕਲੇਸ਼ ਵਿੱਚ ਫਾਥੇ ਹੋਏ ਸਨ। ਜੰਗਲਾਂ ਦੇ ਵਿੱਚ ਪਾਣੀ ਦਾ ਤਲਾ ਜਿੱਥੇ ਕਿਧਰੇ ਨਜ਼ਰੀ ਪੈਂਦਾ, ਓਥੇ ਹੀ ਇਕੱਠੇ ਹੋ ਕੇ ਠਹਿਰ ਜਾਂਦੇ ਸਨ, ਕਿਉਂਕਿ ਭੁੱਲਰ ਆਦਿਕ ਇਨ੍ਹਾਂ ਨੂੰ ਕਿਸੇ ਇੱਕ ਜਗ੍ਹਾ ਤੇ ਵੱਸਣ ਨਹੀਂ ਦੇਂਦੇ ਸੀ। ਉਹਨੀਂ ਦਿਨੀਂ ਇਸ ਇਲਾਕੇ ਵਿੱਚ ਖੂਹ ਬੜੀ ਮੁਸ਼ਕਲ ਨਾਲ ਹੁੰਦੇ ਸੀ। ਜੇ ਕੋਈ ਖੂਹ ਹੁੰਦਾ ਵੀ ਤਾਂ ਉਹਦਾ ਪਾਣੀ ਖਾਰਾ ਨਿੱਕਲਦਾ ਸੀ। ਪਿੰਡ ਤੋਂ ੧੦ ਕੋਹ ਦੇ ਫਾਸਲੇ ਮੈਹਰਾਜ ਦੇ ਇਲਾਕੇ ਵਿੱਚ ਮਿੱਠੇ ਪਾਣੀ ਦਾ ਕੇਵਲ ਇੱਕ ਖੂਹ ਸੀ ਜੋ ਕਿਸੇ ਵਪਾਰੀ ਨੇ ਕੋੜੇ ਨਾਮ ਦੇ ਜਟਾਂ ਦੇ ਕਿਸੇ ਬਜ਼ੁਰਗ ਦੀ ਸਮਾਧ ਤੇ ਧਰਮ ਅਰਥ ਲਾ ਰੱਖਿਆ ਸੀ। ਗਰਮੀਆਂ ਦੇ ਦਿਨਾਂ ਵਿੱਚ ਜਦ ਤਾਲਾਬਾਂ ਦੇ ਵਿੱਚ ਪਾਣੀ ਨਾ ਰਹਿੰਦਾ ਤਦ ਇਸੇ ਖੂਹ ਵਿੱਚੋਂ ਚਰਸਾਂ ਦੇ ਨਾਲ ਪਾਣੀ ਕੱਢ ਕੇ ਲੋਕ ਪੀਂਦੇ ਸਨ, ਬਲਕਿ ਇੱਥੋਂ ਤਕ ਕਿ ਗੱਡਿਆਂ 'ਤੇ ਲਦ ਕੇ ਦੂਜੇ ਪਿੰਡਾਂ ਦੇ ਲੋਕੀਂ ਦੂਰ-ਦੂਰ ਤਕ ਲੈ ਜਾਂਦੇ ਸਨ। ਉਸ ਵੇਲੇ ਪਾਣੀ ਦੇ ਲਾਲਚ ਤੋਂ ਮੇਹਰਾਜ ਦੇ ਲੋਕ ਮੋਹਨ ਆਦਿਕ ਵੀ ਇਸ ਖੂਹ ਦੇ ਲਾਗੇ ਉੱਤਰੇ। ਜਦ ਇਨ੍ਹਾਂ ਦੀਆਂ ਤੀਵੀਆਂ ਪਾਣੀ ਲੈਣ ਜਾਂਦੀਆਂ ਤਦ ਮਾਨ, ਭੁਲਰ, ਧਾਲੀਵਾਲ ਤੇ ਕੋੜੇ ਕੌਮਾਂ ਦੇ ਆਦਮੀ ਇਨ੍ਹਾਂ ਤੋਂ ਚਰਸਾਂ ਖਿਚਵਾਂਦੇ ਤੇ ਮੂੰਹ ਆਇਆ ਗੰਦ ਮੰਦ ਬਕਦੇ ਰਹਿੰਦੇ। ਉਹ ਵਿਚਾਰੀਆਂ ਪਾਣੀ ਦੇ ਲਾਲਚ ਵਿੱਚ ਇਨ੍ਹਾਂ ਦੀ ਗੰਦੀ ਮੰਦੀ ਬਕਵਾਸ ਨੂੰ ਸਹਾਰਦੀਆਂ ਰਹਿੰਦੀਆਂ।

---

*ਸਧੂ ਦੇ ਜੰਮਦੇ ਹੀ ਰਾਜਪੂਤਣੀ ਨੇ ਦਾਈ ਦੀ ਰਾਹੀਂ ਇਸ ਲੜਕੇ ਨੂੰ ਜੰਗਲ ਵਿੱਚ ਸੁਟ ਦਿੱਤਾ ਤੇ ਮਸ਼ਹੂਰ ਕਰ ਦਿੱਤਾ ਕਿ ਇਸ ਤੀਵੀਂ ਨੂੰ ਮਰਿਆ ਬੱਚਾ ਜੰਮਿਆ ਹੈ। ਇੱਕ ਮੋਚੀ ਨੂੰ ਇਹ ਲੜਕਾ ਜੰਗਲ ਵਿੱਚ ਮਿਲਿਆ। ਉਸ ਨੇ ਚੁੱਕ ਕੇ ਘਰ ਲੈ ਆਂਦਾ। ਰਾਜੇ ਨੂੰ ਖ਼ਬਰ ਮਿਲਣ ਤੇ ਓਹਨੇ ਇਸ ਲੜਕੇ ਨੂੰ ਆਪਣੇ ਘਰ ਲੈ ਆਂਦਾ।

ਅਚਨਚੇਤ ਇਨ੍ਹਾਂ ਹੀ ਦਿਨਾਂ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਉਸ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਉਸੇ ਜਗ੍ਹਾ 'ਤੇ ਜਾ ਪੁਜੇ। ਉਸ ਇਲਾਕੇ ਦੀਆਂ ਸਾਰੀਆਂ ਕੌਮਾਂ ਨੇ ਗੁਰੂ ਸਾਹਿਬ ਦੀ ਸੇਵਾ ਕਰਨ ਵਿੱਚ ਕਿਸੇ ਤਰ੍ਹਾਂ ਦੀ ਕਸਰ ਬਾਕੀ ਨਹੀਂ ਰੱਖੀ, ਕਿੰਤੂ ਖ਼ਾਸ ਕਰ ਮੇਹਰਾਜ ਵਾਲਿਆਂ ਤਾਂ ਬੜੀ ਹੀ ਸ਼ਰਧਾ ਭਗਤੀ ਵਿਖਾਈ ਅਤੇ ਸਿੱਖ ਬਣੇ। ਇਨ੍ਹਾਂ ਦੇ ਖਾਨਦਾਨ ਦੀ ਹਾਲਤ ਵੇਖ ਕੇ ਗੁਰੂ ਸਾਹਿਬ ਜੀ ਨੇ ਕਿਹਾ ਕਿ ਮੋਹਨ! ਕੁਝ ਮੰਗ? ਮੋਹਨ ਨੇ ਆਪਣੀ ਦੁਖ ਭਰੀ ਵਿਥਯਾ ਸੁਣਾ ਕੇ ਬੇਨਤੀ ਕੀਤੀ ਕਿ ਮਾਨ ਤੇ ਭੁੱਲਰ ਆਦਿਕ ਕੌਮਾਂ ਆਪਦੀਆਂ ਸਿੱਖ ਬਣ ਰਹੀਆਂ ਹਨ। ਇਹ ਇਸ ਇਲਾਕੇ ਦੇ ਮਾਲਕ ਹਨ। ਹਜ਼ਾਰਾ ਵਿਘੇ ਜ਼ਮੀਨ ਇਨ੍ਹਾਂ ਦੀ ਬੇਕਾਰ ਪਈ ਹੈ। ਜੇ ਕਦੀ ਇਨ੍ਹਾਂ ਨੂੰ ਕਹਿ ਕੇ ਇੱਕ ਪਿੰਡ ਵਸਾਣ ਦੀ ਆਗਿਆ ਲੈ ਦੇਵੋ ਤਦ ਬੜੀ ਹੀ ਕ੍ਰਿਪਾ ਹੋਵੇਗੀ। ਦੂਜੇ ਸਾਡੀ ਤੇ ਇਨ੍ਹਾਂ ਦੀ ਆਪੋ ਵਿੱਚ ਲੜਕੀਆਂ ਲੈਣ ਦੇਣ ਦਾ ਸੰਬੰਧ ਕਰਾ ਦੇਵੋ।

ਜਦ ਦੂਜੇ ਦਿਨ ਦੂਜੀ ਪਾਰਟੀ ਦੇ ਲੋਕੀਂ ਗੁਰੂ ਸਾਹਿਬ ਦੇ ਪਾਸ ਦਰਸ਼ਨਾਂ ਨੂੰ ਆਏ। ਤਦ ਗੁਰੂ ਜੀ ਨੇ ਕਿਹਾ ਕਿ ਇੱਕ ਪਿੰਡ ਦੀ ਜ਼ਮੀਨ ਮੇਹਰਾਜ ਦੀ ਸੰਤਾਨ ਨੂੰ ਦੇ ਦੇਵੋ। ਇਹ ਵੀ ਸਿੱਧੂ ਜੱਟ ਹਨ। ਜਿਕਨ ਸਿੱਧੂ ਤੇ ਬੈਰਾੜ ਕੌਮਾਂ ਦੇ ਨਾਲ ਤੁਹਾਡਾ ਲੜਕੀਆਂ ਦੇ ਲੈਣ ਦੇਣ ਦਾ ਰਿਵਾਜ ਹੈ, ਇਨ੍ਹਾਂ ਨਾਲ ਵੀ ਸੰਬੰਧ ਕਰ ਲਓ। ਇਸ ਤੇ ਚੌਧਰੀ ਬਘੇਲਾ ਤੇ ਲਾਲਾ ਆਦਿਕ ਨੇ ਕਿਹਾ ਕਿ ਇਨ੍ਹਾਂ ਦੇ ਵਾਸਤੇ ਅਸੀਂ ਇੱਕ ਇੰਚ ਵੀ ਜਗਾ ਦੇਣ ਨੂੰ ਤਿਆਰ ਨਹੀਂ, ਹੋਰ ਜੋ ਕੁਝ ਹੁਕਮ ਕਰੋ ਹਾਜ਼ਰ ਹਾਂ। ਤਦ ਗੁਰੂ ਸਾਹਿਬ ਜੀ ਨੇ ਕਿਹਾ ਕਿ ਹੱਛਾ ਜੇ ਤੁਸੀਂ ਇਨ੍ਹਾਂ ਨੂੰ ਜਗ੍ਹਾ ਨਹੀਂ ਦੇਂਦੇ ਤਦ ਤੁਹਾਡੀ ਇੱਛਾ। ਕਿੰਤੂ ਉਹ ਦਿਨ ਸਾਨੂੰ ਨੇੜੇ ਆਉਂਦਾ ਵਿਖਾਈ ਦੇ ਰਿਹਾ ਹੈ ਜਦੋਂ ਕਿ ਮੇਹਰਾਜ ਕੌਮ ਇਸ ਇਲਾਕੇ ਦੀ ਮਾਲਕ ਹੋਵੇਗੀ ਤੇ ਤੁਸੀਂ ਮਿੰਨਤਾਂ ਕਰ ਕੇ ਇਨ੍ਹਾਂ ਨੂੰ ਲੜਕੀਆਂ ਦੇ ਨਾਤੇ ਦੇਵੋਗੇ। ਇਹ ਗੁਰੂ ਸਾਹਿਬ ਜੀ ਨੇ ਮੋਹਨ ਨੂੰ ਕਿਹਾ ਕਿ ਤੁਸੀਂ ਜਾਓ। ਜਿੱਥੇ ਸੂਰਜ ਡੁੱਬੇ, ਉੱਥੇ ਹੀ ਪਿੰਡ ਬਣਾ ਲਓ। ਸੋ ਮੇਹਰਾਜ ਦੀ ਸੰਤਾਨ ਨੇ ਅਜਿਹਾ ਹੀ ਕੀਤਾ। ਜਦ ਢਾਈ ਤਿੰਨ ਕੋਹ ਦੀ ਵਿੱਥ ਤੇ ਪੁੱਜੇ ਤੇ ਸੂਰਸ ਡੁੱਬ ਗਿਆ ਤਦ ਓਹਨਾਂ ਓਥੇ ਹੀ ਡੇਰਾ ਕਰ ਦਿੱਤਾ ਤੇ ਗੁਰੂ ਸਾਹਿਬ ਜੀ ਦੇ ਹੁਕਮ ਨਾਲ ਸੰਮਤ ੧੬੮੪ ਬਿਕ੍ਰਮੀ ਨੂੰ ਕਰਮ ਦੀਨ ਦੇ ਹੱਥੋਂ ਆਪਣੇ ਵੱਡੇ ਦੇ ਨਾਮ ਤੇ ਮੇਹਰਾਜ ਨਾਮ ਦੇ ਪਿੰਡ ਦੀ ਨੀਉਂ ਰੱਖੀ। ਇਹ ਗੱਲ ਸੁਣ ਕੇ ਭੁੱਲਰ ਕੌਮ ਨੇ ਇਨ੍ਹਾਂ ਨੂੰ ਬਹੁਤ ਡਰਾਇਆ ਤੇ ਵੱਢ ਸੁੱਟਣ ਦੀ ਧਮਕੀ ਦਿੱਤੀ। ਕਿੰਤੂ ਇਨ੍ਹਾਂ ਨੇ ਗੁਰੂ ਸਾਹਿਬ ਦੇ ਹੁਕਮ ਤੇ ਭਰੋਸਾ ਰਖਯਾ ਤੇ ਨਾ ਉੱਠੇ। ਤਦ ਕੋੜਾ ਤੇ ਭੁੱਲਰ ਕੌਮ ਨੇ ਇਨ੍ਹਾਂ ਤੇ ਹਮਲਾ ਕਰ ਦਿੱਤਾ, ਕਿੰਤੂ ਇਹ ਕੌਮਾਂ ਨੁਕਸਾਨ ਉਠਾ ਕੇ ਚਲੀਆਂ ਗਈਆਂ। ਫਿਰ ਕੋੜਾ ਕੌਮ (ਇਹ ਕੋੜਾ ਨਾਮ ਦੀ ਕੋਈ ਅਡਰੀ ਕੌਮ ਨਹੀਂ ਭੁੱਲਰ ਜਟਾਂ ਵਿੱਚੋਂ ਹੀ ਹੈ, ਜਿਸ ਦਾ ਹਾਲ ਇੰਜ ਦਸਦੇ ਹਨ ਕਿ ਵਰਯਾਮ ਚੌਧਰੀ ਭੁੱਲਰ ਦੇ ਕੜਾ ਮੋਗਾ ਡਾਹਰ ਤੇ ਬੁਗਰ ਆਦਿਕ ਸਤ ਪੁਤਰ ਸਨ, ਇਨ੍ਹਾਂ ਦੀ ਸੰਤਾਨ ਇਨ੍ਹਾਂ ਦੇ ਨਾਮ ਤੇ ਹੀ ਸੱਦੀ ਜਾਂਦੀ ਹੈ, ਜਿਨ੍ਹਾਂ ਨੂੰ ਮੋਸੀਆਂ ਬੋਲਦੇ ਹਨ) ਨੇ ਆਪਣੇ ਸੰਬੰਧੀ ਭੇਕੜੀ ਪਿੰਡ ਵਾਲੇ ਜੀਤ ਪੁਰਾਣੇ ਨੂੰ ਜੋ ਉਸ ਸਮੇਂ ਵਿੱਚ ਅਦੁਤੀ ਬਲਵਾਨ ਸਮਝਿਆ ਜਾਂਦਾ ਸੀ, ਆਪਣੀ ਮਦਦ ਤੇ ਲੈ ਆਂਦਾ। ਜੀਤ ਪਰਾਣੇ ਦੀ ਬਹਾਦਰੀ ਬਾਬਤ ਬੜੀਆਂ ਅਦਭੁਤ ਦ੍ਵੰਦ ਕਥਾਵਾਂ ਹਨ। ਕਿਹਾ ਜਾਂਦਾ ਹੈ ਕਿ ਇਸ ਦੇ ਮਾਤਾ ਪਿਤਾ ਬੜੇ ਬਹਾਦਰ ਹੋਏ ਹਨ। ਜਿਸ ਦਿਨ ਇਸ ਦੀ ਮਾਤਾ ਨੂੰ ਗਰਭ ਹੋਇਆ ਤੇ ਓਹ ਦਿਨ ਚੜ੍ਹਨ ਸਮੇਂ ਜਾਗੀ ਤਦ ਇੱਕ ਪਾਸੇ ਸੂਰਜ ਤੇ ਦੂਜੇ ਪਾਸੇ ਤਲਾਬ ਜੋ ਓਹਦੇ ਮਕਾਨ ਦੇ ਲਾਗੇ ਸੀ ਤੇ ਓਥੇ ਸ਼ੇਰ ਪਾਣੀ ਪੀਂਦਾ ਸੀ, ਨਜ਼ਰ ਪਈ। ਸੋ ਸੂਰਜ ਜਲ ਤੇ ਸ਼ੇਰ ਵਾਲੀ ਬਹਾਦ੍ਰੀ ਉਹਦੇ ਵਿੱਚ ਆ ਗਈ। ਇਹ ਹਾਥੀ ਨੂੰ ਪੂਛ ਤੋਂ ਫੜ ਕੇ ਖੜਾ ਕਰ ਲੈਂਦਾ ਸੀ।

ਹਾਂ ਜੀ ਪੁਰਾਣੇ ਦੇ ਆਉਣ ਦੀ ਖ਼ਬਰ ਸੁਣ ਕੇ ਮੋਹਨ ਬੜਾ ਘਾਬਰਿਆ ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਚਰਨਾਂ ਵਿੱਚ ਜਾ ਹਾਜ਼ਰ ਹੋਇਆ। ਤਦ ਗੁਰੂ ਸਾਹਿਬ ਜੀ ਨੇ ਮੋਹਨ ਤੇ ਪੁੱਤਰ ਕਾਲੇ ਦੀ ਪਿੱਠ ਤੇ ਥਾਪੜਾ ਦੇ ਕੇ ਕਿਹਾ ਕਿ ਜਾਓ ਤੁਸੀਂ ਜੀਤ ਨਾਲ ਲੜੋ ਉਹਨੂੰ ਮਾਰੋ।

ਅਸੀਂ ਤੁਹਾਡੀ ਮਦਦ ਵਿੱਚ ਹਾਂ ਤੇ ਗੁਰੂ ਜੀ ਨੇ ਭਾਈ ਬਿਧੀਚੰਦ, ਭਾਈ ਕਾਲਾ, ਭੁਲਰ, ਭਾਈ ਲਖਾ, ਚੌਹਰ ਤੇ ਕਰਮਾਂ ਨੂੰ ਪੰਜ ਸੌ ਸਵਾਰ ਦੇ ਕੇ ਇਨ੍ਹਾਂ ਦੀ ਮਦਦ ਵਾਸਤੇ ਭੇਜਿਆ, ਜਿਸ ਤੋਂ ਮੋਹਨ, ਹਮਲ, ਰਸਾਲ, ਕਾਲਾ, ਕਰਮਚੰਦ, ਲਥੂ, ਪਖੂ, ਚਾਓ, ਰੂਪਚੰਦ, ਕੁਲ ਚੰਦ, ਸੋਮਾ ਤੇ ਸਰਦੂਲ ਆਦਿਕ ਆਪਣੇ ਸਾਥੀਆਂ ਨੂੰ ਨਾਲ ਲੈ ਜਾ ਕੇ ਖੂਬ ਲੜਿਆ। ਜਿੱਥੇ ਅੱਜ ਕਲ ਗਮਟ ਨਾਮ ਦੀ ਟਿੱਬੀ ਹੈ, ਓਥੇ ਦੋਹਾਂ ਧਿਰਾਂ ਦਾ ਟਾਕਰਾ ਹੋਇਆ। ਬੜੀ ਭਯਾਨਕ ਲੜਾਈ ਹੋਈ। ਜੀਤ ਪੁਰਾਣੇ ਨੇ ਅੱਗੇ ਵਧ ਕੇ ਚੌਧਰੀ ਕਾਲੇ ਨੂੰ ਆਪਣੀ ਬਰਛੀ ਮਾਰੀ। ਇੰਨੇ ਨੂੰ ਰਬ ਵਲੋਂ ਕੋਈ ਅਜਿਹਾ ਤੀਰ ਆਇਆ ਜੋ ਜੀਤ, ਪੁਰਾਣੇ ਦੋਹਾਂ ਦੇ ਕਾਲਜੇ ਵਿੰਨ ਗਿਆ। ਚੌਧਰੀ ਕਾਲੇ ਨੇ ਬੜੀ ਸੂਰਮਤਾ ਨਾਲ ਜੀਤ ਦੀ ਬਰਛੀ ਨੂੰ ਢਾਲ ਤੇ ਰੋਕਿਆ। ਕਿੰਤੂ ਇਸ ਦੇ ਦੰਦ ਡਿਗ ਪਏ ਤੇ ਕੁਝ ਜ਼ਖ਼ਮ ਵੀ ਹੋਇਆ ਅਤੇ ਬੜੀ ਜਲਦੀ ਗੁਰੂ ਜੀ ਦਾ ਹੁਕਮ ਯਾਦ ਆ ਗਿਆ ਤੇ ਜੀਤ ਦਾ ਸਿਰ ਅੱਗੇ ਵਧ ਕੇ ਕੱਟ ਲਿਆ।

ਇਸ ਦੇ ਮਰਦਿਆਂ ਹੀ ਕੌਮ ਕੋੜਾ ਤੇ ਭੁੱਲਰ ਨੱਸ ਪਏ। ਭਾਈ ਬਿਧੀਚੰਦ ਤੇ ਹੋਰ ਸਿੱਖਾਂ ਨੇ ਬੜੀ ਦੂਰ ਤੱਕ ਪਿੱਛਾ ਕਰ ਕੇ ਨਸਾ ਦਿੱਤਾ, ਜਿਸ ਤੋਂ ਉਹ ਫਿਰ ਇਨ੍ਹਾਂ ਦੇ ਮੁਕਾਬਲੇ ਤੇ ਕਦੇ ਨਹੀਂ ਆਏ। ਗੁਰੂ ਸਾਹਿਬ ਇਨ੍ਹਾਂ ਨੂੰ ਫਤਹ ਦਵਾ ਕੇ ਕੀਰਤਪੁਰ ਵਾਪਸ ਆ ਗਏ ਤੇ ਮੋਹਨ ਦੀ ਸੰਤਾਨ ਨੇ ਮੇਹਰਾਜ ਨੂੰ ਚੰਗੀ ਤਰ੍ਹਾਂ ਵਸਾ ਲਿਆ। ਸੰਮਤ ੧੬੮੭ ਬਿੱਕ੍ਰਮੀ ਨੂੰ ਮੋਹਨ ਨੇ ਬ੍ਰਾਦਰੀ ਨੂੰ ਇਕੱਠਾ ਕਰ ਕੇ ਆਪਣੇ ਵਡਿਆਂ ਦੇ ਅਸਲੀ ਪਿੰਡ ਬੇਦੋਵਾਲੀ ਨੂੰ ਭੱਟੀ ਕੌਮ ਤੋਂ ਛੁਡਾਨ ਲਈ ਹੱਲਾ ਕੀਤਾ। ਭਯਾਨਕ ਲੜਾਈ ਹੋਈ, ਜਿਸ ਵਿੱਚ ਚੌਧਰੀ ਮੋਹਨ ਆਪਣੇ ਲੜਕੇ ਰੂਪ ਚੰਦ ਤੇ ਕੁਲ ਚੰਦ ਆਦਿਕ ਸਮੇਤ ਮਾਰਿਆ ਗਿਆ। ਇਹ ਫਿਰ ਪਿੰਡ ਮੇਹਰਾਜ ਵਿੱਚ ਆ ਠਹਿਰੇ।

ਸੂਰਜ ਪ੍ਰਕਾਸ਼ ਤੇ ਗੁਰ ਬਿਲਾਸ ਵਿੱਚ ਮੇਹਰਾਜ ਦਾ ਅਬਾਦ ਕਰਨਾ ਗੁਰੂ ਹਰਿਰਾਏ ਸਾਹਿਬ ਜੀ ਦੀ ਸਹਾਇਤਾ ਨਾਲ ਲਿਖਿਆ ਹੈ, ਜਿਸ ਨੂੰ ਵੇਖ ਕੇ ਅਸੀਂ ਵੀ ਪਹਿਲਾਂ ਇਹੋ ਹੀ ਲਿਖ ਚੁੱਕੇ ਸਾਂ, ਕਿੰਤੂ ਹੁਣ ਜਦ ਚੰਗੀ ਤਰ੍ਹਾਂ ਖੋਜ ਕੀਤੀ ਗਈ, ਤਦ ਪਿੰਡ ਮੇਹਰਾਜ ਦਾ ਵੱਸਣਾ ਸਾਹੂਕਾਰਾਂ ਦੇ ਕਾਗ਼ਜ਼ਾਂ ਤੇ ਬਾਦਸ਼ਾਹੀ ਸਨਦਾਂ ਤੋਂ ੧੬੮੪ ਬਿੱਕ੍ਰਮੀ ਦਾ ਸਾਬਤ ਹੁੰਦਾ ਹੈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੰਗ ਪਿੰਡ ਮੇਹਰਾਜ ਤੋਂ ਦੋ ਕੋਹ ਦੇ ਫਾਸਲੇ ਤੇ ੧੬੮੮ ਬਿਕ੍ਰਮੀ ਵਿੱਚ ਹੋਇਆ ਤੇ ਗੁਰੂ ਹਰਿਰਾਏ ਸਾਹਿਬ ਜੀ ਦਾ ਜਨਮ ਅਸੂ ਵਦੀ ੧੬੮੬ ਬਿੱਕ੍ਰਮੀ ਦਾ ਹੈ ਤੇ ਸੰਮਤ ੧੭੦੧ ਵਿੱਚ ਇਹ ਗੱਦੀ ਤੇ ਬਿਰਾਜਮਾਨ ਹੋਏ, ਇਸ ਕਰ ਕੇ ਇਹ ਰਵਾਇਤ ਉਹਨਾਂ ਦੇ ਨਾਮ ਤੇ ਭੁਲੇਖੇ ਨਾਲ ਲਿਖੀ ਗਈ ਹੈ। ਹੁਣ ਪਿੰਡ ਮੇਹਰਾਜ ਦੀ ਭੋਂ ਜੋ ਤਿੰਨ-ਤਿੰਨ ਕੋਹ ਦੇ ਫਾਸਲੇ ਤਕ ਹੈ, ਉਸ ਵਿੱਚ ਕਾਲਾ, ਕਰਮ ਚੰਦ, ਸੋਮਾ, ਸਰਦੂਲ, ਸਾਵਣ, ਫੂਲ, ਸੰਦਲੀ ਇਨ੍ਹਾਂ ਸਤਾਂ ਦੇ ਨਾਮ ਤੇ ਵੰਡੀਕੇ ਇਨ੍ਹਾਂ ਦੀਆਂ ਹੀ ਸਤਾਂ ਪਤੀਆਂ ਤੇ ਮਸ਼ਹੂਰ ਹੈ।

ਇਨ੍ਹਾਂ ਨੇ ਇੰਨੀ ਤਰੱਕੀ ਕੀਤੀ ਕਿ ਇਸ ਪਿੰਡ ਮੇਹਰਾਜ ਵਿੱਚੋਂ ਨਿੱਕਲ ਕੇ ਫੂਲ ਆਦਿਕ ਬਾਈ ਪਿੰਡ ਹੋਰ ਵਸਾਏ, ਜਿਨ੍ਹਾਂ ਨੂੰ ਮੇਹਰਾਜ ਦਾ ਬਾਹੀਆਂ* ਕਿਹਾ ਜਾਂਦਾ ਹੈ, ਇਨ੍ਹਾਂ ਵਿੱਚ ਵੱਸਣ ਵਾਲੇ ਸਾਰੇ ਮੇਹਰਾਜ ਦੀ ਸੰਤਾਨ ਹਨ ਅਤੇ ਇਹ ਸਾਰੇ ਲੋਕ ਮਾਫ਼ੀਦਾਰ ਹਨ। ਸਰਕਾਰ ਨੂੰ ਮਾਮਲਾ ਨਹੀਂ ਦੇਂਦੇ। ਇਸੇ ਕਰ ਕੇ ਇਹ ਜਾਗੀਰਦਾਰ ਸਿੱਖਾਂ ਵਿੱਚ ਗਿਣੇ ਜਾਂਦੇ ਹਨ ਤੇ ਇਨ੍ਹਾਂ ਦਾ ਨੇਕ ਚਲਣ ਰਹਿਣਾ ਮਾਫ਼ੀ ਨਾਮੇ ਵਿੱਚ ਇਕਰਾਰ ਹੈ।

---

*ਫੂਲ ਲੋਹਰੇ ੫-ਕਲਯਾਨਾ ੫-ਬਜਵਾਲ ੧੨-ਨਾਬਪੁਰਾ ੧੩-ਥਾਨਾ ਖੁਰਦ ੧੪-ਗੰਗਾ ੧੫-ਢਿੱਲੋਂ ੧੬-ਪੂਲਾ ੧੭-ਪੋਲੀ ੧੮-ਬੈਹਮਨੀ ੧੦-ਹਾਰਾਈ ੨੦-ਬਾਟ ੨੧-ਬੁਰਜ ੨੨-ਇਹ ਅੱਠ ਪਿੰਡ ਮੇਹਰਾਜ ਦੇ ਹਨ ਤੇ ਇਨ੍ਹਾਂ ਦੀ ਵੱਸੋਂ ੮੦੦੦ ਦੀ ਹੈ। ਸਰਕਾਰ ਨੂੰ ਮਾਮਲਾ ਨਹੀਂ ਦੇਂਦੇ। ਇਸੇ ਕਰ ਕੇ ਇਹ ਜਾਗੀਰਦਾਰ ਸਿੱਖਾਂ ਵਿੱਚ ਗਿਣੇ ਜਾਂਦੇ ਹਨ ਤੇ ਇਨ੍ਹਾਂ ਦਾ ਨੇਕ ਚੱਲਣ ਰਹਿਣਾ ਮਾਫੀਨਾਮੇ ਵਿੱਚ ਇਕਰਾਰ ਹੈ।

## ੨. ਫੂਲ ਨੂੰ ਵਰ ਮਿਲਣਾ

ਭਾਵੇਂ ਪਿੰਡ ਮੇਹਰਾਜ ਦੀ ਜ਼ਮੀਨ ਉਸ ਵੇਲੇ ਸਤਾਂ ਪਤੀਆਂ ਵਿੱਚ ਵੰਡੀ ਹੋਈ ਸੀ, ਕਿੰਤੂ ਚੌਧਰ ਪੁਣਾ ਜੋ ਰੂਪਚੰਦ ਦੇ ਨਾਮ ਸੀ, ਓਹਦੇ ਵਡੇ ਲੜਕੇ ਫੂਲ ਦੇ ਨਾਮ ਹੋਈ। ਉਹਦਾ ਸਰਪ੍ਰਸਤ ਕਾਲਾ ਬਣਿਆ ਰਿਹਾ। ਸੰਮਤ ੧੭੦੨ ਵਿੱਚ ਜਦ ਗੁਰੂ ਹਰਿਰਾਏ ਸਾਹਿਬ ਜੀ ਮਾਲਵੇ ਦੇ ਇਲਾਕੇ ਵਿੱਚ ਸਤਿਨਾਮ ਵਾਹਿਗੁਰੂ ਦਾ ਜਾਪ ਜਪਾਂਦੇ ਪਿੰਡ ਮੇਹਰਾਜ ਵਿੱਚ ਅੱਪੜੇ, ਤਦ ਚੌਧਰੀ ਕਾਲਾ ਨੇ ਜੋ ਗੁਰੂ ਸਾਹਿਬਾਨ ਦੀਆਂ ਕਰਾਮਾਤਾਂ ਦਾ ਜਾਣੂ ਸੀ, ਬੜੀ ਸੇਵਾ ਕੀਤੀ। ਇੱਕ ਦਿਨ ਆਪਣੇ ਭਤੀਜੇ ਫੂਲ ਤੇ ਸੰਦਲੀ ਨੂੰ ਗੁਰੂ ਸਾਹਿਬ ਜੀ ਦੇ ਪਾਸ ਲੈ ਆਇਆ। ਓਹਨਾਂ ਨੇ ਚੌਧਰੀ ਕਾਲਾ ਦੇ ਕਹੇ ਅਨੁਸਾਰ ਗੁਰੂ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਆਪਣੇ ਢਿੱਡਾਂ ਤੇ ਹੱਥ ਮਾਰੇ। ਜਦ ਗੁਰੂ ਸਾਹਿਬ ਜੀ ਨੇ ਇਨ੍ਹਾਂ ਦੇ ਪੇਟ ਤੇ ਇਸ ਤਰ੍ਹਾਂ ਹੱਥ ਮਾਰਨ ਦਾ ਕਾਰਨ ਪੁਛਿਆ, ਤਦ ਚੌਧਰੀ ਕਾਲਾ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ ਕਿ ਮਹਾਰਾਜ ਇਹ ਲੜਕੇ ਆਪਣੀ ਭੁੱਖ ਦੂਰ ਕਰਨਾ ਚਾਹੁੰਦੇ ਹਨ। ਗੁਰੂ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਇੱਕ ਪੇਟ ਦੀ ਕੀ ਗੱਲ ਹੈ, ਇਨ੍ਹਾਂ ਦੇ ਪਿਛੇ ਲੱਖਾਂ ਦੇ ਪੇਟ ਭਰਨਗੇ। ਗੁਰੂ ਜੀ ਨੇ ਵੱਡੇ ਲੜਕੇ ਦਾ ਨਾਮ ਕਿਆਰੀ ਪੁਛਿਆ, ਕਾਲਾ ਨੇ ਕਿਹਾ ਕਿ ਇਹਦਾ ਨਾਮ ਹੈ 'ਫੂਲ'। ਗੁਰੂ ਜੀ ਨੇ ਹੱਸ ਕੇ ਕਿਹਾ ਕਿ "ਫੂਲ ਦੀ ਖੂਬ ਫਲੇ ਫੁਲੇਗੀ। ਇਸ ਦੀ ਸੰਤਾਨ ਦੇ ਘੋੜੇ ਦਰਯਾ ਜਮਨਾਂ ਵਿੱਚੋਂ ਪਾਣੀ ਪੀਣਗੇ, ਜਮਨਾ ਤੱਕ ਇਹਨਾਂ ਦਾ ਰਾਜ ਹੋਵੇਗਾ।" ਸੋ ਜਦ ਇਹ ਵਰ ਆਪਣੇ ਭਤੀਜਿਆਂ ਨੂੰ ਦਵਾ ਕੇ ਕਾਲਾ ਘਰ ਆਇਆ ਤੇ ਓਸ ਨੇ ਆਪਣੀ ਤੀਵੀਂ ਨੂੰ ਇਹ ਹਾਲ ਸੁਣਾਇਆ ਤਦ ਓਸ ਨੇ ਸੁਣ ਕੇ ਕਿਹਾ, ਅਫ਼ਸੋਸ ਹੈ ਕਿ ਤੇਰੀ ਅਕਲ ਤੇ ਜੋ ਆਪਣੀ ਸੰਤਾਨ ਨੂੰ ਇਨ੍ਹਾਂ ਦੀ ਪਰਜਾ ਬਣਾਇਆ ਤੇ ਇਨ੍ਹਾਂ ਨੂੰ ਰਾਜ ਦਵਾਇਆ। ਚੌਧਰੀ ਕਾਲਾ ਆਪਣੇ ਬੇਟੇ ਨੂੰ ਨਾਲ ਲੈ ਕੇ ਹੁਣ ਗੁਰੂ ਜੀ ਪਾਸ ਆਇਆ ਤੇ ਘਰ ਵਿੱਚ ਹੋਈਆਂ ਗੱਲਾਂ ਦੀ ਸਾਰੀ ਵਿਥਯਾ ਸੁਣਾਈ। ਤਦ ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਹੁਣ ਰਾਜ ਤਾਂ ਫੂਲ ਦੀ ਸੰਤਾਨ ਨੂੰ ਹੀ ਮਿਲੇਗਾ, ਪਰ ਤੁਹਾਡੀ ਸੰਤਾਨ ਮਾਫ਼ੀਦਾਰ ਰਹੇਗੀ, ਜੋ ਅੱਜ ਤਕ ਅਜਿਹਾ ਹੀ ਵੇਖਿਆ ਜਾਂਦਾ ਹੈ ਤੇ ਹੋ ਰਿਹਾ ਹੈ।

## ੩. ਫੂਲ ਦਾ ਪ੍ਰਤਾਪ

ਚੌਧਰੀ ਫੂਲ ਨੇ ਜੋ ਚੌਧਰੀ ਮੋਹਨ ਦੇ ਬੇਟੇ ਰੂਪ ਚੰਦ ਦਾ ਪੁੱਤਰ ਸੀ। ੧੬੮੮ ਬਿੱਕ੍ਰਮੀ ਨੂੰ ਸਿਬੀ (ਅੰਬੀ) ਜੋ ਜਟਯਾਨਾਂ ਦੀ ਗੋਤ ਵਿੱਚੋਂ ਸੀ, ਦੀ ਕੁਖ ਵਿੱਚੋਂ ਜਨਮ ਲਿਆ। ਨਿੱਕੇ ਹੋਂਦਿਆਂ ਹੀ ਸੁਮੇਰ ਪੁਰੀ ਨਾਮ ਦੇ ਇੱਕ ਫ਼ਕੀਰ ਦੀ ਬੜੀ ਸੇਵਾ ਕੀਤੀ ਤੇ ਓਸ ਪਾਸੋਂ ਪ੍ਰਾਣਾਯਾਮ ਸਿੱਖਯਾ। ਇਸ ਨੇ ਜਵਾਨ ਹੋ ਕੇ ਆਪਣੇ ਕੰਮਾਂ ਨੂੰ ਵਧਾਣਾ ਸ਼ੁਰੂ ਕੀਤਾ ਤੇ ਪਿੰਡ ਫੂਲ ਨੂੰ ਜੋ ਓਹਦੇ ਚਾਚਾ ਚੌਧਰੀ ਕਾਲਾ ਨੇ ੧੭੦੩ ਬਿਕ੍ਰਮੀ ਵਿੱਚ ਆਪਣੇ ਪਿਆਰੇ ਭਤੀਜੇ ਦੇ ਨਾਮ ਤੇ ਚਾਰ ਕੋਹ ਦੀ ਵਿਥ ਤੇ ਵਸਾਇਆ ਸੀ, ਚੌਧਰੀ ਫੂਲ ਨੇ ਆਪਣੀ ਵਸੋਂ ਉੱਥੇ ਬਣਾ ਲਈ ਤੇ ਸ਼ਾਹੀ ਫੁਰਮਾਨ ਓਹਦੇ ਨਾਮ ਆਇਆ, ਜਿਸ ਦੇ ਨਾਲ ਉਹ ਇਲਾਕੇ ਦਾ ਸਰਦਾਰ, ਜਾਗੀਰਦਾਰ ਤੇ ਪ੍ਰਸਿੱਧ ਚੌਧਰੀ ਹੋ ਗਿਆ। ਚੌਧਰੀ ਫੂਲ ਦੀ ਤੀਵੀਂ ਜਿਸ ਦਾ ਨਾਮ ਬਾਲੀ ਸੀ, ਪਿੰਡ ਢਿਲਵਾਂ ਦੇ ਚੌਧਰੀ ਜੀਤੇ ਦੀ ਲੜਕੀ ਸੀ। ਇਸ ਦੇ ਪੇਟ ਵਿੱਚੋਂ ਤਲੋਕਾ, ਰਾਮਾ, ਰਘੂ, ਇਹ ਤਿੰਨੇ ਪੁੱਤ੍ਰ ਤੇ ਇੱਕ ਲੜਕੀ ਰਾਮੀ ਨਾਮ ਦੀ ਸੀ, ਜੋ ਭਾਈ ਬੁੱਢੇ ਰਵਦਾਸ ਦੇ ਖਾਨਦਾਨ ਵਿੱਚ ਧੰਨਾ ਸਿੰਘ ਨਾਲ ਵਿਆਹੀ ਗਈ। ਓਹਨਾਂ ਏਹਦਾ ਨਾਮ ਫੱਤੋ ਰੱਖਿਆ। ਓਸ ਦੀ ਸੰਤਾਨ ਪਿੰਡ ਮੁਘਰ (ਨਾਭਾ) ਤੇ ਬੇਲੇ ਵਿੱਚ ਜਾਗੀਰਦਾਰ ਆਬਾਦ ਹੈ। ਫੂਲ ਦੀ ਦੂਜੀ ਤੀਵੀਂ ਰੱਜੀ ਸੀ ਜੋ ਸਧਾਨਾ ਜੱਟਾਂ ਦੀ ਲੜਕੀ ਸੀ। ਚੱਤੋ, ਝੰਡੋ, ਤਖ਼ਤਮੱਲ, ਇਹ ਤਿੰਨ ਪੁੱਤ੍ਰ ਉਤਪੰਨ ਹੋਏ, ਜਿਨ੍ਹਾਂ ਦੀ ਸੰਤਾਨ ਗੁਮਟੀ ਪਿੰਡ ਵਿੱਚ ਲੋਡ* ਘਰੀਆਂ ਦੇ ਨਾਮ ਤੇ ਮਸ਼ਹੂਰ ਹੈ ਤੇ ਤਲੋਕਾ ਦੇ ਖਾਨਦਾਨ


*ਫੂੱਲ ਦੀ ਛੋਟੀ ਤੀਵੀਂ ਦੀ ਸੰਤਾਨ ਹੋਣ ਕਰ ਕੇ ਲੋਡ ਘਰੀਆਂ ਕਿਹਾ ਜਾਂਦਾ ਹੈ।

ਵਿੱਚੋਂ ਰਿਆਸਤ ਨਾਭਾ ਜੀਂਦ ਤੇ ਬਡਰੁਖਾਂ ਹੈ। ਰਾਮਾ ਦੀ ਸੰਤਾਨ ਵਿੱਚੋਂ ਪਟਯਾਲਾ, ਬਡੋਰ ਮਲੋਦਾ ਰਾਮਪੁਰ, ਕੋਟ ਰੁਨਾ ਆਦਿਕ ਹੈ ਤੇ ਰਘੂ ਦੀ ਸੰਤਾਨ ਪਿੰਡ ਜੀਵਕ ਵਿੱਚ ਹੈ।

ਫੂਲ ਨੇ ਪਿੰਡ ਫਕਰ ਸਰਥੋੜੀ ਜੋ ਮੁਕਤਸਰ ਦੇ ਲਾਗੇ ਹੈ, ਰਾਜਪੂਤ ਭੱਟੀ ਹਯਾਤ ਖਾਂ ਨੂੰ ਸ਼ਕਸਤ ਦਿੱਤੀ। ਇਹ ਭਟਨੇਰ ਦਾ ਰਈਸ ਸੀ। ਇਸ ਤੋਂ ਪਿੱਛੋਂ ਈਸਾ ਖਾਂ ਰਈਸ ਕੋਟ ਈਸਾ ਖਾਂ ਨੇ ਚੌਧਰੀ ਫੂਲ ਤੇ ਹਮਲਾ ਕਰ ਕੇ ਇਸ ਨੂੰ ਫੂਲ ਪਿੰਡ ਵਿੱਚੋਂ ਕੱਢ ਦਿੱਤਾ, ਕਿੰਤੂ ਇਸ ਨੇ ਫਿਰ ਤਾਕਤ ਵਧਾ ਕੇ ਈਸਾ ਖਾਂ ਦੇ ਬਾਪ ਦੌਲਤ ਖਾਂ ਨੂੰ ਫੂਲ ਵਿੱਚੋਂ ਕੱਢ ਕੇ ਆਪਣਾ ਕਬਜ਼ਾ ਕਰ ਲਿਆ। ਦੂਜੇ ਸਾਲ ਫੂਲ ਨੇ ਫਿਰ ਆਪਣੇ ਵੈਰੀ ਹਯਾਤ ਖਾਂ ਤੇ ਹਮਲਾ ਕੀਤਾ, ਸਖ਼ਤ ਲੜਾਈ ਹੋਣ ਤੇ ਓਸ ਦੇ ਭਤੀਜੇ ਮੁਹੱਬਤ ਖਾਂ ਤੇ ਮਹਬੂਬ ਮਾਰੇ ਗਏ ਤੇ ਹਯਾਤ ਖਾਂ ਭਟਨੇਰ ਛੱਡ ਗਿਆ। ਹੁਣ ਫੂਲ ਇੱਕ ਬੜਾ ਬਹਾਦਰ, ਪ੍ਰਸਿੱਧ ਤੇ ਸ਼ਕਤੀਵਾਨ ਤਅੱਲਕੇਦਾਰ ਬਣ ਗਿਆ ਸੀ, ਐਥੋਂ ਤਕ ਕਿ ਜਗਰਾਓਂ ਦੇ ਹਾਕਮ ਨੂੰ ਮਾਲਗੁਜ਼ਾਰੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਜਦ ਉਸ ਨੇ ਪੁੱਛ ਕੀਤੀ, ਤਦ ਟਾਕਰਾ ਹੋ ਪਿਆ ਤੇ ਜਗਰਾਉਂ ਵਾਲੇ ਨੂੰ ਕੈਦ ਕਰ ਲਿਆ। ਇਸ ਅਪਰਾਧ ਵਿੱਚ ਸਰਹਿੰਦ ਦੇ ਹਾਕਮ ਨੇ ਫੂਲ ਨੂੰ ਆਪਣੇ ਪਾਸ ਬੁਲਾ ਕੇ ਧੋਖੇ ਨਾਲ ਕੈਦ ਕਰ ਲਿਆ, ਜਿੱਥੇ ਉਹ ੧੭੪੫ ਬਿਕ੍ਰਮੀ ਨੂੰ ਚਲਾਣਾ ਕਰ ਗਿਆ।

ਇਸ ਦੇ ਚਲਾਣੇ ਬਾਬਤ ਇੱਕ ਬੜੀ ਸ੍ਵਾਦਲੀ ਕਹਾਣੀ ਪ੍ਰਸਿੱਧ ਹੈ: ਫੂਲ ਨੇ ਸੁਮੇਰਪੁਰੀ ਫ਼ਕੀਰ ਤੋਂ ਪ੍ਰਾਣਾਯਾਮ ਦਾ ਢੰਗ ਸਿੱਖ ਰਖਯਾ ਸੀ। ਜਦ ਕੈਦ ਤੋਂ ਛੁਟਕਾਰੇ ਦੀ ਹੋਰ ਕੋਈ ਸੂਰਤ ਨਾ ਵੇਖੀ। ਤਦ ਇਸ ਵਿਦਯਾ ਨੂੰ ਕੰਮ ਵਿੱਚ ਲਿਆਉਂਦਾ ਆਪਣੇ 'ਪ੍ਰਾਣ' ਝੜਾ ਲਏ। ਸਰਹੰਦ ਦੇ ਸੂਬੇ ਨੇ ਮੁਰਦਾ ਜਾਣ ਵਾਰਸਾਂ ਨੂੰ ਦੇ ਦਿੱਤਾ, ਜਿਨ੍ਹਾਂ ਨੂੰ ਪਤਾ ਨਾ ਹੋਣ ਕਰ ਕੇ ਪਿੰਡ ਬਹਾਵਲਪੁਰ ਰਿਆਸਤ ਨਾਭੇ ਵਿੱਚ ਲਿਆ ਕੇ ਸਾੜ ਦਿੱਤਾ, ਜਿੱਥੇ ਉਸ ਦੀ ਸਮਾਧ ਹੈ। ਦੂਜੇ ਸਮਾਧ ਫੂਲ ਵਿੱਚ ਹੈ, ਫੂਲ ਦੇ ਪ੍ਰਾਣਾਯਾਮ ਤੋਂ ਉਹਦੀ ਵਡੀ ਤੀਵੀਂ ਜਾਣੂੰ ਸੀ, ਜਿਸ ਦੇ ਪਾਸ ਨਾ ਹੋਣ ਦੇ ਕਾਰਨ ਇਸ ਨੂੰ ਸਾੜ ਦਿੱਤਾ। ਛੋਟੀ ਤੀਵੀਂ ਜਿਸ ਦੇ ਹੁੰਦਿਆਂ ਸਾੜਿਆ, ਇਸ ਗੱਲ ਤੋਂ ਜਾਣੂ ਨਹੀਂ ਸੀ, ਇਸ ਕਰ ਕੇ ਉਹ ਸ਼ਰਮਿੰਦਾ ਹੋ ਕੇ ਆਪਣੇ ਸੰਬੰਧੀ ਸੁਖਾਨੰਦ ਬੈਰਾੜ ਦੇ ਘਰ ਚਲੀ ਗਈ।

## ੪. ਪਟਿਆਲੇ ਦੇ ਰਾਜ ਘਰਾਣੇ ਦਾ ਸ਼ਜਰਾ




## ੫. ਪਟਿਆਲੇ ਦਾ ਰਾਜ ਘਰਾਣਾ

ਫੂਲ ਦੇ ਚਲਾਣੇ ਤੋਂ ਪਿੱਛੋਂ ਉਸ ਦਾ ਵਡਾ ਪੁੱਤਰ ਤਲੋਕ ਸਿੰਘ ਚੌਧਰੀ ਹੋਇਆ ਤੇ ਛੋਟਾ ਰਾਮ ਸਿੰਘ, ਜੋ ਸੰ. ੧੭੧੯ ਨੂੰ ਉਤਪਨ ਹੋਇਆ ਸੀ, ਸਰਦਾਰ ਬਣਿਆ। ਇਹ ਖ਼ਾਨਦਾਨ ਪਟਿਆਲਾ ਦਾ ਵਡੱਕਾ ਹੋਇਆ ਹੈ। ਇਸ ਨੇ ਆਪਣੇ ਬਾਹੂਬਲ ਨਾਲ ਐਸ਼ਵਰਜ ਪ੍ਰਾਪਤ ਕੀਤਾ। ਪਟਯਾਲੇ ਦੇ ਰਾਜਿਆਂ ਦੇ ਇਤਹਾਸ ਤੇ ਪੰਜਾਬ ਦੇ ਰਾਜਿਆਂ ਦੇ ਇਤਹਾਸ ਵਿੱਚ ਲਿਖਿਆ ਹੈ ਕਿ ਸਰਦਾਰ ਰਾਮ ਸਿੰਘ ਤੇ ਚੌਧਰੀ ਤਲੋਕ ਸਿੰਘ ਨੇ ਆਪਣੇ ਵਡੇ ਰੂਪਚੰਦ ਦੀ ਯਾਦਗਾਰ ਵਿੱਚ ਪਿੰਡ ਭਾਈ ਰੂਪਾ ਦੀ ਨੀਉਂ ੧੭੪੭ ਬਿ. ਵਿੱਚ ਰੱਖੀ। ਇਸ ਕਰ ਕੇ ਇਸ ਪਿੰਡ ਵਿੱਚ ਇਨ੍ਹਾਂ ਦੋਨਾਂ ਭਰਾਵਾਂ ਦਾ ਹਿੱਸਾ ਬਰਾਬਰ ਸੀ। ਆਪਸ ਵਿੱਚ ਝਗੜਾ ਹੋ ਜਾਣ ਦੇ ਕਾਰਨ ਸਰਦਾਰ ਰਾਮ ਸਿੰਘ ਨੇ ਇਹ ਪਿੰਡ ਆਪਣੇ ਵਡੇ ਭਰਾ ਤਲੋਕ ਸਿੰਘ ਦੇ ਕਬਜ਼ੇ ਵਿੱਚ ਰਹਿਣ ਦਿੱਤਾ, ਇਸ ਕਰ ਕੇ ਇਹ ਪਿੰਡ ਹੁਣ ਰਿਆਸਤ ਨਾਭੇ ਵਿੱਚ ਹੈ। ਕਿੰਤੂ ਇਹ ਗੱਲ ਗ਼ਲਤ ਮਲੂਮ ਹੁੰਦੀ ਹੈ, ਕਿਉਂਕਿ ੧੬੯੮ ਬਿ. ਨੂੰ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਪਿੰਡ ਡਰੋਲੀ

ਵਿੱਚ ਉੱਤਰੇ ਹੋਏ ਸਨ, ਉਸ ਵੇਲੇ ਉਹਨਾਂ ਨੇ ਇੱਕ ਦਿਨ ਭਾਈ ਰੂਪੇ ਦੇ ਪਿੰਡ ਤਕੋਲਾਨੀ ਪੁੱਜ ਕੇ ਉਸ ਨੂੰ ਨਿਹਾਲ ਕੀਤਾ। ਉਸੇ ਵੇਲੇ ਉਸ ਥਾਂ ਤੋਂ ੪ ਕੋਹ ਦੇ ਫਾਸਲੇ ਤੇ ਬੜਾ ਸੋਹਣਾ ਤੇ ਸਰਸਬਜ਼ ਅਸਥਾਨ ਵੇਖ ਕੇ ਗੁਰੂ ਸਾਹਿਬ ਨੇ ਭਾਈ ਰੂਪੇ ਦੇ ਹਥੋਂ ਪਿੰਡ ਰੂਪੇ ਦੀ ਨੀਉਂ ਰਖੀ ਸੀ ਤੇ ਫਿਰ ਉਸ ਪਿੰਡ ਨੂੰ ਵਸਾਉਣ ਵਿੱਚ ਸਹਾਇਤਾ ਕਰਦੇ ਰਹੇ। ਇਸ ਕਰ ਕੇ ਇਸ ਪਿੰਡ ਦਾ ਨਾਮ ਭਾਈ ਰੂਪਾ ਪ੍ਰਸਿਧ ਹੈ। ਸ਼ਾਹ ਜਹਾਨ ਬਾਦਸ਼ਾਹ ੧੬੯੬ ਬਿਕਰਮੀ ਵਿੱਚ ਤਖ਼ਤ ਤੇ ਬੈਠਾ ਸੀ। ਇੱਕ ਪ੍ਰਚੀ ਜੋ ਮਾਮਲਾ ਦੇਣ ਵਾਲੇ ਨੂੰ ਸ਼ਾਹੀ ਦਫ਼ਤਰੋਂ ਮਿਲਿਆ ਕਰਦੀ ਹੈ, ਭਾਈ ਰੂਪੇ ਦਾ ਮਾਮਲਾ ਦਾਖਲ ਕਰਨਾ ਸਾਬਤ ਹੈ, ਇਸੇ ਕਰ ਕੇ ਭਾਈ ਸਾਹਿਬ ਦੀ ਸੰਤਾਨ ਪਾਸ ਉਸ ਪਿੰਡ ਵਿੱਚ ੨੬੮ ਹੱਲਾਂ ਦੀ ਜ਼ਮੀਨ ਮਾਫ਼ ਹੈ ਤੇ ੧੭੭ ਹਲਾਂ ਦੀ ਜਮੀਨ ਤੇ ਹਮੇਸ਼ਾਂ ਦਾ ਕਬਜ਼ਾ ਹੈ। ਮਲੂਮ ਹੁੰਦਾ ਹੈ ਕਿ ਰਾਜਾਨ ਫੂਲ ਦੀ ਹਕੂਮਤ ਕਾਇਮ ਹੋਣ ਤੇ ਇਸ ਪਿੰਡ ਤੇ ਵੀ ਉਹਨਾਂ ਦੀ ਹਕੂਮਤ ਹੋ ਗਈ ਸੀ, ਜੋ ਲਿਖਣ ਵਾਲਿਆਂ ਨੂੰ ਧੋਖਾ ਲਗਾ ਹੈ। ਸਰਦਾਰ ਰਾਮ ਸਿੰਘ* ਨੇ ਜ਼ੋਰ ਫੜ ਕੇ ਕੌਮ ਭੱਟੀ ਤੇ ਪਚਾਦਿਆਂ ਨੂੰ ਡੰਡ ਦਿੱਤਾ ਜੋ ਕਿ ਇਸ ਇਲਾਕੇ ਵਿੱਚ ਡਾਕੇ ਮਾਰਦੇ ਰਹਿੰਦੇ ਸੀ ਤੇ ਪ੍ਰਜਾ ਦਾ ਮਾਲ ਜ਼ੋਰੋ ਜ਼ੋਰੀ ਖੋਹ ਲੈਂਦੇ ਸੀ। ਇਹ ਭੱਟੀ ਰਾਜਪੂਤ ਹਿੰਦੂ ਸਨ, ਕਿੰਤੂ ਇਨ੍ਹਾਂ ਮੁਸਲਮਾਨ ਹੋ ਕੇ ਹਿੰਦੂਆਂ ਨੂੰ ਲੁੱਟਣਾ ਪੁੱਟਣਾ ਆਪਣਾ ਫਰਜ਼ ਬਣਾ ਲਿਆ ਸੀ। ਹਸਨ ਖਾਂ ਭੱਟੀ ਆਪਣੀ ਕੌਮ ਦਾ ਸਰਦਾਰ ਸੀ। ਸਰਦਾਰ ਰਾਮ ਸਿੰਘ ਨੇ ਇਸ ਨੂੰ ਝੰਡੂ ਦੇ ਪਿੰਡ ਪਾਸ ਆ ਘੇਰਿਆ। ਉਸ ਵੇਲੇ ਇਹ ਸਮਾਨੇ ਦੇ ਇਲਾਕੇ ਨੂੰ ਲੁੱਟ ਕੇ ਆ ਰਿਹਾ ਸੀ। ਭਾਰੀ ਲੜਾਈ ਹੋਈ, ਜਿਸ ਵਿੱਚ ਹਸਨ ਖਾਂ ਨੂੰ ਸ਼ਕਸਤ ਦੇ ਕੇ ਸਰਦਾਰ ਰਾਮ ਸਿੰਘ ਨੇ ਇਸ ਦੇ ਪਾਸੋਂ ਸਾਰਾ ਚੋਰੀ ਦਾ ਮਾਲ ਅਸਬਾਬ ਖੋਹ ਲਿਆ ਤੇ ਪਸ਼ੂ ਵੀ ਜਿਸ ਜਿਸ ਪਿੰਡ ਵਿੱਚੋਂ ਭੱਟੀਆਂ ਤੇ ਪਚਾਦਿਆਂ ਆਂਦੇ ਸਨ, ਸਰਦਾਰ ਰਾਮ ਸਿੰਘ ਨੇ ਓਹਨਾਂ ਹੀ ਜਗ੍ਹਾ ਤੇ ਅਪੜਾ ਦਿੱਤੇ। ਇਸ ਕਰ ਕੇ ਇਸ ਸਾਰੇ ਇਲਾਕੇ ਦੇ ਵਿੱਚ ਸਰਦਾਰ ਰਾਮ ਸਿੰਘ ਦਾ ਨਾਮ ਨੇਕੀ ਨਾਲ ਮਸ਼ਹੂਰ ਹੋ ਗਿਆ। ਫਿਰ ਸਰਦਾਰ ਰਾਮ ਸਿੰਘ ਨੇ ਆਪਣੇ ਪੁਰਾਣੇ ਦੁਸ਼ਮਨ ਈਸਾ ਖਾਂ ਨੂੰ ਇੰਜ ਹੀ ਸਜਾ ਦਿੱਤੀ ਤੇ ਓਹਦੇ ਪਾਸ ਵੀ ਲੋਕਾਂ ਦੇ ਘਰਾਂ ਦਾ ਜਿਹੜਾ ਚੋਰੀ ਦਾ ਮਾਲ ਸੀ, ਲਿਆ ਕੇ ਉਨ੍ਹਾਂ ਦੇ ਵਾਰਸਾਂ ਨੂੰ ਦੇ ਦਿੱਤਾ। ਇਸੇ ਤਰ੍ਹਾਂ ਰਾਏਕੋਟ ਦੇ ਮੁਸਲਮਾਨ ਰਈਸ ਨੂੰ ਅਚਣਚੇਤ ਜਾ ਘੇਰਿਆ ਤੇ ਓਹਦੇ ਪਾਸ ਵੀ ਜੋ ਲੋਕਾਂ ਦੇ ਘਰਾਂ ਦਾ ਜਿੰਨਾ ਧਨ ਮਾਲ ਸੀ, ਸਭ ਲੈ ਲਿਆ।

ਇਹਨੀਂ ਦਿਨੀਂ ਮੁਗਲੀਆ ਖਾਨਦਾਨ ਦੇ ਐਸ਼ਵਰਜ ਦਾ ਸੂਰਜ ਅਸਤ ਹੋ ਰਿਹਾ ਸੀ। ਸਰਦਾਰ ਰਾਮ ਸਿੰਘ ਜਿਹੇ ਪ੍ਰਾਕ੍ਰਮੀ ਦਾ ਐਸੇ ਸਮੇਂ ਚੁੱਪ ਬੈਠਣਾ ਅਸੰਭਵ ਸੀ। ਸਰਹੰਦ ਦੇ ਹਾਕਮ ਪਾਸ

---

*੧੭੫੩ ਬਿਕ੍ਰਮੀ ਨੂੰ ਜਦ ਗੁਰੂ ਗੋਬਿੰਦ ਸਿੰਘ ਜੀ ਦਾ ਜੰਗ ਅਜਮੇਰ ਚੰਦ ਖਲੋਰੀ ਆਦਿਕ ਪਹਾੜੀ ਰਾਜਿਆਂ ਨਾਲ ਹੋ ਰਿਹਾ ਸੀ, ਉਸ ਵੇਲੇ ਚੌਧਰੀ ਤਲੋਕ ਚੰਦ ਤੇ ਰਾਮਚੰਦ ਦੋਨੋਂ ਭਾਈ ਆਪਣੀ ਫੌਜ ਸਮੇਤ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਸਨ. ਇਸ ਬਾਬਤ ਹੁਕਮਨਾਮੇ ਦੀ ਨਕਲ ਹੇਠ ਦੇਂਦਾ ਹਾਂ:

ਨਕਲ ਹੁਕਮ ਨਾਮਾ-੧੦ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਸਾਹਿਬ॥ ਸਤਿਗੁਰੂ ਸਹਾਏ॥ ਭਾਈ ਤਿਲੋਕਾ ਭਾਈ ਰਾਮਾ, ਸੰਗਤ ਗੁਰੂ ਰੱਖੇਗਾ, ਤੁਸਾਂ ਅਸਵਾਰ ਲੈ ਕਰ ਆਉਣਾ ਹਜ਼ੂਰ ਸਾਡੇ ਜ਼ਰੂਰ ਜਮੀਅਤ ਲੈ ਕੇ ਆਉਣਾ ਤੁਸਾਂ ਉੱਪਰ ਸਾਡੀ ਖ਼ੁਸ਼ੀ ਮੇਹਰਬਾਨਗੀ ਹੈ, ਮੇਰਾ ਘਰ ਤੇਰਾ ਹੈ, ਇੱਕ ਜੋੜਾ ਭੇਜਾ ਹੈ ਰਖਾਵਨਾ ਹੈ, ਤੁਸਾਂ ਆਵਨਾਂ॥ ੨ ਭਾਦਰੋ ਸੰਮਤ ੧੭੫੩ ਬਿ: ਦਸਖ਼ਤ-ਗੁਰੂ ਸਾਹਿਬ

ਇਨ੍ਹਾਂ ਦੀ ਤਰ੍ਹਾਂ ਹਰ ਪਾਸਿਓਂ ਸਿੱਖਾਂ ਦੇ ਪੁੱਜ ਜਾਣ ਤੇ ਪਹਾੜੀਏ ਨੱਸ ਗਏ ਸਨ ਤੇ ਇਹ ਗੁਰੂ ਸਾਹਿਬ ਤੋਂ ਖ਼ੁਸ਼ੀ ਤੇ ਸਰੋਪਾਓ ਲੈ ਕੇ ਆਪਣੇ-ਆਪਣੇ ਘਰ ਚਲੇ ਗਏ ਤੇ ਇਹ ਵੀ ਕਸਬਾ ਫੂਲ ਵਿੱਚ ਆ ਗਏ। ਫਿਰ ਜਦ ੧੭੬੧ ਬਿਕ੍ਰਮੀ ਨੂੰ ਸਰਹਿੰਦ ਦਾ ਸੂਬਾ ਲਸ਼ਕਰ ਲੈ ਕੇ ਗੁਰੂ ਜੀ ਦੇ ਪਿੱਛੇ ਮਾਲਵਾ ਦੇ ਇਲਾਕੇ ਵਿੱਚ ਪੁਜਾ ਤੇ ਮੁਕਤਸਰ ਲੜਾਈ ਹੋਈ। ਉਸ ਵੇਲੇ ਵੀ ਇਨ੍ਹਾਂ ਦੋਨਾਂ ਭਰਾਵਾਂ ਨੇ ੫੦ ਆਦਮੀ ਭੇਜੇ ਸਨ। ਜੰਗ ਮੁੱਕ ਜਾਣ ਤੇ ਜਦ ਗੁਰੂ ਸਾਹਿਬ ਜੀ ੧੭੬੨ ਬਿੱਕ੍ਰਮੀ ਪਿੰਡ ਤਲਵੰਡੀ ਸਾਬੋ ਦੀ ਦਮਦਮਾ ਸਾਹਿਬ ਵਿੱਚ ਠਹਿਰੇ। ਤਦ ਗੁਰੂ ਦੇ ਦਸਵੰਧ ਵਜੋਂ ਬਹੁਤ ਸਾਰੀ ਕਾਰ ਭੇਟ ਲੈ ਕੇ ਗੁਰੂ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਹੋਏ ਤੇ ਨਜ਼ਰ ਭੇਟ ਦੇ ਕੇ ਖ਼ੁਸ਼ੀ ਪ੍ਰਾਪਤ ਕੀਤੀ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਭਾਈ ਫਤਹ ਸਿੰਘ ਦੀ ਸੰਤਾਨ ਭਾਈ ਭਗਤੂ ਦੇ ਨਾਲ ਖੰਡੇ ਦਾ ਅੰਮ੍ਰਿਤ ਛਕਾ ਕੇ ਤਲੋਕ ਸਿੰਘ ਤੇ ਰਾਮ ਸਿੰਘ ਨਾਮ ਰਖਯਾ ਤੇ ਥਾਪੜਾ ਦੇ ਕੇ ਰਾਜ ਕਰਨ ਦੀ ਆਗਿਆ ਦਿੱਤੀ। ੧੭੬੪ ਬਿੱਕ੍ਰਮੀ ਨੂੰ ਗੁਰੂ ਸਾਹਿਬ ਦੇ ਹੁਕਮ ਨਾਲ ਬੰਦੇ ਨੇ ਜਦ ਇਸ ਮੁਲਕ ਵਿੱਚ ਆ ਕੇ ਜ਼ਾਲਮ ਮੁਸਲਮਾਨਾਂ ਨੂੰ ਸਜ਼ਾ ਦਿੱਤੀ ਤੇ ਸਮਾਨਾ, ਸਢੌਰਾ, ਸਰਹੰਦ ਆਦਿਕ ਸ਼ਹਿਰਾਂ ਨੂੰ ਬਰਬਾਦ ਕੀਤਾ, ਉਸ ਵੇਲੇ ਵੀ ਫੂਲ ਦੇ ਦੋਨੋਂ ਸਰਦਾਰ ਭਾਵੇਂ ਪ੍ਰਗਟ ਰੂਪ ਵਿੱਚ ਬੰਦੇ ਨਾਲ ਸ਼ਾਮਲ ਨਹੀਂ ਹੋਏ, ਕਿੰਤੂ ਉਂਜ ਹਰ ਤਰ੍ਹਾਂ ਨਾਲ ਇਸ ਦੀ ਸਹਾਇਤਾ ਕਰਦੇ ਰਹੇ।

ਸਰਦਾਰ ਰਾਮ ਸਿੰਘ ਦਾ ਪੁਰਾਣਾ ਦੋਸਤ ਚੰਨਣ ਸਿੰਘ ਰਹਿੰਦਾ ਸੀ। ਓਹਦੀ ਰਾਹੀਂ ਇਸ ਇਲਾਕੇ ਦਾ ਇੱਕ ਵੱਡਾ ਤਕੜਾ ਜੰਗਲ ਆਬਾਦ ਕਰਨ ਦੀ ਸਨਦ ਲੈ ਲਈ ਤੇ ਥੋੜ੍ਹਾ ਜਿਹਾ ਇਸ ਇਲਾਕੇ ਦਾ ਮਾਮਲਾ ਵੀ ਸਰਹਿੰਦ ਦੇ ਹਾਕਮ ਨੂੰ ਦੇਂਦਾ ਰਿਹਾ। ਰੱਬ ਦੇ ਰੰਗ ਕਿਸੇ ਕਾਰਨ ਤੋਂ ਦੋਨਾਂ ਭਰਾਵਾਂ ਵਿੱਚ ਅਣਬਣ ਹੋ ਗਈ। ਸਰਦਾਰ ਰਾਮ ਸਿੰਘ ਆਪਣੇ ਸਹੁਰੇ ਪਿੰਡ ਢਿਆਲੀ ਜਾ ਕੇ ਵੱਸਿਆ। ਉਕਤ ਸਰਦਾਰ ਸਾਹਿਬ ਦੀ ਸ਼ਾਦੀ ਨਾਨੂ ਸਿੰਘ ਭੁੱਲਰ ਦੀ ਲੜਕੀ ਸਾਹਿਬ ਕੌਰ ਨਾਲ ਹੋਈ, ਜੋ ਅਸਲ ਵਸਨੀਕ ਪਿੰਡ ਘਨਸ ਦਾ ਸੀ ਤੇ ਢਿਆਲੀ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਸਰਦਾਰ ਰਾਮ ਸਿੰਘ ਨੇ ਆਪਣਾ ਫਰਜ਼ ਸਮਝ ਰੱਖਿਆ ਸੀ ਕਿ ਜੇ ਕੋਈ ਚੋਰ ਜਾਂ ਡਾਕੂ ਲੋਕਾਂ ਦਾ ਮਾਲ ਅਸਬਾਬ ਜ਼ੋਰ ਦੇ ਧੱਕੇ ਨਾਲ ਖੋਹ ਕੇ ਲੈ ਜਾਏ, ਤਦ ਇਹ ਜਾ ਕੇ ਉਹਦੇ ਨਾਲ ਟਾਕਰਾ ਕਰ ਕੇ ਸਾਰਾ ਮਾਲ ਅਸਲ ਮਾਲਕਾਂ ਨੂੰ ਲਿਆ ਦਿੱਤਾ ਕਰਦਾ ਸੀ। ਇਸ ਕਰ ਕੇ ਇਸ ਦੀ ਸਾਰੇ ਇਲਾਕੇ ਵਿੱਚ ਪ੍ਰਸੰਸਾ ਹੋਣ ਲਗੀ ਤੇ ਇਸ ਨੂੰ ਹਰ ਇੱਕ ਨਿੱਕਾ ਵੱਡਾ ਦੇਸ਼ ਰਖਯਕ ਸਮਝਣ ਲਗ ਪਿਆ।

੧੭੬੮ ਬਿਕ੍ਰਮੀ ਨੂੰ ਇਸ ਨੇ ਇੱਕ ਪਿੰਡ ਰਾਮਪੁਰ ਵਸਾਇਆ ਤੇ ਉਸ ਵਿੱਚ ਰਹਿਣ ਲੱਗਾ। ਇਸ ਇਲਾਕੇ ਦੀ ਜੋ ਸਨਦ ਸਰਦਾਰ ਰਾਮ ਸਿੰਘ ਨੂੰ ਮਿਲੀ ਸੀ, ਉਸ ਦੇ ਵਿੱਚ ਚੈਨ ਸਿੰਘ ਨੇ ਆਪਣਾ ਨਾਮ ਭੀ ਲਿਖਾ ਲਿਆ ਸੀ। ਹੁਣ ਜਦ ਇਸ ਇਲਾਕੇ ਤੋਂ ਸ੍ਰਦਾਰ ਰਾਮ ਸਿੰਘ ਨੂੰ ਕਾਫੀ ਆਮਦਨ ਹੋਂਦੀ ਵੇਖੀ, ਤਦ ਚੈਨ ਸਿੰਘ ਨੇ ਸ੍ਰ: ਰਾਮ ਸਿੰਘ ਤੋਂ ਆਮਦਨੀ ਦਾ ਹਿੱਸਾ ਮੰਗਿਆ। ਸ੍ਰ: ਸਾਹਿਬ ਨੇ ਕਿਹਾ ਕਿ ਇਹ ਜੋ ਕੁਝ ਕੀਤਾ ਹੈ ਅਸਾਂ ਆਪਣੇ ਪ੍ਰੀਸ਼ਰਮ ਨਾਲ ਕੀਤਾ ਹੈ। ਇਸ ਵਿੱਚ ਤੇਰਾ ਕੋਈ ਹੱਕ ਨਹੀਂ। ਇਹ ਗੱਲ ਸੁਣ ਚੈਨ ਸਿੰਘ ਗ਼ੁੱਸੇ ਹੋ ਸਨਦ ਮਨਸੂਖ ਕਰਾਣ ਵਾਸਤੇ ਤਯਾਰ ਹੋ ਗਿਆ, ਜਿਸ ਤੋਂ ਇਨ੍ਹਾਂ ਦੋਹਾਂ ਦੀ ਆਪੋ ਵਿੱਚ ਅਣਬਣ ਹੋ ਗਈ। ਸਬੱਬ ਨਾਲ ਚੈਨ ਸਿੰਘ ਸਰਹੰਦ ਦੇ ਸੂਬੇ ਵਲੋਂ ਫਰੀਦਕੋਟ ਦੇ ਇਲਾਕੇ ਵਿੱਚ ਮਾਲ ਗੁਜ਼ਾਰੀ ਦਾ ਰੁਪਯਾ ਲੈਣ ਗਿਆ ਹੋਇਆ ਸੀ। ਜਦ ਉਹ ਉੱਥੋਂ ਰੁਪਯਾ ਲੈ ਕੇ ਚਲਿਆ ਤਦ ਡਾਕੂਆਂ ਨੇ ਆ ਘੇਰਿਆ, ਚੈਨ ਸਿੰਘ ਮਾਰਿਆ ਗਿਆ। ਕਈ ਆਦਮੀਆਂ ਨੇ ਇਹ ਗੱਲ ਧਮਾ ਦਿੱਤੀ ਕਿ ਸ੍ਰਦਾਰ ਰਾਮ ਸਿੰਘ ਨੇ ਇਸ ਨੂੰ ਮਰਵਾ ਦਿੱਤਾ ਹੈ। ਇਸ ਕਰ ਕੇ ਚੈਨ ਸਿੰਘ ਦੇ ਲੜਕੇ ਉਗਰ ਸੈਨ ਤੇ ਬੀਰੋ ਬਦਲਾ ਲੈਣ ਵਾਸਤੇ ਤਯਾਰ ਹੋਏ। ਜਦ ੧੭੭੧ ਬਿਕ੍ਰਮੀ ਮੁਤਾਬਕ ੧੭੧੪ ਈਸਵੀ ਨੂੰ ਸਰਦਾਰ ਰਾਮ ਸਿੰਘ ਮਾਲੇਰਕੋਟਲੇ ਗਿਆ ਹੋਇਆ ਵਾਪਸ ਆ ਰਿਹਾ ਸੀ, ਤਦ ਇਨ੍ਹਾਂ ਧੋਖਾ ਦੇ ਕੇ ਮਾਰ ਦਿੱਤਾ।

## ੬. ਆਲਾ ਸਿੰਘ ਦੀ ਤਰੱਕੀ

ਸਰਦਾਰ ਰਾਮ ਸਿੰਘ ਦੇ ਛੇ ਪੁੱਤਰ ਸਨ: ਦੁੱਨਾ ਸਿੰਘ, ਸਭਾ ਸਿੰਘ, ਆਲਾ ਸਿੰਘ, ਬਖਤਾਵਰ ਸਿੰਘ, ਲੱਧਾ ਸਿੰਘ, ਬੁੱਢਾ ਸਿੰਘ। ਇਨਾਂ ਵਿੱਚੋਂ ਆਲਾ ਸਿੰਘ ਹਰ ਤਰ੍ਹਾਂ ਪ੍ਰਤਾਪੀ ਤੇ ਐਸਵਰਜਵਾਨ ਤੇ ਭਾਗਵਾਨ ਸੀ। ਇਹ ੧੭੪੮ ਬਿਕ੍ਰਮੀ ਵਿੱਚ ਜਨਮਿਆ ੨੩ ਸਾਲ ਦੀ ਆਯੂ ਵਿੱਚ ਆਪਣੇ ਪਿਤਾ ਦਾ ਜਾਨਸ਼ੀਨ ਹੋਇਆ। ਭਾਈ ਦਿਆਲ ਦਾਸ, ਭਾਈ ਚਰਨਦਾਸ ਤੇ ਮੂਲ ਚੰਦ ਜੋ ਕਰਨੀ ਵਾਲੇ ਸੰਤ ਹੋਏ ਹਨ, ਇਹਨਾਂ ਦੇ ਨਾਲ ਇਨ੍ਹਾਂ ਦਾ ਬੜਾ ਮੇਲ ਸੀ ਤੇ ਭਾਈ ਗੁਰਬਖ਼ਸ਼ ਸਿੰਘ ਜੋ ਭਾਈ ਭਗਤੂ ਦੇ ਖਾਨਦਾਨ ਵਿੱਚੋਂ ਬੜੇ ਪਹੁੰਚ ਵਾਲੇ ਹੋਏ ਹਨ, ਇਹਨਾਂ ਦੇ ਨਾਲ ਸਰਦਾਰ ਆਲਾ ਸਿੰਘ ਦਾ ਬਹੁਤ ਮੇਲ ਗੇਲ ਸੀ ਤੇ ਹਰ ਇੱਕ ਲੜਾਈ ਵਿੱਚ ਓਹ ਇਹਦੇ ਨਾਲ ਰਹਿੰਦੇ ਸਨ।

੧੭੮੯ ਬਿਕ੍ਰਮੀ ਨੂੰ ਜਦ ਪੰਥ ਖਾਲਸਾ ਮਾਲਵੇ ਵਿੱਚ ਠੀਕਰੀ ਵਾਲੇ ਬਹੁਤ ਦਿਨਾਂ ਤਕ ਬਿਸਰਾਮ ਕੀਤਾ, ਤਦ ਸਰਦਾਰ ਆਲਾ ਸਿੰਘ ਨੇ ਆਪਣੇ ਭਰਾ ਸਮੇਤ ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਿਆ, ਜਿੱਥੇ ਇੱਕ ਖੂਹ ਸਾਤ ਬਢਾ ਪੰਥ ਦੇ ਪਾਣੀ ਪੀਣ ਵਾਸਤੇ ਤਯਾਰ ਕਰਵਾਇਆ। ਜਿਸ ਦਰਖਤ ਦੇ ਹੇਠ ਇਨ੍ਹਾਂ ਅੰਮ੍ਰਿਤ ਛਕਿਆ ਤੇ ਨਵਾਬ ਕਪੂਰ ਸਿੰਘ ਬੈਠਾ ਕਰਦੇ ਸਨ, ਉਹ ਦਰਖਤ ਹੁਣ ਤਕ ਮੌਜੂਦ ਤੇ ਲੋਕੀਂ ਉਹਦੀ ਪੂਜਾ ਕਰਦੇ ਹਨ।

ਸਰਦਾਰ ਆਲਾ ਸਿੰਘ ਦਾ ਐਸ਼੍ਵਰਜ ਤੇ ਪ੍ਰਤਾਪ ਵਧਦਾ ਵੇਖ ਕੇ ਮਾਲਵੇ ਦੇ ਹਜ਼ਾਰਾਂ ਆਦਮੀ ਇਨ੍ਹਾਂ ਦੇ ਨਾਲ ਮਿਲ ਗਏ। ਇਨ੍ਹਾਂ ਨੇ ਉਹ ਸਾਰੇ ਪਿੰਡ ਜੋ ਨਵੇਂ ਮੁਸਲਮਾਨ ਹੋਏ ਰੰਘੜਾ ਦੇ ਜ਼ੁਲਮ ਨਾਲ ਉਜੜ ਗਏ ਸਨ, ਨਵੇਂ ਸਿਰੇ ਵਸਾਣੇ ਸ਼ੁਰੂ ਕੀਤੇ। ਦਿਆਲ ਦਾਸ ਤੇ ਮੂਲ ਚੰਦ ਜੋ ਉਸ ਸਮੇਂ ਵਿੱਚ ਗੁਰਬਾਣੀ ਦੇ ਰਸੀਏ ਫ਼ਕੀਰ ਸਨ, ਇਹਨਾਂ ਦੀ ਪ੍ਰੇਰਨਾ ਨਾਲ ਲੰਗਰ ਜਾਰੀ ਕਰ ਦਿੱਤਾ ਤੇ ਇਸ ਇਲਾਕੇ ਦੇ ਉਜੜੇ ਹੋਏ ਹਿੰਦੂਆਂ ਦੀ ਸਹਾਇਤਾ ਕਰਨੀ ਆਪਣਾ ਫਰਜ਼ ਬਣਾ ਲਿਆ ਤੇ ਪਿੰਡ ਅਬਾਦ ਕਰਨ ਲੱਗਾ। ਇਸ ਕਰ ਕੇ ਇਨ੍ਹਾਂ ਦੇ ਨਾਲ ਬਹੁਤ ਸਾਰੀ ਖਲਕਤ ਇਕੱਠੀ ਹੋ ਗਈ ਤੇ ਉਜੜੇ ਹੋਏ ਪਿੰਡਾਂ ਵਿੱਚ ਵਾਹੀ ਹੋਣ ਲਗੀ।

## ੭. ਬਦਲਾ ਲੈਣਾ

ਸਭ ਤੋਂ ਪਹਿਲਾਂ ਸਰਦਾਰ ਆਲਾ ਸਿੰਘ ਨੇ ਆਪਣੇ ਪਿਤਾ ਦਾ ਬਦਲਾ ਲੈਣ ਦੀ ਸਲਾਹ ਕੀਤੀ। ਸੋ ਚੈਨ ਸਿੰਘ ਦੇ ਪੁੱਤਰ ਉਗਰਸੈਨ ਆਦਿਕਾਂ ਤੇ ਜੋ ਪਿੰਡ ਗੁਮਟੀ ਵਿੱਚ ਵਿਆਹ ਤੇ ਆਏ ਸਨ, ਹਮਲਾ ਕਰ ਦਿੱਤਾ, ਜਿਸ ਵਿੱਚ ੧੮ ਆਦਮੀ ਤੇ ਚੈਨ ਸਿੰਘ ਦੇ ਦੋ ਪੁਤਰ ਬੀਰੂ ਤੇ ਕਮਾਲਾ ਮਾਰੇ ਗਏ। ਉਗਰਸੈਨ ਨੱਸ ਗਿਆ। ਸਰਦਾਰ ਆਲਾ ਸਿੰਘ ਨੇ ਉਸ ਦੇ ਨਿਵਾਸ ਅਬਾਨ ਪਿੰਡ ਸਾਨੂੰ ਸੀਮਾ ਨੂੰ ਉਜਾੜ ਕੇ ਬਰਬਾਦ ਕਰ ਦਿੱਤਾ। ਉਗਰਸੈਨ ਕਾਂਗੜੇ ਵਾਲਿਆਂ ਦੀ ਪਨਾਹ ਵਿੱਚ ਚਲਾ ਗਿਆ। ਇਸ ਲੜਾਈ ਵਿੱਚ ਜ਼ਖ਼ਮ ਸਰਦਾਰ ਆਲਾ ਸਿੰਘ ਦੇ ਚੇਹਰੇ ਤੇ ਬਰਛੀ ਦਾ ਤੇ ਇੱਕ ਪੱਟ ਤੇ ਲੱਗਾ, ਕਿੰਤੂ ਫਤਹ ਦੀ ਖ਼ੁਸ਼ੀ ਵਿੱਚ ਚੰਗਾ ਹੋਇ ਗਿਆ।

## ੮. ਸੰਘੇਰਾ ਦਾ ਅਧੀਨ ਹੋਣਾ

ਸੰਘੇਰਾ ਇਲਾਕਾ ਰਿਆਸਤ ਰਾਏਕੋਟ ਦਾ ਹਾਕਮ ਓਹਨੀਂ ਦਿਨੀਂ ਨਵਾਂ ਮੁਸਲਮਾਨ ਹੋਇਆ ਸੀ, ਜਿਸ ਤੋਂ ਉਸ ਨੇ ਹਿੰਦੂਆਂ ਤੇ ਬੜੇ ਅਤਿਆਚਾਰ ਕਰਨੇ ਸ਼ੁਰੂ ਕੀਤੇ ਤੇ ਜ਼ੋਰ ਦੇਣ ਲਗਾ ਕਿ ਸਾਰੇ ਹਿੰਦੂ ਮੁਸਲਮਾਨ ਹੋ ਜਾਣ। ਇਲਾਕੇ ਦੇ ਹਿੰਦੂ ਜ਼ਿਮੀਦਾਰਾਂ ਨੇ ਸਰਦਾਰ ਆਲਾ ਸਿੰਘ ਪਾਸ ਆ ਕੇ ਰਾਏਕੋਟ ਦੇ ਹਾਕਮ ਦੀ ਸ਼ਕਾਇਤ ਕੀਤੀ। ਸਰਦਾਰ ਆਲਾ ਸਿੰਘ ਨੇ ਉਸ ਥਾਂ ਥਾਣੇਦਾਰ ਸਰਦਾਰ ਗਾਹੀ ਨੂੰ ਨਿਯਤ ਕਰ ਕੇ ੫੦ ਸਵਾਰਾਂ ਦੇ ਨਾਲ ਭੇਜ ਦਿੱਤਾ। ਇਹ ਗੱਲ ਸੁਣਦਿਆਂ ਹੀ ਰਾਏਕੋਟ ਦੇ ਰਈਸ ਰਾਏ ਕਲਹਾ ਨੇ ਮੁਹੰਮਦ ਗੋਸ਼ ਨੂੰ ਬਹੁਤ ਸਾਰੀ ਫੋਜ ਦੇ ਕੇ ਭੇਜੀ ਤਾਂ ਜੋ ਸਰਦਾਰ ਆਲਾ ਸਿੰਘ ਦਾ ਥਾਣਾ ਉਠਾ ਦਿੱਤਾ ਜਾਏ। ਲੜਾਈ ਸ਼ੁਰੂ ਹੋ ਗਈ। ਸਰਦਾਰ ਆਲਾ ਸਿੰਘ ਵੀ ਫੌਜ ਲੈ ਕੇ ਅੱਪੜ ਗਿਆ। ਭਯਾਨਕ ਜੰਗ ਮਚ ਗਿਆ। ਗੋਸ਼ ਮੁਹੰਮਦ ਖ਼ਾਂ ਲੜਾਈ ਵਿੱਚ ਮਾਰਿਆ ਗਿਆ ਤੇ ਓਹਦੀ ਫ਼ੌਜ ਭੱਜ ਟੁਰੀ। ਇਸੇ ਤਰ੍ਹਾਂ ਤਿੰਨ ਵੇਰ ਟਾਕਰਾ ਹੋਇਆ। ਕਿੰਤੂ ਹਰ ਵਾਰ ਮੈਦਾਨ ਸਰਦਾਰ ਆਲਾ ਸਿੰਘ ਦੇ ਹੱਥ ਰਿਹਾ ਤੇ ਸਿੱਟਾ ਇਹ ਹੋਇਆ ਕਿ ਉਹ ਪਿੰਡ ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿੱਚ ਆ ਗਿਆ ਤੇ ਰਾਏ ਦੇ ਬਹੁਤ ਸਾਰੇ ਆਦਮੀ ਮਾਰੇ ਗਏ।

## ੯. ਬਰਨਾਲੇ ਦਾ ਵਸਾਣਾ

੧੭੭੫ ਬਿਕ੍ਰਮੀ ਨੂੰ ਸਰਦਾਰ ਆਲਾ ਸਿੰਘ ਨੇ ਕਸਬਾ ਪਧੌੜ ਜੋ ਪਧਰਸੈਨ ਰਾਜਾ ਨੇ ਵਸਾਇਆ ਹੋਇਆ ਸੀ, ਫ਼ਤਹ ਕਰ ਕੇ ਆਪਣੇ ਵਡੇ ਭਰਾ ਦੁਨਾ ਸਿੰਘ ਨੂੰ ਦੇ ਕੇ ਬਰਨਾਲੇ ਨੂੰ ਜੋ ਵੈਰਾਨ ਪਿਆ ਸੀ, ਵਸਾ ਕੇ ਆਪਣੀ ਰਾਜਧਾਨੀ ਬਣਾਇਆ ਤੇ ਲਾਗੇ ਦੇ ਜਿੰਨੇ ਪਿੰਡ ਸੀ, ਸਭ ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿੱਚ ਆਪਣੇ ਆਪ ਆ ਗਏ। ਇਨ੍ਹਾਂ ਹੀ ਦਿਨਾਂ ਵਿੱਚ ਸਰਦਾਰ ਆਲਾ ਸਿੰਘ ਨੇ ਆਪਣੇ ਆਪ ਨੂੰ ਚੜ੍ਹਦੀਆਂ ਕਲਾਂ ਵਿੱਚ ਵੇਖ ਕੇ ੯ ਪਿੰਡ, ਜਿਨ੍ਹਾਂ ਵਿੱਚ ਲੌਂਗੋਂਵਾਲ, ਨਮੇਲ ਤੇ ਉਭਵਾਲ ਆਦਿਕ ਸ਼ਾਮਲ ਹਨ ਤੇ ਇਹ ਮੁਸਲਮਾਨਾਂ ਦੇ ਜ਼ੁਲਮ ਤੋਂ ਉਜੜੇ ਹੋਏ ਸਨ, ਆਬਾਦ ਕੀਤੇ ਤੇ ਖ਼ਾਸ ਕਰ ਲੌਂਗੋਵਾਲ ਵਿੱਚ ਬਹੁਤ ਦਿਨ ਆਪ ਠਹਿਰਿਆ, ਜਿਸ ਦੇ ਨਿਸ਼ਾਨ ਹੁਣ ਤਕ ਓਥੇ ਮਿਲਦੇ ਹਨ।

## ੧੦. ਮੁਹੰਮਦ ਸ਼ਾਹ ਦਾ ਫੁਰਮਾਨ (ਸ੍ਰ: ਆਲਾ ਸਿੰਘ ਦੇ ਨਾਮ)

੧੭੮੧ ਬਿਕ੍ਰਮੀ ਮੁਤਾਬਕ ੧੭੨੫ ਈਸਵੀ ਨੂੰ ਮੁਹੰਮਦ ਸ਼ਾਹ ਦਿੱਲੀ ਦੇ ਬਾਦਸ਼ਾਹ ਵਲੋਂ ਇੱਕ ਹੁਕਮਨਾਮਾ ਅਮੀਨ ਖਾਂ ਵਜ਼ੀਰ ਦੇ ਲੜਕੇ ਕਮਰਦੀਨ ਦੀ ਰਾਹੀਂ ਸਰਦਾਰ ਆਲਾ ਸਿੰਘ ਨੇ ਆਪਣੀ ਪਕਿਆਈ ਲਈ ਦਿਲੀ ਦਰਬਾਰ ਵਲੋਂ ਪ੍ਰਾਪਤ ਕੀਤਾ, ਜਿਸ ਵਿੱਚ ਲਿਖਿਆ ਸੀ ਕਿ ਤੁਸਾਂ ਸ਼ਹਿਰਾਂ ਦੇ ਆਬਾਦ ਕਰਨ ਦੀ ਜੋ ਸੇਵਾ ਕੀਤੀ ਹੈ, ਓਹਨੂੰ ਵੇਖ ਕੇ ਅਸੀਂ ਬੜੇ ਖ਼ੁਸ਼ ਹੋਏ ਹਾਂ ਤੇ ਇਸੇ ਤਰ੍ਹਾਂ ਦੇ ਤੁਹਾਡੇ ਕੰਮ ਵੇਖ ਕੇ ਰਾਜੇ ਦਾ ਖਤਾਬ ਵੀ ਦਿੱਤਾ ਜਾਵੇਗਾ। ਇਹ ਹੁਕਮਨਾਮਾ ਰਮਜ਼ਾਨ ੧੧੩੭ ਹਿਜ਼ਰੀ ਨੂੰ ਨਵਾਬ ਮੀਰ ਮੰਨੂੰ ਵਲਦ ਕਮਰ ਦੀਨ ਤੇ ਸਮੀ ਅਯਾਰ ਖਾਂ ਦੇ ਹੱਥ ਸਰਹੰਦ ਦੇ ਮੁਕਾਮ ਤੇ ਮਹਾਰਾਜਾ ਆਲਾ ਸਿੰਘ* ਨੂੰ ਦਿੱਤਾ ਗਿਆ।

## ੧੧. ਪਿੰਡ ਨੀਮਾਂ ਦਾ ਜਿਤਾਣਾ

ਓਸ ਜ਼ਮਾਨੇ ਵਿੱਚ ਸੋਧੇ ਖਾਂ ਨਵਾਂ ਮੁਸਲਮਾਨ ਹੋਇਆ ਹੋਇਆ ਬਰਨਾਲੇ ਦੇ ਪਾਸ ਨੀਮਾਂ ਪਿੰਡ ਵਿੱਚ ਵਸਦਾ ਸੀ। ਇਹ ਤਿੰਨ ਸੌ ਸਵਾਰ ਤੇ ਪਿਆਦੇ ਆਪਣੇ ਨਾਲ ਰੱਖ ਕੇ ਹਿੰਦੂਆਂ ਦੇ ਪਿੰਡ ਉਜਾੜਦਾ ਰਹਿੰਦਾ ਸੀ। ਇਸ ਨੂੰ ਆਪਣੇ ਭਣਵੱਯੇ ਰਾਏ ਕਲਹਾ ਰਈਸ ਰਾਏਕੋਟ ਦਾ ਬਹੁਤ ਘੁਮੰਡ ਸੀ। ਕਈ ਵੇਰ ਸ੍ਰਦਾਰ ਆਲਾ ਸਿੰਘ ਤੇ ਸੋਧੇ ਖਾਂ ਦੇ ਵਿਚਕਾਰ ਮਾਮੂਲੀ ਜਿਹੀ ਝੜਪਾਂ ਹੁੰਦੀਆਂ ਰਹੀਆਂ, ਕਿੰਤੂ ਦੋਹਾਂ ਵਿੱਚ ਕੋਈ ਇੱਕ ਦੂਜੇ ਨੂੰ ਜਿੱਤ ਨਹੀਂ ਸਕਿਆ।

੧੭੮੭ ਬਿੱਕ੍ਰਮੀ ਵਿੱਚ ਸੋਧੇ ਖਾਂ ਮਰ ਗਿਆ। ਓਸ ਦਾ ਲੈਪਾਲਕ ਲਗਾਹੀਆਂ ਖਾਂ ਜੋ ਹਿੰਦੂ ਤੋਂ ਮੁਸਲਮਾਨ ਹੋਇਆ ਸੀ, ਸੋਧੇ ਖਾਂ ਦੀ ਜਾਏਦਾਦ ਨਾ ਮਿਲਣ ਦੇ ਕਾਰਨ ਸਰਦਾਰ ਆਲਾ ਸਿੰਘ ਦੀ ਪਨਾਹ ਵਿੱਚ ਆ ਗਿਆ ਤੇ ਇਨ੍ਹਾਂ ਦੀ ਨੌਕਰੀ ਕਰ ਲਈ। ਸਮਾਂ ਪਾ ਕੇ ਸ੍ਰਦਾਰ ਆਲਾ ਸਿੰਘ ਦੇ ਸਪੁੱਤ੍ਰ ਸਰਦੂਲ ਸਿੰਘ ਤੇ ਕੰਵਰ ਲਾਲ ਸਿੰਘ ਨੂੰ ਨਾਲ ਚੜ੍ਹਾ ਕੇ ਲੈ ਗਿਆ। ਇੱਕ ਭਾਰੀ ਲੜਾਈ ਹੋਈ, ਜਿਸ ਵਿੱਚ ਬਹੁਤ ਸਾਰੇ ਆਦਮੀ ਫਟੜ ਹੋਏ ਤੇ ਕੰਵਰ ਸਾਹਿਬ ਜਿਤ ਗਏ। ਨੀਮੇ ਨੂੰ ਉਜਾੜ ਕੇ ਓਹਦਾ ਮਾਲਮਤਾ ਤੇ ਅਸਬਾਬ ਚੱਕ ਕੇ ਘਰ ਨੂੰ ਲੈ ਆਏ। ਹੁਣ ਓਸ ਪਿੰਡ ਦੇ ਖੰਡਰ ਪਏ ਹੋਏ ਹਨ।

## ੧੨. ਰੰਘੜ ਰਾਜਪੂਤ ਨਵੇਂ ਹੋਏ ਮੁਸਲਮਾਨਾਂ ਦਾ ਜਹਾਦ

ਸੋਧੇ ਖਾਂ ਦੇ ਪੁੱਤਰ ਆਪਣੇ ਫੁਫੜ ਰਾਏ ਕਲਹਾ ਦੇ ਪਾਸ ਚਲੇ ਗਏ ਤੇ ਆਪਣੀ ਸਹਾਇਤਾ ਵਿੱਚ ਰੋਏ ਪਿੱਟੇ, ਜਿਸ ਤੋਂ ਇੰਨੇ ਗ਼ੁੱਸੇ ਵਿੱਚ ਆ ਕੇ ਜਗਰਾਓਂ ਦੇ ਰਈਸਾਂ ਦੀ ਸਲਾਹ ਨਾਲ ਸ੍ਰਦਾਰ ਆਲਾ ਸਿੰਘ ਦੇ ਵਿਰੁੱਧ ਇੱਕ ਆਮ ਜਹਾਦ ਦਾ ਇਲਾਨ ਕੀਤਾ ਤੇ ਇਸ਼ਤਿਹਾਰ ਕੱਢਿਆ, ਜਿਸ ਵਿੱਚ ਸਾਰੇ ਨਵੇਂ ਮੁਸਲਮਾਨ ਹੋਏ ਹੋਏ ਰੰਘੜ ਮਲਸੀਆਂ ਦਾ ਹਾਕਮ ਦਲੇਲ ਖਾਂ ਹਲਵਾਂ ਵਾਲਾ, ਕੁਤਬ ਖਾਂ ਮਾਲੇਰ ਕੋਟਲੇ ਦੇ ਅਫਗਾਨ ਹਸਨ ਖਾਂ ਭੱਟੀ ਦਵਾਲੀਆਂ ਭਟਨੋਰ, ਤਲਵੰਡੀ, ਜਰਲ, ਝੰਡੂ ਆਦਿਕ ਜਗ੍ਹਾ ਤੋਂ ਇਕੱਠੇ ਹੋ ਕੇ ਨਵਾਬ ਸੱਯਦ ਅਸਦ ਅਲੀ ਖਾਂ ਫੌਜਦਾਰ ਸ਼ਾਹੀ ਜੋ ਜਾਲੰਧਰ ਦਵਾਬਾ ਵਿੱਚ ਨੀਯਤ ਸੀ, ਅੱਗੇ ਕਰ ਕੇ ੫੦ ਹਜ਼ਾਰ ਸਵਾਰ ਤੇ ਪਿਆਦਾ ਨਾਲ ਲੈ ਕੇ ੧੭੮੪ ਬਿੱਕ੍ਰਮੀ ਨੂੰ ਬਰਨਾਲੇ ਤੇ ਹਮਲਾ ਕਰ ਦਿੱਤਾ। ਦੁਪਹਿਰ ਤਕ ਬੜੀ ਭਯੰਕਰ ਲੜਾਈ ਹੋਈ। ਸਰਦਾਰ ਆਲਾ ਸਿੰਘ ਨੇ ਆਪਣੀ ਸਹਾਇਤਾ ਵਾਸਤੇ ਨਵਾਬ ਕਪੂਰ ਸਿੰਘ ਆਦਿਕ ਖਾਲਸਾ ਦਲਾਂ ਨੂੰ ਸੱਦ ਲਿਆ ਸੀ, ਇਸ ਕਰ ਕੇ ਦੋਨਾਂ ਪਾਸਿਆਂ ਤੋਂ ਘਮਸਾਨ ਦੀ ਲੜਾਈ ਹੋਣ ਲੱਗੀ। ਠੀਕ ਉਸ ਵੇਲੇ ਜਦ ਕਿ ਦੋਨਾਂ ਪਾਸਿਆਂ ਦੇ ਯੋਧੇ ਬੜੀ

---

* ਮੁਹੰਮਦ ਹਸਨ ਖਾਂ ਵਜ਼ੀਰ ਸਾਹਿਬ ਨੇ ਆਪਣੀ ਤਾਰੀਖ ਵਿੱਚ ਇਸ ਫੁਰਮਾਨ ਦਾ ਮਿਲਣਾ ਸ੍ਰ: ਆਲਾ ਸਿੰਘ ਦੀਆਂ ਜਿੱਤਾਂ ਤੇ ਕੀਰਤੀ ਫੈਲਣ ਦੇ ਮਗਰੋਂ ਲਿਖਿਆ ਹੈ ਤੇ ਆਮ ਮੁਸਲਮਾਨਾਂ ਦੇ ਜੰਗ ਨੂੰ ਜੋ ੧੭੮੬ ਬਿਕ੍ਰਮੀ ਮੁਤਾਬਕ ੧੭੨੧ ਈ. ਨੂੰ ਹੋਇਆ ਸੀ, ਲਿਖਿਆ ਹੈ, ਪਰ ਇਹ ਠੀਕ ਨਹੀਂ। ਕਿਉਂਕਿ ਫੁਰਮਾਨ ਨੀਮਾਂ ਦੇ ਰਈਸ ਸੋਂਦੀ ਖਾਂ ਦੇ ਮਰਨੇ ਤੋਂ ੬ ਸਾਲ ਪਹਿਲਾਂ ਲਿਖਿਆ ਗਿਆ ਸੀ ਤੇ ਮੁਸਲਮਾਨਾਂ ਦਾ ਆਮ ਜਹਾਦ ਫੁਰਮਾਨ ਮਿਲਣ ਤੋਂ ੬ ਬਰਸ ਪਿਛੋਂ ਹੋਣਾ ਸਾਬਤ ਹੈ। ਓਸ ਸਨਦ ਤੋਂ ਜੋ ਰਾਏ ਪ੍ਰਤਾਪ ਸਿੰਘ ਰਈਸ ਸਨਾਮ ਦੇ ਘਰ ਮੌਜੂਦ ਹੈ ਜੋ ਕਿ ਓਸ ਜ਼ਮਾਨੇ ਵਿੱਚ ਦਿੱਲੀ ਦਰਬਾਰ ਵਿੱਚ ਨੌਕਰ ਸਨ। ਇਨ੍ਹਾਂ ਦਾ ਆਖ਼ਰੀ ਦੀਵਾਨ ਘਨਯਾ ਲਾਲ ਵਲਦ ਦੀਵਾਨ ਬਿਸ਼ੰਬਰ ਦਾਸ ੧੯੧੭ ਬਿਕ੍ਰਮੀ ਨੂੰ ਮੋਇਆ।

ਸੂਰਮਤਾ ਨਾਲ ਇੱਕ ਦੂਜੇ ਤੇ ਵਾਰ ਕਰ ਰਹੇ ਸਨ, ਅਸਦ ਅਲੀ ਖਾਂ ਜੋ ਇਸ ਜੰਗ ਦਾ ਮੋਢੀ ਸੀ, ਮਾਰਿਆ ਗਿਆ। ਓਹਦੀ ਫੌਜ ਮੈਦਾਨ ਵਿੱਚੋਂ ਨੱਸ ਟੁਰੀ। ਫਿਰ ਕੀ ਸੀ? ਮਲੇਰ ਕੋਟਲਾ ਤੇ ਰਾਏਕੋਟ ਦੀ ਫੌਜ ਵੀ ਅੱਗੇ ਨੱਸ ਪਈ। ਖਾਲਸੇ ਨੇ ਦੂਰ ਤਕ ਵੈਰੀ ਦਾ ਪਿੱਛਾ ਕੀਤਾ ਤੇ ਬੜਾ ਕਾਫੀ ਨੁਕਸਾਨ ਪੁਚਾਇਆ। ਬਹੁਤ ਸਾਰੇ ਮੁਸਲਮਾਨ ਜੋ ਕੈਦ ਵਿੱਚ ਆਏ, ਓਹਨਾਂ ਦਾ ਸਾਰਾ ਸਾਮਾਨ ਸਿੱਖਾਂ ਦੇ ਹੱਥ ਆਇਆ। ਇਹ ਭਾਰੀ ਸ਼ਕਸਤ ਮੁਸਲਮਾਨਾਂ ਨੂੰ ਹੋਈ, ਜਿਸ ਤੋਂ ਸਰਦਾਰ ਆਲਾ ਸਿੰਘ ਦਾ ਨਾਮ ਦੂਰ ਦੂਰ ਤੱਕ ਮਸ਼ਹੂਰ ਹੋ ਗਿਆ। ਇਸ ਲੜਾਈ ਵਿੱਚ ਅਸਦ ਅਲੀ ਖਾਂ ਦਾ ਮਾਰਿਆ ਜਾਣਾ ਮੁਹੰਮਦ ਸ਼ਾਹ ਦਿਲੀ ਦੇ ਬਾਦਸ਼ਾਹ ਨੂੰ ਬੜਾ ਪਸੰਦ ਸੀ। ਕਿਉਂਕਿ ਇਹ ਓਹਨਾਂ ਸੱਯਦਾਂ ਦਾ ਸਾਥੀ ਸੀ, ਜੋ ਮੁਲਕ ਵਿੱਚ ਫਸਾਦ ਮਚਾ ਰਹੇ ਸਨ, ਤੇ ਦਿੱਲੀ ਦੇ ਬਾਦਸ਼ਾਹ ਨੂੰ ਨਾਮਧਰੀਕ ਅੱਗੇ ਰੱਖ ਕੇ ਮਨ ਮੰਨੇ ਹੁਕਮ ਚਲਾਂਦੇ ਸਨ ਤੇ ਇਨ੍ਹਾਂ ਨੇ ਹੀ ਫਰਖਸੀਅਰ ਨੂੰ ਕਤਲ ਕੀਤਾ ਸੀ ਤੇ ਮੁਹੰਮਦ ਸ਼ਾਹ ਨਾਲ ਜੰਗ ਕਰ ਕੇ ਹਾਰ ਖਾਧੀ ਸੀ।

## ੧੩. ਸਰਦਾਰ ਆਲਾ ਸਿੰਘ ਦਾ ਭੱਟੀਆਂ ਨਾਲ ਜੰਗ

ਸੰਮਤ ੧੭੯੪ ਨੂੰ ਸਰਦਾਰ ਆਲਾ ਸਿੰਘ ਨੇ ਆਪਣੇ ਮੁਢ ਦੇ ਵੈਰੀ ਭੱਟੀਆਂ ਤੇ ਹਮਲਾ ਕੀਤਾ। ਮੁਹੰਮਦ ਅਮੀਨ ਖਾਂ ਭਟਨੇਰ ਵਾਲਾ, ਅਲਾ ਦਾਦ ਖਾਂ, ਅਨਾਇਤ ਖਾਂ, ਵਲਾਇਤ ਖਾਂ ਬਲਾਡਾ ਆਦਿਕ ਜਗ੍ਹਾ ਦੇ ਰਈਸ ਬਾਕਰ ਖਾਂ ਰਈਸ ਹਰਯਾਡ ਆਦਿਕ ਜੋ ਹਿੰਦੂ ਪ੍ਰਜਾ ਨੂੰ ਬੜਾ ਦੁਖ ਦੇਂਦੇ ਸਨ ਤੇ ਹੋਰ ਲਾਗੇ ਦੇ ਮੁਸਲਮਾਨ ਜ਼ਿਮੀਂਦਾਰ ਜੋ ਹਿੰਦੂਆਂ ਨੂੰ ਲੁੱਟ ਮਾਰ ਕਰ ਕੇ ਮੁਸਲਮਾਨ ਕਰਨਾ ਚਾਹੁੰਦੇ ਸਨ, ਇਨ੍ਹਾਂ ਨਾਲ ਕਈ ਇੱਕ ਜੰਗ ਕੀਤੇ। ਦਸ ਵਰ੍ਹਿਆਂ ਤੱਕ ਇਹ ਲੜਾਈ ਹੋਂਦੀ ਰਹੀ। ਕਦੀ ਇੱਕ ਤੇ ਦੂਜੀ ਧਿਰ ਜਿੱਤ ਪ੍ਰਾਪਤ ਕਰਦੀ ਰਹੀ। ਇਹ ਇਲਾਕਾ ਸਰ ਕਰਨਾ ਬੜਾ ਔਖਾ ਕੰਮ ਸੀ। ਘਾਹ ਤੇ ਪਾਣੀ ਨਹੀਂ ਮਿਲਦਾ ਸੀ ਤੇ ਇਸ ਇਲਾਕੇ ਦੀ ਵੱਸੋਂ ਵੀ ਬੜੀ ਲੜਾਕੀ ਸੀ। ਕਿੰਤੂ ਤਦ ਵੀ ਸਰਦਾਰ ਆਲਾ ਸਿੰਘ ਨੇ ਹਿੰਦੂ ਪਰਜਾ ਨੂੰ ਮੁਸਲਮਾਨ ਦੇ ਜ਼ੁਲਮ ਤੋਂ ਬਚਾਈ ਰੱਖਿਆ ਤੇ ਬਹੁਤ ਸਾਰਾ ਇਲਾਕਾ ਜਿਸ ਨੂੰ ਨੀਲੀ ਦਾ ਇਲਾਕਾ ਕਹਿੰਦੇ ਹਨ, ਭੱਟੀਆਂ ਤੋਂ ਖੋਹ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ।

## ੧੪. ਰਾਏ ਕਲਹਾ ਨੂੰ ਭਾਂਜ

ਸੰਮਤ ੧੭੯੯ ਬਿੱਕ੍ਰਮੀ ਦੇ ਨਵਾਬ ਅਲੀ ਮੁਹੰਮਦ ਖਾਂ ਰੁਹੇਲੇ ਸਰਹੰਦ ਦੇ ਸੂਬੇਦਾਰ ਨੇ ਰਾਇ ਕਲਹਾ ਰਈਸ ਰਾਏਕੋਟ ਤੇ ਚੜ੍ਹਾਈ ਕੀਤੀ। ਇਸ ਦਾ ਕਸੂਰ ਇਹ ਸੀ ਕਿ ਇਸ ਨੇ ਦਿੱਲੀ ਦੇ ਬਾਦਸ਼ਾਹ ਦੀ ਮਰਜ਼ੀ ਦੇ ਉਲਟ ਸ੍ਰ: ਆਲਾ ਸਿੰਘ ਦੇ ਨਾਲ ਜੰਗ ਕਰ ਕੇ ਬਹੁਤ ਸਾਰੇ ਮੁਸਲਮਾਨ ਰਈਸ ਮਰਵਾ ਦਿਤੇ ਸਨ। ਸਰਦਾਰ ਆਲਾ ਸਿੰਘ ਵੀ ਨਵਾਬ ਅਲੀ ਮੁਹੰਮਦ ਖਾਂ ਦੇ ਨਾਲ ਹੋ ਗਿਆ। ਬੜੀ ਭਾਰੀ ਲੜਾਈ ਹੋਈ। ਮੱਖਣ ਖਾਂ ਸਪਾਹਸਲਾਰ ਤੇ ਰਾਏਕੋਟ ਦਾ ਰਈਸ ਮਾਰਿਆ ਗਿਆ ਤੇ ਰਾਏ ਕੁਲਹਾ ਨੱਸ ਕੇ ਆਪਣੇ ਅਸਲੀ ਵਤਨ ਪਾਕਪਟਣ ਵਲ ਚਲਾ ਗਿਆ।

## ੧੫. ਸ੍ਰ: ਆਲਾ ਸਿੰਘ ਦਾ ਕੈਦ ਹੋਣਾ ਤੇ ਛੁਟਕਾਰਾ ਪਾਣਾ

ਨਵਾਬ ਅਲੀ ਮੁਹੰਮਦ ਖਾਂ ਨੇ ਰਈਸ ਰਾਏ ਕਲਹਾ ਨੂੰ ਜਦ ਨਸਾ ਦਿੱਤਾ ਤੇ ਉਹਦੇ ਰਸਤੇ ਵਿੱਚ ਜਿੰਨੇ ਰੁਕਾਵਟ ਕਰਨ ਵਾਲੇ ਰਈਸ ਸਨ, ਸਾਰਿਆਂ ਨੂੰ ਸ੍ਰ: ਆਲਾ ਸਿੰਘ ਨੇ ਸੋਧ ਦਿੱਤਾ। ਤਦ ਹੁਣ ਅਲੀਮੁਹੰਮਦ ਖਾਂ ਨੇ ਵਿਚਾਰਿਆ ਕਿ ਹੁਣ ਇਸ ਸਾਰੇ ਇਲਾਕੇ ਵਿੱਚ ਮੇਰਾ ਸਾਨੀਹਾਰ ਕੋਈ ਰਈਸ ਨਹੀਂ ਤੇ ਨਾ ਹੀ ਕੋਈ ਮੇਰੇ ਸਾਹਮਣੇ ਬੋਲਣ ਜੋਗਾ ਹੈ ਤੇ ਨਾ ਹੀ ਕੋਈ ਅਜਿਹਾ ਪਤਵੰਤਾ ਰਹਿ ਗਿਆ ਹੈ, ਜਿਸ ਦਾ ਕਿ ਦਿਲੀ ਦਰਬਾਰ ਨਾਲ ਵੀ ਰਸੂਖ ਹੋਵੇ। ਕਿੰਤੂ ਇਹ ਸਾਰੇ ਗੁਣ ਇੱਕ ਸਰਦਾਰ ਆਲਾ ਸਿੰਘ ਵਿੱਚ ਹੀ ਸਨ। ਸੋ ਜੇ ਕਦੀ ਆਲਾ ਸਿੰਘ ਦੀ ਤਾਕਤ ਕਮਜ਼ੋਰ ਕਰ ਦਿੱਤੀ ਜਾਏ ਤਦ ਮੈਂ ਸੁਤੰਤਰ ਬਾਦਸ਼ਾਹ ਬਣ ਜਾਵਾਂਗਾ। ਸ੍ਰ: ਆਲਾ ਸਿੰਘ ਤਾਂ ਇਸ ਖ਼ਿਆਲ ਵਿੱਚ ਸੀ ਕਿ ਅਲੀਮੁਹੰਮਦ ਖਾਂ ਨਾਲ ਉਹਦਾ ਮਿਤਰਾਨਾ ਸਬੰਧ ਕਾਇਮ ਹੋ ਗਿਆ ਹੈ, ਕਿੰਤੂ ਅਲੀ ਮੁਹੰਮਦ ਖਾਂ ਨੇ ਇੱਕ ਦਿਨ ੧੮੦੩ ਬਿਕਰਮੀ ਨੂੰ ਧੋਖਾ ਦੇ ਕੇ

ਅਚਨਚੇਤ ਸ੍ਰ: ਆਲਾ ਸਿੰਘ ਨੂੰ ਕੈਦ ਕਰ ਲਿਆ ਤੇ ਛੇ ਮਹੀਨੇ ਪਿੱਛੋਂ ਸ੍ਰ: ਆਲਾ ਸਿੰਘ ਦੇ ਇਲਾਕੇ ਤੇ ਕਬਜ਼ਾ ਕਰਨ ਦੇ ਵਾਸਤੇ ਸੁਨਾਮ ਜਾ ਠਹਿਰਿਆ ਤੇ ਆਲਾ ਸਿੰਘ ਨੂੰ ਵੀ ਆਪਣੇ ਨਾਲ ਲਿਆ ਕੇ ਕਿਲ੍ਹਾ ਸੁਨਾਮੀ ਲਧਾ ਸਿੰਘ, ਰਾਮਦਿਤਾ ਸਿੰਘ, ਦੀਵਾਨ ਵਰਯਾਮ ਸਿੰਘ, ਹਰੀਆ ਸਿੰਘ, ਗੁਰਬਖ਼ਸ਼ ਸਿੰਘ, ਆਸਾ ਸਿੰਘ, ਕਾਲੇ ਬਘਾ ਸਿੰਘ, ਭਸਾ ਸਿੰਘ ਲੋਂਗੋਵਾਲੀਆ, ਜੀਵਨ ਸਿੰਘ, ਜੋਧ ਸਿੰਘ ਰੰਧਾਵਾ ਵਸਨੀਕ ਸ਼ੇਰੋ, ਬੂਟਾ ਸਿੰਘ ਰਘੇ, ਝੰਡੂ ਸਿੰਘ ਆਦਿਕ ਸਿੱਖ ਸਰਦਾਰਾਂ ਨੇ ਕੰਵਰ ਲਾਲ ਸਿੰਘ ਨੂੰ ਨਾਲ ਲੈ ਕੇ ਚਾਹਿਆ ਕਿ ਲੜਾਈ ਕਰ ਕੇ ਸੁਨਾਮ ਦੇ ਕਿਲ੍ਹੇ ਵਿੱਚੋਂ ਸਰਦਾਰ ਆਲਾ ਸਿੰਘ ਨੂੰ ਛੁਡਾ ਲਿਆ ਜਾਵੇ। ਕਿੰਤੂ ਸਰਦਾਰ ਆਲਾ ਸਿੰਘ ਦੀ ਰਾਣੀ ਫਤੋ ਨੇ ਇਨ੍ਹਾਂ ਨੂੰ ਇਸ ਗਲ ਤੋਂ ਵਰਜਿਆ ਤੇ ਭਾਈ ਦਿਆਲ ਦਾਸ ਤੇ ਭਾਈ ਮੂਲਚੰਦ ਜੋ ਗੁਰੂ ਘਰ ਦੇ ਕਰਨੀ ਵਾਲੇ ਸੰਤ ਸਨ, ਉਹਨਾਂ ਦੇ ਪਾਸ ਜਾ ਕੇ ਬਿਨੈ ਕੀਤੀ, ਜਿਸ ਤੇ ਉਹਨਾਂ ਨੇ ਕਿਹਾ ਕਿ ੧੫ ਦਿਨ ਹੋਰ ਠਹਿਰ ਜਾਓ। ਗੁਰੂ ਸਾਹਿਬ ਸਰਦਾਰ ਆਲਾ ਸਿੰਘ ਦੀ ਬੰਦਖ਼ਲਾਸ ਕਰ ਦੇਣਗੇ। ਤੁਸੀਂ ਘਰ ਵਿੱਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਉ। ਸੋ ਅਜਿਹਾ ਹੀ ਹੋਇਆ।

ਸਰਦਾਰ ਆਲਾ ਸਿੰਘ ਵਾਸਤੇ ਹਰ ਰੋਜ਼ ਪ੍ਰਸ਼ਾਦ ਦਾ ਥਾਲ ਬਾਹਰੋਂ ਤਿਆਰ ਹੋ ਕੇ ਜਾਂਦਾ ਸੀ। ਕਰਮ ਸਿੰਘ ਸੀਮਾ ਵਾਲਾ ਤੇ ਜੀਵਣ ਸਿੰਘ ਰੰਧਾਵਾ ਪਿੰਡ ਸ਼ੇਰੋ ਹਰ ਰੋਜ਼ ਸਰਦਾਰ ਆਲਾ ਸਿੰਘ ਪਾਸ ਰਿਹਾ ਕਰਦੇ ਸਨ। ਭਾਈ ਦਿਆਲ ਦਾਸ ਦੇ ਕਹਿਣ ਤੇ ਇਨ੍ਹਾਂ ਸਰਦਾਰ ਆਲਾ ਸਿੰਘ ਨੂੰ ਕਹਿ ਦਿੱਤਾ ਕਿ ਬੀਮਾਰਾਂ ਦੀ ਕੋਠੜੀ ਵਿੱਚ ਚਾਦਰ ਤਾਣ ਕੇ ਸੁੱਤਾ ਰਹੁ। ਸੋ ਇਸੇ ਤਰ੍ਹਾਂ ਕੀਤਾ ਗਿਆ। ਕੰਵਰ ਲਾਲ ਸਿੰਘ ਨੇ ਚੋਣਵੇਂ ਬਹਾਦਰ ਸਿੰਘ ਤਾਲਾਬ ਦੇ ਕੰਢੇ ਤੇ ਜੋ ਸ਼ਹਿਰ ਦੀ ਫਸੀਲ ਦੇ ਨਾਲ ਹੈ, ਜਾ ਠਹਿਰਿਆ। ਇਸ ਤਰ੍ਹਾਂ ਤਿੰਨ ਚਾਰ ਥਾਵਾਂ ਤੇ ਮੀਲ-ਮੀਲ ਦੀ ਵਿੱਥ ਤੇ ਜਿੱਥੋਂ ਤਕ ਬੰਦੂਕ ਦੀ ਆਵਾਜ਼ ਸੁਣਾਈ ਦੇਵੇ, ਸੰਧਯਾ ਵੇਲੇ ਸਿੱਖਾਂ ਦੀਆਂ ਪਾਰਟੀਆਂ ਖੜੀਆਂ ਕਰ ਦਿੱਤੀਆਂ ਤਾਂ ਜੋ ਬੰਦੂਕ ਦੀ ਆਵਾਜ਼ ਸੁਣ ਕੇ ਇਹ ਸਾਰੀਆਂ ਟੋਲੀਆਂ ਇਕੱਠੀਆਂ ਹੋ ਜਾਣ। ਉਧਰ ਹਰ ਰੋਜ਼ ਵਾਂਗ ਕਰਮ ਸਿੰਘ ਸੀਮਾ ਪ੍ਰਸ਼ਾਦ ਦਾ ਥਾਲ ਲੈ ਕੇ ਕਿਲ੍ਹੇ ਵਿੱਚ ਗਿਆ। ਉਸ ਨੇ ਅਜੇਹੀ ਬਹਾਦਰੀ ਕੀਤੀ ਕਿ ਆਪਣੇ ਕੱਪੜੇ ਰਾਜਾ ਸਾਹਿਬ ਨੂੰ ਪਵਾ ਕੇ ਕਿਲ੍ਹੇ ਵਿੱਚੋਂ ਬਾਹਰ ਕੱਢ ਦਿੱਤਾ ਤੇ ਆਪ ਉਹਨਾਂ ਦੀ ਜਗ੍ਹਾ ਪਲੰਘ ਤੇ ਸੌਂ ਰਿਹਾ।

ਜਦ ਸਰਦਾਰ ਆਲਾ ਸਿੰਘ ਆਪਣੇ ਸਵਾਰਾਂ ਵਿੱਚ ਜੋ ਬਾਹਰ ਖੜੇ ਸਨ, ਪੁੱਜੇ ਤੇ ਬੰਦੂਕ ਦੀ ਆਵਾਜ਼ ਕੀਤੀ ਗਈ ਤਦ ਉਹ ਸਾਰੀਆਂ ਟੋਲੀਆਂ ਜੋ ਇਸੇ ਉਡੀਕ ਵਿੱਚ ਖੜੀਆਂ ਸਨ, ਆ ਪੁਜੀਆਂ ਤੇ ਉਧਰੋਂ ਕਿਲ੍ਹੇ ਵਿੱਚੋਂ ਕਰਮ ਸਿੰਘ ਵੀ ਰਾਜੇ ਦਾ ਲਿਬਾਸ ਉਤਾਰ ਕੇ ਆ ਗਿਆ। ਜਦ ਸਾਰੇ ਇਕੱਠੇ ਹੋ ਕੇ ਲੌਂਗੋਵਾਲ ਵਲ ਚਲਣ ਲੱਗੇ ਤਦ ਕੰਵਰ ਲਾਲ ਸਿੰਘ ਨੇ ਆਖਿਆ ਕਿ ਹੁਣ ਦੁਸ਼ਮਣ ਨੂੰ ਵੀ ਇੱਕ ਹੱਥ ਵਿਖਾਣਾ ਚਾਹੀਦਾ ਹੈ। ਸੋ ਰਾਜਾ ਸਾਹਿਬ (ਸਰਦਾਰ ਆਲਾ ਸਿੰਘ) ਨੂੰ ਤਾਂ ੨੦ ਸਵਾਰਾਂ ਦੇ ਨਾਲ ਚੁਰਾਹੇ ਤੇ ਠਹਿਰਣ ਵਾਸਤੇ ਪਹਿਲਾਂ ਭੇਜ ਦਿੱਤਾ ਗਿਆ ਤੇ ਆਪ ਚਾਰ ਸੌ ਸਵਾਰਾਂ ਨੂੰ ਨਾਲ ਲੈ ਕੇ ਬਿਜਲੀ ਵਾਂਗ ਕੜਕਦਾ ਹੋਇਆ ਅੱਚਨਚੇਤ ਨਵਾਬ ਦੇ ਕੈਂਪ ਤੇ ਜਾ ਪਿਆ। ਮੁਸਲਮਾਨਾਂ ਨੂੰ ਤਾਂ ਹਥਯਾਰ ਵੀ ਨਾ ਸੰਭਾਲਣੇ ਮਿਲੇ ਤੇ ਅੰਧੇਰੇ ਵਿੱਚ ਭਜਨਾ ਨਸਨਾ ਹੀ ਸੁੱਝਿਆ। ਇਹ ਦੁਸ਼ਮਣ ਨੂੰ ਮਾਰ ਕੁੱਟ ਕਰਦੇ ਹੋਏ ਬਹੁਤ ਸਾਰਾ ਸਾਮਾਨ ਖੋਹ ਕੇ ਰਾਜਾ ਸਾਹਿਬ ਨੂੰ ਆ ਮਿਲੇ। ਉਹ ਰਾਤ ਲੋਂਗੋਵਾਲ ਵਿੱਚ ਰਹੇ, ਦੂਜੇ ਦਿਨ ਬਰਨਾਲੇ ਪੁੱਜੇ। ਕਰਮ ਸਿੰਘ ਦੀ ਇਸ ਸੇਵਾ ਨੂੰ ਮੁਖ ਰੱਖ ਕੇ ਰਾਜਾ ਸਾਹਿਬ ਨੇ ਸੀਮਾਂ ਪਿੰਡ ਜੋ ਉਜੜਿਆ ਹੋਇਆ ਸੀ, ਨਵੇਂ ਸਿਰੇ ਵਸਾ ਦਿੱਤਾ ਤੇ ਇਸ ਨੂੰ ਵਫ਼ਾਦਾਰ ਸਮਝ ਕੇ ਇੱਕ ਉੱਚਾ ਅਹੁਦਾ ਦੇ ਕੇ ਸਦਾ ਲਈ ਆਪਣੇ ਪਾਸ ਰੱਖਯਾ।

ਆਮ ਲੋਕਾਂ ਵਿੱਚ ਇਹ ਗੱਲ ਮਸ਼ਹੂਰ ਹੈ ਕਿ ਰਾਜਾ ਆਲਾ ਸਿੰਘ ਨੂੰ ਬੇੜੀ ਪਾਈ ਗਈ ਸੀ ਤੇ ਜੀਵਣ ਸਿੰਘ ਨੌਕਰ ਨੇ ਇੱਕ ਤਰਬੂਜ਼ ਵਿੱਚ ਰੇਤੀ ਪਾ ਕੇ ਭੇਜ ਦਿੱਤੀ, ਜਿਸ ਦੇ ਨਾਲੋਂ ਬੇੜੀ ਕੱਟ ਕੇ ਰਾਜਾ ਸਾਹਿਬ ਨੂੰ ਕਿਲ੍ਹੇ ਤੋਂ ਬਾਹਰ ਲੈ ਆਂਦਾ।

ਰਾਜਾ ਆਲਾ ਸਿੰਘ ਦੀ ਰਿਹਾਈ ਦੇ ਮਾਮਲੇ ਵਿੱਚ ਰਾਏ ਪ੍ਰਤਾਪ ਸਿੰਘ ਕਾਨੂੰਗੋ ਜੋ ਸਕਨਾ ਸਨਾਮ ਜਿਸ ਦਾ ਪਿਤਾ ਬਿਸ਼ੰਬਰ ਦਾਸ ਉਸ ਵੇਲੇ ਦਿੱਲੀ ਵਿੱਚ ਦੀਵਾਨ ਸੀ, ਸਾਥੀ ਬਣਿਆ ਰਿਹਾ। ਨਵਾਬ ਅਲੀ ਮੁਹੰਮਦ ਖਾਂ ਤਾਂ ਰਾਜਾ ਆਲਾ ਸਿੰਘ ਤੇ ਹਮਲਾ ਕਰਨ ਦੀਆਂ ਤਿਆਰੀਆਂ ਵਿੱਚ ਹੀ ਰਿਹਾ। ਕਿੰਤੂ ਰਾਜਾ ਆਲਾ ਸਿੰਘ ਦੇ ਦੋਸਤ ਬਿਸ਼ੰਬਰ ਦਾਸ ਨੇ ਦਿਲੀ ਤੋਂ ਅਲੀ ਮੁਹੰਮਦ ਖਾਂ ਦੇ ਅਹੁਦੇ ਤੋਂ ਹਟਾਏ ਜਾਣ ਦਾ ਹੁਕਮ ਭਜਵਾ ਦਿੱਤਾ। ਉਹਦੀ ਜਗ੍ਹਾ ਅਬਦੁਲ ਸਮੁੰਦ ਖਾਂ ਸਰਹੰਦ ਦਾ ਸੂਬਾ ਬਣਾਇਆ ਗਿਆ। ਇਸ ਤੋਂ ਨਾਰਾਜ਼ ਹੋ ਕੇ ਨਵਾਂ ਅਲੀ ਮੁਹੰਮਦ ਖਾਂ ਸਾਰਾ ਖ਼ਜ਼ਾਨਾ ਤੇ ਫੌਜ ਲੈ ਕੇ ਵਲ ਚਲਾ ਗਿਆ ਤੇ ਉੱਥੇ ਜਾ ਕੇ ਉੱਥੋਂ ਦੇ ਸ਼ਾਹੀ ਕਰਮਚਾਰੀ ਨੂੰ ਹਟਾ ਕੇ ਆਪ ਮਾਲਕ ਬਣ ਬੈਠਾ। ਉਸ ਦੀ ਸੰਤਾਨ ਤੇ ਕਬਜ਼ੇ ਵਿੱਚ ਹੁਣ ਰਾਮਪੁਰ ਦੀ ਰਿਆਸਤ ਚਲੀ ਆਉਂਦੀ ਹੈ।

## ੧੬. ਪਟਿਆਲੇ ਦੀ ਬੁਨਿਆਦ

੧੮੦੩ ਬਿਕ੍ਰਮੀ ਨੂੰ ਰਾਜਾ ਆਲਾ ਸਿੰਘ ਨੇ ਕੱਚਾ ਪਟਯਾਲਾ ਤੇ ਰਾਘੋ ਮਾਜਰਾ ਦੇ ਵਿਚਕਾਰ ਬੜੀ ਹੱਛੀ ਜਗ੍ਹਾ ਵੇਖ ਕੇ ਨਿਵਾਸ ਕੀਤਾ। ਇੱਕ ਕੱਚੀ ਗੜ੍ਹੀ ਬਣਾ ਕੇ ਜੋ ਫਿਰ ਸੋਢੀ ਸਾਹਿਬਾਨ ਨੂੰ ਦਿੱਤੀ ਗਈ। ਆਪਣੇ ਸੌਹਰੇ ਗੁਰਬਖ਼ਸ਼ ਸਿੰਘ ਕਾਲੇ ਵਾਲੇ ਨੂੰ ਉੱਥੋਂ ਦਾ ਥਾਨੇਦਾਰ ਨੀਯਤ ਕਰ ਕੇ ਪੰਜ ਸੌ ਸਵਾਰ ਨਾਲ ਦੇ ਦਿਤੇ ਤੇ ਉੱਥੇ ਛੱਡ ਦਿੱਤਾ।

## ੧੭. ਗੈਂਡੇ ਰਾਮ ਦੀ ਭਾਂਜ ਕਿਲ੍ਹਾ ਭਵਾਨੀ ਗੜ੍ਹ ਦਾ ਬਣਨਾ

ਸੂ: ਆਲਾ ਸਿੰਘ ਨੇ ਗੈਂਡੇ ਰਾਮ ਆਦਿਕ ਭਿਖੀਵਾਲੇ; ਜੋ ਬੇਮੁਹਾਰੇ ਹੋ ਰਹੇ ਸਨ, ਉਹਨਾਂ ਨਾਲ ਲੜਾਈ ਕਰ ਕੇ ਉਹਨਾਂ ਦੇ ਇਲਾਕੇ ਤੇ ਕਬਜ਼ਾ ਕਰ ਲਿਆ ਤੇ ਸੰਮਤ ੧੮੦੮ ਬਿਕਰਮੀ ੧੭੪੯ ਈਸਵੀ ਨੂੰ ਪਿੰਡ ਢੋਡੀਆਂ (ਭਵਾਨੀਗੜ੍ਹ) ਨੂੰ ਵਸਾ ਕੇ ਉੱਥੇ ਇੱਕ ਕਿਲ੍ਹਾ ਬਣਵਾਇਆ ਅਤੇ ਫਰੀਦ ਖਾਂ ਕਾਕੜੇ ਵਾਲੇ ਨੂੰ ਜੰਗ ਵਿੱਚ ਕਤਲ ਕਰ ਕੇ (ਜ਼ੋਰਾਏ ਸਿੰਘ ਗਰੇ ਵਾਲੇ ਦੇ ਹਥੋਂ ਮਾਰਿਆ ਸੀ) ਉਹਦਾ ਸਾਰਾ ਇਲਾਕਾ ਆਪਣੇ ਕਬਜ਼ੇ ਵਿੱਚ ਕਰ ਲਿਆ। ਜਿੰਨੇ ਆਦਮੀਆਂ ਨੇ ਵਿਦਰੋਹ ਕੀਤਾ ਤੇ ਲੁੱਟਮਾਰ ਤੇ ਲੱਕ ਬੱਧਾ ਸੀ, ਸਭ ਨੂੰ ਸਜ਼ਾ ਦਿੱਤੀ।

## ੧੮. ਸੁਨਾਮ ਤੇ ਕਬਜ਼ਾ

ਇਨ੍ਹਾਂ ਦਿਨਾਂ ਵਿੱਚ ਰਾਜਾ ਆਲਾ ਸਿੰਘ ਜੀ ਆਮ ਤੌਰ ਤੇ ਲੌਂਗੋਵਾਲ ਦੇ ਕੱਚੇ ਕਿਲ੍ਹੇ ਵਿੱਚ ਠਹਿਰਿਆ ਕਰਦੇ ਸਨ। ਹੁਣ ਵੀ ਇਨ੍ਹਾਂ ਦੇ ਲੰਗਰ ਦੀ ਜਗ੍ਹਾ ਮੰਨੀ ਤੇ ਪੂਜੀ ਦੀ ਹੈ। ਸ਼ਹਿਰ ਸੁਨਾਮ ਦੇ ਰਈਸ ਗੌਹਰ ਰਾਜਪੂਤ ਸ਼ਹਿਰ ਸੁਨਾਮ ਦੇ ੩੨ ਪਿੰਡਾਂ ਦੇ ਮਾਲਕ ਸਨ। ਕਈ ਵੇਰ ਰਾਜਾ ਆਲਾ ਸਿੰਘ ਨਾਲ ਇਨ੍ਹਾਂ ਦੀ ਅਣਬਣ ਹੋਈ। ਉਸ ਸਮੇਂ ਵਿੱਚ ਮਖਣਾ ਪਚਾਦਾ ਕੀਮਾ ਬੋਦਲਾ ਤੇ ਪੀਰ ਮੁਹੰਮਦ ਖਾਂ ਭੱਟੀ ਹਮੇਸ਼ਾਂ ਇਲਾਕੇ ਦਾ ਦੌਰਾ ਕਰਦੇ ਰਹਿੰਦੇ ਸਨ ਤੇ ਹਿੰਦੂ ਪ੍ਰਜਾ ਵਿੱਚ ਲੁੱਟ ਮਾਰ ਕਰ ਕੇ ੳਹਨਾਂ ਨੂੰ ਮੁਸਲਮਾਨ ਬਣਾਂਦੇ ਰਹਿੰਦੇ ਸਨ। ਇੱਥੇ ਉਹ ੪੦੦੦ ਜਵਾਨ ਲੈ ਕੇ ਜਦ ਆਏ ਤੇ ਸ਼ਹਿਰ ਸੁਨਾਮ ਨੂੰ ਲੁੱਟ ਕੇ ਮੁੜੇ, ਤਦ ਸ਼ਹਿਰ ਸੁਨਾਮ ਦੇ ਮਾਲਕ ਗੌਹਰ ਰਾਜਪੂਤ ਸਾਰੇ ਗਵਾਂਢੀ ਵੱਸੋਂ ਨੂੰ ਨਾਲ ਲੈ ਕੇ ਉਹਨਾਂ ਦੇ ਪਿਛੇ ਚਲਾ ਗਿਆ ਤੇ ਖ਼ਬਰ ਪੁੱਜਣ ਤੇ ਸਰਦਾਰ ਆਲਾ ਸਿੰਘ ੫੦੦ ਸਵਾਰਾਂ ਨੂੰ ਨਾਲ ਲੈ ਕੇ ਜਾ ਪਿਆ। ਜਦ ਗੌਹਰ ਰਾਜਪੂਤਾਂ ਦੀ ਪੀਰ ਮੁਹੰਮਦ ਖਾਂ ਦੇ ਨਾਲ ਲੜਾਈ ਹੋਈ ਤਦ ਚੀਮੇਂ ਦੇ ਪਾਸ ਇੱਕ ਖ਼ੂਨਰੇਜ਼ ਜੰਗ ਸ਼ੁਰੂ ਹੋ ਗਈ। ਰਾਏ ਕਮਾਲ ਤੇ ਰਾਏ ਸੁਮਾਲ ਗੌਹਰ ਰਾਜਪੂਤਾਂ ਦੇ ਤਿੰਨ ਵੱਡੇ ਸਰਦਾਰ ਮਾਰੇ। ਜਦ ਇਹ ਇਨ੍ਹਾਂ ਦੀਆਂ ਲਾਸ਼ਾਂ ਲੈ ਕੇ ਮੁੜੇ, ਤਦ ਸਰਦਾਰ ਆਲਾ ਸਿੰਘ ਦੇ ਸਾਥੀਆਂ ਨਾਲ ਇਨ੍ਹਾਂ ਦੀ ਮੁਠਭੇੜ ਹੋ ਗਈ। ਦਰਯਾ ਸਿੰਘ ਆਦਿਕ ਸਰਦਾਰਾਂ ਨੇ ਰਾਜਪੂਤਾਂ ਦੀ ਖ਼ੂਬ ਖੁੰਬ ਠੱਪੀ, ਜਿਸ ਤੋਂ ਰਾਜਪੂਤ ਉੱਕਾ ਤਬਾਹ ਹੋ ਗਏ ਤੇ ਸੁਨਾਮ ਦੇ ੩੨ ਦੇ ੩੨ ਪਿੰਡਾਂ ਤੇ ਹੀ ਸਰਦਾਰ ਆਲਾ ਸਿੰਘ ਦਾ ਕਬਜ਼ਾ ਹੋ ਗਿਆ।

## ੧੯. ਸਨੌਰ ਦੀ ਜਿੱਤ ਸੂਬਾ ਸਰਹੰਦ ਦੀ ਭਾਂਜ

ਸੰਮਤ ੧੮੦੯ ਬਿਕ੍ਰਮੀ ਨੂੰ ਸਰਦਾਰ ਗੁਰਬਖ਼ਸ਼ ਸਿੰਘ ਕਾਲੇ ਵਾਲਿਆਂ ਨੇ ਸਨੌਰ ਦੇ ਰਈਸ ਅਦਾ ਮੁਹੰਮਦ ਨਾਲ ਲੜਾਈ ਕਰ ਕੇ ਉਸ ਤੇ ਫਤਹ ਪਾਈ ਤੇ ਕਸਬਾ ਸਨੌਰ ੮੪ ਪਿੰਡਾਂ ਸਮੇਤ ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿੱਚ ਲੈ ਆਂਦਾ। ਸੰਮਤ ੧੮੧੦ ਬਿਕ੍ਰਮੀ ਨੂੰ ਅਬਦੁਲ ਸਮਦ ਸੂਬਾ ਸਰਹੰਦ ਨੇ ਆਪਣੇ ਦੀਵਾਨ ਲਛਮੀ ਨਰਾਇਣ ਨੂੰ ਮੁਸਲਮਾਨ ਬਨਾਉਣਾ ਚਾਹਿਆ, ਜਿਸ ਤੋਂ ਇਹ ਦੀਵਾਨ ਨੱਸ ਕੇ ਪਟਯਾਲੇ ਆ ਗਿਆ। ਅਬਦੁਲ ਸਮਦ ਨੇ ਇਹ ਖ਼ਬਰ ਸੁਣਦੇ ਹੀ ਫੌਜ ਲੈ ਕੇ ਪਟਯਾਲੇ ਤੇ ਚੜ੍ਹਾਈ ਕਰ ਦਿੱਤੀ। ਸਰਦਾਰ ਗੁਰਬਖ਼ਸ਼ ਸਿੰਘ ਦੀ ਫੌਜ ਨੇ ਅਬਦੁਲ ਸਮਦ ਦੀ ਫੌਜ ਨੂੰ ਸਖ਼ਤ ਨੁਕਸਾਨ ਪੁਚਾ ਕੇ ਨਸਾ ਦਿੱਤਾ।

## ੨੦. ਬਠਿੰਡੇ ਦੇ ਰਈਸ ਤੇ ਚੜ੍ਹਾਈ

ਇਨ੍ਹਾਂ ਹੀ ਦਿਨਾਂ ਵਿੱਚ ਜੋਧ ਸਿੰਘ ਰਈਸ ਬਠਿੰਡਾ ਨੇ ਗੈਂਡੇ ਰਾਏ ਨੂੰ ਕੁਝ ਦੇ ਕੇ ਉਹਦੀ ਲੜਕੀ ਨਾਲ ਜੋ ਪਹਿਲਾਂ ਸਰਦਾਰ ਗੁਰਬਖ਼ਸ਼ ਸਿੰਘ ਕੈਂਥਲ ਵਾਲਿਆਂ ਨਾਲ ਮੰਗੀ ਹੋਈ ਸੀ, ਵਿਆਹ ਲਿਆ। ਇਹ ਗੱਲ ਨਾ ਕੇਵਲ ਸਰਦਾਰ ਗੁਰਬਖ਼ਸ਼ ਸਿੰਘ ਨੂੰ ਹੀ ਬੁਰੀ ਭਾਸੀ, ਬਲਕਿ ਸਰਦਾਰ ਆਲਾ ਸਿੰਘ ਨੂੰ ਵੀ ਇਹ ਗੱਲ ਸੁਣ ਕੇ ਬੜਾ ਕ੍ਰੋਧ ਆਇਆ। ਇਸ ਕਰ ਕੇ ਦੋਨਾਂ ਨੇ ਮਿਲ ਕੇ ਇਸ ਨੂੰ ਸਿੱਖਿਆ ਦੇਣ ਲਈ ਬਠਿੰਡੇ ਤੇ ਚੜ੍ਹਾਈ ਕਰ ਦਿੱਤੀ। ਤਿੰਨ ਮਹੀਨਿਆਂ ਤਕ ਦੋਹਾਂ ਪਾਸਿਆਂ ਤੋਂ ਬਰਾਬਰ ਲੜਾਈ ਹੁੰਦੀ ਰਹੀ। ਜਦ ਸਰਦਾਰ ਆਲਾ ਸਿੰਘ ਨੇ ਇੰਜ ਫਤਯਬਾਜ਼ੀ ਦੀ ਕੋਈ ਸੂਰਤ ਨਾ ਵੇਖੀ, ਤਦ ਖਾਲਸੇ ਦੇ ਬੁੱਢੇ ਦਲ ਨੂੰ ਜੋ ਓਹਨਾਂ ਦਿਨਾਂ ਵਿੱਚ ਓਥੇ ਕਿਧਰੇ ਲਾਗੇ ਹੀ ਸੀ, ਆਪਣੀ ਸਹਾਇਤਾ ਲਈ ਬੁਲਾਇਆ।

ਬੁੱਢੇ ਦਲ ਵਿੱਚ ਮਾਝੇ ਦੇ ਸਿੰਘ ਬਹੁਤ ਸਨ, ਖ਼ਬਰ ਸੁਣਦੇ ਹੀ ਆ ਗਏ। ਹੁਣ ਜੋਧ ਸਿੰਘ ਸਮਝ ਗਿਆ, ਇਸ ਵੇਲੇ ਸਾਡਾ ਬਚਣਾ ਕਠਨ ਹੈ। ਇਸ ਕਰ ਕੇ ਉਸ ਨੇ ਆਪਣੇ ਵਕੀਲ ਸੁਲਾਹ ਵਾਸਤੇ ਸਰਦਾਰ ਆਲਾ ਸਿੰਘ ਪਾਸ ਭੇਜ ਦਿੱਤੇ ਤੇ ਸੁਲਾਹ ਕਰ ਲਈ। ਬਠਿੰਡੇ ਦੇ ਇਲਾਕੇ ਦੇ ਕਈ ਪਿੰਡ ਸਰਦਾਰ ਆਲਾ ਸਿੰਘ ਦੇ ਕਬਜ਼ੇ ਵਿੱਚ ਆ ਗਏ। ਇਨ੍ਹਾਂ ਵਿੱਚੋਂ ਚੱਕ ਭੋਚੂ ਤੇ ਗੋਬਿੰਦ ਪੁਰਾ ਆਦਿਕ ਕੁਝ ਪਿੰਡ ਸਰਦਾਰ ਗੁਰਬਖ਼ਸ਼ ਸਿੰਘ ਨੂੰ ਦੇ ਦਿੱਤੇ ਤੇ ਬੁੱਢੇ ਦਲ ਨੂੰ ਬਹੁਤ ਸਾਰਾ ਧਨ ਮਾਲ ਅਰਪਨ ਕੀਤਾ। ਬੁੱਢਾ ਦਲ ਸਰਸੇ ਪਾਸੇ ਚਲਾ ਗਿਆ। ੧੩ ਕੱਤਕ ੧੮੧੬ ਬਿੱਕ੍ਰਮੀ ਨੂੰ ਦੁਸਹਿਰੇ ਦਾ ਤਿਉਹਾਰ ਸੀ। ਉਸ ਤੋਂ ਮਗਰੋਂ ਰਾਜਾ ਆਲਾ ਸਿੰਘ ਨੇ ਪਟਯਾਲੇ ਵਿੱਚ ਕਿਲ੍ਹੇ ਦੀ ਨੀਓਂ ਰਖੀ ਤੇ ਬਰਨਾਲੇ ਦੀ ਥਾਂ ਇਸ ਜਗ੍ਹਾ ਤੇ ਆਪਨੀ ਰਾਜਧਾਨੀ ਬਣਾਈ।

## ੨੧. ਭਟੀ ਰਾਜਪੂਤਾਂ ਦੀ ਸ਼ਕਸਤ

ਬੋਹੀਆ ਤੇ ਬੁਲਾਡਾ ਪਿੰਡਾਂ ਦੇ ਨਵੇਂ ਮੁਸਲਮਾਨ ਹੋਏ ਰੰਘੜ ਫਿਰ ਜਹਾਦ ਵਾਸਤੇ ਤਯਾਰ ਹੋ ਰਹੇ ਸਨ। ਸ੍ਰਦਾਰ ਆਲਾ ਸਿੰਘ ਨੇ ਇਨ੍ਹਾਂ ਤੇ ਚੜ੍ਹਾਈ ਕਰ ਕੇ ਸ਼ਕਸਤ ਦਿੱਤੀ ਤੇ ਇਨ੍ਹਾਂ ਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ। ਇਨ੍ਹਾਂ ਹੀ ਦਿਨਾਂ ਵਿੱਚ ਸਰਦਾਰ ਖਾਂ ਰਾਜਪੂਤ ਮੋਨਕ ਵਾਲਾ (ਜੋ ਅਬੂ ਖਾਂ, ਸਲੀਨ ਖਾਂ ਆਦਿਕ ਭੋਨੇ ਦੇ ਰਾਜਪੂਤਾਂ ਤੋਂ ਦੁਖੀ ਹੋਏ ਹੋਏ ਨੇ ਆਪਣੇ ਇਲਾਕੇ ਤੋਂ ਬੇਦਖ਼ਲ ਹੋ ਕੇ ਇੱਧਰ ਉਧਰ ਮਾਰਿਆ ਮਾਰਿਆ ਫਿਰਦਾ ਸੀ) ਕੰਵਰ ਲਾਲ ਸਿੰਘ ਦੀ ਪਨਾਹ ਲਈ ਤੇ ਮਦਦ ਕੀਤੀ ਤੇ ਚੜ੍ਹਾਈ ਕਰ ਕੇ ਸਲੀਮ ਖ਼ਾਂ ਹਸਨ ਖਾਂ, ਜਮਾਲ ਖਾਂ ਆਦਿਕ ਭੱਟੀ ਰਾਜਪੂਤਾਂ ਨਾਲ ਭਯਾਨਕ ਲੜਾਈ ਕਰ ਕੇ ਟੋਹਾਨਾ ਜਨਾਲਪੁਰ ਵਸਾ ਰਸੂਲ ਆਦਿਕ ਇਲਾਕੇ ਓਹਨਾਂ ਤੋਂ ਖੋਹ ਲਏ ਤੇ ਕਿਲ੍ਹਾ ਮੋਨਕ ਤੇ ਵੀ ਆਪਣਾ ਕਬਜ਼ਾ ਕਰ ਕੇ ਓਹਨਾਂ ਵਿੱਚੋਂ ਪੰਜ ਪਿੰਡ ਸਰਦਾਰ ਖਾਂ ਨੂੰ ਜਾਗੀਰ ਵਜੋਂ ਦਿੱਤੇ। ਕਿੰਤੂ ਅਜੇ ਕੰਵਰ ਲਾਲ ਸਿੰਘ ਨੇ ਇਸ ਇਲਾਕੇ ਤੇ ਆਪਣਾ ਹੱਛੀ ਤਰ੍ਹਾਂ ਕਬਜ਼ਾ ਨਹੀਂ ਕੀਤਾ ਸੀ ਕਿ ਸਲੀਮ ਖਾਂ, ਹਸਨ ਖਾਂ ਆਦਿਕ ਨੇ ਹਿਸਾਰ ਦੇ ਮੁਹੰਮਦ ਅਮੀਨ ਖਾਂ ਦੀ ਸਹਾਇਤਾ ਨਾਲ ਇਨ੍ਹਾਂ ਦਾ ਦਖ਼ਲ ਉਠਾ ਦਿੱਤਾ। ਅੰਤ ਨੂੰ ਜਦ ਇਹ ਖ਼ਬਰ ਰਾਜਾ ਆਲਾ ਸਿੰਘ ਨੂੰ ਪੁੱਜੀ। ਤਦ ਉਹ ਉਸੇ ਵੇਲੇ ਚੇਤ ਸੰਮਤ ੧੮੧੧

ਬਿੱਕ੍ਰਮੀ ਨੂੰ ਭਾਈ ਗੁਰਬਖ਼ਸ਼ ਸਿੰਘ, ਚੌਧਰੀ ਹਮੀਰ ਸਿੰਘ, ਸਰਦਾਰ ਗਜਪਤਿ ਸਿੰਘ ਆਦਿਕਾਂ ਨੂੰ ਨਾਲ ਲੈ ਕੇ ਕੰਵਰ ਲਾਲ ਸਿੰਘ ਦੀ ਮਦਦ ਨੂੰ ਆ ਪੁੱਜੇ। ਪਹਿਲਾਂ ਟਾਕਰਾ ਪਿੰਡ ਖਡਾਲ ਹੋਯਾ, ਦੂਜਾ ਰਾਮ ਪੁਰ ਵਿੱਚ, ਤੀਜਾ ਯਾਰਸੂਲ, ਜਿਨ੍ਹਾਂ ਵਿੱਚ ੬੦੦੦ ਦੇ ਕਰੀਬ ਦੋਹਾਂ ਧਿਰਾਂ ਦੇ ਆਦਮੀ ਮਾਰੇ ਗਏ ਤੇ ਨਸੀਨ ਦੀਨ ਬਾਗ਼ੀ ਫੌਜਦਾਰ ਭੀ; ਜੋ ਦਿਲੀ ਤੋਂ ਫੌਜ ਲੈ ਕੇ ਭੱਟੀਆਂ ਦੀ ਸਹਾਇਤਾ ਲਈ ਆਇਆ ਸੀ, ਹਸਨ ਖਾਂ ਤੇ ਜਮਾਲ ਖਾਂ ਭੱਟੀ ਰਾਜਪੂਤਾਂ ਸਮੇਤ ਲੜਾਈ ਵਿੱਚ ਮਾਰਿਆ ਗਿਆ। ਰਾਣੀਆਂ ਦੇ ਲਾਗੇ ਦੀ ਲੜਾਈ ਵਿੱਚ ਹਿਸਾਰ ਦੇ ਸੂਬੇ ਨੇ ਵੀ ਭਾਂਜ ਖਾਧੀ ਤੇ ਰਾਜਾ ਆਲਾ ਸਿੰਘ ਦੀ ਫਤਹ ਹੋਈ। ਭੱਟੀ ਰਾਜਪੂਤਾਂ ਦੇ ਸਾਰੇ ਇਲਾਕੇ ਤੇ ਰਾਜਾ ਆਲਾ ਸਿੰਘ ਦਾ ਕਬਜ਼ਾ ਹੋ ਗਿਆ। ਰਾਣੀਆਂ ਦਾ ਇਲਾਕਾ ਚੌਧਰੀ ਹਮੀਰ ਸਿੰਘ ਨੂੰ ਬੋਹੀ ਅਤੇ ਬਲਾੜੇ ਵਾਲਾ ਭਾਈ ਗੁਰਬਖ਼ਸ਼ ਸਿੰਘ ਨੂੰ ਦੇ ਦਿੱਤਾ।

ਇਸੇ ਸਾਲ ਪਾਣੀਪਤ ਤੇ ਮਰਹੱਟਿਆਂ ਦੀ ਸ਼ਕਸਤ ਤੋਂ ਅਹਿਮਦਸ਼ਾਹ ਨੇ ਦਿਲੀ ਤੋਂ ਵਾਪਸ ਮੁੜਨ ਸਮੇਂ ਸਰਹਿੰਦ ਦੇ ਮੁਕਾਮ ਤੇ ਰਾਜਾ ਆਲਾ ਸਿੰਘ ਨੂੰ ਸੁਤੰਤਰਤਾ ਦੀ ਸਨਦ ਦਿੱਤੀ ਤੇ ਸਰਹੰਦ ਦੇ ਸੂਬੇਦਾਰ ਨੂੰ ਲਿਖਿਆ ਕਿ ਅਗੋਂ ਨੂੰ ਰਾਜਾ ਆਲਾ ਸਿੰਘ ਨੂੰ ਆਪਣੇ ਇਲਾਕੇ ਤੋਂ ਬਾਹਰ ਸਮਝੋ।

ਇਸ ਤੋਂ ਪਹਿਲਾਂ ਵੀ ਕਈ ਵੇਰ ਅਹਿਮਦਸ਼ਾਹ ਅਬਦਾਲੀ ਆਇਆ ਸੀ ਤੇ ਉਹਦੀ ਇੱਛਾ ਸੀ ਕਿ ਸਿੱਖਾਂ ਨਾਲ ਮੇਲ ਕਰ ਕੇ ਮਰਹੱਟੇ ਤੇ ਦਿੱਲੀ ਦੀ ਸਲਤਨਤ ਨੂੰ ਮਲਯਾਮੇਟ ਕਰ ਦੇਵਾਂ। ਉਹਨੇ ਹੌਲੀ ਹੌਲੀ ਕਈ ਵਾਰ ਆ ਕੇ ਉਹਨਾਂ ਨੂੰ ਸ਼ਕਸਤ ਦਿੱਤੀ, ਕਿੰਤੂ ਇਹ ਵੀ ਨਹੀਂ ਚਾਹੁੰਦੇ ਸਨ ਕਿ ਅਫ਼ਗਾਨਾਂ ਦੀ ਹਕੂਮਤ ਕਾਇਮ ਹੋਵੇ। ਉਹਨਾਂ ਨੂੰ ਆਸ ਸੀ ਕਿ ਇਨ੍ਹਾਂ ਦੇ ਪੰਚਾਇਤੀ ਰਾਜ ਕਾਇਮ ਹੋਣ ਵਾਲਾ ਹੈ ਤੇ ਉਹ ਦਿਨ ਨੇੜੇ ਹੀ ਹੈ, ਜਦ ਪੰਜਾਬ ਵਿੱਚ ਇਨ੍ਹਾਂ ਦੇ ਨਾਮ ਦਾ ਡੰਕਾ ਵਜੇਗਾ ਤੇ 'ਵਾਹਿਗੁਰੂ ਜੀ ਦੇ ਖਾਲਸੇ ਦੀ ਤਲਵਾਰ' ਦੇ ਅੱਗੇ ਸਭ ਸਿਰ ਝੁਕਾਣਗੇ।

ਸਿੱਖ ਦੁਰਾਨੀ ਬਾਦਸ਼ਾਹਾਂ ਦੇ ਆਉਣ ਸਮੇਂ ਐਧਰ ਓਧਰ ਰਹਿੰਦੇ ਸਨ। ਵੇਲੇ ਸਿਰ ਨੁਕਸਾਨ ਪੁਚਾਣ ਵਿੱਚ ਕੋਈ ਕਸਰ ਬਾਕੀ ਨਹੀਂ ਰੱਖਦੇ ਸਨ, ਕਿੰਤੂ ਆਹਮੋ ਸਾਹਮਣੇ ਹੋ ਕੇ ਕਦੇ ਟਾਕਰਾ ਨਹੀਂ ਹੋਇਆ ਸੀ।

ਸੰਮਤ ੧੮੧੮ ਬਿਕਮਰੀ ਮੁਤਾਬਕ ੧੭੬੨ ਈਸਵੀ ਨੂੰ ਸਿੱਖਾਂ ਨੇ ਸਰਹੰਦ ਦੇ ਹਾਕਮ ਜੈਨ ਖਾਂ ਨੂੰ ਜੋ ਅਹਿਮਦਸ਼ਾਹ ਅਬਦਾਲੀ ਵਲੋਂ ਨੀਯਤ ਸੀ, ਸ਼ਕਸਤ ਦੇ ਕੇ ਸ਼ਹਿਰ ਤੇ ਕਬਜ਼ਾ ਕਰ ਲਿਆ। ਇਹ ਖ਼ਬਰ ਸੁਣਦਿਆਂ ਹੀ ਅਹਿਮਦਸ਼ਾਹ ਅਬਦਾਲੀ ੧ ਲਖ ੪੦ ਹਜ਼ਾਰ ਲੜਾਕਾ ਫੌਜ ਲੈ ਕੇ ਪੰਜਾਬ ਵਿੱਚ ਆ ਗਿਆ। ਜੰਡਿਆਲੇ ਦੇ ਰਈਸ ਆਕਲ ਦਾਸ ਦੇ ਖ਼ਬਰ ਦੇਣ ਤੇ ਬਾਦਸ਼ਾਹ ਨੇ ਸਿੱਖਾਂ ਨੂੰ ਰਾਏਪੁਰ ਗੋਜਰ ਵਾਲਾ ਕੁਤਬਾ ਬਾਮਨੀ ਦੇ ਵਿਚਕਾਰ ਮੈਦਾਨ ਵਿੱਚ ਆ ਘੇਰਿਆ। ਸ਼ਾਹੀ ਹੁਕਮ ਦੇ ਨਾਲ ਦੂਜੇ ਪਾਸੇ ਨਵਾਬ ਜਮਾਲ ਖਾਂ ਮਲੇਰ ਕੋਟਲੇ ਦਾ ਰਾਇ ਕਲਹਾ ਰਈਸ ਰਾਇਕੋਟ, ਲਛਮੀ ਨਰਾਇਣ ਦੁਵਾਬਾ ਬਿਸਤ ਸਿੱਖਾਂ ਦੇ ਪਾਸੀਂ ਆ ਘੇਰਾ ਪਾਇਆ। ਤਿੰਨ ਪਹਿਰ ਤਕ ਸਖ਼ਤ ਲੜਾਈ ਹੋਈ। ਦੁਸ਼ਮਣ ਦੀ ਅਣਗਿਣਤ ਫੌਜ ਆਈ ਵੇਖ ਕੇ ਸਿੱਖਾਂ ਆਪਣੇ ਆਪ ਨੂੰ ਇਸ ਮੈਦਾਨ ਵਿੱਚੋਂ ਇੱਕ ਪਾਸੇ ਕਰ ਲਿਆ।

ਮੁਸਲਮਾਨ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਸ ਲੜਾਈ ਵਿੱਚ ੩੦ ਹਜ਼ਾਰ ਸਿੱਖ ਕਤਲ ਹੋਇਆ, ਕਿੰਤੂ ਇਹ ਗੱਲ ਠੀਕ ਨਹੀ। ਇਸ ਵਿੱਚ ਸ਼ੱਕ ਨਹੀਂ ਕਿ ਸਿੱਖਾਂ ਦਾ ਨੁਕਸਾਨ ਬਹੁਤਾ ਹੋਇਆ, ਕਿੰਤੂ ਮਸੁਲਾਨ ਸਿੱਖਾਂ ਨਾਲੋਂ ਦੂਣੀ ਗਿਣਤੀ ਵਿੱਚ ਮੈਦਾਨ ਵਿੱਚ ਮੋਏ ਹੋਏ ਮਿਲੇ, ਜਿਨ੍ਹਾਂ ਨੂੰ ਬਾਦਸ਼ਾਹ ਨੇ ਉਠਵਾ ਕੇ ਦਬਾ ਦਿੱਤਾ। ਇਸ ਲੜਾਈ ਨੂੰ ਸਿੱਖਾਂ ਦੇ ਇਤਿਹਾਸ ਵਿੱਚ ਵਡਾ ਘਲੂਘਾਰਾ ਕਰ ਕੇ ਲਿਖਿਆ ਹੈ। ਇਸ ਵਿੱਚ ਸ਼ੱਕ ਨਹੀਂ ਕਿ ਰਾਜਾ ਆਲਾ ਸਿੰਘ ਸਰਹੰਦ ਦੀ ਲੁੱਟ ਤੇ ਵੱਡੇ ਘਲੂਘਾਰੇ ਦੇ ਲੜਾਈ ਵਿੱਚ ਸ਼ਾਮਲ ਨਹੀਂ ਹੋਇਆ ਸੀ, ਕਿੰਤੂ ਭੱਟੀ ਰਾਜਪੂਤਾਂ ਰਾਏ ਕੁਲਹਾ ਨੇ ਜੋ ਰਾਜਾ ਆਲਾ ਸਿੰਘ ਦੇ ਪੁਰਾਣੇ ਵੈਰੀ ਸੀ, ਬਾਦਸ਼ਾਹ ਨੂੰ ਕਹਿ ਦਿੱਤਾ ਕਿ ਇਹ ਜੋ ਕੁਝ ਹੋਇਆ ਹੈ, ਸਰਦਾਰ ਆਲਾ ਸਿੰਘ ਦੀ ਚੁੱਕ ਦੇ

ਨਾਲ ਹੋਇਆ ਹੈ। ਬਾਦਸ਼ਾਹ ਨੇ ਜਹਾਨ ਖਾਂ ਸਿਪਾਹਸਾਲਾਰ ਨੂੰ ਫੌਜ ਦੇ ਕੇ ਬਰਨਾਲੇ ਤੇ ਚੜ੍ਹਾ ਦਿੱਤਾ। ਦੁਰਾਨੀਆਂ ਦੀ ਫੌਜ ਨੇ ਬਰਨਾਲੇ ਨੂੰ ਉਜਾੜ ਕੇ ਰਾਜਾ ਆਲਾ ਸਿੰਘ ਨੂੰ ਫੜ ਲਿਆ ਕਿੰਤੂ ਅਸਲ ਗੱਲ ਦੀ ਖ਼ਬਰ ਮਿਲ ਜਾਣ ਤੇ ਅਹਿਮਦ ਸ਼ਾਹ ਦੁਰਾਨੀ ਨੇ ਰਾਜਾ ਆਲਾ ਸਿੰਘ ਪਾਸੋਂ ੪ ਲੱਖ ਰੁਪਿਆ ਲੈ ਕੇ ਰਾਜਾ ਦਾ ਖ਼ਿਤਾਬ ਤੇ ਖਿਲਅਤ ਲਿਖ ਦਿੱਤੀ ਤੇ ੩ ਲੱਖ ਰੁਪਯਾ ਸਾਲਾਨਾ ਖਰਾਜ ਲੈਣ ਦਾ ਫ਼ੈਸਲਾ ਕੀਤਾ, ਜੋ ੧੮੧੯ ਨੂੰ ਰਾਜਾ ਆਲਾ ਸਿੰਘ ਨੇ ਹੁੰਡੀ ਦੀ ਰਾਹੀਂ ਕਾਬਲ ਭੇਜ ਦਿੱਤਾ, ਜਿਸ ਤੋਂ ਅਹਿਮਦ ਸ਼ਾਹ ਬੜਾ ਖ਼ੁਸ਼ ਹੋਇਆ।

ਅਹਿਮਦਸ਼ਾਹ ਸੂਬੇਦਾਰ ਸਰਹੰਦ ਦੇ ਨਾਮ ਹੁਕਮ ਜਾਰੀ ਕੀਤਾ ਕਿ ਰਾਜਾ ਆਲਾ ਸਿੰਘ ਨੂੰ ਉਹ ਸੁਤੰਤਰ ਸਮਝੇ। ਸੰਮਤ ੧੮੨੦ ਵਿੱਚ ਜਦ ਮਾਝੇ ਦੇ ਸਿੱਖਾਂ ਨੇ ਸਰਹੰਦ ਦੇ ਸੂਬੇਦਾਰ ਨੂੰ ਕਤਲ ਕਰ ਕੇ ਸਰਹੰਦ ਨੂੰ ਲੁੱਟਿਆ, ਤਦ ਉਸ ਸਮੇਂ ਰਾਜਾ ਆਲਾ ਸਿੰਘ ਵੀ ਠੀਕ ਸਮੇਂ ਸਿਰ ਸਰਹੰਦ ਅੱਪੜ ਗਿਆ। ਖਾਲਸੇ ਨੇ ਰਾਜਾ ਆਲਾ ਸਿੰਘ ਪਾਸੋਂ ਸ਼ਹੀਦੀ ਦੇਗ ਤੇ ਕੜਾਹ ਪ੍ਰਸ਼ਾਦ ਵਾਸਤੇ ਭੇਟ ਲੈ ਕੇ ਸਰਹੰਦ ਦਾ ਕਿਲ੍ਹਾ ਤੇ ਸਾਰਾ ਸ਼ਾਹੀ ਸਾਮਾਨ ਰਾਜਾ ਸਾਹਿਬ ਦੇ ਹਵਾਲੇ ਕਰ ਦਿੱਤਾ, ਜਿਸ ਨੂੰ ਲੈ ਕੇ ਇਹ ਪਟਿਆਲੇ ਆ ਗਿਆ ਤੇ ਸਰਹੰਦ ਦੇ ਬਹੁਤ ਸਾਰੇ ਉੱਜੜੇ ਹੋਏ ਲੋਕਾਂ ਨੂੰ ਸਹਾਇਤਾ ਦੇ ਕੇ ਪਟਿਆਲੇ ਵਿੱਚ ਵਸਾਇਆ। ਜੈਨ ਖਾਂ ਦਾ ਮਾਰਿਆ ਜਾਣਾ ਸੁਣ ਕੇ ਦੁਰਾਨੀ ਅਹਿਮਦ ਖਾਂ ਬੜੇ ਕ੍ਰੋਧ ਨਾਲ ਸ਼ਹਿਰ ਵਿੱਚ ਆਯਾ। ਕਿੰਤੂ ਸਰਹੰਦ ਦਾ ਪ੍ਰਬੰਧ ਨਾ ਸੰਭਾਲ ਸਕਣ ਦੇ ਕਾਰਨ ਇਸ ਇਲਾਕੇ ਦਾ ਪਟਾ ਵੀ ਲਿਖ ਕੇ ਸਰਦਾਰ ਆਲਾ ਸਿੰਘ ਨੂੰ ਦੇ ਕੇ ਵਾਪਸ ਚਲਾ ਗਿਆ।

## ੨੨. ਰਾਜਾ ਆਲਾ ਸਿੰਘ ਦਾ ਚਲਾਣਾ ਤੇ ਗੁਣ

ਸੰਮਤ ੧੮੨੨ ਬਿਕ੍ਰਮੀ ਮੁਤਾਬਕ ੧੨ ਅਗਸਤ ੧੭੬੫ ਦੇ ਸ਼ੁਰੂ ਵਿੱਚ ੭੦ ਵਰ੍ਹਿਆਂ ਦੀ ਆਯੂ ਵਿੱਚ ਬੁਖਾਰ ਦੀ ਬੀਮਾਰੀ ਨਾਲ ਆਲਾ ਸਿੰਘ ਚਲਾਣਾ ਕਰ ਗਏ ਤੇ ਇਨ੍ਹਾਂ ਦੀ ਜਗ੍ਹਾ ਇਹਨਾਂ ਦਾ ਪੋਤਰਾ ਅਮਰ ਸਿੰਘ ਗੱਦੀ ਤੇ ਬੈਠਾ।

ਰਾਜਾ ਆਲਾ ਸਿੰਘ ਬੜਾ ਹੀ ਧਰਮੀ ਸ਼ੁਭ ਆਚਰਨ ਤੇ ਬਹਾਦਰ ਆਦਮੀ ਸੀ। ਉਸ ਨੇ ਸਵਾਏ ਆਪਣੀ ਰਾਣੀ ਫਤੋ* ਦੇ ਦੂਜੀ ਤੀਵੀਂ ਵਲ ਅੱਖ ਚੁੱਕ ਕੇ ਵੀ ਨਹੀਂ ਵੇਖਿਆ ਸੀ। ਕਹਿੰਦੇ ਹਨ ਕਿ ਇੱਕ ਦਿਨ ਇਸ ਨੇ ਲੌਂਗੋਵਾਲ ਆਪਣੇ ਮਕਾਨ ਦੀ ਛੱਤ ਤੇ ਤਰਖਾਣ ਦੀ ਲੜਕੀ ਨੂੰ ਵੇਖਿਆ ਜੋ ਕਿ ਨੰਗੀ ਨਹਾ ਰਹੀ ਸੀ। ਇਹਨਾਂ ਉਹਨੂੰ ਆਪਣੀ ਲੜਕੀ ਬਣਾ ਕੇ ਬਹੁਤ ਸਾਰਾ ਧਨ ਦੇ ਕੇ ਵਿਆਹ ਦਿੱਤੀ।

ਆਲਾ ਸਿੰਘ ਦੇ ਤਿੰਨੇ ਲੜਕੇ ਉਹਦੇ ਜੀਉਂਦਿਆਂ ਹੀ ਗ਼ੁਜ਼ਰ ਗਏ। ਬੀਬੀ ਪ੍ਰਧਾਨ ਜੋ ਰਾਜਾ ਆਲਾ ਸਿੰਘ ਦੀ ਲੜਕੀ ਬਾਬਾ ਬੁੱਢਾ ਸਾਹਿਬ ਰਾਮਦਾਸ ਦੇ ਖਾਨਦਾਨ ਵਿੱਚ ਵਿਆਹੀ ਸੀ, ਸ੍ਰ: ਸ਼ਾਮ ਸਿੰਘ ਵੀ ਚਲਾਣਾ ਕਰ ਗਿਆ। ਰਾਜਾ ਆਲਾ ਸਿੰਘ ਨੇ ਬੀਬੀ ਪ੍ਰਧਾਨ ਨੂੰ ੩੦ ਹਜ਼ਾਰ ਦੀ

---

*ਫਤੋ ਚੌਧਰੀ ਸਰਾਉ ਜੱਟ ਜੋ ਕਾਲਿਆਂ ਵਾਲੇ ਦਾ ਵਸਨੀਕ ਸੀ, ਉਹਦੀ ਲੜਕੀ ਸੀ। ਜਦ ਉਤਪੰਨ ਹੋਈ ਤਦ ਇਸ ਦੀ ਦਾਦੀ ਨੇ ਉਸ ਸਮੇਂ ਦੇ ਰਿਵਾਜ ਅਨੁਸਾਰ ਇਸ ਨੂੰ ਮਾਰਨ ਲਈ ਇੱਕ ਬਰਤਨ ਵਿੱਚ ਪਾ ਕੇ ਦਬ ਦਿੱਤਾ। ਤਿੰਨ ਦਿਨ ਪਿੱਛੋਂ ਭਾਈ ਦਿਆਲ ਦਾਸ ਜੀ ਨੇ ਇਸ ਗੱਲ ਤੋਂ ਜਾਣੂੰ ਹੋ ਇਸ ਲੜਕੀ ਨੂੰ ਕਢਵਾਇਆ ਜੋ ਬਿਲਕੁਲ ਅਰੋਗ ਨਿੱਕਲੀ ਤੇ ਇੱਕ ਵੱਡੇ ਖ਼ਾਨਦਾਨ ਦੀ ਮਾਂ ਹੋਈ। ਇਸ ਦੇ ਤਿੰਨ ਪੁੱਤਰ ਸਨ, ਸਾਰਿਆਂ ਤੋਂ ਵਡਾ ਸਰਦੂਲ ਸਿੰਘ ਜੋ ੧੭੭੨ ਬਿਕਰਮੀ ਨੂੰ ਉਤਪਨ ਹੋਇਆ ਤੇ ੧੭੮੪ ਬਿਕਰਮੀ ਨੂੰ ਸੂਰਜ ਮੱਲ ਭਿਖੀ ਵਾਲੇ ਦੀ ਲੜਕੀ ਨਾਲ ਵਿਆਹਿਆ ਗਿਆ, ਜਿਸ ਦੇ ਘਰ ਰਾਜਾ ਅਮਰ ਸਿੰਘ ਜਨਮਿਆ। ਦੂਜਾ ਵਿਆਹ ਇਸ ਨੇ ਆਪਣੇ ਚਾਚਾ ਦੇ ਪੁੱਤ ਭਰਾ ਜੋਧ ਸਿੰਘ ਦੀ ਵਿਧਵਾ ਨਾਲ ਕੀਤਾ, ਜਿਸ ਵਿੱਚੋਂ ਹਿੰਮਤ ਸਿੰਘ ਉਤਪਨ ਹੋਇਆ।

ਦੂਜਾ ਲੜਕਾ ਕੰਵਰ ਲਾਲ ਸਿੰਘ ੧੭੮੦ ਬਿਕਰਮੀ ਵਿੱਚ ਉਤਪਨ ਹੋਇਆ ਤੇ ੧੭੯੭ ਨੂੰ ਚੌਧਰੀ ਸੁਜਾਨਾ ਜੋ ਪਿੰਡ ਰੋਜ਼ੀ ਵਾਲੇ ਦੇ ਵਸਨੀਕ ਦੀ ਲੜਕੀ ਨਾਲ ਵਿਆਹਿਆ ਗਿਆ ਤੇ ੧੮੦੫ ਵਿੱਚ ਬਿਨਾਂ ਸੰਤਾਨ ਹੋਏ ਦੇ ਮਰ ਗਿਆ।

ਤੀਜਾ ਲੜਕਾ ਭੂਮਯਾ ਸਿੰਘ ੧੭੭੮ ਬਿਕਰਮੀ ਵਿੱਚ ਉਤਪਨ ਹੋਇਆ, ਜੋ ਮਾਨਸਾਵਾਲਾਂ ਦੇ ਚੌਧਰੀ ਦੀ ਲੜਕੀ ਰੂਪ ਕੌਰ ਨਾਲ ਮੰਗਿਆ, ਜਿਸ ਦੇ ਘਰ ੧੭੯੬ ਵਿੱਚ ਰਾਜਿੰਦਰ ਕੌਰ ਲੜਕੀ ਉਤਪਨ ਹੋਈ, ਜੋ ੧੮੦੮ ਨੂੰ ਫਗਵਾੜੇ ਵਿਆਹੀ ਗਈ। ਇਸ ਦੇ ਕੇਵਲ ਇੱਕ ਲੜਕੀ ਹੋਣ ਤੇ ਇਹਦਾ ਪਤੀ ਗ਼ੁਜ਼ਰ ਗਿਆ। ਇਸ ਦੀ ਛੀ ਲੱਖ ਦੀ ਜਾਏਦਾਦ ਸੀ, ਜਿਸ ਤੇ ਬੀਬੀ ਰਾਜਿੰਦਰ ਕੌਰ ਦਾ ਕਬਜ਼ਾ ਰਿਹਾ। ਰਾਜਿੰਦਰ ਕੌਰ ਦੇ ਮਰਨ ਤੇ ਉਹਦੇ ਦੋਹਤੇ ਜੋਧ ਸਿੰਘ ਨੇ ਰਿਆਸਤ ਦਾ ਦਾਵਾ ਕੀਤਾ, ਕਿੰਤੂ ਰਾਜਿੰਦਰ ਕੌਰ ਦੇ ਦੇਵਰ ਨੇ ਜੋਧ ਸਿੰਘ ਨੂੰ ਗ਼ੁਜ਼ਾਰਾ ਦੇ ਕੇ ਰਿਆਸਤ ਆਪ ਸੰਭਾਲ ਲਈ।

ਸਾਲਾਨਾ ਜਾਗੀਰ ਦੇ ਰੱਖੀ ਸੀ, ਜਿਸ ਨੂੰ ਉਹ ਬੜੇ ਚੰਗੇ ਢੰਗ ਨਾਲ ਆਯੂ ਭਰ ਬਰਨਾਲੇ ਵਿੱਚ ਰਹਿ ਕੇ ਖ਼ਰਚ ਕਰਦੀ ਰਹੀ। ਇਹ ਬੀਬੀ ਬੜੀ ਹੀ ਪਵਿਤ੍ਰ ਆਚਰਨ ਦੀ ਤੇ ਦਾਨੀ ਸੀ। ਇਸ ਨੇ ਆਪਣੀ ਜਾਗੀਰ ਦੀ ਸਾਰੀ ਰਕਮ ਸੁਖਾ ਸਿੰਘ ਨਿਰਮਲੇ ਸੰਤ ਦੇ ਹਵਾਲੇ ਕਰ ਰਖੀ ਸੀ। ਇਸ ਨੇ ਬੀਬੀ ਜੀ ਦੇ ਨਾਮ ਤੇ ਇੱਕ ਧਰਮਸ਼ਾਲਾ ਬਣਵਾ ਕੇ ਤਿੰਨ ਤਰ੍ਹਾਂ ਦਾ ਸਦਾਵਰਤ ਲਾ ਰੱਖਿਆ ਸੀ। ਇੱਕ ਗ਼ਰੀਬ ਗੁਰਬਾ ਮੁਸਾਫ਼ਿਰਾਂ ਲਈ, ਦੂਜਾ ਗੁਰਮੁਖੀ ਤੇ ਸੰਸਕ੍ਰਿਤ ਪੜ੍ਹਨ ਵਾਲੇ ਵਿਦਿਆਰਥੀਆਂ ਵਾਸਤੇ, ਤੀਜਾ ਸਾਧੂਆਂ ਵਾਸਤੇ ਜੋ ੬੦-੭੦ ਉੱਥੇ ਸਦਾ ਹੀ ਰਹਿੰਦੇ ਸਨ। ਹਮੇਸ਼ਾਂ ਕਥਾ ਹੁੰਦੀ, ਸਤਸੰਗ ਜਾਰੀ ਰਹਿੰਦਾ ਹੈ। ਬੀਬੀ, ਸਾਹਿਬ ਗੁਰਮੁਖੀ ਤੇ ਸੰਸਕ੍ਰਿਤ ਜਾਣਦੇ ਸਨ। ਇਸ ਗੁਰਦੁਆਰੇ ਨਾਲ ਹੁਣ ਤੱਕ ੬੦੦੦ ਰੁਪਯਾ ਸਾਲਾਨਾ ਦੀ ਜਾਗੀਰ ਹੈ ਤੇ ਲੰਗਰ ਹਮੇਸ਼ਾਂ ਚਲਦਾ ਰਹਿੰਦਾ ਹੈ।

ਜਿੰਨਾ ਹੀ ਏਹ ਆਪਣੀ ਬਹਾਦਰੀ ਤੇ ਦਲੇਰੀ ਦੇ ਕਾਰਨ ਪ੍ਰਸਿੱਧ ਸੀ, ਓਨਾ ਹੀ ਦਾਨੀ ਹੋਣ ਵਿੱਚ ਵੀ ਅਦੁਤੀ ਸੀ। ਇਹ ਬੜਾ ਹੀ ਸਾਦਾ ਤੇ ਫ਼ਕੀਰਾਨਾ ਲਿਬਾਸ ਵਿੱਚ ਰਿਹਾ ਕਰਦੀ ਸੀ। ਸਿੱਖ ਧਰਮ ਵਿੱਚ ਇਹਦਾ ਬੜਾ ਪੱਕਾ ਵਿਸ਼ਵਾਸ ਸੀ। ਬੜੇ ਸਹਨਸ਼ੀਲਤਾ ਤੇ ਸਿਆਣੇ ਸੀ। ਰਾਣੀ ਸਾਹਿਬ ਫਤੋ ਨੇ ਲੋਂਗੋਵਾਲ ਵਿੱਚ ਜੋ ਗੁਰੂ ਦਾ ਲੰਗਰ ਲਾ ਰਖਯਾ ਹੈ, ਉਸ ਵਿੱਚ ਉਹ ਹਰ ਇੱਕ ਸਿੱਖ ਨੂੰ ਅਧ ਪਾਉ ਘੀ ਖਿੱਚੜੀ ਵਿੱਚ ਪਾ ਕੇ ਦਿੰਦੇ ਹਨ। ਇੱਕ ਦਿਨ ਇੱਕ ਸਿੱਖ ਨੇ ਕਿਹਾ, ਇੰਨਾ ਗ਼ਰਮ ਘੀ ਮੈਂ ਕੀ ਕਰਾਂ? ਰਾਣੀ ਸਾਹਿਬ ਨੇ ਕਿਹਾ ਕਿ ਮੇਰੇ ਸਿਰ ਵਿੱਚ ਪਾ ਦੇ। ਉਸ ਨੇ ਝਟ ਉਹਦੇ ਸਿਰ ਵਿੱਚ ਪਾ ਦਿੱਤਾ। ਜਦ ਰਾਜਾ ਸਾਹਿਬ ਘਰ ਨੂੰ ਵਾਪਸ ਆਏ ਤੇ ਰਾਣੀ ਸਾਹਿਬ ਨੇ ਉਸ ਸਿੱਖ ਦੀ ਸ਼ਿਕਾਇਤ ਕੀਤੀ ਤਦ ਰਾਜਾ ਸਾਹਿਬ ਨੇ ਕਿਹਾ ਕਿ ਤੂੰ ਬੜੇ ਚੰਗੇ ਭਾਗਾਂ ਵਾਲੀ ਹੈ ਜੋ ਤੇਰੇ ਸਿਰ ਵਿੱਚ ਸਿੱਖ ਨੇ ਘਿਉ ਪਾ ਦਿੱਤਾ ਹੈ, ਨਹੀਂ ਤਾਂ ਮੁਸਲਮਾਨ ਗਰਮ ਗਰਮ ਤੇਲ ਸਿਰ ਵਿੱਚ ਪਾਂਦੇ। ਉਸ ਨੇ ਤੇਰਾ ਹੁਕਮ ਮੰਨਿਆ। ਰਾਜਾ ਸਾਹਿਬ ਦੀ ਇਹ ਗੱਲ ਸੁਣ ਕੇ ਲੋਕੀਂ ਬੜੇ ਖ਼ੁਸ਼ ਹੋ ਗਏ। ਇਹ ਮਹਾਰਾਜਾ ਸਾਹਿਬ ਸਵਾਏ ਕੱਛ ਦਸਤਾਰ ਤੇ ਭੂਰੇ ਦੀ ਗਾਤੀ ਦੇ ਹੋਰ ਕੁਝ ਨਹੀਂ ਰੱਖਦੇ ਸੀ। ਰਾਜਸੀ ਮਾਲੀ ਪ੍ਰਬੰਧ ਕਰਨ ਦੀ ਬੜੀ ਯੋਗਤਾ ਰੱਖਦੇ ਸਨ। ਕੇਵਲ ਆਪਣੇ ਬਾਹੂਬਲ ਨਾਲ ਪਟਯਾਲਾ ਰਾਜ ਜਿਸ ਦਾ ਰਕਬਾ ੬ ਹਜ਼ਾਰ ਮੀਲ ਦੇ ਕਰੀਬ ਹੈ, ਕਾਇਮ ਕਰ ਕੇ ਆਪਨੀ ਸੰਤਾਨ ਦੇ ਵਾਸਤੇ ਸੋਨਾ ਉਪਜਾਣ ਵਾਲੀ ਧਰਤੀ ਮਿਲ ਗਈ।

## ੨੩. ਰਾਜਾ ਅਮਰ ਸਿੰਘ ਦਾ ਗੱਦੀ ਤੇ ਬੈਠਣਾ ਤੇ ਹਿੰਮਤ ਸਿੰਘ ਦਾ ਵਿਦ੍ਰੋਹ

ਰਾਜਾ ਅਮਰ ਸਿੰਘ ਹਾੜ ਵਦੀ ੭ ਸੰਮਤ ੧੮੦੯ ਬਿੱਕ੍ਰਮੀ ਨੂੰ ਪੈਦਾ ਹੋਏ, ਤੇ ੧੩ ਸਾਲ ਦੀ ਆਯੂ ਵਿੱਚ ਸੰਮਤ ੧੮੨੨ ਬਿੱਕ੍ਰਮੀ ਨੂੰ ਆਪਣੇ ਦਾਦਾ ਦੀ ਗੱਦੀ ਤੇ ਬੈਠੇ। ਇਸ ਦਾ ਛੋਟਾ ਭਰਾ ਹਿੰਮਤ ਸਿੰਘ ਜੋ ਬੜਾ ਸਿਆਣਾ ਤੇ ਚਲਾਕ ਸੀ, ਆਕੀ ਹੋ ਕੇ ਪਟਯਾਲੇ ਤੇ ਕਬਜ਼ਾ ਕਰ ਬੈਠਾ। ਕਿੰਤੂ ਜੀਂਦ, ਕੈਥਲ ਤੇ ਨਾਭਾ ਰਿਆਸਤਾਂ ਦੀ ਮਿਲਵੀਂ ਮੱਦਦ ਦੇ ਨਾਲ ਰਾਜਾ ਅਮਰ ਸਿੰਘ ਨੇ ਹਿੰਮਤ ਸਿੰਘ ਨੂੰ ਪੱਟਯਾਲੇ ਤੋਂ ਨਸਾ ਦਿੱਤਾ ਤੇ ਹਿੰਮਤ ਸਿੰਘ ਨੇ ਇੱਥੋਂ ਨੱਸ ਕੇ ਭਵਾਨੀਗੜ੍ਹ ਦੇ ਕਿਲ੍ਹੇ ਤੇ ਜਾ ਕਬਜ਼ਾ ਕੀਤਾ। ਰਾਜਾ ਅਮਰ ਸਿੰਘ ਨੇ ਏਥੇ ਵੀ ਜਾ ਘੇਰਾ ਪਾਇਆ ਤੇ ਚਾਹੁੰਦਾ ਸੀ ਕਿ ਏਥੋਂ ਵੀ ਕੱਢ ਦਿੱਤਾ ਜਾਏ। ਕਿੰਤੂ ਰਾਣੀ ਫਤੋ ਨੇ ਦੋਹਾਂ ਭਰਾਵਾਂ ਦੀ ਸੁਲਾਹ ਕਰਾ ਦਿੱਤੀ ਤੇ ਭਵਾਨੀਗੜ੍ਹ ਦਾ ਇਲਾਕਾ ਹਿੰਮਤ ਸਿੰਘ ਦੇ ਪਾਸ ਰਹਿਣ ਦਾ ਫ਼ੈਸਲਾ ਕਰਾਇਆ।

## ੨੪. ਮਾਝੇ ਦੇ ਸਿੰਘਾਂ ਦਾ ਮਾਲੇਰ ਕੋਟਲੇ ਨਾਲ ਟਾਕਰਾ

ਮਾਝੇ ਦੇ ਕੁਝ ਸਿੰਘਾਂ ਨੇ ਮਹਾਰਾਜੇ ਦੇ ਇਲਾਕੇ ਤੇ ਹੱਥ ਵਧਾਇਆ, ਜਿਸ ਤੋਂ ਏਨੇ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਮੱਦਦ ਨਾਲ ਆਪਣਾ ਇਲਾਕਾ ਵਾਪਸ ਲੈ ਲਿਆ। ਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਅੰਮ੍ਰਿਤ ਛਕਿਆ ਸੀ। ਇਸ ਕਰ ਕੇ ਉਹ ਇਨ੍ਹਾਂ ਦੀ ਸਦਾ ਹੀ ਮਦਦ ਕਰਦਾ ਰਿਹਾ।

ਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਨਾਲ ਲੈ ਕੇ ਮਲੇਰ ਕੋਟਲੇ ਦੇ ਪਠਾਣਾਂ ਤੇ ਚੜ੍ਹਾਈ ਕੀਤੀ। ਇਲਾਕਾ ਪਾਇਲ ਤੇ ਈਸਟਰ ਫਤਹ ਕਰ ਲਿਆ। ਇਲਾਕਾ ਈਸਟਰ ਮਹਾਰਾਜਾ ਸਾਹਿਬ ਨੇ ਆਪਣੇ ਵਲੋਂ ਸ੍ਰਦਾਰ ਜੱਸਾ ਸਿੰਘ ਨੂੰ ਭੇਟ ਵਿੱਚ ਦੇ ਦਿੱਤਾ ਤੇ ਪਾਇਲ ਵਿੱਚ ਪਟਯਾਲੇ ਦਾ ਕਬਜ਼ਾ ਰਿਹਾ। ਫਿਰ ਜਦ ੧੯੨੪ ਨੂੰ ਅਹਿਮਦ ਸ਼ਾਹ ਨੇ ਅੰਤਮ ਹਮਲਾ ਕੀਤਾ, ਤਦ ਰਾਜਾ ਅਮਰ ਸਿੰਘ ਉਸ ਨੂੰ ਪਿੰਡ ਕਰਾਹ ਬਵਾਨਾਜ ਮਿਲਿਆ ਤੇ ਛੀ ਲੱਖ ਦੇ ਕ੍ਰੀਬ ਹਰਜ਼ਾਨਾ ਦੇ ਕੇ ਬਾਦਸ਼ਾਹ ਨੂੰ ਬਹੁਤ ਖ਼ੁਸ਼ ਕੀਤਾ। ਬਾਦਸ਼ਾਹ ਨੇ ਰਾਜੇ ਨੂੰ ਤੋਹਫੇ-ਖਿਲਅਤ-ਤੇ ਰਾਜਾਏ ਰਾਜਗਾਨ ਬਹਾਦਰ* ਦਾ ਖਤਾਬ ਦਿੱਤਾ ਤੇ ਸਿੱਕਾ ਜਾਰੀ ਕਰਨ ਦੀ ਆਗਿਆ ਦੇ ਦਿੱਤੀ। ਸੋ ਉਸੇ ਯਾਦਗਾਰ ਵਿੱਚ ਪਟਿਆਲੇ ਦੇ ਸਿੱਕੇ ਤੇ ਇਹ ਗੱਲ ਲਿਖੀ ਜਾਂਦੀ ਹੈ ਕਿ:

ਹੁਕਮ ਸੁਦ ਅਜ਼ਕਾਦਰੇ ਬੇਚੂਨ ਬਾ ਐਹਮਦ ਸ਼ਾਹ
ਸਿਕਾਜ਼ਤ ਬਰ ਸੀਮੋਜ਼ਰ ਅਜ਼ਔਜੇ ਮਾਹੀ ਤਾਬ ਮਾਹ

ਤੇ ਦੂਜੇ ਪਾਸੇ ਤਖ਼ਤ ਤੇ ਬੈਠਣ ਦਾ ਸੰਨ ਤੇ ਹਰ ਵੇਲੇ ਦੇ ਰਾਜੇ ਦਾ ਨੀਯਤ ਨਿਸ਼ਾਨ ਜਿਹਾ ਕਿ ਮਹਾਰਾਜਾ ਅਮਰ ਸਿੰਘ ਦੀ ਕਲਗੀ, ਮਹਾਰਾਜਾ ਸਾਹਿਬ ਸਿੰਘ ਦੀ ਤਲਵਾਰ, ਮਹਾਰਾਜਾ ਕਰਮ ਸਿੰਘ ਦੀ ਸ਼ਮਸ਼ੇਰ, ਮਹਾਰਾਜਾ ਨਰਿੰਦਰ ਸਿੰਘ ਦਾ ਕੁੱਤਾ, ਮਹਾਰਾਜਾ ਮਹਿੰਦਰ ਸਿੰਘ ਦਾ ਪੇਸ਼ਕਬਜ਼, ਮਹਾਰਾਜਾ ਰਾਜਿੰਦਰ ਸਿੰਘ ਦੀ ਕਟਾਰ ਆਦਿਕ ਨਿਸ਼ਾਨ ਬਣੇ ਹੋਏ ਹਨ। ਇਸ ਸਮੇਂ ਮਹਾਰਾਜਾ ਅਮਰ ਸਿੰਘ ਨੇ ਜਿਹਾ ਕਿ ਦੂਜੇ ਹਿੱਸੇ ਵਿੱਚ ਦੱਸਿਆ ਜਾ ਚੁੱਕਾ ਹੈ ਕਿ ੧੫ ਹਜ਼ਾਰ ਹਿੰਦੂਆਂ ਨੂੰ ਜੋ ਬਾਦਸ਼ਾਹ ਮਥਰਾ ਦੇ ਇਲਾਕੇ ਵਿੱਚੋਂ ਕੈਦ ਕਰ ਕੇ ਲਿਆਇਆ ਸੀ, ਸਿਫਾਰਸ਼ ਕਰਨੇ ਤੇ ਤਿੰਨ ਲੱਖ ਰੁਪਯਾ ਆਪਣੇ ਪਾਸੋਂ ਦੇ ਕੇ ਛੁਡਾ ਦਿੱਤਾ ਤੇ ਹਰ ਇੱਕ ਨੂੰ ਖ਼ਰਚ ਦੇ ਕੇ ਆਪਣੇ ਘਰ ਪੁਚਾ ਦਿੱਤਾ। ਇਹੋ ਹੀ ਕਾਰਨ ਹੈ ਕਿ ਇਹ ਰਾਜਾ ਬੰਦੀਛੋੜ ਦੇ ਨਾਮ ਤੋਂ ਪ੍ਰਸਿੱਧ ਹੋ ਗਿਆ।

## ੨੫. ਸਰਦਾਰ ਬਘੇਲ ਸਿੰਘ ਦਾ ਪਟਿਆਲੇ ਤੇ ਹੱਲਾ

ਸੰਮਤ ੧੯੨੬ ਬਿਕ੍ਰਮੀ ਵਿੱਚ ਸਰਦਾਰ ਬਘੇਲ ਸਿੰਘ ਦੇ ਦੁਲਚਾ ਸਿੰਘ ਸ਼ਾਹਆਬਾਦੀ ਜੋ ਮਾਝੇ ਦੇ ਰਹਿਣ ਵਾਲੇ ਸਨ, ਸਰਦਾਰ ਅਮਰ ਸਿੰਘ ਨਾਲ ਕੁਝ ਅਜੋੜ ਹੋ ਜਾਣ ਤੇ ਇਨ੍ਹਾਂ ਨੇ ਇੱਕ ਭਾਰੀ ਫੌਜ ਦੇ ਨਾਲ ਪਟਿਆਲੇ ਤੇ ਚੜ੍ਹਾਈ ਕਰ ਦਿੱਤੀ। ਉਸ ਵੇਲੇ ਰਾਜਾ ਅਮਰ ਸਿੰਘ ਮੋਨਕ ਦੇ ਇਲਾਕੇ ਵਿੱਚ ਭੱਟੀ ਰਾਜਪੂਤਾਂ ਨਾਲ ਲੜ ਰਿਹਾ ਸੀ। ਇਹ ਖ਼ਬਰ ਸੁਣਦੇ ਹੀ ਉੱਥੇ ਬਖ਼ਸ਼ੀ ਭਾਨ ਸਿੰਘ, ਦਰਯਾ ਸਿੰਘ, ਜੋਧ ਸਿੰਘ ਆਦਿਕ ਸਰਦਾਰਾਂ ਨੂੰ ਕੰਵਰ ਹਿੰਮਤ ਸਿੰਘ ਦੀ ਕਮਾਨ ਵਿੱਚ ਛੱਡ ਕੇ ਆਪ ਝੱਟ ਪੱਟ ਪਟਿਆਲੇ ਵਾਪਸ ਆ ਗਿਆ ਤੇ ਆਪਣੇ ਸਾਰੇ ਮਿੱਤਰਾਂ ਨੂੰ ਇਕੱਠਾ ਕਰ ਕੇ ਮਾਨ ਸਿੰਘ, ਲਖਨਾ ਡੋਗਰਾ, ਬਖਤਾ ਸਿੰਘ, ਮੂਲਰਾਜ ਸਿੰਘ ਲੋਂਗੋਵਾਲੀਆ, ਅਲਾਵਲ ਖਾਂ ਰੋਹੇਲਾ, ਗ਼ੁਲਾਮ ਰਸੂਲ ਖਾਂ ਬੀੜ ਵਾਲਾ ਆਦਿਕਾਂ ਨੂੰ ਫੌਜ ਦੇ ਕੇ ਭੇਜਿਆ ਤੇ ਕਸਬਾ ਘੜਾਮ ਦੇ ਪਾਸ ਟਾਕਰਾ ਹੋ ਗਿਆ। ਤਿੰਨ ਦਿਨ ਤੱਕ ਦੋਹਾਂ ਪਾਸਿਆਂ ਤੋਂ ਲੜਾਈ ਹੁੰਦੀ ਰਹੀ। ਕਿੰਤੂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਵਿੱਚ ਪੈ ਕੇ ਸਰਦਾਰ ਅਮਰ ਸਿੰਘ ਤੇ ਸਰਦਾਰ ਬਘੇਲ ਸਿੰਘ ਦੀ ਆਪਸ ਵਿੱਚ ਸੁਲਾਹ ਕਰਾ ਦਿੱਤੀ। ਰਾਜਾ ਅਮਰ ਸਿੰਘ ਨੇ ਆਪਣੇ ਲੜਕੇ ਸਾਹਿਬ ਸਿੰਘ ਨੂੰ ਸਰਦਾਰ ਬਘੇਲ ਸਿੰਘ ਦੇ ਹਥੋਂ ਅੰਮ੍ਰਿਤ ਛਕਾਇਆ, ਜਿਸ ਤੋਂ ਸਰਦਾਰ ਬਘੇਲ ਸਿੰਘ ਸਰਦਾਰ ਅਮਰ ਸਿੰਘ ਦਾ ਸਦਾ ਦਾ ਸਾਥੀ ਬਣ ਗਿਆ। ਉੱਧਰ ਮੋਨਕ ਦਾ ਜੰਗ ਵੀ ਕੰਵਰ ਹਿੰਮਤ ਸਿੰਘ ਨੇ ਫਤਹਿ ਕਰ ਲਿਆ।

*ਰਾਜਾ ਦਾ ਖਤਾਬ ਅਹਿਮਦ ਸ਼ਾਹ ਅਬਦਾਲੀ ਨੇ ਰਾਜਾ ਆਲਾ ਸਿੰਘ ਨੂੰ ਬਰਨਾਲੇ ਦਿੱਤਾ ਸੀ ਤੇ ਨਾਲ ਹੀ ਨਗਾਰਾ ਤੇ ਸਿੱਕਾ ਚਲਾਣ ਦੇ ਅਖ਼ਤਿਆਰ ਦਿੱਤੇ ਸਨ ਤੇ ਮਹਾਰਾਜਾ ਰਾਜਗਾਨ ਸ਼ਾਹੀ ਮਰਾਤਬੇ ਸਮੇਤ ਇਸੇ ਥਾਂ ਤੇ ਰਾਜਾ ਅਮਰ ਸਿੰਘ ਸਾਹਿਬ ਬਹਾਦਰ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਦਿੱਤਾ ਸੀ।

## ੨੬. ਮਲੇਰ ਕੋਟਲਾ ਤੇ ਮਨੀ ਮਾਜਰੇ ਤੇ ਫਤਹਿ

ਇਨ੍ਹਾਂ ਹੀ ਦਿਨਾਂ ਵਿੱਚ ਰਾਜਾ ਅਮਰ ਸਿੰਘ ਨੇ ਮਾਲੇਰ ਕੋਟਲੇ ਦੇ ਅਫ਼ਗਾਨਾਂ ਤੋਂ ਲੜਾਈ ਕਰ ਕੇ ਪਿੰਡ ਬਠਾ ਲੈ ਲਿਆ ਤੇ ਜਮਾਲ ਖਾਂ ਰਈਸ ਜਿਸ ਨੇ ਅਹਿਮਦ ਸ਼ਾਹ ਨੂੰ ਧੋਖਾ ਦੇ ਕੇ ਬਰਨਾਲੇ ਤੇ ਚੜ੍ਹਾਇਆ ਸੀ, ਮਾਰਿਆ ਗਿਆ ਤੇ ਉਹਦੇ ਪੁੱਤਰ ਅਤਾਉਲਾ ਖਾਂ ਨੇ ਸੁਲਾਹ ਕਰ ਲਈ।

ਰਾਜਾ ਅਮਰ ਸਿੰਘ ਨੇ ਇੱਕ ਹਜ਼ਾਰ ਸਪਾਹ ਗ਼ਰੀਬ ਦਾਸ ਰਈਸ ਮਨੀ ਮਾਜਰੇ ਦੇ ਵਿਰੁੱਧ ਭੇਜੇ, ਗ਼ਰੀਬ ਦਾਸ ਨੇ ਰਾਜੇ ਆਲਾ ਸਿੰਘ ਦੇ ਚਲਾਣਾ ਕਰਨ ਦੀ ਖ਼ਬਰ ਸੁਣ ਕੇ ਪੰਜਵੜ* ਦੇ ਇਲਾਕੇ ਤੇ ਆਪਣਾ ਕਬਜ਼ਾ ਕਰ ਲਿਆ ਸੀ ਤੇ ਭਾਈ ਮੈਹਤੇ ਕਾ, ਬਖਤਾ ਸਿੰਘ ਦੁਲਟ, ਮਾਨ ਸਿੰਘ ਹਰੀ ਕੇ ਆਦਿਕ ਸਰਦਾਰ ਬਖ਼ਸ਼ੀ ਲਖਨਾ ਡੋਗਰ ਦੀ ਫੌਜ ਸਮੇਤ ਰਵਾਨਾ ਕੀਤਾ, ਜਿਸ ਨੇ ਨਾਹਨ ਹੰਡੋਰ ਤੇ ਖਲੋਰ ਦੇ ਰਾਜਿਆਂ ਦੀ ਸਹਾਇਤਾ ਨਾਲ ਤਿੰਨ ਮਹੀਨੇ ਦੀ ਲੜਾਈ ਦੇ ਮਗਰੋਂ ਪੰਜਵੜ ਦਾ ਇਲਾਕਾ ਗ਼ਰੀਬ ਦਾਸ ਤੋਂ ਛੁਡਾ ਲਿਆ। ਬਨੇਛ ਦੇ ਮੁਕਾਮ ਤੇ ਨਾਹਨ ਦਾ ਰਾਜਾ ਅਮਰ ਸਿੰਘ ਨਾਲ ਮਿਤਰਾਨਾਂ ਸਬੰਧ ਹੋਇਆ, ਜਿਸ ਤੋਂ ਇਹ ਕਿਲ੍ਹਾ ਓਸੇ ਨੂੰ ਦੇ ਦਿੱਤਾ।

## ੨੭. ਕੋਟਕਪੂਰਾ ਤੇ ਚੜ੍ਹਾਈ

ਇਸ ਤੋਂ ਪਿੱਛੋਂ ਰਾਜਾ ਅਮਰ ਸਿੰਘ ਨੇ ਸ੍ਰਦਾਰ ਜੋਧ ਸਿੰਘ ਰਈਸ ਕੋਟਕਪੂਰਾ ਤੇ ਜੋ ਫਰੀਦਕੋਟ ਦੇ ਲਾਗੇ ਹੈ, ਅਣਬਣ ਹੋ ਜਾਣ ਕਰ ਕੇ ਚੜ੍ਹਾਈ ਕੀਤੀ। ਰਾਜਾ ਅਮਰ ਸਿੰਘ ਦੇ ਅਸਤਬਲ ਦਾ ਇੱਕ ਘੋੜਾ ਤੇ ਘੋੜੀ ਕੋਟਕਪੂਰੇ ਚਲੀ ਗਈ ਸੀ। ਰਾਜਾ ਅਮਰ ਸਿੰਘ ਨੇ ਇਹਦੀ ਮੰਗ ਕੀਤੀ। ਜੋਧ ਸਿੰਘ ਨੇ ਇਸ ਮੰਗ ਨੂੰ ਘੱਟੇ ਕੌਡਾਂ ਵਿੱਚ ਰੁਲਾਣਾ ਚਾਹਿਆ, ਜਿਸ ਤੇ ਇਹ ਗੱਲ ਲੜਾਈ ਦਾ ਕਾਰਨ ਬਣੀ।

ਅਜੇ ਰਾਜਾ ਅਮਰ ਸਿੰਘ ਕੋਟਕਪੂਰੇ ਤੋਂ ਪੰਜ ਮੀਲ ਦੀ ਵਿਥ ਤੇ ਸੀ ਕਿ ਜੋਧ ਸਿੰਘ ਆਪਣੇ ਬੇਟੇ ਦੇ ਨਾਲ ਰੱਥ ਤੇ ਸਵਾਰ ਹੋ ਡੇਢ ਸੌ ਸਵਾਰਾਂ ਸਮੇਤ ਫੌਜ ਦੀ ਵੇਖ ਭਾਲ ਲਈ ਆ ਨਿੱਕਲਿਆ। ਅਚਣਚੇਤ ਪਟਯਾਲੇ ਦੀ ਫੌਜ ਨੇ ਉਸ ਨੂੰ ਘੇਰ ਲਿਆ।

ਇਹ ਤੀਰ ਚਲਾਣ ਵਿੱਚ ਉਸਤਾਦ ਸੀ, ਇਸ ਕਰ ਕੇ ਬਹੁਤ ਸਾਰੇ ਆਦਮੀ ਮਾਰ ਕੇ ਮਰ ਗਿਆ। ਇਸ ਦਾ ਲੜਕਾ ਫੱਟੜ ਹੋ ਕੇ ਘਰ ਜਾ ਕੇ ਮਰ ਗਿਆ। ਕਹਿੰਦੇ ਹਨ ਜਦ ਜੋਧ ਸਿੰਘ ਦੇ ਤੀਰ ਮੁੱਕ ਗਏ ਤਦ ਤਲਵਾਰ ਧੂਹ ਕੇ ਮੈਦਾਨ ਵਿੱਚ ਆ ਵੜਿਆ ਤੇ ਕਸਮ ਦੇ ਦਿੱਤੀ ਕਿ ਹੁਣ ਤਲਵਾਰ ਨਾਲ ਲੜ। ਪਟਯਾਲੇ ਦੇ ਬਖ਼ਸ਼ੀ ਲਖਨੇ ਨੇ ਵੀ ਤੀਰ ਤੇ ਗੋਲੀ ਬੰਦ ਕਰ ਦਿੱਤੀ। ਰਾਮਬਖ਼ਸ਼, ਧੋਂਕਲ ਸਿੰਘ ਪੂਰਬੀਆ, ਭਾਈ ਸਿੰਘ, ਮਾਨ ਸਿੰਘ, ਬੂਟਾ ਸਿੰਘ, ਬਖਤਾ ਸਿੰਘ ਆਦਿਕ ਮਹਾਰਾਜਾ ਦੇ ਬਹਾਦਰ ਸਰਦਾਰ ਤਲਵਾਰਾਂ ਧੂਹ ਕੇ ਖ਼ੂਬ ਲੜੇ। ਅੰਤ ਨੂੰ ਜੋਧ ਸਿੰਘ ਦਾ ਸਿਰ ਭਾਈ ਸਿੰਘ ਦੇ ਹੱਥੋਂ ਕੱਟਿਆ ਗਿਆ। ਮਹਾਰਾਜਾ ਬਹੁਤ ਨਾਰਾਜ਼ ਹੋਏ ਕਿ ਅਜਿਹੇ ਬਹਾਦਰ ਨੂੰ ਮਾਰਣਾ ਨਹੀਂ ਸੀ ਚਾਹੀਦਾ। ਫਿਰ ਮਹਾਰਾਜਾ ਸਾਹਿਬ ਇੱਥੋਂ ਹੀ ਪਟਯਾਲੇ ਮੁੜ ਗਏ।

## ੨੮. ਭੱਟੀਆਂ ਤੇ ਦੂਜੀ ਵੇਰ ਹੱਲਾ

ਸੰਮਤ ੧੮੨੮ ਦੇ ਆਰੰਭ ਵਿੱਚ ਰਾਜਾ ਅਮਰ ਸਿੰਘ ਨੇ ਆਪਣੇ ਭਾਈ ਕੰਵਰ ਹਿੰਮਤ ਸਿੰਘ ਚੌਧਰੀ ਹਮੀਰ ਸਿੰਘ ਸਮੇਤ ਫਿਰ ਭੱਟੀ ਰਾਜਪੂਤਾਂ ਤੇ ਜੋ ਓਹਦੇ ਇਲਾਕੇ ਵਿੱਚ ਗੜਬੜ ਮਚਾਈ ਰੱਖਦੇ ਸਨ, ਚੜ੍ਹਾਈ ਕੀਤੀ। ਓਹਨਾਂ ਦੇ ਵੱਡੇ ਵੱਡੇ ਪਿੰਡ ਹਮਰਮਾ ਸਿੰਘ ਫਤਹ ਕਰ ਕੇ ਆਪਣੇ ਕਬਜ਼ੇ ਵਿੱਚ ਲੈ ਆਇਆ, ਕਿੰਤੂ ਕੁਝ ਹੋਰ ਫਤਿਆਬਾਦ ਦੇ ਭੱਟੀਆਂ ਤੇ ਪਚਾਧਿਆਂ, ਰਾਜਪੂਤਾਂ ਨੇ ਸਲਾਹ ਕਰ ਕੇ ੨੦ ਹਜ਼ਾਰ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਇੱਕ ਰਾਤ ਅਚਣਚੇਤ ਹੱਲਾ ਕਰ ਦਿੱਤਾ, ਜਿਸ ਤੋਂ ਪਟਿਆਲੇ ਦੀ ਸਪਾਹ ਨੂੰ ਬਹੁਤ ਨੁਕਸਾਨ ਪੁੱਜਾ ਤੇ

*ਕਸਬਾ ਪੰਜਵੜ ਅੰਬਾਲਾ ਤੋਂ ਉੱਤਰ ਵਾਲੇ ਪਾਸੇ ਉੱਚੀ ਪਹਾੜੀ ਤੇ ਹੈ। ਪਟਯਾਲੇ ਦੇ ਰਾਜੇ ਗ਼ਰਮੀਆਂ ਵਿੱਚ ਇੱਥੇ ਹੀ ਰਿਹਾ ਕਰਦੇ ਸਨ, ਜਿੱਥੇ ਇੱਕ ਸੁੰਦਰ ਬਾਗ਼ ਬਣਿਆ ਹੋਇਆ ਹੈ ਅਤੇ ਜਿਸ ਦੇ ਟਾਕਰੇ ਦਾ ਉੱਤਰੀ ਹਿੰਦ ਵਿੱਚ ਕੋਈ ਬਾਗ਼ ਨਹੀਂ।

ਅੱਠ ਕੋਹ ਦਾ ਫਾਸਲਾ ਪਿਛੇ ਹਟ ਆਈ। ਕਿੰਤੂ ਦੂਜੇ ਦਿਨ ਹਿੰਮਤ ਸਿੰਘ ਨੇ ਇਸ ਹਿੰਮਤ ਤੇ ਦਲੇਰੀ ਨਾਲ ਵੈਰੀ ਤੇ ਹੱਲਾ ਕੀਤਾ ਕਿ ਹਜ਼ਾਰਾਂ ਆਦਮੀ ਦੁਸ਼ਮਣ ਦੇ ਮੈਦਾਨ ਵਿੱਚ ਕੰਮ ਆਏ ਤੇ ਫਤਹਿ ਦਾ ਸੇਹਰਾ ਕੇਵਲ ਹਿੰਮਤ ਸਿੰਘ ਦੇ ਸਿਰ ਬੱਝਾ। ਭੱਟੀਆਂ ਦਾ ਸਾਰਾ ਇਲਾਕਾ ਰਾਜਾ ਅਮਰ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਰਾਣੀਆਂ ਦਾ ਪ੍ਰਗਣਾ ਮਹਾਰਾਜਾ ਨਾਭੇ ਦੇ ਹੱਥ ਲੱਗਾ।

ਜੀਤ ਸਿੰਘ ਤੇ ਗਜੇ ਸਿੰਘ ਨਾਮ ਦੇ ਆਦਮੀਆਂ ਨੇ ਮਹਾਰਾਜਾ ਪਾਸ ਸ਼ਕਾਇਤ ਕੀਤੀ ਕਿ ਸੁਖਚੈਨ ਸਿੰਘ ਜੋ ਕਿ ਸਾਬੋਧੇ ਨੇ ਜੋ ਬਠਿੰਡੇ ਦੇ ਕਿਲ੍ਹੇ ਦਾ ਮਾਲਕ ਹੈ, ਸਾਡੀ ਤੀਵੀਂ ਦੀ ਬੜੀ ਬੇਪਤੀ ਕੀਤੀ ਹੈ, ਆਪ ਸਾਡੀ ਮਦਦ ਕਰੋ? ਰਾਜਾ ਅਮਰ ਸਿੰਘ ਅਜਿਹੇ ਉਪਕਾਰ ਦੇ ਸਮਿਆਂ ਦੀ ਉਡੀਕ ਵਿੱਚ ਰਹਿੰਦਾ ਸੀ। ਉਸ ਵੇਲੇ ਇੱਕ ਬਹਾਦਰ ਫੌਜ ਉਹਨਾਂ ਦੇ ਨਾਲ ਭੇਜ ਕੇ ਆਪ ਵੀ ਉਸ ਦੇ ਪਿੱਛੇ ਰਵਾਨਾ ਹੋ ਗਿਆ। ਸੁਖਚੈਨ ਸਿੰਘ ਨੂੰ ਵੀ ਇਸ ਚੜ੍ਹਾਈ ਦੀ ਖ਼ਬਰ ਮਿਲ ਗਈ। ਕਿਲ੍ਹੇ ਵਿੱਚ ਬੈਠ ਕੇ ਉਹਨੇ ਵੀ ਆਪਣੀ ਹਰ ਤਰ੍ਹਾਂ ਨਾਲ ਪਕਿਆਈ ਕਰ ਲਈ। ਕਿਲ੍ਹਾ ਇੰਨਾ ਪੱਕਾ ਸੀ ਕਿ ਉਹਦਾ ਫਤਹਿ ਕਰਨਾ ਕੋਈ ਮਾਮੂਲੀ ਗੱਲ ਨਹੀਂ ਸੀ। ਇਸ ਕਰ ਕੇ ਰਾਜਾ ਅਮਰ ਸਿੰਘ ਨੇ ਇੱਕ ਸਾਲ ਵਾਸਤੇ ਕਿਲ੍ਹੇ ਪਾਸੀਂ ਘੇਰਾ ਪਾ ਦਿੱਤਾ। ਜਦ ਅੰਦਰੋਂ ਰਸਦ ਉੱਕਾ ਮੁੱਕ ਗਈ ਤਦ ਸੁਖਚੈਨ ਸਿੰਘ ਨੇ ਤੰਗ ਆ ਕੇ ਸੁਲਾਹ ਦਾ ਪੈਗ਼ਾਮ ਭੇਜਿਆ ਜੋ ਮਨਜ਼ੂਰ ਹੋ ਗਿਆ। ਕੇਵਲ ਪਿੰਡ ਜਕਾਬਾਹਮਨ ਪਤਰਾਲਾ ਤਲਵੰਡੀ ਨੰਗਲ ਆਦਿਕ ੨੪ ਪਿੰਡ ਸੁਖਚੈਨ ਸਿੰਘ ਦੇ ਪਾਸ ਜਾਗੀਰ ਵਜੋਂ ਛੱਡ ਕੇ ਬਾਕੀ ਚਾਰ ਲੱਖ ਦਾ ਇਲਾਕਾ ਕਿਲ੍ਹਾ ਬਠਿੰਡਾ ਸਮੇਤ ਆਪਣੇ ਕਾਬੂ ਵਿੱਚ ਕਰ ਲਿਆ।

## ੨੯. ਮਰਹੱਟਿਆਂ ਦੀ ਅਵਾਈ ਤੇ ਹਿੰਮਤ ਸਿੰਘ ਦਾ ਫਸਾਦ

ਇਸ ਦੇ ਪਿੱਛੋਂ ਸੰਮਤ ੧੮੨੯ ਬਿਕਰਮੀ ਦੇ ਆਰੰਭ ਵਿੱਚ ਝੁਨਕੋਰਾਓ ਸਪਾਹਸਲਾਰ ਮਰਹੱਟਿਆਂ ਦੀ ਆਉਂਦ ਸੁਣ ਕੇ ਭੋਏ ਤੀਰਥ* ਤੇ ਅਸ਼ਨਾਨ ਕਰਨ ਆ ਰਿਹਾ ਸੀ। ਇਸ ਕਰ ਕੇ ਮੁਲਕ ਵਿੱਚ ਹਿਲਜੁਲ ਮਚ ਆਈ। ਰਾਜਾ ਅਮਰ ਸਿੰਘ ਨੂੰ ਇਸ ਗੱਲ ਦੀ ਚਿੰਤਾ ਉਤਪੰਨ ਹੋ ਗਈ, ਜਿਸ ਤੋਂ ਉਹਨਾਂ ਆਪਣਾ ਸਾਰਾ ਮਾਲ ਅਸਬਾਬ ਬਠਿੰਡੇ ਦੇ ਕਿਲ੍ਹੇ ਵਿੱਚ ਭੇਜ ਦਿੱਤਾ। ਕਿੰਤੂ ਜਦ ਉਹ ਥੋੜ੍ਹੇ ਜਿਹੇ ਦਿਨ ਭੋਏ ਠਹਿਰ ਕੇ ਵਾਪਸ ਚਲਾ ਗਿਆ, ਤਦ ਸਾਰਿਆਂ ਦੀ ਜਾਨ ਵਿੱਚ ਜਾਨ ਆਈ। ਹੁਣ ਮਰਹਟਿਆਂ ਵਲੋਂ ਬੇਖਟਕੇ ਹੋਏ ਭੱਟੀ ਰਾਜਪੂਤ ਮਰਹੱਟਿਆਂ ਦੀ ਆਉਂਦ ਸੁਣ ਕੇ ਆਕੜ ਗਏ ਸਨ। ਇਨ੍ਹਾਂ ਦੇ ਸੁਧਾਰ ਵਲ ਧਿਆਨ ਦਿੱਤਾ ਤੇ ਜਦ ਕੂਚ ਕੀਤਾ ਤਦ ਪਿੱਛੋਂ ਕੰਵਰ ਹਿੰਮਤ ਸਿੰਘ ਨੇ ਹਿੰਮਤ ਕਰ ਕੇ ਸ਼ਹਿਰ ਤੇ ਪਟਿਆਲੇ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਇਸ ਭਯਾਨਕ ਖ਼ਬਰ ਦੇ ਪੁੱਜਦੇ ਹੀ ਰਾਜਾ ਅਮਰ ਸਿੰਘ ਵਾਪਸ ਮੁੜ ਆਇਆ ਤੇ ਪਟਿਆਲੇ ਤੋਂ ੮ ਕੋਹ ਦੀ ਵਿੱਥ ਤੇ ਸਾਮਾਨਾ ਪਿੰਡ ਵਿੱਚ ਡੇਰਾ ਕਰ ਦਿੱਤਾ। ਸਾਰੇ ਰਈਸ ਉਹਦੇ ਪਾਸ ਆ ਗਏ। ਸਰਦਾਰ ਤਾਰਾ ਸਿੰਘ ਰਈਸ ਚੌਧਰੀ ਹਰੀਮ ਸਿੰਘ ਵਾਲੀਏ ਨਾਭਾ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਧੰਨਾ ਸਿੰਘ ਸੁਖਾ ਸਿੰਘ ਕੈਥਲ ਵਾਲੇ ਜੱਸਾ ਸਿੰਘ ਆਹਲੂਵਾਲੀਆ ਤੇ ਭਾਈ ਦੇਸੂ ਸਿੰਘ ਆਦਿਕ ਸਾਰੇ ਪ੍ਰਸਿੱਧ ਸਰਦਾਰ ਰਾਜਾ ਪਾਸ ਅੱਪੜ ਗਏ। ਕੀਰਤ ਪ੍ਰਕਾਸ਼ ਨਾਹਨ ਵਾਲਾ ਭੀ ਬਿਨਾਂ ਸਦੇ ਫੌਜ ਲੈ ਕੇ ਆ ਗਿਆ। ਹਿੰਮਤ ਸਿੰਘ ਨੂੰ ਉਮੈਦ ਸੀ ਕਿ ਰਾਜਾ ਅਮਰ ਸਿੰਘ ਦਾ ਐਸ਼ਵਰਜ ਤੇ ਪ੍ਰਤਾਪ ਵੇਖ ਕੇ ਦੂਜੇ ਰਾਜੇ ਈਰਖਾ ਕਰਦੇ ਹਨ, ਉਹ ਸਾਥ ਨਹੀਂ ਦੇਣਗੇ। ਪ੍ਰੰਤੂ ਉਹਦੇ ਇਸ ਤਰ੍ਹਾਂ ਸਾਰੇ ਰਾਜਿਆਂ ਨੂੰ ਆਇਆ ਵੇਖ ਕੇ ਹਿੰਮਤ ਸਿੰਘ ਦੀ ਹਿੰਮਤ ਦਾ ਲੱਕ ਟੁੱਟ ਗਿਆ। ਚਾਰਿਆਂ ਪਾਸਿਆਂ ਤੋਂ ਕਿਲ੍ਹੇ ਵਿੱਚ

---

*ਹਿੰਦੂਆਂ ਵਿੱਚ ਇਹ ਤੀਰਥ ਬੜਾ ਪਵਿੱਤਰ ਸਮਝਿਆ ਜਾਂਦਾ ਹੈ। ਇੱਥੋਂ ਦੇ ਦਰਯਾ ਬਾਬਤ ਹਿੰਦੂਆਂ ਦੀਆਂ ਪੁਸਤਕਾਂ ਵਿੱਚ ਲਿਖਿਆ ਹੈ ਕਿ ਇਹ ਬ੍ਰਹਮਾ ਦੀ ਤੀਵੀਂ ਤੇ ਅਕਲ ਦੀ ਆਪਣੇ ਇਹ ਦੇਵੀ ਸੀ। ਕਿੰਤੂ ਜਦ ਇੱਕ ਵੇਰ ਮਖਸ਼ਾਂ ਇਸ ਨੂੰ ਕੁਰਸ਼ੇਤਰ ਦੇ ਜੰਗਲ ਵਿੱਚ ਘੇਰ ਲਿਆ, ਤਦ ਆਪ ਨੂੰ ਬਚਾਨ ਵਾਸਤੇ ਨਦੀ ਬਣ ਕੇ ਚੱਲ ਪਈ ਤੇ ਇਹ ਵੀ ਕਹਿੰਦੇ ਹਨ ਕਿ ਅਲਾਹਾਬਾਦ (ਪ੍ਰਯਾਗ ਰਾਜ) ਦੇ ਕਿਲ੍ਹੇ ਦੇ ਪਾਸ ਜਮਨਾ ਵਿੱਚ ਜਮਨਾ ਜਾ ਕੇ ਮਿਲ ਜਾਂਦੀ ਹੈ।

ਘਿਰ ਗਿਆ। ਅੰਤ ਨੂੰ ਜਦ ਉਸ ਨੇ ਕੋਈ ਕਾਮਯਾਬੀ ਦੀ ਸੂਰਤ ਨਾ ਵੇਖੀ, ਤਦ ਭਾਈ ਦੇਸੂ ਸਿੰਘ ਤੇ ਰਾਜਾ ਜੀਂਦ ਜੋ ਉਹਦੇ ਦੋਸਤ ਸਨ, ਉਹਨਾਂ ਦੀ ਰਾਹੀਂ ਸਲਾਹ ਦਾ ਸੁਨੇਹਾ ਭੇਜਿਆ। ਰਾਜਾ ਅਮਰ ਸਿੰਘ ਨੇ ਉਹਨੂੰ ਮਾਫ਼ ਕਰ ਦਿੱਤਾ, ਉਹਦੀ ਜਾਨ ਬਖ਼ਸ਼ੀ ਕਰ ਕੇ ਤਹਾਈ ਦੇ ਦਿੱਤੀ ਤੇ ਡੇਹਰਾ ਦੇ ਇਲਾਕੇ ਵਿੱਚ ਹੋਰ ਕਈ ਪਿੰਡ ਉਹਦੀ ਜਾਗੀਰ ਵਿੱਚ ਵਧਾ ਦਿੱਤੇ। ੧੮੩੧ ਬਿੱਕ੍ਰਮੀ ਮੁਤਾਬਕ ੧੭੭੪ ਈਸਵੀ ਨੂੰ ਹਿੰਮਤ ਸਿੰਘ ਲੌਂਗੋਵਾਲ ਦੇ ਅਸਥਾਨ ਤੇ ਚਲਾਣਾ ਕਰ ਗਿਆ। ਰਾਜਾ ਅਮਰ ਸਿੰਘ ਨੇ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਤੇ ਉਹਦੀ ਵਿਧਵਾ ਨਾਲ ਆਪਣਾ ਆਨੰਦ ਪੜ੍ਹਾ ਲਿਆ।

## ੩੦. ਸਿਮਰੂ ਸਾਹਿਬ ਦਾ ਜੰਗ

ਸੰਮਤ ੧੮੩੧ ਬਿੱਕ੍ਰਮੀ ਨੂੰ ਸਰੋਨਾ ਵਾਲੇ ਫਰਾਂਸੀਸ ਸਮਰੂ ਸਾਹਿਬ ਦਰਬਾਰ ਦਿਲੀ ਵਲੋਂ ਰਿਆਸਤ ਜੀਂਦ ਤੇ ਜਦ ਹਮਲਾ ਕੀਤਾ, ਤਦ ਰਾਜਾ ਅਮਰ ਸਿੰਘ ਨੇ ਸਰਦਾਰ ਸੁਖਦਾਸ ਮਾਨ ਸਿੰਘ, ਬੂਟਾ ਸਿੰਘ ਆਦਿਕਾਂ ਨੂੰ ੫੦੦੦ ਸਵਾਰ ਦੇ ਕੇ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਦੀ ਸਹਾਇਤਾ ਲਈ ਭੇਜਿਆ, ਜਿਨ੍ਹਾਂ ਨੇ ਪਾਨੀਪਤ ਦੇ ਕਰੀਬ ਇੱਕ ਜਾਨ ਹੂਲਵੇਂ ਜੰਗ ਦੇ ਵਿੱਚ ਸਮਰੂ ਸਾਹਿਬ ਨੂੰ ਸ਼ਕਸਤ ਦਿੱਤੀ। ਫਿਰ ਰਾਜਾ ਅਮਰ ਸਿੰਘ ਨੇ ਨਾਹਨ ਵਾਲੇ ਰਾਜੇ ਦੀ ਪ੍ਰੇਰਨਾ ਤੋਂ ਕਸਬਾ ਸੈਫ਼ਆਬਾਦ ਨੂੰ ਫਤਹਿ ਕਰ ਕੇ ਉੱਥੋਂ ਦੇ ਗੁਲਬੇਗ ਖਾਂ ਕਿਲ੍ਹੇਦਾਰ ਦੀ ੭ ਰੁਪਯੇ ਰੋਜ਼ ਪਿਨਸ਼ਨ ਨੀਯਤ ਕਰ ਦਿੱਤੀ ਤੇ ਸੇਫ ਅਲੀ ਖਾਂ ਦੀ ਸੰਤਾਨ ਦੇ ਵਾਸਤੇ ਪਿੰਡ ਰਸੂਲ ਪੁਰ ਛੱਡ ਕੇ ਓਹਦਾ ਕੁਲ ਇਲਾਕਾ ਇੱਕ ਲੱਖ ਦਾ ਆਪਣੇ ਕਬਜ਼ੇ ਵਿੱਚ ਕਰ ਲਿਆ।

## ੩੧. ਹਿਸਾਰ ਦੀ ਜਿੱਤ

ਇਸੇ ਸਾਲ ਰਾਜਾ ਅਮਰ ਸਿੰਘ ਨੇ ਭੱਟੀਆਂ ਦੇ ਇਲਾਕੇ ਤੇ ਚੜ੍ਹਾਈ ਕਰ ਕੇ ਹਿਸਾਰ ਦੇ ਕਿਲ੍ਹੇ ਨੂੰ ਘੇਰ ਲਿਆ। ਦੋਹਾਂ ਧਿਰਾਂ ਵਲੋਂ ਉੱਥੇ ਸਖ਼ਤ ਲੜਾਈ ਹੋਈ। ੪੦੦ ਦੇ ਕਰੀਬ ਪਟਯਾਲੇ ਦੇ ਸਿਪਾਹੀ ਤੇ ਸਰਦਾਰ ਨਥਾ ਸਿੰਘ ਆਦਿਕ ਕਾਲੇ ਦੇ ਕੁਝ ਸਰਦਾਰ ਮਾਰੇ ਗਏ ਤੇ ੧੪੦੦ ਸਿਪਾਹੀ ਭੱਟੀਆਂ ਦਾ ਮਾਰਿਆ ਗਿਆ। ਫਤੇਹ ਰਾਜਾ ਅਮਰ ਸਿੰਘ ਦੀ ਹੋਈ ਤੇ ਉਸ ਨੇ ਇਸ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ। ਬਹੁਤ ਸਾਰਾ ਖ਼ਜ਼ਾਨਾ ਤੋਪਖਾਨਾ ਤੇ ਰਾਜ ਦਾ ਸਾਮਾਨ ਰਾਜੇ ਦੇ ਹੱਥ ਆਇਆ।

## ੩੨. ਜੀਂਦ ਦਾ ਜੰਗ ਰਾਣੀ ਤੇ ਸਰਸੇ ਦੀ ਫਤਹਿ

ਇਸ ਤੋਂ ਪਿੱਛੋਂ ਰਾਜਾ ਅਮਰ ਸਿੰਘ ਨੇ ਫ਼ਤਹਿਆਬਾਦ ਤੇ ਸਰਸੇ ਦੇ ਕਿਲ੍ਹੇ ਤੇ ਕਬਜ਼ਾ ਕਰ ਕੇ ਕਸਬਾ ਰਾਣੀਆਂ ਵਲ ਧਿਆਨ ਕੀਤਾ। ਇਹ ਕਿਲ੍ਹਾ ਮੁਹੰਮਦ ਅਮੀਨ ਖਾਂ ਭੱਟੀ ਦੇ ਕਬਜ਼ੇ ਵਿੱਚ ਸੀ। ਇਸੇ ਥਾਂ ਤੇ ਇਸ ਨੂੰ ਖ਼ਬਰ ਮਿਲੀ ਕਿ ਰਹੀਮ ਖਾਂ ਸੂਬੇਦਾਰ ਹਾਂਸੀ ਨੇ ਮੁਸਲਮਾਨਾਂ ਦੀ ਇੱਕ ਬੜੀ ਭਾਰੀ ਭੀੜ ਲੈ ਕੇ ਜੀਂਦ ਦਾ ਘੇਰਾ ਪਾ ਲਿਆ ਹੈ। ਸੋ ਉਸੇ ਵੇਲੇ ਉਸ ਨੇ ਦੀਵਾਨ ਨਾਨੂ ਮੱਲ ਨੂੰ ਫੌਜ ਦਾ ਇੱਕ ਦਸਤਾ ਤੋਪਖਾਨੇ ਸਮੇਤ ਦੇ ਕੇ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਦੀ ਮਦਦ ਲਈ ਰਵਾਨਾ ਕਰ ਦਿੱਤਾ। ਪਿੱਛੋਂ ਰਾਣੀਆਂ ਦੇ ਮੋਰਚੇ ਦਾ ਪ੍ਰਬੰਧ ਸੁਖਦਾਸ ਸਿੰਘ ਨੂੰ ਸੌਂਪ ਕੇ ਆਪ ਵੀ ਉਸੇ ਪਾਸੇ ਟੁਰ ਪਿਆ। ਨਾਨੂਮਲ ਨੇ ਕੈਥਲ ਆਦਿਕ ਤੇ ਫੂਲ ਦੇ ਸਾਰੇ ਰਾਜਿਆਂ ਨੂੰ ਜੋ ਜੀਂਦ ਦੀ ਮਦਦ ਲਈ ਆਏ ਹੋਏ ਸਨ, ਮਿਲ ਕੇ ਬੜਾ ਸਖ਼ਤ ਹੱਲਾ ਬੋਲ ਦਿੱਤਾ ਤੇ ਮੁਸਲਮਾਨਾਂ ਨੂੰ ਅਜਿਹੀ ਸਖ਼ਤ ਸ਼ਕਸਤ ਦਿੱਤੀ ਕਿ ਉਹ ੭ ਕੋਹ ਪਿਛੇ ਹਟ ਗਏ। ਉਹਨਾਂ ਦੇ ਬਹੁਤ ਸਾਰੇ ਘੋੜੇ ਚਾਰ ਹਾਥੀਆਂ ਦੀਆਂ ਜ਼ੰਜ਼ੀਰਾਂ ਤੇ ਬਹੁਤ ਸਾਰਾ ਅਸਬਾਬ ਦੀਵਾਨ ਨਾਨੂ ਮਲ ਦੇ ਹੱਥ ਆਇਆ। ਫਿਰ ਇਸ ਸਮੇਂ ਨੂੰ ਉਚਿਤ ਜਾਣ ਜੀਂਦ ਵਾਲੇ ਰਾਜੇ ਨੂੰ ਨਾਲ ਲੈ ਕੇ ਹਾਂਸੀ ਹਿਸਾਰ ਰੋਹਤਕ ਆਦਿਕਾਂ ਨੂੰ ਤਲਵਾਰ ਦੇ ਜ਼ੋਰ ਨਾਲ ਜਿੱਤ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਪ੍ਰਗਣਾਂ ਰੋਹਾਣਾ ਤੇ ਰੋਹਤਕ ਜੀਂਦ ਦੇ ਸਪੁਰਦ ਕੀਤਾ ਤੇ ਹਾਂਸੀ ਹਿਸਾਰ ਨੂੰ ਆਪਣੇ ਮਾਲਕ ਰਾਜਾ ਅਮਰ ਸਿੰਘ ਦੇ ਕਬਜ਼ੇ ਵਿੱਚ ਕੀਤਾ।

ਸੁਖਦਾਸ ਸਿੰਘ ਨੇ ਆਪਣੇ ਮੋਰਚੇ ਕਿਲ੍ਹੇ ਰਾਣੀਆਂ ਨੂੰ ਫਤਹਿ ਕਰ ਕੇ ਚਾਰ ਮਹੀਨੇ ਇਧਰ ਲਾ ਕੇ ਸਰਸਾ ਨੂੰ ਕਾਬੂ ਕਰ ਕੇ ਭੱਟੀਆਂ ਦੀ ਹਕੂਮਤ ਨੂੰ ਉੱਕਾ ਮਿਟਾ ਦਿੱਤਾ।

## ੩੩. ਭਟਨੇਰ ਤੇ ਹਮਲਾ

ਇਸ ਖ਼ੁਸ਼ਖਬਰੀ ਦੇ ਸੁਣਨ ਤੋਂ ਪਿੱਛੋਂ ਰਾਜਾ ਅਮਰ ਸਿੰਘ ਨੇ ਪਟਯਾਲੇ ਤੋਂ ਦੱਖਣ ਵਲ ਕੂਚ ਕੀਤਾ। ਸਰਸਾ ਤਕ ਦੇ ਸਾਰੇ ਇਲਾਕਿਆਂ ਵਿੱਚੋਂ ਜੋ ਉਸ ਵੇਲੇ ਉਹਦੇ ਅਧੀਨ ਸੀ, ਬਹੁਤ ਸਾਰਾ ਮਾਮਲਾ ਵਸੂਲ ਕਰ ਕੇ ਕਿਲ੍ਹਾ ਭਟਨੇਰ* ਤੇ ਹਮਲਾ ਕੀਤਾ। ਭਾਰੀ ਲੜਾਈ ਦੇ ਮਗਰੋਂ ਉੱਥੋਂ ਦੇ ਵਸਨੀਕਾਂ ਨੇ ਹਥਯਾਰ ਰੱਖ ਦਿਤੇ। ਇਸ ਕਰ ਕੇ ਇਹਨਾਂ ਨੇ ਮੁਹੰਮਦ ਅਮੀਨ ਖਾਂ ਮੁਹੰਮਦ ਹਸਨ ਖਾਂ ਪਾਸ ਕੇਵਲ ਸਤ ਪਿੰਡ ਤੇ ਕਿਲ੍ਹਾ ਭਟਨੇਰ ਜਾਗੀਰ ਵਜੋਂ ਛੱਡ ਦਿੱਤਾ।

## ੩੪. ਦੇਹਲੀ ਦੇ ਵਜ਼ੀਰ ਦਾ ਹੱਲਾ ਤੇ ਆਪੋ ਵਿੱਚ ਇਕਰਾਰ

ਦਿੱਲੀ ਦੀ ਬਾਦਸ਼ਾਹੀ ਦੀ ਹਾਲਤ ਚੋਖੇ ਚਿਰ ਤੋਂ ਵਿਗੜੀ ਹੋਈ ਸੀ ਤੇ ਕੇਵਲ ਨਾਮਮਾਤਰ ਰਹਿ ਗਈ ਸੀ। ਕਿੰਤੂ ਇਨ੍ਹਾਂ ਦਿਨਾਂ ਵਿੱਚ ਵਕਫ ਖਾਂ ਨਾਮ ਦਾ ਇੱਕ ਲਾਇਕ ਵਜ਼ੀਰ ਮਿਲ ਗਿਆ ਸੀ, ਇਸ ਨੇ ਚਾਹਿਆ ਕਿ ਹੱਥ ਪੈਰ ਮਾਰ ਕੇ ਉਹ ਇਲਾਕਾ ਜੋ ਰਹੀਮ ਦਾਦ ਖਾਂ ਪਾਸੋਂ ਸਿੱਖਾਂ ਨੇ ਫਤਹਿ ਕਰ ਲਿਆ ਹੋਇਆ ਹੈ, ਵਾਪਸ ਲੈ ਕੇ ਤੇ ਇਸ ਤਰ੍ਹਾਂ ਆਪਣੀ ਮਿਟਦੀ ਜਾ ਰਹੀ ਸਲਤਨਤ ਦੇ ਚਿੰਨ੍ਹ ਫਿਰ ਕਾਇਮ ਕਰ ਲਏ ਜਾਣ। ਸੋ ਇਸ ਕਰ ਕੇ ਉਸ ਨੇ ਸ਼ਾਹੀ ਫੌਜ ਨੂੰ ਨਾਲ ਲੈ ਕੇ ਕੂਚ ਕੀਤਾ। ਇਧਰੋਂ ਰਾਜਾ ਅਮਰ ਸਿੰਘ ਨੇ ਦੀਵਾਨ ਰਾਮ ਦਿਆਲ ਨਾਨੂ ਮਲ ਨੂੰ ਬਹੁਤ ਸਾਰੀ ਫੌਜ ਦੇ ਕੇ ਭੇਜਿਆ। ਭਾਵੇਂ ਆਪੋ ਵਿੱਚ ਇੱਕ ਦੋ ਟਾਕਰੇ ਹੀ ਹੋਏ, ਕਿੰਤੂ ਅੰਤ ਨੂੰ ਜ਼ਾਬਤਾ ਖਾਂ ਰੋਹੇਲਾ ਜੋ ਨਵਾਬ ਨਜੀਬਉਦੌਲਾ ਦਾ ਪੁੱਤ੍ਰ ਸੀ, ਦੇ ਯਤਨਾਂ ਨਾਲ ਰਾਜਾ ਅਮਰ ਸਿੰਘ ਤੇ ਦਿਲੀ ਦੇ ਵਜ਼ੀਰ ਦੇ ਵਿਚਕਾਰ ਸ਼ਰਤਾਂ ਤੇ ਇਕਰਾਰਨਾਮੇ ਹੋਣ ਤੱਕ ਹਾਲਾਤ ਆ ਗਈ। ਜੀਂਦ ਦੇ ਮੁਕਾਮ ਤੇ ਰਾਜਾ ਅਮਰ ਸਿੰਘ ਦੀ ਵਜ਼ੀਰ ਨਾਲ ਮੁਲਾਕਾਤ ਹੋਈ ਤੇ ਇਹ ਫ਼ੈਸਲਾ ਹੋਇਆ ਕਿ ਇਲਾਕਾ ਹਾਂਸੀ ਹਿਸਾਰ ਤੇ ਰੋਹਤਕ ਤੱਕ ਦਿਲੀ ਦੀ ਸਲਤਨਤ ਨੂੰ ਵਾਪਸ ਕਰ ਦਿੱਤਾ ਜਾਵੇ। ਬਾਕੀ ਫਤਹਿਅਬਾਦ ਰਾਣੀਆਂ ਤੇ ਸਰਸਾ ਅੱਗੇ ਵਾਂਗ ਪਟਯਾਲੇ ਦੇ ਵਿੱਚ ਸ਼ਾਮਲ ਰਹਿਣ; ਇਸ ਤੋਂ ਛੁਟ ਜੀਂਦ ਵਾਲਿਆਂ ਨੇ ਜਿੰਨੇ ਸ਼ਹਿਰਾਂ ਦੇ ਕਬਜ਼ੇ ਕੀਤੇ ਸਨ, ਉਹਨਾਂ ਵਿੱਚੋਂ ੭ ਇਨ੍ਹਾਂ ਨੂੰ ਮਿਲ ਗਏ।

## ੩੫. ਫ਼ਰੀਦਕੋਟ ਤੇ ਚੜ੍ਹਾਈ

ਸੰਮਤ ੧੮੩੫ ਬਿ. ਨੂੰ ਰਾਜਾ ਅਮਰ ਸਿੰਘ ਨੇ ਫਰੀਦਕੋਟ ਤੇ ਕੋਟਕਪੂਰੇ ਵਲ ਧਿਆਨ ਦਿੱਤਾ ਤੇ ਸ੍ਰਦਾਰ ਝੰਡੂ ਸਿੰਘ ਦੇ ਮਾਤੈਹਤ ਇੱਕ ਫੌਜ ਭੇਜੀ, ਕਿੰਤੂ ਇਸ ਇਲਾਕੇ ਦੇ ਆਕੜ ਖਾਂ ਲੋਕਾਂ ਦੇ ਜ਼ੋਰ ਨਾਲ ਇਸ ਪਾਸੇ ਕਬਜ਼ਾ ਕਰਨ ਵਿੱਚ ਕਾਮਯਾਬੀ ਨਹੀਂ ਹੋਈ।

## ੩੬. ਮਨੀ ਮਾਜਰੇ ਤੇ ਹਮਲਾ

੧੮੩੬ ਬਿਕ੍ਰਮੀ ਨੂੰ ਰਾਜਾ ਅਮਰ ਸਿੰਘ ਨੇ ਗ਼ਰੀਬ ਦਾਸ ਮਨੀ ਮਾਜਰੇ ਵਾਲਾ ਤੇ ਹਰੀ ਸਿੰਘ ਰਈਸ ਸਿਆਲੀਆਂ ਵੱਲ ਨਜ਼ਰ ਫ਼ੇਰੀ ਤੇ ਰੋਪੜ ਤੱਕ ਨਜ਼ਰ ਦੌੜਾਈ। ਮਨੀ ਮਾਜਰੇ ਦਾ ਸਰਦਾਰ ਅਜੇ ਆਪਣੇ ਦੋਸਤ ਨੂੰ ਸੱਦ ਵੀ ਨਹੀਂ ਸਕਿਆ ਸੀ ਕਿ ਰਾਜਾ ਅਮਰ ਸਿੰਘ ਨੇ ਉਸ ਇਲਾਕੇ ਵਿੱਚ ਅੱਪੜ ਕੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਗ਼ਰੀਬ ਦਾਸ ਨੇ ਨੱਸ ਕੇ ਕਿਲ੍ਹੇ ਵਿੱਚ ਪਨਾਹ ਲਈ ਤੇ ਤਿੰਨ ਮਹੀਨੇ ਤਕ ਬਰਾਬਰ ਅੰਦਰੋਂ ਲੜਦਾ ਰਿਹਾ। ਅੰਤ ਨੂੰ ਉਹਨੇ ਇੱਕ ਤਕੜੀ ਰਕਮ ਨਜ਼ਰਾਨੇ ਵਜੋਂ ਭੇਜ ਕੇ ਰਾਜਾ ਅਮਰ ਸਿੰਘ ਦੀ ਅਧੀਨਤਾ ਸਵੀਕਾਰ ਕੀਤੀ।

---

*ਇਹ ਕਿਲ੍ਹਾ ਵੀ ਬਠਿੰਡੇ ਦੇ ਕਿਲ੍ਹੇ ਵਾਂਗ ਬੜਾ ਮਜ਼ਬੂਤ ਤੇ ਪੁਰਾਣਾ ਕਿਲ੍ਹਾ ਹੈ। ਇੱਥੇ ਸੂਰਤ ਨਾਮ ਦੀ ਇੱਕ ਨਦੀ ਵਗਦੀ ਹੈ, ਜਿਸ ਦੀ ਸ਼ਾਖ ਹੁਣ ਵੀ ਥੋੜ੍ਹੀ ਜਿਹੀ ਉਹਦੇ ਹੇਠ ਵਗਦੀ ਹੈ। ਬਠਿੰਡੇ ਦੇ ਹੇਠ ਜੋ ਅਕੜਾ ਨਾਮ ਦੀ ਨਦੀ ਵਗਦੀ ਸੀ, ਉਹ ਉੱਕਾ ਬੰਦ ਹੋ ਗਈ ਹੈ। ਕਹਿੰਦੇ ਹਨ ਬਠਿੰਡੇ ਤੇ ਭਟਨੇਰ ਦੇ ਵਿਚਕਾਰ ਇੱਕ ਸੁਰੰਗ ਸੀ, ਜਿਸ ਵਿੱਚ ਊਠ ਚਲਾ ਜਾਂਦਾ ਸੀ।

## ੩੭. ਜੰਗ ਸਯਾਲਬਾ

ਰਾਜਾ ਅਮਰ ਸਿੰਘ ਨੇ ਸ਼ਿਆਲਬਾ ਵਲ ਜੋਂ ਉੱਥੋਂ ੧੬ ਮੀਲ ਦੀ ਵਿੱਥ ਤੇ ਹੈ, ਮੂੰਹ ਫੇਰਿਆ, ਉੱਥੋਂ ਦਾ ਰਈਸ ਸਰਦਾਰ ਹਰੀ ਸਿੰਘ ਬੜਾ ਧਨਵਾਨ ਸੀ। ਇਸ ਦਾ ਮੇਲ ਗੇਲ ਵੀ ਬੜੇ ਬੜੇ ਸਰਦਾਰਾਂ ਨਾਲ ਸੀ। ਇਸ ਕਰ ਕੇ ਜੱਸਾ ਸਿੰਘ ਰਾਮਗੜ੍ਹੀਆ, ਗੁਰਦਿਤ ਸਿੰਘ ਲੁਡਵਾਂ ਵਾਲਾ, ਕਰਮ ਸਿੰਘ ਸ਼ਹੀਦ ਸ਼ਾਹਜ਼ਾਦੇ ਪੁਰੀਆ, ਗੁਰਬਖ਼ਸ਼ ਸਿੰਘ ਅੰਬਾਲੇ ਵਾਲਾ ਤੇ ਹੋਰ ਸਰਦਾਰ ਵੀ ਆਪਣੀ ਆਪਣੀ ਫੌਜ ਲੈ ਕੇ ਸਹਾਇਤਾ ਲਈ ਆ ਗਏ। ਸਿਆਲਬਾ ਦੇ ਮੁਕਾਮ ਤੇ ਦੋਨੋਂ ਲਸ਼ਕਰਾਂ ਦਾ ਸਾਹਮਣਾ ਹੋ ਗਿਆ। ਉਸ ਵੇਲੇ ਭਾਵੇਂ ਮਹਾਰਾਜਾ ਪਟਿਆਲਾ ਦੀ ਫੌਜ ਇੰਨੀ ਕਾਫੀ ਨਹੀਂ ਸੀ ਕਿ ਹਰੀ ਸਿੰਘ ਦੀ ਫੌਜ ਦਾ ਟਾਕਰਾ ਕਰਦੀ ਤੇ ਨਾ ਹੀ ਇੰਨੀ ਆਸ ਸੀ ਕਿ ਸਿਆਲਬਾ ਦੇ ਰਈਸ ਪਾਸ ਏਨੀ ਫੌਜ ਇਕੱਤ੍ਰ ਹੋ ਜਾਏਗੀ, ਜੋ ਮਹਾਰਾਜਾ ਪਟਯਾਲਾ ਇੰਨੀ ਵਧੀਕ ਫੌਜ ਇਕੱਤਰ ਕਰਦਾ। ਕਿੰਤੂ ਉਸ ਵੇਲੇ ਦੀ ਲੋੜ ਨੇ ਮਹਾਰਾਜਾ ਪਟਯਾਲਾ ਦੀ ਫੌਜ ਨੂੰ ਲੜਨ ਲਈ ਮਜਬੂਰ ਕੀਤਾ। ਨਤੀਜਾ ਇਹ ਹੋਇਆ ਕਿ ਪਟਿਆਲੇ ਦੀ ਫ਼ੌਜ ਨੂੰ ਹਾਰ ਹੋਈ। ਕਈ ਸੌ ਆਦਮੀ ਮਾਰੇ ਗਏ। ਬਖ਼ਸ਼ੀ ਲਖਨਾ ਵੀ ਮਾਰਿਆ ਗਿਆ। ਦੀਵਾਨ ਨਾਨੂਮਲ ਫੱਟੜ ਹੋਇਆ। ਝੰਡੂ ਸਿੰਘ ਤੇ ਮਾਨ ਸਿੰਘ ਸਰਦਾਰ ਫੜੇ ਗਏ। ਇਸ ਹਾਰ ਤੋਂ ਰਾਜਾ ਅਮਰ ਸਿੰਘ ਨੂੰ ਬਹੁਤ ਜੋਸ਼ ਆਇਆ ਤੇ ਉਹਨਾਂ ਜੀਂਦ, ਨਾਭਾ ਤੇ ਰਾਏਕੋਟ ਆਦਿਕ ਸਾਰੇ ਰਾਜਿਆਂ ਦੋਸਤਾਂ ਸੱਜਣਾਂ ਮਿੱਤਰਾਂ ਨੂੰ ਸੁਨੇਹਾ ਭੇਜਿਆ ਕਿ ਸਾਰੇ ਆਪਣੀ ਆਪਣੀ ਫੌਜ ਲੈ ਕੇ ਸਹਾਇਤਾ ਵਾਸਤੇ ਪੁੱਜੇ। ਸਭ ਤੋਂ ਪਹਿਲਾਂ ਬੀਬੀ ਰਾਜਿੰਦਰ ਕੌਰ; ਜੋ ਕਿ ਰਾਜਾ ਅਮਰ ਸਿੰਘ ਦੇ ਚਾਚੇ ਦੀ ਲੜਕੀ ਸੀ ਤੇ ਬੜੀ ਬਹਾਦਰ ਦਲੇਰ ਵਿਧਵਾ ਸੀ, ਆਪਣੀ ੩੦੦੦ ਫੌਜ ਲੈ ਕੇ ਜੇਹੜੇ ਸਰਦਾਰ ਹਰੀ ਸਿੰਘ ਦੀ ਮਦਦ ਤੇ ਸਨ, ਉਹਨਾਂ ਦੇ ਇਲਾਕੇ ਵਿੱਚ ਦੀ ਗੁਜ਼ਰਦੀ ਪਟਿਆਲੇ ਪੁੱਜੀ। ਫਿਰ ਦੋਨੋਂ ਭਰਾ ਧੰਨਾ ਸਿੰਘ ਸੁਖਾ ਸਿੰਘ ਕੈਥਲ ਵਾਲੇ, ਨਾਭਾ ਤੇ ਜੀਂਦ ਦੇ ਰਈਸ, ਮਾਲੇਰ ਕੋਟਲੇ ਦੇ ਨਵਾਬ ਸ਼ੀਆਂ, ਕਿਸ਼ਨ ਸਿੰਹ ਨਾਹਨ, ਜੈ ਸਿੰਘ ਲਧੜਾਂ ਵਾਲਾ, ਤਾਰਾ ਸਿੰਘ ਡਲਾ ਵਾਲਾ ਤੇ ਉਸ ਦਾ ਮਾਤਹੈਤ ਸੈਧਾ ਸਿੰਘ ਕਨਹੀਆ ਵਾਲਾ, ਬੁਧ ਸਿੰਘ ਫੈਜਲਾ ਪੁਰੀਆ ਆਦਿਕ ਆਪਣੀਆਂ ਆਪਣੀਆਂ ਫੌਜਾਂ ਲੈ ਕੇ ਆ ਗਏ। ਜਦ ਇਸ ਤਰ੍ਹਾਂ ਨਾਲ ਸਾਰੇ ਨਿੱਕੇ ਵਡੇ ਰਈਸ ਪਟਿਆਲੇ ਇਕੱਠੇ ਹੋ ਗਏ। ਤਦ ਪਟਿਆਲੇ ਦੀ ਫੌਜ ਨੇ ਸਰਦਾਰ ਚੂਹੜ ਸਿੰਘ ਦੀ ਮਾਤਹੈਤੀ ਤੇ ਦੂਜੇ ਸਰਦਾਰਾਂ ਦੀ ਫੌਜ ਨੇ ਆਪਣੇ ਰਈਸਾਂ ਦੀ ਕਮਾਨ ਵਿੱਚ ਸਿਆਲਬਾ ਵਲ ਕੂਚ ਕੀਤਾ।

ਸਿਆਲਬਾ ਪੁੱਜਦੇ ਹੀ ਦੋਨਾਂ ਪਾਸਿਆਂ ਤੋਂ ਦੋ ਤਿੰਨ ਵੇਰ ਸਖ਼ਤ ਟਾਕਰਾ ਹੋਇਆ। ਪਟਿਆਲੇ ਦੀ ਫੌਜ ਦਾ ਅਫਸਰ ਸ੍ਰ: ਚੂਹੜ ਸਿੰਘ ਭਦੌੜ ਵਾਲਾ ਸੀ, ਇਸ ਨੇ ਇੱਕ ਨਵੀਂ ਚਾਲ ਚਲੀ। ਜਿੰਨੇ ਰਈਸ ਸ੍ਰ: ਹਰੀ ਸਿੰਘ ਵਲ ਹੋ ਕੇ ਲੜਨ ਆਏ ਸਨ, ਸਾਰਿਆਂ ਨੂੰ ਲਾਲਚ ਦਿੱਤਾ ਜਿਸ ਤੋਂ ਉਹ ਰਾਤੋ-ਰਾਤ ਵਾਪਸ ਚਲੇ ਗਏ। ਇਕੱਲਾ ਹਰੀ ਸਿੰਘ ਰਹਿ ਗਿਆ, ਜਿਸ ਤੋਂ ਉਹਨੇ ਦੋ ਲਖ ਰੁਪਯਾ ਸਾਲਾਨਾ ਰਾਜਾ ਅਮਰ ਸਿੰਘ ਨੂੰ ਦੇਣਾ ਮੰਨ ਗਿਆ ਤੇ ਰਾਜਾ ਅਮਰ ਸਿੰਘ ਦੀ ਫੌਜ ਵਾਪਸ ਪਟਯਾਲੇ ਚਲੀ ਆਈ। ਸਿਆਲਬਾ ਦੇ ਇਲਾਕੇ ਵਿੱਚ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ ਦਿੱਤਾ।

ਸੰਮਤ ੧੮੩੭ ਬਿੱਕ੍ਰਮੀ ਨੂੰ ਅਬਦੁਲ ਅਹਮਦ ਕਸ਼ਮੀਰ ਜੋ ਦਿੱਲੀ ਦਰਬਾਰ ਦਾ ਇੱਕ ਕਰਮਚਾਰੀ ਸੀ, ਸ਼ਾਹਜ਼ਾਦਾ ਫਰਖੰਦਾ ਬਖਤ ਨੂੰ ਨਾਲ ਲੈ ਕੇ ਤਯਾਰ ਹੋਇਆ ਕਿ ਸਿੱਖਾਂ ਨੇ ਜਿਹੜਾ ਇਲਾਕਾ ਦਿੱਲੀ ਦਰਬਾਰ ਦਾ ਲਿਆ ਹੋਇਆ ਹੈ, ਉਹ ਸਾਰਾ ਵਾਪਸ ਕੀਤਾ ਜਾਏ। ਫੌਜਾਂ ਨੇ ਚੜ੍ਹਾਈ ਕਰ ਦਿੱਤੀ। ਜਦ ਕੈਥਲ ਪੁੱਜਾ ਤਦ ਉੱਥੋਂ ਦੇ ਰਈਸ ਨੂੰ ਆਪਣੇ ਅਧੀਨ ਕਰ ਕੇ ਤਿੰਨ ਲਖ ਰੁਪਯਾ ਹਰਜ਼ਾਨਾ ਮੰਗਿਆ। ਉਹਨੇ ਦੋ ਲੱਖ ਰੁਪਯਾ ਨਕਦ ਦੇ ਦਿੱਤਾ ਤੇ ਇੱਕ ਲੱਖ ਰੁਪਯੇ ਦੇ ਬਦਲੇ ਆਪਣਾ ਲੜਕਾ ਲਾਲ ਸਿੰਘ ਇਹਦੇ ਨਾਲ ਭੇਜਿਆ। ਜਦ ਇਹ ਫੌਜ ਪਟਯਾਲੇ ਦੇ ਲਾਗੇ ਘੜਾਮ ਅਸਥਾਨ ਤੇ ਪੁੱਜੀ ਤਦ ਦੀਵਾਨ ਨਾਨੂੰ ਮਲ ਪਟਯਾਲੇ ਦੀ ਫ਼ੌਜ ਦੇ ਅਫਸਰ ਨੇ

ਨਾਭਾ ਤੇ ਜੀਂਦ ਦੀ ਫੌਜ ਦੀ ਸਹਾਇਤਾ ਨਾਲ ਇਸ ਜ਼ੋਰ ਦੇ ਨਾਲ ਲੜਾਈ ਕੀਤੀ ਕਿ ਬਾਦਸ਼ਾਹੀ ਫੌਜ ਦੇ ਪੈਰ ਹਿੱਲ ਗਏ। ਇੰਨੇ ਨੂੰ ਜੱਸਾ ਸਿੰਘ ਰਾਮਗੜ੍ਹੀਆ ਆਹਲੂਵਾਲੀਆ ਹਕੀਕਤ ਸਿੰਘ ਘੁਨੱਯਾ, ਖ਼ੁਸ਼ਹਾਲ ਸਿੰਘ ਫੈਜ਼ਲਾ ਪੁਰੀਆ ਤੇ ਤਾਰਾ ਸਿੰਘ ਜੋਧ ਸਿੰਘ ਮਾਝੇ ਦੇ ਸਰਦਾਰ ਇਕੱਠੇ ਹੋ ਕੇ ਪਟਯਾਲੇ ਦੀ ਫੌਜ ਦੀ ਸਹਾਇਤਾ ਲਈ ਆ ਗਏ।

## ੩੮. ਵਜ਼ੀਰ ਦਾ ਹਮਲਾ

ਇਨ੍ਹਾਂ ਫੌਜਾਂ ਦੀ ਅਵਾਈ ਦੀ ਧਮਕ ਨਾਲ ਦਿੱਲੀ ਦੀ ਸ਼ਾਹੀ ਫੌਜ ਦੇ ਛੱਕੇ ਛੁਟ ਗਏ। ਹੁਣ ਓਹਨਾਂ ਪਾਸੋਂ ਲੜਨਾ ਤਾਂ ਇੱਕ ਪਾਸੇ ਰਿਹਾ, ਵਾਪਸ ਮੁੜਨਾ ਮੁਸ਼ਕਲ ਹੋ ਗਿਆ। ਇਸ ਵਾਸਤੇ ਜੋ ਓਹਨਾਂ ਰਾਹ ਦੇ ਵਿੱਚ ਭਾਈ ਦੇਸੂ ਸਿੰਘ ਆਦਿਕ ਰਈਸਾਂ ਤੋਂ ਰੁਪਯਾ ਵਸੂਲ ਕੀਤਾ ਸੀ, ਓਹ ਸਾਰੀ ਰਕਮ ਸਰਦਾਰ ਬਘੇਲ ਸਿੰਘ ਦੀ ਰਾਹੀਂ ਸਿੰਘਾਂ ਨੂੰ ਕੜਾਹ ਪ੍ਰਸ਼ਾਦ ਵਾਸਤੇ ਦੇ ਕੇ ਮੁਸ਼ਕਲ ਨਾਲ ਆਪਣਾ ਪਿੱਛਾ ਛੁਡਾ, ਦਿਲੀ ਦਾ ਰਾਹ ਲਿਆ ਤੇ ਭਾਈ ਲਾਲ ਸਿੰਘ ਨੇ ਛੁਟਕਾਰਾ ਪਾਇਆ।

## ੩੯. ਮਹਾਰਾਜਾ ਅਮਰ ਸਿੰਘ ਦਾ ਚਲਾਣਾ ਤੇ ਇਨ੍ਹਾਂ ਦੇ ਗੁਣ

ਫੱਗਣ ਵਦੀ ਸੱਤਮੀ ਸੰਮਤ ੧੮੩੮ ਬਿੱਕ੍ਰਮੀ ਮੁਤਾਬਕ ਫਰਵਰੀ ਸ: ੧੭੮੧ ਨੂੰ ਰਾਜਾ ਅਮਰ ਸਿੰਘ ੩੫ ਵਰਿਹਾਂ ਦੀ ਆਯੂ ਵਿੱਚ ਇਸਤਸਕਾਂ ਦੀ ਮਰਜ਼ ਨਾਲ ਚਲਾਣਾ ਕਰ ਗਿਆ ਤੇ ਉਹਦਾ ਲੜਕਾ ਸਾਹਿਬ ਸਿੰਘ ਜੋ ਉਸ ਵੇਲੇ ਕੇਵਲ ੭ ਸਾਲ ਦਾ ਅਨਜਾਣ ਬਾਲ ਸੀ, ਗੱਦੀ ਤੇ ਬੈਠਾ।

ਰਾਜਾ ਅਮਰ ਸਿੰਘ ਇੱਕ ਬੜਾ ਹੀ ਭਾਗਾਂ ਵਾਲਾ, ਪ੍ਰਤਾਪੀ ਤੇ ਐਸ਼ਵਰਜਵਾਨ ਸੀ। ਬੜਾ ਬਹਾਦਰ, ਸਿਆਣਾ ਤੇ ਨੀਤੀ ਨਿਪੁੰਨ ਹੋਣ ਦੇ ਕਾਰਨ ਉਸ ਸਮੇਂ ਵਿੱਚ ਆਪਣਾ ਜਿਹਾ ਆਪ ਹੀ ਸੀ। ਇਨ੍ਹਾਂ ਦੇ ਸਮੇਂ ਪਟਯਾਲਾ ਰਾਜਾ ਨੂੰ ਬੜੀ ਤਰੱਕੀ ਮਿਲੀ। ਇਨ੍ਹਾਂ ਨੂੰ ਸਲਾਹਕਾਰ ਵੀ ਚੰਗੇ ਮਿਲ ਗਏ ਸਨ। ਬੜਾ ਦਾਨੀ ਤੇ ਮਾਨੀ ਰਾਜਾ ਸੀ। ਬੜੇ ਉੱਚੇ ਲੰਮੇ ਕਦ ਤੇ ਡੀਲ ਡੌਲ ਦੇ ਕਾਰਨ ਲੋਕੀਂ ਇਸ ਨੂੰ ਰੁਸਤਮ ਕਿਹਾ ਕਰਦੇ ਸਨ। ਹੁਣ ਇਨ੍ਹਾਂ ਦੀ ਜਗ੍ਹਾ ਇਨ੍ਹਾਂ ਦਾ ਲੜਕਾ ਨਾਮ ਦਾ ਹੀ ਰਾਜਾ ਗੱਦੀ ਤੇ ਬੈਠਾ ਸੀ। ਇਸ ਵਿੱਚ ਕੁਝ ਸ਼ੱਕ ਨਹੀਂ ਕਿ ਜੇ ਕਦੀ ਮਹਾਰਾਜਾ ਅਮਰ ਸਿੰਘ ਦੀ ਆਯੂ ੧੦-੨੦ ਵਰਹੇ ਹੋਰ ਹੋਂਦੀ ਤਦ ਜਮਨਾਂ ਤੇ ਸਤਲੁਜ ਦੇ ਵਿਚਕਾਰ ਦੇ ਸਾਰੇ ਇਲਾਕੇ ਤੇ ਓਹਨਾਂ ਦਾ ਕਬਜ਼ਾ ਹੋ ਜਾਂਦਾ ਤੇ ਸਾਰੇ ਮੁਲਕ ਵਿੱਚ ਉਹਨਾਂ ਦੇ ਨਾਮ ਦਾ ਨਗਾਰਾ ਵਜ ਜਾਂਦਾ। ਕਿੰਤੂ ਸ਼ੋਕ ਹੈ ਕਿ ਇਹਨਾਂ ਦੀ ਜਗ੍ਹਾ ਤੇ ਇਹਨਾਂ ਦਾ ਲੜਕਾ ਸਾਹਿਬ ਸਿੰਘ ਜੋ ਗੱਦੀ ਦਾ ਵਾਰਿਸ ਹੋਇਆ, ਉਹ ਪਹਿਲਾਂ ਤਾਂ ਉਂਜ ਹੀ ਅਨਜਾਣ ਸੀ, ਕਿੰਤੂ ਜਵਾਨ ਹੋਣ ਤੇ ਵੀ ਉਹਦੇ ਵਿੱਚ ਆਪਣੇ ਪਿਤਾ ਵਾਲੇ ਗੁਣ ਨਹੀਂ ਵੇਖੇ ਗਏ। ਕਿੰਤੂ ਪਟਯਾਲਾ ਰਾਜ ਦੇ ਚੰਗੇ ਭਾਗਾਂ ਨੂੰ ਇਸ ਰਾਜ ਘਰਾਣੇ ਵਿੱਚ ਸਿੰਘਣੀਆਂ ਅਜਿਹੀਆਂ ਬਲਵਾਨ ਤੇ ਦਾਨਾ ਹੁੰਦੀਆਂ ਰਹੀਆਂ, ਜਿਨ੍ਹਾਂ ਦੀ ਹਿੰਮਤ ਨਾਲ ਪਟਯਾਲਾ ਰਾਜ ਬਣਿਆ ਰਿਹਾ। ਨਹੀਂ ਤਾਂ ਉਸ ਵੇਲੇ ਦੀਆਂ ਦੂਜੀਆਂ ਰਿਆਸਤਾਂ ਜੋ ਪਟਿਆਲੇ ਨਾਲ ਦਿਲੋਂ ਈਰਖਾ ਰੱਖਦੀਆਂ ਸਨ, ਇਸ ਰਿਆਸਤ ਨੂੰ ਸਰਸਬਜ਼ ਨਾ ਛਡਦੀਆਂ।

## ੪੦. ਸਾਹਿਬ ਸਿੰਘ ਦੀ ਗੱਦੀ ਨਸ਼ੀਨੀ

ਰਾਜਾ ਅਮਰ ਸਿੰਘ ਦੇ ਚਲਾਣੇ ਤੇ ਉਹਦਾ ਲੜਕਾ ਸਾਹਿਬ ਸਿੰਘ ਗੱਦੀ ਤੇ ਬੈਠਾ। ਸਾਹਿਬ ਸਿੰਘ ਦਾ ਜਨਮ ਭਾਦ੍ਰੋਂ ਵਦੀ ੧੫ ਸੰਮਤ ੧੮੩੦ ਬਿਕਰਮੀ ਦਾ ਸੀ। ੭ ਸਾਲ ਦੀ ਆਯੂ ਵਿੱਚ ਤਖ਼ਤ ਤੇ ਬੈਠਾ। ਇਹ ਦਿਨ ਪਟਯਾਲਾ ਰਾਜ ਲਈ ਬੜੇ ਖ਼ਤਰੇ ਦਾ ਦਿਨ ਸੀ। ਚਾਰੇ ਪਾਸਿਆਂ ਤੋਂ ਵੈਰੀ ਤਾਕ ਲਾਈ ਬੈਠੇ ਸਨ। ਕਿੰਤੂ ਸਾਹਿਬ ਸਿੰਘ ਦੀ ਦਾਦੀ ਹੁਕਮਾਂ ਦੀਆਂ ਸਿਆਣਪਾਂ ਤੇ ਦੀਵਾਨ ਨਾਨੂ ਮਲ ਤੇ ਵਜ਼ੀਰ ਬਨ ਜਾਣ ਨਾਲ ਰਿਆਸਤ ਦਾ ਪ੍ਰਬੰਧ ਬੜੀ ਹੱਛੀ ਤਰ੍ਹਾਂ ਨਾਲ ਚਲਣ ਲਗ ਪਿਆ। ਦੀਵਾਨ ਨਾਨੂ ਮਲ ਦੀ ਇਹ ਚੋਣ ਬੜੀ ਲਾਭਕਾਰੀ ਸਾਬਤ ਹੋਈ।

ਦੀਵਾਨ ਨਾਨੂ ਮਲ ਜਾਤ ਦਾ ਅਗਰਵਾਲ ਬਨੀਆਂ ਪਿੰਡ ਸੁਨਾਮ ਰਿਆਸਤ ਪਟਯਾਲਾ ਦਾ ਰਹਿਣ ਵਾਲਾ ਬੜਾ ਹੀ ਵਫ਼ਾਦਾਰ, ਬਹਾਦਰ ਦਲੇਰ ਤੇ ਸਿਆਣਾ ਨੌਕਰ ਸੀ। ਇਸ ਨੇ ਮਹਾਰਾਜਾ ਅਮਰ

ਸਿੰਘ ਦੇ ਵੇਲੇ ਬੜੀਆਂ ਹਛੀਆਂ ਖਿਦਮਤਾਂ ਕੀਤੀਆਂ, ਮੁਲਕੀ ਤੇ ਮਾਲੀ ਦੋਨਾਂ ਮਾਮਲਿਆਂ ਵਿੱਚ ਇਹਨੂੰ ਬੜੀ ਯੋਗਤਾ ਸੀ। ਕਿੰਤੂ ਸਰ ਲੈਪਲ ਗ੍ਰਿਫਨ ਸਾਹਿਬ ਦੇ ਲਿਖੇ ਅਨੁਸਾਰ ਇਸ ਦਾ ਇੱਕ ਇਹ ਬੜਾ ਨੁਕਸ ਸੀ ਕਿ ਸਿੱਖ ਸਰਦਾਰਾਂ ਨਾਲ ਇਸ ਦੀ ਕੁਝ ਅਣਬਣ ਰਹਿੰਦੀ ਸੀ, ਜਿਸ ਦਾ ਫ਼ਲ ਇਹ ਹੋਇਆ ਕਿ ਇਸ ਦੇ ਵੀ ਕਈ ਵੈਰੀ ਹੋ ਗਏ, ਕਿਉਂਕਿ ਇਸ ਦੀ ਉੱਨਤੀ ਦਾ ਸਾਧਨ ਸਿੱਖ ਹੀ ਸਨ ਅਤੇ ਇਹਨਾਂ ਦਾ ਹੀ ਮਾਲ ਧਨ ਲੈ ਕੇ ਵਡਾ ਹੋਇਆ ਸੀ। ਸੋ ਇਹਨਾਂ ਤੋਂ ਹੀ ਬਾਗ਼ੀ ਹੋ ਗਿਆ।

## ੪੧. ਕਿਲ੍ਹਾ ਭਵਾਨੀਗੜ੍ਹ ਦੀ ਬਗ਼ਾਵਤ

ਸਾਹਿਬ ਸਿੰਘ ਦੇ ਗੱਦੀ ਤੇ ਬੈਠਦਿਆਂ ਹੀ ਚਾਰੇ ਪਾਸੀਂ ਵਿਦਰੋਹ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਰਾਣੀ ਦੇਸੂ ਦੇ ਭਰਾ ਮਹਾਂ ਸਿੰਘ ਨੇ ਭਵਾਨੀਗੜ੍ਹ ਦੇ ਕਿਲ੍ਹੇ ਵਿੱਚ ਬਗ਼ਾਵਤ ਕਰ ਦਿੱਤੀ। ਦੀਵਾਨ ਨਾਨੂ ਮਲ ਫੌਜ ਲੈ ਕੇ ਗਿਆ, ਤਿੰਨ ਮਹੀਨੇ ਲੜਾਈ ਹੁੰਦੀ ਰਹੀ। ਮਹਾਂ ਸਿੰਘ ਨੂੰ ਰਾਜ ਤੋਂ ਹਟਾ ਕੇ ਇੱਕ ਲਖ ਰੁਪਯਾ ਜ਼ੁਰਮਾਨਾ ਵਸੂਲ ਕੀਤਾ। ਅਜੇ ਇਸ ਝੇੜੇ ਦਾ ਚੰਗੀ ਤਰ੍ਹਾਂ ਫ਼ੈਸਲਾ ਨਹੀਂ ਹੋਇਆ ਸੀ ਕਿ ਕੋਟ ਸਮੇਰ ਵਿੱਚ ਬਖ਼ਸ਼ ਸਿੰਘ ਸਾਲੂ ਦੀ ਵਿਧਵਾ ਤੇ ਸ੍ਰ: ਸੁਖਚੈਨ ਸਿੰਘ ਬਠਿੰਡੇ ਦੇ ਰਈਸ ਦੀ ਲੜਕੀ ਰਾਜ ਕੌਰ ਨੇ ਵਿਦਰੋਹ ਕਰ ਦਿੱਤਾ। ਦੀਵਾਨ ਨਾਨੂ ਮਲ ਫੌਜ ਲੈ ਕੇ ਅੱਪੜ ਗਿਆ ਤੇ ਇਸ ਫਸਾਦ ਨੂੰ ਵੀ ਦਬਾ ਦਿੱਤਾ। ਇਸ ਤੋਂ ਪਿੱਛੋਂ ਭਿਖੀ ਵਿੱਚ ਫਸਾਦ ਹੋ ਗਿਆ, ਜੋ ਇਨ੍ਹਾਂ ਦੋਨਾਂ ਰੌਲਿਆਂ ਨਾਲੋਂ ਸਖ਼ਤ ਸੀ ਅਰਥਾਤ ਰਾਜਾ ਅਮਰ ਸਿੰਘ ਦੀ ਰਾਣੀ ਖੇਮ ਕੌਰ ਦੇ ਭਰਾ ਸ੍ਰਦਾਰ ਆਲਾ ਸਿੰਘ ਤੇ ਪਾਖਰ ਸਿੰਘ ਨੇ ਭੰਮਾ ਸਿੰਘ ਵਹਾਲੀ ਵਾਲਾ ਪਿੰਡ ਫਟਕੜੀ ਵਾਲੇ ਨੂੰ ਜੋ ਓਥੇ ਰਿਆਸਤ ਪਟਯਾਲੇ ਵਲੋਂ ਹਾਕਮ ਸੀ, ਕੱਢ ਦਿੱਤਾ ਤੇ ਆਪ ਓਥੇ ਕਬਜ਼ਾ ਕਰ ਲਿਆ।

## ੪੨. ਭਿਖੀ ਤੇ ਚੜ੍ਹਾਈ

ਦੀਵਾਨ ਨਾਨੂ ਮਲ ਨੇ ਫਿਰ ਫੌਜ ਦੀ ਤਯਾਰੀ ਦਾ ਹੁਕਮ ਦਿੱਤਾ। ਨਾਭਾ, ਜੀਂਦ, ਭਦੌੜ, ਮਾਲੇਰਕੋਟਲਾ ਆਦਿਕ ਜਗ੍ਹਾ ਦੀ ਫੌਜ ਲੈ ਕੇ ਰਾਣੀ ਹੁਕਮਾਂ ਦੇ ਕਮਾਨ ਵਿੱਚ ਕੂਚ ਕੀਤਾ। ਆਲਾ ਸਿੰਘ ਨੂੰ ਪਿੰਡ ਵਿੱਚ ਜਾ ਕੇ ਘੇਰ ਲਿਆ। ਆਲਾ ਸਿੰਘ ਨੇ ਲੜਾਈ ਦੀ ਤਾਕਤ ਨਾ ਰਖਣੇ ਦੇ ਕਾਰਨ ਤਲਵੰਡੀ ਦੀ ਰਾਹ ਲਈ। ਨਾਨੂ ਮਲ ਦੀ ਫੌਜ ਨੇ ਪਿੱਛਾ ਕੀਤਾ ਤੇ ਆਲਾ ਸਿੰਘ ਨੂੰ ਕੈਦ ਕਰ ਕੇ ਪਟਯਾਲੇ ਲੈ ਆਂਦਾ, ਜਿੱਥੋਂ ਕੁਝ ਸਮਾਂ ਕੈਦ ਰਹਿਣ ਦੇ ਮਗਰੋਂ ਸੋਢੀ ਹਰਨਾਮ ਸਿੰਘ ਦੀ ਸਿਫਾਰਸ਼ ਨਾਲ ਤਿੰਨ ਲਖ ਰੁਪਯਾ ਜੁਰਮਾਨਾ ਦੇ ਕੇ ਛੁਟਕਾਰਾ ਪਾਇਆ ਤੇ ਧਾਮੂ ਮਜ਼ਰਾ ਆਦਿਕ ਕੁਝ ਪਿੰਡ ਉਹਨੂੰ ਗੁਜ਼ਾਰੇ ਦੇ ਵਾਸਤੇ ਦਿੱਤੇ ਗਏ।

## ੪੩. ਹੋਰ ਔਕੜਾਂ

ਸੰਮਤ ੧੮੪੦ ਬਿ. ਨੂੰ ਇਸ ਮੁਲਕ ਵਿੱਚ ਬੜਾ ਦੁਰਭਿਖ ਕਾਲ ਪੈ ਗਿਆ। ਇਸ ਤਰ੍ਹਾਂ ਦਾ ਕਾਲ ਅੱਗੇ ਕਦੇ ਉੱਤਰੀ ਹਿੰਦ ਵਿੱਚ ਨਹੀਂ ਪਿਆ ਸੀ। ਇਸ ਕਾਲ ਦੇ ਕਾਰਨ ਪਟਿਆਲੇ ਰਾਜ ਨੂੰ ਬੜੀਆਂ ਕਠਨਾਈਆਂ ਆ ਪਈਆਂ। ਲੋਕੀਂ ਪਿੰਡ ਛੱਡ ਕੇ ਚਲੇ ਗਏ। ਸਾਰਾ ਮੁਲਕ ਲੁਟੇਰਿਆਂ ਤੇ ਚੋਰਾਂ ਦੇ ਨਾਲ ਭਰ ਗਿਆ। ਆਪਾਧਾਪੀ ਮਚ ਗਈ। ਮਾਮਲਾ ਵਸੂਲ ਨਹੀਂ ਹੋਇਆ, ਕਿਉਂਕਿ ਪਿਛਲੇ ਸਾਲ ਵੀ ਫਸਲ ਨਹੀਂ ਹੋਈ ਸੀ। ਜਿਸ ਰਈਸ ਵਿੱਚ ਕੁਝ ਜ਼ਰਾ ਜਿੰਨੀ ਵੀ ਹਿੰਮਤ ਸੀ, ਪਟਯਾਲਾ ਰਾਜ ਦਾ ਹੁਕਮ ਮੰਨਣ ਤੋਂ ਨਾਂਹ ਕਰ ਬੈਠਾ। ਕਿੰਤੂ ਰਾਣੀ ਹੁਕਮਾਂ ਦੀ ਸਿਆਣਪ ਤੇ ਨਾਨੂ ਮੱਲ ਦੀਵਾਨ ਦੀ ਦਲੇਰੀ ਨਾਲ ਕੰਮ ਚਲਦਾ ਗਿਆ। ਹਰ ਮੁਸ਼ਕਲ ਦਾ ਇਨ੍ਹਾਂ ਇਲਾਜ ਸੋਚਿਆ। ਹਰ ਆਉਣ ਵਾਲੇ ਖਤਰੇ ਦਾ ਹੌਸਲੇ ਨਾਲ ਟਾਕਰਾ ਕੀਤਾ। ਜੋ ਜੋ ਇਲਾਕੇ ਪਟਯਾਲਾ ਰਾਜ ਵਿੱਚੋਂ ਨਿੱਕਲਣ ਲੱਗੇ ਸਨ, ਸਾਰਿਆਂ ਨੂੰ ਆਪਣੇ ਅਧੀਨ ਰਖਣ ਦਾ ਯਤਨ ਕੀਤਾ। ਲਖਨਊ ਕੁਵਾਇਦ ਸਖਾਣ ਵਾਲੇ ਗੋਲ ਅੰਦਾਜ਼ ਬੁਲਾ ਕੇ ਫੌਜ ਨੂੰ ਸੁਧਾਰਿਆ ਤੇ ਹਰ ਰਈਸ ਨੂੰ ਆਪਣੇ ਕਾਬੂ ਵਿੱਚ ਰੱਖਣ ਦਾ ਕੋਈ ਸਮਾਂ ਹਥੋਂ ਨਹੀਂ ਜਾਣ ਦਿੱਤਾ।

## ੪੪. ਮੂਲੇ ਪੁਰ ਦਾ ਘੇਰਾ ਤੇ ਨਾਨੂੰ ਮਲ ਦਾ ਜ਼ਖ਼ਮੀ ਹੋਣਾ

ਸਰਦੂਲ ਸਿੰਘ ਮੂਲੇ ਪੁਰ ਵਾਲਾ ਰਾਣੀ ਖੇਮ ਕੌਰ ਦਾ ਸੰਬੰਧੀ ਸੀ। ਇਹ ੧੦ ਲਖ ਰੁਪਯਾ ਦੇ ਕੇ ਆਕੀ ਹੋ ਗਿਆ। ਨਾਨੂੰ ਮਲ ਨੇ ਫੌਜ ਲੈ ਕੇ ਇਸ ਤੇ ਚੜ੍ਹਾਈ ਕਰ ਦਿੱਤੀ। ੨੦ ਦਿਨ ਤਕ ਘੇਰਾ ਪਾ ਰੱਖਿਆ, ਕਿੰਤੂ ੨੧ਵੇਂ ਦਿਨ ਨਾਨੂੰ ਮਲ ਦੇ ਇੱਕ ਨੌਕਰ ਖੁਰਮ ਬੇਗ ਨੇ ਸਰਦੂਲ ਸਿੰਘ ਕੋਲੋਂ ਵੱਢੀ ਲੈ ਕੇ ਨਾਨੂੰ ਮਲ ਦੀ ਜਾਨ ਤੇ ਖਤਰਨਾਕ ਵਾਰ ਕੀਤਾ। ਭਾਵੇਂ ਨਾਨੂੰ ਮਲ ਦੇ ਸਾਥੀਆਂ ਨੇ ਖੁਰਮ ਬੇਗ ਨੂੰ ਕਤਲ ਕਰ ਦਿੱਤਾ, ਕਿੰਤੂ ਦੀਵਾਨ ਨਾਨੂੰ ਮਲ ਨੂੰ ਤਲਵਾਰ ਦਾ ਇੱਕ ਤੱਕੜਾ ਜ਼ਖ਼ਮ ਲੱਗਾ, ਇਸ ਕਰ ਕੇ ਉਹਨੂੰ ਆਨੰਦਪੁਰ ਕੇਸੂ ਦੇ ਪਿੰਡ ਵਿੱਚ ਜੋ ਉੱਥੋਂ ਲਾਗੇ ਹੀ ਸੀ ਲੈ ਗਏ।

## ੪੫. ਰਾਣੀ ਹੁਕਮਾਂ ਦਾ ਚਲਾਣਾ

ਕਿਹਾ ਜਾਂਦਾ ਹੈ ਕਿ ਰਾਣੀ ਹੁਕਮਾਂ ਉਸ ਵੇਲੇ ਆਪ ਵੀ ਲੜਾਈ ਵਿੱਚ ਮੌਜੂਦ ਸੀ। ਜਦ ਆਪਣੇ ਕਰਮਚਾਰੀ ਦੀਵਾਨ ਨਾਨੂੰ ਮਲ ਦੇ ਜ਼ਖ਼ਮੀ ਹੋਣ ਦੀ ਖ਼ਬਰ ਸੁਣੀ, ਤਦ ਇਹ ਬ੍ਰਿਧ ਤੀਵੀਂ ਗਸ਼ ਖਾ ਕੇ ਡਿੱਗ ਪਈ ਤੇ ਹਿਰਦੇ ਦਿਲ ਨੂੰ ਅਜਿਹਾ ਧੱਕਾ ਲਗਾ ਕਿ ਇਸ ਸੱਟ ਨਾਲ ਚਲਾਣ ਕਰ ਗਈ।

ਰਾਣੀ ਹੁਕਮਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਨਾਨੂੰ ਮਲ ਇੱਕ ਬੜਾ ਸਿਆਣਾ ਤੇ ਰਾਹਕਾਰ ਨੌਕਰ ਹੈ, ਜੋ ਪਟਯਾਲਾ ਰਿਆਸਤ ਨੂੰ ਕਾਇਮ ਰਖੇਗਾ। ਇਹ ਵੀ ਵਜ੍ਹਾ ਹੈ ਕਿ ਮਾਵਾਂ ਵਾਂਗ ਸਦਾ ਹੀ ਓਹਦੀ ਮਦਦ ਕਰਦੀ ਰਹੀ, ਪਰੰਤੂ ਇਸ ਸੱਟ ਤੋਂ ਚਲਾਣਾ ਕਰ ਗਈ।

ਰਾਣੀ ਹੁਕਮਾਂ ਦੇ ਚਲਾਣੇ ਤੋਂ ਦੀਵਾਨ ਨਾਨੂੰ ਮਲ ਦੇ ਹੌਸਲੇ ਵੀ ਟੁੱਟ ਗਏ। ਅੱਗੇ ਹਰ ਮਾਮਲੇ ਵਿੱਚ ਰਾਣੀ ਹੁਕਮਾਂ ਦੀ ਸਿਆਣਪ ਭਰੀ ਸਲਾਹ ਤੇ ਸਹਾਇਤਾ ਨਾਲ ਕੰਮ ਕਰ ਕੇ ਕਾਮਯਾਬ ਹੁੰਦਾ ਰਿਹਾ, ਕਿੰਤੂ ਹੁਣ ਉਹ ਨਾ ਰਹੀ।

ਰਾਣੀ ਹੁਕਮਾਂ ਦੇ ਚਲਾਣੇ ਦੀ ਖ਼ਬਰ ਤੋਂ ਨਿੱਕਲਦਿਆਂ ਹੀ ਅਜੇ ਦੀਵਾਨ ਨਾਨੂਮੱਲ ਅਰੋਗ ਵੀ ਨਹੀਂ ਹੋਇਆ ਸੀ ਕਿ ਰਾਣੀ ਖ਼ੇਮ ਕੌਰ ਦੇ ਵਹਾਲੀ ਵਾਲੇ ਸੰਬੰਧੀ ਬੀਬੀ ਪ੍ਰਧਾਨ ਤੇ ਹਮੀਰ ਸਿੰਘ ਆਦਿਕਾਂ ਨੇ ਜੋ ਅੱਗੇ ਹੀ ਇਹਦੇ ਵੈਰੀ ਬਣ ਰਹੇ ਸੀ, ਇਸ ਨੂੰ ਕੈਦ ਕਰ ਲਿਆ, ਜਿਸ ਤੋਂ ਰਿਆਸਤ ਵਿੱਚ ਫਿਰ ਗੜਬੜ ਮਚ ਗਈ।

## ੪੬. ਬੀਬੀ ਰੰਜੀਤ ਕੌਰ ਦੀ ਚੜ੍ਹਾਈ

ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ, ਕਿੰਤੂ ਚੰਗੇ ਭਾਗਾਂ ਨੂੰ ਬੀਬੀ ਰਾਜਿੰਦਰ ਕੌਰ ਫਗਵਾੜੇ ਵਾਲੀ ਜੋ ਰਾਜਾ ਅਮਰ ਸਿੰਘ ਦੀ ਚਾਚੇ ਦੀ ਭੈਣ ਪਟਯਾਲੇ ਦੇ ਰਾਜ ਘਰਾਨੇ ਵਿੱਚੋਂ ਇੱਕ ਬੜੀ ਹੀ ਦਲੇਰ ਤੇ ਬਹਾਦਰ ਤੀਵੀਂ ਸੀ, ਇਸ ਤਰ੍ਹਾਂ ਦੀ ਆਪਾਧਾਪੀ ਸੁਣ ਕੇ ਆਪਣੀ ਫੌਜ ਲੈ ਕੇ ਝੱਟ ਜਾ ਪੁੱਜੀ ਤੇ ਦੀਵਾਨ ਨਾਨੂੰ ਮਲ ਨੂੰ ਕੈਦ ਵਿੱਚੋਂ ਕੱਢ ਕੇ ਫਿਰ ਵਜ਼ੀਰ ਬਣਾ ਦਿੱਤਾ।

## ੪੭. ਧਾਰਾ ਰਾਓ ਦਾ ਬੁਲਾਣਾ

ਦੀਵਾਨ ਨਾਨੂੰ ਮਲ ਬੀਬੀ ਰਾਜਿੰਦਰ ਕੌਰ ਨਾਲ ਮਿਲ ਕੇ ਮੁਲਕ ਦਾ ਪ੍ਰਬੰਧ ਚੰਗੀ ਤਰ੍ਹਾਂ ਕਰ ਸਕਦਾ ਸੀ, ਕਿੰਤੂ ਫਿਰ ਵੀ ਇਸ ਨੇ ਧਾਰਾ ਰਾਓ ਮਰਹੱਟੇ ਨੂੰ ਜੋ ਓਹਨਾਂ ਦਿਨਾਂ ਵਿੱਚ ਦਿਲੀ ਦੇ ਲਾਗੇ ਫਿਰ ਰਿਹਾ ਸੀ ਤੇ ਸਰਦਾਰ ਬਘੇਲ ਸਿੰਘ ਦੀਵਾਨ ਸਿੰਘ ਮਤਾਬ ਸਿੰਘ ਆਦਿਕ ਓਹਦੇ ਨਾਲ ਹੀ ਸਨ, ਸਰਦਾਰ ਬਘੇਲ ਸਿੰਘ ਦੀ ਰਾਹੀਂ ੨ ਲੱਖ ਰੁਪਯਾ ਦੇਣਾ ਕਰ ਕੇ ਸੱਦਿਆ। ਜਦ ਇਹ ਫੌਜ ਲੈ ਕੇ ਕੈਥਲ ਪੁੱਜਾ, ਤਦ ਇਧਰੋਂ ਦੀਵਾਨ ਨਾਨੂ ਮਲ ਬੀਬੀ ਰਾਜਿੰਦਰ ਕੌਰ ਤੇ ਜੀਂਦ ਦਾ ਰਾਜਾ ਗਜਪਤ ਸਿੰਘ ਆਪਣੀ ਆਪਣੀ ਫੌਜ ਲੈ ਕੇ ਜਾ ਪੁਜੇ। ਧਾਰਾ ਰਾਉ ਨੇ ਇਲਾਕੇ ਦੇ ਜਿਹੜੇ ਜਿਹੜੇ ਸਰਦਾਰ ਆਕੀ ਹੋ ਗਏ ਸਨ, ਓਹਨਾਂ ਤੋਂ ਨਜ਼ਰਾਨੇ ਲਏ। ਸਾਰਿਆਂ ਨੂੰ ਕਾਬੂ ਕੀਤਾ। ਕੋਟ ਆਦਿਕ ਜਿੰਨੇ ਪਟਿਆਲੇ ਦੇ ਪਿੰਡ ਸਰਦਾਰਾਂ ਨੇ ਦਬਾ ਲਏ ਸਨ, ਸਭ ਵਾਪਸ ਲੈ ਕੇ ੯੦ ਹਜ਼ਾਰ ਰੁਪਯਾ ਮਾਮਲਾ ਵਸੂਲ ਕੀਤਾ।

## ੪੮. ਬਨੌੜ ਦਾ ਮੁਹਾਸਰਾ

ਦੀਵਾਨ ਨਾਨੂੰ ਮਲ ਨੂੰ ਪਟਿਆਲੇ ਤੋਂ ਚਲਣ ਲੱਗਿਆਂ ਡਰ ਸੀ ਕਿ ਪਿੱਛੋਂ ਧਮਣ ਸਿੰਘ ਕੋਈ ਫਸਾਦ ਨਾ ਖੜਾ ਕਰ ਦੇਵੇ। ਇਸ ਕਰ ਕੇ ਇਸ ਨੂੰ ਕੈਦ ਕਰ ਦਿੱਤਾ ਸੀ, ਜਿਸ ਤੋਂ ਹੁਣ ਬਾਹਰ ਦੇ ਇਲਾਕਿਆਂ ਦੀ ਦੇਖਭਾਲ ਸ਼ੁਰੂ ਕਰ ਦਿੱਤੀ। ਪਹਿਲਾਂ ਬਨੌੜ ਦੇ ਵਲ ਗਏ। ਇਹ ਜਗ੍ਹਾ ਖ਼ੁਸ਼ਹਾਲ ਸਿੰਘ ਨੇ ਦਬਾ ਲਈ ਸੀ। ਦੋ ਘੰਟੇ ਦੀ ਲੜਾਈ ਦੇ ਮਗਰੋਂ ਖ਼ੁਸ਼ਹਾਲ ਸਿੰਘ ਸਿੱਧੇ ਰਾਹ ਆ ਗਿਆ। ਦੀਵਾਨ ਨਾਨੂ ਮਲ ਨੇ ਇੱਥੇ ਹੀ ਇਲਾਕੇ ਦੇ ਸਾਰੇ ਰਈਸਾਂ ਨਾਲ ਸਖ਼ਤੀ ਨਰਮੀ ਕਰ ਕੇ ਬਹੁਤ ਸਾਰਾ ਮਾਮਲਾ ਵਸੂਲ ਕਰ ਲਿਆ ਤੇ ਦੋ ਲਖ ਰੁਪਯਾ ਧਾਰਾਰਾਓ ਮਰਹਟੇ ਨੂੰ ਇੱਥੋਂ ਹੀ ਦੇ ਕੇ ਕਰਨਾਲ ਦੇ ਰਾਹ ਭੇਜ ਦਿੱਤਾ, ਕਿੰਤੂ ਆਪਣੇ ਇਲਾਕੇ ਦੀ ਆਕੀ ਪਰਜਾ ਨੂੰ ਸਿੱਧਾ ਕਰਨ ਲਈ ਸ੍ਰਦਾਰ ਬਘੇਲ ਸਿੰਘ ਆਦਿਕਾਂ ਨੂੰ ਨਹੀਂ ਜਾਣ ਦਿੱਤਾ।

## ੪੯. ਕੋਟਕਪੂਰੇ ਵਲ ਜਾਣਾ

ਮਰਹੱਟੇ ਸਰਦਾਰ ਦੇ ਮੁੜ ਜਾਣ ਤੇ ਦੀਵਾਨ ਨਾਨੂੰ ਮੱਲ ਨੇ ਸ੍ਰ: ਬਘੇਲ ਸਿੰਘ ਨੂੰ ਨਾਲ ਲੈ ਕੇ ਮੁਲਕ ਦਾ ਦੌਰਾ ਸ਼ੁਰੂ ਕੀਤਾ ਤੇ ਜਿੱਥੇ ਕੋਈ ਆਕੀ ਨਜ਼ਰੀਂ ਪਿਆ, ਉਹਨੂੰ ਸੋਧ ਦਿੱਤਾ। ਪਹਿਲਾਂ ਖੰਨਾ, ਸਰਾਏ ਦੋਰਾਹਾ ਤੇ ਸਾਹਨਵਾਲ ਆਦਿਕ ਅਸਥਾਨਾਂ ਦੇ ਆਕੀ ਜ਼ਿਮੀਂਦਾਰਾਂ ਨੂੰ ਸੋਧ ਕੇ ਉਹਨਾਂ ਤੋਂ ਜ਼ੁਰਮਾਨਾ ਤੇ ਮਾਮਲਾ ਵਸੂਲ ਕੀਤਾ। ਪਿੰਡ ਸਹਨਾਂ ਦਲੇਲ ਸਿੰਘ ਪਾਸ ਸੀ, ਉਹਦੇ ਭਰਾ ਬਾਘ ਸਿੰਘ ਨੇ ਧੱਕੇ ਨਾਲ ਖੋਹ ਲਿਆ। ਇਹਨਾਂ ਇਹ ਪਿੰਡ ਫਿਰ ਸਰਦਾਰ ਦਲੇਲ ਸਿੰਘ ਨੂੰ ਦਵਾ ਦਿੱਤਾ। ਸਿਰ ਛੁਨੀ ਮਖਲੀ ਕਮਬੜਾ ਆਦਿਕ ਦੇ ਸ੍ਰਦਾਰ; ਜੋ ਭਾਵੇਂ ਬਾਹਰੋਂ ਮੂੰਹ ਰੱਖਣੀਆਂ ਗੱਲਾਂ ਕਰਦੇ ਸਨ, ਪਰ ਅਸਲ ਬਾਗ਼ੀਆਂ ਦੇ ਨਾਲ ਮਿਲੇ ਹੋਏ ਸੀ, ਸੋਧ ਕੇ ਕੋਟ ਕਪੂਰੇ ਵਲ ਚਲੇ ਗਏ।

## ੫੦. ਮੌਲੂਪੁਰ ਦੇ ਕਿਲ੍ਹੇ ਤੇ ਕਬਜ਼ਾ

ਰਾਹ ਵਿੱਚ ਖ਼ਬਰ ਮਿਲੀ ਕਿ ਮੋਲੂਪੁਰ ਦੇ ਸਰਦਾਰ ਸਰਦੂਲ ਸਿੰਘ ਨੂੰ ਉਸ ਦੇ ਕਿਲ੍ਹੇਦਾਰ ਹਮੀਰ ਸਿੰਘ ਨੇ ਮਾਰ ਦਿੱਤਾ ਹੈ। ਸੋ ਦੀਵਾਨ ਨੇ ਝਟ ਉੱਥੇ ਅੱਪੜ ਕੇ ਕਿਲ੍ਹੇ ਤੇ ਆਪਣਾ ਕਬਜ਼ਾ ਕਰ ਲਿਆ। ਲੜਾਈ ਦਾ ਸਾਰਾ ਸਾਮਾਨ ਤੇ ਕਈ ਲੱਖ ਰੁਪਯਾ ਜੋ ਖ਼ਜ਼ਾਨੇ ਵਿੱਚ ਸੀ, ਇਹਦੇ ਹੱਥ ਲੱਗ ਗਿਆ।

ਫਿਰ ਉੱਥੋਂ ਕੋਟਕਪੂਰੇ ਪੁੱਜਾ। ਭਾਵੇਂ ਉੱਥੇ ਇਸ ਦੇ ਪੈਰ ਕੁਝ ਹਛੀ ਤਰ੍ਹਾਂ ਨਾ ਜੰਮੇ। ਤਦ ਵੀ ੨੦ ਹਜ਼ਾਰ ਰੁਪਯੇ ਦੇ ਕਰੀਬ ਉੱਥੋਂ ਦੇ ਰਈਸ ਤੋਂ ਨਜ਼ਰਾਨਾ ਲੈ ਕੇ ਪਿੰਡ ਢਿਲਵਾਂ ਵਿੱਚ ਜੋ ਕਪੂਰਾ ਕੋਟ ਤੋਂ ਤਿੰਨ ਮੀਲ ਦੀ ਵਿੱਥ ਤੇ ਹੈ, ਉਹਨਾਂ ਤੇ ਦਬਾਉ ਰੱਖਣ ਵਾਸਤੇ ਇੱਕ ਕਿਲ੍ਹਾ ਬਣਵਾ ਕੇ ਬੈਰਾੜਾਂ ਦੇ ਪਿੰਡ ਜੋ ਆਕੀ ਹੋ ਰਹੇ ਸਨ, ਸੋਧਦਾ ਭੱਟੀਆਂ ਦੇ ਮੁਲਕ ਤੇ ਜਾ ਪਿਆ।

## ੫੧. ਕੋਟਕਪੂਰਾ ਤੇ ਭੱਟੀਆਂ ਤੇ ਫ਼ਤਹਿ

ਭਟੀਆਂ ਦਾ ਇਹ ਇਲਾਕਾ ਜਿਸ ਨੂੰ ਰਾਜਾ ਅਮਰ ਸਿੰਘ ਨੇ ਕਈ ਸਾਲਾਂ ਦੇ ਯਤਨਾਂ ਮਗਰੋਂ ਫਤਹਿ ਕੀਤਾ ਸੀ, ਤਿੰਨ ਸਾਲ ਪੁੱਛ ਨਾ ਕਰਨ ਦੇ ਕਾਰਨ ਆਕੀ ਹੋ ਗਿਆ ਸੀ ਤੇ ਕਾਮਯਾਬੀ ਦੀ ਬਹੁਤ ਘੱਟ ਆਸ ਸੀ। ਕਿੰਤੂ ਦੀਵਾਨ ਨਾਨੂ ਮਲ ਤੇ ਸਰਦਾਰ ਬਘੇਲ ਸਿੰਘ ਨੇ ਇਸ ਇਲਾਕੇ ਵਿੱਚ ਪੁੱਜਦੇ ਹੀ ਅਜੇਹੀ ਧਾਂਕ ਬਿਠਾਈ ਕਿ ਸਾਰੇ ਮੁਲਕ ਵਿੱਚ ਸ਼ਾਂਤ ਵਰਤ ਗਈ। ਪਿੰਡ ਸੰਘਤਾ ਭੋਨਾ ਝੰਡਾ ਆਦਿਕ ਵਿੱਚ ਜਿੰਨਾ ਮਾਮਲਾ ਬਾਕੀ ਸੀ, ਸਭ ਵਸੂਲ ਹੋ ਗਿਆ। ਇਸ ਤਰ੍ਹਾਂ ਨਾਲ ਆਪਣੇ ਸਾਰੇ ਇਲਾਕੇ ਵਿੱਚ ਫੇਰਾ ਪਾ ਕੇ ਤੇ ਕਈ ਲਖ ਰੁਪਯਾ ਵਸੂਲ ਕਰ ਕੇ ਦੀਵਾਨ ਵਾਪਸ ਪਟਯਾਲੇ ਆ ਗਿਆ ਤੇ ਖ਼ਜ਼ਾਨਾ ਜੋ ਪਹਿਲਾਂ ਲਗਭਗ ਖ਼ਾਲੀ ਹੋ ਚੁੱਕਿਆ ਸੀ, ਫਿਰ ਭਰ ਗਿਆ ਤੇ ਸਰਦਾਰ ਬਘੇਲ ਸਿੰਘ ਨੂੰ ਵੀ ਨੀਯਤ ਰਕਮ ਦੇ ਕੇ ਟੋਰ ਦਿੱਤਾ।

## ੫੨. ਚੂਹੜ ਸਿੰਘ ਦਾ ਹਾਲ

ਸਰਦਾਰ ਚੂਹੜ ਸਿੰਘ ਭਦੌੜ ਵਾਲੇ ਨੇ ਆਪਣੀ ਤਾਕਤ ਵਧਾ ਕੇ ਮਲੇਰ ਕੋਟਲੇ ਵਾਲਿਆਂ ਦੇ ਕੁਝ ਪਿੰਡ ਆਪਣੇ ਕਬਜ਼ੇ ਵਿੱਚ ਕਰ ਲਏ ਸਨ। ਅਦਾਉਲਾ ਖਾਂ ਰਈਸ ਮਾਲੇਰਕੋਟਲਾ ਨੇ ਪਟਯਾਲਾ ਰਾਜ ਪਾਸੋਂ ਮਦਦ ਮੰਗੀ ਤਾਂ ਕਿ ਸ੍ਰ: ਚੂਹੜ ਸਿੰਘ ਤੋਂ ਪਿੰਡ ਵਾਪਸ ਲਏ ਜਾਣ। ਦੀਵਾਨ ਨੇ ਸ੍ਰ: ਚੂਹੜ ਸਿੰਘ ਦੀ ਵਿਰੋਧਤਾ ਕਰਨੀ ਉਚਿਤ ਨਾ ਸਮਝੀ ਤੇ ਲੜ ਕੇ ਕਾਮਯਾਬੀ ਦੀ ਆਸ ਨਾ ਰਖਣ ਕਰ ਕੇ ਆਪਣੇ ਕੁਝ ਪਿੰਡ ਦੇ ਕੇ ਮਾਲੇਰਕੋਟਲੇ ਵਾਲਿਆਂ ਦੇ ਪਿੰਡ ਦਵਾ ਦਿਤੇ।

## ੫੩. ਵਿਆਹ ਤੇ ਅੰਬਾਰਾਉ

ਸੰਮਤ ੧੮੪੪ ਬਿੱਕ੍ਰਮੀ ਨੂੰ ਰਾਜਾ ਸਾਹਿਬ ਸਿੰਘ ਦਾ ਵਿਆਹ ਸਰਦਾਰ ਗੰਡਾ ਸਿੰਘ ਜੋ ਕਿ ਭੰਗੀਆਂ ਦੇ ਮਿਸਲ ਵਿੱਚੋਂ ਤੇ ਅੰਮ੍ਰਿਤਸਰ ਦੇ ਵਸਨੀਕ ਸਨ, ਦੀ ਲੜਕੀ ਰਤਨ ਕੌਰ ਨਾਲ ਬੜੀ ਰੌਣਕ ਤੇ ਧੂਮ ਧਾਮ ਨਾਲ ਹੋਯਾ।

ਧਾਰਾਰਾਓ ਮਰਹੱਟਾ ਦੇ ਮੁੜਨ ਤੇ ਹੋਰ ਮਰਹੱਟੇ ਸਰਦਾਰਾਂ ਨੂੰ ਵੀ ਪੰਜਾਬ ਵਿੱਚ ਲੁੱਟ ਮਾਰ ਕਰਨ ਲਈ ਆਉਣ ਦਾ ਹੌਂਸਲਾ ਹੋ ਗਿਆ। ਸੋ ੧੮੪੫ ਬਿ. ਵਿੱਚ ਮਰਹੱਟਿਆਂ ਦਾ ਇੱਕ ਸਰਦਾਰ ਅੰਬਾਰਾਓ ਬਹੁਤ ਸਾਰੀ ਫੌਜ ਲੈ ਕੇ ਪਟਯਾਲੇ ਵਲ ਆਇਆ ਤੇ ਮੇਰਠ ਦੇ ਨਵਾਬ ਗ਼ੁਲਾਮ ਕਾਦਰ ਖਾਂ ਨੂੰ ਵੀ ਆਪਣੇ ਨਾਲ ਲੈ ਆਇਆ। ਸ: ਬਘੇਲ ਸਿੰਘ ਉਸ ਦੇ ਨਾਲ ਹੋ ਗਿਆ, ਕਿਉਂਕਿ ਉਹ ਹਰ ਇੱਕ ਹਮਲਾ ਕਰਨ ਵਾਲੇ ਦਾ ਸਜਾ ਹੱਥ ਬਣ ਬੈਠਦਾ ਸੀ। ਜਦ ਇਹ ਲਸ਼ਕਰ ਜੀਂਦ ਕੈਂਥਲ ਵਿੱਚ ਲੁੱਟ ਮਾਰ ਕਰਦਾ ਹੋਇਆ ਪਿੰਡ ਭਾਗਲ ਚਕੀਆ ਜੋ ਪਟਿਆਲੇ ਤੋਂ ੧੫ ਕੋਹ ਦੀ ਵਿਥ ਤੇ ਹੈ, ਆ ਪੁੱਜਾ, ਉਸ ਵੇਲੇ ਦੀਵਾਨ ਨਾਨੂੰ ਮਲ ਇੱਕ ਭਾਰੀ ਫੌਜ ਲੈ ਕੇ ਮੁਕਾਬਲੇ ਤੇ ਜਾ ਅੜਿਆ ਤੇ ਇੱਕ ਅਜੇਹੀ ਚਾਲ ਚਲੀ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਰਹੇ। ਇਸ ਨੇ ਮਰਹੱਟਾ ਸਰਦਾਰ ਤੇ ਗ਼ੁਲਾਮ ਕਾਦਰ ਦੀ ਆਪੇ ਵਿੱਚ ਅਨਬਣ ਕਰਵਾ ਦਿੱਤੀ, ਜਿਸ ਤੋਂ ਇਨ੍ਹਾਂ ਨੂੰ ਮਜਬੂਰ ਹੋ ਕੇ ਵਾਪਸ ਜਾਣਾ ਪਿਆ।

ਇਸ ਸਾਲ ਸਰਦਾਰ ਹਰੀ ਸਿੰਘ ਸਿਆਲਬਾ ਵਾਲੇ ਨੇ ਦੀਵਾਨ ਨਾਨੂੰ ਮਲ ਤੋਂ ਮਦਦ ਮੰਗੀ ਤਾਂ ਜੋ ਓਸ ਦਾ ਓਹ ਇਲਾਕਾ ਜੋ ਸਿੰਘ ਪੁਰੀਏ ਸਰਦਾਰਾਂ ਨੇ ਜ਼ੋਰ ਨਾਲ ਖੋਹ ਲਿਆ ਹੈ, ਵਾਪਸ ਲੈ ਲਵੇ। ਸੋ ਦੀਵਾਨ ਨੇ ਪੰਜ ਹਜ਼ਾਰ ਫੌਜ ਸਰਦਾਰ ਹਰੀ ਸਿੰਘ ਦੀ ਮਦਦ ਲਈ ਭੇਜੀ। ਕੋਟਲੇ ਪੁੱਜ ਕੇ ਉਹਨਾਂ ਦੇ ਕੁਝ ਪਿੰਡ ਫਤਹਿ ਕਰ ਕੇ ਸਰਦਾਰ ਹਰੀ ਸਿੰਘ ਨੂੰ ਦੇ ਦਿੱਤੇ ਤੇ ਸਰਦਾਰ ਖ਼ੁਸ਼ਹਾਲ ਸਿੰਘ ਦੇ ਜਵਾਈ ਸਰਦਾਰ ਮਾਨ ਸਿੰਘ ਨੂੰ ਨੌਕਰਾਂ ਸਣੇ ਕੈਦ ਕਰ ਲੀਤਾ। ਫਿਰ ਪਿੰਡ ਅਵਾਨ ਕੋਟ ਜਿੱਥੋਂ ਦੇ ਰਈਸ ਸਰਦਾਰ ਬੁਧ ਸਿੰਘ ਦੀ ਸਹਾਇਤਾ ਪਰ ਸਰਦਾਰ ਤਾਰਾ ਸਿੰਘ ਗੀਬਾ, ਰਾਏ ਸਿੰਘ ਜਗਾਧਰੀ ਵਾਲਾ ਤੇ ਸਾਹਮਾ ਬਾਦੀਏ ਆਦਿਕ ਸਾਰੇ ਮੌਜੂਦ ਸਨ, ਮੋਰਚਾ ਲਗ ਗਿਆ। ਇਸ ਭੀੜ ਭਾੜ ਨੂੰ ਵੇਖ ਕੇ ਦੀਵਾਨ ਨਾਨੂੰ ਮਲ ਨੇ ਵੀ ਆਪਣੀਆਂ ਗਵਾਂਢੀ ਰਿਆਸਤਾਂ ਨੂੰ ਸੱਦ ਲਿਆ, ਜੋ ਝਟ ਪਟ ਪੁੱਜ ਗਈਆਂ ਅਤੇ ੧੫ ਦਿਨ ਬਰਾਬਰ ਲੜਾਈ ਹੋਂਦੀ ਰਹੀ। ਅੰਤ ਨੂੰ ਇੱਕ ਭਯਾਨਕ ਲੜਾਈ ਦੇ ਮਗਰੋਂ ਦੀਵਾਨ ਨਾਨੂੰ ਮਲ ਨੇ ਫਤਹਿ ਪਾਈ ਤੇ ੪੦੦ ਆਦਮੀ ਕੇਵਲ ਸਿੰਘਾਪੁਰੀਆਂ ਦਾ ਮਾਰਿਆ ਗਿਆ ਤੇ ਬਹੁਤ ਸਾਰੇ ਫੱਟੜ ਹੋਏ। ਦੀਵਾਨ ਨਾਨੂੰ ਮਲ ਇੱਥੋਂ ਕੂਚ ਕਰ ਕੇ ਕਈ ਹੋਰ ਸਰਦਾਰਾਂ ਤੋਂ ਨਜ਼ਰਾਨੇ ਵਸੂਲ ਕਰਦਾ ਪਟਯਾਲੇ ਆ ਗਿਆ। ਇਸ ਜੰਗ ਤੋਂ ਸਮੁੱਚੇ ਤੌਰ ਤੇ ਦੀਵਾਨ ਨੂੰ ਬੜੀ ਆਪਾਧਾਪੀ ਹੋਈ। ਲਗਭਗ ਦਸ ਲਖ ਰੁਪਯਾ, ਜਿਸ ਦੀ ਉਸ ਵੇਲੇ ਲੋੜ ਸੀ, ਪਟਯਾਲੇ ਦੇ ਖ਼ਜ਼ਾਨੇ ਵਿੱਚ ਦਾਖਲ ਕੀਤਾ, ਕਿਉਂਕਿ ਕੁਝ ਸਾਲਾਂ ਤੋਂ ਲਾਗਾਤਾਰ ਫਸਲ ਨਾ ਹੋਣ, ਮੁਲਕ ਦੀ ਬੇ ਅਮਨੀ ਤੇ ਮਰਹੱਟਿਆਂ ਦੀ ਆਪਾਧਾਪੀ ਦੇ ਕਾਰਨ ਬਹੁਤ ਸਾਰਾ ਰੁਪਯਾ ਖ਼ਰਚ ਹੋ ਚੁੱਕਾ ਸੀ।

## ੫੪. ਨਾਨੂੰ ਮਲ ਦੇ ਭਾਗਾਂ ਦਾ ਫੇਰ

ਨਾਨੂੰਮਲ ਇੱਕ ਬਹਾਦਰ, ਸਿਆਣਾ ਤੇ ਦਲੇਰ ਅਹਿਲਕਾਰ ਸੀ ਤੇ ਇਸ ਨੇ ਉਹਨਾਂ ਦਿਨਾਂ ਵਿੱਚ ਪਟਯਾਲਾ ਦਰਬਾਰ ਦੀਆਂ ਜੋ ਖਿਦਮਤਾਂ ਕੀਤੀਆਂ, ਉਹ ਪ੍ਰਸੰਸਨੀਯ ਤੇ ਲਾਭਦਾਇਕ ਸਨ,

ਕਿੰਤੂ ਹੁਣ ਦੀਵਾਨ ਦੀ ਬੁੱਧੀ ਤੇ ਲਾਲਚ ਦਾ ਪਰਦਾ ਪੈ ਗਿਆ। ਮਹਾਰਾਜਾ ਅਮਰ ਸਿੰਘ ਦੇ ਵੇਲੇ ਵੀ ਇਸ ਤੋਂ ੧੦ ਲਖ ਰੁਪਯਾ ਜੁਰਮਾਨਾ ਲੀਤਾ ਗਿਆ ਸੀ। ਹੁਣ ਇਸ ਨੂੰ ਪੁੱਛਣ ਵਾਲਾ ਕੋਈ ਨਹੀਂ ਸੀ, ਜਿਸ ਤੋਂ ਇਸ ਦੇ ਵਿੱਚ ਹੰਕਾਰ ਆ ਗਿਆ ਤੇ ਏਨਾ ਮੂੰਹ ਤਾਣਾ ਹੋ ਗਿਆ ਕਿ ਦਰਬਾਰ ਦੇ ਵਿੱਚ ਬੈਠ ਕੇ ਹੁੱਕਾ ਪੀਣ ਲਗ ਗਿਆ। ਸਿੰਘਾਂ ਨੂੰ ਇਹ ਗੱਲ ਬੜੀ ਅਯੋਗ ਜਾਪੀ।

ਇਸ ਨੂੰ ਕਈ ਵੇਰ ਸਮਝਾਇਆ ਗਿਆ, ਕਿੰਤੂ ਜਦ ਇਹ ਕਿਸੇ ਕੁਲੀ ਤੇ ਨਾ ਆਇਆ ਤਦ ਮਹਾਰਾਜਾ ਸਾਹਿਬ ਸਿੰਘ ਪਾਸ ਇਹਦੀ ਸ਼ਕਾਇਤ ਹੋਈ ਕਿ ਇਹ ਭਰੇ ਦਰਬਾਰ ਵਿੱਚ ਹੁੱਕਾ ਪੀਂਦਾ ਹੈ, ਸਿੱਖਾਂ ਨੂੰ ਘਿਰਣਾ ਦੀ ਨਜ਼ਰ ਨਾਲ ਵੇਖਦਾ ਹੈ, ਸਾਰੇ ਅਹੁਦਿਆਂ ਤੇ ਇਸ ਨੇ ਆਪਣੇ ਸੰਬੰਧੀ ਰਖੇ ਹੋਏ ਹਨ। ਕੇਵਲ ਇੱਕ ਮੀਰ ਮੁਨਸ਼ੀ ਦਾ ਅਹੁਦਾ ਰਾਮ ਦਿਆਲ ਪਾਸ ਹੈ, ਨਹੀਂ ਤਾਂ ਬਾਕੀ ਸਾਰੇ ਜ਼ੁਮੇਵਾਰੀ ਦੇ ਅਹੁਦੇ ਘਰ ਦਿਆਂ ਨੂੰ ਦੇ ਰਖੇ ਹਨ ਤੇ ਇਸ ਨੇ ਮਰਹੱਟਿਆਂ ਨਾਲ ਅੰਦਰ ਖਾਨੇ ਮੇਲ ਰਖਤਾ ਹੋਇਆ ਹੈ। ਇਹ ਮੋਟੇ ਮੋਟੇ ਦੂਸ਼ਨ ਸਨ ਜੋ ਦੀਵਾਨ ਨਾਨੂ ਮਲ ਤੇ ਲਗਾਏ ਗਏ। ਮਹਾਰਾਜਾ ਸਾਹਿਬ ਸਿੰਘ ਰਾਣੀ ਆਸ ਕੌਰ ਤਾਂ ਪਹਿਲਾਂ ਹੀ ਨਾਰਾਜ਼ ਸਨ, ਬੀਬੀ ਰਾਜਿੰਦਰ ਕੌਰ ਵੀ ਮਰਹੱਟਿਆਂ ਵਾਲੀ ਗੱਲ ਤੋਂ ਵਿਰੁੱਧ ਹੋ ਗਈ। ਇਸ ਤਰ੍ਹਾਂ ਨਾਲ ਪਟਿਆਲਾ ਦਰਬਾਰ ਵਿੱਚ ਇਸ ਦਾ ਕੋਈ ਸਹਾਇਕ ਨਾ ਰਿਹਾ।

## ੫੫. ਮਰਹੱਟਿਆਂ ਦੀ ਆਉਂਦ

ਇਨ੍ਹਾਂ ਹੀ ਦਿਨਾਂ ਵਿੱਚ ਜਦ ਮਰਹੱਟਿਆਂ ਦੇ ਪ੍ਰਸਿੱਧ ਸਰਦਾਰ ਸਿੰਘ ਅਧੋਜੀ ਨੇ ਦਿਲੀ ਪੁੱਜ ਕੇ ਗ਼ੁਲਾਮ ਕਾਦਰ ਰੋਹੇਲੇ ਨੂੰ (ਜਿਸ ਨੇ ਸ਼ਾਹ ਆਲਮ ਦੀਆਂ ਅੱਖਾਂ ਕਢਵਾ ਕੇ ਦਿਲੀ ਦਾ ਤਖ਼ਤ ਮਲ ਲਿਆ ਸੀ) ਕੀਤੀ ਦਾ ਫ਼ਲ ਚਖਾਇਆ ਤੇ ਸ਼ਾਹ ਆਲਮ ਨੂੰ ਫਿਰ ਗੱਦੀ ਤੇ ਬਠਾਇਆ ਤਦ ਮਰਹੱਟਿਆਂ ਦੀ ਫੌਜ ਨੇ ਰਾਣੀ ਖਾਂ ਦਾਦਾ ਜੀ ਅਤੇ ਅਲੀ ਬਹਾਦਰ ਆਦਿਕ ਸਰਦਾਰ ਦੀ ਕਮਾਨ ਵਿੱਚ ਜਮਨਾ ਪਾਰ ਇਲਾਕਾ ਵਾਪਸ ਲੈਣ ਲਈ ਥਾਨੇਸਰ ਵਲ ਕੂਚ ਕੀਤਾ। ਇਹ ਲਸ਼ਕਰ ਥਾਨੇਸਰ ਆ ਕੇ ਕੁਝ ਦਿਨ ਠਹਿਰ ਗਿਆ, ਇਸ ਕਰ ਕੇ ਇੱਥੋਂ ਤਕ ਸੁਖ ਵਰਤੀ। ਕਿੰਤੂ ਜਦ ਇੱਥੋਂ ਕੂਚ ਕਰ ਕੇ ਅਜਰਾਨੇ ਜੋ ਪਟਯਾਲੇ ਤੋਂ ੮ ਮੀਲ ਹੈ, ਮੁਕਾਮ ਕੀਤਾ, ਤਦ ਪਟਿਆਲੇ ਵਿੱਚ ਗੜਬੜ ਮੱਚ ਗਈ। ਦੀਵਾਨ ਨਾਨੂ ਮਲ ਇਹ ਸਮਝੀ ਬੈਠਾ ਸੀ ਕਿ ਮਰਹੱਟਿਆਂ ਦੀ ਫੌਜ ਖ਼ਾਲੀ ਹੱਥ ਕਦੇ ਵਾਪਸ ਨਹੀਂ ਜਾਵੇਗੀ। ਬੀਬੀ ਰਾਜਿੰਦਰ ਕੌਰ ਪਾਸ ਜਾ ਕੇ ਬੇਨਤੀ ਕੀਤੀ ਕਿ ਆਪ ਥੋੜ੍ਹੇ ਦਿਨਾਂ ਲਈ ਅਸਬਾਬ ਤੇ ਕੁਲ ਸਮਾਨ ਲੈ ਕੇ ਬਠਿੰਡਾ ਦੇ ਕਿਲ੍ਹੇ ਵਿੱਚ ਚਲੇ ਜਾਣ, ਕਿੰਤੂ ਇਹ ਇੱਕ ਬੜੀ ਬਹਾਦਰ ਤੀਵੀਂ ਸੀ। ਉਸ ਦੀ ਅੰਮ੍ਰਿਤ ਦੀ ਸ਼ਕਤੀ ਨੇ ਇਹ ਪ੍ਰਵਾਨ ਨਾ ਕੀਤਾ ਕਿ ਮਰਹੱਟਿਆਂ ਤੋਂ ਡਰ ਕੇ ਪਟਯਾਲਾ ਛੱਡ ਜਾਏ। ਇਸ ਕਰ ਕੇ ਉਸ ਨੇ ਦੀਵਾਨ ਦੀ ਬਿਨੇ ਪ੍ਰਵਾਨ ਨਾ ਕੀਤੀ ਤੇ ਕਿਹਾ ਕਿ ਤੂੰ ਵਜ਼ੀਰ ਹੈਂ, ਹਰ ਤਰ੍ਹਾਂ ਤੈਨੂੰ ਪ੍ਰਬੰਧ ਕਰਨਾ ਚਾਹੀਦਾ ਹੈ। ਦੀਵਾਨ ਨਾਨੂ ਮੱਲ ਨੂੰ ਹੁਣ ਪਤਾ ਲਗ ਚੁੱਕਾ ਸੀ ਕਿ ਬੀਬੀ ਰਾਜਿੰਦਰ ਕੌਰ ਤੇ ਮਹਾਰਾਜਾ ਸਾਹਿਬ ਸਿੰਘ ਨੂੰ ਲੋਕਾਂ ਨੇ ਉਸ ਤੋਂ ਬਦਜ਼ਨ ਕਰ ਰੱਖਿਆ ਹੈ। ਇਸ ਕਰ ਕੇ ਉਸ ਨੇ ਚਾਹਿਆ ਕਿ ਹਮੇਸ਼ਾਂ ਵਾਸਤੇ ਪਟਯਾਲਾ ਛੱਡ ਕੇ ਚਲਾ ਜਾਵੇ, ਨਹੀਂ ਤਾਂ ਇਸ ਦਾ ਨਤੀਜਾ ਇਸ ਦੇ ਵਾਸਤੇ ਚੰਗਾ ਨਹੀਂ ਨਿੱਕਲੇਗਾ। ਕੁਝ ਧਨ ਵੀ ਇਕੱਠਾ ਕਰਨਾ ਚਾਹਿਆ, ਉਹ ਆਪਣੇ ਮਾਤੈਹਤ ਸਰਦਾਰਾਂ ਨੂੰ ਨਾਲ ਲੈ ਕੇ ਮਰਹੱਟਿਆਂ ਦੇ ਲਸ਼ਕਰ ਵਿੱਚ ਚਲਾ ਗਿਆ। ਇਸ ਨੇ ਉੱਥੇ ਜਾਂਦਿਆਂ ਹੀ ਰਾਣੀ ਖਾਂ ਨਾਲ ਮਿਤਰਾਨਾ ਗੰਢ ਲਿਆ। ਹੁਣ ਜਦ ਮਰਹੱਟਿਆਂ ਨੇ ਨਾਨੂ ਮਲ ਦੀ ਰਾਹੀਂ ਪਟਿਆਲੇ ਦੇ ਰਈਸ ਤੋਂ ਨਜ਼ਰਾਨਾ ਵਸੂਲ ਕਰ ਲਿਆ, ਤਦ ਪਟਿਆਲਾ ਬਾਬਤ ਨਾਨੂ ਮੱਲ ਨੇ ਆਪ ਬੀਬੀ ਰਾਜਿੰਦਰ ਕੌਰ ਨੂੰ ਸੁਨੇਹਾ ਭੇਜਿਆ ਕਿ ਮਰਹੱਟੇ ਇੰਨਾ ਰੁਪਯਾ ਮੰਗਦੇ ਹਨ। ਉੱਤਰ ਵਿੱਚ ਰਾਜਿੰਦਰ ਕੌਰ ਨੇ ਕਹਿ ਭੇਜਿਆ ਕਿ ਰਿਆਸਤ ਦਾ ਵਜ਼ੀਰ ਤੂੰ ਹੀ ਹੈਂ, ਰੁਪਯਾ ਤੈਨੂੰ ਹੀ ਦੇਣਾ ਚਾਹੀਦਾ ਹੈ। ਇਹ ਝਗੜਾ ਨਾਨੂ ਮੱਲ ਤੇ ਰਾਜਿੰਦਰ ਕੌਰ ਦੇ ਵਿਚਕਾਰ ਚਲਦਾ ਰਿਹਾ। ਕਿੰਤੂ ਜਦ ਇਸ ਗੱਲ ਦਾ

ਕੋਈ ਫ਼ੈਸਲਾ ਨਾ ਹੋਇਆ, ਤਦ ਰਾਜਿੰਦਰ ਕੌਰ ਨੇ ਮਰਹੱਟਾ ਸਰਦਾਰਾਂ ਨੂੰ ਕਹਿ ਭੇਜਿਆ ਕਿ ਇੱਥੋਂ ਫੌਜ ਲੈ ਕੇ ਚਲੇ ਜਾਓ, ਮੈਂ ਇਸ ਨਜ਼ਰਾਨੇ ਦਾ ਫ਼ੈਸਲਾ ਸੇਂਧਯਾ ਦੇ ਪਾਸ ਚੱਲ ਕੇ ਆਪ ਕਰ ਲੈਂਦੀ ਹਾਂ ਤੇ ਆਪ ਇੱਕ ਬੜੀ ਬਹਾਦਰ ਫੌਜ ਲੈ ਕੇ ਮਥਰਾ ਦੇ ਪਾਸੇ ਸੇਂਧਯਾ ਨਾਲ ਫ਼ੈਸਲਾ ਕਰਨ ਵਾਸਤੇ ਕੂਚ ਕੀਤਾ, ਕਿੰਤੂ ਸੈਫਅਬਾਦ ਦੇ ਕਿਲ੍ਹੇ ਤੇ ਨਾਨੂ ਮੱਲ ਦੇ ਭੜਕਾਨ ਤੇ ਮਰਹੱਟੇ ਤੇ ਸਿੱਖਾਂ ਦੇ ਵਿਚਕਾਰ ਡੂਢ ਮਹੀਨਾ ਤਕਣ ਲੜਾਈ ਹੁੰਦੀ ਰਹੀ। ਜਦ ਮਰਹੱਟਾ ਫੌਜ ਨਿਰਾਸ ਹੋ ਗਈ, ਤਦ ਕਰਨਾਲ ਵਲ ਵਾਪਸ ਚਲੀ ਗਈ।

ਜਿਸ ਵੇਲੇ ਰਾਜਿੰਦਰ ਕੌਰ ਤੇ ਨਾਨੂ ਮਲ ਦਾ ਝਗੜਾ ਨਜ਼ਰਾਨੇ ਬਾਬਤ ਚੱਲ ਰਿਹਾ ਸੀ, ਉਸ ਵੇਲੇ ਰਾਜਿੰਦਰ ਕੌਰ ਨੇ ਨਾਨੂ ਮਲ ਦੇ ਲੜਕੇ ਦੇਵੀ ਦਿੱਤਾ ਮੱਲ ਨੂੰ ਉਸ ਦੇ ਪਿਤਾ ਦੀ ਨੇਕ ਚਲਨੀ ਦੀ ਜ਼ਮਾਨਤ ਵਿੱਚ ਕੈਦ ਕਰ ਲਿਆ ਸੀ, ਜਿਸ ਦਾ ਨਤੀਜਾ ਇਹ ਹੋਇਆ ਕਿ ਦਾਦਾ ਜੀ ਮਰਹੱਟਾ ਦੀ ੩੦ ਹਜ਼ਾਰ ਫੌਜ ਲੈ ਕੇ ਪਟਿਆਲੇ ਉੱਤੇ ਨਾਨੂ ਮੱਲ ਨੇ ਚੜਾਈ ਕਰ ਦਿੱਤੀ ਤੇ ਰਾਜਿੰਦਰ ਕੌਰ ਨੂੰ ਸੁਨੇਹਾ ਭੇਜਿਆ ਕਿ ਜਦ ਤਕ ਮੇਰੇ ਲੜਕੇ ਨੂੰ ਨਾ ਛਡੋਗੇ ਮੈਂ ਰੁਪਯੇ ਦਾ ਬੰਦੋਬਸਤ ਨਹੀਂ ਕਰਾਂਗਾ। ਰਾਜਿੰਦਰ ਕੌਰ ਨੇ ਵੀ ਮਾਮਲੇ ਨੂੰ ਵਧਾਣਾ ਪਸੰਦ ਨਾ ਕੀਤਾ ਤੇ ਦੇਵੀ ਦਿੱਤਾ ਮੱਲ ਨੂੰ ਛੱਡ ਦਿੱਤਾ।

ਜਦ ਮਰਹੱਟਿਆਂ ਦੀ ਫੌਜ ਨਾਨੂ ਮਲ ਸਮੇਤ ਕਰਨਾਲ ਵਲ ਵਾਪਸ ਮੁੜੀ, ਤਦ ਪਿੱਛੋਂ ਮਹਾਰਾਜਾ ਸਾਹਿਬ ਸਿੰਘ ਨੇ ਕਈ ਕੁ ਆਦਮੀਆਂ ਨੂੰ ਫੜ ਕੇ ਕੈਦ ਕਰ ਲਿਆ। ਨਾਨੂੰ ਮਲ ਦਾ ਜਿੰਨਾ ਅਸਬਾਬ ਅਖਨੂਰ ਤੇ ਭਵਾਨੀਗੜ੍ਹ ਦੇ ਕਿਲ੍ਹੇ ਵਿੱਚ ਸੀ, ਸਾਰਾ ਜ਼ਬਤ ਕਰ ਲਿਆ। ਫਿਰ ਇੱਥੋਂ ਚੱਲ ਕੇ ਨਾਨੂੰ ਮਲ ਦੇ ਲੜਕੇ ਨੌਂਦਾ ਰਾਇ ਨੂੰ; ਜੋ ਬਰਨਾਲੇ ਵਿੱਚ ਤਸੀਲਦਾਰ ਸੀ, ਕੈਦ ਕਰ ਲਿਆ। ਫਿਰ ਕਿਲ੍ਹਾ ਅਕਾਲ ਗੜ੍ਹ ਤੇ ਹਮਲਾ ਕੀਤਾ, ਇੱਥੇ ਨਾਨੂੰ ਮਲ ਦਾ ਤੀਜਾ ਲੜਕਾ ਮਾਈ ਦਿੱਤਾ ਰਹਿੰਦਾ ਸੀ। ਇਸ ਦੀ ਸਲਾਹ ਲੜਾਈ ਕਰਨ ਦੀ ਸੀ, ਕਿੰਤੂ ਆਪਣੀ ਫੌਜ ਦੀ ਕਮੀ ਵੇਖ ਕੇ ਚੁੱਪ ਹੋ ਗਿਆ। ਚਾਰ ਲੱਖ ਰੁਪਯਾ ਮਹਾਰਾਜਾ ਸਾਹਿਬ ਸਿੰਘ ਨੂੰ ਇਸ ਕਿਲ੍ਹੇ ਤੋਂ ਹੱਥ ਆਇਆ। ਇਸੇ ਤਰ੍ਹਾਂ ਜਿੱਥੇ ਜਿੱਥੇ ਅਖਨੂਰ ਜਾਂ ਹੋਰ ਥਾਵਾਂ ਤੇ ਨਾਨੂ ਮਲ ਦੇ ਸੰਬੰਧੀ, ਜਾਂ ਆਂਦੇ ਹੋਏ ਆਦਮੀਆਂ ਦਾ ਪਤਾ ਲੱਗਾ, ਉਸ ਨੂੰ ਉੱਥੇ ਪੁੱਜ ਕੇ ਨੌਕਰੀ ਤੋਂ ਹਟਾ ਦਿੱਤਾ ਤੇ ਨਾਨੂ ਮਲ ਦੀ ਜਿੰਨੀ ਜਾਇਦਾਦ ਨਕਦੀ ਸਾਮਾਨ ਜਾਂ ਜ਼ਮੀਨ ਤੇ ਮਕਾਨ ਆਦਿਕ ਸੀ, ਸਭ ਜ਼ਬਤ ਕਰ ਲਏ। ਇਧਰ ਕਰਨਾਲ ਅੱਪੜ ਕੇ ਦੀਵਾਨ ਨਾਨੂ ਮੱਲ ਨੇ ਮਰਹੱਟਿਆਂ ਪਾਸੋਂ ਆਗਿਆ ਮੰਗੀ। ਅਜੇ ਇਹ ਰਾਹ ਵਿੱਚ ਹੀ ਸੀ ਕਿ ਇਸ ਨੂੰ ਮਹਾਰਾਜਾ ਸਾਹਿਬ ਸਿੰਘ ਦੀਆਂ ਇਹਨਾਂ ਗੱਲਾਂ ਦਾ ਪਤਾ ਲਗ ਗਿਆ। ਇਸ ਕਰ ਕੇ ਇਹਨੇ ਸੋਚ ਲਿਆ ਕਿ ਜੇ ਕਦੀ ਮੈਂ ਐਸ ਵੇਲੇ ਪਟਿਆਲੇ ਜਾਵਾਂ ਤਦ ਜਾਂ ਤਾਂ ਕਤਲ ਕਰ ਦੇਣਗੇ ਜਾਂ ਕੈਦ ਵਿੱਚ ਸੜਨਾ ਪਵੇਗਾ। ਇਸ ਕਰ ਕੇ ਇਸ ਨੇ ਸ਼ਾਹਅਬਾਦ ਦੇ ਰਈਸ ਕਰਮ ਸਿੰਘ ਪਾਸ ਪਨਾਹ ਲਈ। ਇਸ ਰਈਸ ਨੇ ਪਟਿਆਲੇ ਦੇ ਮਹਾਰਾਜੇ ਨਾਲ ਇਸ ਦਾ ਸਲੂਕ ਕਰਾ ਦੇਣ ਦੇ ਬੜੇ ਇਕਰਾਰ ਕੀਤੇ ਤੇ ਮਹਾਰਾਜਾ ਸਾਹਿਬ ਸਿੰਘ ਨੂੰ ਸੁਨੇਹੇ ਵੀ ਭੇਜੇ। ਦੀਵਾਨ ਨਾਨੂਮੱਲ ਨੇ ਕੁਝ ਥੋੜ੍ਹੀ ਜਿਹੀ ਫੌਜ ਇਕੱਤਰ ਕਰ ਕੇ ਅਖਨੂਰ ਤੇ ਹੱਲਾ ਕਰਨ ਦੀ ਸਲਾਹ ਕੀਤੀ। ਸਰਦਾਰ ਕਰਮ ਸਿੰਘ ਨੂੰ ਜਦ ਪਤਾ ਲੱਗਾ ਕਿ ਉਹ ਤਾਂ ਸੁਲਾਹ ਕਰਾਨੀ ਚਾਹੁੰਦਾ ਹੈ, ਕਿੰਤੂ ਨਾਨੂ ਮਲ ਉਲਟਾ ਲੜਾਈ ਦੇ ਮਨਸੂਬੇ ਪਕਾ ਰਿਹਾ ਹੈ। ਤਦ ਉਸ ਨੇ ਨਾਨੂ ਮਲ ਨੂੰ ਇਸ ਦੋ ਪਾਸੀਂ ਚਾਲ ਚਲਣ ਤੋਂ ਰੋਕਿਆ, ਜਿਸ ਤੋਂ ਨਾਨੂ ਮੱਲ ਆਪਣਾ ਪਾਜ ਉੱਘੜਦਾ ਵੇਖ ਕੇ ਇੱਥੋਂ ਨੱਸ ਕੇ ਇਲਾਕਾ ਕੈਥਲ ਵਿੱਚ ਚਲਾ ਗਿਆ।

ਇਧਰ ਮਥੁਰਾ ਪੁੱਜ ਕੇ ਰਾਜਿੰਦਰ ਕੌਰ ਨੇ ਸੇਂਧਯਾ ਨਾਲ ਨਜ਼ਰਾਨੇ ਦਾ ਫ਼ੈਸਲਾ ਕਰ ਲਿਆ ਤੇ ਦੇਵੀ ਦਿੱਤਾ ਜੋ ਨਾਨੂ ਮਲ ਦਾ ਪੁੱਤਰ ਸੀ, ਉਸ ਨੂੰ ਨਜਰਾਨੇ ਦੀ ਰਕਮ ਭੇਜਣ ਦੇ ਇਕਰਾਰ ਵਿੱਚ ਮਰਹੱਟਿਆਂ ਪਾਸ ਛੱਡ ਆਈ ਤੇ ਪਟਿਆਲੇ ਅੱਪੜ ਗਈ, ਜਿੱਥੇ ੧੭੯੧ ਈਸਵੀ ਨੂੰ ਬੀਮਾਰ ਹੋ ਕੇ ਚਲਾਣਾ ਕਰ ਗਈ।

## ੫੬. ਬੀਬੀ ਰਾਜਿੰਦਰ ਕੌਰ ਦਾ ਆਚਰਣ

ਰਾਣੀ ਰਾਜਿੰਦਰ ਕੌਰ ਇੱਕ ਬੜੀ ਬਹਾਦਰ ਦਲੇਰ, ਅਕਲਮੰਦ ਤੇ ਦ੍ਰਿੜ੍ਹ ਪ੍ਰਤੱਗਯਾ ਵਾਲੀ ਤੀਵੀਂ ਸੀ। ਮਾਲੀ ਤੇ ਮੁਲਕੀ ਪ੍ਰਬੰਧ ਕਰਨ ਵਿੱਚ ਇੰਨੀ ਸਮਝਦਾਰ ਸੀ ਕਿ ਇੱਕ ਤਕੜੀ ਰਿਆਸਤ ਦਾ ਪ੍ਰਬੰਧ ਹਜ਼ਾਰਾਂ ਮਰਦਾਂ ਨਾਲੋਂ ਚੰਗੀ ਤਰ੍ਹਾਂ ਕਰ ਸਕਦੀ ਸੀ। ਦ੍ਰਿੜ੍ਹਤਾ, ਦੂਰਦਰਸ਼ਤਾ, ਦਾਨਾਈ ਤੇ ਦਲੇਰੀ ਆਦਿਕ ਜਿਨ੍ਹਾਂ ਗੁਣਾਂ ਦੇ ਹੋਣ ਤੇ ਕੇਵਲ ਮਰਦਾਂ ਨੂੰ ਹੀ ਘੁਮੰਡ ਹੁੰਦਾ ਹੈ, ਇਸ ਸੁਭਾਵ ਤੀਵੀਂ ਵਿੱਚ ਓਹ ਸਾਰੇ ਗੁਣ ਸਨ। ਇਹ ਇਸੇ ਦੀ ਜ਼ਾਤੀ ਗੁਣਾਂ ਦਾ ਫ਼ਲ ਸੀ। ਪਟਿਆਲਾ ਰਿਆਸਤ ਜਿਉਂ ਦੀ ਤਿਉਂ ਰਹਿ ਗਈ, ਨਹੀਂ ਤਾਂ ਰਾਜਾ ਅਮਰ ਸਿੰਘ ਤੋਂ ਪਿੱਛੋਂ ਜਿਸ ਖਤਰਨਾਕ ਹਾਲਤ ਵਿੱਚ ਇਹ ਰਿਆਸਤ ਪੈ ਗਈ ਸੀ ਆਸ ਨਹੀਂ ਸੀ ਕਿ ਇਹ ਰਿਆਸਤ ਕਾਇਮ ਰਹਿ ਸਕਦੀ, ਕਿੰਤੂ ਸ਼ੋਕ ਹੈ ਕਿ ਇਹ ਬਹਾਦਰ ਤੀਵੀਂ ਜੋ ਇਸਤ੍ਰੀ ਜਾਤੀ ਲਈ ਫਖਰ, ਕੌਮ ਲਈ ਇੱਜ਼ਤ ਤੇ ਮੁਲਕ ਲਈ ਪੱਤ ਦਾ ਕਾਰਨ ਹੋਈ, ਜਿਸ ਨੇ ਹਰ ਮੁਸ਼ਕਲ ਜੰਗਾਂ ਵਿੱਚ ਆਪਣੇ ਘੋੜੇ ਤੇ ਸਵਾਰ ਹੋ ਰਣ ਜਿੱਤੇ, ਹੱਥ ਤੇ ਸਿਰ ਰੱਖ ਕੇ ਪਟਯਾਲੇ ਦਰਬਾਰ ਲਈ ਫਿਰਦੀ ਰਹੀ, ਓਸ ਪਟਿਆਲਾ ਰਾਜ ਵਲੋਂ ਇਸ ਦੇ ਨਾਲ ਇਨ੍ਹਾਂ ਅੱਛਾ ਸਲੂਕ ਨਾ ਹੋਇਆ, ਜਿੰਨਾ ਕਿ ਹੋਣਾ ਚਾਹੀਦਾ ਸੀ। ਇਸ ਤੋਂ ਪਿੱਛੋਂ ਰਾਣੀ ਸਾਹਿਬ ਕੌਰ ਤੇ ਆਸ ਕੌਰ ਵੀ ਪਟਯਾਲਾ ਦਰਬਾਰ ਵਿੱਚ ਅਜਿਹੀਆਂ ਹੀ ਤੀਵੀਆਂ ਹੋਈਆਂ, ਜਿਨ੍ਹਾਂ ਨੇ ਕਿ ਬਹਾਦਰੀ ਤੇ ਸਿਆਣਪ ਦੇ ਨਾਲ ਰਾਜ ਪ੍ਰਬੰਧ ਕੀਤਾ।

## ੫੭. ਦੀਵਾਨ ਨਾਨੂ ਮੱਲ ਦਾ ਚਲਾਣਾ

ਦੀਵਾਨ ਨਾਨੂ ਮੱਲ ਨੇ ਜਦ ਇਹ ਵੇਖਿਆ ਕਿ ਰਾਜਿੰਦਰ ਕੌਰ ਚਲਾਣਾ ਕਰ ਗਈ ਹੈ। ਤਦ ਓਸ ਨੇ ਫਿਰ ਇੱਕ ਵੇਰ ਪਟਿਆਲੇ ਜਾਣ ਦਾ ਯਤਨ ਕੀਤਾ। ਜਦ ਕਾਮਯਾਬ ਨਾ ਹੋਇਆ ਤਦ ਮਾਲੇਰ ਕੋਟਲੇ ਦੇ ਨਵਾਬ ਨੂੰ ਇਹ ਕਹਿ ਕੇ ਕਿ ਤੇਰਾ ਅਮਕਾ ਅਮਕਾ ਪਿੰਡ ਪਟਿਯਾਲੇ ਵਾਲਿਆਂ ਦਬਾ ਰੱਖਿਆ ਹੈ, ਫੌਜ ਲੈ ਕੇ ਚੜ੍ਹਾਈ ਕਰ ਦਿੱਤੀ। ਮਾਲੇਰਕੋਟਲਾ ਦੀ ਹਰ ਵਾਰ ਦੀ ਨਾਕਾਮਯਾਬੀ ਨੇ ਦੀਵਾਨ ਨਾਨੂੰ ਮਲ ਨੂੰ ਵੀ ੧੭੯੨ ਈ. ਵਿੱਚ ਇਸ ਦੁਨੀਆਂ ਤੋਂ ਨਾਕਾਮਯਾਬ ਵਾਪਸ ਕਰ ਦਿੱਤਾ।

## ੫੮. ਮੀਰ ਅਲਾਹੀ ਬਖ਼ਸ਼ ਤੇ ਕੇਸਰ ਮੱਲ

ਦੀਵਾਨ ਨਾਨੂ ਮੱਲ ਦੇ ਚਲਾਣੇ ਦੇ ਮਗਰੋਂ ਰਿਆਸਤ ਪਟਿਆਲੇ ਵਿੱਚ ਮੀਰ ਅਲਾਹੀ ਬਖ਼ਸ਼ ਨੇ ਮਹਾਰਾਜਾ ਸਾਹਿਬ ਸਿੰਘ ਨੂੰ ਆਪਣੇ ਹੱਥਾਂ ਤੇ ਪਾ ਲਿਆ। ਇਹ ਸਮਾਨਾ ਦਾ ਰਹਿਣ ਵਾਲਾ ਸੀ। ਜਿਵੇਂ ਚਾਹੁੰਦਾ ਮਹਾਰਾਜਾ ਪਾਸੋਂ ਕਰਾਂਦਾ ਸੀ। ਇਸ ਦੀਆਂ ਆਦਤਾਂ ਤੋਂ ਤੰਗ ਆ ਕੇ ਸਰਦਾਰ ਦਿਆਲ ਸਿੰਘ ਅਰੋੜਾ ਤੇ ਸੁੱਖਾ ਸਿੰਘ ਢਿਲੋਂ ਨੇ ਅਲਾਹੀ ਬਖ਼ਸ਼ ਨੂੰ ਦਰਬਾਰ ਵਿੱਚ ਕਤਲ ਕਰ ਦਿੱਤਾ। ਇਸ ਤੋਂ ਪਿੱਛੋਂ ੧੮੫੦ ਬਿਕ੍ਰਮੀ ਵਿੱਚ ਸਰਦਾਰ ਅਲਵੇਲ ਸਿੰਘ ਰਿਆਸਤ ਦੇ ਵਜ਼ੀਰ ਬਣੇ ਤੇ ਰਾਮ ਦਿਆਲ ਮੁਨਸ਼ੀਗਰੀ ਦੇ ਅਹੁਦੇ ਤੋਂ ਦੀਵਾਨ ਨੀਯਤ ਹੋਇਆ। ਕਿੰਤੂ ਮਹਾਰਾਜ ਸਾਹਿਬ ਸਿੰਘ ਨੂੰ ਇਸ ਗੱਲ ਦਾ ਹਰ ਵੇਲੇ ਸੁਬ੍ਹਾ ਰਹਿੰਦਾ ਸੀ ਕਿ ਕਿਤੇ ਇਹ ਮੇਰੇ ਨਾਲ ਧੋਖਾ ਕਰ ਕੇ ਮੇਰੇ ਲੜਕੇ ਨੂੰ ਗੱਦੀ ਤੇ ਬਿਠਾ ਕੇ ਮੈਨੂੰ ਤਖ਼ਤੋਂ ਨਾ ਉਠਾ ਦੇਣ।

## ੫੯. ਬੀਬੀ ਸਾਹਿਬ ਕੌਰ ਦਾ ਵਜ਼ੀਰ ਹੋਣਾ

ਮਹਾਰਾਜਾ ਸਾਹਿਬ ਸਿੰਘ ਨੇ ਆਪਣੀ ਭੈਣ ਬੀਬੀ ਸਾਹਿਬ ਕੌਰ ਨੂੰ, ਜੋ ਬੀਬੀ ਰਾਜਿੰਦਰ ਕੌਰ ਵਾਂਗ ਬੜੀ ਬਹਾਦਰ ਤੇ ਅਕਲਮੰਦ ਸੀ, ਫਤਹਿਗੜ੍ਹ (ਉਸ ਦੇ ਸਾਹੁਰੇ ਪਿੰਡ) ਤੋਂ ਪਟਿਆਲੇ ਸੱਦ ਕੇ ਰਿਆਸਤ ਦਾ ਸਾਰਾ ਪ੍ਰਬੰਧ ਉਸ ਦੇ ਹਵਾਲੇ ਕਰ ਦਿੱਤਾ। ਸਾਹਿਬ ਕੌਰ ਨੇ ਪਟਿਆਲੇ ਅੱਪੜਦਿਆਂ ਹੀ ਰਿਆਸਤ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ। ਸਰਦਾਰ ਤਾਰਾ ਸਿੰਘ ਨੇ ਆਪਣੀ ਸਹਾਇਤਾ ਤੇ ਨਾਨੂ ਮਲ ਦੇ ਭਤੀਜੇ ਦੀਵਾਨ ਸਿੰਘ ਨੂੰ ਦੀਵਾਨ ਦੇ ਅਹੁਦੇ ਤੇ

ਨੀਯਤ ਕਰ ਦਿੱਤਾ ਕਿੰਤੂ ਜਦ ਇਸ ਪਾਸੋਂ ਇਹ ਕੰਮ ਚੰਗੀ ਤਰ੍ਹਾਂ ਨਾ ਚਲਿਆ ਤਦ ਮਹਾਰਾਜਾ ਸਾਹਿਬ ਸਿੰਘ ਨੇ ਰਾਮ ਦਿਆਲ ਸਾਹਿਬ ਦੇ ਨਿੱਕੇ ਭਰਾ ਗੁਰਦਿਆਲ ਸਾਹਿਬ ਨੂੰ ਦੀਵਾਨੀ ਦਾ ਕੰਮ ਸੌਂਪ ਦਿੱਤਾ।

ਉਨ੍ਹਾਂ ਦਿਨਾਂ ਵਿੱਚ ਘਨੀਆਬਾਜਾ ਦੇ ਜ਼ਿਮੀਂਦਾਰਾਂ ਨੇ ਸ੍ਰ: ਚੂਹੜ ਸਿੰਘ ਭਦੌੜੀਆ ਤੇ ਉਸ ਦੇ ਭਰਾ ਦਲ ਸਿੰਘ ਨੂੰ ਆਪਣੇ ਪਿੰਡ ਧੋਖੇ ਨਾਲ ਸੱਦਿਆ ਤੇ ਇੱਕ ਬੁਰਜ ਤੇ ਲੈ ਜਾ ਕੇ ਚਾਰੇ ਪਾਸੀਂ ਲੱਕੜੀ ਰੱਖ ਅੱਗ ਲਾ ਕੇ ਸਾੜ ਸੁੱਟਿਆ। ਇਹ ਖ਼ਬਰ ਸੁਣ ਦੇ ਮਹਾਰਾਜਾ ਪਟਿਆਲਾ ਨੇ ਤਿੰਨ ਹਜ਼ਾਰ ਸਵਾਰ ਲੈ ਕੇ ਬਰਨਾਲੇ ਤੇ ਕੂਚ ਕੀਤਾ ਤੇ ੧੮੪੯ ਫੱਗਣ ਵਿੱਚ ਓਥੇ ਪੁੱਜ ਕੇ ੧੦੦ ਆਦਮੀ ਜਿਨ੍ਹਾਂ ਦੀ ਇਹ ਸ਼ਰਾਰਤ ਦਾ ਕੰਮ ਸੀ, ਤਲਵਾਰ ਨਾਲ ਕਤਲ ਕਰ ਦਿੱਤਾ ਤੇ ਪਿੰਡ ਘਨੀ ਆਬਾਜਾ ਨੂੰ ਅੱਗ ਲਾ ਦਿੱਤੀ। ਫਿਰ ਓਥੋਂ ਮਹਾਰਾਜੇ ਨੇ ਭਦੌੜ ਪੁੱਜ ਕੇ ਚੂਹੜ ਸਿੰਘ ਦੇ ਪੁੱਤਰ ਦੀਪ ਸਿੰਘ ਤੇ ਬੀਰ ਸਿੰਘ ਨੂੰ ਸਿਰੋਪਾ ਦੇ ਕੇ ਓਹਨਾਂ ਦੇ ਪਿਤਾ ਦੀ ਜਗ੍ਹਾ ਤੇ ਬਿਠਾ ਦਿੱਤਾ ਤੇ ਸਰਦਾਰ ਅਲਬੇਲ ਸਿੰਘ ਨੂੰ ਕੁਝ ਫੌਜ ਦੇ ਕੇ ਇਲਾਕਾ ਬੋਹੀਆ ਵਿੱਚ ਜਿੱਥੋਂ ਦੇ ਜ਼ਿਮੀਂਦਾਰ ਕੁਝ ਬਾਗ਼ੀ ਹੋ ਗਏ ਸਨ, ਭੇਜਿਆ ਤੇ ਆਪ ਮਹਾਰਾਜਾ ਸਾਹਿਬ ਸੋਢੀ ਕਰਮ ਸਿੰਘ ਮਾਛੀਵਾੜੇ ਵਾਲੇ ਤੇ ਸਰਦਾਰ ਚੜ੍ਹਤ ਸਿੰਘ ਆਦਿਕਾਂ ਨੂੰ ਅਧੀਨ ਬਣਾ ਕੇ ਵਾਪਸ ਪਟਿਆਲੇ ਚਲਾ ਆਇਆ। ਉਧਰ ਸਰਦਾਰ ਅਲਬੇਲ ਸਿੰਘ ਵੀ ਤਿੰਨ ਮਹੀਨੇ ਲੜਾਈਆਂ ਕਰ ਕੇ ਬੋਹੀਆ ਦੇ ਇਲਾਕੇ ਸੋਧ ਤਿੰਨ ਸਾਲ ਦਾ ਮਾਮਲਾ ਵਸੂਲ ਕਰ ਕੇ ਚਲਾ ਆਇਆ।

ਇਸ ਸਮੇਂ ਖ਼ਬਰ ਆਈ ਕਿ ਸ੍ਰਦਾਰ ਜੈਮਲ ਸਿੰਘ ਘਨੀਆ ਨੂੰ ਓਸ ਦੇ ਚਾਚੇ ਦੇ ਲੜਕੇ ਭਾਈ ਫਤਹਿ ਸਿੰਘ ਨੇ ਕੈਦ ਕਰ ਲਿਆ ਹੈ। ਇਹ ਗੱਲ ਸੁਣਦੇ ਹੀ ਬੀਬੀ ਸਾਹਿਬ ਕੌਰ ਨੇ ਆਪਣੇ ਪਤੀ ਨੂੰ ਛੁਡਾਣ ਵਾਸਤੇ ਇੱਕ ਤਕੜੀ ਫੌਜ ਲੈ ਕੇ ਸਰਦਾਰ ਜੋਧ ਸਿੰਘ ਸਮੇਤ ਉਸ ਪਾਸੇ ਚੜ੍ਹਾਈ ਕਰ ਦਿੱਤੀ ਤੇ ਥੋੜ੍ਹੇ ਹੀ ਦਿਨਾਂ ਦੇ ਜੰਗ ਨਾਲ ਫਤਹਿ ਪਾ ਕੇ ਓਧਰ ਦਾ ਸਾਰਾ ਪ੍ਰਬੰਧ ਕਰ ਕੇ ਆਪਣੇ ਪਤੀ ਨੂੰ ਛੁਡਾ ਕੇ ਪਟਿਆਲੇ ਆ ਗਈ।

## ੬੦. ਸਾਹਿਬ ਕੌਰ ਦੀ ਮਰਹੱਟਿਆਂ ਨਾਲ ਜੰਗ ਤੇ ਫਤਹਿ

ਸੰਮਤ ੧੮੫੧ ਨੂੰ ਲਛਮੀ ਰਾਓ ਤੇ ਵਾਂਟਾ ਰਾਓ ਮਰਹੱਟਿਆਂ ਨੇ ਫਿਰ ਇਸ ਮੁਲਕ ਤੇ ਚੜ੍ਹਾਈ ਕੀਤੀ ਤੇ ਸਾਰੇ ਨਿਕੇ ਨਿਕੇ ਰਈਸਾਂ ਨੇ ਉਹਨਾਂ ਦੀ ਅਧੀਨਤਾ ਸ੍ਵੀਕਾਰ ਕਰ ਲਈ। ਐਥੋਂ ਤੱਕ ਕਿ ਜੀਂਦ ਤੇ ਕੈਥਲ ਆਦਿਕ ਰਿਆਸਤਾਂ ਜੋ ਵਡੀਆਂ ਰਿਆਸਤਾਂ ਗਿਣੀਆਂ ਜਾਂਦੀਆਂ ਸਨ, ਉਹਨਾਂ ਦੇ ਵਜ਼ੀਰਾਂ ਨੇ ਵੀ ਆਪਣੀ ਖ਼ੈਰ ਖਾਹੀ ਦੇ ਸੁਣੇਹੇ ਭੇਜ ਦਿਤੇ। ਕਿੰਤੂ ਬੀਬੀ ਸਾਹਿਬ ਕੌਰ ਨੇ; ਜੋ ਬਹਾਦਰੀ, ਦਲੇਰੀ ਤੇ ਸਿਆਣਪ ਵਿੱਚ ਆਪਣੇ ਜਿਹੀ ਆਪ ਹੀ ਸੀ, ਸਰਦਾਰ ਬੈਹੰਗਾ ਸਿੰਘ ਥਾਨੇਸਰ ਜੋਧ ਸਿੰਘ ਕਲਸੀਆ ਦੀਪ ਸਿੰਘ ਬੀਰ ਸਿੰਘ ਭਦੌੜੀਆ ਤੇ ਤਾਰਾ ਸਿੰਘ ਗੈਬਾ ਆਦਿਕ ਸਰਦਾਰਾਂ ਨੂੰ ਨਾਲ ਲੈ ਕੇ ਮਰਹੱਟਿਆਂ ਦੇ ਟਾਕਰੇ ਲਈ ਕੂਚ ਕੀਤਾ। ਅੰਬਾਲੇ ਤੋਂ ਕੁਝ ਮੀਲਾਂ ਦੀ ਵਿੱਥ ਤੇ ਮਰਦਾਨ ਪੁਰੇ ਦੋਨੋਂ ਫੌਜਾਂ ਆਹਮੋ ਸਾਮ੍ਹਣੇ ਹੋ ਗਈਆਂ। ਲੜਾਈ ਸ਼ੁਰੂ ਹੋ ਗਈ, ਮਰਹੱਟਿਆਂ ਦੀ ਫੌਜ ਕੁਵਾਇਦ ਜਾਣਦੀ ਤੇ ਸਾਹਿਬ ਕੌਰ ਦੀ ਫੌਜ ਨਾਲੋਂ ਗਿਣਤੀ ਵਿੱਚ ਵੀ ਚੌਣੀ ਸੀ, ਇਸ ਕਰ ਕੇ ਸੰਭਵ ਸੀ ਕਿ ਪਟਯਾਲੇ ਦੀ ਫੌਜ ਹਾਰ ਜਾਏ, ਕਿੰਤੂ ਇਸ ਸਮੇਂ ਬਹਾਦਰ ਸੈਨਾਪਤੀ ਸਾਹਿਬ ਕੌਰ ਨੇ ਰੱਥ ਵਿੱਚੋਂ ਨਿੱਕਲ ਕੇ ਮਰਦਾਨਾ ਕਪੜੇ ਪਾ ਕੇ ਫੌਜ ਨੂੰ ਲਲਕਾਰ ਕੇ ਕਿਹਾ, "ਐ ਬਹਾਦਰੋ! ਮਰਦਾਂ ਦਾ ਪਿੱਛੇ ਹਟਣਾ ਨਹੀਂ, ਕੀ ਤੁਹਾਡੀ ਇੱਜ਼ਤ ਬਹਾਦਰੀ ਤੇ ਜਵਾਂ ਮਰਦੀ ਇਸ ਗੱਲ ਦੀ ਆਗਿਆ ਦੇਵੇਗੀ ਕਿ ਤੁਹਾਡੇ ਮਹਾਰਾਜੇ ਦੀ ਭੈਣ ਵੈਰੀਆਂ ਦੇ ਹੱਥ ਵਿੱਚ ਆ ਜਾਏ ਤੇ ਤੁਸੀਂ ਆਪਣੀਆਂ ਜਾਨਾਂ ਬਚਾ ਕੇ ਖ਼ੁਸ਼ੀ ਖ਼ੁਸ਼ੀ ਆਪਣੇ ਘਰੀਂ ਚਲੇ ਜਾਓ? ਜੇ ਤੁਹਾਡੀ ਇਹ ਹੀ ਮਨਸ਼ਾ ਹੈ, ਤਦ ਸੁਖ! ਚਲੇ ਜਾਓ, ਮੇਰੇ ਕੁਝ ਵਸ ਨਹੀਂ। ਕਿੰਤੂ ਜਦ ਤਕ ਮੇਰੀ ਜਾਨ ਵਿੱਚ ਜਾਨ ਹੈ, ਪਿਛੇ ਕਦਮ ਨਹੀਂ ਰਖਾਂਗੀ। ਲੜ ਕੇ ਇਸੇ ਮੈਦਾਨ ਵਿੱਚ ਰਹਿ ਜਾਵਾਂਗੀ। ਬਹਾਦਰੋ! ਕੀ ਤੁਹਾਡੇ ਵਿੱਚ ਮੈਂ ਤੀਵੀਂ ਜਿੰਨਾ ਹੌਸਲਾ ਨਹੀਂ? ਠੈਹਰੋ! ਠੈਹਰੋ! ਵੇਖੋ ਖਾਂ, ਗੁਰੂ ਗੋਬਿੰਦ ਸਿੰਘ ਸਾਹਿਬ ਤੁਹਾਡੀ

ਸਹਾਇਤਾ ਕਿੱਕੁਣ ਕਰਦੇ ਹਨ! ਹੌਸਲਾ ਨਾ ਛਡੋ! ਮਰਦ ਬਣੋ! ਲੜਾਈ ਦੇ ਮੈਦਾਨ ਵਿੱਚ ਸਿਰ ਦੇਣਾ ਤੁਸਾਂ ਦਾ ਹੀ ਕੰਮ ਹੈ, ਨਾ ਕਿ ਮੈਂ ਤੀਵੀਂ ਦਾ!"

ਸਾਹਿਬ ਕੌਰ ਦੀ ਇਸ ਬਹਾਦਰੀ ਤੇ ਜਵਾਂਮਰਦੀ ਦੇ ਵਾਕਾਂ ਨੇ ਉਹਦੀ ਫੌਜ ਦਾ ਹੌਸਲਾ ਹੋਰ ਵੀ ਵਧਾ ਦਿੱਤਾ। ਉਹਨਾਂ ਦੇ ਉੱਖੜੇ ਹੋਏ ਪੈਰ ਫਿਰ ਜੰਮ ਗਏ। ਸਾਰਾ ਦਿਨ ਬਰਾਬਰ ਜਾਨਾਂ ਤੋੜ ਤੋੜ ਕੇ ਲੜਦੇ ਰਹੇ। ਅੰਤ ਨੂੰ ਜਦ ਰਾਤ ਹੋ ਗਈ ਤੇ ਦੋਨਾਂ ਪਾਸਿਆਂ ਦੇ ਲਸ਼ਕਰ ਲੜਾਈ ਵਿੱਚ ਉੱਤਰੇ ਤਦ ਸਿੱਖ ਰਈਸਾਂ ਨੇ ਮਿਲ ਕੇ ਸਾਹਿਬ ਕੌਰ ਨੂੰ ਕਿਹਾ ਕਿ ਹੁਣ ਸਮਾਂ ਬਹੁਤ ਚੰਗਾ ਹੈ, ਤੁਸੀਂ ਪਟਿਆਲੇ ਵਾਪਸ ਚਲੇ ਜਾਉ, ਕਿਉਂਕਿ ਸਾਡੀ ਫੌਜ ਬਹੁਤ ਮਾਰੀ ਜਾ ਚੁੱਕੀ ਹੈ ਤੇ ਕਲ ਸਾਡੀ ਸੈਨਾ ਨੂੰ ਜ਼ਰੂਰ ਭਾਜੜ ਪੈ ਜਾਏਗੀ, ਕਿੰਤੂ ਬੀਬੀ ਸਾਹਿਬ ਕੌਰ ਨੇ ਪਟਯਾਲੇ ਵਾਪਸ ਜਾਣ ਤੋਂ ਇਨਕਾਰ ਹੀ ਨਹੀਂ ਕੀਤਾ, ਸਗੋਂ ਉਹਨਾਂ ਦੇ ਸਾਹਮਣੇ ਇਹ ਤਜਵੀਜ਼ ਪੇਸ਼ ਕੀਤੀ ਕਿ ਹਿੰਮਤ ਨਾ ਹਾਰੋ। ਹੁਣ ਰਾਤ ਵੇਲਾ ਹੈ, ਐਸ ਵੇਲੇ ਮਰਹੱਟਿਆਂ ਦੀ ਫੌਜ ਦਿਨ ਭਰ ਦੀ ਥਕੀ ਹੋਈ ਸੁੱਤੀ ਪਈ ਹੋਵੇਗੀ। ਰਾਤ ਨੂੰ ਹੀ ਉਹਨਾਂ ਤੇ ਛਾਪਾ ਮਾਰੋ, ਜ਼ਰੂਰ ਫਤਹਿ ਹੋਵੇਗੀ। ਇਸ ਗੱਲ ਨੂੰ ਸਾਰੇ ਸਰਦਾਰਾਂ ਤੇ ਫੌਜ ਨੇ ਮੰਨ ਲਿਆ। ਬੀਬੀ ਸਾਹਿਬ ਕੌਰ ਨੇ ਆਪਣੀ ਫੌਜ ਤੋਂ ਰਾਤ ਨੂੰ ਚੁੱਪ ਚਾਪ ਮਰਹੱਟਿਆਂ ਤੇ ਹਮਲਾ ਕਰਾ ਦਿੱਤਾ। ਇਸ ਹਮਲੇ ਵਿੱਚ ਸਿੱਖਾਂ ਦੀ ਫੌਜ ਕਾਮਯਾਬ ਹੋਈ। ਮਰਹੱਟਿਆਂ ਦਾ ਹਦੋਂ ਵਧ ਕੇ ਨੁਕਸਾਨ ਹੋਇਆ। ਮਰਹੱਟੇ ਨੱਸ ਕੇ ਕਰਨਾਲ ਵੱਲ ਚਲੇ ਗਏ ਤੇ ਬੀਬੀ ਸਾਹਿਬ ਕੌਰ ਫਤਹਿ ਦਾ ਡੰਕਾ ਵਜਾਂਦੀ ਹੋਈ ਖ਼ੁਸ਼ੀ ਖ਼ੁਸ਼ੀ ਪਟਯਾਲੇ ਵਾਪਸ ਚਲੀ ਆਈ।

## ੬੧. ਮਲੇਰ ਕੋਟਲੇ ਤੇ ਹੱਲਾ

ਸੰਮਤ ੧੮੫੧ ਬਿੱਕ੍ਰਮੀ ਨੂੰ ਸਾਹਿਬ ਸਿੰਘ ਬੇਦੀ ਊਨਾਂ ਵਾਲਿਆ ਨੇ ਮਲੇਰ ਕੋਟਲੇ ਵਾਲਿਆਂ ਤੇ ਗਊ ਹੱਤਯਾ ਕਰਨ ਦਾ ਅਪਰਾਧ ਲਾ ਕੇ ਚੜ੍ਹਾਈ ਕਰ ਦਿੱਤੀ ਤੇ ਇਸ ਨੂੰ ਮਜ਼ਹਬੀ ਜੰਗ ਦੱਸ ਕੇ ਪਿੰਡਾਂ ਦੇ ਹੋਰ ਬਹੁਤ ਸਾਰੇ ਸਿੰਘ ਸਰਦਾਰ ਨਾਲ ਮਿਲਾ ਲਏ। ਅਤਾਉਲਾ ਖਾਂ ਨੇ ਵੀ ਆਪਣੇ ਚਾਰ ਭਤੀਜੇ ਵਜ਼ੀਰ ਖਾਂ, ਫਤਹਿ ਖਾਂ, ਦਲੇਰ ਖਾਂ ਤੇ ਹਿੰਮਤ ਖਾਂ ਨੂੰ ਨਾਲ ਲੈ ਕੇ ਮੁਕਾਬਲਾ ਕੀਤਾ, ਕਿੰਤੂ ਭਾਂਜ ਖਾ ਕੇ ਨੱਸ ਗਿਆ। ਬੇਦੀ ਸਾਹਿਬ ਸਿੰਘ ਨੇ ਪਿੱਛਾ ਕਰ ਕੇ ਕੋਟਲੇ ਨੂੰ ਜਾ ਘੇਰਿਆ। ਅਤਾਉਲਾ ਖਾਂ ਨੇ ਰਾਜਾ ਸਾਹਿਬ ਸਿੰਘ ਪਟਿਆਲੇ ਵਾਲੇ ਤੋਂ ਸਹਾਇਤਾ ਮੰਗੀ ਜੋ ਮਿਲ ਗਈ, ਕਿੰਤੂ ਬੇਦੀ ਸਾਹਿਬ ਸਿੰਘ ਸਿੱਖਾਂ ਵਿੱਚ ਬੜਾ ਕਰਨੀ ਵਾਲਾ ਸਮਝਿਆ ਜਾਂਦਾ ਸੀ, ਇਸ ਕਰ ਕੇ ਸਪਾਹ ਉਹਦੇ ਨਾਲ ਲੜਨਾ ਨਹੀਂ ਚਾਹੁੰਦੇ ਸੀ; ਅੰਤ ਨੂੰ ਮਾਮਲਾ ਇੰਜ ਨਿਪਟਿਆ ਕਿ ਰਾਜਾ ਸਾਹਿਬ ਸਿੰਘ ਨੇ ਬੇਦੀ ਸਾਹਿਬ ਸਿੰਘ ਨੂੰ ਕੁਝ ਰਕਮ ਮਾਲੇਰ ਕੋਟਲੇ ਵਾਲੇ ਪਾਸੋਂ ਦਵਾ ਕੇ ਵਾਪਸ ਕਰ ਦਿੱਤਾ।

## ੬੨. ਨਾਹਨ ਦੀ ਸਹਾਇਤਾ

ਇਨ੍ਹਾਂ ਹੀ ਦਿਨਾਂ ਵਿੱਚ ਨਾਹਨ ਦੇ ਰਾਜਾ ਪ੍ਰਕਾਸ਼ ਰਾਓ ਨੇ ਬੀਬੀ ਸਾਹਿਬ ਕੌਰ ਪਾਸ ਦਰਖ਼ਾਸਤ ਕੀਤੀ, ਜਿਸ ਤੋਂ ਬੀਬੀ ਸਾਹਿਬ ਕੌਰ ਆਪਣੀ ਫੌਜ ਲੈ ਕੇ ਸਰਦਾਰ ਚੈਨ ਸਿੰਘ ਸਮੇਤ ਮੋਜੀਰਾਮ ਪਹਾੜ ਸਿੰਹ ਦੀ ਸੋਧ ਵਾਸਤੇ ਚਲੀ ਗਈ, ਜਿਨ੍ਹਾਂ ਨੇ ਕਿ ਨਾਹਨ ਦੀ ਰਿਆਸਤ ਵਿੱਚ ਉਤਪਾਤ ਕਰ ਰਖਯਾ ਸੀ। ਰਾਜਾ ਨਾਹਨ ਨੂੰ ਮਦਦ ਦੇ ਕੇ ਓਸ ਦਾ ਰਾਜ ਪ੍ਰਬੰਧ ਬਿਲਕੁਲ ਠੀਕ ਠਾਕ ਕਰ ਦਿੱਤਾ ਤੇ ਚਾਰ ਮਹੀਨੇ ਮਗਰੋਂ ਬਹੁਤ ਸਾਰੇ ਤੋਹਫੇ ਤੇ ਨਜ਼ਰਾਨੇ ਤੇ ਇੱਕ ਹਥਣੀ ਲੈ ਕੇ ਪਟਿਆਲੇ ਵਾਪਸ ਆਈ। ਫਿਰ ੧੮੫੪ ਬਿ. ਨੂੰ ਸਾਹਿਬ ਸਿੰਘ ਬੇਦੀ ਨੇ ਬਹੁਤ ਸਾਰੇ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਰਾਏਕੋਟ ਵਾਲੇ ਰਈਸ ਤੇ ਵੀ ਗਊ ਹੱਤਯਾ ਦਾ ਇਲਜ਼ਾਮ ਲਾ ਕੇ ਚੜ੍ਹਾਈ ਕਰ ਦਿੱਤੀ। ਓਥੋਂ ਦਾ ਰਈਸ ਰਾਏ ਅਲਯਾਮ ਜੋ ਕੇਵਲ ੧੫ ਸਾਲ ਦੀ ਆਯੂ ਦਾ ਸੀ, ਭਾਂਜ ਖਾ ਕੇ ਨੱਸ ਗਿਆ। ਓਹਦਾ ਵਜ਼ੀਰ ਰੋਸ਼ਨ ਖਾਂ ਜੋਧਾ ਦੇ ਮੁਕਾਮ ਤੇ ਬੜੀ ਹਿੰਮਤ ਨਾਲ ਲੜਦਾ ਹੋਇਆ ਗੋਲੀ ਨਾਲ ਮਾਰਿਆ ਗਿਆ। ਬੇਦੀ ਸਾਹਿਬ ਸਿੰਘ ਨੇ ਕਸਬਾ ਰਾਏਕੋਟ ਤੇ ਜਗਰਾਓਂ ਦੇ ਇਲਾਕੇ ਤੇ ਕੁਝ ਹੋਰ ਪਿੰਡਾਂ ਤੇ ਕਬਜ਼ਾ ਕਰ ਲਿਆ। ਰਾਏ

ਅਲਯਾਸ ਨੇ ਗਵਾਂਢੀ ਰਿਆਸਤਾਂ ਤੋਂ ਮਦਦ ਮੰਗੀ, ਸੋ ਪਟਯਾਲੇ ਤੇ ਜੀਂਦ ਵਾਲਿਆਂ ਭਾਈ ਲਾਲ ਸਿੰਘ ਕੈਥਲ ਵਾਲੇ ਤੇ ਜੋਧ ਸਿੰਘ ਕਲਸੀਏ ਵਾਲੇ ਨੂੰ ਆਪਣੀ ਫੌਜ ਸਮੇਤ ਲੁਧਿਆਣੇ ਵਲ ਭੇਜ ਦਿੱਤਾ, ਜਿਨ੍ਹਾਂ ਨੇ ਬੇਦੀ ਸਾਹਿਬ ਸਿੰਘ ਪਾਸੋਂ ਰਾਏ ਅਲਯਾਮ ਨੂੰ ਸਾਰੇ ਪਿੰਡ ਵਾਪਸ ਦਵਾ ਦਿੱਤੇ।

ਪਟਯਾਲੇ ਦੇ ਰਾਜਾ ਨੇ ਰਾਏਕੋਟ ਦੇ ਰਈਸ ਨੂੰ ਜੋ ਐਸ ਵੇਲੇ ਸਹਾਇਤਾ ਦਿੱਤੀ, ਓਹ ਸਿਆਣਪ ਦੇ ਉਲਟ ਨਹੀਂ ਸੀ। ਰਾਜਾ ਪਟਿਆਲਾ ਨੇ ਕਿਲ੍ਹਾ ਬਦੋਵਾਲ ਜੋ ਲੁਧਿਆਣੇ ਤੋਂ ਦੱਖਣ ਵੱਲ ਥੋੜ੍ਹੀ ਦੂਰ ਹੈ, ਹੋਰ ਤਿੰਨ ਕਿਲ੍ਹਿਆਂ ਸਮੇਤ ਮਦਦ ਦੇ ਬਦਲੇ ਵਿੱਚ ਆਪਣੇ ਕਬਜ਼ੇ ਵਿੱਚ ਕਰ ਲਏ ਤੇ ਕਿਲ੍ਹਾ ਦਾਖੀਆਂ ਭਾਈ ਲਾਲ ਸਿੰਘ ਨੂੰ ਦੇ ਦਿੱਤਾ। ਜਿਸ ਵੇਲੇ ਉਪ੍ਰੋਕਤ ਪਿੰਡ ਸਾਹਿਬ ਸਿੰਘ ਦੇ ਕਬਜ਼ੇ ਵਿੱਚੋਂ ਨਿੱਕਲ ਗਏ ਤਦ ਉਸ ਨੇ ਹੋਰ ਦੂਜੇ ਇਲਾਕਿਆਂ ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਸ਼ੇਰ ਖਾਂ ਤਸੀਲਦਾਰ ਨੇ ਰਾਇ ਅਲਯਾਸ ਦੇ ਜ਼ੁਲਮ ਤੋਂ ਤੰਗ ਆ ਕੇ ਪਿੰਡ ਮਨਸੂਰ ਦੇ ਜਿਮੀਂਦਾਰਾਂ ਨਾਲ ਮਿਲ ਕੇ ਸਾਹਿਬ ਸਿੰਘ ਬੇਦੀ ਨੂੰ ਆਪ ਹੀ ਸੱਦ ਲਿਆ। ਹੌਲੀ-ਹੌਲੀ ਕਿਲ੍ਹਾ ਨੋਬਲ ਵੀ ਉਹਦੇ ਕਬਜ਼ੇ ਵਿੱਚ ਆ ਗਿਆ ਤੇ ਦੋ ਰਾਹੀ ਦੇ ਮੁਕਾਮ ਤੇ ਉਸ ਨੇ ਆਪਣਾ ਵੱਖਰਾ ਕਿਲ੍ਹਾ ਬਣਾਇਆ।

## ੬੩. ਲੁਧਿਆਣੇ ਤੇ ਛਾਪਾ

ਇਕ ਦਿਨ ਬੇਦੀ ਸਾਹਿਬ ਸਿੰਘ ਨੇ ਖ਼ਾਸ ਲੁਧਿਆਣੇ ਉੱਤੇ ਰਾਤ ਨੂੰ ਛਾਪਾ ਮਾਰਿਆ ਤੇ ਓਥੋਂ ਦੇ ਕਿਲ੍ਹੇ ਦਾ ਜੋ ਉਸ ਵੇਲੇ ਹਸਨ ਖਾਂ ਪ੍ਰਬੰਧਕ ਸੀ; ਉਸ ਨੂੰ ਘੇਰ ਲਿਆ ਤੇ ਓਸੇ ਜਗ੍ਹਾ ਤੇ ਜਿੱਥੇ ਕਿ ਸੁਥਰੇ ਦੀ ਧਰਮਸਾਲ ਬਣੀ ਹੋਈ ਸੀ, ਇੱਕ ਕੱਚੀ ਗੜ੍ਹੀ ਬਣਾ ਕੇ ਆਪਣੇ ਘੇਰੇ ਨੂੰ ਬੜੀ ਪਕਿਆਈ ਨਾਲ ਕੀਤੀ ਰੱਖਿਆ। ਕਈ ਕਹਿੰਦੇ ਹਨ ਕਿ ਸਾਹਿਬ ਸਿੰਘ ਬੇਦੀ ਨੂੰ ਲੁਧਿਆਣੇ ਦੇ ਹਿੰਦੂਆਂ ਤੇ ਸਿੱਖਾਂ ਨੇ ਮਿਲ ਕੇ ਬੁਲਾਇਆ ਸੀ।

## ੬੪. ਰਾਏ ਅਲਯਾਸ ਦੀ ਜਾਰਜ ਟਾਮਸਨ ਤੋਂ ਮਦਦ ਮੰਗਣੀ

ਜਾਰਜ ਟਾਮਸਨ ਹਾਂਸੀ ਹਿਸਾਰ ਦੇ ਇਲਾਕੇ ਤੇ ਹੁਕਮਰਾਨ ਸੀ ਤੇ ਇਸ ਦੀ ਤਾਕਤ ਵੀ ਬਹੁਤ ਸਾਰੀ ਵਧੀ ਹੋਈ ਸੀ। ਰਾਏ ਅਲਯਾਮ ਨੇ ਬੇਦੀ ਸਾਹਿਬ ਸਿੰਘ ਪਾਸੋਂ ਬਿਨਾਂ ਇਸ ਦੀ ਮਦਦ ਦੇ ਹੋਰ ਕੋਈ ਛੁਟਕਾਰੇ ਦੀ ਸੂਰਤ ਨਾ ਵੇਖੀ, ਟਾਮਸਨ* ਸਾਹਿਬ ਹਰ ਵੇਲੇ ਇਸੇ ਗੱਲ ਦੀ ਭਾਲ ਵਿੱਚ ਰਹਿੰਦਾ ਸੀ।

ਟਾਮਸਨ ਸਾਹਿਬ ਸਤਲੁਜ ਦੇ ਇਸ ਪਾਸੇ ਦੀ ਨੌਕਰੀ ਦੀ ਭਾਲ ਵਿੱਚ ਸੀ। ਇਹ ਬੜਾ ਖ਼ੁਸ਼ ਹੋਇਆ ਤੇ ਝਟ ਆਪਣੀ ਫੌਜ ਲੈ ਕੇ ਲੁਧਯਾਣੇ ਵੱਲ ਕੂਚ ਕਰ ਦਿੱਤਾ। ਬੇਦੀ ਸਾਹਿਬ ਸਿੰਘ ਇਸ ਦੀ ਅਵਾਈ ਸੁਣ ਕੇ ਚਲੇ ਗਏ ਤੇ ਆਪਣਾ ਘੇਰਾ ਚੁੱਕ ਲਿਆ। ਬਾਕੀ ਰਈਸਾਂ ਨੇ ਰਾਏ ਅਲਯਾਸ

---

*ਜਾਰਜ ਟਾਮਸਨ ਜਿਸ ਨੂੰ ਰਾਏਕੋਟ ਦੇ ਰਈਸ ਨੇ ਆਪਣੀ ਸਹਾਇਤਾ ਲਈ ਸੱਦਿਆ, ਇੱਕ ਬੜਾ ਹੁਸ਼ਿਆਰ ਤੇ ਬਹਾਦਰ ਅੰਗਰੇਜ਼ ਸੀ, ੧੭੮੧ ਨੂੰ ਇਹ ਹਿੰਦ ਵਿੱਚ ਆਇਆ ਤੇ ਮੁਲਕ ਤੇ ਕਾਬੂ ਪਾਣ ਦੀ ਭਾਲ ਵਿੱਚ ਐਧਰ ਉਧਰ ਫਿਰਦਾ ਰਿਹਾ। ਫੇਰ ਜੇਬਉਲਨਸਾ ਬੇਗਮ; ਜਿਸ ਨੂੰ ਸਿਮਰੂ ਬੇਗ਼ਮ ਵੀ ਕਹਿੰਦੇ ਹਨ, ਪਾਸ ਨੌਕਰ ਹੋ ਗਿਆ। ੧੭੮੨ ਨੂੰ ਕੋਈ ਦੂਸ਼ਨ ਲਗਣ ਤੇ ਉਹਦਾ ਦਰਜਾ ਘੱਟ ਗਿਆ ਤੇ ਨਾਰਾਜ਼ ਹੋ ਕੇ ਬੇਗ਼ਮ ਦੀ ਨੌਕਰੀ ਛਡ ਦਿੱਤੀ ਤੇ ਆਪ ਖੰਡੀ ਮਰਹੱਟੇ ਪਾਸ ਜੋ ਨਾਰਨੌਲ ਤੇ ਝੱਜਰ ਆਦਿਕ ਦੇ ਇਲਾਕੇ ਦਾ ਹਾਕਮ ਸੀ, ਨੌਕਰ ਹੋ ਗਿਆ। ਟਾਮਸਨ ਸਾਹਿਬ ਨੇ ਅੰਗਰੇਜ਼ੀ ਕਵਾਇਦ ਮਰਹੱਟਾ ਫੌਜ ਨੂੰ ਸਿਖਾਈ। ਇਸ ਬਦਲੇ ਉਹਨੂੰ ਝੱਜਰ ਦੇ ਇਲਾਕੇ ਦੀ ਜਾਗੀਰ ਮਿਲੀ ਤੇ ਇੱਥੇ ਇਸ ਨੇ ਇੱਕ ਕਿਲ੍ਹਾ ਬਣਾ ਕੇ ਉਹਦਾ ਨਾਮ ਆਪਣੇ ਨਾਮ ਤੇ ਜਾਰਜ ਗੜ੍ਹ ਰਖਯਾ, ਜਿਸ ਨੂੰ ਲੋਕ ਜਹਾਜਗੜ੍ਹ ਦੇ ਨਾਮ ਤੇ ਪੁਕਾਰਦੇ ਹਨ। ਖਾਡੋਰਾਉ ਦੇ ਮਰਨ ਮਗਰੋਂ ਜਦੋਂ ਉਹਦਾ ਭਤੀਜਾ ਬਾਬੂਰਾਓ ਮਰਹੱਟਾ ਗੱਦੀ ਪੁਰ ਬੈਠਾ। ਉਦੋਂ ਟਾਮਸਨ ਸੁਤੰਤਰ ਹੋ ਗਿਆ, ਤਦ ਉਹਨੇ ਹਾਂਸੀ ਹਿਸਾਰ ਤੇ ਕਬਜ਼ਾ ਕਰ ਕੇ ਹਾਸੀ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਸ ਦੇ ਪਾਸ ਅਠ ਪਲਟਣਾਂ, ੭ ਹਜ਼ਾਰ ਸਵਾਰ ਤੇ ੫੦ ਤੋਪਾਂ ਸਨ। ੧੮੫੪ ਨੂੰ ਇਸ ਨੇ ਕਈ ਵੇਰ ਸਿੱਖਾਂ ਪਾਸ ਸੁਨੇਹੇ ਭੇਜੇ ਕਿ ਤੁਸੀਂ ਮੇਰੇ ਨਾਲ ਮਿਲ ਜਾਓ। ਮੈਂ ਦਿੱਲੀ ਤੇ ਤੁਹਾਡਾ ਕਬਜ਼ਾ ਕਰਾ ਦਿਆਂਗਾ, ਕਿਉਂਕਿ ਤੁਹਾਡੇ ਪਿੱਛੇ ਸਾਰੇ ਸਿੱਖ ਸਰਦਾਰ ਹਨ, ਸੰਭਾਲ ਲਉਗੇ, ਮੇਰਾ ਮਦਦਗਾਰ ਕੋਈ ਨਹੀਂ। ਫੂਲ ਦੇ ਰਈਸਾਂ ਨੂੰ ਇਸ ਦੇ ਕਹੇ ਤੇ ਭਰੋਸਾ ਨਹੀਂ ਸੀ, ਮਰਹੱਟਿਆਂ ਦੇ ਸਪਾਹਸਾਲਾਰ ਪੈਰਲ ਸਾਹਿਬ ਦੀ ਮਦਦ ਲੈ ਕੇ ਜਾਰਜ ਟਾਮਸਨ ਸਾਹਿਬ ਨੂੰ ਜੋ ਫਰਾਂਸ ਤੋਂ ਆਇਆ ਸੀ, ਉਸੇ ਤਰ੍ਹਾਂ ਤਬਾਹ ਕਰ ਕੇ ੧੮੫੮ ਵਿੱਚ ਹਾਂਸੀ ਹਿਸਾਰ ਤੋਂ ਕੱਢ ਦਿੱਤਾ। ਤਦ ਉਹ ਅੰਗਰੇਜ਼ੀ ਇਲਾਕੇ ਵਿੱਚ ਆਗਰੇ ਚਲਾ ਗਿਆ ਤੇ ਉੱਥੇ ਮਰ ਗਿਆ। ਉਹਦੀ ਮੇਮ ਤੇ ਬਾਲ ਬੱਚੇ ਅਸਬਾਬ ਲੈ ਕੇ ਵਲਾਇਤ ਚਲੇ ਗਏ। ਉਸ ਦੇ ਬਾਕੀ ਮੁਲਕ ਤੇ ਪੈਰਲ ਸਾਹਿਬ ਨੇ ਕਬਜ਼ਾ ਕਰ ਲਿਆ।

ਨਾਲ ਮਿਲ ਕੇ ਕੁਝ ਰਕਮ ਟਾਮਸਨ ਸਾਹਿਬ ਨੂੰ ਦੇ ਕੇ ਆਪਣਾ ਮੁਲਕ ਲੁੱਟ ਤੋਂ ਬਚਾਣ ਲਈ ਵਾਪਸ ਕਰ ਦਿੱਤਾ।

## ੬੫. ਟਾਮਸਨ ਸਾਹਿਬ ਦਾ ਜੀਂਦ ਤੇ ਹੱਲਾ

ਟਾਮਸਨ ਸਾਹਿਬ ਨੇ ਸਿੱਖ ਰਈਸਾਂ ਨੂੰ ਦਬਾਨ ਤੇ ਇੰਜ ਕਮਰ ਬੱਧੀ ਕਿ ੧੮੫੫ ਨੂੰ ਜੀਂਦ ਤੇ ਹੱਲਾ ਕਰ ਦਿੱਤਾ। ਇਹ ਗੱਲ ਸੁਣਦੇ ਹੀ ਫੂਲਕਿਆਂ ਸਟੇਟ ਨੇ ਆਪਣੇ ਆਦਮੀ ਜੀਂਦ ਵਾਲੇ ਦੀ ਮਦਦ ਤੇ ਭੇਜ ਦਿਤੇ। ਭਾਈ ਲਾਲ ਸਿੰਘ, ਜਸਵੰਤ ਸਿੰਘ, ਬੀਬੀ ਸਾਹਿਬ ਕੌਰ ਤੀਹ ਹਜ਼ਾਰ ਜਵਾਨ ਲੈ ਕੇ ਜੀਂਦ ਦੀ ਸਹਾਇਤਾ ਵਾਸਤੇ ਅੱਪੜ ਗਏ। ੧੫ ਦਿਨ ਦੋਹਾਂ ਪਾਸਿਆਂ ਤੋਂ ਲੜਾਈ ਹੁੰਦੀ ਰਹੀ। ਸਾਹਿਬ ਕੌਰ ਤੋਂ ਪਹਿਲਾਂ ਜੀਂਦ ਦੀ ਫੌਜ ਨੂੰ ਕਈ ਵਾਰ ਭਾਂਜ ਹੋਈ ਸੀ। ਸਾਹਿਬ ਕੌਰ ਦੇ ਪੁੱਜਣ ਤੇ ਟਾਮਸਨ ਨੂੰ ਭਾਰੀ ਸ਼ਕਸਤ ਹੋਈ ਤੇ ਉਸ ਨੇ ਆਪਣੀ ਫੌਜ ਨੂੰ ਪਿਛੇ ਹਟਾ ਲਿਆ, ਕਿੰਤੂ ਉਹਦਾ ਪਿਛੇ ਹਟਣਾ ਵੀ ਮੋਰਚੇ ਵਾਂਗ ਐਵੇਂ ਨਹੀਂ ਸੀ। ਜਦ ਸਿੱਖਾਂ ਦੀ ਫੌਜ ਉਹਦਾ ਪਿੱਛਾ ਕਰਦੀ ਨਾਰਨੌਲ ਤਕ ਅਪੜੀ, ਤਦ ਇੱਕ ਦਿਨ ਟਾਮਸਨ ਨੇ ੧੦ ਕੋਹ ਤੋਂ ਅੱਗੇ ਵਧ ਕੇ ਸਿੱਖਾਂ ਤੇ ਧਾਵਾ ਕਰ ਦਿੱਤਾ। ਸਿੱਖ ਫਤਹਿ ਦੀ ਖ਼ੁਸ਼ੀ ਵਿੱਚ ਮਸਤ ਸਨ, ੪੦੦ ਮਾਰੇ ਗਏ ਤੇ ਬਹੁਤ ਸਾਰਾ ਨੁਕਸਾਨ ਹੋ ਗਿਆ।

ਸਿੱਖ ਸਰਦਾਰ ਸਦਾ ਆਪਣੀ ਫੁਟ ਤੋਂ ਨੁਕਸਾਨ ਉਠਾਂਦੇ ਰਹੇ। ਇਹ ਨੁਕਸਾਨ ਤੇ ਭਾਂਜ ਰਾਜਾ ਨਾਭਾ ਦੀ ਕ੍ਰਿਪਾ ਨਾਲ ਹੋਈ, ਕਿਉਂਕਿ ਇੱਕ ਵੇਰ ਪਟਿਯਾਲਾ ਰਾਜ ਦੇ ਕਿਸੇ ਮੁਖ ਕਰਮਚਾਰੀ ਨੇ ਕੇਵਲ ਇੰਨਾ ਹੀ ਕਿਹਾ ਸੀ ਕਿ ਨਾਭਾ ਦੇ ਸਿਪਾਹੀ ਪਟਯਾਲੇ ਦੇ ਸਿਪਾਹੀਆਂ ਦੇ ਤੇ ਚਮਾਰਾਂ ਜਿੰਨੀ ਹੈਸੀਅਤ ਵੀ ਨਹੀਂ ਰੱਖਦੇ। ਇਹ ਗੱਲ ਸੁਣਦੇ ਹੀ ਰਾਜਾ ਜਸਵੰਤ ਸਿੰਘ ਸਾਹਿਬ ਨਾਭਾ ਗ਼ੁੱਸੇ ਨਾਲ ਲਾਲ ਹੋ ਗਏ। ਇਹ ਗੱਲ ਇੰਨੀ ਦਿਲ ਵਿੱਚ ਰੱਖ ਕੇ ਟਾਮਸਨ ਸਾਹਿਬ ਨੂੰ ਮਜਬੂਰ ਕੀਤਾ ਕਿ ਪਟਯਾਲੇ ਤੇ ਹਮਲਾ ਕਰਨ, ਜਿਸ ਦਾ ਫ਼ਲ ਇਹ ਹੋਇਆ ਕਿ ਪਟਿਆਲੇ ਜੀਂਦ ਨੂੰ ਨੁਕਸਾਨ ਪੁੱਜਾ। ਨਾਭੇ ਦਾ ਇੱਕ ਆਦਮੀ ਵੀ ਨਾ ਮੋਇਆ ਤੇ ਨਾ ਹੀ ਲੁੱਟਿਆ ਗਿਆ। ਇਸੇ ਗੱਲ ਤੋਂ ਇਹ ਸਿੱਧ ਹੋਇਆ ਸੀ ਕਿ ਇਹ ਛਾਪਾ ਰਾਜਾ ਨਾਭਾ ਦੀ ਪ੍ਰੇਰਨਾ ਨਾਲ ਮਾਰਿਆ ਗਿਆ ਹੈ। ਇਸ ਫੁਟ ਦੇ ਕਾਰਨ ਫੂਲ ਦੇ ਰਈਸਾਂ ਨੇ ਟਾਮਸਨ ਨਾਲ ਸੁਲਾਹ ਕਰ ਲਈ ਤੇ ਇਕਰਾਰਨਾਮੇ ਆਪਸ ਵਿੱਚ ਲਿਖੇ ਗਏ।

## ੬੬. ਰਾਜਾ ਸਾਹਿਬ ਸਿੰਘ ਤੇ ਬੀਬੀ ਸਾਹਿਬ ਕੌਰ ਦੀ ਅਣਬਣ

ਸੰਮਤ ੧੮੫੬ ਬਿ. ਵਿੱਚ ਬਾਹਰ ਦੇ ਝਗੜੇ ਤਾਂ ਇਸ ਤਰ੍ਹਾਂ ਮੁੱਕ ਗਏ, ਕਿੰਤੂ ਘਰ ਦੀ ਫੋਟਕ ਦੀ ਇੱਕ ਨਵੀਂ ਘਟਨਾ ਹੋ ਗਈ। ਰਾਜਾ ਸਾਹਿਬ ਸਿੰਘ ਦੇ ਕੁਝ ਕਰਮਚਾਰੀ ਬੜੇ ਭੈੜੇ ਆਚਰਨ ਦੇ ਸੀ। ਬੀਬੀ ਸਾਹਿਬ ਕੌਰ ਦੀ ਹੋਂਦ ਉਹਨਾਂ ਦੇ ਵਾਸਤੇ ਮੌਤ ਦਾ ਹੁਕਮ ਰੱਖਦੀ ਸੀ। ਇਸ ਕਰ ਕੇ ਉਹਨਾਂ ਨੇ ਰਾਜਾ ਸਾਹਿਬ ਸਿੰਘ ਨੂੰ ਬੀਬੀ ਸਾਹਿਬ ਕੌਰ ਦੇ ਵਲੋਂ ਕਈ ਤਰ੍ਹਾਂ ਦੇ ਡਰ ਪਾਣੇ ਸ਼ੁਰੂ ਕਰ ਦਿਤੇ। ਇਸ ਝਗੜੇ ਤੇ ਹੋਰ ਕਾਰਨਾਂ ਦੇ ਨਾਲ ਇੱਕ ਕਾਰਨ ਇਹ ਵੀ ਸੀ ਕਿ ਰਾਜਾ ਸਾਹਿਬ ਸਿੰਘ ਦੀ ਰਾਣੀ ਆਸ ਕੌਰ ਜਿਸ ਦੀ ਕੁਖੋਂ ਕਰਮ ਸਿੰਘ ਜੋ ਪਟਯਾਲੇ ਦਾ ੧੮੫੪ ਤੇ ਵਲੀਐਹਦ ਹੋਇਆ ਸੀ, ਚਾਹੁੰਦੀ ਸੀ ਕਿ ਜੋ ਅਖਤਯਾਰ ਬੀਬੀ ਸਾਹਿਬ ਕੌਰ ਨੂੰ ਮਿਲੇ ਹੋਏ ਹਨ, ਮੈਨੂੰ ਪ੍ਰਾਪਤ ਹੋਣ। ਇਹ ਰਾਣੀ ਰਾਜਾ ਸਾਹਿਬ ਸਿੰਘ ਨਾਲੋਂ ਵਧੀਕ ਹੁਸ਼ਿਆਰ ਤੇ ਅਕਲਮੰਦ ਤੇ ਹੌਂਸਲੇ ਵਾਲੀ ਸੀ। ਸੋ ਇਹਨਾਂ ਸਾਰੀਆਂ ਖਿਚਾ-ਖਿਚੀਆਂ ਦਾ ਸਿੱਟਾ ਇਹ ਨਿੱਕਲਯਾ ਕਿ ਰਾਜਾ ਸਾਹਿਬ ਸਿੰਘ ਆਪਣੀ ਭੈਣ ਬੀਬੀ ਸਾਹਿਬ ਕੌਰ ਦੀਆਂ ਅਦੁਤੀ ਖਿਦਮਤਾਂ ਨੂੰ ਭੁੱਲ ਕੇ ਉਹਦੇ ਵਿਰੁੱਧ ਹੋ ਗਿਆ। ਬੀਬੀ ਸਾਹਿਬ ਕੌਰ ਤੇ ਇਹ ਦੂਸ਼ਣ ਲਾਏ ਗਏ ਸਨ:

(੧) ਰਾਜਾ ਨਾਹਨ ਨੇ ਜੋ ਹਥਨੀ ਦਿੱਤੀ ਹੈ, ਉਹ ਬੀਬੀ ਸਾਹਿਬ ਨੇ ਆਪਣੇ ਪਾਸ ਰੱਖ ਲਈ ਹੈ।

(੨) ਆਪਣੀ ਜਾਗੀਰ ਵਿੱਚ ਇਹਨਾਂ ਨੇ ਇੱਕ ਕਿਲ੍ਹਾ ੧੮੫੪ ਵਿੱਚ ਆਪਣੇ ਭਰਾ ਤੋਂ ਪੁੱਛੇ ਬਿਨਾਂ ਬਣਵਾ ਲਿਆ ਹੈ।

(੩) ਪਿੰਡ ਭੇਰੀਆਂ ਦਾ ਨਾਮ ਬਦਲ ਕੇ ਉਭੇਵਾਲ ਰੱਖ ਦਿੱਤਾ ਹੈ।

ਜਦ ਬੀਬੀ ਸਾਹਿਬ ਕੌਰ ਨੇ ਵੇਖਿਆ ਕਿ ਜਿਸ ਆਪਣੇ ਭਰਾ ਦੀ ਬਾਬਤ ਇੰਨੀ ਸਖ਼ਤ ਕੁਰਬਾਨੀ ਕੀਤੀ ਤੇ ਮੁਸੀਬਤਾਂ ਉਠਾਈਆਂ ਹਨ, ਉਹ ਇਸ ਦੇ ਵਿਰੁੱਧ ਹੋ ਗਿਆ ਹੈ ਤੇ ਆਪਣੇ ਕਰਮਚਾਰੀਆਂ ਦੀਆਂ ਝੂਠੀਆਂ ਚੁੱਕਾਂ ਵਿੱਚ ਆ ਕੇ ਉਸ ਨੇ ਆਪਣੇ ਹਿੱਤੂਆਂ ਦੀ ਪਛਾਣ ਨਹੀਂ ਕੀਤੀ, ਇਸ ਕਰ ਕੇ ਬੀਬੀ ਜੀ ਆਪਣੀ ਜਾਗੀਰ ਕਿਲ੍ਹੇ ਭੇਰੀਆਂ ਵਿੱਚ ਚਲੇ ਗਏ।

ਰਾਜਾ ਸਾਹਿਬ ਸਿੰਘ ਨੂੰ ਉਸ ਦੇ ਕਰਮਚਾਰੀਆਂ ਨੇ ਹੋਰ ਵੀ ਭੜਕਾਇਆ, ਜਿਸ ਤੋਂ ਓਹਨੇ ਅਕਲਹੀਨ ਕਰਮਚਾਰੀਆਂ ਦੇ ਹੱਥ ਚੜ੍ਹ ਕੇ ਹੁਕਮ ਦਿੱਤਾ ਕਿ ਬੀਬੀ ਸਾਹਿਬ ਕੌਰ ਕਿਲ੍ਹਾ ਭੇਰੀਆਂ ਛੱਡ ਕੇ ਆਪਣੇ ਸਹੁਰੇ ਫਤਹਿਗੜ੍ਹ ਚਲੀ ਜਾਵੇ। ਬੀਬੀ ਸਾਹਿਬ ਕੌਰ ਅਜੇ ਇਸ ਸੰਦੇਸ਼ੇ ਤੇ ਵਿਚਾਰ ਕਰ ਰਹੀ ਸੀ ਕਿ ਇਧਰੋਂ ਲੋਕਾਂ ਦੀ ਚੁੱਕ ਵਿੱਚ ਆ ਕੇ ਰਾਜਾ ਸਾਹਿਬ ਸਿੰਘ ਨੇ ਤੋਪਖਾਨੇ ਤੇ ਫੌਜਾਂ ਲੈਜਾ ਕੇ ਕਿਲ੍ਹਾ ਭੇਰੀਆਂ ਤੇ ਲੜਾਈ ਛੇੜ ਦਿੱਤੀ।

## ੬੭. ਭੈਣ ਭਰਾ ਦਾ ਜੰਗ

ਇਸ ਤਰ੍ਹਾਂ ਜਦ ਲੜਾਈ ਸ਼ੁਰੂ ਹੋ ਗਈ ਤਦ ਬੀਬੀ ਸਾਹਿਬ ਕੌਰ ਨੂੰ ਹੱਥਯਾਰ ਚੁੱਕਣੇ ਪਏ। ੧੨ ਵੈਸਾਖ ੧੮੫੬ ਨੂੰ ਤਿੰਨ ਦਿਨ ਸਖ਼ਤ ਲੜਾਈ ਹੁੰਦੀ ਰਹੀ। ਰਾਜਾ ਸਾਹਿਬ ਸਿੰਘ ਦੀ ਫੌਜ ਦੇ ਸਾਰੇ ਆਦਮੀ ਮਾਰੇ ਗਏ ਤੇ ਅਜੇ ਫ਼ੈਸਲਾ ਕਰਨ ਵਾਲੀ ਲੜਾਈ ਨਹੀਂ ਹੋਈ ਸੀ ਕਿ ਸਰਦਾਰ ਲਾਲ ਸਿੰਘ ਤੇ ਜੋਧ ਸਿੰਘ ਕਲਸੀਆਂ, ਜੋ ਦੋਨਾਂ ਧਿਰਾਂ ਦੇ ਸ਼ੁਭਚਿੰਤਕ ਸਨ, ਨੇ ਰਾਜਾ ਸਾਹਿਬ ਸਿੰਘ ਨੂੰ ਸਮਝਾਇਆ ਕਿ ਤੁਹਾਡਾ ਇਹ ਜੰਗ ਬੜਾ ਹੀ ਅਯੋਗ ਹੈ। ਜੇ ਕਦੀ ਤੁਸੀਂ ਇਸ ਲੜਾਈ ਨੂੰ ਜਿੱਤ ਵੀ ਗਏ ਤਦ ਵੀ ਤੁਹਾਡੀ ਬਦਨਾਮੀ ਹੈ। ਇਸੇ ਤਰ੍ਹਾਂ ਬੀਬੀ ਸਾਹਿਬ ਕੌਰ ਅੱਗੇ ਬੇਨਤੀ ਕਰ ਕੇ ਓਹਨਾਂ ਨੂੰ ਵੀ ਭਰਾ ਦੇ ਨਾਲ ਪਟਯਾਲੇ ਜਾਣ ਵਾਸਤੇ ਰਾਜ਼ੀ ਕਰ ਲਿਆ ਤੇ ਉਹ ਆਪਣੇ ਭਰਾ ਦੇ ਨਾਲ ਟੁਰ ਪਈ, ਕਿੰਤੂ ਰਾਜਾ ਸਾਹਿਬ ਸਿੰਘ ਨੇ ਆਪਣੀ ਭੈਣ ਨੂੰ ਭਵਾਨੀਗੜ੍ਹ ਲਿਆ ਕੇ ਓਥੇ ਕੈਦ ਕਰ ਦਿੱਤਾ, ਜਿੱਥੋਂ ਉਹ ਆਪਣਾ ਲਿਬਾਸ ਬਦਲ ਕੇ ਨਿੱਕਲ ਆਈ ਤੇ ਆਪਣੇ ਕਿਲ੍ਹੇ ਭੇਰੀਆਂ ਵਿੱਚ ਜਾ ਵੜੀ। ਇਸ ਵਿੱਚ ਸ਼ੱਕ ਨਹੀਂ ਕਿ ਇਸ ਤੋਂ ਪਿੱਛੋਂ ਬੀਬੀ ਸਾਹਿਬ ਕੌਰ ਨੂੰ ਪਟਯਾਲਾ ਰਾਜ ਵੱਲੋਂ ਕੋਈ ਤਕਲੀਫ਼ ਨਹੀਂ ਪੁਚਾਈ ਗਈ, ਕਿੰਤੂ ਸੰਮਤ ੧੮੫੬ ਬਿੱਕ੍ਰਮੀ ਵਿੱਚ ਆਪਣੇ ਭਰਾ ਦੇ ਨਾਲ ਇਸ ਅਣਬਣ ਹੋ ਜਾਣ ਦੇ ਫ਼ਿਕਰ ਵਿੱਚ ਹੀ ਚਲਾਣਾ ਕਰ ਗਈ।

## ੬੮. ਟਾਮਸਨ ਦਾ ਦੂਜਾ ਹਮਲਾ

ਬੀਬੀ ਸਾਹਿਬ ਕੌਰ ਦੇ ਗੁਜ਼ਰਦੇ ਹੀ ਟਾਮਸਨ ਸਾਹਿਬ ਨੇ ਇਕਰਾਰਨਾਮੇ ਭੁੱਲ ਕੇ ਇਸ ਮੁਲਕ ਤੇ ਹੱਲਾ ਕਰ ਦਿੱਤਾ। ਉਸ ਦੇ ਪਾਸ ਫੌਜ ਬਹੁਤ ਸੀ ਤੇ ਇਲਾਕਾ ਥੋੜ੍ਹਾ। ਓਹ ਆਪਣੀ ਫੌਜ ਦੀ ਤਨਖਾਹ ਇਸੇ ਤਰ੍ਹਾਂ ਆਂਢ-ਗੁਆਂਢ ਦੇ ਰਈਸਾਂ ਤੇ ਹੱਲੇ ਕਰ ਕੇ ਵਸੂਲ ਕਰਨਾ ਚਾਹੁੰਦਾ ਸੀ। ਪਹਿਲਾਂ ਇਲਾਕਾ ਜੀਂਦ ਤੇ ਕੈਂਥਲ ਲੁੱਟਿਆ ਤੇ ਫਿਰ ਨਾਭਾ ਤੇ ਪਟਯਾਲੇ ਦੀ ਹੱਦ ਵਿੱਚ ਆ ਗਿਆ। ਡਰਭਾ, ਸੁਨਾਮ ਤੇ ਅਖਨੂਰ ਆਦਿਕਾਂ ਨੂੰ ਲੁੱਟਦਾ ਮੁਲਕ ਬਾੜਾ ਵਿੱਚ ਜਾ ਵੜਿਆ। ਰਾਏਕੋਟ ਦਾ ਇਲਾਕਾ, ਰਾਏਪੁਰ ਗੁੱਜਰਵਾਲ ਤੇ ਰਾਜ਼ਟਾਨਾ, ਤੰਗ ਆਦਿਕਾਂ ਨੂੰ ਲੁੱਟਦਾ ਲੱਖਾਂ ਰੁਪਯਾਂ ਦਾ ਮਾਲ ਲੈ ਕੇ ਆਪਣੀ ਰਿਆਸਤ ਵਿੱਚ ਚਲਾ ਗਿਆ। ਕੁਝ ਜਗ੍ਹਾ ਤੇ ਕਈ ਰਈਸਾਂ ਨੇ ਇਸ ਨੂੰ ਰੋਕਣਾ ਚਾਹਿਆ, ਕਿੰਤੂ ਕਾਮਯਾਬ ਨਾ ਹੋਏ। ਜਦ ਇਸ ਤਰ੍ਹਾਂ ਨਾਲ ਦੋ ਤਿੰਨ ਹੱਥ ਇਸ ਨੇ ਕੀਤੇ ਤਦ ਇਸ ਇਲਾਕੇ ਦੇ ਰਈਸ, ਰਾਜਾ ਭਾਗ ਸਿੰਘ, ਭਾਈ ਲਾਲ ਸਿੰਘ ਤੇ ਨਾਭਾ ਵਲੋਂ ਸ੍ਰਦਾਰ ਗਾੜਾ ਸਿੰਘ, ਪਟਿਆਲੇ ਵੱਲੋਂ ਚੈਨ ਸਿੰਘ ਤੇ ਅਛਰ ਸਿੰਘ ਨੇ ਇੱਕ ਹੋ ਕੇ ਟਾਮਸਨ ਸਾਹਿਬ ਦੇ ਕੱਟਰ ਵੈਰੀ ਪੈਰਨ ਸਾਹਿਬ ਨੂੰ; ਜੋ ਮਰਹੱਟਾ ਫੌਜ ਦਾ ਵਡਾ ਅਫਸਰ ਸੀ, ਦਿੱਲੀ ਮਿਲ ਕੇ ਆਪਣੇ ਹੱਥ ਵਿੱਚ ਕਰ ੪ ਲੱਖ ਰੁਪਯਾ ਦੇਣਾ ਕਰ ਕੇ ਲੜਨ ਲਈ ਤਯਾਰ ਕਰ ਲਿਆ। ਜੋ ਦਿੱਤਾ ਗਿਆ ੧ ਲਖ ੩੫ ਹਜ਼ਾਰ ਪਟਯਾਲਾ, ੬੦ ਹਜ਼ਾਰ ਕੈਥਲ,

੩੯ ਹਜ਼ਾਰ ਜੀਂਦ, ੩੮ ਹਜ਼ਾਰ ਨਾਭਾ, ੮੦ ਹਜ਼ਾਰ ਰਾਏਕੋਟ ਤੇ ੩੦ ਹਜ਼ਾਰ ਰਾਏਪੁਰ ਗੁੱਜਰਵਾਲ ਤੋਂ ਗਏ।

## ੬੯. ਪੈਰਨ ਸਾਹਿਬ ਨਾਲ ਗੱਲ ਬਾਤ

ਪੈਰਨ ਸਾਹਿਬ ਅੱਗੇ ਹੀ ਇਸ ਗੱਲ ਦੀ ਉਡੀਕ ਵਿੱਚ ਸੀ ਕਿ ਉਹਨੂੰ ਟਾਮਸਨ ਦੇ ਸਿੱਧੇ ਕਰਨ ਦਾ ਮੌਕਾ ਮਿਲੇ, ਕਿਉਂਕਿ ਉਹ ਦਿਨ-ਬ-ਦਿਨ ਆਪਣੀ ਤਾਕਤ ਵਧਾ ਰਿਹਾ ਸੀ। ਪੈਰਨ ਸਾਹਿਬ ਨੂੰ ਇਹ ਗੱਲ ਉੱਕਾ ਨਹੀਂ ਸੁਖਾਂਦੀ ਸੀ ਕਿ ਉਹ ਇੰਜ ਵਧਦਾ ਜਾਏ। ਪੈਰਨ ਸਾਹਿਬ ਦੀ ਇੱਛਾ ਸੀ ਕਿ ਟਾਮਸਨ ਨੂੰ ਤੋੜ ਤੋੜ ਕੇ ਹਥਾਂ ਪੈਰਾਂ ਤੇ ਸੁੰਨ ਕਰ ਦਿੱਤਾ ਜਾਏ। ਇਹ ਮੌਕਾ ਉਹਦੇ ਦਿਲ ਦੇ ਅਰਮਾਨ ਕਢਣ ਲਈ ਬੜਾ ਹਛਾ ਸੀ। ਉਸ ਨੇ ਇਨ੍ਹਾਂ ਰਈਸਾਂ ਦੀ ਇਸ ਬਿਨੇ ਨੂੰ ਪ੍ਰਵਾਨ ਕਰ ਕੇ ਆਪਣੇ ਮਾਤੈਹਤ ਲੋਇਸਬੋਰ ਕੋਈਨ ਨੂੰ ਇੱਕ ਤਕੜੀ ਫੌਜ ਦੇ ਕੇ ਉਹਨਾਂ ਦੇ ਨਾਲ ਹੋ ਕੇ ਟਾਮਸਨ ਦਾ ਟਾਕਰਾ ਕਰਨ ਲਈ ਭੇਜਿਆ। ਪਟਯਾਲਾ ਦੀ ਫੌਜ ਕਿਸੇ ਖ਼ਾਸ ਕਾਰਨ ਕਰ ਕੇ ਇਸ ਲੜਾਈ ਵਿੱਚ ਨਾ ਪੁੱਜ ਸਕੀ, ਕਿੰਤੂ ਜੀਂਦ ਤੇ ਕੈਥਲ ਆਦਿਕ ਦੀ ਫੌਜ ਜਹਾਜ਼ਗੜ੍ਹ ਪੁਰ ਗਈ। ਉੱਥੇ ਇਹਨਾਂ ਦਾ ਟਾਮਸਨ ਸਾਹਿਬ ਨਾਲ ਟਾਕਰਾ ਹੋ ਗਿਆ। ਭਿਆਨਕ ਲੜਾਈ ਹੋਈ, ਕਿੰਤੂ ਟਾਮਸਨ ਸਾਹਿਬ ਨੂੰ ਫਤਹਿ ਹੋਈ। ਬੋਰਕੋਈਨ ਦੀ ਫੌਜ ਦੇ ਇੰਨੇ ਆਦਮੀ ਮਾਰੇ ਗਏ ਕਿ ਜਦ ਤਕ ਪੈਰਨ ਸਾਹਿਬ ਦੀ ਪਿਛੇ ਹੋਰ ਸਹਾਇਤਾ ਨਾ ਪੁੱਜੀ, ਉਹ ਕੁਝ ਨਾ ਕਰ ਸਕਿਆ। ਮਦਦ ਦੇ ਆਉਂਦਿਆਂ ਹੀ ਬੋਰਕੋਈਨ ਨੇ ਟਾਮਸਨ ਤੇ ਹੱਲਾ ਕਰ ਦਿੱਤਾ। ਟਾਮਸਨ ਨੂੰ ਸ਼ਕਸਤ ਹੋਈ ਤੇ ਉਹ ਹਾਂਸੀ ਵਲ ਨੱਸ ਗਿਆ। ਬੋਰਕੋਈਨ ਨੇ ਉਸ ਨੂੰ ਉੱਥੇ ਹੀ ਜਾ ਘੇਰਿਆ। ਇੱਥੇ ਟਾਮਸਨ ਨੇ ਜੀ ਤੋੜ ਕੇ ਲੜਾਈ ਕੀਤੀ, ਕਿੰਤੂ ਜਦ ਕਿਲ੍ਹੇ ਵਿੱਚ ਰਸਦ ਆਦਿ ਮੁੱਕ ਗਈ ਤੇ ਸਪਾਹ ਵੀ ਬਹੁਤ ਥੋੜ੍ਹੀ ਰਹਿ ਗਈ। ਤਦ ਉਹਨੇ ਹਥਯਾਰ ਸੁਟ ਕੇ ਹਾਰ ਮੰਨ ਲਈ ਤੇ ਆਪਣਾ ਇਲਾਕਾ ਛੱਡ ਕੇ ਅੰਗਰੇਜ਼ੀ ਇਲਾਕੇ ਵਿੱਚ ਚਲਾ ਗਿਆ, ਜਿੱਥੇ ਆਪਣੀ ਇਸ ਹਾਰ ਤੋਂ ਸ਼ਰਮਿੰਦਾ ਹੋ ਕੇ ਇੱਕ ਸਾਲ ਦੇ ਅੰਦਰ ਅੰਦਰ ਹੀ ਮਰ ਗਿਆ। ਉਹਦੀ ਮੇਮ ਆਪਣੇ ਮੁਲਕ ਫਰਾਂਸ ਵਿੱਚ ਚਲੀ ਗਈ।

ਟਾਮਸਨ ਸਾਹਿਬ ਦਾ ਇਲਾਕਾ ੮੦ ਲਖ ਦਾ ਸੀ, ਜੋ ਸਾਰੇ ਸਾਮਾਨ ਸਹਿਤ ਪੈਰਨ ਸਾਹਿਬ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ ਤੇ ਨਰਮਾਨ ਤੇ ਖ਼ੁਨਰੀ ਆਦਿਕ ਇਲਾਕੇ ਜੋ ਪਟਯਾਲੇ ਦੇ ਸੀ ਤੇ ਟਾਮਸਨ ਨੇ ਦਬਾ ਲਏ ਸਨ, ਪਟਯਾਲਾ ਰਾਜ ਨੂੰ ਮਿਲ ਗਏ। ਮਹਾਰਾਜਾ ਪਟਯਾਲਾ ਨੇ ਬੋਰਕੋਈਨ ਨੂੰ ਨਾਲ ਲੈ ਕੇ ਹਾਂਸੀ ਸਰਸਾ ਰਾਣੀਆਂ ਭਟਨੇਰ ਦੇ ਇਲਾਕਿਆਂ ਵਿੱਚ ਦੌਰਾ ਕੀਤਾ ਤੇ ਆਪਣਾ ਮਾਮਲਾ ਜੋ ਕੁਝ ਸਾਲਾਂ ਦਾ ਰਹਿੰਦਾ ਸੀ, ਵਸੂਲ ਕੀਤਾ ਤੇ ਆਕੀ ਜ਼ਿਮੀਂਦਾਰਾਂ ਨੂੰ ਆਪਣੇ ਕਾਬੂ ਕਰ ਲਿਆ।

## ੭੦. ਇਕਰਾਰਨਾਮੇ ਤੇ ਨਜ਼ਰਾਨੇ

ਸੰਮਤ ੧੮੫੮ ਬਿੱਕ੍ਰਮੀ ਨੂੰ ਜਨਰਲ ਪੈਰਨ ਸਾਹਿਬ ਤੇ ਇਨ੍ਹਾਂ ਰਿਆਸਤਾਂ ਵਿੱਚ ਇੱਕ ਇਕਰਾਰਨਾਮਾ ਲਿਖਿਆ ਗਿਆ। ਸਰਦਾਰ ਚੈਨ ਸਿੰਘ ਨੇ ਲੋਈਸਕੋਈਨ ਸਾਹਿਬ ਨੂੰ ਨਾਲ ਲੈ ਕੇ ਉਹਨਾਂ ਸਰਦਾਰਾਂ ਵੱਲ ਫੇਰਾ ਪਾਇਆ, ਜਿਨ੍ਹਾਂ ਵੱਲੋਂ ਮਾਮਲਾ ਵਸੂਲ ਨਹੀਂ ਹੋਇਆ ਸੀ। ਸਭ ਤੋਂ ਖਰਾਜ ਵਸੂਲ ਕੀਤਾ। ਸਿੰਘ ਪੁਰੀਏ ਸਰਦਾਰ ਅੰਬਾਲਾ, ਮਨੀਮਾਜਰਾ, ਸਿਆਲਬਾ, ਛਛਰੌਲੀ, ਜਗਾਧਰੀ, ਬੂੜੀਆ ਤੇ ਸ਼ਾਹਅਬਾਦ ਆਦਿਕ ਵਿੱਚੋਂ ਤਕੜੇ ਨਜ਼ਰਾਨੇ ਵਸੂਲ ਕੀਤੇ। ਅੱਧੀ ਰਕਮ ਇਸ ਵਿੱਚ ਲੋਈਸ ਸਾਹਿਬ ਨੂੰ ਚਾਰ ਲੱਖ ਵਾਲੀ ਨੀਯਤ ਰਕਮ ਵਿੱਚੋਂ ਦਿੱਤੀ ਗਈ ਤੇ ਅੱਧੀ ਉਹਦੀ ਖਿਦਮਤ ਦੇ ਬਦਲੇ ਦਿੱਤਾ ਗਿਆ। ਲੋਈਸ ਹਾਂਸੀ ਵਲ ਚਲਾ ਗਿਆ ਤੇ ਚੈਨ ਸਿੰਘ ਆਦਿਕ ਆਪਣੀ ਰਿਆਸਤ ਵਿੱਚ ਵਾਪਸ ਆਏ।

## ੭੧. ਲੋਈਸ ਦਾ ਦੂਜੀ ਵਾਰ ਆਉਣਾ ਤੇ ਨਜ਼ਰਾਨੇ ਵਸੂਲ ਕਰਨੇ

ਇਸ ਹੇਰਾਫੇਰੀ ਤੇ ਬੇਕਾਰੀ ਨੇ ਮੁਲਕ ਨੂੰ ਤਬਾਹ ਕਰ ਦਿੱਤਾ। ਪਿੰਡਾਂ ਦੇ ਪਿੰਡ ਵੈਰਾਨ ਹੋ ਗਏ। ਲੋਈਸ ਨੂੰ ਆਪਣੇ ਪਿਛਲੇ ਦੌਰੇ ਵਿੱਚ ਜੋ ਰਕਮ ਮਿਲੀ ਸੀ, ਉਸ ਨੂੰ ਫਿਰ ਉਕਸਾਇਆ ਤੇ ਉਹ ਫੌਜ

ਲੈ ਕੇ ਇਸ ਇਲਾਕੇ ਵਿੱਚ ਆ ਵੜਿਆ। ਕੈਥਲ, ਜੀਂਦ, ਪਟਯਾਲਾ ਆਦਿਕ ਉਹਨੂੰ ਫਿਰ ਜਾ ਮਿਲੇ ਤੇ ਪਹਿਲਾਂ ਵਾਂਗ ਮੁਲਕ ਦਾ ਦੌਰਾ ਕਰ ਕੇ ਉਹਨੂੰ ਨਜ਼ਰਾਨੇ ਦਵਾਣ ਲਗੇ। ਜਦ ਮਨੀ ਮਾਜਰਾ ਵਿੱਚ ਪੁਜੇ ਤੇ ਰਾਜਾ ਨਰਾਇਨ ਸਿੰਘ ਤੋਂ ਨਜ਼ਰਾਨਾ ਮੰਗਿਆ ਤੇ ਉਹਦੇ ਵਲੋਂ ਕੁਝ ਢਿਲ ਹੋਈ ਤਦ ਸੇਹਜ਼ਰ ਨੇ ਇਸ ਤੋਂ ਪ੍ਰਗਣਾ ਪੰਜਵੜ ਖੋਹ ਲਿਆ ਜੋ ਚੈਨ ਸਿੰਘ ਪਟਯਾਲਾ ਵਾਲੇ ਨੇ ਰੁਪਯੇ ਦੇ ਕੇ ਖਰੀਦ ਲਿਆ। ਗੱਲ ਕੀ ਜਿੰਨਾ ਰੁਪਯਾ ਇਸ ਦੌਰੇ ਵਿੱਚ ਮਿਲਯਾ, ਉਹਦਾ ਵੀ ਅੱਧੋ-ਅੱਧ ਕੀਤਾ ਗਿਆ, ਜਿਸ ਤੋਂ ਮੁਲਕ ਦੀ ਹਾਲਤ ਹੋਰ ਵੀ ਕਮਜ਼ੋਰ ਹੋ ਗਈ।

## ੭੨. ਅੰਗਰੇਜ਼ ਚੜ੍ਹਦੀਆਂ ਕਲਾਂ ਵਿਚ

ਇਨ੍ਹਾਂ ਦਿਨਾਂ ਵਿੱਚ ਅੰਗਰੇਜ਼ਾਂ ਦਾ ਸਤਾਰਾ ਚਮਕਣ ਲੱਗਾ ਤੇ ਇਹ ਸਾਰੀਆਂ ਕੌਮਾਂ ਉਹਨਾਂ ਦੇ ਸਾਮ੍ਹਣੇ ਮੱਧਮ ਪੈ ਗਈਆਂ। ੧੧ ਦਸੰਬਰ ੧੮੦੩ ਨੂੰ ਲਾਰਡ ਲੀਕ ਨੇ ਦਿਲੀ ਦੇ ਪਾਸ ਮਰਹੱਟਿਆਂ ਦੀ ਜਿਹੜੀ ਫੌਜ ਬੈਰਨ ਸਾਹਿਬ ਦੀ ਕਮਾਨ ਵਿੱਚ ਲੜ ਰਹੀ ਸੀ, ਉਹਨੂੰ ਸਖ਼ਤ ਸ਼ਕਸਤ ਦਿੱਤੀ ਤੇ ਚੌਥੇ ਦਿਨ ਦਿੱਲੀ ਤੇ ਕਬਜ਼ਾ ਕਰ ਲਿਆ। ਫਿਰ ਮਰਹੱਟਿਆਂ ਤੇ ਅੰਗਰੇਜ਼ਾਂ ਦਾ ਬਸ਼ਟਾਰੀ ਵਿੱਚ ਭਯਾਨਕ ਜੰਗ ਹੋਇਆ, ਕਿੰਤੂ ਇਸ ਦੇ ਵਿੱਚ ਵੀ ਮਰਹੱਟਿਆਂ ਨੂੰ ਸ਼ਕਸਤ ਹੋਈ ਤੇ ਸੇਂਧੀਆਂ ਨੇ ਇੱਕ ਇਕਰਾਰਨਾਮਾ ਸੋਚੀਏ ਜਨਗਾਮ ਅਨੁਸਾਰ ਹਿਸਾਰ, ਸਰਸਾ, ਰੋਹਤਕ, ਗੜਗਾਉਂ, ਦਿੱਲੀ ਤੇ ਆਗਰਾ ਆਦਿਕ ਸ਼ਹਿਰ ਅੰਗਰੇਜ਼ਾਂ ਨੂੰ ਦੇ ਦਿਤੇ। ਕਿੰਤੂ ਰੋਹਤਕ, ਹਸਾਰ, ਸਰਸਾ ਤਿੰਨ ਜ਼ਿਲ੍ਹਿਆਂ ਵਿੱਚ ਅੰਗਰੇਜ਼ਾਂ ਦਾ ਦਖ਼ਲ ਇੱਕ ਮੁਦਤ ਤਕ ਨਹੀਂ ਹੋਇਆ। ਹੁਣ ਇਸ ਤਰ੍ਹਾਂ ਨਾਲ ਅੰਗਰੇਜ਼ੀ ਫੌਜਾਂ ਪਾਣੀਪਤ ਕਰਨਾਲ ਤਕ ਪੁੱਜ ਗਈਆਂ। ਕਰਨਲ ਬਰਨਲ ਸਾਹਿਬ ਨੇ ਅੱਗੇ ਵਧ ਕੇ ੧੮ ਦਸੰਬਰ ੧੮੦੪ ਨੂੰ ਅਮੀਰ ਖਾਂ ਰੁਹੇਲਾ ਮੇਰਠ ਵਾਲਾ ਤੇ ਸਿੱਖਾਂ ਨੂੰ ਜੋ ਜਸਵੰਤ ਰਾਏ ਦੀ ਪ੍ਰੇਰਨਾ ਨਾਲ ਜਮਨਾ ਦੇ ਕਿਨਾਰੇ ੭-੮ ਹਜ਼ਾਰ ਦੀ ਗਿਣਤੀ ਵਿੱਚ ਇਕੱਠੇ ਹੋ ਰਹੇ ਸਨ, ਭਾਰੀ ਸ਼ਕਸਤ ਦਿੱਤੀ। ਇਸ ਤੋਂ ਸਿੱਖਾਂ ਨੂੰ ਅੰਗਰੇਜ਼ਾਂ ਦੀ ਤਾਕਤ ਦੇ ਹਾਲ ਦਾ ਚੰਗੀ ਤਰ੍ਹਾਂ ਪਤਾ ਲਗ ਗਿਆ। ਤਦ ਸਰਦਾਰ ਲਾਲ ਸਿੰਘ ਤੇ ਰਾਜਾ ਭਾਗ ਸਿੰਘ ਜੋ ਬੜੇ ਸਮਝਦਾਰ ਆਦਮੀ ਸਨ। ੨੬ ਜਨਵਰੀ ੧੮੦੫ ਨੂੰ ਕਰਨਲ ਬਰਨਲ ਸਾਹਿਬ ਨੂੰ ਆ ਮਿਲੇ, ਜੋ ਇਹਨਾਂ ਨਾਲ ਬੜੀ ਹਛੀ ਤਰ੍ਹਾਂ ਨਾਲ ਮਿਲਿਆ। ਉਸ ਵੇਲੇ ਉਹ ਸਿੱਖ ਜੋ ਅੰਗਰੇਜ਼ਾਂ ਦੇ ਵਿਰੁੱਧ ਸਨ, ਮੁਕਾਮ ਮੋਲਾਨਾ ਜੋ ਪਾਣੀਪਤ ਦੇ ਲਾਗੇ ਹੈ, ਉੱਤਰੇ ਹੋਏ ਸਨ। ਕਿੰਤੂ ਅੰਗਰੇਜ਼ਾਂ ਦੇ ਅੱਪੜਦੇ ਹੀ ਚਲੇ ਗਏ।

## ੭੩. ਕੁਝ ਰਈਸ ਅੰਗਰੇਜ਼ਾਂ ਦੇ ਅਧੀਨ ਹੋ ਗਏ

ਮਾਰਚ ੧੮੦੫ ਨੂੰ ਅੰਗਰੇਜ਼ਾਂ ਵਲੋਂ ਇਸ਼ਤਿਹਾਰ ਦਿੱਤਾ ਗਿਆ ਕਿ ਜੋ ਸਿੱਖ ਰਈਸ ਸਰਦਾਰ ਅੰਗਰੇਜ਼ਾਂ ਦੇ ਅਧੀਨ ਹੋ ਜਾਏਗਾ ਤੇ ਲੜਾਈ ਦਾ ਖ਼ਿਆਲ ਛੱਡ ਦੇਵੇਗਾ, ਉਸ ਦੇ ਨਾਲ ਸੁਲਾਹ ਰੱਖੀ ਜਾਵੇਗੀ ਤੇ ਉਹਦਾ ਇਲਾਕਾ ਉਸ ਨੂੰ ਦਿੱਤਾ ਜਾਵੇਗਾ। ਸੋ ਥੋੜ੍ਹੇ ਹੀ ਦਿਨਾਂ ਪਿੱਛੋਂ ਰਾਏ ਸਿੰਘ ਜਗਾਧਰੀ ਤੇ ਕਈ ਦੂਜੇ ਰਈਸਾਂ ਨੇ ਅਧੀਨਤਾ ਸ੍ਵੀਕਾਰ ਕਰ ਲਈ। ਕਿੰਤੂ ਸਰਦਾਰ ਗੁਰਦਿੱਤਾ ਸਿੰਘ ਲਾਡੋਵਾਲਾ, ਭਾਵੇਂ ਦੂਜੇ ਰਈਸਾਂ ਨਾਲੋਂ ਘੱਟ ਵਿਰੋਧੀ ਸੀ, ਉਹਦੇ ਨਾਲ ਅੰਗਰੇਜ਼ਾਂ ਨੇ ਸੁਲਾਹ ਪ੍ਰਵਾਨ ਨਾ ਕੀਤੀ ਤੇ ਅਪ੍ਰੈਲ ਦੇ ਵਿੱਚ ਉਸ ਤੋਂ ਕਰਨਾਲ ਦਾ ਇਲਾਕਾ ਖੋਹ ਲਿਆ ਤੇ ਇਸ ਤਰ੍ਹਾਂ ਸਰਕਾਰ ਅੰਗਰੇਜ਼ੀ ਦੀ ਸਲਤਨਤ ਦਿਨ-ਬ-ਦਿਨ ਅੱਗੇ ਕਦਮ ਵਧਾਨ ਲਗੀ।

## ੭੪. ਰਾਜਾ ਸਾਹਿਬ ਸਿੰਘ ਤੇ ਰਾਣੀ ਆਸ ਕੌਰ ਦੀ ਖਟਪਟੀ

ਰਾਜਾ ਸਾਹਿਬ ਸਿੰਘ ਪਟਯਾਲੇ ਦੇ ਕਰਮਚਾਰੀਆਂ ਨੇ ਜਦ ਵੇਖਿਆ ਕਿ ਬੀਬੀ ਸਾਹਿਬ ਕੌਰ ਦੇ ਜਾਣ ਨਾਲ ਰਾਣੀ ਆਸ ਕੌਰ ਨੇ ਜੋ ਬੜੀ ਸਮਝਦਾਰ ਤੀਵੀਂ ਹੈ, ਰਿਆਸਤ ਦੇ ਕੰਮ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ, ਤਦ ਇਨ੍ਹਾਂ ਨੇ ਰਾਜਾ ਸਾਹਿਬ ਸਿੰਘ ਦੀ ਆਪਣੀ ਰਾਣੀ ਆਸ ਕੌਰ ਨਾਲ ਖਟਪਟੀ ਕਰਵਾਉਣੀ ਆਰੰਭ ਦਿੱਤੀ। ਆਸ ਕੌਰ ਬੜੀ ਸਮਝਦਾਰ ਤੀਵੀਂ ਸੀ। ਖਿਚਾ ਖਿਚੀ

ਇੱਥੋਂ ਤਕ ਅੱਪੜ ਗਈ ਕਿ ਰਾਣੀ ਪਟਯਾਲੇ ਦੇ ਅੰਦਰੋਂ ਤੇ ਰਾਜਾ ਬਾਹਰੋਂ ਕਿੰਨੇ ਚਿਰ ਤਕ ਲੜਦੇ ਰਹੇ। ਲਾਗੇ ਦੇ ਰਈਸਾਂ ਵਿੱਚੋਂ ਕੁਝ ਰਾਣੀ ਸਾਹਿਬ ਵੱਲ ਹੋ ਗਏ, ਕੁਝ ਰਾਜਾ ਸਾਹਿਬ ਵੱਲ। ਇੱਕ ਅਦਭੁਤ ਖੇਡ ਸੀ। ਆਸ ਕੌਰ ਬੜੀ ਸਮਝਦਾਰ ਸੀ। ਉਸ ਨੇ ਸਮਝ ਲਿਆ ਕਿ ਇਸ ਲੜਾਈ ਤੋਂ ਸਵਾਏ ਤਬਾਹੀ ਦੇ ਹੋਰ ਕੁਝ ਲਾਭ ਨਹੀਂ। ਉਸ ਨੇ ਸਰਦਾਰ ਲਾਲ ਸਿੰਘ ਤੇ ਮੈਂਹਗਾ ਸਿੰਘ ਦੀ ਰਾਹੀਂ ਰਾਜਾ ਸਾਹਿਬ ਨਾਲ ਸੁਲਾਹ ਕਰ ਕੇ ਉਹਨਾਂ ਨੂੰ ਪਟਯਾਲੇ ਲੈ ਆਂਦਾ।

ਇਨ੍ਹਾਂ ਹੀ ਦਿਨਾਂ ਵਿੱਚ ਜਸਵੰਤ ਰਾਉ ਹੁਲਕਰ ਅੰਗਰੇਜ਼ਾਂ ਪਾਸੋਂ ਹਾਰ ਖਾ ਕੇ ਪਟਯਾਲੇ ਆਇਆ ਤੇ ਰਾਜਾ ਸਾਹਿਬ ਸਿੰਘ ਤੋਂ ਮਦਦ ਚਾਹੀ। ਰਾਜਾ ਸਾਹਿਬ ਸਿੰਘ ਨੇ ਸਹਾਇਤਾ ਦੇਣੋਂ ਸਾਫ਼ ਇਨਕਾਰ ਕਰ ਦਿੱਤਾ। ਉਹਦੇ ਪਿੱਛੋਂ ਲਾਰਡ ਲੀਕ ਸਾਹਿਬ ਫੌਜ ਲੈ ਕੇ ਆ ਗਿਆ। ਤਦ ਜਸਵੰਤ ਰਾਏ ਨੱਸ ਕੇ ਅੰਮ੍ਰਿਤਸਰ ਚਲਾ ਗਿਆ। ਪਿੱਛੇ ਪਿੱਛੇ ਲਾਰਡ ਲੀਕ ਉਹਦੀ ਭਾਲ ਵਿੱਚ ਪਟਯਾਲੇ ਆਇਆ, ਜਿੱਥੋਂ ਦੇ ਰਈਸ ਨੇ ਇਹਦੀ ਬੜੀ ਆਉ ਭਾਗਤ ਕੀਤੀ। ਫਿਰ ਉਹਦੇ ਪਿਛੇ ਨਾਭਾ ਆਦਿਕ ਅਸਥਾਨਾਂ ਦੇ ਹੋਂਦੇ ਹੋਂਦੇ ਅੰਮ੍ਰਿਤਸਰ ਪੁੱਜ ਗਏ। ਇੱਥੋਂ ੧੧ ਜੂਨ ੧੮੦੬ ਨੂੰ ਅੰਗਰੇਜ਼ਾਂ ਤੇ ਹੁਲਕਰ ਦੇ ਵਿਚਕਾਰ ਇੱਕ ਇਕਰਾਰਨਾਮਾ ਲਿਖਿਆ ਗਿਆ, ਜਿਸ ਦੇ ਨਾਲ ਉੱਤਰੀ ਹਿੰਦ ਦਾ ਸਾਰਾ ਉਹ ਇਲਾਕਾ ਜੋ ਮਰਹੱਟਿਆਂ ਦੇ ਪਾਸ ਸੀ, ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ। ਮਹਾਰਾਜਾ ਰਣਜੀਤ ਸਿੰਘ ਵਾਲੀਏ ਲਾਹੌਰ ਨੇ ਅੰਗਰੇਜ਼ ਤੇ ਜਸਵੰਤ ਰਾਏ ਦੀ ਸੁਲਾਹ ਕਰਾ ਦਿੱਤੀ।

## ੭੫. ਨਾਭੇ ਪਟਯਾਲੇ ਦੀ ਰੇੜ ਖੇੜ

ਰਾਜਾ ਜਸਵੰਤ ਸਿੰਘ ਨਾਭੇ ਵਾਲੇ ਨੇ ੧੮੬੩ ਬਿੱਕ੍ਰਮੀ ਨੂੰ ਦੁਲਦੀ ਪਿੰਡ ਦੀ ਹਦਬੰਦੀ ਦੇ ਝਗੜੇ ਤੋਂ ਤਾਰਾ ਸਿੰਘ ਨੂੰ ਕਤਲ ਕਰਾ ਦਿੱਤਾ। ਦੁਲਦੀ ਪਿੰਡ ਨਾਭਾ ਸ਼ਹਿਰ ਦੇ ਨਾਲ ਲਗਦਾ ਹੈ ਤੇ ਪਟਯਾਲੇ ਦਾ ਇਲਾਕਾ ਸੀ। ਤਾਰਾ ਸਿੰਘ ਦੇ ਮਰਨ ਤੋਂ ਆਸ ਕੌਰ ਨੂੰ ਬੜਾ ਗ਼ੁੱਸਾ ਆਇਆ, ਜਿਸ ਤੋਂ ਰਾਣੀ ਆਸ ਕੌਰ ਪਟਯਾਲਾ ਨੇ ਆਪਣੇ ਆਪਣੇ ਅਹਿਲਕਾਰ ਦੇ ਨਾਹੱਕ ਮਾਰੇ ਜਾਣ ਦੀ ਸ਼ਕਾਇਤ ਕਰ ਕੇ ਨਾਭੇ ਤੇ ਚੜ੍ਹਾਈ ਸ਼ੁਰੂ ਕਰ ਦਿੱਤੀ ਤੇ ਨਾਭੇ ਦੇ ਪਿੰਡ ਖੇੜੀ ਤੇ ਧਬਲਾਂ ਨੂੰ ਲੁੱਟ ਲਿਆ। ਇਸ ਆਪਸ ਦੀ ਖਿਚਾ-ਖਿਚੀ ਦਾ ਸਿੱਟਾ ਇਹ ਹੋਇਆ ਕਿ ਦਿਨ-ਬ-ਦਿਨ ਇਨ੍ਹਾਂ ਵਿੱਚ ਦਵੈਖ ਦੀ ਅੱਗ ਭੜਕਣ ਲੱਗੀ। ਕਈ ਵੇਰ ਛੋਟੀਆਂ ਛੋਟੀਆਂ ਲੜਾਈਆਂ ਵੀ ਹੋਈਆਂ, ਕਿੰਤੂ ਇੱਕ ਦਿਨ ਨਾਭੇ ਤੋਂ ਚਾਰ ਕੋਹ ਦੀ ਵਿੱਥ ਤੇ ਨਠਵਾਨ ਤੇ ਭਾਵਸੋਂ ਦੇ ਵਿਚਕਾਰ ਸਖ਼ਤ ਲੜਾਈ ਹੋਈ, ਜਿਸ ਵਿੱਚ ਸਰਦਾਰ ਮਹਿਤਾਬ ਸਿੰਘ ਥਾਨੇਸਰ ਮਾਰਿਆ ਗਿਆ। ਦੋਨਾਂ ਪਾਸਿਆਂ ਦੇ ਤਿੰਨ ਸੌ ਦੇ ਕਰੀਬ ਆਦਮੀ ਮੈਦਾਨ ਵਿੱਚ ਕੰਮ ਆਏ। ਜਸਵੰਤ ਸਿੰਘ ਨੱਸ ਕੇ ਨਾਭੇ ਚਲਾ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਝਗੜੇ ਦੇ ਫ਼ੈਸਲੇ ਲਈ ਲਾਹੌਰ ਤੋਂ ਸੱਦਿਆ ਗਿਆ।

## ੭੬. ਮਹਾਰਾਜਾ ਰਣਜੀਤ ਸਿੰਘ ਦਾ ਆਉਣਾ

ਮਹਾਰਾਜਾ ਰਣਜੀਤ ਸਿੰਘ ਨੂੰ ਜਦ ਆਉਣ ਲਈ ਕਿਹਾ ਗਿਆ ਤਦ ੩੦ ਹਜ਼ਾਰ ਫੌਜ ਲੈ ਕੇ ਇਧਰ ਆ ਗਏ। ੧੭ ਕੱਤਕ ੧੮੬੩ ਨੂੰ ਨਾਭੇ ਪੁੱਜ ਕੇ ਦੁਲਦੀ ਪਿੰਡ ਪਟਯਾਲੇ ਤੋਂ ਲੈ ਕੇ ਨਾਭੇ ਨੂੰ ਦੇ ਦਿੱਤਾ। ਕਹਿੰਦੇ ਹਨ ਪਹਿਲਾਂ ਤਾਂ ਇਸ ਪਿੰਡ ਨੂੰ ਨਾਭੇ ਵਾਲੇ ਨੇ ਉਜਾੜ ਕੇ ਆਪਣਾ ਗ਼ੁੱਸਾ ਕਢਿਆ। ਫਿਰ ਮਹਾਰਾਜਾ ਰਣਜੀਤ ਸਿੰਘ ਨੂੰ ਨਾਲ ਲੈ ਕੇ ਪਿੰਡ ਮਨਸੂਰ ਪੁਰਾ ਜਿੱਥੇ ਮਹਾਰਾਜਾ ਪਟਯਾਲਾ ਤੇ ਰਾਣੀ ਸਾਹਿਬ ਪਟਯਾਲਾ ਉੱਤਰੇ ਹੋਏ ਸਨ, ਲੈ ਗਿਆ। ਦੋਨਾਂ ਪਾਸਿਆਂ ਤੋਂ ਲੜਾਈ ਹੋਣ ਲੱਗੀ, ਤਿੰਨ ਘੰਟੇ ਲੜਾਈ ਦਾ ਮੈਦਾਨ ਖੂਬ ਗ਼ਰਮ ਰਿਹਾ। ਰਾਣੀ ਆਸ ਕੌਰ ਨੇ ਆਪਣੇ ਗੋਲਅੰਦਾਜ਼ ਜ਼ੁਲਫਾਕਾਰ ਅਲੀ ਤੋਂ ਇੱਕ ਗੋਲੇ ਦਾ ਐਸਾ ਨਿਸ਼ਾਨਾ ਲਗਵਾਇਆ ਕਿ ਮਹਾਰਾਜਾ ਰਣਜੀਤ ਸਿੰਘ ਜਿਸ ਹਾਥੀ ਤੇ ਬੈਠਾ ਜੰਗ ਵੇਖ ਰਿਹਾ ਸੀ, ਉਹਦੇ ਹੌਦੇ ਦਾ ਕਲਸ਼ ਉੱਡ ਗਿਆ। ਮਹਾਰਾਜਾ ਰਣਜੀਤ ਸਿੰਘ ਇਸ ਤਰ੍ਹਾਂ ਦੇ ਨਿਸ਼ਾਨੇਬਾਜ਼ ਤੇ ਪਟਯਾਲੇ ਦੀ ਫੌਜ ਨੂੰ ਗਿਣਤੀ ਵਿੱਚ ਵੀ ਬਹੁਤ ਵੇਖ ਕੇ ਸੋਚਾਂ ਵਿੱਚ ਪੈ ਗਏ। ਦੂਜੇ ਪਾਸੇ

ਰਾਣੀ ਆਸ ਕੌਰ ਨੇ ਰਾਜਾ ਜਸਵੰਤ ਸਿੰਘ ਤੇ ਭਾਗ ਸਿੰਘ ਨੂੰ ਚਿੱਠੀ ਲਿਖੀ ਕਿ ਸਾਡਾ ਆਪਸ ਵਿੱਚ ਮਾਮੂਲੀ ਗੱਲ ਦਾ ਝਗੜਾ ਸੀ। ਸ਼ੋਕ ਹੈ ਕਿ ਤੁਸਾਂ ਇਸ ਗੱਲ ਨੂੰ ਆਪਣੇ ਘਰ ਵਿੱਚ ਨਿਪਟਣ ਦੀ ਜਗ੍ਹਾ ਆਪਣੇ ਤੋਂ ਵੱਡੀ ਤਾਕਤ ਨੂੰ ਸਦ ਆਂਦਾ ਹੈ, ਜਿਸ ਵਿੱਚ ਸਾਨੂੰ ਨੁਕਸਾਨ ਹੀ ਨੁਕਸਾਨ ਹੈ। ਹਾਥੀ ਦੇ ਮੂੰਹ ਵਿੱਚ ਗੰਨਾ ਦੇਣਾ ਆਸਾਨ ਹੈ, ਕਿੰਤੂ ਫਿਰ ਲੈਣਾ ਮੁਸ਼ਕਲ ਹੈ।

ਇਹ ਗੱਲਾਂ ਸੁਣ ਕੇ ਰਾਜਾ ਜਸਵੰਤ ਸਿੰਘ ਨੂੰ ਵੀ ਹੋਸ਼ ਆ ਗਈ ਤੇ ਉਸ ਨੇ ਉਸੇ ਵੇਲੇ ਰਾਜਾ ਭਾਗ ਸਿੰਘ ਤੇ ਸਰਦਾਰ ਚੈਨ ਸਿੰਘ ਨਾਲ ਗੱਲ ਕਰ ਕੇ ਸੁਲਾਹ ਦੀ ਗੱਲਬਾਤ ਕਰ ਲਈ ਤੇ ਮਹਾਰਾਜਾ ਸਾਹਿਬ ਰਣਜੀਤ ਸਿੰਘ ਦੇ ਕੈਂਪ ਵਿੱਚ ਸਾਰੇ ਇਕੱਠੇ ਹੋਏ। ਮਹਾਰਾਜਾ, ਰਣਜੀਤ ਸਿੰਘ ਨੇ ਸੁਲਾਹ ਕਰਾ ਦਿੱਤੀ। ਦੁਲਦੀ ਪਿੰਡ ਫਿਰ ਪਟਯਾਲੇ ਨੂੰ ਮਿਲਿਆ। ਮਹਾਰਾਜਾ ਰਣਜੀਤ ਸਿੰਘ ਆਪਣੀ ਨੀਯਤ ਰਕਮ ੫੦ ਹਜ਼ਾਰ ਨਾਭਾ ਤੇ ਪਟਯਾਲੇ ਪਾਸੋਂ ਲੈ ਕੇ ਵਾਪਸ ਆਉਂਦਾ ਹੋਇਆ ਰਾਏਕੋਟ ਪੁੱਜਾ। ਇੱਥੇ ਰਾਏਕੋਟ ਅਲਯਾਸ ਦੀ ਤੀਵੀਂ ਕਾਬਜ਼ ਸਨ। ਕੁਝ ਝਗੜਾ ਹੋ ਜਾਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਇਹਨਾਂ ਦੇ ਪਾਸ ਕੋਟ ਤਲਵੰਡੀ ਆਦਿਕ ਪੰਜ ਪਿੰਡ ਜਾਗੀਰ ਵਜੋਂ ਛੱਡ ਕੇ ਬਾਕੀ ਇਲਾਕੇ ਦੀ ਇਸ ਤਰ੍ਹਾਂ ਆਪਣੇ ਮਿੱਤਰਾਂ ਵਿੱਚ ਵੰਡ ਕਰ ਦਿੱਤੀ: ਲੁਧਿਆਣਾ ਜੰਡਿਆਲਾ ਕੋਟ ਵੈਸਾ ੩੫ ਹਜ਼ਾਰ ਸਾਲਾਨਾ ਆਮਦਨੀ ਦੇ ਪਿੰਡ ਸਰਦਾਰ ਭਾਗ ਸਿੰਘ ਨੂੰ, ੩੦ ਹਜ਼ਾਰ ਆਮਦਨੀ ਦੇ ੩੦ ਪਿੰਡ ਸਰਦਾਰ ਗੁਰਦਿੱਤਾ ਸਿੰਘ ਨੂੰ, ਲਾਡੋ ਵਾਲਾ ਰਾਹਕੋਟ ਪਖੋਵਾਲ ਆਦਿਕ ੩੮ ਹਜ਼ਾਰ ਆਮਦਨੀ ਦੇ ੩੧ ਪਿੰਡ ਰਾਜਾ ਜਸਵੰਤ ਸਿੰਘ ਨਾਭਾ ਨੂੰ, ਦਾਖਾ ਜਗਰਾਉਂ ਲਖੂ ਤੇ ਹਠੂ ਦੇ ਪ੍ਰਗਣੇ ੧੦੬ ਪਿੰਡ ਸਰਦਾਰ ਫਤੇਹ ਸਿੰਘ, ਘਲਮੋਗਾ ਦੀਵਾਨ ਮੋਹਕਮ ਚੰਦ ਨੂੰ, ੧੦ ਪਿੰਡ ਸਰਦਾਰ ਬੈਹਰਾ ਸਿੰਘ ਥਾਨੇਸਰ ਨੂੰ, ਇਸ ਤੋਂ ਛੁਟ ੧੨ ਪਿੰਡ ਘੁੰਗਰਾਣੇ ੯੦੨੩ ਦੇ ਜੋ ਸਰਦਾਰ ਗੁਜਰ ਸਿੰਘ ਤਾਰਾ ਸਿੰਘ ਗੈਬਾ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਖੋਹ ਲਏ ਸਨ, ੫ ਪਿੰਡ ਸਰਦਾਰ ਗੁਰਦਿੱਤਾ ਸਿੰਘ ਲਾਡੋਵਾਲਾ ਤੇ ੭ ਪਿੰਡ ਰਾਜਾ ਜਸਵੰਤ ਸਿੰਘ ਨਾਭੇ ਵਾਲੇ ਨੂੰ ਹੋਰ ਮਿਲੇ।

## ੭੭. ਮਹਾਰਾਜਾ ਰਣਜੀਤ ਸਿੰਘ ਫਿਰ ਇਸ ਇਲਾਕੇ ਵਿਚ

ਕੁਝ ਮਹੀਨਿਆਂ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਇਲਾਕੇ ਵਿੱਚ ਫਿਰ ਆਉਣ ਦਾ ਮੌਕਾ ਮਿਲਿਆ। ਇਸ ਦਾ ਕਾਰਨ ਇਹ ਹੋਇਆ ਕਿ ਰਾਣੀ ਆਸ ਕੌਰ ਤੇ ਰਾਜਾ ਸਾਹਿਬ ਸਿੰਘ ਦੇ ਵਿਚਕਾਰ ਸ਼ੈਤਾਨ ਆਦਮੀਆਂ ਨੇ ਫਿਰ ਝਗੜਾ ਕਰਾ ਦਿੱਤਾ। ਅਹਿਲਕਾਰਾਂ ਦੀਆਂ ਵੀ ਦੋ ਪਾਰਟੀਆਂ ਹੋ ਗਈਆਂ। ਰਾਣੀ ਸਾਹਿਬ ਅੱਗੇ ਵਾਂਗ ਫਿਰ ਸ਼ਹਿਰ ਤੇ ਕਾਬਜ਼ ਤੇ ਰਾਜਾ ਸਾਹਿਬ ਬਾਹਰ, ਮੋਰਚੇ ਦੋਹਾਂ ਧਿਰਾਂ ਵਲੋਂ ਲਗ ਗਏ। ਲੜਾਈ ਹੁੰਦੀ ਰਹੀ, ਅੰਤ ਨੂੰ ਰਾਜਾ ਸਾਹਿਬ ਸਿੰਘ ਨੇ ਨਾਭੇ ਦੇ ਰਾਜਾ ਜਸਵੰਤ ਸਿੰਘ ਦੀ ਰਾਹੀਂ (ਜਿਸ ਦੀਆਂ ਅੱਖਾਂ ਵਿੱਚ ਪਟਯਾਲੇ ਦੀ ਉੱਨਤੀ ਸਦਾ ਹੀ ਚੁਭਦੀ ਰਹਿੰਦੀ ਸੀ) ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਮਦਦ ਵਾਸਤੇ ਲਾਹੌਰ ਤੋਂ ਬੁਲਾ ਭੇਜਿਆ ਤੇ ਪਟਯਾਲਾ ਰਾਜ ਪਾਸ ਜੋ ਇੱਕ ਮੋਤੀਆਂ ਦਾ ਬਹੁਮੁਲਾ ਕੰਠਾ ਸੀ, ਓਹ ਦੇਣ ਦਾ ਇਕਰਾਰ ਕੀਤਾ। ਉੱਥੇ ਕੀ ਦੇਰ ਸੀ? ਇਹ ਖ਼ਬਰ ਪੁੱਜਦੇ ਹੀ ਮਹਾਰਾਜਾ ਸਾਹਿਬ ਲਾਹੌਰ ਤੋਂ ਰਵਾਨਾ ਹੋ ਗਏ। ਸੰ. ੧੮੬੪ ਬਿੱਕ੍ਰਮੀ ਨੂੰ ਰਾਏਪੁਰ ਜੋ ਗੋਜਰਵਾਲੀਆ ਕੋਟਕਪੂਰਾ ਆਦਿਕ ਰਿਆਸਤਾਂ ਨੂੰ ਲਾਹੌਰ ਦਰਬਾਰ ਨਾਲ ਮਿਲਾਂਦੇ ਮਾਲੇਰ ਕੋਟਲੇ ਜਾ ਉੱਤਰੇ ਤੇ ਓਥੋਂ ਦੇ ਪਠਾਣਾਂ ਤੋਂ ਇੱਕ ਲਖ ਰੁਪਯਾ ਨਜ਼ਰਾਨੇ ਵਜੋਂ ਮੰਗਿਆ। ਮਾਲੇਰਕੋਟਲਾ ਦੇ ਹਾਕਮਾਂ ਨੇ ਚਾਰ ਪਿੰਡ ਫੂਲ ਬੰਸ ਪਾਸ ਰੱਖ ਕੇ ਮਹਾਰਾਜਾ ਸਾਹਿਬ ਨੂੰ ਰਕਮ ਦੇ ਦਿੱਤੀ। ਉੱਥੋਂ ਮਹਾਰਾਜਾ ਸਾਹਿਬ ਚੱਲ ਕੇ ਨਾਭੇ ਹੁੰਦੇ ਹੋਏ ਪਟਯਾਲੇ ਪੁੱਜੇ, ਜਿੱਥੋਂ ਦੇ ਰਾਜਾ ਸਾਹਿਬ ਆਪਣੀ ਰਾਣੀ ਆਸ ਕੌਰ ਨਾਲ ੨੦ ਹਜ਼ਾਰ ਫ਼ੌਜ ਲੈ ਕੇ ਲੜ ਰਿਹਾ ਸੀ।

ਰਾਣੀ ਆਸ ਕੌਰ ਇੱਕ ਬੜੀ ਸਮਝਦਾਰ ਤੀਵੀਂ ਸੀ। ਜਿਸ ਵੇਲੇ ਇਸ ਨੂੰ ਰਣਜੀਤ ਸਿੰਘ ਦੇ ਆਉਣ ਦਾ ਪਤਾ ਲੱਗਾ, ਓਸੇ ਵੇਲੇ ਅਸਲ ਗੱਲ ਨੂੰ ਤਾੜ ਗਈ ਤੇ ਝਟ ਪਟ ਆਪਣੇ ਪਤੀ ਨੂੰ

ਸਰਦਾਰ ਬੈਂਹਗਾ ਸਿੰਘ ਤੇ ਲਾਲ ਸਿੰਘ ਦੇ ਹੱਥ ਸੁਨੇਹਾ ਭੇਜਿਆ, ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪਟਯਾਲੇ ਆਉਣ ਦਾ ਜੋ ਅਸਰ ਰਿਆਸਤ ਤੇ ਪਏਗਾ, ਉਸ ਨੂੰ ਪ੍ਰਗਟ ਕਰਦੇ ਹੋਏ ਕਿਹਾ ਕਿ ਮੈਨੂੰ ਹਰ ਤਰ੍ਹਾਂ ਨਾਲ ਆਪ ਦੀ ਤਾਬਿਆਦਾਰੀ ਪ੍ਰਵਾਨ ਹੈ। ਮੇਰੇ ਵਾਸਤੇ ਜਿਹਾ ਆਪ ਸਮਝੋ ਇਨਸਾਫ਼ ਨਾਲ ਫ਼ੈਸਲਾ ਕਰ ਦੇਵੋ, ਪ੍ਰੰਤੂ ਰੱਬ ਦੇ ਵਾਸਤੇ ਇਸ ਝਗੜੇ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਨਾ ਪਾਣਾ, ਨਹੀਂ ਤਾਂ ਰਿਆਸਤ ਪਟਿਆਲਾ ਦਾ ਖੁਰਾ ਖੋਜ ਮਿਟ ਜਾਏਗਾ। ਪਿੱਛੋਂ ਹੱਥ ਮਲਦੇ ਰਹਿ ਜਾਓਗੇ ਅਤੇ ਮੋਤੀਆਂ ਦਾ ਕੰਠਾ ਜੋ ਦੇਣਾ ਕੀਤਾ ਜੇ, ਝੱਟ ਦੇ ਕੇ ਵਾਪਸ ਕਰ ਦੇਵੋ। ਰਾਣੀ ਨੇ ਬੜੀ ਸਮਝ ਤੇ ਨਿਮਰਤਾ ਨਾਲ ਆਪਣੇ ਪਤੀ ਨੂੰ ਸਮਝਾ ਲਿਆ ਤੇ ਝਗੜਾ ਸੁਲਾਹ ਵਿੱਚ ਬਦਲ ਗਿਆ। ਰਾਣੀ ਆਸ ਕੌਰ ਨੂੰ ਉਸ ਦੇ ਲੜਕੇ ਸਮੇਤ ੫੦ ਹਜ਼ਾਰ ਦੀ ਜਾਗੀਰ ਬਨੌੜਾ, ਰਾਣੀ ਮਾਜਰਾ, ਸਨੌਰ ਤੇ ਚਨਾਰਥਲ ਦਾ ਇਲਾਕਾ ਮਹਾਰਾਜਾ ਸਾਹਿਬ ਨੇ ਇਕਰਾਰਨਾਮਾ ਲਿਖ ਦਿੱਤਾ ਤੇ ਮਹਾਰਾਜਾ ਸਾਹਿਬ ਨੂੰ ਇਕਰਾਰ ਅਨੁਸਾਰ ਮੋਤੀਆਂ ਦਾ ਕੈਂਠਾ ਦੇ ਕੇ ਮੋੜ ਦਿੱਤਾ। ਕਿੰਤੂ ਮਹਾਰਾਜਾ ਰਣਜੀਤ ਸਿੰਘ ਜਾਂਦੀ ਵੇਰ ਇੱਕ ਤੋਪ ਜਿਸ ਦਾ ਨਾਮ 'ਕੜੇ ਖਾਂ' ਸੀ, ਲੈ ਗਿਆ ਜੋ ਸੰਮਤ ੧੯੦੩ ਸਤਲੁਜ ਦੀ ਲੜਾਈ ਦੇ ਮਗਰੋਂ ਫਿਰ ਪਟਯਾਲਾ ਸਟੇਟ ਦੇ ਹੀ ਹੱਥ ਆ ਗਈ ਤੇ ਹੁਣ ਤਕ ਉੱਥੇ ਮੌਜੂਦ ਹੈ। ਮਹਾਰਾਜਾ ਰਣਜੀਤ ਸਿੰਘ ਪਟਯਾਲੇ ਤੋਂ ਚੱਲ ਕੇ ਅੰਬਾਲਾ ਦੇ ਸਰਦਾਰਾਂ ਤੋਂ ਨਜ਼ਰਾਨੇ ਵਸੂਲ ਕਰਦੇ ਪਿੰਡ ਨਾਰਾਇਨਗੜ੍ਹ ਨੂੰ ਆਪਣੇ ਕਬਜ਼ੇ ਵਿੱਚ ਲਿਆਉਂਦੇ ਹੋਏ ਵਾਪਸ ਤਸ਼ਰੀਫ ਲਿਆਏ।

ਮਹਾਰਾਜਾ ਰਣਜੀਤ ਸਿੰਘ ਜਿੰਨੀ ਵੇਰ ਫੂਲਕੀਆਂ ਰਿਆਸਤਾਂ ਵਿੱਚ ਆਇਆ, ਇਨ੍ਹਾਂ ਦੇ ਸੱਦੇ ਤੇ ਆਇਆ ਤੇ ਜੋ ਕੁਛ ਇਨ੍ਹਾਂ ਇਕਰਾਰ ਅਨੁਸਾਰ ਦਿੱਤਾ, ਓਹੋ ਹੀ ਲੈ ਕੇ ਚਲਾ ਜਾਂਦਾ ਰਿਹਾ। ਓਸ ਨੇ ਇਨ੍ਹਾਂ ਤੋਂ ਵਧੀਕ ਕੁਝ ਨਾ ਲਿਆ ਤੇ ਨਾ ਹੀ ਕੋਈ ਤਕਲੀਫ਼ ਦਿੱਤੀ, ਸਗੋਂ ਇਲਾਕੇ ਦੇ ਕਈ ਪਿੰਡ ਫਤਹਿ ਕਰ ਕੇ ਨਾਭਾ ਤੇ ਜੀਂਦ ਦੇ ਇਲਾਕੇ ਵਿੱਚ ਮਲਾ ਦੇਂਦਾ ਰਿਹਾ। ਪ੍ਰੰਤੂ ਪਤਾ ਨਹੀਂ ਫਿਰ ਵੀ ਇਨ੍ਹਾਂ ਰਿਆਸਤਾਂ ਤੇ ਸ਼ੇਰਿ ਪੰਜਾਬ ਦਾ ਕਿਉਂ ਅਜਿਹਾ ਰੋਬ ਤੇ ਦਬਦਬਾ ਛਾ ਗਿਆ ਕਿ ਓਹ ਇਸ ਤੋਂ ਸਦਾ ਹੀ ਡਰਦੇ ਰਹੇ। ਮਲੂਮ ਹੁੰਦਾ ਹੈ ਕਿ ਓਹ ਰਈਸ ਜਿਨ੍ਹਾਂ ਦੇ ਇਲਾਕੇ ਰਾਜ ਲਾਹੌਰ ਵਿੱਚ ਮਿਲ ਗਏ ਸਨ, ਓਹਨਾਂ ਨੇ ਇਨ੍ਹਾਂ ਨੂੰ ਵੀ ਡਰਾ ਦਿੱਤਾ। ਸੋ ਇੱਕ ਵੇਰ ਖ਼ਾਸ ਪਟਯਾਲੇ ਵਿੱਚ ਬਹੁਤ ਸਾਰੇ ਰਈਸਾਂ ਨੇ ਇਕੱਠੇ ਹੋ ਕੇ ਇਸ ਗੱਲ ਤੇ ਵਿਚਾਰ ਕੀਤੀ ਕਿ ਇੱਕ ਪਾਸੇ ਅੰਗ੍ਰੇਜ਼ਾਂ ਦੀ ਜ਼ੋਰ ਵਾਲੀ ਤਾਕਤ ਹੈ ਤੇ ਦੂਜੇ ਪਾਸੇ ਸ਼ੇਰੇ ਪੰਜਾਬ। ਇਨ੍ਹਾਂ ਦੋਨਾਂ ਦੇ ਵਿਚਕਾਰ ਅਸਾਡਾ ਬਚ ਜਾਨਾ ਔਖੀ ਗੱਲ ਹੈ ਇਸ ਕਰ ਕੇ ਸਾਨੂੰ ਦੋਨਾਂ ਵਿੱਚ ਇੱਕ ਸ਼ਕਤੀ ਵਾਲਾ ਹੋ ਜਾਣਾ ਚਾਹੀਦਾ ਹੈ। ਦੋਨਾਂ ਦੇ ਗੁਣ ਔਗੁਣਾਂ ਨੂੰ ਆਪਣੀ ਸਮਝ ਨਾਲ ਵਿਚਾਰ ਕੇ ਓਹਨਾਂ ਅੰਗ੍ਰੇਜ਼ਾਂ ਦੇ ਵਲ ਹੋਣ ਦਾ ਫ਼ੈਸਲਾ ਕੀਤਾ। ਸੋ ਭਾਈ ਭਾਗ ਸਿੰਘ ਲਾਲ ਸਿੰਘ ਆਪ ਪਟਯਾਲੇ ਵਲੋਂ ਸਰਦਾਰ ਚੈਨ ਸਿੰਘ ਤੇ ਨਾਭੇ ਵਲੋਂ ਗ਼ੁਲਾਮਹਸਨ ਅਹਿਲਕਾਰ ਇਕੱਠੇ ਹੋ ਕੇ ਦਿੱਲੀ ਮਿਸਟਰ ਸਟੀਨ ਸਾਹਿਬ ਰੈਜ਼ੀਡੰਟ ਪਾਸ ਗਏ ਤੇ ਆਪਣੇ ਮਨੋਰਥ ਨੂੰ ਲਿਖ ਕੇ ਦਿੱਤਾ। ਰੈਜ਼ੀਡੰਟ ਨੇ ਇਹਨਾਂ ਦਾ ਸਵਾਗਤ ਬੜੇ ਆਦਰ ਭਾਉ ਨਾਲ ਕੀਤਾ, ਕਿੰਤੂ ਇਹ ਗੱਲ ਦੱਸ ਕੇ ਕਿ ਮੈਂ ਬਿਨਾਂ ਮਨਜ਼ੂਰੀ ਕਲਕੱਤੇ ਤੋਂ ਲਏ ਕੁਝ ਨਹੀਂ ਕਹਿ ਸਕਦਾ, ਕਾਗ਼ਜ਼ ਕਲਕੱਤੇ ਭੇਜ ਦਿਤੇ ਤੇ ਭਰੋਸਾ ਦਵਾਇਆ ਕਿ ਤੁਹਾਡੀ ਇਹ ਦਰਖ਼ਾਸਤ ਮਨਜ਼ੂਰ ਹੋ ਜਾਏਗੀ।

ਸਰਕਾਰ ਲਾਹੌਰ ਨੂੰ ਜਦ ਇਸ ਗੱਲ ਦੀ ਖ਼ਬਰ ਮਿਲੀ ਕਿ ਫੂਲਵੰਸ ਦੇ ਰਾਜੇ ਅੰਗਰੇਜ਼ਾਂ ਨਾਲ ਮਿਲ ਚੱਲੇ ਹਨ, ਤਦ ਉਹਨਾਂ ਖ਼ਿਆਲ ਕੀਤਾ ਕਿ ਆਪ ਚੱਲ ਕੇ ਉਹਨਾਂ ਨਾਲ ਜ਼ਬਾਨੀ ਗੱਲਬਾਤ ਕਰ ਕੇ ਜਿਸ ਤਰ੍ਹਾਂ ਵੀ ਤੇ ਜਿਨ੍ਹਾਂ ਸ਼ਰਤਾਂ ਤੇ ਵੀ ਉਹ ਮੰਨਣਗੇ ਆਪਣੇ ਨਾਲ ਮਿਲਾ ਕੇ ਖਾਲਸਾ ਸਲਤਨਤ ਨੂੰ ਵਿਸ਼ਾਲ ਕਰ ਦਿੱਤਾ ਜਾਏ। ਸੋ ੧੮੬੫ ਬਿ. ਨੂੰ ਮਹਾਰਾਜਾ ਸਾਹਿਬ ਨੇ ਇਹ ਵਿਚਾਰ ਕੇ ਲਾਹੌਰ ਤੋਂ ਕੂਚ ਕੀਤਾ। ਰਾਹ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਨੂੰ ਹੜੱਪ ਕਰਦਾ, ਜਿਨ੍ਹਾਂ ਦਾ ਖ਼ਾਸ ਜ਼ਿਕਰ ਮਹਾਰਾਜਾ ਰਣਜੀਤ ਸਿੰਘ ਦੇ ਹਾਲ ਵਿੱਚ ਕੀਤਾ ਗਿਆ ਹੈ,

ਥਾਨੇਸਰ ਪੁਜਾ ਤੇ ਉੱਥੋਂ ਚੱਲ ਕੇ ਜਦ ਸ਼ਾਹਅਬਾਦ ਡੇਰਾ ਕੀਤਾ। ਤਦ ਉੱਥੋਂ ਮਹਾਰਾਜਾ ਸਾਹਿਬ ਸਿੰਘ ਪਟਯਾਲੇ ਵਾਲੇ ਨੂੰ ਲਖਨੌਰ ਦੇ ਮੁਕਾਮ ਤੇ ਮਿਲਣ ਲਈ ਸੁਨੇਹਾ ਭੇਜਿਆ। ਸਾਹਿਬ ਸਿੰਘ ਦੀ ਮਨਸ਼ਾ ਮਿਲਣ ਦੀ ਨਹੀਂ ਸੀ, ਕਿੰਤੂ ਇੰਨੀ ਹਿੰਮਤ ਵੀ ਉਹਦੇ ਵਿੱਚ ਨਹੀਂ ਸੀ ਕਿ ਸ਼ੇਰਿ ਪੰਜਾਬ ਦੇ ਸੱਦਣ ਤੇ ਨਾਂਹ ਕਰ ਸਕੇ। ਇਸ ਵਾਸਤੇ ੨੪ ਮੱਘਰ ਸੰਮਤ ੧੮੬੫ ਬਿ. ਨੂੰ ਲਖਨੌਰ ਦੇ ਮੁਕਾਮ ਤੇ ਬੇਦੀ ਸਾਹਿਬ ਸਿੰਘ ਦੇ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਤੇ ਸਾਹਿਬ ਸਿੰਘ ਪਟਯਾਲੇ ਵਾਲੇ ਦੀ ਗੱਲਬਾਤ ਹੋਈ ਤੇ ਦੋਹਾਂ ਧਿਰਾਂ ਨੇ ਆਪਸ ਵਿੱਚ ਦਿਲ ਦੀ ਸਫ਼ਾਈ ਨਾਲ ਦਸਤਾਰ ਬਦਲੇ ਤੇ ਆਪੋ ਵਿੱਚ ਉਸ ਵੇਲੇ ਇੱਕ ਇਕਰਾਰਨਾਮਾ ਵੀ ਲਿਖ ਦਿੱਤਾ।

ਆਖਣ ਨੂੰ ਤਾਂ ਦੋਹਾਂ ਧਿਰਾਂ ਦੀ ਸੁਲਾਹ ਹੋ ਗਈ ਤੇ ਦਸਤਾਰ ਵੀ ਬਦਲੇ, ਕਿੰਤੂ ਸਾਹਿਬ ਸਿੰਘ ਦੇ ਦਿਲ ਵਿੱਚ ਇਹ ਗੱਲ ਸੀ ਕਿ ਕਿਸੇ ਤਰ੍ਹਾਂ ਇਸ ਵੇਰ ਇਸ ਸ਼ੇਰ ਦੇ ਪੰਜੇ ਵਿੱਚੋਂ ਛੁਟਕਾਰਾ ਮਿਲ ਜਾਏ, ਤਦ ਇੱਥੋਂ ਜਾਂਦਿਆਂ ਹੀ ਝਟ ਅੰਗਰੇਜ਼ਾਂ ਨੂੰ ਆਪਣੀ ਮਦਦ ਤੇ ਕਰ ਲਵਾਂਗਾ। ਸ਼ੇਰਿ ਪੰਜਾਬ ਦੀ ਮਨਸ਼ਾ ਇਹ ਸੀ ਕਿ ਸਤਲੁਜ ਤੋਂ ਇਸ ਪਾਰ ਦੀਆਂ ਰਿਆਸਤਾਂ ਵਿੱਚੋਂ ਵੱਡੀ ਰਿਆਸਤ ਇਹ ਹੈ। ਜੇ ਕਦੀ ਮਹਾਰਾਜਾ ਸਾਹਿਬ ਦੀ ਦੋਸਤੀ ਦੇ ਭਰੋਸੇ ਤੇ ਅੰਗਰੇਜ਼ਾਂ ਨਾਲ ਇਹ ਨਾ ਮਿਲੇ ਤਦ ਬਾਕੀ ਰਿਆਸਤਾਂ ਨੂੰ ਮਹਾਰਾਜਾ ਲਾਹੌਰ ਦਾ ਸੰਗ ਛੱਡ ਕੇ ਉਧਰ ਹੋਣ ਦਾ ਹੌਸਲਾ ਨਹੀਂ ਪਏਗਾ। ਇਸ ਵਾਸਤੇ ਉਹ ਪਟਯਾਲੇ ਦਰਬਾਰ ਨਾਲ ਸੁਲਾਹ ਰਖਣਾ ਚਾਹੁੰਦੇ ਸਨ, ਸੋ ਇਨ੍ਹਾਂ ਨੇ ਆਪਣੇ ਵਲੋਂ ੫੦੦੦ ਸਵਾਰ ਸਰਦਾਰ ਗੰਡਾ ਸਿੰਘ ਨੂੰ ਦੇ ਕੇ ਅੰਬਾਲੇ ਠਹਿਰਾ ਦਿੱਤਾ ਤੇ ਆਪ ਹਰਦਵਾਰ ਵਲੋਂ ਹੁੰਦੇ ਹੋਏ ਲਾਹੌਰ ਆ ਗਏ।

## ੭੮. ਫੂਲ ਦੇ ਰਈਸਾਂ ਅੰਗਰੇਜ਼ਾਂ ਨੂੰ ਸੱਦਿਆ

ਫੂਲ ਦੇ ਰਾਜਿਆਂ ਨੇ ਸ਼ੇਰਿ ਪੰਜਾਬ ਨਾਲ ਹੋਏ ਸਾਰੇ ਕੋਲ ਇਕਰਾਰ ਮਿੱਟੀ ਵਿੱਚ ਮਿਲਾ ਦਿਤੇ ਤੇ ਕੇਵਲ ਸਰਕਾਰ ਅੰਗਰੇਜ਼ੀ ਦੇ ਅਧੀਨ ਰਹਿਣ ਦਾ ਪੱਕਾ ਨਿਸਚਾ ਕਰ ਲਿਆ। ਕਰਮ ਸਿੰਘ ਸ਼ਾਹੀ ਆਬਾਦੀ ਦਿੱਲੀ ਗਿਆ ਤੇ ਉੱਥੋਂ ਅਖਤਰ ਲੋਨੀ ਸਾਹਿਬ ਨੂੰ ਨਾਲ ਲਿਆ ਕੇ ੧੫ ਫਰਵਰੀ ੧੮੦੯ ਨੂੰ ਜਦ ਲੁਧਿਆਣੇ ਵਿੱਚ ਛਾਉਣੀ ਪਵਾਈ, ਤਦ ਇਹਨਾਂ ਨੂੰ ਚੈਨ ਆਇਆ।

## ੭੯. ਸਰਕਾਰ ਅੰਗਰੇਜ਼ੀ ਤੇ ਲਾਹੌਰ ਦੇ ਮਹਾਰਾਜਾ ਸਾਹਿਬ ਨਾਲ ਇਕਰਾਰਨਾਮਾ

ਹੁਣ ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਦੇ ਵਿੱਚ ਵੀ ਸੁਲਾਹ ਹੋ ਕੇ ਸਤਲੁਜ ਦਰਯਾ ਦੋਨਾਂ ਧਿਰਾਂ ਦੀ ਹੱਦ ਨੀਯਤ ਹੋਈ। ਪਰ ਲੁਧਿਆਣੇ ਵਿੱਚ ਅੰਗਰੇਜ਼ਾਂ ਦੀ ਛਾਉਣੀ ਪੈ ਗਈ ਤੇ ਇਧਰ ਫਿਲੌਰ ਵਿੱਚ ਲਾਹੌਰ ਦਰਬਾਰ ਦੀ ਹੈ, ਜਿਹੜੇ ਇਲਾਕੇ ਮਹਾਰਾਜਾ ਸਾਹਿਬ ਲਾਹੌਰ ਨੇ ਮਟਕਾਫ ਦੇ ਸਾਹਮਣੇ ੧੮੬੫ ਬਿ. ਨੂੰ ਦਬਾ ਲਏ ਸਨ, ਉਹ ਇਸ ਇਕਰਾਰਨਾਮੇ ਅਨੁਸਾਰ ਅਸਲ ਮਾਲਕਾਂ ਨੂੰ ਦੇ ਦਿਤੇ ਗਏ।

## ੮੦. ਅੰਗ੍ਰੇਜ਼ਾਂ ਵਲੋਂ ਇਸ਼ਤਿਹਾਰ

੩ ਮਈ ੧੮੦੯ ਨੂੰ ਅੰਗਰੇਜ਼ੀ ਰਾਜ ਵਲੋਂ ਇਸ਼ਤਿਹਾਰ ਨਿੱਕਲਿਆ, ਜਿਸ ਵਿੱਚ ਸਤਲੁਜ ਦੇ ਉਸ ਪਾਰ ਦੇ ਰਈਸਾਂ ਨੂੰ ਤਸੱਲੀ ਦਿੱਤੀ ਗਈ ਸੀ, ਉਸ ਦੀਆਂ ਸ਼ਰਤਾਂ ਦਾ ਸੰਖੇਪ ਭਾਵ ਇੰਜ ਹੈ:

(੧) ਸਤਲੁਜ ਤੋਂ ਇਸ ਪਾਰ ਦੇ ਰਈਸਾਂ ਨੂੰ ਅੰਗਰੇਜ਼ਾਂ ਨੇ ਆਪਣੀ ਅਧੀਨਗੀ ਵਿੱਚ ਲੈ ਲਿਆ ਹੈ, ਇਸ ਕਰ ਕੇ ਉਹ ਹੁਣ ਲਾਹੌਰ ਦਰਬਾਰ ਤੋਂ ਬਾਹਰ ਰਹਿਣਗੇ।

(੨) ਇਨ੍ਹਾਂ ਇਲਾਕਿਆਂ ਤੋਂ ਸਰਕਾਰ ਅੰਗਰੇਜ਼ੀ ਕਦੇ ਵੀ ਕੋਈ ਖਰਾਜ ਨਹੀਂ ਮੰਗੇਗੀ।

(੩) ਸਾਰੇ ਰਈਸਾਂ ਨੂੰ ਆਪਣੇ ਇਲਾਕੇ ਵਿੱਚ ਉਹੋ ਹੀ ਹੱਕ ਤੇ ਅਖਤਯਾਰ ਪ੍ਰਾਪਤ ਰਹਿਣਗੇ, ਜੋ ਸਰਕਾਰ ਅੰਗਰੇਜ਼ੀ ਦੇ ਆਉਣ ਤੋਂ ਪਹਿਲਾਂ ਆਪਣੇ ਇਲਾਕੇ ਵਿੱਚ ਪ੍ਰਾਪਤ ਸਨ।

(੪) ਜਦ ਕਦੀ ਅੰਗਰੇਜ਼ੀ ਸਪਾਹ ਕਿਸੇ ਰਈਸ ਦੇ ਇਲਾਕੇ ਵਿੱਚੋਂ ਲੰਘੇਗੀ, ਉਹਨੂੰ ਰਸਦ ਦੇਣੀ ਪਏਗੀ।

(੫) ਜਦ ਕੋਈ ਵੈਰੀ ਇਸ ਪਾਸੋਂ ਆਵੇਗਾ ਤਦ ਸਾਰੇ ਰਈਸਾਂ ਨੂੰ ਫੌਜ ਦੀ ਮਦਦ ਦੇਣੀ ਪਏਗੀ।

(੬) ਜਿਹੜਾ ਸੁਦਾਗਰ ਅੰਗਰੇਜ਼ੀ ਲਸ਼ਕਰ ਵਾਲੇ ਵਲਾਇਤੀ ਚੀਜ਼ਾਂ ਲੈ ਕੇ ਕਿਸੇ ਰਈਸ ਦੀ ਰਿਆਸਤ ਵਿੱਚੋਂ ਲੰਘੇ, ਉਸ ਤੋਂ ਮਾਸੂਲ ਜਾਂ ਜ਼ਕਾਤ ਕੋਈ ਨਾ ਲਈ ਜਾਵੇ।

(੭) ਜਿਹੜਾ ਆਦਮੀ ਰਸਾਲੇ ਵਾਸਤੇ ਘੋੜੇ ਖ਼੍ਰੀਦਣ ਜਾਵੇ ਤੇ ਉਹਦੇ ਪਾਸ ਸਨਦ ਹੋਵੇ, ਉਹਨੂੰ ਮਸੂਲ ਆਦਿਕ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਹੋਵੇ।

## ੮੧. ਪਟਯਾਲੇ ਦੀ ਦਸ਼ਾ

ਇਸ ਤਰ੍ਹਾਂ ਅੰਗਰੇਜ਼ਾਂ ਨਾਲ ਮਿਲਾਪ ਹੋ ਜਾਣ ਤੋਂ ਬਾਹਰ ਦਾ ਖਤਰਾ ਇਨ੍ਹਾਂ ਰਿਆਸਤਾਂ ਦਾ ਮਿਟ ਗਿਆ, ਕਿੰਤੂ ਮਹਾਰਾਜਾ ਪਟਿਆਲਾ ਦਾ ਜੋ ਝਗੜਾ ਆਪਣੀ ਰਾਣੀ ਆਸ ਕੌਰ ਨਾਲ ਮੁੱਦਤ ਤੋਂ ਚਲਾ ਆ ਰਿਹਾ ਸੀ, ਭਾਵੇਂ ਉਹ ਕਿੰਨੀ ਵੇਰ ਮਿਟਿਆ, ਕਿੰਤੂ ਰਿਆਸਤਾਂ ਦੇ ਅਹਿਲਕਾਰ ਆਪਣੀ ਸ਼ਰਾਰਤ ਨਾਲ ਇਸ ਝਗੜੇ ਨੂੰ ਫਿਰ ਸ਼ੁਰੂ ਕਰਾ ਦੇਂਦੇ ਸਨ ਤੇ ਮਿਟਣ ਵਿੱਚ ਨਹੀਂ ਆਉਣ ਦੇਂਦੇ ਸੀ। ਰਿਆਸਤ ਦਾ ਅੰਦਰ ਦਾ ਪ੍ਰਬੰਧ ਬੜਾ ਖ਼ਰਾਬ ਹੋ ਰਿਹਾ ਸੀ। ਇੱਕ ਪਾਸੇ ਫੂਲਾ ਸਿੰਘ ਜੀ ਅਕਾਲੀ ਮੁਲਕ ਵਿੱਚ ਦੌਰਾ ਕਰ ਰਹੇ ਸਨ। ਦੂਜੇ ਪਾਸੇ ਭੱਟੀ ਤੇ ਪਚਾਧੇ ਮੁਸਲਮਾਨ ਸਰਦਾਰ, ਕੀਮਾ, ਪੀਰਾ, ਮਖਨਾ ਆਦਿਕ ਧਾੜਵੀ ਬਿਨਾਂ ਡਰ ਤੇ ਭੈਅ ਦੇ ਸੁਨਾਮ ਤਕ ਚਲੇ ਆਉਂਦੇ ਸਨ ਤੇ ਰਿਆਸਤ ਦੇ ਅਹਿਲਕਾਰਾਂ ਨੇ ਵੱਖ ਲੁੱਟ ਮਚਾ ਰਖੀ ਸੀ। ਹਰ ਪਾਸੇ ਤੰਗੀ ਸੀ। ਚੋਰਾਂ ਤੇ ਡਾਕੂਆਂ ਦੇ ਹਥੋਂ ਪਿੰਡ ਉੱਜੜ ਗਏ ਸੀ। ਕੈਹਤ ਨੇ ਹੋਰ ਵੀ ਹਾਲਤ ਤਬਾਹ ਕਰ ਦਿੱਤੀ, ਮਾਮਲਾ ਵਸੂਲ ਹੋਣਾ ਬੰਦ ਹੋ ਗਿਆ।

## ੮੨. ਅਕਾਲੀ ਫੂਲਾ ਸਿੰਘ

੧੮੬੭ ਬਿਕਰਮੀ ਨੂੰ ਵਾਈਟ ਸਾਹਿਬ ਸਰਹਦ ਦੀ ਪੈਮਾਇਸ਼ ਕਰ ਰਹੇ ਸਨ। ਇਨ੍ਹਾਂ ਦਾ ਅਕਾਲੀ ਫੂਲਾ ਸਿੰਘ ਨਾਲ ਕਿਸੇ ਗੱਲ ਤੋਂ ਝਗੜਾ ਹੋ ਗਿਆ। ਵਾਈਟ ਸਾਹਿਬ ਦੇ ੬ ਆਦਮੀ ਮਾਰੇ ਗਏ, ੨੦ ਫਟੜ ਹੋਏ ਤੇ ਵਾਈਟ ਸਾਹਿਬ ਆਪਣੀ ਜਾਨ ਬਚਾ ਕੇ ਨੱਸ ਗਿਆ। ਇਨ੍ਹਾਂ ਦਾ ਮਾਲ ਅਸਬਾਬ ਸਾਰਾ ਅਕਾਲੀਆਂ ਦੇ ਹੱਥ ਆਇਆ।

ਇਹ ਖ਼ਬਰ ਸੁਣ ਕੇ ਪਟਯਾਲੇ ਤੇ ਨਾਭੇ ਵੱਲੋਂ ਫੌਜ ਆਈ, ਕਿੰਤੂ ਉਸ ਵੇਲੇ ਅਕਾਲੀ ਫੂਲਾ ਸਿੰਘ ਤੇ ਉਹਨਾਂ ਦੇ ਸਾਥੀ ਮੁਕਤਸਰ ਅੱਪੜ ਗਏ ਸਨ।

ਇਸੇ ਸਾਲ ਵਲੀ ਐਹਦ ਕਰਮ ਸਿੰਘ ਦਾ ਵਿਆਹ ਸਰਦਾਰ ਬੈਂਹਗਾ ਸਿੰਘ ਥਾਨੇਦਾਰ ਦੀ ਲੜਕੀ ਨਾਲ ਬੜੀ ਧੂਮ ਧਾਮ ਨਾਲ ਹੋਯਾ।

## ੮੩. ਰਾਜਾ ਸਾਹਿਬ ਸਿੰਘ ਜੀ

ਰਾਜਾ ਸਾਹਿਬ ਸਿੰਘ ਖ਼ੁਸ਼ਾਮਦੀ ਅਹਿਲਕਾਰਾਂ ਦੇ ਹੱਥ ਵਿੱਚ ਅਜਿਹੇ ਚੜ੍ਹੇ ਸਨ ਕਿ ਖ਼ਜ਼ਾਨਾ ਖ਼ਾਲੀ ਹੋ ਗਿਆ। ਖਾਣ ਪੀਣ ਦਾ ਜੋ ਸਮਾਨ ਲੋੜ ਹੋਂਦਾ ਦੁਕਾਨਾਂ ਤੋਂ ਉਚਾਪਤ ਕਰ ਕੇ ਆਉਂਦਾ, ਬਾਹਰੋਂ ਜੋ ਆਮਦਨ ਹੋਂਦੀ ਸਿੱਧੀ ਬਾਨੀਏਂ ਦੀ ਦੁਕਾਨ ਤੇ ਚਲੀ ਜਾਂਦੀ। ਫੌਜ ਨੂੰ ਤਨਖਾਹ ਦੇਣ ਲੱਗੇ ਪਿੰਡਾਂ ਦੀ ਉਗਰਾਹੀ ਸੌਂਪ ਦਿੱਤੀ ਜਾਂਦੀ ਸੀ। ਕੋਈ ਕਿਸੇ ਨੂੰ ਪੁੱਛਣ ਵਾਲਾ ਨਹੀਂ ਸੀ ਕਿ ਕੀ ਕਰਦੇ ਹੋ? ਸ਼ਰੀਫ ਆਦਮੀਆਂ ਦੀ ਕੋਈ ਸੁਣਦਾ ਨਹੀਂ। ਇਲਾਕੇ ਦੇ ਸਰਦਾਰਾਂ ਤੇ ਅਕਟਰ ਲੋਨੀ ਸਾਹਿਬ ਦੀ ਰਾਇ ਨਾਲ ਫਿਰ ਰਾਣੀ ਆਸ ਕੌਰ ਪਟਿਆਲੇ ਆਂਦੀ ਗਈ ਤੇ ਇਸ ਤਰ੍ਹਾਂ ਰਿਆਸਤ ਬਰਬਾਦ ਹੋਂਦੀ ਬਚ ਗਈ।

## ੮੪. ਰਾਣੀ ਆਸ ਕੌਰ ਦਾ ਇੰਤਜ਼ਾਮ

ਰਾਣੀ ਆਸ ਕੌਰ ਨੇ ਮੁਲਕ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈਂਦਿਆਂ ਹੀ ਸਭ ਤੋਂ ਪਹਿਲਾਂ ਓਹਨਾਂ ਜ਼ਿਮੀਂਦਾਰਾਂ ਤੇ ਇਲਾਕੇਦਾਰਾਂ ਦੀ ਸੋਧ ਕੀਤੀ ਜੋ ਆਕੀ ਬਣ ਗਏ ਸਨ। ਓਹਨਾਂ ਵਲੋਂ ਕਈ ਸਾਲਾਂ ਦਾ ਮਾਮਲਾ ਜੋ ਨਿੱਕਲਦਾ ਸੀ, ਸਭ ਪਾਈ ਪਾਈ ਕਰ ਕੇ ਵਸੂਲ ਕੀਤਾ।

ਫਿਰ ਰਿਆਸਤ ਦੇ ਜ਼ਾਲਮਾਂ ਤੇ ਵੱਢੀ ਖੋਰ ਹਾਕਮਾਂ ਤੇ ਅਹਿਲਕਾਰਾਂ ਦੀ ਖ਼ਬਰ ਲਈ, ਓਹਨਾਂ ਤੋਂ ਜ਼ੁਰਮਾਨੇ ਤੇ ਹਰਜਾਨੇ ਲਏ। ਇਸ ਤਰ੍ਹਾਂ ਨਾਲ ਜਿੱਥੇ ਇੱਕ ਪਾਸੇ ਖ਼ਜ਼ਾਨਾ ਭਰ ਗਿਆ, ਓਥੇ

ਪਰਜਾ ਵੀ ਸੁਖ ਦੀ ਨੀਂਦਰ ਸੌਣ ਲਗੀ। ਕਿੰਤੂ ਮਹਾਰਾਜਾ ਸਾਹਿਬ ਸਿੰਘ ਦੇ ਚਾਲਾਕ ਸਾਥੀ ਅਲਬੇਲ ਸਿੰਘ ਤੇ ਗੁੱਜਰ ਸਿੰਘ ਚਾਹੁੰਦੇ ਸੀ ਕਿ ਜੋ ਕੁਝ ਰਿਆਸਤ ਦੀ ਆਮਦਨ ਹੈ, ਇਨ੍ਹਾਂ ਦੇ ਹਥੀਂ ਖ਼ਰਚ ਹੋਵੇ, ਜਿਸ ਤੋਂ ਫਿਰ ਓਹਨਾਂ ਨੇ ਰਾਜੇ ਨੂੰ ਭੜਕਾਯਾ ਕਿ ਕਦੀ ਰਾਣੀ ਤੈਨੂੰ ਕੈਦ ਕਰ ਦੇਵੇ ਤਦ ਫਿਰ ਤੂੰ ਕੁਝ ਨਹੀਂ ਕਰ ਸਕੇਂਗਾ। ਤਾਂ ਤੇ ਹੁਣ ਹੀ ਜੋ ਕੁਝ ਹੋ ਸਕਦਾ ਹੈ ਕਰ ਲੈ। ਸਾਹਿਬ ਸਿੰਘ ਨੇ ਝੱਟ ਓਹਨਾਂ ਦੇ ਕਹੇ ਤੇ ਰਾਣੀ ਆਸ ਕੌਰ ਆਪਣੇ ਵਲੀ ਐਹਦਾ ਕਰਮ ਸਿੰਘ ਤੇ ਮਿਸਰ ਨੌਧਾ ਨੂੰ ਕੈਦ ਕਰ ਦਿੱਤਾ। ਇਹ ਖ਼ਬਰ ਸੁਣ ਕੇ ੧੮੧੨ ਈਸਵੀ ਨੂੰ ਕਰਨਲ ਅਖਟਰ ਲੋਨੀ ਨੂੰ ਫਿਰ ਪਟਯਾਲੇ ਆਉਣਾ ਪਿਆ, ਜਦ ਕਰਨਲ ਸਾਹਿਬ ਪਟਿਆਲੇ ਆਏ ਤਦ ਰਾਜਾ ਸਾਹਿਬ ਸਿੰਘ ਆਪਣੇ ਅਹਿਲਕਾਰਾਂ ਦੇ ਆਖੇ ਲੱਗ ਕੇ ਕਿਲ੍ਹੇ ਦੇ ਵਿੱਚ ਰੋਹੇਲਾ ਫੌਜ ਵਾੜ ਲਈ। ਇਸ ਦੇ ਸਾਥੀਆਂ ਇਸ ਨੂੰ ਕਿਹਾ ਕਿ ਅਖਤਰ ਲੋਨੀ ਤੈਨੂੰ ਕੈਦ ਕਰਨਾ ਚਾਹੁੰਦਾ ਹੈ। ਬਸ, ਫਿਰ ਕੀ ਸੀ? ਸਾਹਿਬ ਸਿੰਘ ਬਾਗ਼ੀ ਹੋ ਗਿਆ। ਇੱਕ ਆਦਮੀ ਨੇ ਅਖਤਰ ਲੋਨੀ ਸਾਹਿਬ ਦੀ ਜਾਨ ਤੇ ਹਮਲਾ ਕਰ ਦਿੱਤਾ ਜੋ ਮਹਾਰਾਜੇ ਦੀ ਕਾਰ ਗੁਜ਼ਾਰੀ ਸਮਝੀ ਗਈ। ਅਖਤਰ ਲੋਨੀ ਸਾਹਿਬ ਨੂੰ ਇੱਕ ਜ਼ਖ਼ਮ ਆਇਆ, ਮੁਸ਼ਕਲ ਨਾਲ ਕਰਨੈਲ ਸਾਹਿਬ ਨੇ ਉਸ ਆਦਮੀ ਪਾਸੋਂ ਜਾਨ ਬਚਾਈ। ਇਹ ਆਦਮੀ ਫੜ ਕੇ ਲੁਧਿਆਣੇ ਦੇ ਜੇਲ੍ਹਖਾਨੇ ਵਿੱਚ ਭੇਜ ਦਿੱਤਾ ਗਿਆ। ਕਰਨਲ ਸਾਹਿਬ ਨੇ ਲੁਧਿਆਣੇ ਤੋਂ ਇੱਕ ਤੋਪਖ਼ਾਨਾ ਤੇ ਫੌਜ ਮੰਗਾ ਕੇ ਰਾਜਾ ਸਾਹਿਬ ਦੇ ਸਾਥੀਆਂ ਨੂੰ ਖੂਬ ਧਮਕਾਇਆ ਤੇ ਗੁਰਦਿਆਲ ਸਿੰਘ ਗੁਜਰ ਸਿੰਘ ਅਲਬੇਲ ਸਿੰਘ ਤੋਂ ਇਕਰਾਰ ਲਿਆ ਕਿ ਓਹ ਅਗੋਂ ਨੂੰ ਹਮੇਸ਼ਾਂ ਰਾਣੀ ਸਾਹਿਬ ਦਾ ਹੁਕਮ ਮੰਨਣਗੇ। ਬਾਹਰ ਜਾਂ ਛੁਪ ਕੇ ਕਦੇ ਵੀ ਮਹਾਰਾਜਾ ਸਾਹਿਬ ਦੀ ਮਿਜ਼ਾਜ ਨੂੰ ਖ਼ਰਾਬ ਨਹੀਂ ਕਰਨਗੇ। ਸਾਰਾ ਹਿਸਾਬ ਕਿਤਾਬ ਰਾਣੀ ਸਾਹਿਬ ਨੂੰ ਦਿੱਤਾ ਕਰਨਗੇ। ਜੇ ਕਦੀ ਕੋਈ ਗ਼ਲਤੀ ਕਰਨਗੇ ਤਦ ਸਖ਼ਤ ਡੰਡ ਦੇ ਭਾਗੀ ਹੋਣਗੇ। ਕਰਨਲ ਸਾਹਿਬ ਨੇ ਇੱਕ ਸਨਦ ਰਾਣੀ ਸਾਹਿਬ ਨੂੰ ਦੇ ਕੇ ਪਟਯਾਲੇ ਦਾ ਸਾਰਾ ਰਾਜ ਕਾਜ ਇਨ੍ਹਾਂ ਦੇ ਸਪੁਰਦ ਕਰ ਦਿੱਤਾ ਤੇ ਹਰ ਇੱਕ ਮੈਹਕਮੇ ਦਾ ਚਾਰਜ ਰਾਣੀ ਸਾਹਿਬ ਦੇ ਨੌਕਰਾਂ ਨੂੰ ਦਿੱਤਾ। ਕੇਵਲ ਭਵਾਨੀਗੜ੍ਹ ਦੇ ਕਿਲ੍ਹੇਦਾਰ ਨੇ ਜ਼ਰਾ ਧੁਜਤ ਕੀਤੀ, ਜਿਸ ਨੂੰ ਅੰਗ੍ਰੇਜ਼ੀ ਫੌਜ ਨੇ ਝੱਟ ਪੱਟ ਹੀ ਸਿੱਧੇ ਰਾਹ ਲੈ ਆਂਦਾ ਤੇ ਸਾਰੇ ਜਾਗੀਰਦਾਰਾਂ ਨੂੰ ਹੁਕਮ ਦਿੱਤਾ ਗਿਆ:

## ੮੫. ਕਿਲ੍ਹਾ ਚਨਕੋਈਆਂ ਦੀ ਫਤਹ

ਰਾਣੀ ਸਾਹਿਬ ਦੇ ਹੁਕਮ ਨੂੰ ਮੰਨਣ, ਜੋ ਅਜਿਹਾ ਨਾ ਕਰੇਗਾ ਓਹਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਸ ਇੰਤਜ਼ਾਮ ਦੇ ਹੋ ਜਾਣ ਤੇ ਚਨਕੋਈਆਂ ਦੇ ਕਿਲ੍ਹੇਦਾਰ ਨੰਦ ਸਿੰਘ ਜੋ ਫੂਲਾ ਸਿੰਘ ਈਲਵਾਲੀਆ ਦਾ ਲੜਕਾ ਸੀ, ਪ੍ਰਗਣਾ ਪਟਿਆਲੇ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਜਦ ਸਮਝਾਣ ਤੇ ਵੀ ਬਾਜ਼ ਨਾ ਆਇਆ, ਤਦ ਰਾਣੀ ਆਸ ਕੌਰ ਨੇ ਮਿਸਰ ਨੌਧਰਾਏ ਨੂੰ ਫੌਜ ਦੇ ਕੇ ਭੇਜਿਆ, ਜਿਸ ਨੇ ਕਿਲ੍ਹਾ ਚਨਕੋਈਆ ਦੇ ਲਾਗੇ ਦੇ ਪਿੰਡ ਕੱਦੋਂ, ਨੰਗਲ, ਮਜ਼ਰਾ, ਮਕਸੂਦੜਾ ਭਵਾਨੀ ਹਾਜੀ ਮਜ਼ਰਾ ਤੇ ਹੋਰ ਪਿੰਡਾਂ ਤੇ ਕਬਜ਼ਾ ਕਰ ਲਿਆ। ਇਸ ਵਿੱਚ ਸ਼ੱਕ ਨਹੀਂ ਕਿ ਕਰਨਲ ਸਾਹਿਬ ਨੇ ਇਹ ਇਲਾਕਾ ੧੮੦੯ ਦੇ ਇਸ਼ਤਿਹਾਰ ਨੂੰ ਮੁਖ ਰੱਖ ਕੇ ਨੰਦ ਸਿੰਘ ਨੂੰ ਵਾਪਸ ਦਵਾ ਦਿੱਤਾ, ਕਿੰਤੂ ਫਿਰ ਜਦ ਨੰਦ ਸਿੰਘ ਨੇ ਸਰਕਾਰ ਅੰਗਰੇਜ਼ੀ ਦੀ ਡਾਕ ਲੁੱਟ ਲਈ ਤੇ ਡਾਕੇ ਮਾਰਨੇ ਸ਼ੁਰੂ ਕਰ ਦਿਤੇ, ਤਦ ਫਿਰ ਇਸ ਤੋਂ ਇਹ ਇਲਾਕਾ ਲੈ ਕੇ ਪਟਯਾਲਾ ਦਰਬਾਰ ਨੂੰ ਦੇ ਦਿੱਤਾ।

ਰਾਣੀ ਸਾਹਿਬ ਨੇ ਜਦ ਰਿਆਸਤ ਦਾ ਪ੍ਰਬੰਧ ਹੱਥ ਵਿੱਚ ਲਿਆ, ਤਦ ਰਾਜਾ ਸਾਹਿਬ ਸਿੰਘ ਨੂੰ ਇੱਕ ਲੱਖ ਦੀ ਜਾਗੀਰ ਦਿੱਤੀ ਗਈ ਸੀ ਕਿ ਜਿਕਣ ਚਾਹੁਣ ਖ਼ਰਚ ਕਰਨ, ਕਿੰਤੂ ਉਨ੍ਹਾਂ ਨੇ ਤੋਸ਼ਾਖਾਨਾ ਵਿੱਚੋਂ ਵੀ ਮੋਤੀ ਕੱਢ ਕੇ ਲੁਟਾਣੇ ਸ਼ੁਰੂ ਕਰ ਦਿਤੇ। ਜੋ ਕੁਝ ਇਹਨਾਂ ਦੇ ਹੱਥ ਆਉਂਦਾ, ਲੁਟਾ ਦੇਂਦੇ। ਇਹਨਾਂ ਲੜਕਿਆਂ ਦੀ ਇੱਕ ਪਲਟਣ ਬਣਾ ਰਖੀ ਸੀ, ਇਸ ਦਾ ਨਾਮ ਬਸੇਰਾ ਪਲਟਣ ਸੀ। ਇਸ ਨੂੰ ਆਪੋ ਵਿੱਚ ਲੜਾਂਦੇ ਭਿੜਾਂਦੇ ਰਹਿੰਦੇ ਤੇ ਕਈ ਵੇਰ ਇਹ ਲੜਕੇ

ਫੱਟੜ ਹੁੰਦੇ ਤੇ ਕਈ ਮਰ ਜਾਂਦੇ। ਜਿੱਤਣ ਵਾਲਿਆਂ ਨੂੰ ਇਨਾਮ ਮਿਲਦਾ। ਇੰਜ ਹੀ ਪਹਿਲਵਾਨਾਂ ਸੰਢਿਆਂ ਤੇ ਮੋਢਿਆਂ ਦੇ ਭੇੜ ਵੇਖ ਦੇ ਆਪਣਾ ਸਮਾਂ ਬਤੀਤ ਕਰਦੇ ਰਹਿੰਦੇ ਸਨ।

## ੮੬. ਰਾਜਾ ਸਾਹਿਬ ਦੇ ਅਖਤਯਾਰਾਂ ਦਾ ਖੁਸਣਾ

ਰਾਣੀ ਆਸ ਕੌਰ ਨੇ ਰਾਜਾ ਸਾਹਿਬ ਸਿੰਘ ਦੀ ਇਹ ਦਸ਼ਾ ਕਰਨਲ ਅਖਤਰ ਲੋਨੀ ਨੂੰ ਦੱਸੀ, ਜਿਸ ਤੋਂ ਤੋਸ਼ਾਖਾਨਾ ਵੀ ਰਾਣੀ ਸਾਹਿਬ ਦੇ ਸਪੁਰਦ ਕਰ ਦਿੱਤਾ ਗਿਆ ਤੇ ਮਹਾਰਾਜੇ ਦੀ ਜਾਗੀਰ ਵਿੱਚੋਂ ੧੨ ਹਜ਼ਾਰ ਰੁਪਯਾ ਘਟਾ ਦਿੱਤਾ ਗਿਆ।

ਰਾਣੀ ਆਸ ਕੌਰ ਨੇ ਰਿਆਸਤ ਦਾ ਪ੍ਰਬੰਧ ਬੜੀ ਹਛੀ ਤਰ੍ਹਾਂ ਕੀਤਾ। ਸਭ ਖਰਾਬੀਆਂ ਇੱਕ ਇੱਕ ਕਰ ਕੇ ਦੂਰ ਹੋ ਗਈਆਂ, ਕਿੰਤੂ ਉਹ ਤਬਾਹੀ ਦੇ ਹਰਕਾਰੇ ਜੋ ਰਿਆਸਤ ਨੂੰ ਉੱਜੜਦਾ ਵੇਖਣਾ ਚਾਹੁੰਦੇ ਸਨ, ਉਹਨਾਂ ਨੇ ਪੰਡਤ ਨੌਧਰਾਏ ਨੂੰ ਜੋ ਰਾਣੀ ਸਾਹਿਬ ਦਾ ਖ਼ਾਸ ਨੌਕਰ ਸੀ, ਮਰਵਾਣ ਦੀ ਕੋਸ਼ਸ਼ ਕੀਤੀ। ਇਸ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ, ਇਹ ਵਾਰ ਖ਼ਾਲੀ ਗਿਆ। ਪਿੱਛੋਂ ਪਤਾ ਲੱਗਾ ਕਿ ਰਾਣੀ ਖੇਮ ਕੌਰ ਨੇ ਰਾਜਾ ਜਸਵੰਤ ਸਿੰਘ ਨਾਭੇ ਵਾਲੇ ਦੇ ਕਹੇ ਤੇ ਸਾਜ਼ਿਸ਼ ਕੀਤੀ ਹੈ ਕਿ ਨੌਧਰਾਏ ਨੂੰ ਮਾਰ ਦਿੱਤਾ ਜਾਏ ਤੇ ਲਾਲਚ ਇਹ ਦਿੱਤਾ ਕਿ ਸਾਹਿਬ ਸਿੰਘ ਦੇ ਮਰਨ ਤੇ ਅਜੀਤ ਸਿੰਘ ਨੂੰ ਗੱਦੀ ਤੇ ਬਿਠਾ ਦਿੱਤਾ ਜਾਏਗਾ। ਇਸ ਸਾਰੀ ਸਾਜ਼ਿਸ਼ ਦਾ ਭਾਂਡਾ ਰਾਣੀ ਪ੍ਰਤਾਪ ਕੌਰ ਦੇ ਭਰਾ ਦਲ ਸਿੰਘ ਨੇ ਭੰਨ ਦਿੱਤਾ, ਜਿਸ ਤੋਂ ਨੌਧਰਾਏ ਮਿਸਰ ਦੀ ਜਾਨ ਬਚ ਗਈ।

## ੮੭. ਰਾਜਾ ਸਾਹਿਬ ਸਿੰਘ ਦਾ ਚਲਾਣਾ

ਇਸ ਤੋਂ ਪਿੱਛੋਂ ਰਾਜਾ ਸਾਹਿਬ ਸਿੰਘ ਜਿਨ੍ਹਾਂ ਨੇ ਇਕਾਂਤਵਾਸ ਅਖਤਯਾਰ ਕਰ ਰਖਯਾ ਸੀ, ਇੱਕ ਫੋੜੇ ਦੇ ਨਾਲ ਬੀਮਾਰ ਰਹਿ ਕੇ ੨੬ ਮਾਰਚ ੧੮੧੩ ਨੂੰ ਕਾਲ ਵਸ ਹੋ ਗਏ।

ਪਟਿਆਲੇ ਵਿੱਚ ਹਮੇਸ਼ਾਂ ਜੋ ਲੜਾਈ ਝਗੜੇ ਹੋਂਦੇ ਰਹੇ ਤੇ ਇੱਕ ਦੂਜੇ ਦੇ ਵਿਰੁੱਧ ਦੂਸ਼ਨ ਲਾਣ ਦਾ ਰਿਵਾਜ਼ ਚੱਲ ਰਿਹਾ ਸੀ, ਉਸ ਨੇ ਇਸ ਵੇਲੇ ਵੀ ਸਿਰ ਚੁੱਕਿਆ ਤੇ ਇਹ ਗੱਲ ਉਡਾ ਦਿੱਤੀ ਗਈ ਕਿ ਮਹਾਰਾਜਾ ਸਾਹਿਬ ਨੂੰ ਕਿਸੇ ਨੇ ਜ਼ਹਿਰ ਦੇ ਦਿੱਤਾ ਹੈ, ਕਿੰਤੂ ਸਰ ਲੈਪਲਗ੍ਰਿਫਨ ਤੇ ਹੋਰ ਸਾਰਿਆਂ ਦੀ ਰਾਏ ਇਹ ਹੈ ਕਿ ਰਾਜਾ ਸਾਹਿਬ ਸਿੰਘ ਨੂੰ ਸ਼ਰਾਬ ਦਾ ਚਸਕਾ ਬਹੁਤ ਹੋ ਗਿਆ ਸੀ, ਜਿਸ ਤੋਂ ਖਾਣ ਪੀਣ ਛੁਟ ਗਿਆ ਸੀ। ਫਿਰ ਹਮੇਸ਼ਾਂ ਮਹਿਲਾਂ ਦੇ ਵਿੱਚ ਹੀ ਚੁੱਪ ਕਰ ਕੇ ਪਿਆ ਰਹਿੰਦਾ ਸੀ। ਫਿਰ ਸੁਪਨੇ ਵਿੱਚ ਕਿਸੇ ਦੇ ਕਹਿਣ ਤੇ ਸ਼ਰਾਬ ਦਾ ਛੱਡ ਦੇਣਾ ਜੋ ਜ਼ਹਿਰ ਦਾ ਅਸਰ ਕਰ ਗਿਆ, ਇਸ ਤੋਂ ਵੀ ਇੱਕ ਹੱਛੀ ਸਿੱਖਿਆ ਮਿਲਦੀ ਹੈ।

## ੮੮. ਰਾਜਾ ਸਾਹਿਬ ਸਿੰਘ ਦੇ ਗੁਣ

ਰਾਜਾ ਸਾਹਿਬ ਦੇ ਗੁਣ ਉਸ ਦਾ ਵਿਰਤਾਂਤ ਪੜ੍ਹਣ ਤੋਂ ਪਤਾ ਲਗ ਜਾਂਦਾ ਹੈ। ਇਨ੍ਹਾਂ ਵਿੱਚ ਖ਼ਾਸ ਗੱਲਾਂ ਇਹ ਹਨ ਕਿ ਇਹਨਾਂ ਦੀਆਂ ਬਾਂਹਾਂ ਉੱਨੀਆਂ ਲੰਮੀਆਂ ਸਨ ਕਿ ਗੋਡਿਆਂ ਤਕ ਪੁੱਜਦੀਆਂ ਸਨ। ਪਿਛੇ ਪਿੱਠ ਪਾਸੇ ਵੀ ਸੁਖੈਨਤਾ ਨਾਲ ਮੁੜ ਜਾਂਦੇ ਸਨ। ਹੱਥ ਕਮਰ ਤਕ ਪੁਜਦੇ ਸੀ, ਪੁਸ਼ਪ ਬਾਬਤ ਕਹਿੰਦੇ ਹਨ ਕਿ ਸਿਰ ਤੇ ਕਮਰਾਲੀ, ਗਲ ਕੁੜਤਾ ਤੇ ਲੱਕ ਤਿੰਨ ਕਪੜੇ ਪਹਿਨਦੇ ਸੀ। ਇੱਕ ਸਫੈਦ ਕਪੜਾ ਹਰ ਵੇਲੇ ਮੂੰਹ ਤੇ ਫੇਰਦੇ ਰਹਿੰਦੇ ਸਨ, ਜਿਸ ਨੂੰ ਲੋਕ ਕਹਿੰਦੇ ਸਨ ਕਿ ਕਪੜਾ ਚਬਾਂਦੇ ਰਹਿੰਦੇ ਹਨ ਤੇ ਇੰਨੇ ਭੋਲੇ ਭਾਲੇ ਸੀ ਕਿ ਇੱਕ ਵੇਰ ਲੋਕਾਂ ਨੇ ਆ ਕੇ ਬੇਨਤੀ ਕੀਤੀ ਕਿ ਭੱਟੀ ਮੁਸਲਮਾਨ ਡਾਕੂਆਂ ਦੇ ਹਥੋਂ ਅਸੀਂ ਬੜੇ ਤੰਗ ਆ ਗਏ ਹਾਂ। ਤਦ ਇਨ੍ਹਾਂ ਨੇ ਕਿਹਾ ਕਿ ਜਿਸ ਪਾਸਿਓਂ ਇਹ ਡਾਕੂ ਆਉਂਦੇ ਹਨ, ਉਸ ਪਾਸੇ ਦੀਵਾਰ ਬਣਾ ਲਓ, ਫਿਰ ਨਹੀਂ ਆਉਣਗੇ।

## ੮੯. ਸੰਤਾਨ

ਰਾਜਾ ਸਾਹਿਬ ਸਿੰਘ ਨੇ ਚਾਰ ਵਿਆਹ ਕੀਤੇ ਹੋਏ ਸਨ। ਵੱਡੀ ਆਸ ਕੌਰ ਸੀ, ਜਿਸ ਦੇ ਵਿੱਚੋਂ ਵਲੀਐਹਦ ਕਰਮ ਸਿੰਘ ਤੇ ਦੋ ਲੜਕੀਆਂ ਪ੍ਰੇਮ ਕੌਰ ਤੇ ਕਰਮ ਕੌਰ ਸੀ। ਦੂਜੀ ਰਾਣੀ ਨੰਦ

ਕੌਰ ਦੇ ਵਿੱਚੋਂ ਕੰਵਰ ਅਜੀਤ ਸਿੰਘ ਉਤਪਨ ਹੋਇਆ, ਬਾਕੀ ਦੋ ਵਿੱਚੋਂ ਕੋਈ ਲੜਕਾ ਲੜਕੀ ਨਹੀਂ ਸੀ।

## ੯੦. ਕਰਮ ਸਿੰਘ ਦੀ ਗੱਦੀ ਨਸ਼ੀਨੀ

ਰਾਜਾ ਕਰਮ ਸਿੰਘ ਦਾ ਜਨਮ ੧੮੫੫ ਵਿੱਚ ਹੋਇਆ ਸੀ, ੧੫ ਸਾਲ ਦੀ ਆਯੂ ਵਿੱਚ ਸੰਮਤ ੧੮੭੦ ਬਿ. ਮੁਤਾਬਕ ੩੦ ਜੂਨ ੧੮੧੩ ਈ. ਨੂੰ ਗੱਦੀ ਤੇ ਬੈਠਾ। ਅਖਤਰ ਲੋਨੀ ਸਾਹਿਬ ਉਸ ਵੇਲੇ ਪਟਯਾਲੇ ਆਇਆ। ਇੱਕ ਤਲਵਾਰ ਤੇ ਇੱਕ ਖਿਲਅਤ ਮਹਾਰਾਜੇ ਦੇ ਪੇਸ਼ ਕੀਤੀ। ਪਹਿਲਾਂ ਮਹਾਰਾਜਾ ਕਰਮ ਸਿੰਘ ਵੀ ਪੰਡਤ ਨੌਧਰਾਏ ਦੇ ਵਿਰੁੱਧ ਸੀ, ਪ੍ਰੰਤੂ ਜਦ ਉਸ ਨੇ ਵੇਖਿਆ ਕਿ ਇਹ ਇੰਤਜ਼ਾਮ ਵਿੱਚ ਫ਼ਰਕ ਨਹੀਂ ਕਰਦਾ, ਤਦ ਚੁੱਪ ਰਿਹਾ। ਜਦ ਤਕ ਦਰਬਾਰੀਆਂ ਨੇ ਮਹਾਰਾਜੇ ਨੂੰ ਆਪਣੇ ਹੱਥਾਂ ਵਿੱਚ ਨਹੀਂ ਲੈ ਲਿਆ, ਤਦ ਤਕ ਮੁਲਕ ਦਾ ਪ੍ਰਬੰਧ ਆਸ ਕੌਰ ਹੀ ਕਰਦੀ ਰਹੀ।

## ੯੧. ਗੋਰਖਿਆਂ ਦੇ ਜੰਗ ਵਿੱਚ ਪਟਯਾਲਾ ਦੀ ਮਦਦ

੧੮੧੪ ਵਿੱਚ ਅੰਗਰੇਜ਼ਾਂ ਵੱਲੋਂ ਇਸ਼ਤਿਹਾਰ ਨਿੱਕਲਿਆ, ਜਿਸ ਵਿੱਚ ਗੋਰਖਿਆਂ ਦੇ ਹਥੋਂ ਤੰਗ ਆ ਕੇ ਜੰਗ ਦਾ ਜ਼ਿਕਰ ਸੀ। ਗੋਰਖਿਆਂ ਦਾ ਕਮਾਨ ਅਫਸਰ ਅਮਰ ਸਿੰਘ ਥਾਪਾ ਸੀ, ਜਿਸ ਨੂੰ ਕਿ ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜੇ ਤੋਂ ਕੱਢ ਦਿੱਤਾ ਸੀ। ਪਟਿਯਾਲੇ ਦੀ ਰਿਆਸਤ ਨੇ ਏਜੰਟ ਗਵਰਨਰ ਜਨਰਲ ਬਹਾਦਰ ਲੁਧਿਆਣੇ ਵਾਲੇ ਦੇ ਕਹਿਣੇ ਤੇ ਆਪਣੀ ਫੌਜ ਭੇਜੀ, ਜਿਸ ਨੇ ਗੋਰਖਿਆਂ ਨਾਲ ਜੰਗ ਕਰ ਕੇ ਪਿੰਡ ਮੰਡਲਾਈ ਤੇ ਭਰੋਲੀ ਛੁਡਾ ਲਏ ਤੇ ਹੁਣ ਵੀ ਜਦ ਕਰਨਲ ਅਖਤਰ ਲੋਨੀ ਨੇ ਰੋਪੜ ਦੇ ਰਾਹ ਪਹਾੜਾਂ ਵਿੱਚ ਪੁੱਜ ਕੇ ਨਾਲਾਗੜ, ਰਣਗੜ੍ਹ, ਤਾਰਾਗੜ੍ਹ ਫਤਹਿ ਕਰ ਕੇ ੧੫ ਅਪ੍ਰੈਲ ਨੂੰ ਅਜਿਹੀ ਸ਼ਕਸਤ ਦਿੱਤੀ ਕਿ ਉਸ ਨੂੰ ਜਾਨ ਦਾ ਬਚਾਨਾ ਵੀ ਮੁਸ਼ਕਲ ਹੋ ਗਿਆ, ਜਿਸ ਤੋਂ ਤੰਗ ਪੈ ਕੇ ਹਥਯਾਰ ਰਖਣੇ ਪਏ। ਪਟਯਾਲੇ ਦੀ ਫੌਜ ਨੇ ਸਰਦਾਰ ਅੰਗਰੇਜ਼ਾਂ ਨੂੰ ਪੂਰੀ ਪੂਰੀ ਮਦਦ ਦਿੱਤੀ, ਜਿਸ ਦੇ ਬਦਲੇ ਪਟਿਆਲਾ ਦਰਬਾਰ ਮਹਾਲੀ, ਕਲਜੂਨ, ਬੰਥੜਾ, ਖੋਸਲਾ, ਜਬਰੂਤ, ਕੀਮਲਹੀ, ਬਦਹੜੀ, ਬਾਘੜੀ, ਤਰਾਹਾ, ਸਟਗਾਉ, ਚੀਲ, ਬਟਕੇਰੀ, ਠਕਰੀਬ ਘਾਟ, ਜਗਤ ਗੜ੍ਹ, ਪ੍ਰਗਨਾ ਬਾਰਲੀ ਕਹਾਰ ਪ੍ਰਗਨਾ ਭਰੋਲੀ, ਆਦਿਕ ੧੬ ਪਹਾੜੀ ਪਿੰਡ ਡੇਢ ਲਖ ਦੇ ਨਜ਼ਰਾਨੇ ਬਦਲੇ ੧੦ ਸਤੰਬਰ ੧੮੧੫ ਦੀ ਸਨਦ ਨਾਲ ਦਿਤੇ ਗਏ।

## ੯੨. ਰਾਜਾ ਕਰਮ ਸਿੰਘ ਦੀ ਸੁਤੰਤਰਤਾ

ਰਾਜਾ ਕਰਮ ਸਿੰਘ ਨੂੰ ਕਈ ਦਰਬਾਰੀ ਇਸ ਗੱਲ ਦੀ ਪ੍ਰੇਰਨਾ ਕਰਦੇ ਰਹਿੰਦੇ ਸੀ ਕਿ ਓਹਨਾਂ ਨੂੰ ਹੁਣ ਰਾਜ ਪ੍ਰਬੰਧ ਆਪਣੀ ਮਾਤਾ ਪਾਸੋਂ ਲੈ ਲੈਣਾ ਚਾਹੀਦਾ ਹੈ। ਕਈ ਤਰ੍ਹਾਂ ਦੇ ਸ਼ੁਭੇ ਇਨ੍ਹਾਂ ਦੇ ਦਿਲ ਵਿੱਚ ਪਾਏ ਗਏ। ਰਾਜਾ ਕਰਮ ਸਿੰਘ ਨੇ ਇੱਕ ਦਿਨ ਆਪਣੀ ਮਾਂ ਨੂੰ ਕਿਹਾ ਕਿ ਹੁਣ ਤੁਹਾਨੂੰ ਰਾਜ ਪ੍ਰਬੰਧ ਮੇਰੇ ਹੱਥ ਦੇ ਦੇਣਾ ਚਾਹੀਦਾ ਹੈ। ਆਸ ਕੌਰ ਬੜੀ ਬੁਧੀਵਾਨ ਤੀਵੀਂ ਸੀ, ਉਸ ਨੇ ਕਿਹਾ ਕਿ ਬੇਟਾ! ਰਾਜਾ, ਮੁਲਕ ਤੇਰਾ ਹੈ। ਜਿਸ ਵੇਲੇ ਚਾਹੋ ਅਖਤਯਾਰ ਲੈ ਲਓ, ਸਾਨੂੰ ਰਿਆਸਤ ਦੇ ਪ੍ਰਬੰਧ ਵਿੱਚ ਹੱਥ ਰੱਖਣ ਦੀ ਕੋਈ ਖ਼ਾਸ ਲੋੜ ਨਹੀਂ। ਸੋ ਓਸ ਦਿਨ ਤੋਂ ਹੀ ਰਾਜਾ ਕਰਮ ਸਿੰਘ ਨੇ ਆਪਣੇ ਆਦਮੀ ਨੂੰ ਵੱਡੇ ਵੱਡੇ ਅਹੁਦੇ ਤੇ ਰੱਖ ਲਿਆ। ਨੌਧ ਰਾਇ ਮਿਸਰ ਨੂੰ ਓਸੇ ਵਜ਼ੀਰੀ ਤੇ ਰਖਯਾ, ਕਿੰਤੂ ਉਹਦੇ ਸਾਥੀਆਂ ਦੇ ਅਹੁਦੇ ਘਟਾ ਦਿੱਤੇ, ਜਿਸ ਤੇ ਨੌਧਰਾਇ ਨੇ ਸਮਝ ਲਿਆ ਕਿ ਹੁਣ ਇੱਥੇ ਗ਼ੁਜ਼ਾਰਾ ਹੋਣਾ ਕਠਨ ਹੈ। ਸੋ ਜਵਾਲਾਮੁਖੀ ਦੇ ਦਰਸ਼ਨਾਂ ਦਾ ਬਹਾਨਾ ਕਰ ਕੇ ਚਲਾ ਗਿਆ, ਜਿੱਥੋਂ ਮੁੜਦਾ ੧ ਅਕਤੂਬਰ ੧੮੧੮ ਨੂੰ ਰਾਹ ਵਿੱਚ ਹੀ ਮਰ ਗਿਆ। ਮਿਸਰ ਨੌਧਰਾਏ ਦੀਆਂ ਸੇਵਾਵਾਂ ਪਟਯਾਲਾ ਦਰਬਾਰ ਲਈ ਬੜੀਆਂ ਲਾਭਦਾਇਕ ਰਹੀਆਂ। ਨੌਧਰਾਏ ਦੇ ਮਰਨ ਨਾਲ ਰਾਣੀ ਆਸ ਕੌਰ ਦੇ ਅਖਤਯਾਰ ਵਿੱਚ

ਆਪਣੇ ਆਪ ਕਮੀ ਹੁੰਦੀ ਗਈ, ਕਿੰਤੂ ੧੯੨੮ ਦੇ ਅਰੰਭ ਤਕ ਮਾਤਾ ਪੁੱਤਰ ਦੇ ਵਿੱਚ ਪ੍ਰਗਟ ਰੂਪ ਵਿੱਚ ਕੋਈ ਝਗੜੇ ਦੀ ਗੱਲ ਨਹੀਂ ਹੋਈ।

## ੯੩. ਸੱਯਦ ਬਰਕਤ ਅਲੀ ਵਜ਼ੀਰ ਹੋਇਆ ਤੇ ਮਾਂ ਪੁਤ ਦਾ ਜੰਗ

ਰਾਜਾ ਕਰਮ ਸਿੰਘ ਆਪਣੀ ਮਾਤਾ ਦੀ ਬੜੀ ਇੱਜ਼ਤ ਕਰਦਾ ਤੇ ਮਾਨ ਰੱਖਦਾ ਸੀ ਤੇ ਆਸ ਕੌਰ ਭੀ ਵਸ ਲਗਦੇ ਪੁੱਤਰ ਦੇ ਅਖਤਯਾਰਾਂ ਵਿੱਚ ਕਿਸੇ ਤਰ੍ਹਾਂ ਦਾ ਦਖ਼ਲ ਦੇਣਾ ਪਸੰਦ ਨਹੀਂ ਕਰਦੀ ਸੀ। ਕਿੰਤੂ ਸਨੌਰ ਦਾ ਖ਼ਾਸ ਇਲਾਕਾ ਜੋ ਰਾਣੀ ਆਸ ਕੌਰ ਦੀ ਜਾਗੀਰ ਸੀ, ਇਸ ਨੂੰ ਇਸ ਨੇ ਆਪਣੀ ਸਿਆਣਪ ਨਾਲ ੫੦ ਹਜ਼ਾਰ ਤੋਂ ੨ ਲਖ ਦਾ ਬਣਾ ਲਿਆ ਸੀ। ੫੦ ਹਜ਼ਾਰ ਰਾਣੀ ਆਪਣੇ ਪਾਸੇ ਰਖੇ, ਬਾਕੀ ਮੈਨੂੰ ਦੇ ਦੇਵੇ। ਇਸ ਤਰ੍ਹਾਂ ਨਾਲ ਕਰਮ ਸਿੰਘ ਆਪਣੀ ਮਾਂ ਦੀ ਤਾਕਤ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ। ਇਸ ਝਗੜੇ ਦਾ ਕੋਈ ਫ਼ੈਸਲਾ ਨਹੀਂ ਹੋਯਾ ਸੀ ਕਿ ਬਰਕਤ ਅਲੀ ਖਾਂ ਵਜ਼ੀਰ ਦਾ ਇੱਕ ਪਠਾਨ ਨਾਲ; ਜੋ ਮਹਾਰਾਣੀ ਸਾਹਿਬ ਦਾ ਨੌਕਰ ਸੀ, ਝਗੜਾ ਹੋਇਆ, ਜਿਸ ਤੋਂ ਛੀ ਆਦਮੀ ਮਾਰੇ ਗਏ ਤੇ ਕਈ ਫਟੜ ਹੋਏ। ਰਾਜਾ ਕਰਮ ਸਿੰਘ ਨੂੰ ਇਹ ਮੌਕਾ ਆਪਣੇ ਦਿਲੀ ਭਾਵ ਪੂਰੇ ਕਰਨ ਦਾ ਹੱਥ ਆ ਗਿਆ। ਉਸ ਨੇ ਇਹ ਦੱਸ ਕੇ ਕਿ ਮਾਈ ਸਾਹਿਬ ਫਸਾਦ ਤੇ ਝਗੜੇ ਕਰਵਾ ਕੇ ਰਿਆਸਤ ਦਾ ਪ੍ਰਬੰਧ ਫਿਰ ਆਪਣੇ ਹੱਥ ਵਿੱਚ ਲੈਣਾ ਚਾਹੁੰਦੀ ਹੈ, ਅੰਗਰੇਜ਼ ਪੋਲੀਟੀਕਲ ਅਫਸਰ ਜੋ ਕਰਨਾਲ ਵਿੱਚ ਰਹਿੰਦਾ ਸੀ, ਉਸ ਨੂੰ ਬੁਲਾ ਭੇਜਿਆ ਕਿ ਸਾਡਾ ਨਿਪਟਾਰਾ ਕਰਾ ਦੇਵੋ। ਪੋਲੀਟੀਕਲ ਅਫਸਰ ਨੇ ਆ ਕੇ ਫ਼ੈਸਲਾ ਕਰ ਦਿੱਤਾ, ਰਿਆਸਤ ਦੇ ਮਾਲਕ ਤੁਸੀਂ ਹੋ। ਤੁਹਾਡਾ ਹੁਕਮ ਹੀ ਚਲੇਗਾ। ਕੋਈ ਤੁਹਾਡੇ ਕੰਮ ਵਿੱਚ ਦਖ਼ਲ ਨਹੀਂ ਦੇਵੇਗਾ। ਮਾਈ ਸਾਹਿਬ ਨੇ ਵੀ ਇਹ ਗਲ ਮੰਨ ਲਈ ਤੇ ਆਪਣੀ ਜਾਗੀਰ ਸਨੌਰ ਵਿੱਚ ਚਲੀ ਗਈ। ਕਿੰਤੂ ਝਗੜੇ ਦੀਆਂ ਦੋ ਗੱਲਾਂ ਅਜੇ ਬਾਕੀ ਰਹਿ ਗਈਆਂ। ਇਕ ਤੋਸ਼ਾਖਾਨਾ; ਇਸ ਵਿੱਚ ਜੋ ਕੁਝ ਸੀ, ਮਾਈ ਨਾਲ ਲੈ ਗਈ। ਦੂਜੀ, ਦੋ ਲਖ ਦੀ ਜਾਗੀਰ ਓਹ ਭੀ ਇਨ੍ਹਾਂ ਦੇ ਕਬਜ਼ੇ ਵਿੱਚ ਸੀ।

ਰਾਜਾ ਕਰਮ ਸਿੰਘ ਨੇ ਬਹੁਤ ਚਾਹਿਆ ਕਿ ਇਹ ਝਗੜਾ ਕਿਸੇ ਤਰ੍ਹਾਂ ਘਰ ਵਿੱਚ ਹੀ ਨਿਪਟ ਜਾਏ, ਕਿੰਤੂ ਮਾਈ ਕਿਸੇ ਗੱਲ ਤੇ ਨਾ ਠਹਿਰੀ, ਜਿਸ ਤੋਂ ਰਾਜਾ ਸਾਹਿਬ ਨੇ ਕਪਤਾਨ ਮਰੀ ਸਾਹਿਬ ਜੋ ਸਤਲੁਜ ਤੋਂ ਇਸ ਪਾਰ ਦੀਆਂ ਰਿਆਸਤਾਂ ਦਾ ਡਿਪਟੀ ਸੁਪਰਟੰਡੰਟ ਸੀ, ਬੁਲਾ ਭੇਜਿਆ ਤਾ ਕਿ ਆ ਕੇ ਇਸ ਝਗੜੇ ਨੂੰ ਨਿਪਟਾ ਦੇਵੇ।

ਰਾਜਾ ਸਾਹਿਬ ਵਲੋਂ ਇਸ ਝਗੜੇ ਦੇ ਨਿਪਟਾਣ ਦੀ ਇਹ ਤਜਵੀਜ਼ ਪੇਸ਼ ਹੋਈ ਕਿ ਮਾਤਾ ਸਾਹਿਬ ਪਟਯਾਲੇ ਆ ਕੇ ਰਹਿਣ ਤੇ ਆਪਣੀ ਜਾਗੀਰ ਦੇ ੫੦ ਹਜ਼ਾਰ ਰੁਪਯਾ ਰਿਆਸਤ ਕੋਲੋਂ ਲੈ ਲਿਆ ਕਰਨ। ਦੂਜਾ ਤੋਸ਼ਾ ਖਾਨਾ ਵੀ ਪਟਯਾਲੇ ਚਲਾ ਆਵੇ ਤੇ ਜੇ ਕਦੀ ਤੋਸ਼ਾਖਾਨੇ ਦੇ ਵਿੱਚ ਦੀਆਂ ਚੀਜ਼ਾਂ ਜਿਨ੍ਹਾਂ ਦਾ ਮੁਲ ੫੦ ਲਖ ਦੇ ਕਰੀਬ ਦਾ ਹੈ, ਤਸੱਲੀ ਦਵਾ ਦਿੱਤੀ ਜਾਏ ਕਿ ਜਿਉਂ ਦੀਆਂ ਤਿਉਂ ਹਨ, ਤਦ ਓਹ ਬੇਸ਼ੱਕ ਰਾਣੀ ਸਾਹਿਬ ਦੇ ਕਬਜ਼ੇ ਵਿੱਚ ਹੀ ਰਹਿਣ। ਸੋ ਅਕਤੂਬਰ ੧੮੨੩ ਨੂੰ ਮਰੀ ਸਾਹਿਬ ਕੁਝ ਫੌਜ ਲੈ ਕੇ ਫ਼ੈਸਲਾ ਕਰਾਨ ਦੇ ਵਾਸਤੇ ਪਟਯਾਲੇ ਆਏ।

ਜਦ ਮਰੀ ਸਾਹਿਬ ਪਟਯਾਲੇ ਅੱਪੜ ਕੇ ਸ਼ਰਤਾਂ ਅਨੁਸਾਰ ਫ਼ੈਸਲਾ ਕਰਾਣ ਲਗੇ, ਤਦ ਮਾਈ ਸਾਹਿਬ ਨੇ ਕੋਈ ਗੱਲ ਨਾ ਮੰਨੀ ਤੇ ਓਹਨੇ ਸਾਫ਼ ਕਹਿ ਦਿੱਤਾ ਕਿ ਜਦ ਤਕ ਸਨੌਰ ਦੀ ਜਾਗੀਰ ਓਹਨਾਂ ਦੇ ਪਾਸ ਨਾ ਰਹਿਣ ਦਿੱਤੀ ਜਾਵੇਗੀ, ਓਹ ਕੋਈ ਸ਼ਰਤ ਨਾ ਮੰਨਣਗੇ। ਕਿੰਤੂ ਜਦ ਓਹਨਾ ਤੇ ਦਬਾਓ ਪਾਇਆ ਗਿਆ ਕਿ ਓਹਨਾਂ ਨੂੰ ਅੰਗਰੇਜ਼ਾਂ ਦਾ ਫ਼ੈਸਲਾ ਜ਼ਰੂਰ ਮੰਨਣਾ ਪਏਗਾ, ਤਦ ਓਹਨਾਂ ਨੇ ਕਿਲ੍ਹਾ ਮਹਾਰਾਜ ਪਾਸ ਛੱਡ ਕੇ ਆਪ ਇਨਸਾਫ਼ ਕਰਾਣ ਵਾਸਤੇ ਅੰਬਾਲੇ ਵਲ ੧੪ ਅਕਤੂਬਰ ਨੂੰ ਕੂਚ ਕਰ ਦਿੱਤਾ।

ਕਰਮ ਸਿੰਘ ਨੂੰ ਇਹ ਗੱਲ ਬੜੀ ਬੁਰੀ ਭਾਸੀ ਕਿ ਓਹਦੀ ਮਾਤਾ ਇਨਸਾਫ਼ ਕਰਾਣ ਵਾਸਤੇ ਦੂਜਿਆਂ ਦੇ ਦਰ ਤੇ ਜਾ ਕੇ ਰੁਲੇ, ਨਾਲ ਹੀ ਓਹਨੇ ਇਹ ਸਮਝਿਆ ਕਿ ਜਦ ਕੋਈ ਸੁਣੇਗਾ ਕਿ ਮਾਤਾ ਤੇ

ਪੁੱਤਰ ਦਾ ਝਗੜਾ ਹੈ। ਤਦ ਹਰ ਕੋਈ ਇਹ ਹੀ ਕਹੇਗਾ ਕਿ ਪੁੱਤਰ ਕੇਹਾ ਅਮੋੜ ਹੈ ਜੋ ਆਪਣੀ ਮਾਤਾ ਨੂੰ ਵੀ ਪ੍ਰਸੰਨ ਨਹੀਂ ਰੱਖ ਸਕਿਆ। ਸੋ ਇਸ ਕਰ ਕੇ ਰਾਜਾ ਕਰਮ ਸਿੰਘ ਨੇ ਆਪ ਜਾ ਕੇ ਮਾਤਾ ਦੇ ਪੈਰਾਂ ਤੇ ਸਿਰ ਰੱਖ ਦਿੱਤਾ ਤੇ ਸਨੌਰ ਦਾ ਇਲਾਕਾ ਦੇਨਾ ਕਰ ਕੇ ਵਾਪਸ ਮੋੜ ਆਂਦਾ ਤੇ ਮਾਤਾ ਓਥੇ ਹੀ ਰਹਿਣ ਬਹਿਣ ਲਗੀ।

## ੯੪. ਨਰਿੰਦਰ ਸਿੰਘ ਦਾ ਜਨਮ ਤੇ ਨਾਭੇ ਦਾ ਝਗੜਾ

ਰਾਜਾ ਕਰਮ ਸਿੰਘ ਦੇ ਘਰ ਮੱਘਰ ਵਦੀ ੭ ਸੰਮਤ ੧੮੮੦ ਬਿ. ਨੂੰ ਰਾਜਾ ਨਰਿੰਦਰ ਸਿੰਘ ਵਲੀਐਹਦ ਨੇ ਜਨਮ ਲਿਆ। ਇਹ ਖ਼ਬਰ ਸੁਣ ਕੇ ਆਸ ਕੌਰ ਪਟਿਯਾਲੇ ਚਲੀ ਆਈ, ਇਸ ਨੇ ਬੜੀ ਖ਼ੁਸ਼ੀ ਕੀਤੀ ਤੇ ਆਪਣਾ ਸਾਰਾ ਮਾਲ ਤੇ ਅਸਬਾਬ ਮਹਾਰਾਜਾ ਕਰਮ ਸਿੰਘ ਦੇ ਹਵਾਲੇ ਕਰ ਕੇ ਪਟਯਾਲੇ ਹੀ ਰਹਿਣ ਲਗੀ, ਜਿੱਥੇ ਸੰਮਤ ੧੮੯੧ ਬਿਕਰਮੀ ਨੂੰ ਚਲਾਣਾ ਕਰ ਗਈ।

ਨਾਭੇ ਤੇ ਪਟਯਾਲੇ ਦਾ ਝਗੜਾ ਜੋ ਇੱਕ ਮੁਦਤ ਤੋਂ ਚਲਾ ਆ ਰਿਹਾ ਸੀ; ਪਿੰਡ ਛੁਹਾਲਾ ਬਹਾਦਰ ਪਾਸ ਜੋ ਲੜਾਈ ਹੋਈ, ਇਹ ਕੇਵਲ ਗ਼ੁਲਾਮ ਰਸੂਲ ਖਾਂ ਬੇਨੇੜ ਵਾਲੇ ਦੀ ਲੂਣਹਰਾਮੀ ਸੀ। ਕਿਉਂਕਿ ਉਹ ਰਾਜਾ ਜਸਵੰਤ ਸਿੰਘ ਨਾਭੇ ਵਾਲੇ ਤੋਂ ਨਾਰਾਜ਼ ਹੋ ਕੇ ਪਟਯਾਲੇ ਚਲਾ ਆਇਆ ਤੇ ਸਾਰੇ ਭੇਦ ਦਸ ਕੇ ਉਸ ਨਾਭੇ ਨੂੰ ਬੜਾ ਨੁਕਸਾਨ ਪੁਚਾਇਆ ਸੀ। ਇਸ ਜੰਗ ਵਿੱਚ ਲੇਖਕ ਦਾ ਫੁਫੜ ਸ੍ਰ: ਖੜਕ ਸਿੰਘ ਮਾਨ ਵੀ ਸ਼ਹੀਦ ਹੋ ਗਿਆ। ਹੋਰ ਬਹੁਤ ਸਾਰੇ ਨਾਭੇ ਦੇ ਸਰਦਾਰ ਮਾਰੇ ਗਏ। ਬਾਕੀ ਪਿੰਡ ਨਰਮਾਨਾ ਛੋਹੇੜੀ ਆਦਿਕ ਪਾਸ ਪਟਯਾਲੇ ਨਾਭੇ ਦੀ ਕਈ ਵੇਰ ਮੁਠਭੇੜ ਹੋਈ, ਕਿੰਤੂ ੧੮੯੧ ਨੂੰ ਇੱਕ ਪਿੰਡ ਗੋਸ਼ਹੇੜੀ ਇਲਾਕਾ ਪਟਯਾਲਾ ਤੇ ਫੂਕਸਹੇੜੀ ਇਲਾਕਾ ਨਾਭਾ ਦੀ ਸਰਹੱਦ ਦਾ ਫਿਰ ਝਗੜਾ ਹੋਇਆ। ਦੂਜਾ ਪਿੰਡ ਭਰੋੜਾ ਤੇ ਪਟੀ ਕਾਂਗੜਾ ਬਾਬਤ ਰੌਲਾ ਪੈ ਗਿਆ। ਤੀਜਾ ਹਰਮਾਨਾ ਪਿੰਡ ਬਾਬਤ ਇੰਨਾ ਫਸਾਦ ਵਧਿਆ ਕਿ ਲੜਾਈ ਤਕ ਨੌਬਤ ਪੁੱਜ ਗਈ। ਦੋਹਾਂ ਧਿਰਾਂ ਦੇ ਸੈਂਕੜੇ ਆਦਮੀ ਮਾਰੇ ਗਏ, ਜਿਸ ਦਾ ਫ਼ੈਸਲਾ ਕਰਾਣ ਵਾਸਤੇ ਅੰਗਰੇਜ਼ਾਂ ਦੇ ਆਦਮੀਆਂ ਨੂੰ ਵੀ ਬੜਾ ਯਤਨ ਕਰਨਾ ਪਿਆ, ਕਿੰਤੂ ਫਿਰ ਆਪਸ ਵਿੱਚ ਹੀ ਝਗੜਾ ਮੁੱਕ ਗਿਆ।

## ੯੫. ਕੰਵਰ ਅਜੀਤ ਸਿੰਘ ਦਾ ਫ਼ਵਾਦ

ਕੰਵਰ ਅਜੀਤ ਸਿੰਘ ੧੮੬੬ ਬਿ. ਵਿੱਚ ਉਤਪਨ ਹੋਇਆ ਸੀ। ਸੰਮਤ ੧੮੯੨ ਨੂੰ ਉਹ ਘਰ ਵਿੱਚ ਸੁਤੰਤਰ ਹੋ ਬੈਠਾ ਤੇ ਮਹਾਰਾਜਾ ਸਾਹਿਬ ਦੇ ਅਪਰਾਧੀਆਂ ਨੂੰ ਪਨਾਹ ਦੇਣ ਲੱਗਾ। ਜਦ ਮਹਾਰਾਜਾ ਸਾਹਿਬ ਨੇ ਇਨ੍ਹਾਂ ਗੱਲਾਂ ਤੋਂ ਰੋਕਣਾ ਚਾਹਿਆ। ਤਦ ੧੮੬੨ ਬਿ. ਵਿੱਚ ਆਪਣੀ ਮਾਤਾ ਪ੍ਰੇਮ ਕੌਰ ਨੂੰ ਨਾਲ ਲੈ ਕੇ ਦਿੱਲੀ ਵਲ ਚਲਾ ਗਿਆ ਤੇ ਉੱਥੇ ਜਾ ਕੇ ਰਿਆਸਤ ਨੂੰ ਅੱਧਾ ਵੰਡਾਣ ਦੇ ਵਾਸਤੇ ਦਾਵੇ ਕਰਦਾ ਰਿਹਾ, ਜਿਸ ਤੋਂ ਬੜੇ ਭਾਰੇ ਕਰਜ਼ੇ ਦੇ ਹੇਠ ਦਬ ਗਿਆ ਤੇ ਬੜੀ ਮੁਦਤ ਤਕ ਐਧਰ ਓਧਰ ਫਿਰਦਾ ਰਿਹਾ। ਜਦ ਰਾਜਾ ਕਰਮ ਸਿੰਘ ਨੂੰ ਇਸ ਗੱਲ ਦੀ ਖ਼ਬਰ ਮਿਲੀ, ਤਦ ਉਹਨੇ ਇਹਨਾਂ ਨੂੰ ਪਟਯਾਲੇ ਬੁਲਾ ਲਿਆ, ਤਾਂ ਕਿ ਬਦਨਾਮੀ ਨਾ ਹੋਵੇ। ਉਹਦਾ ਸਾਰਾ ਕਰਜ਼ਾ ਉਤਾਰ ਦਿੱਤਾ। ਪੰਜਾਹ ਹਜ਼ਾਰ ਦੀ ਜਾਗੀਰ ਦੇ ਦਿੱਤੀ ਤੇ ਕੁਝ ਚਿਰ ਮਗਰੋਂ ਉਹਦਾ ਵਿਆਹ ਕਰ ਦਿੱਤਾ।

## ੯੬. ਗੁਰਨਮੈਂਟ ਦਾ ਕਰਜ਼ਾ ਦਲਦੀ ਦਾ ਫ਼ੈਸਲਾ

੧੮੬੭ ਨੂੰ ਅੰਗਰੇਜ਼ਾਂ ਨੇ ਪ੍ਰਗਟ ਕੀਤਾ ਕਿ ਉਹਨਾਂ ਨੂੰ ਕਰਜ਼ੇ ਦੀ ਲੋੜ ਹੈ। ਹਿੰਦੀ ਰਈਸ ਮੱਦਦ ਦੇਣ, ੫ ਰੁਪਯੇ ਸੈਂਕੜਾ ਸੂਦ ਦਿੱਤਾ ਜਾਏਗਾ। ਸਭ ਤੋਂ ਪਹਿਲਾਂ ਮਹਾਰਾਜਾ ਕਰਮ ਸਿੰਘ ਨੇ ੨੦ ਲੱਖ ਰੁਪਯਾ ਦੇ ਕੇ ਆਪਣੀ ਵਫ਼ਾਦਾਰੀ ਦਾ ਸਬੂਤ ਦਿੱਤਾ। ਸੰਮਤ ੧੮੯੫ ਬਿਕ੍ਰਮੀ ਨੂੰ ਮਰੀ ਸਾਹਿਬ ਆਇਆ ਤੇ ਪਟਯਾਲੇ ਨਾਭੇ ਦਾ ਓਹ ਝਗੜਾ ਜੋ ਦਲਦੀ ਬਾਬਤ ਬੜੀ ਮੁਦਤ ਤੋਂ ਚਲਾ ਆ ਰਿਹਾ ਸੀ, ਆ ਕੇ ਨਿਪਟਾ ਦਿੱਤਾ। ਜੋ ਫ਼ੈਸਲਾ ਹੋਇਆ, ਹੁਣ ਤਕ ਉਸੇ ਤਰ੍ਹਾਂ ਚਲਾ ਆ ਰਹਾ ਹੈ।

## ੯੭. ਪਟਿਆਲੇ ਰਿਆਸਤ ਵਿੱਚ ਕਾਨੂੰਨ ਦਾ ਜਾਰੀ ਹੋਣਾ

ਇਸ ਤੋਂ ਪਹਿਲਾਂ ਰਿਆਸਤ ਵਿੱਚ ਕੋਈ ਕਾਨੂੰਨ ਖ਼ਾਸ ਤੌਰ ਤੇ ਪ੍ਰਚਲਤ ਨਹੀਂ ਸੀ ਤੇ ਨਾ ਹੀ ਕੋਈ ਦਫਤਰ ਬਣੇ ਹੋਏ ਸਨ। ਬਰਕਤ ਅਲੀ ਖਾਂ ਵਜ਼ੀਰ ਪਹਿਲਾਂ ਅੰਗਰੇਜ਼ਾਂ ਦੇ ਪਾਸ ਰਹਿ ਚੁੱਕਾ ਸੀ ਤੇ ਓਹਨੇ ਕੰਮ ਕਾਜ ਦੇ ਦਫਤਰ ਵੇਖੇ ਹੋਏ ਸਨ। ਇਸ ਕਰ ਕੇ ਇਸ ਨੇ ਸਾਰੇ ਮੈਹਕਮਿਆਂ ਦੇ ਕੰਮ ਵੰਢ ਦਿੱਤੇ। ਬਖ਼ਸ਼ੀ ਦੇ ਸਪੁਰਦ ਕਰ ਦਿੱਤੀ। ਅੱਗੇ ਇਹ ਸਿੱਧੀ ਦੁਕਾਨਦਾਰਾਂ ਪਾਸ ਜਾਂਦੀ ਸੀ, ਹੁਣ ਸਿੱਧੀ ਤੋਸ਼ੇ ਖਾਂ ਨੂੰ ਆਉਣ ਲਗੀ। ਦਫਤਰਾਂ ਵਿੱਚ ਹਿੰਦੀ ਹਟਾ ਕੇ ਫ਼ਾਰਸੀ ਚਲਵਾਈ। ਮੁਕੱਦਮਿਆਂ ਦੇ ਫ਼ੈਸਲੇ ਅੱਗੇ ਜ਼ਬਾਨੀ ਹੁੰਦੇ ਸਨ, ਹੁਣ ਬਾਕਾਇਦਾ ਮਿਸਲਾਂ ਬਣਾ ਕੇ ਰੱਖੀਆਂ ਜਾਣ ਲਗੀਆਂ। ਰਾਣੀ ਦੇ ਵਾਸਤੇ ਪਰਦੇ ਵਿੱਚ ਰਹਿਣ ਦਾ ਹੁਕਮ ਹੋਇਆ। ਹਰ ਇੱਕ ਗੱਲ ਵਾਸਤੇ ਖ਼ਾਸ ਨਿਯਮ ਤੇ ਕਾਇਦਾ ਬਣਾ ਦਿੱਤੇ ਗਏ।

## ੯੮. ਫੂਲ ਦੀਆਂ ਤਿੰਨਾਂ ਰਿਆਸਤਾਂ ਦਾ ਆਪੋ ਵਿੱਚ ਇਕਰਾਰ ਹੋਣਾ

ਜਿਨ੍ਹਾਂ ਗੱਲਾਂ ਤੋਂ ਫੂਲ ਦੀਆਂ ਰਿਆਸਤਾਂ ਦਾ ਆਪੋ ਵਿੱਚ ਝਗੜਾ ਰਹਿੰਦਾ ਸੀ, ਓਹਨਾਂ ਨੂੰ ਦੂਰ ਕਰਨ ਲਈ ਰਾਜਾ ਕਰਮ ਸਿੰਘ ਨੇ ੧੩ ਜੇਠ ਸੰਮਤ ੧੮੯੧ ਨੂੰ ਭਵਾਨੀਗੜ੍ਹ ਦੇ ਮੁਕਾਮ ਤੇ ਰਾਜਾ ਜਸਵੰਤ ਸਿੰਘ ਨਾਭਾ, ਸੰਗਤ ਸਿੰਘ ਜੀ ਦਾ ਭਾਈ, ਉਦੇ ਸਿੰਘ ਕੈਥਲ, ਤਿੰਨਾਂ ਨੂੰ ਸੱਦ ਕੇ ਇਹਨਾਂ ਦੀ ਸਲਾਹ ਨਾਲ ਖ਼ਾਸ ਕਾਇਦੇ ਬਨਾਏ ਤੇ ਇਨ੍ਹਾਂ ਦੀ ਪਾਬੰਧੀ ਵਾਸਤੇ ਅਗੋਂ ਵਿੱਚ ਇਕਰਾਰਨਾਮਾ ਹੋ ਗਿਆ, ਜਿਸ ਤੇ ਚਾਰੇ ਰਿਆਸਤਾਂ ਦੇ ਰਈਸਾਂ ਨੇ ਆਪਣੇ ਦਸਤਖ਼ਤ ਕਰ ਕੇ ਮੋਹਰਾਂ ਲਾ ਦਿੱਤੀਆਂ ਤੇ ਏਕਤਾ ਦੀ ਨੀਂਹ ਖੜੀ ਕੀਤੀ। ਇਨ੍ਹਾਂ ਨਿਯਮਾਂ ਦਾ ਸਾਰ ਇੰਜ ਹੈ:

(੧) ਅਸਾਂ ਚਾਰੇ ਰਈਸਾਂ ਵਿੱਚ ਕੋਈ ਕਿਸੇ ਦੇ ਨੌਕਰ ਜਾਂ ਦੋਸ਼ੀ ਨੂੰ ਪਨਾਹ ਜਾਂ ਸਹਾਰਾ ਨਹੀਂ ਦੇਵੇਗਾ।

(੨) ਜਦ ਦੋ ਰਈਸਾਂ ਦਾ ਝਗੜਾ ਹੋ ਜਾਏ ਤਦ ਬਾਕੀ ਦੋ ਫ਼ੈਸਲਾ ਕਰ ਦੇਣਗੇ ਤੇ ਉਹ ਆਖ਼ਰੀ ਹੋਵੇਗਾ।

(੩) ਸਰਹਦੀ ਮਾਮਲਿਆਂ ਦੇ ਝਗੜੇ ਵਾਸਤੇ ਸੰਮਤ ੧੮੨੦ ਦੇ ਕਬਜ਼ਿਆਂ ਦਾ ਲਿਹਾਜ਼ ਰਖਯਾ ਜਾਵੇਗਾ।

(੪) ਜੇ ਕਿਸੇ ਰਿਆਸਤ ਦਾ ਕੋਈ ਆਦਮੀ, ਬਾਕੀਦਾਰ ਜਾਂ ਕਰਜ਼ਦਾਰ ਕਿਸੇ ਦੂਜੀ ਰਿਆਸਤ ਵਿੱਚ ਜਾ ਰਹੇ, ਤਦ ਓਹਦੇ ਪਾਸੋਂ ਰੁਪਯਾ ਮੰਗਣ ਦੀ ਪਹਿਲੀ ਰਿਆਸਤ ਹੱਕਦਾਰ ਹੋਵੇਗੀ।

(੫) ਹਰ ਇੱਕ ਰਿਆਸਤ ਆਪਣੀ ਰਿਆਸਤ ਦੀ ਪਰਜਾ ਵਾਂਗ ਦੂਜੀ ਰਿਆਸਤ ਦੀ ਪਰਜਾ ਦੇ ਮਦੋਈ ਨੂੰ ਇਨਸਾਫ਼ ਤੇ ਹੱਕ ਦਵਾਏਗੀ।

(੬) ਚੋਰੀ ਦਾ ਖੁਰਾ ਜਿਸ ਪਿੰਡ ਤਕ ਜਾ ਪੁਜੇ, ਜਦ ਤਕ ਓਹ ਓਸ ਨੂੰ ਅੱਗੇ ਜਾਂਦਾ ਨਾ ਵਿਖਾਣ, ਚੋਰੀ ਦੇ ਜ਼ੁਮੇਂਵਾਰ ਓਹ ਹੀ ਸਮਝੇ ਜਾਣਗੇ।

(੭) ਤੀਵੀਆਂ ਦੇ ਮੁਕੱਦਮਿਆਂ ਵਿੱਚ ਪੰਜ ਸਾਲ ਤਕ ਤੀਵੀਂ ਮਾਲ ਅਸਬਾਬ ਸਮੇਤ ਮੁਦੇਈ ਨੂੰ ਦਵਾਈ ਜਾਵੇ। ਪੰਜ ਸਾਲ ਮਗਰੋਂ ਨਾਤਾ ਜਾਂ ਦੋ ਸੌ ਰੁਪਯਾ ਦਵਾਇਆ ਜਾਵੇ।

(੮) ਇਹੋ ਹੀ ਨਿਯਮ ਲੜਕੀ ਦਾ ਵਿਆਹ ਦੂਜੀ ਜਗ੍ਹਾ ਕਰਨ ਵਾਲੇ ਨਾਲ ਵਰਤਿਆ ਜਾਵੇਗਾ।

(੯) ਕਤਲ ਕਰਨ ਵਾਲੇ ਪਾਸੋਂ ਮਰਨ ਵਾਲੇ ਦੇ ਵਾਰਸਾਂ ਨੂੰ ਦੋ ਸੌ ਰੁਪਯਾ ਨਕਦ ਜਾਂ ਸਾਕ ਦਵਾਇਆ ਜਾਵੇਗਾ ਤੇ ਇਸ ਤੋਂ ਬਿਨਾਂ ਦੋਸ਼ੀ ਨੂੰ ਕੈਦ ਸਖ਼ਤ ਵੀ ਦਿੱਤੀ ਜਾਵੇਗੀ।

੧੮੯੨ ਬਿੱਕ੍ਰਮੀ ਨੂੰ ਮਾਫ਼ੀਦਾਰਾਂ ਤੇ ਜ਼ਿਮੀਦਾਰਾਨ ਮਹਾਰਾਜ ਦੀ ਨਿਗਰਾਨੀ ਤੇ ਹਿਫਾਜ਼ਤ ਜੋ ਪਹਿਲਾਂ ਰਿਆਸਤ ਹਾਏ ਫੂਲ ਦੇ ਸਬੰਧ ਵਿੱਚ ਸੀ, ਗਵਰਨਮੈਂਟ ਅੰਗਰੇਜ਼ੀ ਨੇ ਆਪਣੇ ਹੱਥ ਲੈ ਲਈ।

## ੯੯. ਨੀਲੀ ਦਾ ਜ਼ਿਕਰ

ਸੰਮਤ ੧੮੯੮ ਬਿ. ਨੂੰ ਜਦ ਮਰਹੱਟਿਆਂ ਦੇ ਸਾਰੇ ਇਲਾਕੇ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ, ਤਦ ਓਹਨਾਂ ਨੇ ਗਵਰਨਮੈਂਟ ਪਟਯਾਲਾ ਤੋਂ ਓਹਨਾਂ ਪਿੰਡਾਂ ਦੀ ਮੰਗ ਕੀਤੀ, ਜੋ ਹਾਂਸੀ, ਹਿਸਾਰ ਗੋਹਾਨਾ ਤੇ ਸਰਸਾ ਆਦਿਕ ਦੇ ਇਲਾਕੇ ਵਿੱਚ ਹਨ ਤੇ ਪੈਰਨ ਸਾਹਿਬ ਮਰਹੱਟਿਆਂ ਦੇ ਸਪਾਹ

ਸਾਲਾਰ ਦੀ ਮਦਦ ਨਾਲ ਓਹਨਾਂ ਤੇ ਕਬਜ਼ਾ ਕੀਤਾ ਸੀ। ਅੰਗਰੇਜ਼ ਕਹਿੰਦੇ ਸਨ ਕਿ ਮਰਹੱਟਿਆਂ ਦੇ ਕਾਇਮ ਮੁਕਾਮ ਅਸੀਂ ਹਾਂ, ਇਸ ਕਰ ਕੇ ਇਹ ਪਿੰਡ ਸਾਨੂੰ ਮਿਲਣੇ ਚਾਹੀਦੇ ਹਨ। ਲੰਮੇਂ ਚੌੜੇ ਵਿਚਾਰ ਦੇ ਮਗਰੋਂ ੨੬੬ ਪਿੰਡਾਂ ਵਿੱਚੋਂ ੧ ਲਖ ਪਚਾਸੀ ਹਜ਼ਾਰ ਦੀ ਆਮਦਨ ਦੇ ੪੧ ਪਿੰਡ ਤਾਂ ਬਕਾਇਆ ਆਮਦਨੀ (੧੮੪੩ ਤੋਂ ੧੮੫੬ ਈ. ਤਕ) ਦੇ ਹਿਸਾਰ ਦੇ ਜ਼ਿਲੇ ਵਿੱਚੋਂ ਮਹਾਰਾਜਾ ਪਟਯਾਲਾ ਨੂੰ ਮਿਲਣ ਦਾ ਹੁਕਮ ਹੋਇਆ ਤੇ ੨੫ ਪਿੰਡ ਜ਼ਿਲਾ ਸਰਸਾ ਵਿੱਚੋਂ ਬਾਕੀ ਰਹੇ। ੪ ਹਜ਼ਾਰ ਅਠਾਈ ਸੌ ਰੁਪਯਾ ਆਮਦਨੀ ਦੇ ਬਾਕੀ ੧੫ ਪਿੰਡਾਂ ਦੇ ਬਦਲੇ ਅਸਪ ਬਦਰਾ, ਭੇਣੀ, ਸਾਹੂਕੇ, ਮੰਡੇਰ ਆਦਿਕ ਮਿਲ ਗਏ ਤੇ ਇਹ ਝਗੜਾ ਜੋ ੧੮੦੩ ਤੋਂ ਜਾਰੀ ਸੀ, ਮੁੱਕ ਗਿਆ।

## ੧੦੦. ਮੁਦਕੀ ਦੇ ਜੰਗ ਵਿੱਚ ਮਦਦ ਦੇਣਾ

ਭਾਵੇਂ ਰਾਜਾ ਕਰਮ ਸਿੰਘ ਉਪ੍ਰੋਕਤ ਕੁਝ ਗੱਲਾਂ ਤੇ ਜੋ ਅੰਗ੍ਰੇਜ਼ਾਂ ਨੇ ਖਾਹਮਖਾਹ ਦਖ਼ਲ ਦਿੱਤਾ ਸੀ, ਕੁਝ ਗ਼ੁੱਸੇ ਹੋ ਗਿਆ ਸੀ, ਕਿੰਤੂ ਤਦ ਵੀ ੧੮੪੫ ਈ. ਮੁਤਾ: ੧੯੦੩ ਬਿ. ਨੂੰ ਜਦ ਅੰਗ੍ਰੇਜ਼ਾਂ ਦੀ ਲਾਹੌਰ ਦਰਬਾਰ ਨਾਲ ਲੜਾਈ ਹੋ ਪਈ, ਤਦ ਇਸ ਨੇ ਖੁਲਮਖੁਲ੍ਹਾ ਅੰਗ੍ਰੇਜ਼ਾਂ ਦਾ ਸ਼ੁਭਚਿੰਤਕ ਤੇ ਖੈਰਖਾਹ ਪ੍ਰਗਟ ਕੀਤਾ। ਸਹਾਇਤਾ ਲਈ ਆਪਣੀ ਫੌਜ ਭੇਜਣ ਤੇ ਰਸਦ ਪੁਚਾਣ ਵਿੱਚ ਵੀ ਫ਼ਰਕ ਨਹੀਂ ਰੱਖਿਆ।

## ੧੦੧. ਰਾਜਾ ਕਰਮ ਸਿੰਘ ਦਾ ਚਲਾਣਾ ਤੇ ਗੁਣ

ਇਸ ਵਿੱਚ ਕੁਝ ਸ਼ੱਕ ਨਹੀਂ ਕਿ ਉਸ ਨੇ ਆਪਣੀ ਕੌਮ ਦੇ ਮੁਕਾਬਲੇ ਤੇ ਜੋ ਕੁਝ ਉਸ ਨੇ ਅੰਗਰੇਜ਼ਾਂ ਦੀ ਮਦਦ ਕੀਤੀ, ਉਸ ਤੋਂ ਸ਼ਰਮਿੰਦਗੀ ਦਾ ਮਾਰਿਆ ਰਾਜਾ ਕਰਮ ਸਿੰਘ ਫੇਰੂ ਸ਼ਹਿਰ ਦੀ ਲੜਾਈ ੩੦ ਦਸੰਬਰ ੧੮੪੫ ਤੋਂ ਮਗਰੋਂ ਦੂਜੇ ਦਿਨ ਮਰ ਗਿਆ। ਕਿੰਤੂ ਜੋ ਕੁਝ ਉਸ ਨੇ ਕੀਤਾ ਵੇਲੇ ਅਨੁਸਾਰ ਠੀਕ ਕੀਤਾ।

ਰਾਜਾ ਕਰਮ ਸਿੰਘ ਨੇ ਆਪਣੇ ਆਪ ਨੂੰ ਆਪਣੇ ਵੱਡਿਆਂ ਨਾਲੋਂ ਦਾਨਾ ਤੇ ਸਿਆਣਾ ਸਾਬਤ ਕੀਤਾ। ਰਾਜ ਪ੍ਰਬੰਧ ਵਿੱਚ ਜੋ ਜੋ ਮੁਸ਼ਕਲਾਂ ਆਪਣੇ ਭਰਾਤਾ ਅਜੀਤ ਸਿੰਘ ਤੇ ਮਾਤਾ ਆਸ ਕੌਰ ਵਲੋਂ ਆਈਆਂ, ਉਹਨਾਂ ਸਾਰੀਆਂ ਨੂੰ ਇਸ ਨੇ ਸਹਨਸ਼ੀਲਤਾ ਤੇ ਸਮਝ ਨਾਲ ਨਜਿਠਿਆ। ਇਹਨਾਂ ਦੇ ਨਾਲ ਕੋਈ ਬੇਇਨਸਾਫੀ ਨਹੀਂ ਕੀਤੀ। ਇਸ ਦਾ ਚਾਲ ਚਲਣ ਵੀ ਬੜਾ ਅੱਛਾ ਰਿਹਾ, ਇਸ ਨੇ ਆਪਣੀ ਰਿਆਸਤ ਦਾ ਪ੍ਰਬੰਧ ਵੀ ਬੜੀ ਹਛੀ ਤਰ੍ਹਾਂ ਕੀਤਾ। ਇਸ ਨੇ ਆਪਣੀ ਰਿਆਸਤ ਵਿੱਚ ਜੋ ਭਲਾਈ ਦੇ ਨਿਯਮ ਬੱਧੇ, ਉਹਨਾਂ ਤੇ ਆਪ ਚਲਿਆ ਤੇ ਦੂਜਿਆਂ ਨੂੰ ਚਲਣ ਲਈ ਆਪਣੇ ਨਾਲ ਰਖਜਾ। ਇਸ ਤੋਂ ਮਲੂਮ ਹੁੰਦਾ ਹੈ ਕਿ ਇਹ ਇੱਕ ਬੜਾ ਅਕਲਮੰਦ ਰਈਸ ਸੀ। ਇਸ ਨੇ ਕਈ ਮਕਾਨ ਬਣਵਾਏ, ਜਿਨ੍ਹਾਂ ਵਿੱਚੋਂ ਬਹਾਦਰਗੜ੍ਹ ਦਾ ਕਿਲ੍ਹਾ ਖ਼ਾਸ ਤੌਰ ਤੇ ਉਸਤਤੀ ਯੋਗ ਹੈ।

## ੧੦੨. ਰਾਜਾ ਨਰਿੰਦਰ ਸਿੰਘ ਦੀ ਗੱਦੀ ਨਸ਼ੀਨੀ

ਇਹ ਮਹਾਰਾਜਾ ੧੮੮੦ ਬਿਕਰਮੀ ਨੂੰ ਉਤਪਨ ਹੋਇਆ ਤੇ ੧੯੦੩ ਨੂੰ ੨੩ ਸਾਲ ਦੀ ਆਯੂ ਵਿੱਚ ਪਿਤਾ ਦੀ ਜਗ੍ਹਾ ਗੱਦੀ ਤੇ ਬੈਠਾ। ਇਹ ਵੀ ਆਪਣੇ ਪਿਤਾ ਵਾਂਗ ਬੜਾ ਸਮਝਦਾਰ ਨਿੱਕਲਜਾ। ਕਈ ਗੱਲਾਂ ਵਿੱਚ ਪਿਤਾ ਨਾਲੋਂ ਵੀ ਵਧ ਗਿਆ। ਇਸ ਨੇ ਵੀ ਲਾਹੌਰ ਦਰਬਾਰ ਦੇ ਟਾਕਰੇ ਤੇ ਅੰਗ੍ਰੇਜ਼ਾਂ ਦੀ ਹਰ ਤਰ੍ਹਾਂ ਮਦਦ ਕੀਤੀ, ਜਿਸ ਦੇ ਕਾਰਨ ਮੇਹਜਰ ਮੈਕਸਨ ਸਾਹਿਬ ਕਪਤਾਨ ਮਲਸਨ ਸਾਹਿਬ ਤੇ ਮਿਸਟਰ ਕਸ਼ਟ ਸਾਹਿਬ ਕਈ ਅੰਗ੍ਰੇਜ਼ਾਂ ਨੇ ਆਪਣੀਆਂ ਨੋਟ ਬੁਕਾਂ ਵਿੱਚ ਤਾਰੀਫ਼ ਲਿਖੀ ਹੈ ਤੇ ਇਹ ਵੀ ਲਿਖਿਆ ਹੈ ਕਿ ਸਤਲੁਜ ਤੋਂ ਇਸ ਪਾਰ ਦੇ ਸਾਰੇ ਰਈਸਾਂ ਤੋਂ ਵੱਧ ਕੇ ਤੇ ਸਭ ਤੋਂ ਵਧੀਕ ਰਸਦ ਤੇ ਭਾਰਬਰਦਾਰੀ ਰਿਆਸਤ ਪਟਜਾਲਾ ਵਲੋਂ ਅੰਗ੍ਰੇਜ਼ਾਂ ਨੂੰ ਮਿਲਦੀ ਰਹੀ ਹੈ ਤੇ ਇਸ ਰਿਆਸਤ ਦੀ ਫੌਜ ਨੇ ਕਿਲ੍ਹਾ ਘੁੰਗਰਾਣਾ ਫਤਹਿ ਕਰ ਦੱਸਿਆ। ਇੰਨੀ ਹਮਦਰਦੀ ਫ਼ਿਕਰ ਤੇ ਖ਼ੁਸ਼ੀ ਦੇ ਨਾਲ ਕਿਸੇ ਦੂਜੇ ਰਈਸ ਨੇ ਅੰਗ੍ਰੇਜ਼ਾਂ ਦਾ ਕੰਮ ਨਹੀਂ ਕੀਤਾ। ਇਹ ਹੀ ਕਾਰਨ ਹੈ ਕਿ ੨੨ ਸਤੰਬਰ ਸੰਨ ੧੯੪੭ ਨੂੰ ਇਨ੍ਹਾਂ ਦੀ ਇਸ ਖੈਰਖਾਹੀ ਦੇ

ਬਦਲੇ ਇੱਕ ਬੜੀ ਹੀ ਪ੍ਰਸੰਸਾ ਵਾਲੀ ਸਨਦ ਇਹਨਾਂ ਨੂੰ ਮਿਲੀ ਤੇ ਰਿਆਸਤ ਨਾਭੇ ਦੇ ਜ਼ਬਤ ਹੋਏ ਹੋਏ ਇਲਾਕੇ ਵਿੱਚੋਂ ਉਹ ਇਲਾਕਾ ਜਿਸ ਦੀ ਆਮਦਨੀ ਇੱਕ ਲਖ ਰੁਪਜ਼ੇ ਦੇ ਕਰੀਬ ਸੀ, ੭੧੨੨੪ ਰੁਪਏ ਸਾਲਾਨਾ ਮਾਮਲੇ ਨੂੰ ਇਲਾਕਾ ਪਟਜਾਲਾ ਤੇ ਫਰੀਦਕੋਟ ਵਿੱਚ ਅੱਧੇ ਅੱਧ ਵੰਡ ਦਿੱਤਾ ਗਿਆ।

ਲੜਾਈ ਤੋਂ ਪਿੱਛੋਂ ਸਰਕਾਰ ਨੇ ਸਤਲੁਜ ਦੇ ਪਾਰ ਦੇ ਰਈਸਾਂ ਬਾਬਤ ਆਪਣੀ ਪਾਲਸੀ ਬਦਲ ਲਈ। ਸਵਾਏ ਪਟਜਾਲਾ ਨਾਭਾ ਜੀਂਦ ਫਰੀਦਕੋਟ ਤੇ ਮਾਲੇਰਕੋਟਲਾ, ਛਛਰੋਲੀ, ਰਾਏਕੋਟ, ਮਮਦੋਟ, ਬੂੜੀਆ, ਦਿਪਾਲਗੜ ਨੇ ਰਿਆਸਤਾਂ ਦੇ ਬਾਕੀ ਸਾਰਿਆਂ ਦੀ ਦੀਵਾਨੀ ਤੇ ਫੌਜਦਾਰੀ ਅਖਤਜਾਰ ਖੋਹ ਕੇ ਆਮ ਜ਼ਿਮੀਂਦਾਰ ਬਣਾ ਦਿਤੇ।

## ੧੦੩. ਮਹਾਰਾਜਾ ਨਰਿੰਦਰ ਸਿੰਘ ਦੀ ਲੜਕੀ ਦਾ ਵਿਵਾਹ

ਸੰਮਤ ੧੯੦੯ ਬਿੱਕ੍ਰਮੀ ਵਿੱਚ ਮਹਾਰਾਜ ਨਰਿੰਦਰ ਸਿੰਘ ਨੇ ਆਪਣੀ ਲੜਕੀ ਬਸੰਤ ਕੌਰ ਦਾ ਵਿਆਹ ਧੌਲਪੁਰ ਦੇ ਰਾਣਾ ਭਗਵੰਤ ਸਿੰਘ ਦੇ ਨਾਲ ਬੜੀ ਧੂਮ ਧਾਮ ਨਾਲ ਕੀਤਾ, ਜਿਸ ਤੇ ਇਨ੍ਹਾਂ ਦਾ ੧੪ ਲੱਖ ਰੁਪਯਾ ਖ਼ਰਚ ਹੋਇਆ। ਇਸੇ ਤਰ੍ਹਾਂ ਰਾਣਾ ਸਾਹਿਬ ਦਾ ਵੀ ਕਈ ਲਖ ਰੁਪਯਾ ਖ਼ਰਚ ਹੋਇਆ। ਲੜਕੀ ਦਾ ਵਿਆਹ ਕਰ ਕੇ ਮਹਾਰਾਜਾ ਸਾਹਿਬ ਯਾਤਰਾ ਲਈ ਚਲੇ ਗਏ। ਹਰਦਵਾਰ, ਤਪੋਬਨ, ਰਿਖੀ ਕੇਸ਼ ਆਦਿਕ ਹੋ ਕੇ ਬਦਰੀ ਨਾਥ ਤਕ ਪੁਜੇ। ਇਸ ਸਫਰ ਵਿੱਚ ੬੫੦੦੦ ਦੇ ਕਰੀਬ ਰੁਪਯਾ ਆਪ ਦਾ ਖ਼ਰਚ ਹੋਇਆ ਤੇ ਆਪ ਨੇ ਬਦਰੀ ਨਾਥ ਵਿੱਚ ਇੱਕ ਸਦਾਵਰਤ ੧੦੦੦ ਸਾਲ ਦਾ ਲਾ ਦਿੱਤਾ।

## ੧੦੪. ਵਲੀ ਐਹਦ ਦਾ ਉਤਪਨ ਹੋਨਾ

ਮਹੀਨਾ ਅੱਸੂ ੧੯੦੯ ਬਿਕ੍ਰਮੀ ਵਿੱਚ ਮਹਾਰਾਜਾ ਨਰਿੰਦਰ ਸਿੰਘ ਦੇ ਗ੍ਰਹਿ ਮਹਾਰਾਜਾ ਮਹਿੰਦਰ ਸਿੰਘ ਵਲੀ ਐਹਦ ਉਤਪੰਨ ਹੋਇਆ। ਬੜੀ ਖ਼ੁਸ਼ੀ ਮਨਾਈ ਗਈ। ਇਸ ਤੋਂ ਪਿੱਛੋਂ ਸੰਮਤ ੧੯੧੧ ਬਿੱਕ੍ਰਮੀ ਨੂੰ ਮਹਾਰਾਜਾ ਨਰਿੰਦਰ ਸਿੰਘ ਨੇ ਰਾਜਾ ਸਰੂਪ ਸਿੰਘ ਜੀਂਦ ਵਾਲੇ ਦੀ ਮਦਦ ਵਾਸਤੇ ਭੇਜ ਕੇ ਬਜਵਾੜੇ ਦਾ ਇਲਾਕਾ ਫਤਹਿ ਕਰਾ ਦਿੱਤਾ। ਇਹ ਇਲਾਕਾ ਪਹਿਲਾਂ ਜੀਂਦ ਵਾਲਿਆਂ ਦੇ ਕਬਜ਼ੇ ਵਿੱਚ ਸੀ, ਕਿੰਤੂ ਇੱਥੋਂ ਦੀ ਵਸੋਂ ਇੱਥੋਂ ਦੇ ਨੀਯਤ ਕੀਤੇ ਹੋਏ ਤਹਸੀਲਦਾਰ ਦੇ ਜ਼ੁਲਮ ਤੇ ਸਖ਼ਤੀ ਦੇ ਹਥੋਂ ਤੰਗ ਆ ਕੇ ਬਾਗ਼ੀ ਹੋ ਗਈ। ਚਾਰ ਮਹੀਨੇ ਤਕ ਲੜਾਈ ਹੁੰਦੀ ਰਹੀ। ਸੈਂਕੜੇ ਆਦਮੀ ਦੋਨਾਂ ਪਾਸਿਆਂ ਦੇ ਮਾਰੇ ਗਏ। ਪਟਜਾਲੇ ਦੀ ਫੌਜ ਅੱਪੜਨ ਤੇ ਇਹ ਇਲਾਕਾ ਸਰ ਹੋ ਗਿਆ।

ਮਲੂਮ ਹੋਵੇ ਕਿ ਜ਼ਿਲ੍ਹਾ ਲਾਹੌਰ ਲੈਣ ਤੋਂ ਪਿੱਛੋਂ ਸਰਕਾਰ ਅੰਗ੍ਰੇਜ਼ੀ ਨੇ ਸਤਲੁਜ ਦੇ ਉਸ ਪਾਰ ਦੇ ਇਲਾਕੇ ਦੇ ਰਈਸਾਂ ਦੇ ਅਖਤਯਾਰ ਖੋਹ ਲਏ। ਤਦ ਉਸ ਵੇਲੇ ਨਵਾਂ ਪ੍ਰਬੰਧ ਹੋਣ ਲੱਗਾ। ਉਹਨਾਂ ਹੀ ਦਿਨਾਂ ਵਿੱਚ ਇਸ ਰਿਆਸਤ ਦੇ ੯੭ ਪਿੰਡ ਚੌਥੇ ਹਿੱਸੇ ਵਾਲਿਆਂ ਦੀ ਬਾਬਤ ਬੜੇ ਝੱਗੜੇ ਚੱਲ ਪਏ। ਇਨ੍ਹਾਂ ਵਿੱਚ ੯ ਪਿੰਡ ਮਿਸਲ ਵਾਲੇ ਸਿੱਖ, ੮ ਟੋਡਰ ਮਾਜਰੀਏ, ੩੯ ਚੁਨੀ ਮਛਲੀ ਵਾਲੇ, ੧੫ ਫੈਜ਼ਲਾ ਪੁਰੀਏ ਤੇ ਪੰਜ ਵਿੱਚ ਲਧੜਾ ਵਾਲੇ ਚੌਥਾਈ ਦੇ ਹਿਸੇਦਾਰ ਸਨ। ਸਰਕਾਰ ਅੰਗ੍ਰੇਜ਼ੀ ਨੇ ਇਸ ਮੁਕੱਦਮੇ ਦੇ ਬੜਾ ਲੰਮਾ ਚੌੜਾ ਹੋਣ ਦੇ ਮਗਰੋਂ ਫ਼ੈਸਲਾ ਕੀਤਾ ਕਿ ਇਹ ਪਿੰਡ ਪਟਜਾਲੇ ਵਾਲਿਆਂ ਦੀ ਮਰਜ਼ੀ ਤੋਂ ਬਿਨਾਂ ਅੰਗ੍ਰੇਜ਼ੀ ਇਲਾਕੇ ਵਿੱਚ ਮਿਲਾ ਲਏ, ਕਿੰਤੂ ਕਿਸੇ ਕਦਰ ਹਿੱਸਾ ਰਿਆਸਤ ਪਟਜਾਲੇ ਨੂੰ ਦਿੱਤਾ।

## ੧੦੫. ਵਲਾਇਤ ਜਾਣ ਦਾ ਸ਼ੌਕ

ਮਹਾਰਾਜਾ ਨਰਿੰਦਰ ਸਿੰਘ ਨੂੰ ਇੰਗਲਸਤਾਨ ਦੀ ਸੈਰ ਕਰਨ ਦਾ ਸ਼ੌਕ ਉਤਪਨ ਹੋਇਆ। ਸੋ ਸੰਮਤ ੧੯੧੧ ਦੇ ਸਾਵਣ ਵਿੱਚ ਇਸੇ ਖ਼ਿਆਲ ਤੋਂ ਪਟਜਾਲੇ ਤੋਂ ਕੂਚ ਕੀਤਾ ਤੇ ਬਨਾਰਸ ਅੱਪੜੇ। ਇੱਥੇ ਬਹੁਤ ਪੁੰਨਦਾਨ ਕੀਤਾ। ਏਥੋਂ ਦੇ ਰਾਜਾ ਈਸ਼ਰੀ ਪ੍ਰਸਾਦ ਨੂੰ ਮਿਲੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਤੇ ਬੜਾ ਚੜ੍ਹਾਵਾ ਚੜ੍ਹਾਇਆ। ਇੱਕ ਸਦਾਵਰਤ ਸਦਾ ਲਈ ਲਾਇਆ। ਫਿਰ ਗਯਾ ਗਏ ਜਿੱਥੋਂ ਪਟਣੇ ਪੁੱਜੇ, ਇੱਥੇ ਵੀ ਗੁਰਦਵਾਰੇ ਗਏ, ਕਾਫੀ ਰਕਮ ਭੇਟ

ਚੜ੍ਹਾਈ ਤੇ ਇੱਕ ਸਦਾਵਰਤ ਲਾਇਆ। ਫਿਰ ਕਲਕਤੇ ਪੁਜੇ, ਅੰਗ੍ਰੇਜ਼ ਅਫਸਰ ਇੱਕ ਦਸਤੇ ਸਪਾਹ ਦੇ ਨਾਲ ਸਵਾਗਤ ਨੂੰ ਆਏ। ਕਿਲ੍ਹਾ ਫੋਰਟ ਵਿਲੀਅਮ ਵਿੱਚ ੧੭ ਤੋਪਾਂ ਦੀ ਸਲਾਮੀ ਹੋਈ। ੧੩੦੦ ਰੁਪਯਾ ਨਕਦ ੨੧ ਕਿਸ਼ਤੀਆਂ ਮਠਾਈਆਂ ਦੀਆਂ ਮਹਾਰਾਜੇ ਦੇ ਪੇਸ਼ ਹੋਈਆਂ। ਫਿਰ ਦਸੰਬਰ ੧੮੫੪ ਈ. ਨੂੰ ਮਾਰਕੋਈਸ ਲਾਰਡ ਡਲਹੌਜ਼ੀ ਨਾਲ ਮੁਲਾਕਾਤ ਹੋਈ। ਮਹਾਰਾਜਾ ਸਾਹਿਬ ਵਲਾਇਤ ਜਾਣ ਤੇ ਬੜਾ ਜ਼ੋਰ ਦੇਂਦੇ ਸਨ, ਸਾਰੀਆਂ ਤਜਾਰੀਆਂ ਹੋ ਗਈਆਂ ਸੀ, ਕਿੰਤੂ ਕਈ ਘਰੋਗੀ ਤੇ ਮੁਲਕੀ ਕੰਮਾਂ ਨੇ ਮਹਾਰਾਜਾ ਸਾਹਿਬ ਨੂੰ ਆਪਣੀ ਸਲਾਹ ਬਦਲਣ ਲਈ ਮਜਬੂਰ ਕੀਤਾ ਤੇ ਆਪ ਪਟਿਆਲੇ ਵਾਪਸ ਚਲੇ ਆਏ। ਫਿਰ ਅਜੇ ਦੂਜੀ ਵਾਰੀ ਤਜਾਰ ਨਹੀਂ ਹੋਏ ਸਨ ਕਿ ਸੰਮਤ ੧੯੧੪ ਬਿ. ਮੁਤਾਬਕ ੧੮੫੭ ਨੂੰ ਹਿੰਦੀ ਫੌਜਾਂ ਨੇ ਗ਼ਦਰ ਕਰ ਦਿੱਤਾ।

## ੧੦੬. ਗ਼ਦਰ

ਇਸ ਗ਼ਦਰ ਵਿੱਚ ਮਹਾਰਾਜਾ ਨਰਿੰਦਰ ਸਿੰਘ ਨੇ ਬਿਨਾਂ ਕਿਸੇ ਸੋਚ ਵਿਚਾਰ ਜਾਂ ਹੀਲ ਦਲੀਲ ਦੇ ਆਪਣੇ ਸਾਰੇ ਵਸੀਲੇ ਸਰਕਾਰ ਅੰਗ੍ਰੇਜ਼ੀ ਦੇ ਹਵਾਲੇ ਕਰ ਦਿੱਤੇ ਤੇ ਇਸ ਤਰ੍ਹਾਂ ਨਾਲ ਪਟਿਆਲੇ ਦੇ ਵਲੋਂ ਇਸ ਖੌਫ ਤੇ ਖਤਰੇ ਦੇ ਵੇਲੇ ਜਦ ਕਿ ਪੱਤਾ ਪੱਤਾ ਅੰਗ੍ਰੇਜ਼ਾਂ ਦਾ ਵੈਰੀ ਹੋ ਰਿਹਾ ਸੀ, ਮਦਦ ਦੇ ਕੇ ਬਚਾ ਲਿਆ; ਨਹੀਂ ਤਾਂ ਅੰਗ੍ਰੇਜ਼ਾਂ ਦੇ ਵਾਸਤੇ ਇਹ ਸਮਾਂ ਬੜਾ ਕਠਨ ਸੀ। ਮਾਲਵੇ ਦੇ ਸਿੱਖ ਮਹਾਰਾਜਾ ਪਟਿਆਲਾ ਨੂੰ ਆਪਣਾ ਲੀਡਰ ਸਮਝਦੇ ਹਨ। ਇਸ ਕਰ ਕੇ ਇਨ੍ਹਾਂ ਨੇ ਇਸ ਗ਼ਦਰ ਵਿੱਚ ਸਰਕਾਰ ਦੀ ਬੜੀ ਸਹਾਇਤਾ ਕੀਤੀ। ਕਹਿੰਦੇ ਹਨ ਕਿ ਜਿਸ ਵੇਲੇ ਇਨ੍ਹਾਂ ਨੂੰ ਗ਼ਦਰ ਦੀ ਖ਼ਬਰ ਮਿਲੀ, ਓਸੇ ਵੇਲੇ ਇਨ੍ਹਾਂ ਅੰਬਾਲਾ ਤੇ ਮੇਰਠ ਵਲ ਕੂਚ ਕਰ ਦਿੱਤਾ, ਕਿਉਂਕਿ ਇੱਥੇ ਹੀ ਫਸਾਦ ਫੁਟਿਆ ਸੀ। ਨੌਸੈਬਲੀ ਦੇ ਮੁਕਾਮ ਤੇ ਪੁੱਜ ਕੇ ਹਾਥੀ, ਊਠ, ਘੋੜੇ, ਛਕੜੇ, ਸਪਾਟੂ, ਕਸੌਲੀ, ਡਕਸਾਈ ਆਦਿਕ ਅਸਥਾਨਾਂ ਤੋਂ ਅੰਗ੍ਰੇਜ਼ੀ ਫੌਜ ਦੇ ਲਿਆ ਕੇ ਕਾਲਕਾ ਵਲ ਭੇਜ ਦਿਤੇ। ਫਿਰ ਓਥੋਂ ਥਾਨੇਸਰ ਪੁੱਜ ਕੇ ਮਹਾਰਾਜਾ ਸਾਹਿਬ ਨੇ ੧੩੦੦ ਸਪਾਹ ੪ ਤੋਪਾਂ ਓਥੇ ਛਡੀਆਂ ਤੇ ਇਸ ਜ਼ਿਲ੍ਹੇ ਦੀ ਰਾਖੀ ਕੀਤੀ। ਸਾਹਿਬ ਕਮਿਸ਼ਨਰ ਅੰਬਾਲਾ ਦੀ ਰਾਏ ਮਹਾਰਾਜਾ ਸਾਹਿਬ ਨਰਿੰਦਰ ਸਿੰਘ ਬਾਬਤ ਬੜੀ ਹੱਛੀ ਸੀ, ਜੋ ਇੰਜ ਹੈ:

ਇਹ ਸਚਿਆਈ ਤੇ ਖੈਰਖਾਹੀ ਦਾ ਵਰਤਾਓ ਇਸ ਸਮੇਂ ਵਿੱਚ ਸਾਡੇ ਵਾਸਤੇ ਬੇਹੱਦ ਲਾਭਦਾਇਕ ਸੀ। ਲੋਕਾਂ ਦੇ ਦਿਲ ਇਸ ਤਰ੍ਹਾਂ ਦੀਆਂ ਕਈ ਅਫਵਾਹਾਂ ਸੁਣ ਸੁਣ ਕੇ ਪਾਟੇ ਹੋਏ ਸਨ ਕਿ ਚਰਬੀ ਦੇ ਕਾਰਤੂਸ ਵਰਤਣ, ਆਟੇ ਵਿੱਚ ਮਿਲਾਓ ਕਰਨ ਤੇ ਹੋਰ ਹੋਰ ਢੰਗਾਂ ਨਾਲ ਅੰਗਰੇਜ਼ ਸਾਨੂੰ ਬੇਦੀਨ ਕਰਨਾ ਚਾਹੁੰਦੇ ਹਨ। ਕਿੰਤੂ ਜਦ ਮਹਾਰਾਜਾ ਸਾਹਿਬ ਜੁਰਅਤ ਕਰ ਕੇ ਸਾਡੇ ਵਲ ਹੋ ਗਏ, ਤਦ ਲੋਕਾਂ ਵਿੱਚ ਇਨ੍ਹਾਂ ਫਸਾਦ ਪਾਣ ਵਾਲੀਆਂ ਗੱਲਾਂ ਦਾ ਅਸਰ ਘਟ ਗਿਆ, ਕਿਉਂਕਿ ਮਹਾਰਾਜਾ ਸਾਹਿਬ ਪੱਕੇ ਸਿੱਖ ਸਨ। ਓਹਨਾਂ ਦਾ ਮਨੋਰਥ ਵਾਹਿਗੁਰੂ ਦੀ ਭਗਤੀ, ਚਲਨ ਤੇ ਢੰਗ ਵੀ ਮਾਣ ਤੇ ਪ੍ਰਸੰਸਾ ਯੋਗ ਸੀ। ਇਸ ਕਰ ਕੇ ਮਹਾਰਾਜਾ ਸਾਹਿਬ ਦੀ ਇਮਦਾਦ ਸਾਡੇ ਵਾਸਤੇ ਅੰਗ੍ਰੇਜ਼ੀ ਫੌਜ ਦੇ ਬਰਗੇਡ ਬਰਾਬਰ ਸੀ। ਜੇ ਕਦੀ ਅੰਗ੍ਰੇਜ਼ਾਂ ਦੇ ਸੌ ਅਫਸਰ ਵੀ ਇਨ੍ਹਾਂ ਅਫਵਾਹਾਂ ਨੂੰ ਦੂਰ ਕਰਨ ਦੇ ਲਗਦੇ, ਤਦ ਓਹ ਅਸਰ ਨਾ ਹੋਂਦਾ ਜੋ ਮਹਾਰਾਜਾ ਸਾਹਿਬ ਦੀ ਦੋਸਤੀ ਨਾਲ ਹੋਇਆ। ਕਰਨਾਲ ਦੇ ਜ਼ਿਲ੍ਹੇ ਅੰਬਾਲਾ ਛਾਵਣੀ ਤੇ ਕਰਨਾਲ ਤੇ ਫਿਲੌਰ ਦੇ ਵਿਚਕਾਰ ਦੀ ਵਡੀ ਸੜਕ ਮਾਹਫੂਜ ਰਖਣ ਤੋਂ ਬਿਨਾਂ ਮਹਾਰਾਜਾ ਨਰਿੰਦਰ ਸਿੰਘ ਨੇ ੫੦੦ ਸਵਾਰ ਤੇ ਪਿਆਦੇ ਤਾਂ ਸ੍ਰ: ਪ੍ਰਤਾਪ ਸਿੰਘ ਦੀ ਮਾਤੈਹਤੀ ਵਿੱਚ ਦਿੱਲੀ ਦੇ ਮੋਰਚੇ ਤੇ ਭੇਜੇ ਸਨ ਤੇ ਇੱਕ ਦਸਤਾ ਫੌਜ ਜਨਰਲ ਵਾਨਕੋਰਟ ਲਹੰਡੰਟ ਦੇ ਰੋਹਤਕ ਹਿਸਾਰ ਸਰਸਾ ਵਲ ਪ੍ਰਬੰਧ ਲਈ ਭੇਜਿਆ।

ਪਹਿਲੀ ਸਪਾਹ ਨੇ ਦਿੱਲੀ ਦੀ ਲੜਾਈ ਵਿੱਚ ਬੜੀ ਹੀ ਪ੍ਰਸੰਸਨੀਯ ਖਿਦਮਤ ਕੀਤੀ। ਜਨਰਲ ਵਿਲਨਸ ਮਹਾਰਾਜਾ ਸਾਹਿਬ ਦੀ ਫੌਜ ਦੀ ਬਹਾਦਰੀ ਦੀ ਸੇਵਾ ਦੀ ਬਾਬਤ ਮਹਾਰਾਜਾ ਸਾਹਿਬ ਦਾ ਧੰਨਵਾਦ ਕੀਤਾ। ਇਸੇ ਤਰ੍ਹਾਂ ਸਹਾਰਨਪੁਰ ਜਗਾਧਰੀ ਤੇ ਫਿਰੋਜ਼ਪੁਰ ਆਦਿਕ ਅਸਥਾਨਾਂ ਵਿੱਚ

ਪਟਯਾਲਾ ਦੀ ਸਪਾਹ ਨੇ ਬਹੁਤ ਮਦਦ ਦਿੱਤੀ ਤੇ ਖ਼ਾਸ ਕਰ ਫਿਰੋਜ਼ਪੁਰ ਦੇ ਟਾਕਰੇ ਵਿੱਚ ੧੦ ਰਸਾਲੇ ਦੇ ਨਾਲ ਲੜਾਈ ਦੇ ਵੇਲੇ ਤਾਂ ਪਟਯਾਲੇ ਦੀ ਸਪਾਹ ਨੂੰ ਨੁਕਸਾਨ ਵੀ ਬਹੁਤ ਪੁੱਜਾ ਤੇ ਕਈ ਆਦਮੀ ਫਟੜ ਹੋਏ।

ਰਸਦ ਤੇ ਸਪਾਹ ਤੋਂ ਬਿਨਾਂ ਮਹਾਰਾਜਾ ਸਾਹਿਬ ਪਟਯਾਲਾ ਨੇ ੫ ਲਖ ਰੁਪਏ ਨਕਦ ਦੀ ਮਦਦ ਅੰਗਰੇਜ਼ਾਂ ਨੂੰ ਦਿੱਤੀ। ਮਸ਼ਹੂਰ ਮਸ਼ਹੂਰ ਸਰਦਾਰਾਂ ਦੇ ਨਾਲ ਜੋ ਫੌਜ ਮਦਦ ਲਈ ਦਿੱਤੀ, ਉਸ ਦਾ ਵੇਰਵਾ ਇੰਜ ਹੈ:

੮ ਤੋਪਾਂ ਤੇ ੨੧੫੬ ਸਵਾਰ, ੨੮੪੬ ਪੈਦਲ ਸਿਪਾਹੀ ਤੇ ੧੫੬ ਹੁਦੇਦਾਰ ਸ੍ਰ: ਸਿੰਘ ਸੱਯਦ ਮੁਹੰਮਦ ਹਸਨ ਦਿੱਲੀ ਵਿੱਚ ਨੀਯਤ ਸਪਾਹ ਦੇ ਅਫਸਰ ਸਨ। ਇਸੇ ਤਰ੍ਹਾਂ ਕੰਵਰ ਦੀਪ ਸਿੰਘ ਸਾਹਿਬ ਬਹਾਦਰ ਥਾਨੇਸਰ ਵਾਲਿਆਂ ਦੇ ਲੜਕੇ ਸਰਦਾਰ ਬੀਰਾ ਸਿੰਘ, ਹਜ਼ਾਰਾ ਸਿੰਘ ਅੰਬਾਲੇ ਦੇ, ਸ੍ਰ: ਕਰਮ ਸਿੰਘ ਕਾਹਨ ਸਿੰਘ ਹਿਸਾਰ ਦੇ, ਸ੍ਰ: ਜੀਵਨ ਸਿੰਘ ਕਾਲੇਕਮ ਫਿਰੋਜ਼ਪੁਰ ਦੇ, ਸਰਦਾਰ ਦਾਰਦਲ ਸਿੰਘ ਤੇ ਫਤਹ ਸਿੰਘ ਬਾਗੜੀਆਂ ਵਾਲੇ ਹਾਂਸੀ ਦੇ।

ਇਸ ਸਹਾਇਤਾ ਦਾ ਇਹ ਸਿਟਾ ਨਿੱਕਲਯਾ ਕਿ ਜਿੱਥੇ ਜਿੱਥੇ ਫਸਾਦ ਹੋਏ ਸਨ, ਉੱਥੇ ਹੀ ਉੱਥੇ ਦਬ ਗਏ ਅਤੇ ਦਿੱਲੀ ਫਤਹਿ ਹੋ ਗਈ ਤੇ ਅਵਧ ਦੇ ਟਾਕਰੇ ਤੇ ਪੰਜਾਬ ਵਿੱਚ ਉੱਕਾ ਅਮਨ ਹੋ ਗਿਆ।

ਇਸ ਤੋਂ ਪਿੱਛੋਂ ੧੮੫੮ ਵਿੱਚ ਧੌਲਪੁਰ ਵਿੱਚ ਜਿੱਥੇ ਮਹਾਰਾਜਾ ਸਾਹਿਬ ਦੀ ਲੜਕੀ ਵਿਆਹੀ ਹੋਈ ਸੀ, ਗੜਬੜ ਹੋ ਗਈ। ਮਹਾਰਾਜਾ ਸਾਹਿਬ ਦੀ ਫੌਜ ਨੇ ਉਸ ਝਗੜੇ ਨੂੰ ਸ਼ਾਂਤ ਕਰ ਦਿੱਤਾ।

## ੧੦੭. ਖਤਾਬ ਤੇ ਸਨਦ

ਸਰਕਾਰ ਅੰਗ੍ਰੇਜ਼ੀ ਨੇ ਮਹਾਰਾਜਾ ਸਾਹਿਬ ਦੀਆਂ ਇਹਨਾਂ ਸੇਵਾ ਨੂੰ ਮੁਖ ਰੱਖ ਕੇ ਫਸਾਦ ਮੁਕਣ ਦੇ ਮਗਰੋਂ 'ਫਰਜ਼ਿੰਦੇ ਖ਼ਾਸ ਦੌਲਤ ਇੰਗਲਸ਼ੀਆ ਮਨਸੂਰ ਉਲਜ਼ਮਾਨ ਅਮੀਰਉਲ ਉਮਰਾ' ਦਾ ਖ਼ਿਤਾਬ ਦਿੱਤਾ ਤੇ ਕਦਰਦਾਨੀ ਵਜੋਂ ਨਾਰਨੌਲ ਦਾ ਦੋ ਲੱਖ ਦਾ ਪ੍ਰਗਣਾ ਜੋ ਨਵਾਬ ਅਬਦੁਲਾ ਖਾਂ ਝਜਰ ਵਾਲੇ ਦਾ ਸਰਕਾਰ ਨੇ ਜ਼ਬਤ ਕੀਤਾ ਹੋਇਆ ਸੀ ਤੇ ਇੱਕ ਮਕਾਨ ਜਿਸ ਦਾ ਨਾਮ ਜੀਨਤ ਮਹੱਲ ਸੀ ਤੇ ਜਿਸ ਵਿੱਚ ਦਿੱਲੀ ਦੇ ਬਾਦਸ਼ਾਹ ਦੀ ਬੇਗ਼ਮ ਰਹਿੰਦੀ ਸੀ, ਸਨਦ ਸਮੇਤ ਦਿੱਤਾ।

## ੧੦੮. ਸਨਦ ਦੀ ਨਕਲ

ਨਕਲ ਸਨਦ, ਮਲਕੀਅਤ ਤੇ ਇੰਤਕਾਲ ਪ੍ਰਗਨਾ ਕਾਨੌਂਵੜ, ਬੁਧਵਾਨਾ, ਖਮਾਣੋ, ਨਾਮ ਫਰਜ਼ਿੰਦੇ ਖ਼ਾਸ ਦੌਲਤ ਇੰਗਲਸ਼ੀਆ ਮਨਸੂਰਉਲਜ਼ਮਾਨ ਅਮੀਰਓਲ ਉਮਰਾ ਮਹਾਰਾਜਾ ਅਧਿਰਾਜਾ ਰਾਜੇਸ਼੍ਵਰ ਸ੍ਰੀ ਮਹਾਰਾਜਾਗਾਨ ਨਰਿੰਦਰ ਸਿੰਘ ਮਹਿੰਦਰ ਬਹਾਦਰ।

ਵੱਲੋਂ, ਨਵਾਬ ਮੁਸਤ ਤਾਬਮੁਅਲਾ ਅਲਕਾਬ ਵੈਸਰਾਏ ਤੇ ਗਵਰਨਰ ਜਨਰਲ ਬਹਾਦਰ ਹਮੇਸ਼ਾਂ ਅਕਬਾਲ ਹੋਵੇ। ਇਸ ਕਰ ਕੇ ਕਿ ਇਸ ਮੁਲਕ ਹਿੰਦ ਵਿੱਚ ਸਰਕਾਰੇ ਪਾਏਦਾਰ ਦੇ ਤਸਲਤ ਦੇ ਸਮੇਂ ਤੋਂ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਬਹਾਦਰ ਤੇ ਇਨ੍ਹਾਂ ਦੇ ਬਜ਼ੁਰਗਾਂ ਦੇ ਦਿਲ ਵਿੱਚ ਨੇਕ ਖ਼ਿਆਲ ਤੇ ਚੰਗੇ ਇਰਾਦੇ ਸਰਕਾਰ ਬਾਬਤ ਦਿਲ ਵਿੱਚ ਰਹੇ ਹਨ। ਇਸ ਕਰ ਕੇ ਵੱਡੇ ਮੀਰ ਜਨਾਬ ਵੈਸਰਾਏ ਤੇ ਗਵਰਨਰ ਜਨਰਲ ਬਹਾਦਰ ਮੁਲਕ ਹਿੰਦੁਸਤਾਨ ਹਰ ਤਰ੍ਹਾਂ ਨਾਲ ਸ੍ਰੀ ਮਹਾਰਾਜਾ ਸਾਹਿਬ ਮਹਿੰਦਰ ਦੀ ਬਹਾਦਰੀ ਦੀ ਦਿਲ ਦੀ ਖ਼ੁਸ਼ੀ ਦਾ ਲਿਹਾਜ਼ ਸੋ ਹੋਰ ਮੇਹਰਬਾਨੀ ਕਰ ਕੇ ੧੧੦ ਪਿੰਡਾਂ ਪ੍ਰਗਣਾਂ ਕਾਨੌਡੋ ਤੇ ਬੁਧਵਾਨਾ, ਕੁਲ ਆਮਦਨ।

ਨਜ਼ਰਾਨਾ ਤੇ ਪ੍ਰਗਣਾ ਖਮਾਨੂੰ ਸਮੇਤ ਜ਼ਰ ਕਮੀਓਟੇਸ਼ਨ, ਹੱਕ ਲਾਵਲਦੀ ਫੌਜਦਾਰੀ ਆਦਿਕ ਸਾਰੇ ਕਾਰਨਾਂ ਸਮੇਤ ੧ ਲਖ ੭੬ ਹਜ਼ਾਰ ਨੌ ਸੌ ੬੦ ਰੁਪਏ ਦੇ ਬਦਲੇ ਮਹਾਰਾਜਾ ਸਾਹਿਬ ਨੂੰ ਦੇ ਦਿੱਤੇ ਹੇਠ ਲਿਖੀਆਂ ਸ਼ਰਤਾਂ ਅਨੁਸਾਰ:

੧-ਇਹ ਇਲਾਕਾ ਉਪ੍ਰੋਕਤ ਮਹਾਰਾਜਾ ਸਾਹਿਬ ਮਹਿੰਦਰ ਬਹਾਦਰ ਤੇ ਓਹਨਾਂ ਦੇ ਜਾਨਸ਼ੀਨਾਂ ਤੇ ਓਹਨਾਂ ਦੀ ਸੰਤਾਨ ਪਾਸ ਰਹੇਗੀ।

੨-ਜੋ ਹੱਕ ਮਾਲੀ, ਮੁਲਕੀ, ਹਕੂਮਤ ਫੌਜਦਾਰੀ ਆਦਿਕ ਮੋਰੂਸੀ ਮੁਲਕ ਬਾਬਤ ਬਮੂਜਬ ੫ ਮਈ ਸੰਨ ੧੮੬੦ ਮਹਾਰਾਜਾ ਸਾਹਿਬ ਬਹਾਦਰ ਤੇ ਮਹਾਰਾਜਾ ਸਾਹਿਬ ਦੇ ਜਾਨਸ਼ੀਨਾਂ ਨੂੰ ਪ੍ਰਾਪਤ ਹਨ, ਇਸ ਇਲਾਕੇ ਵਿੱਚ ਵੀ ਓਹੋ ਹੀ ਹੱਕ ਸਾਰੇ ਪ੍ਰਾਪਤ ਹੋਣਗੇ।

੩-ਓਹ ਸ਼ਰਤਾਂ ਜੋ ੫ ਮਈ ੧੮੬੦ ਦੇ ਇਕਰਾਰ ਨਾਮੇ ਅਨੁਸਾਰ ਮਹਾਰਾਜਾ ਸਾਹਿਬ ਦੇ ਮੋਰੂਸੀ ਮੁਲਕ ਬਾਬਤ ਹਨ, ਇਸ ਇਲਾਕੇ ਤੇ ਵੀ ਹੋਣਗੀਆਂ।

ਕਾਨੋਡੋ ਤੇ ਬੁਧਵਾਨਾ ਦੇ ਪ੍ਰਗਣੇ ਦੇ ਪਿੰਡਾਂ ਦੀ ਸੂਚੀ ਜੋ ੪ ਜਨਵਰੀ ੧੮੬੧ ਨੂੰ ਹਜ਼ੂਰ ਹਿਜ਼ ਐਕਸੇਲੈਨਸੀ ਚਾਰਲਸ ਜਾਨ ਲਾਰਡ ਅਰਲ ਕੈਨਿੰਗ ਵੈਸਰਾਇ ਤੇ ਗਵਰਨਰ ਜਨਰਲ ਦੇ ਆਦਮੀਆਂ ਦੇ ਦਸਖ਼ਤਾਂ ਨਾਲ ਤਯਾਰ ਹੋਈ।

ਆਜ਼ਮ ਨਗਰ, ਅਕਬਰ ਪੁਰ, ਅਨਾਦਾਸ, ਅਗਹਾਰ, ਬਾਵੜਾ, ਬਦੜਾਈ, ਨਰਸਿੰਘ ਵਾਸ, ਬਸਈ, ਬਲਾਨਾ ਬਲਾਇਚਾ, ਤਵਾਬਾ ਅਫਗਾਨ, ਬੋਡੀਨ, ਭੋਰਚਾਟ, ਬੀਬੀ ਪੁਰ, ਅਮੀਰ ਦਾਸ, ਭਗਰਾਨ ਬੋਜ ਦਾਸ, ਪੋਚੋਲੀ, ਬੋਚਨੀ, ਭਾਂਦੋਰ, ਉੱਚੀ ਭਾਂਦੋਰ, ਨੀਵੀਂ ਬੋਰੀ, ਪਾਤਰਾ, ਪਾਲੜੀ, ਪਾਇਗਾ; ਬਟਾਰ ਦਾ ਸਪਾਲ, ਮਾਲੀ, ਪਲਾਤਵਾਨ, ਲੀਜਾਂਫ, ਛਾਜਾ ਦਾਸ, ਜਾਟਦਾਸ ਜਾਸਾ ਦਾਸ, ਜਾਂਡਰਸਾ ਦਾਸ, ਜੋਤਾ ਦਾਸ, ਭਗਰੋਝੋਕ, ਜੋਧੇਰ; ਝਲਾਂਕ, ਡੀਉ ਦਾਸ, ਡੋਲਾਨਾ, ਦੋ ਟੋਈਆ, ਅਹੀਰਾ ਦੇਵਲੀ, ਦੇਵਰਾਲ, ਡਾਲਨਿਵਾਸ, ਡਾਹੂਮੋਰ, ਢਾਨਾ, ਵਹਕਰੋਸਾ ਸਰੋਲੀ, ਅਹੀਰਾ, ਸਰੋਲੀ ਜਟ, ਰਾਮਪੁਰਾ, ਰੀਵਾਸਾ। ਰਾਣੀਦਾਸ, ਰਾਜਾ ਦਾਸ, ਜ਼ੇਰ ਪੁਰ, ਮਸਤ ਨਾਲੀ, ਸੋਹਲੇਲਾ, ਸਿਆਣਾ, ਸਰਜੀ ਦਾਸ, ਸ੍ਰੋਹੀਨਾ ਗਲ, ਸਮਾਸਮੀ ਮੀਉਟ, ਸੀਗੜਾ, ਸੀਗੜੀ ਸੂਰਥੀਮਲਾਨਾ, ਸੂਰਥੀਜਾਗੜਾ ਸੂਰਥੀਮਾਵੜਧਾਨਾ, ਆਦਲਪੁਰ, ਸੁਮਾਲਪੁਰ, ਫਿਰੋਜ਼ਪੁਰ, ਫੈਜਆਬਾਦ, ਕਸਬਾ ਕਾਨੋਡ, ਕੋਥਲ ਨਿਕੇ, ਕੋਥਲ ਵਡੇ, ਕੋਕਸੀ, ਖਾਨੋਡ, ਖਾਲੀਦਾਸ, ਖਾਟਰਾ, ਖਰੋਲੀ, ਖੇੜਾਕੇਮਲਾ, ਕਵਾਰਦਤਾ, ਖਾਲੂਡਰਾ, ਖੇਰਕੀ, ਖੜਖੜਾ, ਕੀਓਦਾਨਾ, ਖੇੜੀਗਾਦੜਦਾਸ, ਗਟਮਰੀ, ਗੇਰਾਨਹ, ਗੋਪਾਲ ਦਾਸ, ਕਾਖਨਾ ਦਸ, ਕਲਾਵਲਾ, ਲੈਹੜੋਦਾ, ਲਾਵਨ, ਮਾਲੜਾ, ਮਾਂਡਵਾਲਾ ਮਾਜਰਾ, ਮਹਗਨ ਦਾਸ, ਬਨਟੀ, ਨਾਲਹਾ ਦਾਸ, ਕਾਨਕੋਦਾਸ, ਨਾਗਲਵਾਲਾ, ਨਾਤਵਾਨੀ, ਨੋਤਾਨਾ, ਨੋਰੰਗਆਬਾਦ, ਭਟਬੇੜਾ, ਬੇਨੀ, ਹੋਵਨਾ।

ਪ੍ਰਗਣਾ ਖਮਾਨੂੰ ਦੇ ਪਰਗਨੇ ਦੇ ਪਿੰਡਾਂ ਦੀ ਸੂਚੀ ਜੋ ੪ ਜਨਵਰੀ ਦੀ ਸਨਦ ਨਾਲ ਸ਼ਾਮਲ ਹਨ:

ਅਮਰਾਲਾ, ਬ੍ਰਾਜਧਾਨ, ਬਣੀਪਾਟ, ਬੜੀ ਖਮਾਨੂ, ਬਸੀ ਬਲਾਸਪੁਰ, ਫਾਦੀ, ਛਾਮੀਆਭੋਟਾ, ਮੋਹਲੇ ਮਾਜਰਾ, ਪੋਨਾਮਚਾ, ਠੀਕਰੀ ਵਾਲਾ, ਛੋਟਾਚਟਾਨਾ, ਛੋਟੀ ਬਾਟ, ਰਨਾਉਮ ਜ਼ਰਾ, ਰਾਮਖੇੜਾ, ਰਾਮਗੜ੍ਹ ਦੂਜਾ, ਹਾਤੋਨ, ਰਾਏ ਪੁਰ।

ਅੰਬਾਲੇ ਦੇ ਮੁਕਾਮ ਤੇ ਸਤਲੁਜ ਦੇ ਉਸ ਪਾਸੇ ਦੇ ਰਾਜਿਆਂ ਤੇ ਪਹਾੜੀ ਰਈਸਾਂ ਨਾਲ ਇੱਕ ਆਮ ਦਰਬਾਰ ਵਿੱਚ ਮੁਲਾਕਾਤ ਕੀਤੀ। ਤਦ ਉਸ ਵੇਲੇ ਵੈਸਰਾਏ ਨੇ ਖਿਲਅਤ ਦੇਣ ਦੇ ਵੇਲੇ ਮਹਾਰਾਜਾ ਸਾਹਿਬ ਪਟਯਾਲਾ ਨੂੰ ਖ਼ਾਸ ਤੌਰ ਤੇ ਸੰਬੋਧਨ ਕਰ ਕੇ ਤਕਰੀਰ ਵਿੱਚ ਕਿਹਾ।

ਮਹਾਰਾਜਾ ਸਾਹਿਬ ਪਟਯਾਲਾ! ਮੈਂ ਇਸ ਗੱਲ ਤੋਂ ਬੜਾ ਖ਼ੁਸ਼ ਹਾਂ ਕਿ ਮੈਨੂੰ ਇਹ ਮੌਕਾ ਮਿਲਿਆ ਕਿ ਆਪ ਦਾ ਪ੍ਰਗਟ ਰੂਪ ਵਿੱਚ ਉਹਨਾਂ ਖਿਦਮਤਾਂ ਲਈ ਧੰਨਵਾਦ ਕਰਾਂ ਜੋ ਤੁਸਾਂ ਸ਼ੁਭਚਿੰਤਕ ਹੋਣ ਕਰ ਕੇ ਕੀਤੀਆਂ। ਨਾ ਕੇਵਲ ਇਸ ਕਰ ਕੇ ਕਿ ਆਪਨੇ ਸਰਕਾਰ ਨੂੰ ਲੋੜ ਅਨੁਸਾਰ ਫੌਜ ਦੀ ਮਦਦ ਦਿੱਤੀ, ਬਲਕਿ ਇਸ ਕਰ ਕੇ ਵੀ ਕਿ ਆਪ ਝਟ ਪਟ ਬਿਨਾਂ ਕਿਸੇ ਫ਼ਰਕ ਦੇ ਸਹਾਇਤਾ ਦੇਣ ਲਈ ਤਯਾਰ ਹੋ ਗਏ, ਤਦ ਆਪ ਦੀ ਸਚੀ ਵਫ਼ਾਦਾਰੀ ਜੋ ਗ਼ਦਰ ਦੇ ਸ਼ੁਰੂ ਤੋਂ ਪ੍ਰਗਟ ਹੋਈ, ਮਲਕਾ ਮੁਅੱਜ਼ਮਾਂ ਦਾ ਪੱਛਮੀ ਪ੍ਰਜਾ ਲਈ ਸਿਖਯਾਦਾਇਕ ਹੋਈ। ਇੱਥੇ ਉਹਨਾਂ ਖਿਦਮਤਾਂ ਦੇ ਦੱਸਣ ਦੀ ਲੋੜ ਨਹੀਂ, ਕਿਉਂਕਿ ਇੱਕ ਇੱਕ ਕਰ ਕੇ ਇੱਥੇ ਬੈਠੇ ਸਾਰਿਆਂ ਨੂੰ ਮਲੂਮ ਹਨ ਤੇ ਪੂਰਾ ਹਾਲ ਉਹਨਾਂ ਸਰਕਾਰੀ ਕਾਗ਼ਜ਼ਾਂ ਵਿੱਚ ਦਰਜ ਹੈ, ਜਿਨ੍ਹਾਂ ਵਿੱਚ ਮਲਕਾ ਮੁਅੱਜ਼ਮਾਂ ਦੀ ਫੌਜ ਦੀ ਸਾਰੀ ਕਾਰਗੁਜ਼ਾਰੀ ਤੇ ਜਾਨਫਸ਼ਾਨੀ ਜੋ ਹਿੰਦ ਦੇ ਮੁਲਕ ਵਿੱਚ

ਇੰਗਲਸਤਾਨ ਦੀ ਹਕੂਮਤ ਕਾਇਮ ਰਖਣ ਵਾਸਤੇ ਕੀਤੀ, ਲਿਖੇ ਹਨ। ਜੋ ਇਹ ਹੋ ਨਹੀਂ ਸਕਦਾ ਕਿ ਉਹ ਸੇਵਾ ਕਦੇ ਭੁੱਲ ਜਾਏ। ਦਰਬਾਰ ਵਿੱਚ ਬੈਠਿਆਂ ਸੱਜਣਾਂ ਦੇ ਸਾਹਮਣੇ ਮੈਨੂੰ ਇਹ ਪ੍ਰਗਟ ਕਰਨ ਦੀ ਲੋੜ ਹੈ ਕਿ ਆਪ ਦੀ ਸੇਵਾ ਤੇ ਇੱਜ਼ਤ ਵਧਾਨ ਵਿੱਚ ਮਲਕਾ ਮਹਾਰਾਣੀ ਨੂੰ ਬੜੀ ਖ਼ੁਸ਼ੀ ਤੇ ਗਵਰਨਮੈਂਟ ਨੂੰ ਹਰ ਤਰ੍ਹਾਂ ਉਮੈਦ ਹੈ ਕਿ ਇਹ ਇੱਜ਼ਤ ਤੇ ਦਰਜਾ ਆਪ ਦੀ ਸੰਤਾਨ ਦਾ ਕਾਇਮ ਰਹੇਗਾ ਤੇ ਉਹ ਵੀ ਅਜਿਹੇ ਹੀ ਬਹਾਦਰ ਤੇ ਖੈਰਖਾਹ ਹੋਣ ਜਿਹੇ ਕਿ ਆਪ ਤੋਂ ਮੈਂ ਤਜਵੀਜ਼ ਕੀਤੀ ਹੈ ਕਿ ਇੱਕ ਸਨਦ ਤਜਾਰ ਕੀਤੀ ਜਾਏ, ਜਿਸ ਦੇ ਨਾਲ ਆਪ ਦੇ ਮੁਲਕ ਤੇ ਉਹਦੇ ਸਾਰੇ ਹੱਕ ਤੇ ਆਪਦਾ ਸਦਾ ਦਾ ਹੱਕ ਸਮਝਿਆ ਜਾਵੇ ਤੇ ਹੁਕਮ ਦਿੱਤਾ ਹੈ ਕਿ ਇਹ ਗੱਲ ਵੀ ਉਸ ਵਿੱਚ ਦਰਜ ਕੀਤੀ ਜਾਏ ਕਿ ਰੱਬ ਨਾ ਕਰੇ ਜੇ ਕਦੀ ਆਪ ਦੀ ਕੋਈ ਬਿੰਦੀ ਸੰਤਾਨ ਨਾ ਹੋਵੇ, ਤਦ ਆਪ ਨੂੰ ਫੂਲ ਖਾਨਦਾਨ ਵਿੱਚੋਂ ਜਿਸ ਦੀ ਇੱਕ ਸ਼ਾਖ ਆਪ ਦਾ ਖਾਨਦਾਨ ਵੀ ਹੈ, ਕਿਸੇ ਆਦਮੀ ਨੂੰ ਆਪਣਾ ਜਾਨਸ਼ੀਨ ਚੁਣ ਕੇ ਮੁਤਬੱਨਾਂ ਕਰਨ ਦਾ ਅਖਤਯਾਰ ਹੋਵੇਗਾ ਤੇ ਓਹ ਲੜਕਾ ਸਮਝ ਕੇ ਓਸ ਦੀ ਕਦਰ ਤੇ ਇੱਜ਼ਤ ਕੀਤੀ ਜਾਏ।

ਇਸ ਖ਼ੁਸ਼ੀ ਵਿੱਚ ਮਹਾਰਾਜਾ ਨਰਿੰਦਰ ਸਿੰਘ ਨੇ ੨੦ ਹਜ਼ਾਰ ਰੁਪੱਯੇ ਦੇ ਸੋਨੇ ਦੇ ਕੜੇ ਆਪਣੇ ਕਰਮਚਾਰੀ ਅਤੇ ਸਰਦਾਰਾਂ ਵਿੱਚ ਵੰਡੇ, ਦੋਸ਼ਾਲੇ ਤੇ ਖਿਲਅਤਾਂ ਦਿੱਤੀਆਂ ਤੇ ਨਾਰਨੌਲ ਦੇ ਇਲਾਕੇ ਵਿੱਚੋਂ ੯ ਹਜ਼ਾਰ ਦੀ ਜਾਗੀਰ ਦੇ ੧੧ ਪਿੰਡ ਅਹਿਲਕਾਰਾਂ ਨੂੰ ਜਾਗੀਰ ਵਿੱਚ ਦਿੱਤੇ।

## ੧੦੯. ਬੀਬੀ ਬਖਤਾਵਰ ਕੌਰ ਦਾ ਵਿਵਾਹ ਤੇ ਅੰਮ੍ਰਿਤਸਰ ਮਹਾਰਾਜੇ ਦਾ ਆਉਣਾ

ਸੰਮਤ ੧੯੧੫ ਬਿਕ੍ਰਮੀ ਨੂੰ ਮਹਾਰਾਜਾ ਨੇ ਆਪਣੀ ਲੜਕੀ ਬਖਤਾਵਰ ਕੌਰ ਦਾ ਵਿਆਹ ਰਾਜਾ ਜਸਵੰਤ ਸਿੰਘ ਨਾਲ ਬੜੀ ਧੂਮ ਧਾਮ ਨਾਲ ਕੀਤਾ, ੧੦ ਲੱਖ ਰੁਪਯਾ ਇਸ ਵਿਆਹ ਤੇ ਖ਼ਰਚ ਆਇਆ। ਪਹਿਲਾਂ ਲੜਕੀ ਦਾ ਵਿਆਹ ਕਰ ਕੇ ਮਹਾਰਾਜਾ ਸਾਹਿਬ ਹਰਦਵਾਰ ਵੱਲ ਗਏ ਸਨ। ਇਸ ਲੜਕੀ ਦੀ ਸ਼ਾਦੀ ਕਰ ਕੇ ਪਹਿਲਾਂ ਅਨੰਦਪੁਰ ਸਾਹਿਬ ਅੱਪੜੇ। ਇੱਥੇ ਗੁਰਦਵਾਰੇ ਭੇਟਾ ਚੜ੍ਹਾਈ ਤੇ ਆਪਣੇ ਲੜਕੇ ਮਹਿੰਦਰ ਸਿੰਘ ਨੂੰ ਅੰਮ੍ਰਿਤ ਛਕਾਇਆ। ਫਿਰ ਨੈਨਾ ਦੇਵੀ ਦੇ ਪਹਾੜ ਤੇ ਗਏ। ਇਸ ਪਹਾੜ ਦਾ ਸੀਨ ਬੜਾ ਹੀ ਦਿਲ ਖਿੱਚਣ ਵਾਲਾ ਹੈ। ਇੱਕ ਪਾਸੇ ਨਜ਼ਰ ਮਾਰੋ ਤਦ ਸਬਜ਼ੀ ਹੀ ਸਬਜ਼ੀ ਨਜ਼ਰ ਆਉਂਦੀ ਹੈ। ਦੂਜੇ ਪਾਸੇ ਦਰਯਾ ਦਾ ਚਿੱਟਾ ਚਿੱਟਾ ਪਾਣੀ ਚਮਕ ਮਾਰਦਾ ਜਾ ਰਿਹਾ ਹੈ। ਸੰਧਯਾ ਦੇ ਵੇਲੇ ਜਦੋਂ ਕਿ ਸੂਰਜ ਦੀਆਂ ਕਿਰਨਾਂ ਡਿੰਗੀਆਂ ਹੋ ਕੇ ਇੱਥੇ ਪੈਂਦੀਆਂ ਹਨ, ਤਦ ਬੜਾ ਹੀ ਸੋਭਾਏਮਾਨ ਸਮਾਂ ਹੋ ਜਾਂਦਾ ਹੈ। ਕਿਰਨਾਂ ਤੋਂ ਕਈ ਰੰਗ ਪ੍ਰਗਟ ਹੋ ਜਾਂਦੇ ਹਨ। ਸਾਹਮਣੇ ਕੋਹ ਹਿਮਾਲਾ ਦੀਆਂ ਉੱਚੀਆਂ ਚੋਟੀਆਂ ਨਜ਼ਰੀ ਪੈਂਦੀਆਂ ਹਨ। ਇੱਥੋਂ ਚੱਲ ਕੇ ਮਹਾਰਾਜਾ ਸਾਹਿਬ ਸ੍ਰੀ ਅੰਮ੍ਰਿਤਸਰ ਪੁੱਜੇ ਤੇ ਬੜੀ ਖ਼ੁਸ਼ੀ, ਚਾਓ ਤੇ ਪ੍ਰੇਮ ਨਾਲ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ। ਬਹੁਤ ਸਾਰੀ ਭੇਟਾ ਚੜ੍ਹਾਈ, ਸਾਰੇ ਸ਼ਹਿਰ ਦੇ ਵਿੱਚ ਜਿੰਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਜੋ ੨੦੦੦) ਸਨ, ਇੱਕ ਇੱਕ ਅਸ਼ਰਫੀ ਭੇਟਾ ਵਜੋਂ ਚੜ੍ਹਾਈ।

## ੧੧੦. ਮਹਾਰਾਜੇ ਦਾ ਲਾਹੌਰ ਜਾਣਾ ਤੇ ਪ੍ਰਗਨਾ ਖਨੋਰ ਦੀ ਪ੍ਰਾਪਤੀ

ਮਹਾਰਾਜਾ ਸਾਹਿਬ ਇੱਥੋਂ ਲਾਹੌਰ ਚਲੇ ਗਏ ਤੇ ਸਰ ਰਾਬਰਟ ਮਿੰਟਗੁਮਰੀ ਸਾਹਿਬ ਲਫਟੰਟ ਗਵਰਨਰ ਨਾਲ ਮੁਲਾਕਾਤ ਕੀਤੀ। ਸਾਹਿਬ ਨੇ ਮਹਾਰਾਜਾ ਸਾਹਿਬ ਦੀ ਦਰਖ਼ਾਸਤ ਤੇ ੧੯ ਲਖ ੩੯ ਹਜ਼ਾਰ ੮ ਸੌ ਰੁਪਜੇ ਨਜ਼ਰਾਨਾ ਲੈ ਕੇ ਕਨੌੜ ਤੇ ਬੁਧਵਾਨਾਂ ਦੇ ਪ੍ਰਗਨੇ ਇੱਕ ਲਖ ਰੁਪਜੇ ਸਾਲਾਨਾ ਦੀ ਆਮਦਨ ਦੇ ਮਹਾਰਾਜੇ ਨੂੰ ਸਰਕਾਰ ਅੰਗਰੇਜ਼ੀ ਤੋਂ ਦਵਾਏ ਤੇ ਨਜ਼ਰਾਨੇ ਦਾ ਰੁਪਯਾ ਕਰਜ਼ ਵਾਲੀ ਰਕਮ ਵਿੱਚੋਂ ਮੁਜਰਾ ਲੈ ਲਿਆ। ਹੁਣ ੩ ਲਖ ੧੨ ਹਜ਼ਾਰ ਰੁਪਯਾ ਜੋ ਬਾਕੀ ਰਿਹਾ, ਓਸ ਦੇ ਬਦਲੇ ਮਹਾਰਾਜੇ ਦੀ ਮਰਜ਼ੀ ਅਨੁਸਾਰ ਖਮਾਓ, ਜਿਸ ਵਿੱਚ ੬੩ ਪਿੰਡ ਸ਼ਾਮਲ ਹਨ, ਇੱਕ ਲਖ ੭੬ ਹਜ਼ਾਰ ੭੫੦ ਰੁਪਜੇ ਦੇ ਬਦਲੇ ਗਵਰਨਮੈਂਟ ਨੇ ਮਹਾਰਾਜੇ ਨੂੰ ਦੇ ਦਿਤੇ। ਇਨ੍ਹਾਂ ਦਿਨਾਂ ਵਿੱਚ ੧ ਨਵੰਬਰ ੧੮੬੧ ਈ. ਨੂੰ ਅਲਾਹਬਾਦ ਦੇ ਦਰਬਾਰ ਵਿੱਚ ਜਿਸ

ਵਿੱਚ ਮਹਾਰਾਜਾ ਜਜਾਜੀ ਰਾਓ ਵਾਲੀਏ ਗਵਾਲੀਅਰ, ਮਹਾਰਾਜਾ ਤਕੋਰਾਓ ਵਾਲੀਏ ਅੰਦੌਰ, ਮਹਾਰਾਜਾ ਰਣਬੀਰ ਸਿੰਘ ਵਾਲੀਏ ਜੰਮੂ, ਮਹਾਰਾਜਾ ਨਰਿੰਦਰ ਸਿੰਘ ਵਾਲੀਏ ਪਟਜਾਲਾ, ਵਜ਼ੀਰ ਨਵਾਬ ਅਫਜ਼ੁਲ ਦੌਲਾ ਨਜ਼ਾਮਉਲ ਮੁਲਕ ਹੈਦਰਾਬਾਦ ਦੱਖਣ, ਮਹਾਰਾਜਾ ਖਾਂਡੇ ਰਾਓ ਵਾਲੀਏ ਬੜੋਦਾ, ਮਹਾਰਾਜਾ ਦਲੀਪ ਸਿੰਘ ਵਾਲੀਏ ਲਾਹੌਰ (ਇਹ ਆਪ ਨਹੀਂ ਸਨ) ਨਵਾਬ ਯੂਸਫ ਅਲੀ ਖਾਂ ਵਾਲੀਏ ਰਾਜਪੁਰ, ਨਵਾਬ ਸਕੰਦ ਬੇਗ਼ਮ ਵਾਲੀਏ ਭੂਪਾਲ ਆਦਿਕ ਨੌ ਰਈਸ ਹਿੰਦੋਸਤਾਨੀ ਤੇ ਕੁਲ ਵੱਡੇ ੨ ਅੰਗ੍ਰੇਜ਼ ਸ਼ਾਮਲ ਸਨ। ਸਤਾਰਾ ਹਿੰਦ ਦਾ ਖ਼ਿਤਾਬ ਦਿੱਤਾ ਗਿਆ ਤੇ ਕਾਨੂੰਨ ਘੜਨ ਵਾਲੀ ਕਲਕੱਤੇ ਦੀ ਕੌਂਸਲ ਦੇ ਮੈਂਬਰ ਬਣਾਏ ਗਏ।

## ੧੧੧. ਸਤਾਰਾ ਹਿੰਦ ਦਾ ਖਤਾਬ ਤੇ ਲੈਪਾਲਕ ਬਣਾਨ ਦੀ ਆਗਜਾ

ਹਿੰਦੁਸਤਾਨ ਦੀਆਂ ਸਾਰੀਆਂ ਰਿਆਸਤਾਂ ਦੇ ਵਾਲੀਆਂ ਨੂੰ ਇਸ ਗੱਲ ਦੀ ਚਿੰਤਾ ਲਗੀ ਰਹਿੰਦੀ ਸੀ ਕਿ ਜੇ ਕਦੀ ਇਹ ਸੰਤਾਨ ਹੀਨ ਮਰ ਗਏ, ਤਦ ਓਹਨਾਂ ਦੀ ਸਲਤਨਤ ਗਵਰਨਮੈਂਟ ਜ਼ਬਤ ਕਰ ਲਵੇਗੀ। ਇਸ ਕਰ ਕੇ ਮਹਾਰਾਜਾ ਨਰਿੰਦਰ ਸਿੰਘ ਨੇ ਓਹਨਾਂ ਸਭਨਾਂ ਤੋਂ ਦਸਤਖ਼ਤ ਕਰਵਾ ਕੇ ਹੋਮ ਗਵਰਨਮੈਂਟ ਪਾਸੋਂ ਮੁਤਬਨਾ (ਲੈ ਪਾਲਕ) ਬਨਾਣ ਦੀ ਆਗਿਆ ਲੈ ਦਿੱਤੀ ਤੇ ਫੂਲ ਦੇ ਖਾਨਦਾਨ ਵਾਸਤੇ ਤਾਂ ਐਥੋਂ ਤਕ ਆਗਿਆ ਹੋ ਗਈ ਕਿ ਜੇ ਕਦੀ ਇਨ੍ਹਾਂ ਵਿੱਚੋਂ ਕੋਈ ਬਿਨਾਂ ਸੰਤਾਨ ਹੋਏ ਦੇ ਮੁਤਬੰਨਾਂ ਬਨਾਣ ਤੋਂ ਬਗੈਰ ਹੀ ਚਲਾਣਾ ਕਰ ਜਾਏ, ਤਦ ਬਾਕੀ ਦੀਆਂ ਦੋ ਰਿਆਸਤਾਂ ਨੂੰ ਅਖਤਜਾਰ ਹੋਵੇਗਾ ਕਿ ਆਪਣੇ ਖਾਨਦਾਨ ਵਿੱਚੋਂ ਕਿਸੇ ਨੂੰ ਓਸ ਰਿਆਸਤ ਦਾ ਰਾਜਾ ਬਣਾ ਦੇਣ।

ਮਾਲੂਮ ਹੋ ਜਾਵੇਗਾ ਕਿ ਫੂਲ ਦੇ ਰਾਜਿਆਂ ਨੇ ਮੁਤਬੰਨਾ ਬਨਾਣ ਦੀ ਜੋ ਦਰਖ਼ਾਸਤ ਦਿੱਤੀ ਸੀ, ਓਸ ਵਿੱਚ ਇਸ ਤੋਂ ਛੁਟ ਹੋਰ ਵੀ ਗੱਲਾਂ ਦੀ ਮੰਗ ਸੀ: (੧) ਫਾਂਸੀ ਦੀ ਸਜ਼ਾ ਦੇਣ ਦੇ ਅਖਤਜਾਰ, (੨) ਤੀਵੀਆਂ ਦਾ ਰਾਜ ਦਰਬਾਰ ਦੇ ਕੰਮ ਵਿੱਚ ਦਖ਼ਲ, (੩) ਨਾਬਾਲਗ ਰਈਸ ਦੀ ਮੌਜੂਦਗੀ ਵਿੱਚ ਕੌਂਸਲ ਦਾ ਬਨਾਣਾਂ, ਇਹ ਤਿੰਨੇ ਗੱਲਾਂ ਗਵਰਨਮੈਂਟ ਨੇ ਮੰਨ ਲਈਆਂ। ਚੌਥੀ ਗੱਲ ਦੀ ਇਹ ਮੰਗ ਕੀਤੀ ਗਈ ਕਿ ਇਸ ਖਾਨਦਾਨ ਦੀਆਂ ਤੀਵੀਆਂ ਦੀ ਕਿਸੇ ਤਰ੍ਹਾਂ ਦੀ ਸ਼ਿਕਾਇਤ ਅੰਗਰੇਜ਼ ਨਾ ਸੁਣ ਸਕਣਗੇ। ਇਹ ਗੱਲ ਅਪਰਵਾਣ ਕਰਦੇ ਹੋਏ ਕਿਹਾ ਗਿਆ ਕਿ ਜੇ ਕਦੀ ਕਿਸੇ ਤੀਵੀਂ ਨਾਲ ਅਨਿਆਏ ਹੋਵੇ, ਤਦ ਇਨਸਾਫ਼ ਦੇ ਵਾਸਤੇ ਓਸ ਦੀ ਕੀਤੀ ਦਰਖ਼ਾਸਤ ਦਾ ਸੁਣਿਆ ਜਾਣਾ ਜ਼ਰੂਰੀ ਹੈ। ਅਜਿਹੀ ਹਾਲਤ ਵਿੱਚ ਚੁੱਪ ਰਹਿਣਾ ਇਨਸਾਫ਼ ਦਾ ਖ਼ੂਨ ਕਰਨਾ ਹੈ, ਇਸ ਕਰ ਕੇ ਜਦ ਫਰੀਦਕੋਟ ਦੇ ਰਈਸ ਨੇ ਆਪਣੀਆਂ ਭਾਵਜਾਂ ਨੂੰ ਕੈਦ ਕਰ ਲਿਆ ਸੀ ਤਦ ਸਰਕਾਰ ਨੇ ਇਨ੍ਹਾਂ ਦੁਖੀਆਂ ਦੀ ਸਹਾਇਤਾ ਕਰ ਕੇ ਛੁਟਕਾਰਾ ਕਰਾ ਲਿਆ। ਸੋ ਇਹ ਸਾਰਾ ਮਹਾਰਾਜਾ ਨਰਿੰਦਰ ਸਿੰਘ ਦੀ ਸਿਆਣਪ ਦਾ ਸਿੱਟਾ ਹੈ, ਜੋ ਸਾਰੀਆਂ ਰਿਆਸਤਾਂ ਨੂੰ ਕਾਇਮ ਰੱਖ ਗਿਆ।

## ੧੧੨. ਮਹਾਰਾਜਾ ਨਰਿੰਦਰ ਸਿੰਘ ਦਾ ਚਲਾਣਾ

ਜਨਵਰੀ ੧੮੬੨ ਵਿੱਚ ਮਹਾਰਾਜਾ ਨਰਿੰਦਰ ਸਿੰਘ ਕੌਂਸਲ ਦੇ ਜਲਸੇ ਵਿੱਚ ਸ਼ਾਮਲ ਹੋਣ ਵਾਸਤੇ ਕਲਕੱਤੇ ਗਏ ਤੇ ਜਦ ਤਕ ਕੌਂਸਲ ਦਾ ਇਜਲਾਸ ਹੋਂਦਾ ਰਿਹਾ, ਆਪ ਓਥੇ ਰਹੇ। ਕੌਂਸਲ ਦਾ ਕੰਮ ਮੁੱਕਣ ਤੇ ਵਾਪਸ ਪਟਿਆਲੇ ਆ ਗਏ। ਨਵੰਬਰ ੧੮੬੨ ਨੂੰ ਆਪ ਬੁਖਾਰ ਨਾਲ ਬੀਮਾਰ ਹੋ ਗਏ। ਬੁਖਾਰ ਸਾਧਾਰਨ ਸੀ, ਕਿੰਤੂ ਮੌਤ ਦੀ ਘੜੀ ਆ ਪੁਜੀ ਤੇ ਆਪ ੧੩ ਨਵੰਬਰ ਸੰਨ ੧੮੬੨ ਈਸਵੀ ਮੁਤਾਬਕ ਸੰਮਤ ੧੯੧੯ ਬਿ. ਨੂੰ ੩੯ ਵਰਿਹਾਂ ਦੀ ਆਯੂ ਵਿੱਚ ਚਲਾਣਾ ਕਰ ਗਏ। ਰਿਆਸਤ ਪਟਜਾਲੇ ਨੂੰ ਅਜਿਹਾ ਦੂਰਦਰਸ਼ੀ ਤੇ ਦਾਨਾ ਰਾਜੇ ਦਾ ਚਲਾਣਾ ਸਖ਼ਤ ਘਾਟੇਵੰਦਾ ਸੀ, ਕਿਉਂਕਿ ਅਜਿਹਾ ਸਿਆਣਾ ਮਹਾਰਾਜਾ ਇਸ ਤੋਂ ਪਹਿਲਾਂ ਕੋਈ ਤਖ਼ਤ ਤੇ ਨਹੀਂ ਬੈਠਾ ਸੀ। ਇਹ ਮਹਾਰਾਜਾ ਸਾਹਿਬ ਬੜੇ ਸਿਆਣੇ ਦੂਰਦਰਸ਼ੀ, ਸਹਨਸ਼ੀਲ, ਸੰਤਾਂ ਦੇ ਮਿੱਤ੍ਰ ਤੇ ਹੌਸਲੇ ਵਾਲੇ ਸੀ। ਫ਼ਕੀਰਾਂ ਦੀ ਸੇਵਾ ਦਾ ਬੜਾ ਖ਼ਿਆਲ ਰੱਖਦੇ ਸਨ, ਬਰਸਾਤ ਦੇ ੪

ਮਹੀਨੇ ਸੰਤਾਂ ਸਾਧਾਂ ਤੇ ਫ਼ਕੀਰਾਂ ਨੂੰ ਜਿਨ੍ਹਾਂ ਦੀ ਗਿਣਤੀ ਦਸ ਦਸ ਹਜ਼ਾਰ ਤਕ ਹੋਂਦੀ ਸੀ, ਨਿਤਾਪਰਤੀ ਬੜੇ ਚੰਗੇ ਤੋਂ ਚੰਗੇ ਭੋਜਨ ਵੰਡੇ ਜਾਂਦੇ ਸਨ, ਜਿਸ ਤੋਂ ਇੱਕ ਲਖ ਰੁਪਯੇ ਤੋਂ ਉੱਪਰ ਹਰ ਸਾਲ ਖ਼ਰਚ ਹੋ ਜਾਂਦਾ ਸੀ।

ਇਸ ਤੋਂ ਛੁਟ ਇਮਾਰਤ ਦਾ ਵੀ ਆਪ ਨੂੰ ਬੜਾ ਸ਼ੌਕ ਸੀ। ਲਾਹੌਰ ਸ਼ਾਲੀਮਾਰ ਬਾਗ਼ ਵੇਖ ਕੇ ਆਪਨੇ ਇੱਕ ਮੋਤੀ ਬਾਗ਼ ੫ ਲਖ ਦੇ ਸਰਮਾਏ ਨਾਲ ਬਣਵਾਇਆ। ਇਸ ਬਾਗ਼ ਦੀ ਇਮਾਰਤ ੧੯੦੪ ਤੋਂ ਸ਼ੁਰੂ ਹੋ ਕੇ ੧੯੧੧ ਵਿੱਚ ਮੁੱਕੀ ਸੀ। ਫਿਰ ਇਸ ਦੇ ਸਾਹਮਣੇ ਇੱਕ ਗੁਰਦਵਾਰਾ ਇੱਕ ਲਖ ਰੁਪਏ ਦੇ ਨਾਲ ਬਣਵਾ ਕੇ ਸਵਾ ਲਖ ਰੁਪਯਾ, ਤੇ ੧੯੧੭ ਨੂੰ ਜਦ ਕੈਹਰ ਦੇ ਨਾਲ ਖਲਕਤ ਬੜੀ ਦੁਖੀ ਹੋਈ ਸੀ, ਤੇ ਭੁੱਖ ਦੇ ਦੁਖ ਨਾਲ ਲੱਖਾਂ ਆਦਮੀ ਮਰ ਗਏ ਸਨ ਤੇ ਬਹੁਤ ਸਾਰੇ ਦੇਸ਼ ਛੱਡ ਕੇ ਪਰਦੇਸ ਨਿੱਕਲ ਗਏ ਸਨ, ਧੀਆਂ ਪੁੱਤ੍ਰ ਕਿਸੇ ਨਾ ਸੰਭਾਲੇ, ਪਸ਼ੂ ਦਰੱਖਤਾਂ ਦੀਆਂ ਛਿਲ ਖਾਂਦੇ ਤੇ ਮੁੱਠ ਮੁੱਠ ਚਾਰੇ ਨੂੰ ਸਹਿਕਦੇ ਭੁੱਖੇ ਮਰ ਗਏ, ਅਜਿਹੇ ਮੌਕੇ ਤੇ ਮਹਾਰਾਜਾ ਨਰਿੰਦਰ ਸਿੰਘ ਨੇ ਆਪਣੇ ਜ਼ਖੀਰੇ ਖੋਹਲ ਕੇ ਥਾਂ ਥਾਂ ਤੇ ਅਨਾਜ ਵੰਡਣਾ ਸ਼ੁਰੂ ਕਰ ਦਿੱਤਾ ਤੇ ਖਰਾਇਤੀ ਲੰਗਰ ਜਾਰੀ ਕਰ ਦਿਤੇ। ਕਈ ਪਰਗਣਿਆਂ ਨੂੰ ਕਈ ਲੱਖ ਰੁਪਯਾ ਮਾਮਲਾ ਮਾਫ਼ ਕਰ ਦਿੱਤਾ। ੮ ਲਖ ਰੁਪਯਾ ੪੦ ਹਜ਼ਾਰ ਦਾ ਅਨਾਜ ਆਪਣੀ ਪਰਜਾ ਵਿੱਚ ਤੇ ੬ ਲੱਖ ਦਾ ਸਪਾਹੀਆਂ ਵਿੱਚ ਵੰਡ ਦਿੱਤਾ ਕਿ ਕੁਝ ਸਾਲਾਂ ਦੇ ਬਾਦ ਇਹ ਰਕਮ ਦੇ ਦੇਣੀ। ਅੰਤ ਨੂੰ ਇਹ ਵੀ ਲੋਕਾਂ ਨੂੰ ਮਾਫ਼ ਕਰ ਦਿੱਤਾ। ਨਿਰਮਲੇ ਸੰਤਾਂ ਦਾ ਅਖਾੜਾ ਇਸੇ ਮਹਾਰਾਜਾ ਨੇ ਬਣਵਾਇਆ। ੮੪ ਹਜ਼ਾਰ ਰੁਪਯਾ ਦੇ ਕੇ ਅਖਾੜਾ ਬਣਵਾਯਾ ਤੇ ੪ ਹਜ਼ਾਰ ਰੁਪਯਾ ਸਾਲਾਨਾ ਓਹਦੇ ਨਾਮ ਲਾ ਦਿੱਤਾ। ਨਾਭਾ ਤੇ ਜੀਂਦ ਰਜਾਸਤਾਂ ਵਲੋਂ ਸਹਾਇਤਾ ਦਵਾਈ।

ਰਾਜਾ ਅਮਰ ਸਿੰਘ ਸਾਹਿਬ ਸਿੰਘ ਦੇ ਵੇਲੇ ਫੌਜ ਨੂੰ ਜਾਗੀਰਾਂ ਤੇ ਜ਼ਮੀਨਾਂ ਮਾਫ਼ ਸਨ, ਜਾਂ ਕੁਝ ਅਨਾਜ ਦਿੱਤਾ ਜਾਂਦਾ ਸੀ। ਮਹਾਰਾਜਾ ਕਰਮ ਸਿੰਘ ਨੂੰ ਸਭ ਨੇ ਨਗਦ ਤਨਖਾਹਾਂ ਦੇਣ ਦਾ ਤਰੀਕਾ ਕੱਢਿਆ। ਹਰ ਇੱਕ ਸਪਾਹੀ ਤੇ ਅਹਿਲਕਾਰ ਨੂੰ ਛੀ ਛੀ ਮਹੀਨੇ ਪਿੱਛੋਂ ਤਨਖਾਹ ਮਿਲਦੀ ਸੀ। ਇਸ ਤਰ੍ਹਾਂ ਨਾਲ ਮੋਦੀ, ਜੋ ਸਿਪਾਹੀਆਂ ਨੂੰ ਖ਼ਰਚ ਦੇਂਦੇ ਰਹਿੰਦੇ ਸੀ, ਤਨਖਾਹ ਮਿਲਣ ਤੇ ਸਭ ਕੁਝ ਲੈ ਜਾਂਦੇ ਸਨ। ਸਿਪਾਹੀਆਂ ਦੇ ਹੱਥ ਪਹਿਲੇ ਕੁਝ ਨਹੀਂ ਰੈਂਹਦਾ ਸੀ। ਇਸ ਕਰ ਕੇ ਮਹਾਰਾਜਾ ਨਰਿੰਦਰ ਸਿੰਘ ਨੇ ਹਰ ਦੋ ਮਹੀਨੇ ਪਿੱਛੋਂ ਤਨਖਾਹ ਦੇਣ ਦਾ ਰਿਵਾਜ ਪਾਇਆ। ਖੇਤਾਂ ਦੀ ਬਟਾਈ ਤੇ ਰਿਸ਼ਵਤਾਂ ਵਿੱਚ ਰਾਹਕ ਲੁੱਟੇ ਜਾਂਦੇ ਸਨ। ਦਸ ਸਾਲ ਦੇ ਠੇਕੇ ਤੇ ਜ਼ਮੀਨਾਂ ਦੇ ਕੇ ਓਹਨਾਂ ਦੇ ਦ੍ਰਿਦਰ ਕੱਟ ਦਿਤੇ। ਦੀਵਾਨੀ ਤੇ ਫੌਜਦਾਰੀ ਮੁਕਦਮੇ ਜ਼ਬਾਨੀ ਫ਼ੈਸਲਾ ਹੋਂਦੇ ਸਨ। ਉਨ੍ਹਾਂ ਦੇ ਵਾਸਤੇ ਮਹਾਰਾਜਾ ਨਰਿੰਦਰ ਸਿੰਘ ਨੇ ਕਾਨੂੰਨ ਬਣਾ ਕੇ ਨਿਯਮ ਪੂਰਬਕ ਫ਼ੈਸਲਾ ਹੋਣ ਦਾ ਪ੍ਰਬੰਧ ਕਰ ਦਿੱਤਾ।

ਮਹਾਰਾਜਾ ਸਾਹਿਬ ਨੇ ਆਪਣੇ ਸਾਰੇ ਇਲਾਕੇ ਨੂੰ ਚਾਰ ਜ਼ਿਲ੍ਹਿਆਂ ਵਿੱਚ ਵੰਡ ਨਾਇਬ ਅਦਾਲਤਾਂ ਬਣਾ ਦਿੱਤੀਆਂ ਤੇ ਉਨ੍ਹਾਂ ਦੇ ਉੱਪਰ ਇੱਕ ਮੁਖੀ ਕਮੇਟੀ ਬਣਾਈ ਤੇ ਇਸ ਦੇ ਪ੍ਰਬੰਧਕ ਆਪਣੇ ਛੋਟੇ ਭਰਾ ਕੰਵਰ ਦੀਪ ਸਿੰਘ ਨੂੰ ਨੀਯਤ ਕੀਤਾ। ਕਰਜ਼ੇ ਦੇ ਮਾਮਲੇ ਵਿੱਚ ਨੌ ਸਾਲ ਦੀ ਮਿਆਦ ਨੀਯਤ ਕਰ ਕੇ ਅਸ਼ਟਾਮ ਦਾ ਲਿਆ ਜਾਣਾ ਤਜਵੀਜ਼ ਕੀਤਾ। ੧੯੧੬ ਨੂੰ ਕੰਵਰ ਦੀਪ ਸਿੰਘ ਦੇ ਚਲਾਣਾ ਕਰ ਜਾਣ ਤੇ ਜਿਨ੍ਹਾਂ ਨੂੰ ਕਿ ੨੫ ਹਜ਼ਾਰ ਰੁਪਯੇ ਦੀ ਸਲਾਨਾ ਜਾਗੀਰ ਗੁਜ਼ਾਰੇ ਵਾਸਤੇ ਮਿਲਦੀ ਸੀ, ਮਹਾਰਾਜਾ ਸਾਹਿਬ ਨੇ ਪੰਜ ਨਜ਼ਾਮਤਾਂ ਨੀਯਤ ਕੀਤੀਆਂ। ੧੯੧੬ ਨੂੰ ਰਿਆਸਤ ਵਿੱਚ ਫੌਜਦਾਰੀ ਮੁਕੱਦਮਿਆਂ ਦੇ ਫ਼ੈਸਲੇ ਲਈ ਮਜਮੂਆਏ ਕਾਨੂੰਨ ਜਾਰੀ ਕੀਤਾ ਤੇ ਸਾਰੀ ਰਿਆਸਤ ਦੇ ਵਾਸਤੇ ਖ਼ਾਸ ਕਾਇਦੇ ਬਣਾ ਕੇ ਅਹਿਲਕਾਰਾਂ ਤੇ ਆਪਣੀ ਸੰਤਾਨ ਨੂੰ ਓਹਦਾ ਪਾਬੰਦ ਕੀਤਾ, ਜੋ ਹੁਣ ਤੱਕ ਪ੍ਰਚੱਲਤ ਹੈ। ਮਹਾਰਾਜਾ ਨਰਿੰਦਰ ਸਿੰਘ ਦੇ ਸਮੇਂ ਦੀਵਾਨ ਘਨੱਯਾ ਲਾਲ, ਵਲਦ ਬਸੰਬਰਦਾਸ, ਲਾਲਾ ਨਿਹਾਲ ਚੰਦ ਦਿੱਲੀ ਵਾਲਾ, ਬਖਸੀ ਰਹੀਮਬਖ਼ਸ਼ ਗੁੱਜਰ, ਸ੍ਰ: ਬਸਾਵਾ ਸਿੰਘ ਹਰੀਕਾ, ਮੌਲਵੀ ਨੁਰਓਲਹਸਨ ਖੈਰਆਬਾਦੀ, ਅਬਦੁਲ ਖਾਂ ਮੀਰ ਮੁਨਸ਼ੀ, ਮੌਲਵੀ ਫਜ਼ਲਓਲ ਰੈਹਮਾਨ ਖਾਂ ਸਾਹਿਬ ਰਿਆਤੀ, ਮੁਹੰਮਦ ਹਸਨ ਸਾਹਿਬ ਖਲੀਫਾ,

ਦੀਵਾਨ ਜਗਦੀਸ ਸਿੰਘ ਸਾਹਿਬ ਤੇ ਦੀਵਾਨ ਕੁਲਵੰਤ ਰਾਇ ਸਾਹਿਬ ਵਡੇ ਅਫਸਰ ਸਨ। ੧੯੧੯ ਨੂੰ ਜਦ ਮਹਾਰਾਜਾ ਨਰਿੰਦਰ ਸਿੰਘ ਚਲਾਣਾ ਕਰ ਗਏ ਤੇ ਓਹਨਾਂ ਦੀ ਜਗ੍ਹਾ ਤੇ ਮਹਾਰਾਜਾ ਮਹਿੰਦਰ ਸਿੰਘ ਗੱਦੀ ਤੇ ਬੈਠੇ। ਓਸ ਵੇਲੇ ਮਹਾਰਾਜਾ ਮਹਿੰਦਰ ਸਿੰਘ ਦੀ ਉਮਰ ੧੦ ਸਾਲ ਦੀ ਸੀ। ਇਸ ਕਰ ਕੇ ੫ ਮਈ ਸੰਨ ੧੯੬੧ ਦੀ ਸਨਦ ਦੀ ਸ਼ਰਤ ਦੂਜੀ ਅਨੁਸਾਰ ਕੌਂਸਲ ਆਫਰੀਜੀ ਸੀ। ਮਹਾਰਾਜੇ ਦੇ ਬਾਲਗ ਹੋਣ ਤੱਕ ਵਾਸਤੇ ਬਣਾਈ ਗਈ, ਜਿਸ ਦੇ ਵਿੱਚ ਸ੍ਰ: ਜਗਦੀਸ ਸਿੰਘ, ਬਖ਼ਸ਼ੀ ਰਹੀਮ ਬਖ਼ਸ਼ ਤੇ ਦੀਵਾਨ ਉਦੇ ਸਿੰਘ ਤਿੰਨ ਆਦਮੀ ਲਏ ਗਏ ਤੇ ਇਹ ਤਿੰਨੇ ਅਹਿਲਕਾਰ ਕੌਂਸਲਰ ਨੀਯਤ ਹੋਏ, ਕਿੰਤੂ ਇਸ ਕੌਂਸਲ ਦੇ ਨੀਯਤ ਹੋਣ ਤੋਂ ਇੱਕ ਸਾਲ ਮਗਰੋਂ ੨੬ ਸਤੰਬਰ ੧੯੬੩ ਨੂੰ ਦੀਵਾਨ ਉਦੇ ਸਿੰਘ ਚਲਾਣਾ ਕਰ ਗਿਆ ਤੇ ਇਨ੍ਹਾਂ ਦੀ ਜਗ੍ਹਾ ਬਖ਼ਸ਼ੀ ਬਸਾਵਾ ਸਿੰਘ ਕੌਂਸਲ ਦੇ ਮੈਂਬਰ ਨੀਯਤ ਹੋਏ, ਜੋ ਇੱਕ ਬੜਾ ਹੀ ਸਿਆਣਾ ਤੇ ਦਬਦਬੇ ਵਾਲਾ ਆਦਮੀ ਸੀ, ਕਿੰਤੂ ਰੱਬ ਦਾ ਭਾਣਾ ਓਹ ਵੀ ੧੯੬੬ ਈਸਵੀ ਵਿੱਚ ਚਲਾਣਾ ਕਰ ਗਏ। ਇਨ੍ਹਾਂ ਹੀ ਦਿਨਾਂ ਵਿੱਚ ਬਖ਼ਸ਼ੀ ਰਹੀਮ ਬਖ਼ਸ਼ ਦੇ ਮਰ ਜਾਣ ਤੇ ਉਨ੍ਹਾਂ ਦੀ ਜਗ੍ਹਾ ਸੱਯਦ ਮੁਹੰਮਦ ਹਸਨ ਖਾਂ ਤੇ ਦੀਵਾਨ ਫਤਹ ਸਿੰਘ ਕੌਂਸਲ ਦੇ ਮੈਂਬਰ ਨੀਯਤ ਹੋਏ। ਕਿੰਤੂ ਸ਼ੋਕ ਹੈ ਕਿ ਮੈਂਬਰਾਂ ਨੂੰ ਇਨਸਾਫ਼ ਕਰਨ ਦੀ ਜਗ੍ਹਾ ਆਪਸ ਦੇ ਝਗੜਿਆਂ ਵਿੱਚੋਂ ਹੀ ਫੁਰਸਤ ਨਹੀਂ ਮਿਲਦੀ ਸੀ। ਧੜੇ ਬੰਦੀਆਂ ਹੋ ਗਈਆਂ, ਰਾਜਾ ਤੇ ਪ੍ਰਜਾ ਦੇ ਲਾਭ ਦੀ ਥਾਂ ਅਹਿਲਕਾਰਾਂ ਨੂੰ ਆਪਣੀ ਲੁੱਟ ਦੀ ਪੈ ਗਈ। ਧਰਮ ਵਾਲੇ, ਇਨਸਾਫ਼ ਵਾਲੇ ਤੇ ਈਮਾਨਦਾਰ ਅਹਿਲਕਾਰ ਬਹੁਤ ਘੱਟ ਰਹਿ ਗਏ, ਕਿਉਂਕਿ ਜਿਸ ਦਿਨ ਤੋਂ ਮੁਹੰਮਦ ਹਸਨ ਕੌਂਸਲਰ ਨੀਯਤ ਹੋਏ, ਓਸੇ ਦਿਨ ਤੋਂ ਆਪੋ ਵਿੱਚ ਖਿਚਾਖਿਚੀ ਵਧ ਗਈ, ਜਿਸ ਦੇ ਕਾਰਨ ਦੀਵਾਨ ਨਿਹਾਲ ਚੰਦ ਜੋ ਇੱਕ ਬੜਾ ਯੋਗ ਆਦਮੀ ਸੀ, ਮਾਰਿਆ ਗਿਆ। ਕਈ ਘਰਾਣੇ ਦੇਸੋਂ ਬਦੇਸ਼ ਕੀਤੇ ਗਏ। ਅੰਤ ਨੂੰ ਇਸ ਧੜੇਬੰਦੀ ਦਾ ਨਤੀਜਾ ਜੋ ਨਿੱਕਲਿਆ ਕਰਦਾ ਹੈ, ਉਹ ਹੀ ਹੋਇਆ। ਸਭ ਤੋਂ ਪਹਿਲਾਂ ਦੀਵਾਨ ਕੁਲਵੰਤ ਰਾਏ ਤੇ ਬਖ਼ਸ਼ੀ ਬੀਰ ਸਿੰਘ ਜੋ ਬੜੇ ਧਰਮੀ ਨੇਕ ਨੀਯਤ ਤੇ ਸੱਚ ਦੇ ਪਾਲਣ ਕਰਨ ਵਾਲੇ ਸਨ, ਇਨ੍ਹਾਂ ਦੇ ਵਿਰੁੱਧ ਮਿਸਟਰ ਟੇਲਰ ਸਾਹਿਬ ਕਮਿਸ਼ਨਰ ਅੰਬਾਲਾ ਨੂੰ ਝੂਠੀਆਂ ਗੱਲਾਂ ਕਹਿ ਕੇ ਭੜਕਾਇਆ ਤੇ ਇਹਨਾਂ ਦੇ ਵਿਰੁੱਧ ਕੀਤਾ। ੧੯੬੩ ਵਿੱਚ ਇਹਨਾਂ ਨੂੰ ਰਿਆਸਤ ਤੋਂ ਅੱਡ ਕਰ ਦਿੱਤਾ। ਦੀਵਾਨ ਕੁਲਵੰਤ ਰਾਏ ਇਸ ਤੋਂ ਮਗਰੋਂ ਬਨਾਰਸ ਜਾ ਵਸਿਆ, ਕਿੰਤੂ ਕੌਂਸਲ ਦਾ ਫਸਾਦ ਹੋਰ ਵੀ ਵਧਦਾ ਵੇਖ ਕੇ ੧੯੬੮ ਨੂੰ ਮੀਰ ਮੁਨਸ਼ੀ ਅਬਦੁਲਗਨੀ ਨੂੰ ਕੌਂਸਲ ਦਾ ਵਾਧੂ ਮੈਂਬਰ ਨੀਯਤ ਕੀਤਾ ਗਿਆ। ਕਿੰਤੂ ਮੈਂਬਰਾਂ ਦੇ ਝਗੜੇ ਵਧਦੇ ਹੀ ਗਏ। ਇਸ ਕਰ ਕੇ ਮਹਾਰਾਜਾ ਸਾਹਿਬ ਨੂੰ ਸੱਯਦ ਪਾਰਟੀ ਦਾ ਕੁਝ ਧੜਾ ਕਰਨਾ ਪਿਆ, ਜਿਸ ਤੋਂ ਰਿਆਸਤ ਦੇ ਖ਼ਜ਼ਾਨੇ ਵਿੱਚੋਂ ਬਹੁਤ ਸਾਰਾ ਰੁਪਯਾ ਜਵਾਹਰਾਤ ਆਦਿਕ ਖ੍ਰੀਦਣ ਵਾਸਤੇ ਖ਼ਰਚ ਹੋਇਆ। ਕਿੰਤੂ 'ਜੋ ਕਿਸੇ ਵਾਸਤੇ ਟੋਆ ਪੁਟੇ ਉਹਦੇ ਵਾਸਤੇ ਖੂਹ ਨਿੱਕਲਦਾ' ਵਾਲੀ ਗੱਲ ਹੋਈ, ਜਿਸ ਆਦਮੀ ਨੇ ਆਪਣੇ ਲਾਭ ਲਈ ਕੁਲਵੰਤ ਰਾਏ ਨੂੰ ਕਢਾਇਆ ਸੀ, ਹੁਣ ਉਹ ਵੀ ਆਪਣੇ ਦੋਸਤਾਂ ਨੂੰ ਤਬਾਹ ਕਰਨ ਦੇ ਫ਼ਿਕਰ ਵਿੱਚ ਹੋਇਆ। ਉਹਨਾਂ ਦੀ ਆਪੋ ਵਿੱਚ ਲਗ ਪਈ। ਆਪਣੇ ਫਰਜ਼ਾਂ ਨੂੰ ਭੁੱਲ ਕੇ ਅਜਬ ਢੰਗ ਦੇ ਈਰਖਾ ਤੇ ਦਵੈਖ ਦੇ ਕੰਮਾਂ ਵਿੱਚ ਲਗ ਪਏ। ਅਮਕਾ ਆਦਮੀ ਮਹਾਰਾਜਾ ਸਾਹਿਬ ਦੇ ਮੂੰਹ ਲਗ ਗਿਆ ਹੈ ਉਸ ਨੂੰ ਤਬਾਹ ਕਰ ਦੇਵੋ, ਅਮਕਾ ਰਿਆਸਤ ਵਿੱਚ ਇੱਜ਼ਤ ਵਧਾ ਚਲਿਆ ਹੈ, ਉਸ ਨੂੰ ਬੇਪਤ ਕਰ ਦੇਵੋ। ਬਸ, ਇਹ ਸੋਚਾਂ ਸਨ ਜੋ ਦਿਨ ਰਾਤ ਸੋਚੀਆਂ ਜਾਂਦੀਆਂ ਸਨ, ਕੋਈ ਮਹਾਰਾਜਾ ਸਾਹਿਬ ਵਲ ਨੱਠਾ ਫਿਰਦਾ ਸੀ, ਕੋਈ ਕਮਿਸ਼ਨਰ ਵਲ ਅੰਬਾਲੇ ਭਜ ਰਿਹਾ ਸੀ। ਦਿਨ ਰਾਤ ਇਸੇ ਤਰ੍ਹਾਂ ਦੇ ਤਮਾਸ਼ੇ ਹੋ ਰਹੇ ਸਨ, ਜਿਸ ਤੋਂ ਦੂਜੀ ਪਾਰਟੀ ਨੂੰ ਆਪਣੇ ਸ਼ਤਰੂਆਂ ਤੋਂ ਬਦਲਾ ਲੈਣ ਦਾ ਸਮਾਂ ਮਿਲ ਗਿਆ। ਸੋ ਵਕੀਲ ਨਾਭਾ ਰਾਹੀਂ ਕਮਿਸ਼ਨਰ ਅੰਬਾਲਾ ਦੇ ਕੰਨ ਭਰ ਦਿੱਤੇ। ਸਿਟਾ ਇਹ ਨਿੱਕਲਜਾ ਕਿ ਜੁਲਾਈ ੧੯੬੯ ਨੂੰ ਉਸ ਨੇ ਪੁਲਸ ਇਨਸਪੈਕਟਰ ਅੰਬਾਲਾ ਦੀ ਰਾਹੀਂ ਜੋ ਦੀਵਾਨ ਕੁਲਵੰਤ ਰਾਏ ਨੂੰ ਲੈ ਗਿਆ ਸੀ; ਖਲੀਫਾ ਮੁਹੰਮਦ ਹਸਨ

ਮੀਰ ਇਮਦਾਦ ਅਲੀ ਜੋ ਕਪੂਰੀ ਮੁਨਸ਼ੀ ਮੁਹਮਦ ਹਸਨ ਖਾਂ ਆਦਿਕ ਨੂੰ ਵੀ ਅੰਬਾਲੇ ਕਮਿਸ਼ਨਰ ਸਾਹਿਬ ਦੇ ਸਾਹਮਣੇ ਹਾਜ਼ਰ ਹੋਣਾ ਪਿਆ ਤੇ ਇੱਕ ਲੰਮੇ ਸਮੇਂ ਤਕ ਮੁਕੱਦਮੇ ਦੀਆਂ ਪੇਸ਼ੀਆਂ ਦੇ ਵਿੱਚ ਨਜ਼ਰਬੰਦ ਰਹਿਣਾ ਪਿਆ, ਕਿੰਤੂ ਕਿਸੇ ਖ਼ਾਸ ਗੱਲ ਕਰ ਕੇ ਮੁਹੰਮਦ ਹਸਨ ਦਾ ਖ਼ਾਸ ਖ਼ਿਆਲ ਹੋ ਗਿਆ, ਜਿਸ ਨੂੰ ਪਟਯਾਲੇ ਦੇ ਖ਼ਜ਼ਾਨੇ ਵਿੱਚੋਂ ਬਹੁਤ ਸਾਰਾ ਰੁਪਯਾ ਖ਼ਰਚ ਕੇ ਬਚਾ ਲਿਆ ਗਿਆ। ਮਹਾਰਾਜਾ ਸਾਹਿਬ ਦੇ ਰਿਆਸਤ ਸੰਭਾਲਣ ਤੇ ਫਿਰ ਰਿਆਸਤ ਵਿੱਚ ਉਹ ਹੀ ਦੌਰ-ਦੌਰਾ ਸ਼ੁਰੂ ਕਰਾ ਦਿੱਤਾ, ਜਿਨ੍ਹਾਂ ਅਖਤਯਾਰ ਮਿਲਦੇ ਹੀ ਦੀਵਾਨ ਫਤਹ ਸਿੰਘ ਜਗਦੀਸ਼ ਸਿੰਘ ਤੇ ਅਬਦੁਲ ਗ਼ਨੀ ਖਾਂ ਆਦਿਕਾਂ ਬੇਗ਼ੁਨਾਹਾਂ ਨੂੰ ਰਿਆਸਤ ਵਿੱਚੋਂ ਕਢਾ, ਉਹਨਾਂ ਦੀਆਂ ਜਾਇਦਾਦਾਂ ਮਕਾਨ ਜ਼ਬਤ ਕਰਾ ਕੇ ਆਪਣਾ ਬਦਲਾ ਲਿਆ। ਇਸ ਮੁਕਦਮੇ ਦੇ ਛੇਤੀ ਮੁੱਕਣ ਦਾ ਇੱਕ ਕਾਰਨ ਇਹ ਹੋਇਆ ਕਿ ਇਨ੍ਹਾਂ ਦਿਨਾਂ ਵਿੱਚ ਪਟਯਾਲਾ ਪਤੀ ਮਹਾਰਾਜਾ ਮਹਿੰਦਰ ਸਿੰਘ ਨੂੰ ਹਿਜ਼ ਰਾਇਲ ਹਾਈਨੈਂਸ ਡੀਓਕ ਆਫ਼ ਐਡਨਬਰਾ ਨੂੰ ਮਿਲਣ ਵਾਸਤੇ ਲਾਹੌਰ ਜਾਣਾ ਪਿਆ, ਜਿੱਥੇ ਲਾਟ ਸਾਹਿਬ ਬਹਾਦਰ ਨੂੰ ਮਹਾਰਾਜਾ ਜੰਮੂ ਤੇ ਕਪੂਰਥਲੇ ਨੇ ਸਮਝਾਇਆ ਕਿ ਜਦ ਤਕ ਮਹਾਰਾਜਾ ਮਹਿੰਦਰ ਸਿੰਘ ਨੂੰ ਪੂਰਨ ਅਖਤਯਾਰ ਨਹੀਂ ਦਿਤੇ ਜਾਣਗੇ, ਪਟਯਾਲੇ ਦੇ ਅਹਿਲਕਾਰਾਂ ਦਾ ਝਗੜਾ ਨਹੀਂ ਮੁਕੇਗਾ। ਮਹਾਰਾਜਾ ਸਾਹਿਬ ਨੂੰ ਉੱਥੇ ਹੀ ੨੫ ਫਰਵਰੀ ੧੮੭੦ ਈਸਵੀ ਵਾਲੇ ਦਿਨ ਖ਼ਾਸ ਹੁਕਮਰਾਨੀ ਕਰਨ ਦੇ ਅਖਤਯਾਰ ਦਵਾ ਦਿਤੇ। ਮਹਾਰਾਜਾ ਸਾਹਿਬ ਇੱਥੋਂ ਮੁੜਦੇ ਪਹਿਲਾਂ ਕਪੂਰਥਲੇ ਗਏ, ਜਿੱਥੇ ਮਹਾਰਾਜਾ ਰੰਧੀਰ ਸਿੰਘ ਪਾਸ ਕੁਝ ਦਿਨ ਠਹਿਰੇ। ਇੱਥੋਂ ਹੋ ਕੇ ਅੰਬਾਲੇ ਅੱਪੜੇ ਤੇ ਸੱਯਦ ਮੁਹੰਮਦ ਹਸਨ ਖਾਂ ਨੂੰ ਛੁਡਾ ਕੇ ਆਪਣੇ ਨਾਲ ਲੈ ਕੇ ਪਟਯਾਲੇ ਪੁੱਜੇ। ਅਖਤਯਾਰ ਮਿਲਣ ਦੀ ਖ਼ੁਸ਼ੀ ਵਿੱਚ ਇੱਕ ਭਾਰੀ ਦਰਬਾਰ ਕੀਤਾ, ਜਿਸ ਦੇ ਵਿੱਚ ਅਮੀਰਾਂ ਨੂੰ ਓਹਨਾਂ ਦੇ ਦਰਜਿਆਂ ਅਨੁਸਾਰ ਖਿਲਅਤਾਂ ਦਿੱਤੀਆਂ ਗਈਆਂ। ਸਿਪਾਹੀਆਂ ਦੀ ਤਨਖਾਹ ਵਧਾਈ ਗਈ। ਮੁਹੰਮਦ ਖਾਂ ਵਜ਼ੀਰ ਬਣਿਆ। ਮਹਾਰਾਜਾ ਸਾਹਿਬ ਰਿਆਸਤ ਦਾ ਸਾਰਾ ਕੰਮ ਵਜ਼ੀਰ ਤੇ ਸੁੱਟ ਕੇ ਆਪ ਸ਼ਿਕਾਰ ਆਦਿਕਾਂ ਵਿੱਚ ਲੱਗ ਗਏ। ਖਲੀਫਾ ਨੇ ਵਜ਼ੀਰੀ ਸੰਭਾਲਦਿਆਂ ਸਭ ਤੋਂ ਪਹਿਲਾਂ ਆਪਣੇ ਸ਼ਤਰੂਆਂ ਤੋਂ ਬਦਲਾ ਲੈਣਾ ਸ਼ੁਰੂ ਕਰ ਦਿੱਤਾ, ਓਹਨਾਂ ਨੂੰ ਰਿਆਸਤ ਵਿੱਚੋਂ ਕੱਢ ਦਿੱਤਾ। ਓਹਨਾਂ ਦੀ ਜਾਇਦਾਦਾਂ ਤੇ ਸਾਮਾਨ ਆਦਿਕ ਸਭ ਜ਼ਬਤ ਕਰ ਲਏ। ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਆਪਣੇ ਆਦਮੀ ਰਿਆਸਤ ਵਿੱਚ ਭਰਤੀ ਕਰ ਕੇ ਆਪਾ ਧਾਪੀ ਮਚਾ ਦਿੱਤੀ। ਰਿਆਸਤ ਦਾ ਸਾਰਾ ਖ਼ਜ਼ਾਨਾ ਤਬਾਹ ਹੋ ਗਿਆ।

ਹੁਣ ਮੈਂ ਮਹਾਰਾਜਾ ਸਾਹਿਬ ਦੇ ਅਖਤਯਾਰ ਪ੍ਰਾਪਤ ਕਰਨ ਤੋਂ ਪਹਿਲੇ ਦੇ ਕੁਝ ਹਾਲ ਦੱਸਣਾ ਚਾਹੁੰਦਾ ਹਾਂ। ਮਹਾਰਾਜਾ ਨਰਿੰਦਰ ਸਿੰਘ ਦੇ ਚਲਾਣਾ ਕਰਨ ਸਮੇਂ ਮਹਾਰਾਜਾ ਮਹਿੰਦਰ ਸਿੰਘ ਦੀ ਆਯੂ ੧੦ ਸਾਲ ੪ ਮਹੀਨੇ ੧੨ ਦਿਨਾਂ ਦੀ ਸੀ। ੨੯ ਜਨਵਰੀ ਸੰਨ ੧੮੬੩ ਨੂੰ ਆਪ ਨੂੰ ਗੱਦੀ ਤੇ ਬਠਾਨ ਦੀ ਰਸਮ ਬੜੀ ਧੂਮ ਨਾਲ ਹੋਈ। ਮਹਾਰਾਜਾ ਸਾਹਿਬ ਬਾਬਤ ਇਹ ਰਸਮ ਅਦਾ ਕਰਨ ਵਾਸਤੇ ਲਾਟ ਸਾਹਿਬ ਆਪਣੇ ਅਹਿਲਕਾਰਾਂ ਸਮੇਤ ਪਟਯਾਲੇ ਗਏ। ਗੁਰਨੈਂਟ ਵੱਲੋਂ ਖਿਲਅਤ ਆਦਿਕ ਪੇਸ਼ ਹੋਏ। ਹਿੰਦੁਸਤਾਨ ਦੇ ਕੁਝ ਰਾਜੇ ਤੇ ਸਤਲੁਜ ਦੇ ਉਸ ਪਾਰ ਦੇ ਛੋਟੇ ਵੱਡੇ ਰਈਸ ਜਲਸੇ ਵਿੱਚ ਸ਼ਾਮਲ ਸਨ। ਇਹ ਜਲਸਾ ਇੰਨੀ ਸਜ ਧਜ ਨਾਲ ਹੋਇਆ ਸੀ ਕਿ ਅਜਿਹਾ ਜਲਸਾ ਇਸ ਤੋਂ ਪਹਿਲੇ ਕਦੇ ਪਟਯਾਲੇ ਵਿੱਚ ਨਹੀਂ ਹੋਇਆ ਸੀ।

ਅਕਤੂਬਰ ੧੮੬੪ ਨੂੰ ਲਾਰਡ ਲਾਰੰਸ ਸਾਹਿਬ ਬਹਾਦਰ ਨੇ ਲਾਹੌਰ ਦੇ ਵਿੱਚ ਇੱਕ ਦਰਬਾਰ ਪੰਜਾਬ ਦੇ ਰਈਸਾਂ ਦਾ ਕੀਤਾ। ਜਦ ਇਸ ਵਿੱਚ ਮਹਾਰਾਜਾ ਰਣਬੀਰ ਸਿੰਘ ਜੰਮੂ ਵਾਲੇ ਵੀ ਆਏ ਸਨ। ਤਦ ਮਹਾਰਾਜਾ ਮਹਿੰਦਰ ਸਿੰਘ ਵੀ ਇਸ ਜਲਸੇ ਦੀ ਰੌਣਕ ਵਧਾਣ ਵਾਸਤੇ ਲਾਹੌਰ ਗਏ ਸਨ। ਇਹ ੫ ਮਾਰਚ ੧੮੬੫ ਨੂੰ ਮਹਾਰਾਜਾ ਸਾਹਿਬ ਦੀ ਸ਼ਾਦੀ ਸਰਦਾਰ ਰਾਮਨਰਾਇਣ ਸਿੰਘ ਫੈਜ਼ਲਾਪੁਰੀਏ ਦੀ ਲੜਕੀ ਨਾਲ ਬੜੀ ਧੂਮ ਧਾਮ ਤੇ ਸਜ ਧਜ ਨਾਲ ਸਰਹੰਦ ਦੇ ਮੁਕਾਮ ਤੇ ਹੋਈ। ਸਰਦਾਰ ਰਾਮ ਨਰਾਇਣ ਸਿੰਘ ਦੀ ਹਾਲਤ ਕਮਜ਼ੋਰ ਹੋਣ ਕਰ ਕੇ ਇਨ੍ਹਾਂ ਦੇ ਵਿੱਚ ਇਸ

ਬਰਾਤ ਦੇ ਪ੍ਰਬੰਧ ਦੀ ਤਾਕਤ ਨਹੀਂ ਸੀ, ਤੇ ਨਾ ਹੀ ਇਨ੍ਹਾਂ ਦੇ ਪਿੰਡ ਵਿੱਚ ਆਰਾਮ ਦੇ ਵਾਸਤੇ ਲੋੜੀਂਦੇ ਮਕਾਨ ਸਨ। ਇਸ ਕਰ ਕੇ ਸਰਦਾਰ ਰਾਮ ਨਰਾਇਣ ਸਿੰਘ ਦੀ ਮਨਸ਼ਾ ਨਾਲ ਸਰਹਿੰਦ ਦਾ ਮੁਕਾਮ ਸ਼ਾਦੀ ਲਈ ਨੀਯਤ ਹੋਇਆ, ਜਿੱਥੇ ਖ਼ਾਸ ਪ੍ਰਬੰਧ ਕਰਨੇ ਪਏ ਤੇ ਉਂਜ ਵੀ ਇਸ ਵਿਆਹ ਤੇ ਖੂਬ ਦਿਲ ਖੋਹਲ ਕੇ ਰੁਪਯਾ ਖ਼ਰਚ ਕੀਤਾ ਗਿਆ ਤੇ ਇਸ ਤਰ੍ਹਾਂ ਨਾਲ ਲਗਭਗ ੨੦ ਲੱਖ ਰੁਪਯਾ ਵਿਆਹ ਤੇ ਖ਼ਰਚ ਆ ਗਿਆ।

੧੯੬੯ ਨੂੰ ਕਾਬਲ ਦੇ ਅਮੀਰ ਅਲੀ ਸ਼ੇਰ ਖਾਂ ਦੇ ਆਉਣ ਤੇ ਅੰਬਾਲੇ ਵਿੱਚ ਇੱਕ ਭਾਰੀ ਜਲਸਾ ਹੋਇਆ, ਜਿਸ ਵਿੱਚ ਪੰਜਾਬ ਦੇ ਰਈਸ ਸਭ ਸ਼ਾਮਲ ਹੋਏ ਸਨ। ਮਹਾਰਾਜਾ ਮਹਿੰਦਰ ਸਿੰਘ ਨੂੰ ਵੀ ਇਸ ਵਿੱਚ ਆਉਣਾ ਪਿਆ। ਫਿਰ ਮਾਰਚ ੧੯੭੦ ਵਿੱਚ ਜੋ ਦਰਬਾਰ ਸ਼ਾਹਜ਼ਾਦਾ ਸਾਹਿਬ ਹਿਜ਼ ਰਾਇਲ ਹਾਈਨੈਸ ਐਲਫਰਡ ਰਾਬਰਟ ਸਾਹਿਬ ਬਹਾਦਰ ਦੇ ਆਉਣ ਤੇ ਲਾਹੌਰ ਵਿੱਚ ਹੋਇਆ, ਇਹ ਜਲਸਾ ਮਹਾਰਾਜਾ ਸਾਹਿਬ ਵਾਸਤੇ ਇੰਨਾ ਮੁਬਾਰਕ ਹੋਇਆ ਕਿ ਇੱਥੋਂ ਅਖਤਿਆਰ ਲੈ ਕੇ ਵਾਪਸ ਮੁੜੇ। ਇਨ੍ਹਾਂ ਹੀ ਦਿਨਾਂ ਵਿੱਚ ਪੰਜਾਬ ਯੂਨੀਵਰਸਟੀ ਕਾਇਮ ਹੋਈ ਤੇ ਮਹਾਰਾਜਾ ਸਾਹਿਬ ਨੇ ਆਪਣੀ ਦਰਜਾਦਿਲੀ ਨਾਲ ੫੬ ਹਜ਼ਾਰ ਰੁਪਯਾ ਪੰਜਾਬ ਯੂਨੀਵਰਸਟੀ ਨੂੰ ਦਾਨ ਦਿੱਤਾ। ਫਿਰ ਮਹਾਰਾਜਾ ਸਾਹਿਬ ਲਾਰਡ ਮੀਓ ਸਾਹਿਬ ਬਹਾਦਰ ਵੈਸਰਾਇ ਹਿੰਦ ਦੇ ਸੱਦਣ ਤੇ ਸ਼ਿਮਲੇ ਗਏ ਤੇ ਓਥੋਂ ਓਹਨਾਂ ਨੂੰ ਨਾਈਟ ਗ੍ਰੇਂਡ ਕਮਾਂਡ ਤਬਕਾ ਏ ਅਲੀ ਸਤਾਰਾਏ ਹਿੰਦ ਦਾ ਖ਼ਿਤਾਬ ਮਿਲਿਆ।

ਸ਼ਿਮਲੇ ਤੋਂ ਮੁੜਨ ਤੇ ਮਹਾਰਾਜਾ ਸਾਹਿਬ ਨੂੰ ਆਪਣੇ ਬੈਨੋਈ ਰਾਣਾ ਸਾਹਿਬ ਧੌਲਪੁਰ ਦੇ ਚਲਾਣਾ ਕਰ ਜਾਣ ਦੇ ਕਾਰਨ ਮਾਤਮ ਪੁਰਸੀ ਵਾਸਤੇ ਧੌਲਪੁਰ ਜਾਣਾ ਪਿਆ, ਫਿਰ ਉੱਥੋਂ ਮੁੜ ਕੇ ਇਸੇ ਸਾਲ ਲਫਟੰਟ ਗਵਰਨਰ ਸਾਹਿਬ ਪੰਜਾਬ ਦੇ ਕਹਿਣ ਤੇ ਦਰਯਾਏ ਸਤਲੁਜ ਦੇ ਖੋਹਲਣ ਦੀ ਰਸਮ ਆਪ ਨੇ ਅਦਾ ਕੀਤੀ।

੨੨ ਨਵੰਬਰ ੧੯੭੦ ਨੂੰ ਮਹਾਰਾਜਾ ਸਾਹਿਬ ਨੇ ਪਟਜਾਲੇ ਵਿੱਚ ਇੱਕ ਭਾਰੀ ਦਰਬਾਰ ਕੀਤਾ। ਸਰ ਲੈਪਲ ਗ੍ਰਿਫਨ ਸਾਹਿਬ ਵੀ ਉਸ ਵੇਲੇ ਇੱਥੇ ਮੌਜੂਦ ਸਨ, ਮਹਾਰਾਜਾ ਸਾਹਿਬ ਨੇ ਆਪਣੇ ਅਹੁਦੇਦਾਰਾਂ ਨੂੰ ੨੦ ਹਜ਼ਾਰ ਰੁਪਯੇ ਦੀਆਂ ਖਿਲਅਤਾਂ ਵੰਡੀਆਂ ਤੇ ਸੋਨੇ ਦੇ ਕੜੇ ਤੇ ਦੋਸ਼ਾਲੇ ਇਨਾਮ ਵਿੱਚ ਦਿਤੇ। ਖਲੀਫਾ ਮੁਹੰਮਦ ਹਸਨ ਵਜ਼ੀਰ ਆਜ਼ਮ ਮਾਸਟਰ ਰਾਮਚੰਦ ਦੀਵਾਨ ਇਮਦਾਦ ਅਲੀ ਖਾਂ ਮੀਰਮੁਨਸ਼ੀ ਮੁਹੰਮਦ ਹੁਸੈਨ ਸਾਹਿਬ ਵੱਡੇ ਵੱਡੇ ਅਹੁਦੇਦਾਰਾਂ ਨੂੰ ਇੱਕ ਇੱਕ ਹਜ਼ਾਰ ਰੁਪਯਾਂ ਦੀ ਆਮਦਨੀ ਦੇ ਪਿੰਡ ਉਹਨਾਂ ਦੀ ਚੰਗੀ ਖਿਦਮਤ ਦੇ ਬਦਲੇ ਸਦਾ ਲਈ ਦਿਤੇ। ਇਸੇ ਸਾਲ ਮਹਾਰਾਜਾ ਸਾਹਿਬ ਨੇ ਨਾਰਨੌਲ ਦੇ ਇਲਾਕੇ ਦਾ ਦੌਰਾ ਕੀਤਾ।

੨੦ ਜਨਵਰੀ ੧੯੭੧ ਨੂੰ ਮਹਾਰਾਜਾ ਸਾਹਿਬ ਕਲਕੱਤਾ ਜਾਣ ਵਾਸਤੇ ਸਵਾਰ ਹੋਏ। ਉੱਥੇ ਪੁੱਜ ਕੇ ਇੱਕ ਖ਼ਾਸ ਦਰਬਾਰ ਵਿੱਚ ਜੋ ਇਸੇ ਗਰਜ਼ ਵਾਸਤੇ ਕੀਤਾ ਗਿਆ ਸੀ, ਤਬਕਾ ਏ ਆਲੀ ਸਤਾਰਾਏ ਹਿੰਦ ਦਾ ਖ਼ਿਤਾਬ ਪ੍ਰਾਪਤ ਕੀਤਾ ਤੇ ਫਿਰ ਇੱਥੋਂ ਗਯਾ, ਪਟਣਾ ਤੇ ਬਨਾਰਸ ਹੁੰਦੇ ਹੋਏ ਮਾਰਚ ਦੇ ਮਹੀਨੇ ਵਾਪਸ ਪਟਜਾਲੇ ਆ ਗਏ।

੩੧ ਅਕਤੂਬਰ ੧੯੭੧ ਨੂੰ ਮਹਾਰਾਜਾ ਭਗਵਾਨ ਸਿੰਘ ਨਾਭੇ ਵਾਲੇ ਦਿਲ ਦੀ ਬੀਮਾਰੀ ਨਾਲ ਚਲਾਣਾ ਕਰ ਗਏ। ਆਪ ਦੇ ਕੋਈ ਸੰਤਾਨ ਨਹੀਂ ਸੀ। ਇਸ ਕਰ ਕੇ ਇਹਨਾਂ ਦੀ ਥਾਂ ਤੇ ਮਹਾਰਾਜਾ ਜੀਂਦ ਦੀ ਮਨਸ਼ਾ ਦੇ ਨਾਲ ੫ ਮਈ ੧੯੬੧ ਨੂੰ ਸਰਦਾਰ ਹੀਰਾ ਸਿੰਘ ਜੀ ਬਢਰੁਖਾਂ ਵਾਲੇ ਜੋ ਭਾਈ ਤਲੋਕਾ ਦੇ ਖਾਨਦਾਨ ਵਿੱਚੋਂ ਹੋਣ ਕਰ ਕੇ ਰਿਆਸਤ ਦੇ ਹੱਕਦਾਰ ਸਨ, ਮਹਾਰਾਜਾ ਬਨਾਣ ਲਈ ਚੁਣੇ ਗਏ ਤੇ ਗਵਰਨਮੈਂਟ ਦੀ ਮਨਜ਼ੂਰੀ ਨਾਲ ੧੦ ਅਗਸਤ ੧੯੭੧ ਨੂੰ ਸ੍ਰ: ਹੀਰਾ ਸਿੰਘ ਸਾਹਿਬ ਦੇ ਗੱਦੀ ਤੇ ਬੈਠਣ ਦੀ ਰਸਮ ਅਦਾ ਕੀਤੀ ਗਈ।

ਮਹਾਰਾਜਾ ਸਾਹਿਬ ਸ਼ਿਮਲੇ ਗਏ। ਇੱਥੇ ਲਾਟ ਸਾਹਿਬ ਬਹਾਦਰ ਨੂੰ ਮਿਲੇ। ਯਤੀਮਖਾਨੇ ਨੂੰ ੧੨ ਹਜ਼ਾਰ ਰੁਪਯਾ ਦਾਨ ਦਿੱਤਾ। ਆਪ ਜਦ ਮੁੜ ਕੇ ਪਟਜਾਲੇ ਆਏ ਤਦ ਇੱਥੇ ਵਿੱਦਯਾ ਪ੍ਰਾਪਤੀ ਵਾਸਤੇ ਇੱਕ ਖ਼ਾਸ ਕਾਲਜ ਦੀ ਨੀਂਹ ਰੱਖੀ, ਜਿਸ ਦਾ ਨਾਮ 'ਮਹਿੰਦਰਾ ਕਾਲਜ' ਰਖਯਾ ਗਿਆ। ੬੦

ਹਜ਼ਾਰ ਰੁਪਯਾ ਇਸ ਦੇ ਖ਼ਰਚ ਵਾਸਤੇ ਮਨਜ਼ੂਰ ਕੀਤਾ। ਮਾਸਟਰ ਰਾਮਚੰਦ ਸਾਹਿਬ ਡਾਇਰੈਕਟਰ ਨੀਯਤ ਹੋਏ ਤੇ ਲਾਲਾ ਗਿਰਧਾਰੀ ਲਾਲ ਸਾਹਿਬ ਇੱਕ ਹੋਰ ਸਜਣ ਇਨਸਪੈਕਟਰ। ਇਸੇ ਸਾਲ ਪਟਿਆਲੇ ਤਕ ਤਾਰਬਰਕੀ ਦਾ ਪ੍ਰਬੰਧ ਹੋ ਗਿਆ। ਮਹਾਰਾਜਾ ਸਾਹਿਬ ਦੇ ਲਗਾਤਾਰ ਜ਼ੋਰ ਦੇਣ ਤੇ ਗਵਰਨਮੈਂਟ ਨੇ ਸਰਹਿੰਦ ਵਿੱਚ ਨਹਿਰ ਕੱਢਣੀ ਮਨਜ਼ੂਰ ਕੀਤੀ। ਇਸ ਨਹਿਰ ਤੇ ੨ ਕਰੋੜ ੯੮ ਲਖ ਚਾਰ ਹਜਾਰ ਦੋ ਸੌ ਸਤੱਤਰ ਰੁਪਯੇ ਖ਼ਰਚ ਹੋਣ ਦਾ ਅਨੁਮਾਨ ਲਾਇਆ ਗਿਆ, ਜਿਸ ਵਿੱਚੋਂ ਇੱਕ ਕਰੋੜ ੬ ਲਖ ੨੨ ਹਜ਼ਾਰ ੧੭੬ ਰੁਪਈਏ ਰਾਜਗਾਨ ਫੂਲ ਨੇ ਅੱਗੇ ਲਿਖੀ ਵੰਡ ਅਨੁਸਾਰ ਦਿਤੇ: ੪੫੭੬੨੦) ਰਾਜਾ ਸਾਹਿਬ ਜੀਂਦ, ੯੯੭੪੨੨) ਮਹਾਰਾਜਾ ਨਾਭਾ, ਬਾਕੀ ਰਕਮ ਮਹਾਰਾਜਾ ਸਾਹਿਬ ਪਟਿਆਲਾ। ਇਸ ਨਹਿਰ ਤੋਂ ਰਿਆਸਤ ਨੂੰ ਬੜਾ ਫਾਇਦਾ ਪੁੱਜਾ।

ਮਹਾਰਾਜਾ ਮਹਿੰਦਰ ਸਿੰਘ ਇੱਕ ਪੜ੍ਹੇ ਲਿਖੇ ਸਮਝਦਾਰ ਤੇ ਲਾਇਕ ਮਹਾਰਾਜੇ ਸਨ। ਆਪ ਨੂੰ ਆਪਣੀ ਰਿਆਸਤ ਦੇ ਪਰਜਾ ਦੀ ਬੇਹਤਰੀ ਦਾ ਸਦਾ ਖ਼ਿਆਲ ਰਹਿੰਦਾ ਸੀ। ਇਨ੍ਹਾਂ ਪਹਿਲਾਂ ਆਪਣੀ ਰਿਆਸਤ ਵਿੱਚ ਥਾਂ ਥਾਂ ਤੇ ਸਕੂਲ ਖੋਹਲੇ ਤੇ ਕਾਲਜ ਬਣਾਯਾ। ਫਿਰ ਜ਼ਿਮੀਦਾਰਾਂ ਦੇ ਲਾਭ ਲਈ ਨਹਿਰ ਦਾ ਪ੍ਰਬੰਧ ਕੀਤਾ। ਹੁਣ ਥਾਂ ਥਾਂ ਤੇ ਹਸਪਤਾਲ ਬਣਵਾ ਦਿੱਤੇ, ਤਾਂ ਕਿ ਲੋਕੀਂ ਓਥੋਂ ਦਵਾਈ ਲੈ ਕੇ ਦੁਖਾਂ ਤੋਂ ਛੁਟਕਾਰਾ ਪਾਣ।

੧੮੭੪ ਈ. ਨੂੰ ਮਹਾਰਾਜਾ ਸਾਹਿਬ ਬਿਕ੍ਰਮਾਂ ਸਿੰਘ ਫਰੀਦਕੋਟ ਦੇ ਤਖ਼ਤ ਤੇ ਬੈਠਣੇ ਸਨ, ਇਸ ਕਰ ਕੇ ਮਹਾਰਾਜਾ ਸਾਹਿਬ ਇਸ ਸਮੇਂ ਫਰੀਦਕੋਟ ਗਏ। ਫਿਰ ਇਸ ਸਾਲ ਨਵੰਬਰ ਦੇ ਮਹੀਨੇ ਦੀਵਾਲੀ ਦੇ ਮੌਕੇ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਨੂੰ ਗਏ। ਇੱਥੇ ੧੮ ਹਜ਼ਾਰ ਰੁਪਯਾ ਨਕਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟ ਰੱਖ ਮਥਾ ਟੇਕਿਆ। ੫੧ ਹਜ਼ਾਰ ਦੀ ਅਰਦਾਸ ਕਰਾਈ ਕਿ ਇਸ ਦੀ ਆਮਦਨੀ ਨਾਲ ਹਮੇਸ਼ਾਂ ਲੰਗਰ ਜਾਰੀ ਰਹੇ, ਕਿੰਤੂ ਇਹ ਰਕਮ ਰਿਆਸਤ ਵਿੱਚ ਹੀ ਰਹੀ। ਦਰਬਾਰ ਸਾਹਿਬ ਨੂੰ ਅਜੇ ਤਕ ਨਹੀਂ ਦਿੱਤੀ ਗਈ। ਮਹਾਰਾਜਾ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਲਾਹੌਰ ਤੇ ਫਿਰ ਮੁਲਤਾਨ ਦੀ ਸੈਰ ਕਰ ਕੇ ਵਾਪਸ ਪਟਜਾਲੇ ਚਲੇ ਗਏ।

੧੮੭੫ ਵਿੱਚ ਦਿੱਲੀ ਗਵਰਨਰ ਸਾਹਿਬ ਨੇ ਦਰਬਾਰ ਕੀਤਾ, ਜਿਸ ਵਿੱਚ ਮਹਾਰਾਜਾ ਸਾਹਿਬ ਸ਼ਾਮਲ ਹੋਏ। ਜਦ ਜੂਨ ੧੮੭੬ ਨੂੰ ਸ਼ਾਹਜ਼ਾਦਾ ਵੇਲਜ਼ ਹਿੰਦੋਸਤਾਨ ਵਿੱਚ ਆਏ ਤਦ ਮਹਾਰਾਜਾ ਸਾਹਿਬ ਨੇ ਸਭ ਤੋਂ ਪਹਿਲਾਂ ਕਲਕੱਤੇ ਅੱਪੜ ਕੇ ਮੁਲਾਕਾਤ ਕੀਤੀ, ਤੇ ਫਿਰ ਮਹਾਰਾਜਾ ਸਾਹਿਬ ਨੇ ਵਾਪਸ ਪਟਜਾਲੇ ਆ ਕੇ ਰਾਜਪੁਰੇ ਦੇ ਮੁਕਾਮ ਤੇ ਸ਼ਾਹਜ਼ਾਦਾ ਸਾਹਿਬ ਨਾਲ ਦੂਜੀ ਵੇਰ ਮੁਲਾਕਾਤ ਕੀਤੀ।

## ੧੧੩. ਮਹਾਰਾਜਾ ਮਹਿੰਦਰ ਸਿੰਘ ਦਾ ਚਲਾਣਾ

ਮਹਾਰਾਜਾ ਸਾਹਿਬ ਨੂੰ ਸ਼ਰਾਬ ਪੀਣ ਦੀ ਆਦਤ ਹੋ ਗਈ ਸੀ, ਜਿਸ ਤੋਂ ਆਪ ਦੀ ਅਰੋਗਤਾ ਵਿੱਚ ਫ਼ਰਕ ਆ ਗਿਆ। ਇੱਕ ਦਿਨ ਸ਼ਿਕਾਰ ਖੇਡ ਕੇ ਆਉਂਦਿਆਂ ਹੀ ਸ਼ਰਾਬ ਦਾ ਗਲਾਸ ਪੀ ਲਿਆ ਜੋ ਆਪ ਦੇ ਵਾਸਤੇ ਜ਼ਹਿਰ ਹੋ ਗਿਆ। ਝਟ ਪਟ ਹੀ ਬਿਨਾਂ ਕੁਝ ਬੋਲੇ ਚਾਲੇ ਜਾਂ ਵਸੀਅਤ ਕੀਤੇ ਦੇ ਆਪ ਚਲਾਣਾ ਕਰ ਗਏ।

ਮਹਾਰਾਜਾ ਮਹਿੰਦਰ ਸਿੰਘ ਦੇ ਇਸ ਤਰ੍ਹਾਂ ਚਲਾਣਾ ਕਰ ਜਾਣ ਦੀ ਗੱਲ ਸ਼ੁਬ੍ਹੇ ਵਾਲੀ ਹੈ। ਆਮ ਲੋਕਾਂ ਦੀ ਰਾਏ ਦਿਲ ਵਿੱਚ ਕਈ ਤਰ੍ਹਾਂ ਦੇ ਸ਼ੁਬੇ ਉਤਪੰਨ ਕਰਨ ਵਾਲੀ ਹੈ, ਕਿੰਤੂ ਗ੍ਵਰਨਮੈਂਟ ਨੇ ਜੋ ਫ਼ੈਸਲਾ ਕੀਤਾ ਹੈ, ਉਸ ਤੋਂ ਬਿਨਾਂ ਕੋਈ ਆਖ਼ਰੀ ਰਾਏ ਕਾਇਮ ਨਹੀਂ ਹੋ ਸਕਦੀ।

ਮਹਾਰਾਜਾ ਮਹਿੰਦਰ ਸਿੰਘ ਇੱਕ ਬੜੇ ਹੀ ਯੋਗ ਪੜ੍ਹੇ ਲਿਖੇ ਤੇ ਸਿਆਣੇ ਮਹਾਰਾਜਾ ਸਨ। ਆਪ ਨੂੰ ਆਪਣੀ ਪ੍ਰਜਾ ਦੇ ਭਲੇ ਦਾ ਬੜਾ ਹੀ ਖ਼ਿਆਲ ਰਹਿੰਦਾ ਸੀ। ਜਦ ਆਪ ਨੂੰ ਪਤਾ ਲੱਗਾ ਕਿ ਆਪ ਦੇ ਅਹਿਲਕਾਰ ਰਿਸ਼ਵਤ ਲੈਂਦੇ ਹਨ, ਤਦ ਆਪ ਨੇ ਓਹਨਾਂ ਨੂੰ ਚੁਣ ਚੁਣ ਕੇ ਮੌਕੂਫ਼ ਕਰਾ ਦਿੱਤਾ। ਰਿਆਸਤ ਵਿੱਚੋਂ ਬਾਹਰ ਕੱਢਿਆ ਤੇ ਕੈਦ ਕਰ ਦਿੱਤਾ। ਕਿਹਾ ਜਾਂਦਾ ਹੈ ਕਿ

ਓਹਨਾਂ ਦੀ ਤਵੱਜੋ ਵੱਡੇ ਕਰਮਚਾਰੀਆਂ ਦੇ ਕੰਮ ਵੇਖ ਕੇ ਵੀ ਫਿਰ ਗਈ ਸੀ ਤੇ ਓਹ ਚਾਹੁੰਦੇ ਸੀ ਕਿ ਇਨ੍ਹਾਂ ਦੀ ਖ਼ਬਰ ਲਈ ਜਾਏ। ਕਿੰਤੂ ਚਾਲਾਕ ਅਹਿਲਕਾਰਾਂ ਨੇ ਇਨ੍ਹਾਂ ਦੀ ਖ਼ਬਰ ਲੈਣ ਤੋਂ ਪਹਿਲਾਂ ਹੀ ਰਸੋਈਆਂ ਨਾਲ ਮਿਲ ਕੇ ਇਨ੍ਹਾਂ ਦੀ ਖ਼ਬਰ ਲੈ ਲਈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਮਹਾਰਾਜਾ ਸਾਹਿਬ ਨੂੰ ਜ਼ੈਹਰ ਦੇ ਦਿੱਤੀ। ਇਸ ਗੱਲ ਦਾ ਸ਼ੁਭਾ ਇਸ ਗੱਲ ਤੋਂ ਹੋਰ ਵੀ ਵਧ ਜਾਂਦਾ ਹੈ ਕਿ ਇਨ੍ਹਾਂ ਦੀ ਲਾਸ਼ ਨੂੰ ਝੱਟ ਪੱਟ ਸਾੜ ਦਿੱਤਾ ਗਿਆ। ਡਾਕਟਰ ਤੱਕ ਦੀ ਉਡੀਕ ਨਹੀਂ ਕੀਤੀ ਗਈ। ਗਵਨਰਮੈਂਟ ਵੱਲੋਂ ਇਸ ਗੱਲ ਦੀ ਖੋਜ ਹੋਈ ਕਿੰਤੂ ਲਾਸ਼ ਦੇ ਜਲਾਏ ਜਾ ਚੁੱਕਣ ਮਗਰੋਂ ਕੋਈ ਦੂਜਾ ਪੱਕਾ ਸਬੂਤ ਜ਼ਹਿਰ ਦਿੱਤੇ ਜਾਣ ਦਾ ਬਾਕੀ ਨਾ ਰਿਹਾ ਸੀ। ਇਸ ਕਰ ਕੇ ਹੋਰ ਕੋਈ ਪੱਕਾ ਸਬੂਤ ਇਸ ਗਲ ਦਾ ਨਹੀਂ ਮਿਲ ਸਕਿਆ।

ਇਸ ਖ਼ਿਆਲ ਤੋਂ ਕਿ ਅਜੇਹੀਆਂ ਰਿਆਸਤਾਂ ਵਿੱਚ ਰਈਸਾਂ ਦੇ ਅਚਣਚੇਤ ਚਲਾਣੇ ਦੀ ਖ਼ਬਰ ਆਈ ਮੌਤ ਨਾਲ ਨਹੀਂ ਸਮਝੀ ਜਾਂਦੀ ਝੂਠੀਆਂ ਅਫਵਾਹਾਂ ਬਣਾ ਦਿੱਤੀਆਂ ਜਾਂਦੀਆਂ ਹਨ, ਇਸ ਕਰ ਕੇ ਇਸ ਗੱਲ ਨੂੰ ਵੀ ਇਤਬਾਰ ਯੋਗ ਨਾ ਸਮਝਿਆ ਗਿਆ॥

ਮਹਾਰਾਜਾ ਮਹਿੰਦਰ ਸਿੰਘ ਦੇ ਪਿੱਛੋਂ ਕੌਂਸਲ ਆਫ ਰੇਜੰਸੀ ਦੇ ਹੱਥ ਪਟਜਾਲਾ ਰਿਆਸਤ ਦਾ ਪ੍ਰਬੰਧ ਹੋਇਆ। ਸ੍ਰਦਾਰ ਦੇਵਾ ਸਿੰਘ ਕੇ. ਸੀ. ਐਸ. ਈ. ਤੇ ਦੂਜੇ ਮੈਂਬਰਾਂ ਦੀ ਤਨਖਾਹ ਇੱਕੋ ਜਿੰਨੀ ੧੬-੧੬ ਸੌ ਰੁਪਯਾ ਨੀਯਤ ਹੋਈ। ਪ੍ਰੈਜ਼ੀਡੰਟ ਸਰਦਾਰ ਦੇਵਾ ਸਿੰਘ ਦੀ ਤਨਖਾਹ ੧੮੦੦ ਨੀਯਤ ਹੋਈ ਸੀ, ਕਿੰਤੂ ਓਹਨਾਂ ਨੇਕ ਨਿਯਤੀ ਨਾਲ ੨੦੦ ਮਹਾਰਾਜਾ ਰਾਜਿੰਦਰ ਸਿੰਘ ਦੀ ਭੇਟਾ ਕਰ ਦਿੱਤਾ, ਜਿਸ ਤੋਂ ਤਿੰਨਾਂ ਦੀ ਤਨਖਾਹ ਸੋਲਾਂ ਸੋਲਾਂ ਸੌ ਹੋ ਗਈ।

ਸਰਦਾਰ ਦੇਵਾ ਸਿੰਘ ਜੋ ਕੌਂਸਲ ਦੇ ਪ੍ਰੈਜ਼ੀਡੈਂਟ ਬੜੇ ਦਾਨਾ, ਸਮਝਦਾਰ, ਸ਼ਰੀਫ ਤੇ ਨੇਕਨੀਯਤ ਆਦਮੀ ਸਨ, ਆਪ ਦੀ ਪ੍ਰਧਾਨਗੀ ਵਿੱਚ ੧੪ ਸਾਲ ਕੌਂਸਲ ਨੇ ਅਜਿਹਾ ਸੋਹਣਾ ਮੁਲਕ ਦਾ ਪ੍ਰਬੰਧ ਕੀਤਾ ਕਿ ਗੁਰਨਮੈਂਟ ਤੇ ਪ੍ਰਜਾ ਦੋਨੋਂ ਖ਼ੁਸ਼ ਹੋ ਗਏ। ਨਹਿਰ, ਰੇਲ ਹਸਪਤਾਲ, ਡਾਕਖਾਨੇ, ਸਕੂਲ ਤੇ ਕਾਲਜ ਇਸੇ ਕੌਂਸਲ ਦੇ ਸਮੇਂ ਵਿੱਚ ਬਣੇ। ਇੰਨਾ ਖ਼ਰਚ ਹੋਣ ਤੇ ਵੀ ਜਦ ਇਸ ਕੌਂਸਲ ਨੇ ਆਪਣਾ ਹਿਸਾਬ ਦਿੱਤਾ ਤਦ ੧ ਕਰੋੜ ਰੁਪਯਾ ਨੱਕਦ ਖ਼ਜ਼ਾਨੇ ਵਿੱਚ ਮੌਜੂਦ ਸੀ।

ਜੋ ਤਰੱਕੀ ਇਸ ਕੌਂਸਲ ਦੇ ਸਮੇਂ ਵਿੱਚ ਪਟਜਾਲਾ ਰਾਜ ਨੂੰ ਹੋਈ, ਇਸ ਤੋਂ ਪਹਿਲਾਂ ਕਿਸੇ ਰਾਜੇ ਦੇ ਵੇਲੇ ਨਹੀਂ ਹੋਈ। ਸ੍ਰ: ਦੇਵਾ ਸਿੰਘ ਦੀ ਵਿਰੋਧੀ ਪਾਰਟੀ ਸਦਾ ਹੀ ਇਨ੍ਹਾਂ ਨੂੰ ਬਦਨਾਮ ਕਰਨ ਵਿੱਚ ਲਗੀ ਰਹੀ, ਕਿੰਤੂ 'ਸਾਚ ਨੂੰ ਆਂਚ ਨਹੀਂ' ਦੀ ਗੱਲ ਤੇ ਇਹ ਸਦਾ ਹੀ ਦ੍ਰਿੜ੍ਹ ਰਹੇ।

ਮਹਾਰਾਜਾ ਰਾਜਿੰਦਰ ਸਿੰਘ ਦੀ ਭੈਣ ਦਾ ਵਿਆਹ ਇਸੇ ਕੌਂਸਲ ਦੇ ਸਮੇਂ ਸ਼ਾਹਜ਼ਾਦਪੁਰ ਦੇ ਰਈਸ ਸਰਦਾਰ ਜੀਵਣ ਸਿੰਘ ਦੇ ਨਾਲ ਹੋਇਆ। ਇਸ ਵਿਆਹ ਤੇ ਲਗਭਗ ੨੦ ਲੱਖ ਰੁਪਿਆ ਖ਼ਰਚ ਹੋਇਆ। ਘੋੜੇ ਤੇ ਹਾਥੀ ਆਦਿਕ ਸਾਮਾਨ ਸ਼ਾਹਜ਼ਾਦਪੁਰ ਦੇ ਸ੍ਰਦਾਰ ਦੇ ਘਰ ਅੱਪੜ ਚੁੱਕਿਆ ਸੀ। (ਵੇਖੋ ਵੇਰਵਾ ਗੁਰਮੁਖੀ ਤਾਰੀਖ ਖਾਲਸਾ ਹਿੱਸਾ ਤੀਜਾ ਸਫਾ ੬੦੦) ਤੇ ਖ਼ਾਸ ਮਹਾਰਾਜਾ ਸਾਹਬ ਦਾ ਵਿਆਹ ਵੀ ੨੭ ਵਿਸਾਖ ੧੯੪੫ ਨੂੰ ਸਰਦਾਰ ਕਿਸ਼ਨ ਸਿੰਘ ਮਾਨਸਾਹੀਆ ਚੋਕੇਰੀਆ ਵਾਲੇ ਦੀ ਲੜਕੀ ਨਾਲ ਬੜੀ ਸਜ ਧਜ ਨਾਲ ਹੋਇਆ, ਜਿਸ ਦੀ ਕੁਖ ਵਿੱਚੋਂ ਟਿੱਕਾ ਭੁਪਿੰਦਰ ਸਿੰਘ ਸਾਹਿਬ ਉਤਪਨ ਹੋਏ। ਫਿਰ ਇਸੇ ਸਾਲ ੨੨ ਫੱਗਣ ਨੂੰ ਕੰਵਰ ਸਾਹਿਬ ਮਹਾਰਾਜਾ ਦੇ ਛੋਟੇ ਭਰਾਤਾ ਦਾ ਵਿਵਾਹ ਵੀ ਸਰਦਾਰ ਲੈਹਨਾ ਸਿੰਘ ਰਾਮਗੜ੍ਹ ਵਾਲੇ ਦੀ ਲੜਕੀ ਨਾਲ ਹੋਇਆ। ਮਤਲਬ ਇਹ ਕਿ ਸਾਰੇ ਕੰਮ ਇਸ ਕੌਂਸਲ ਦੇ ਸਮੇਂ ਵਿੱਚ ਹੋਏ, ਜਿਨ੍ਹਾਂ ਉੱਤੇ ਇੱਕ ਕਰੋੜ ਤੋਂ ਉੱਪਰ ਰੁਪਿਆ ਖ਼ਰਚ ਹੋਇਆ ਤੇ ਕਿਸੇ ਤਰ੍ਹਾਂ ਦੀ ਕੋਈ ਸ਼ਕਾਇਤ ਨਹੀਂ ਹੋਈ।

ਮਹੀਨਾ ਅਸੂ ਸੰ. ੧੯੪੭ ਬਿਕ੍ਰਮੀ ਮੁਤਾਬਕ ਅਕਤੂਬਰ ੧੮੯੦ ਵਿੱਚ ਮਹਾਰਾਜਾ ਰਾਜਿੰਦਰ ਸਿੰਘ ਸਾਹਿਬ ਬਹਾਦਰ ਨੂੰ ਅਖਤਿਆਰ ਮਿਲੇ ਤੇ ਕੌਂਸਲ ਆਫ ਰੇਜੰਸੀ ਦਾ ਸਮਾਂ ਸਮਾਪਤ ਹੋਇਆ। ਮਹਾਰਾਜਾ ਸਾਹਿਬ ਨੇ ਹਕੂਮਤ ਦੀ ਵਾਗਡੋਰ ਹੱਥ ਵਿੱਚ ਲੈਂਦਿਆਂ ਹੀ ਇੱਕ ਭਾਰੀ ਦਰਬਾਰ ਕੀਤਾ, ਜਿਸ ਵਿੱਚ ਕੌਂਸਲ ਦੇ ਮੈਂਬਰਾਂ ਨੂੰ ਓਹਨਾਂ ਦੀ ਸੇਵਾ ਦੇ ਬਦਲੇ ਖਿਲਅਤ

ਦਿਤੇ ਗਏ ਤੇ ਖਲੀਫਾ ਮੁਹੰਮਦ ਹਸਨ ਜਿਉਂ ਦਾ ਤਿਉਂ ਵਜ਼ੀਰ ਰਿਹਾ। ਸੰਮਤ ੧੯੫੨ ਵਿੱਚ ਇਨ੍ਹਾਂ ਦੇ ਗੁਜ਼ਰ ਜਾਣ ਤੇ ਸਰਦਾਰ ਗੁਰਦਿਤ ਸਿੰਘ ਵਜ਼ੀਰ ਹੋਏ।

ਮਹਾਰਾਜਾ ਰਾਜਿੰਦਰ ਸਿੰਘ ਇੱਕ ਬੜੇ ਹੀ ਹੋਸ਼ਜਾਰ, ਪੜ੍ਹੇ ਲਿਖੇ, ਲਾਇਕ ਤੇ ਨੌਜਵਾਨ ਮਹਾਰਾਜਾ ਹਨ। ਖ਼ਿਆਲ ਬੜੇ ਉੱਚੇ ਤੇ ਆਜ਼ਾਦ ਹਨ। ਪੋਲੋ ਤੇ ਘੋੜ ਦੌੜ ਦੇ ਵਿੱਚ ਇਨ੍ਹਾਂ ਨੂੰ ਇੰਨੀ ਯੋਗਤਾ ਹੈ ਕਿ ਵੱਡੇ ਵੱਡੇ ਅੰਗਰੇਜ਼ ਖਿਡਾਰੂ; ਜੋ ਇਸ ਖੇਡ ਦੇ ਬਾਨੀ ਸਮਝੇ ਜਾਂਦੇ ਹਨ, ਇਨ੍ਹਾਂ ਦੇ ਸਾਹਮਣੇ ਕੁਝ ਨਹੀਂ। ਸ਼ਿਕਾਰ ਖੇਡਣ ਵਿੱਚ ਖ਼ਾਸ ਪ੍ਰਸਿੱਧ ਹਨ। ਸੂਰ ਨੂੰ ਭਾਲੇ ਨਾਲ ਮਾਰਦੇ ਹਨ। ਦਾਨ ਵਿੱਚ ਹਾਤਮ ਨਾਲੋਂ ਘਟ ਨਹੀਂ। ਵਿੱਦਜਾ ਦਾ ਬੜਾ ਸ਼ੌਕ ਹੈ। ਸੰਮਤ ੧੯੪੭ ਬਿਕ੍ਰਮੀ ਨੂੰ ਖਾਲਸਾ ਕਾਲਜ ਦੇ ਖੋਹਲਣ ਸਮੇਂ ਡੇਢ ਲੱਖ ਰੁਪਿਆ ਇਨ੍ਹਾਂ ਦਿੱਤਾ ਸੀ। ਇਸੇ ਤਰ੍ਹਾਂ ਨਾਲ ਹੋਰ ਭਲੇ ਦੇ ਕੰਮਾਂ ਵਿੱਚ ਸਦਾ ਹੀ ਖੁਲ੍ਹੇ ਦਿਲ ਨਾਲ ਹਿੱਸਾ ਲੈਂਦੇ ਹਨ। ਅੰਗ੍ਰੇਜ਼ੀ ਸਭਜਤਾ ਨੂੰ ਬਹੁਤ ਪਸੰਦ ਕਰਦੇ ਹਨ। ਦੁਸਹਿਰੇ ਵਾਲੇ ਦਿਨ ੧੮੯੧ ਈਸਵੀ ਨੂੰ ਆਪ ਦੇ ਗ੍ਰੈਹ ਰਿਆਸਤ ਦਾ ਵਲੀਐਹਦ ਉਤਪਨ ਹੋਇਆ। ਇਹ ਖ਼ਬਰ ਉਸ ਵੇਲੇ ਮਹਾਰਾਜਾ ਸਾਹਿਬ ਨੂੰ ਸ਼ਿਮਲੇ ਤੋਂ ਤਾਰ ਦੀ ਰਾਹੀਂ ਮਿਲੀ। ਆਪ ਦੁਸਹਿਰੇ ਦੇ ਦਰਬਾਰ ਲਈ ਉਸ ਵੇਲੇ ਜਾ ਰਹੇ ਸਨ। ਇਸ ਖ਼ੁਸ਼ੀ ਵਿੱਚ ਹਜ਼ਾਰਾਂ ਰੁਪਯੇ ਖ਼ਰਚ ਕੀਤੇ ਗਏ, ਅਹਿਲਕਾਰਾਂ ਨੂੰ ਖਿਲਅਤਾਂ ਤੇ ਨੌਕਰਾਂ ਚਾਕਰਾਂ ਨੂੰ ਇਨਾਮ ਮਿਲੇ।

ਇਸ ਮਹਾਰਾਜਾ ਸਾਹਿਬ ਨੂੰ ਕ੍ਰਿਕਟ, ਘੋੜ ਦੌੜ, ਪੋਲੋ ਤੇ ਸ਼ਿਕਾਰ ਖੇਡਣ ਦਾ ਬੇਹੱਦ ਸ਼ੌਕ ਹੈ, ਜਿਸ ਕਾਰਣ ਲਖਨਊ, ਬੰਬੇ ਤੇ ਪੂਨਾ, ਆਦਿਕ ਤਕ ਜਾ ਕੇ ਬੜੀਆਂ ਬੜੀਆਂ ਮਸ਼ਹੂਰ ਅੰਗਰੇਜ਼ੀ ਤੇ ਦੇਸੀ ਪਾਰਟੀਆਂ ਨਾਲ ਖੇਡ ਕੇ ਇਨ੍ਹਾਂ ਨੇ ਕਪ ਤੇ ਹੋਰ ਚੀਜ਼ਾਂ ਜਿੱਤੀਆਂ ਹਨ, ਜਿਨ੍ਹਾਂ ਦੇ ਨਾਲ ਬਾਗ਼ ਬਾਰਾਂਦਰੀ ਵਿੱਚ ਇੱਕ ਖ਼ਾਸ ਕਮਰਾ ਸਜਾਇਆ ਹੋਇਆ ਹੈ, ਜਿਨ੍ਹਾਂ ਵਿੱਚ ਕੁਝ ਕਪਾਂ ਦੇ ਨਾਮ ਹੇਠ ਦਿਤੇ ਜਾਂਦੇ ਹਨ।

ਸਿਵਲ ਸਰਵਸ ਕਪ ਲਖਨਊ ੧੮੯੫, ਪਕਸਟੈਕਿੰਗ ਕਪ ਧੌਲਪੁਰ ਮਾਰਚ ੧੮੯੦, ਸਿਵਲਬ੍ਰੇਸ ਕਪ ਕਲਕਤਾ ੧੮੯੬, ਪੋਨੀਹਾਰਾ ਹੰਟਰਜ਼ ਕਪ ਧੌਲਪੁਰ ੧੮੯੩, ਤੋਰੰਗ ਘੋੜਾ ਗੁਜਰਾਤ ਕਪ ਮਾਰਚ ੧੮੯੨, ਕਲਕੱਤਾ ਪੋਲੋ ਕਪ ਜਨਵਰੀ ੧੮੯੦, ਵੈਸਰਾਏ ਕਪ ਕਲਕੱਤਾ ੧੮੯੫, ਸਪਰਾਇਟਲੀ ਘੋੜਾ ਵਾਲਟਰਲਾਕ ਕਪ ਕਲਕਤਾ (ਐਸ) ਘੋੜ ਦੌੜ ਦੁਸਹਿਰਾ ੧੮੯੬, ਲਾਹੌਰ ਮੀਆਂਮੀਰ ਡਾਗਸੇਬ ਕਪ ੨੭ ਫਰਵਰੀ ੧੮੯੭, ਟੋਲੀਗੰਜ ਹਾਰਸਤੇ ਡਾਗਸੇਬ ਕਪ ੧੮੯੬, ਬਿਧੀਆ ਕਪ ਧੌਲਪੁਰ ਮੇਹਜਰ ਸੇਵਾ ਸਿੰਘ ੧੮੯੨, ਪਾਨੀਹਾਗ ਹੰਟਰਜ਼ ਕਪ ਧੌਲਪੁਰ ਮਾਰਚ ੧੮੯੨, ਵਾਲਟਰ ਜਲਾਕ ਕਪ ਦਸੰਬਰ ੧੮੯੩, ਦੇਹਲੀ ਕਪ ੨੧ ਮਾਰਚ ੧੮੯੭, ਪਟਜਾਲਾ ਸਿਪ੍ਰੇਗ ਮੀਟਿੰਗ ਕਪ, ਧਰਾ ਕਪ ਕਪੂਰਥਲਾ ੧੮੯੩।

ਇਨ੍ਹਾਂ ਖੇਡਾਂ ਵਿੱਚ ਅਦੁਤੀ ਹੋਣ ਤੋਂ ਛੁਟ ਇਹ ਮਹਾਰਾਜਾ ਇਸ ਜ਼ਮਾਨੇ ਵਿੱਚ ਆਪਣੇ ਜਿਹਾ ਬਹਾਦਰ ਵੀ ਆਪ ਹੀ ਹੈ, ਕਿਉਂਕਿ ਐਸ ਵੇਲੇ ਹੋਰ ਕੋਈ ਅਜਿਹਾ ਨਜ਼ਰੀ ਨਹੀਂ ਪੈਂਦਾ ਜੋ ਭਾਲੇ ਤੇ ਤਲਵਾਰ ਦੇ ਨਾਲ ਸ਼ੇਰ ਦਾ ਸ਼ਿਕਾਰ ਕਰੇ। ਇਨ੍ਹਾਂ ਨੇ ਸੈਂਕੜੇ ਖ਼ੂੰਖਾਰ ਸੂਰ ਭਾਲੇ ਦੇ ਨਾਲ ਮਾਰ ਸੁਟੇ। ਇਸ ਮਹਾਰਾਜਾ ਸਾਹਿਬ ਨੇ ਖੇਲਾਂ ਤੇ ਸ਼ਿਕਾਰ ਵਿੱਚ ਜਿੱਥੇ ਵੱਡੇ ਵੱਡੇ ਅੰਗਰੇਜ਼ਾਂ ਤੇ ਮਹਾਰਾਜਿਆਂ ਨੂੰ ਪਿਛੇ ਸੁਟ ਦਿੱਤਾ ਹੈ, ਉੱਥੇ ਇਨ੍ਹਾਂ ਦੀ ਦਰਯਾ ਦਿਲੀ ਤੇ ਦਾਨ ਦੀ ਧਾਂਕ ਵੀ ਸਾਰੇ ਦੇਸ਼ ਵਿੱਚ ਪੈ ਗਈ ਹੈ, ਕਿਉਂਕਿ ਇਸ ਮਹਾਰਾਜਾ ਨੂੰ ਕਖ ਲਖ ਬਖ਼ਸ਼ਣਾ ਇੱਕੋ ਜਿਹਾ ਹੈ। ਆਪਣੇ ਮੁਲਾਜ਼ਮਾਂ ਤੇ ਨੌਕਰਾਂ ਦੇ ਹਾਲ ਤੇ ਤਰਸ ਕਰਨ ਵਾਲਾ ਅਜਿਹਾ ਮਹਾਰਾਜਾ ਕੋਈ ਨਹੀਂ ਹੋਇਆ। ਰੈਹਮ ਦਿਲ ਇੰਨੇ ਹਨ ਕਿ ਜਦ ਕਿਸੇ ਮੁਲਾਜ਼ਮ ਦੇ ਹਟਾਏ ਜਾਣ ਦਾ ਕਾਗਜ਼ ਪੇਸ਼ ਹੁੰਦਾ ਹੈ, ਤਦ ਬੜੀ ਹੀ ਸੋਚ ਦੇ ਮਗਰੋਂ ਕਿਸੇ ਨੂੰ ਹਟਾਂਦੇ ਹਨ। ਨਹੀਂ ਤਾਂ ਵਾਹ ਲਗਦੇ ਦਰਖ਼ਾਸਤ ਨਾ ਮਨਜ਼ੂਰ ਕਰਦੇ ਹਨ। ਸ਼ੇਰ ਦਿਲ ਜੰਗਜੋ ਬਹਾਦਰ ਵੀ ਅੱਵਲ ਦਰਜੇ ਦੇ ਹਨ। ਇਨ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਵਿੱਚੋਂ ਇੱਕ ਗੱਲ ਨਮੂਨੇ ਦੇ ਤੌਰ ਤੇ ਹੇਠ ਲਿਖਦੇ ਹਾਂ:

੧੮੯੭ ਈਸਵੀ ਮੁਤਾਬਕ ੧੯੫੪ ਬਿਕਰਮੀ ਨੂੰ ਆਫ਼ਰੀਦੀ ਤੇ ਯੂਸਫਜ਼ੇਈ ਪਠਾਣਾਂ ਦੀ ਅੰਗਰੇਜ਼ਾਂ ਨਾਲ ਅਣਬਣ ਹੋ ਗਈ। ਲਗਾਤਾਰ ਕਿੰਨਾ ਚਿਰ ਹੀ ਜੰਗ ਹੁੰਦਾ ਰਿਹਾ। ਗਵਰਨਮੈਂਟ ਨੂੰ ਬੜਾ ਨੁਕਸਾਨ ਪੁੱਜਾ। ਵਡੇ ਅੰਗ੍ਰੇਜ਼ ਅਫਸਰ ਨੂੰ ਲੜਾਈ ਦੇ ਨਾਮ ਤੇ ਚੇਹਰੇ ਤੇ ਲਾਲੀਆਂ ਆ ਜਾਂਦੀਆਂ ਸਨ। ਅੜਬ ਪਠਾਣਾਂ ਦੇ ਇਸ ਜੰਗ ਤੋਂ ਤੰਗ ਆ ਗਏ। ਉਹਨਾਂ ਦੇ ਚੇਹਰੇ ਤੇ ਹਵਾਈਆਂ ਉਡ ਗਈਆਂ ਤੇ ਚੇਹਰੇ ਦੀ ਰੰਗਤ ਉਡ ਰਹੀ ਸੀ। ਅਜੇਹੇ ਵੇਲੇ ਮਹਾਰਾਜਾ ਸਾਹਿਬ ਨੇ ਜੰਗ ਵਿੱਚ ਜਾਣ ਦੀ ਦਰਖ਼ਾਸਤ ਦਿੱਤੀ, ਜਿਸ ਨੂੰ ਝਟ ਲਾਟ ਸਾਹਿਬ ਨੇ ਮਨਜ਼ੂਰ ਕਰ ਲਿਆ ਤੇ ਲੜਾਈ ਵਿੱਚ ਜਾਣ ਦੀ ਆਗਿਆ ਦੇ ਦਿੱਤੀ। ਇਹ ਤਾਰ ੨੭ ਭਾਦ੍ਰੋਂ ੧੯੫੪ ਨੂੰ ਮਹਾਰਾਜਾ ਸਾਹਿਬ ਦੇ ਪਾਸ ਕਸੌਲੀ ਅੱਪੜੀ। ੨੮ ਭਾਦ੍ਰੋਂ ੧੯੫੪ ਮੁਤਾਬਕ ੧੧ ਸਤੰਬਰ ੧੮੯੭ ਨੂੰ ਮਹਾਰਾਜਾ ਸਾਹਿਬ ਉੱਥੋਂ ਚੱਲ ਕੇ ਪਟਯਾਲੇ ਆ ਗਏ। ਪਿਸ਼ਾਵਰ ਜਾਣ ਦੀ ਤਯਾਰੀ ਕਰ ਕੇ ਉਸੇ ਦਿਨ ਗੁਰਦਵਾਰਾ ਮੋਤੀ ਬਾਗ਼ ਮੱਥਾ ਟੇਕਣ ਦੇ ਵਾਸਤੇ ਤਸ਼ਰੀਫ ਲੈ ਗਏ। ਉੱਥੇ ਜਦ ਭਾਈ ਗਿਆਨ ਸਿੰਘ ਗਯਾਨੀ ਨੇ ਅਰਦਾਸਾ ਕਰ ਕੇ ਮਹਾਰਾਜਾ ਸਾਹਿਬ ਦੇ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਵਾਜ਼ ਲਈ ਤਦ ਹੁਕਮ ਹੋਇਆ:

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥੧॥

(ਗਉੜੀ, ਮਃ ੫ - ੨੫੮)

ਇਹ ਹੁਕਮ ਸੁਣ ਕੇ ਖ਼ੁਸ਼ੀ ਖ਼ੁਸ਼ੀ ਪ੍ਰਸ਼ਾਦ ਲੈ ਕੇ ਆਪ ਮਹਲਾਂ ਵਿੱਚ ਗਏ। ਮਾਤਾਵਾਂ ਨੂੰ ਮਥਾ ਟੇਕ ਕੇ ਅਸੀਸ ਲਈ ਤੇ ਉਸੇ ਦਿਨ ਇੱਕ ਵਜੇ ਦੀ ਗੱਡੀ ਤੇ ਆਪਣੇ ਖ਼ਾਸ ਖ਼ਾਸ ਮੁਸਾਹਬਾਂ ਸਮੇਤ ਰਵਾਨਾ ਹੋ ਗਏ। ੧੩ ਸਤੰਬਰ ਨੂੰ ਸਵੇਰੇ ਪਿਸ਼ਾਵਰ ਪੁਜੇ, ਜਿੱਥੇ ਆਪ ਦੇ ਸਵਾਗਤ ਲਈ ਦੋ ਕੰਪਨੀਆਂ ਪਿਸ਼ਾਵਰ ਦਾ ਡਿਪਟੀ ਕਮਿਸ਼ਨਰ ਤੇ ਰਈਸ ਇਕੱਤਰ ਸਨ। ਨਿਯਮ ਪੂਰਬਕ ਮਹਾਰਾਜਾ ਸਾਹਿਬ ਦੀ ਸਲਾਮੀ ਹੋਈ। ਸਾਰੇ ਰਈਸਾਂ ਨੇ ਫਤਹ ਬੁਲਾਈ ਤੇ ਖ਼ੁਸ਼ੀ ਮਨਾਈ। ਮਹਾਰਾਜਾ ਸਾਹਿਬ ਜੰਗ ਦੇ ਰੰਗ ਵਿੱਚ ਮੱਤੇ ਹੋਏ ਸਨ। ਪ੍ਰਸ਼ਾਦ ਛਕ ਕੇ ਉਸੇ ਦਿਨ ਡਾਕ ਤੇ ਸਵਾਰ ਹੋ ਰਾਤ ਨੂੰ ਸ਼ਬਕਦਰ ਜਾ ਪੁਜੇ। ਉਸ ਵੇਲੇ ਉੱਥੇ ਬ੍ਰਗੇਡ ਦੀ ਜਰਨੈਲੀ ਹੋ ਰਹੀ ਸੀ। ਜਰਨਲ ਏਲੀਅਡ ਤੇ ਬਲੋਡ ਸਾਹਿਬ ਮਹਾਰਾਜਾ ਨੂੰ ਜਰਨੈਲੀ ਵਿੱਚ ਲੈ ਗਏ। ਮਹਾਰਾਜਾ ਦੀ ਸਲਾਮੀ ਹੋਈ। ੧੪ ਸਤੰਬਰ ਨੂੰ ਓਥੇ ਮੁਕਾਮ ਰਿਹਾ। ਸਾਰੇ ਅੰਗ੍ਰੇਜ਼ ਅਫਸਰਾਂ ਨੂੰ ਮਿਲੇ, ਲੋੜ ਅਨੁਸਾਰ ਲੜਾਈ ਦਾ ਸਾਮਾਨ ਲਿਆ। ੧ ਅਸੂ ਮੁਤਾਬਕ ੧੫ ਸਤੰਬਰ ਸ਼ਬਕਦਰ ਤੋਂ ਘੋੜੇ ਤੇ ਸਵਾਰ ਹੋ ਕੇ ਲੜਾਈ ਲਈ ਅੱਗੇ ਵਧੇ। ਇਸ ਦਿਨ ੨੫ ਮੀਲ ਦਾ ਪੰਧ ਬੜਾ ਡਰਾਵਣਾ ਤੇ ਖਤਰਨਾਕ ਲੰਘਣਾ ਪਿਆ, ਜਿਸ ਵਿੱਚ ੭-੮ ਮੀਲ ਮਹਾਰਾਜਾ ਸਾਹਿਬ ਨੂੰ ਪੈਦਲ ਜਾਣਾ ਪਿਆ। ਇੱਕ ਤਾਂ ਪਾਣੀ ਨਹੀਂ ਮਿਲਿਆ, ਦੂਜਾ ਧੁਪ ਤੇ ਗਰਮੀ ਦਾ ਜ਼ੋਰ ਸੀ, ਤੀਜਾ ਦੁਸ਼ਮਣ ਦਾ ਖਤਰਾ ਸੀ ਕਿ ਕਿਸੇ ਪਰਬਤ ਤੋਂ ਨਾ ਨਿੱਕਲ ਆਉਣ। ਇਸ ਤਰ੍ਹਾਂ ਨਾਲ ਗੰਧਾਬ ਪੜਾਓ ਤੇ ਪੁੱਜ ਕੇ ਨਦੀ ਦਾ ਪਾਣੀ ਪੀਤਾ। ਖਾਣਾ ਵੀ ਲਾਂਗਰੀ ਦੇ ਨਾ ਪੁੱਜ ਸਕਣ ਦੇ ਕਾਰਣ ਸਰਦਾਰਾਂ ਨੂੰ ਤਯਾਰ ਕਰਨਾ ਪਿਆ। ਤਿੰਨ ਦਿਨ ਓਥੇ ਮੁਕਾਮ ਰੱਖ ਕੇ ਮੁਲਕ ਦੇ ਹਾਲ, ਤੇ ਠਾਉ ਮਲੂਮ ਕੀਤੇ ਤੇ ਰਸਦ ਆਦਿਕ ਸਾਮਾਨ ਵੰਡੇ। ੧੯ ਸਤੰਬਰ ੧੫ ਅੱਸੂ ਨੂੰ ਸਵੇਰੇ ੫ ਵਜੇ ਰਵਾਨਾ ਹੋ ਕੇ ਦੁਸ਼ਮਣ ਦੇ ਮੁਲਕ ਵਿੱਚ ਜਰਨਲ ਏਲੀਆ ਸਾਹਿਬ ੧੧ ਮੀਲ ਹਾਕੀ ਦੇ ਪੜਾਓ ਤੇ ਪੁੱਜੇ। ਇਸ ਦਿਨ ਦੁਸ਼ਮਣ ਦੇ ਢੋਲ ਢਮਕੇ ਦੀ ਆਵਾਜ਼ ਤੇ ਝੰਡੀਆਂ ਵਿਖਾਈ ਦੇਂਦੀਆਂ ਰਹੀਆਂ, ਪਰ ਲੜਾਈ ਕੋਈ ਨਹੀਂ ਹੋਈ। ਦੁਸ਼ਮਨ ਦੱਬਿਆ ਰਿਹਾ। ੧੬ ਅੱਸੂ ਨੂੰ ਹਾਕੀ ਤੋਂ ਚੱਲ ਕੇ ਲਕਰੇਈ ਤੇ ਜਾ ਪੁਜੇ। ਲੜਾਈ ਤਾਂ ਇਸ ਦਿਨ ਵੀ ਨਹੀਂ ਹੋਈ, ਕਿੰਤੂ ਦੋ ਅੰਗਰੇਜ਼ੀ ਫੌਜ ਦੇ ਆਦਮੀ ਪਠਾਣਾਂ ਦੇ ਹਥੋਂ ਮਾਰੇ ਗਏ ਤੇ ਰਾਤ ਦੇ ਵੇਲੇ ਦੁਸ਼ਮਣ ਦੀਆਂ ਝੰਡੀਆਂ ਬਲਦੀ ਅੱਗਾਂ ਦੀ ਰੋਸ਼ਨੀ ਨਾਲ ਦਿਖਾਈ ਦੇਂਦੀਆਂ ਰਹੀਆਂ। ੭ ਤ੍ਰੀਕ ਨੂੰ ਲਕਰੇਈ ਤੋਂ ਚੱਲ ਕੇ ਜਦ ਖੈਬਰੀ ਦੇ ਪੜਾਓ ਤੇ ਜਾ ਪੁਜੇ ਤਦ ਸ਼ਾਮ ਤੋਂ ਲੜਾਈ ਸ਼ੁਰੂ ਹੋਈ। ਸਵੇਰ ਦੇ ਤਿੰਨ ਵਜੇ ਤਕ ਦੁਸ਼ਮਣ ਵਲੋਂ ਲੜਾਈ ਚੱਲ ਕੇ ਮਹਾਰਾਜਾ ਸਾਹਿਬ ਦੇ ਕੈਂਪ ਤੇ ਵਸਦੀ ਰਹੀ। ਬਹੁਤ ਸਾਰੇ ਆਦਮੀ ਤੇ

ਘੋੜੇ ਖੱਚਰ ਮਾਰੇ ਗਏ। ਸਵੇਰ ਦੇ ੭ ਵਜੇ ਵੈਰੀ ਤੇ ਧਾਵਾ ਕੀਤਾ ਗਿਆ। ਲਕਰੇਈ ਤੋਂ ਜਦ ਅੱਗੇ ਵਧੇ ਤਦ ਦੋਨਾਂ ਪਾਸਿਆਂ ਤੋਂ ਮਹਾਰਾਜੇ ਦੀ ਫੌਜ ਤੇ ਗੋਲੀਆਂ ਦਾ ਮੀਂਹ ਵਸਣ ਲੱਗਾ ਤੇ ਇਧਰੋਂ ਵੀ ਵੈਰੀ ਨੂੰ ਮੂੰਹ ਤੋੜ ਉੱਤਰ ਮਿਲਦਾ ਰਿਹਾ। ਆਖ਼ਰਕਾਰ ਬੇਦੀਨੀ ਦੇ ਪੜਾਓ ਤੇ ਪੁੱਜ ਕੇ ਕਰਨੈਲ ਹੀਰਾ ਸਿੰਘ ਆਪਣੀ ਫੌਜ ਨੂੰ ਨਾਲ ਲੈ ਕੇ ਬਿਜਲੀ ਦੀ ਤਰ੍ਹਾਂ ਕੜਕ ਕੇ ਸ਼ਤਰੂ ਤੇ ਜਾ ਪਿਆ। ਪੂਰੀ ਉਮੈਦ ਸੀ ਕਿ ਮਹਾਰਾਜਾ ਦੀ ਇਹ ਸੈਨਾ ਮਿੰਟਾਂ ਵਿੱਚ ਹੀ ਦੁਸ਼ਮਣ ਦਾ ਸਫਾਇਆ ਕਰ ਕੇ ਕਬਜ਼ਾ ਕਰ ਲੈਂਦੀ ਕਿ ਇੰਨੇ ਨੂੰ ੧੩ ਨਵੰਬਰ ਨੂੰ ਅੰਗਰੇਜ਼ੀ ਰਜਮੰਟ ਇਸ ਰਸਾਲੇ ਦੀ ਮਦਦ ਨੂੰ ਜਾ ਪੁੱਜੀ। ਕਰਨੈਲ ਹੀਰਾ ਸਿੰਘ ਦੇ ਰਸਾਲੇ ਨੂੰ ਵਾਪਸ ਕੀਤਾ ਗਿਆ। ਇਸ ਦਿਨ ਦੋਨਾਂ ਤਰਫਾਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ। ਫਿਰ ਤਾਂ ਮਹਾਰਾਜਾ ਸਾਹਿਬ ਵੀ ਬੀਰ ਰਸ ਵਿੱਚ ਰੰਗੇ ਦੁਸ਼ਮਣਾਂ ਦੇ ਪਿੰਡਾਂ ਨੂੰ ਸਾੜਦੇ ਫਸਲਾਂ ਉਜਾੜਦੇ ਜੋ ਸਾਹਮਣੇ ਆਉਂਦਾ ਮੌਤ ਦੇ ਘਾਟ ਉਤਾਰਦੇ ਅੱਗੇ ਵਧਦੇ ਚਲੇ ਗਏ। ਓਸ ਦਿਨ ਤੇ ਰਾਤ ਲੜਾਈ ਹੋਂਦੀ ਰਹੀ। ਸਵੇਰ ਨੂੰ ਦੁਸ਼ਮਣ ਬਹੁਤ ਸਾਰੇ ਮੋਏ ਹੋਏ ਵੇਖੇ ਗਏ। ਇਧਰ ਤਾਂ ਸਰਬ ਲੋਹ ਦੀ ਰਖਯਾ ਕਿਲ੍ਹੇ ਦੇ ਕਾਰਨ ਬਣੀ ਰਹੀ। ੧੨ ਅਸੂ ਦਾ ਮੁਕਾਮ ਜਰੋਬੀ ਸੀ। ਇਹ ਹੀ ਥਾਂ ਅਸਲ ਫਸਾਦੀਆਂ ਦਾ ਕੇਂਦਰ ਅਸਥਾਨ ਸੀ। ਜਦ ਉਧਰ ਕੂਚ ਕੀਤਾ, ਤਦ ਓਧਰ ਸਾਰਾ ਦਿਨ ਬਰਾਬਰ ਲੜਾਈ ਹੋਂਦੀ ਰਹੀ। ਜਰੋਬੀ ਦੇ ਜਦ ਨੇੜੇ ਪੁਜੇ ਤਦ ਦੁਸ਼ਮਣ ਨੱਸ ਗਿਆ। ਮੁਲਹਾਡੇ ਦੇ ਮਕਾਨ ਤੇ ਪਿੰਡ ਆਦਿਕ ਤਬਾਹ ਕਰ ਕੇ ਫਤਹ ਦੇ ਨਗਾਰੇ ਵਜਾਂਦੇ ਤਿੰਨ ਮੀਲ ਪਿੱਛੇ ਤੋਰਾਖੇਲ ਦੇ ਮੁਕਾਮ ਤੇ; ਜਿੱਥੇ ਪਾਣੀ ਆਦਿਕ ਦਾ ਪ੍ਰਬੰਧ ਸੀ, ਵਾਪਸ ਆ ਗਏ, ਬੜੀ ਖ਼ੁਸ਼ੀ ਮਨਾਈ। ਦੂਜੇ ਦਿਨ ਸਵੇਰੇ ਓਥੋਂ ਚੱਲ ਕੇ ੧੧ ਵਜੇ ਪਦਾਖੇਲ ਵਿੱਚ ਅੱਪੜੇ। ਇਸ ਦਿਨ ਵੀ ਥੋੜ੍ਹੀ ੨ ਲੜਾਈ ਹੋਂਦੀ ਰਹੀ। ਦੂਜੇ ਦਿਨ ਸਵੇਰੇ ਇੱਥੋਂ ਚੱਲ ਕੇ ਕੋਂਗ ਦੇ ਮਕਾਮ ਤੇ ਆ ਪੁੱਜੇ, ਇਸ ਲੜਾਈ ਦੀ ਫਤਹ ਹੋਣ ਤੇ ਮਹਾਰਾਜਾ ਸਾਹਿਬ ਦੇ ਨਾਮ ਦੀ ਧੁੰਮ ਪੈ ਗਈ। ਇਸੇ ਥਾਂ ਤੋਂ ਵਾਪਸ ਮੁੜਨ ਦੀ ਆਗਯਾ ਲੈ ੧੪ ਅਸੂ ਮੁਤਾਬਕ ੨੮ ਸਤੰਬਰ ਨੂੰ ਸ਼ਾਗਿਰਦ ਪੇਸ਼ਾ ਸਮੇਤ ਪਟਿਆਲੇ ਵਲ ਰਵਾਨਾ ਹੋ ਗਏ। ਇਸ ਦਿਨ ਫਤਹ ਦੀ ਖ਼ੁਸ਼ੀ ਵਿੱਚ ਮਹਾਰਾਜਾ ਸਾਹਿਬ ਨੇ ਤਿੰਨ ਪੜਾਓ ਕੂਚ ਕਰ ਕੇ ਗੰਧਾਬ ਤੇ ਆ ਡੇਰਾ ਕੀਤਾ। ਇਸੇ ਜਗ੍ਹਾ ਤੇ ਮਹਾਰਾਜਾ ਸਾਹਿਬ ਨਾਭਾ ਦੀ ਫੌਜ ਵੀ ਸੀ ਜੋ ਇਸ ਲੜਾਈ ਵਿੱਚ ਲੜਨ ਲਈ ਗਈ ਹੋਈ ਸੀ, ਇਸ ਫੌਜ ਨੇ ਮਹਾਰਾਜੇ ਦੀ ਫਤਹਿ ਸੁਣ ਬੜੀ ਖ਼ੁਸ਼ੀ ਕੀਤੀ। ਕਰਨੈਲ ਸ਼ਮਸ਼ੇਰ ਸਿੰਘ ਬਸੰਤ ਸਿੰਘ ਮੇਹਜਰ ਤੇ ਬਖ਼ਸ਼ੀਸ਼ ਸਿੰਘ ਐਜੀਟਨ ਆਦਿਕ ਆ ਕੇ ਮਿਲੇ ਤੇ ਦਾਵਤ ਵਿੱਚ ਸ਼ਾਮਲ ਹੋਏ। ੨੯ ਨੂੰ ਇੱਥੋਂ ਚੱਲ ਕੇ ਸੰਧਯਾ ਨੂੰ ਪਿਸ਼ਾਵਰ ਆ ਪੁਜੇ। ਇਸ ਦਿਨ ਵੀ ਤਿੰਨ ਪੜਾਓ ਦਾ ਪੰਧ ਕੀਤਾ। ਇਸ ਮਹਾਰਾਜਾ ਨੂੰ ਸਾਰੇ ਲੋਹੇ ਦੇ ਸਰੀਰ ਵਾਲੇ ਦੇਵਤਾ ਸਰੂਪ ਸਮਝਦੇ ਸਨ। ਮਹਾਰਾਜਾ ਸਾਹਿਬ ਦੀ ਫਤਹ ਪਾ ਕੇ ਆਉਣ ਦੀ ਖ਼ਬਰ ਹੁਣ ਸਾਰੇ ਸ਼ਹਿਰ ਤੇ ਛਾਵਣੀ ਪਿਸ਼ਾਵਰ ਵਿੱਚ ਧੁੰਮ ਪੈ ਗਈ।ਸਾਰੇ ਲੋਕ ਦਰਸ਼ਨਾਂ ਨੂੰ ਆਏ, ਮਿਲੇ ਗਿਲੇ, ਜੈਕਾਰੇ ਗਜਾਏ ਤੇ ਖ਼ੁਸ਼ੀ ਦੇ ਹੁਰਰੇ ਬੁਲਾਏ। ੧੬ ਅੱਸੂ ਨੂੰ ਗੱਡੀ ਤੇ ਸਵਾਰ ਹੋਣ ਸਮੇਂ ਮਹਾਰਾਜਾ ਦੀ ਪੂਰੀ ਸਲਾਮੀ ਹੋਈ। ਅੰਗਰੇਜ਼ੀ ਵਾਜਾ ਵਜਿਆ। ਸ਼ਹਿਰ ਦੇ ਸਿੱਖਾਂ ਨੇ ਮਹਾਰਾਜਾ ਸਾਹਿਬ ਤੇ ਫ਼ੁੱਲਾਂ ਦੀ ਵਰਖਾ ਕੀਤੀ। ਰਾਹ ਵਿੱਚ ਗੁਜਰਾਂਵਾਲਾ ਆਦਿਕ ਸ਼ਹਿਰਾਂ ਦੇ ਸਿੱਖਾਂ ਨੇ ਮਹਾਰਾਜਾ ਸਾਹਿਬ ਦੇ ਫਤਹ ਪਾ ਕੇ ਮੁੜਨ ਤੇ ਇਨ੍ਹਾਂ ਦੀ ਗੱਡੀ ਤੇ ਫ਼ੁੱਲਾਂ ਦੀ ਵਰਖਾ ਕੀਤੀ, ਤੇ ਜੈਕਾਰੇ ਗਜਾਏ। ਲੁਧਿਆਣੇ ਦੇ ਮੁਕਾਮ ਤੇ ਸਰਦਾਰ ਬਲਵੰਤ ਸਿੰਘ ਜੀ ਰਈਸ ਭਦੋੜ ਨੇ ਡਾਲੀ ਆਦਿਕ ਤੋਹਫੇ ਪੇਸ਼ ਕੀਤੇ ਖ਼ੁਸ਼ੀ ਦਾ ਵਾਜਾ ਵਜਵਾਇਆ।

ਇਸ ਲੜਾਈ ਵਿੱਚ ਮਹਾਰਾਜਾ ਸਾਹਿਬ ਦੇ ਨਾਲ ਜਰਨੈਲ ਪ੍ਰੀਤਮ ਸਿੰਘ, ਕਰਨੈਲ ਹੀਰਾ ਸਿੰਘ, ਕਰਨੈਲ ਚੰਦਾ ਸਿੰਘ, ਸਰਦਾਰ ਵਰਯਾਮ ਸਿੰਘ ਰਾਏਪੁਰਯਾ, ਮੇਹਜਰ ਸੇਵਾ ਸਿੰਘ, ਸੁਪ੍ਰੰਟੰਡੰਟ ਸਕਾਟ ਸਾਹਿਬ, ਡਾਲਟਰ ਓਮਨ ਸਾਹਿਬ, ਗੰਦੋਰ ਸਿੰਘ ਜੀ, ਸਰਦਾਰ ਜਵਾਹਰ ਸਿੰਘ ਦਾ ਪੁਤਰ ਹਰਦਿਤ ਸਿੰਘ, ਘੱਨਯਾ ਸਿੰਘ ਨਫ਼ਰ, ਜਮਾਂਦਾਰ ਕਿਸ਼ਨ ਸਿੰਘ ਰੂੜੇਕਾ, ਕਿਸ਼ਨ ਸਿੰਘ

ਜਮਾਂਦਾਰ ਸੋਧੀਏਕਾ,ਬੀਰ ਸਿੰਘ ਲਾਂਗਰੀ, ਮੰਗਲ ਸਿੰਘ ਮਾਸ਼ਕੀ, ਗੁਰਦਿਤ ਸਿੰਘ ਸੰਤ ਖਾਲਸਾ ਇਹ ਪ੍ਰਤਿਸ਼ਿਠਤ ਤੇ ਹੋਰ ੩੩ ਸਵਾਰ ਸਨ।

ਮਹਾਰਾਜਾ ਰਾਜਿੰਦਰ ਸਿੰਘ ਜੀ ਦੇ ਕਾਬਲੀ ਮੁਲਖੱਯੇ ਦੀ ਲੜਾਈ ਵਿੱਚ ਫਤਹਿ ਪਾ ਕੇ ਮੁੜਨ ਦੀ ਖ਼ੁਸ਼ੀ ਵਿੱਚ ਅੱਸੂ ਸੰਮਤ ੫੫ ਬਿ. ਭਾਰੀ ਜਲਸਾ ਪਟਿਆਲਾ ਸ਼ਹਿਰ ਵਿਖੇ ਹੋਇਆ, ਜਿਸ ਵਿੱਚ ਲਫਟੰਟ ਗਵਰਨਰ ਯੰਗ ਸਾਹਿਬ ਬਹਾਦਰ ਤੇ ਹਿਜ਼ ਐਕਸੇਲੈਨਸੀ ਵੈਸਰਾਏ ਲਾਰਡ ਕਰਜ਼ਨ ਆਦਿਕ ਵੱਡੇ ਵੱਡੇ ਅੰਗ੍ਰੇਜ਼ ਅਫਸਰ ਸ਼ਾਮਲ ਸਨ ਤੇ ਮੁਲਕ ਮਾਲਵੇ ਦੇ ਰਈਸ ਵੀ ਹਾਜ਼ਰ ਸਨ, ਆਮ ਦਰਬਾਰ ਹੋਇਆ। ਵੈਸਰਾਏ ਨੇ ਮਹਾਰਾਜਾ ਸਾਹਿਬ ਦੀ ਬਹਾਦਰੀ ਦੀ ਬੜੀ ਪ੍ਰਸੰਸਾ ਕੀਤੀ ਤੇ ਇੱਕ ਤਮਗ਼ਾ "ਦੀ ਮੋਸਟ ਅਗਜ਼ਾਲਟਰ ਆਫ ਦੀ ਸਟਾਰ ਆਫ ਇੰਡੀਆ" ਆਪਣੇ ਹੱਥਾਂ ਨਾਲ ਪਾ ਕੇ ਅੰਗ੍ਰੇਜ਼ੀ ਢੰਗ ਨਾਲ ਹੁਰਰੇ ਤੇ ਖ਼ੁਸ਼ੀ ਦੇ ਜੈਕਾਰੇ ਗਜਾਏ ਗਏ।

ਮਹਾਰਾਜਾ ਸਾਹਿਬ ਪਟਿਆਲਾ ਨੂੰ ਵੈਸਰਾਈਗਲ ਦਰਬਾਰ ਵਿੱਚ ਪੰਜਾਬ ਦੇ ਰਈਸਾਂ ਵਿੱਚੋਂ ਅੱਵਲ ਤੇ ਮਹਾਰਾਜਾ ਜੰਮੂ ਤੋਂ ਦੂਜੇ ਦਰਜੇ ਦੀ ਜਗ੍ਹਾ ਮਿਲਦੀ ਹੈ। ੨੧ ਤੋਪਾਂ ਦੀ ਸਲਾਮੀ ਹੁੰਦੀ ਹੈ। ਇਸ ਰਿਆਸਤ ਵਿੱਚ ਫੌਜ ਦੀ ਗਿਣਤੀ ੮-੯ ਹਜ਼ਾਰ ਦੇ ਕਰੀਬ ਹੈ, ਜਿਸ ਵਿੱਚ ੧੭ ਫੌਜੀ ਅੰਗ੍ਰੇਜ਼ੀ ਤਰੀਕੇ ਦਾ ਤਿਆਰ ਹੋਇਆ, ਅੰਗ੍ਰੇਜ਼ਾਂ ਦੀ ਮਦਦ ਲਈ ਤਿਆਰ ਰਹਿਦਾ ਹੈ ਤੇ ਅੰਗ੍ਰੇਜ਼ੀ ਫੌਜ ਦੇ ਨਾਲ ਹਰ ਸਾਲ ਕੈਂਪ ਆਫ ਐਕਸਰਸਾਈਜ਼ ਨਾਲ ਸ਼ਾਮਲ ਹੋਂਦੀ ਹੈ। ਕੁਲ ਫੌਜ ਦੇ ਅਫਸਰ ਬਖ਼ਸ਼ੀ ਪ੍ਰੀਤਮ ਸਿੰਘ ਜੀ ਬਖ਼ਸ਼ੀ ਵਸਾਵਾ ਸਿੰਘ ਦੇ ਪੋਤਰੇ ਹਨ ਤੇ ਜਨਰਲ ਦੇ ਅਹੁਦੇ ਤੇ ਸਰਦਾਰ ਹੀਰਾ ਸਿੰਘ ਸਾਹਿਬ ਬਹਾਦਰ ਰਾਇਪੁਰੀਏ, ਦੋਨੋਂ ਸਜਣ ਫੌਜ ਦੇ ਕੰਮ ਦੇ ਬੜੇ ਚੰਗੇ ਜਾਣੂੰ ਹਨ। ਵਜ਼ੀਰ ਸਰਦਾਰ ਗੁਰਦਿਤ ਸਿੰਘ ਸਾਹਿਬ ਹਨ। ਇਜਲਾਸ ਐਡਮਨਿਸਟ੍ਰੇਟਿਵ ਕਮੇਟੀ ਨੀਯਤ ਹੈ, ਜਿਸ ਵਿੱਚ ਕੰਵਰ ਸਾਹਿਬ ਬਹਾਦਰ ਰਣਬੀਰ ਸਿੰਘ ਸਾਹਿਬ ਪ੍ਰੈਜ਼ੀਡੰਟ ਸਰਦਾਰ ਗੁਰਮੁਖ ਸਿੰਘ ਜੀ ਮੁਸ਼ੀਰ ਦਰਜਾ ਅੱਵਲ ਤੇ ਮੁਹੰਮਦ ਹੁਸੈਨ ਮੀਰ ਮੁਨਸ਼ੀ ਦੂਜੇ ਦਰਜੇ ਦਾ ਸਲਾਹਕਾਰ ਹੈ। ਇਨ੍ਹਾਂ ਦੀ ਤਨਖਾਹ ਇੱਕ ਇੱਕ ਹਜ਼ਾਰ ਰੁਪਿਆ ਮਾਹਵਾਰ ਹੈ ਤੇ ਇਜਲਾਸ ਚੀਫ ਕੋਰਟ ਵਿੱਚ ਸਰਦਾਰ ਭਗਵਾਨ ਸਿੰਘ ਸਾਹਿਬ ਬਹਾਦਰ ਪਿਛਲਾ ਮੀਰ ਮੁਨਸ਼ੀ, ਦੀਵਾਨ ਭਗਵਾਨ ਦਾਸ, ਸੱਯਦ ਫਜ਼ਲ ਹੁਸੈਨ ਮੈਂਬਰ ਹਨ, ਇਨ੍ਹਾਂ ਦੀ ਤਨਖਾਹ ਸਾਢੇ ਸਤ ਸਤ ਸੌ ਰੁਪਯਾ ਹੈ। ਸਰਦਾਰ ਜੀਵਨ ਸਿੰਘ ਸਾਹਿਬ ਰਾਇਪੁਰੀਏ, ਨਾਇਬ ਦੀਵਾਨ ਸਰਦਾਰ ਕਿਸ਼ਨ ਸਿੰਘ ਰਾਇਪੁਰੀਏ ਅਦਾਲਤੀ ਸਦਰ ਦੀਵਾਨ ਬਿਸ਼ਨ ਚੰਦ ਸਾਹਿਬ ਤੇ ਮੀਰ ਮੁਨਸ਼ੀ ਅਬਦੁਲ ਅਜੀਜ ਖਾਂ ਸਾਹਿਬ ਹਨ। ਪ੍ਰਾਈਵੇਟ ਸਕੱਤ੍ਰ ਸ੍ਰ: ਸ਼ਮਸ਼ੇਰ ਸਿੰਘ ਸਾਹਿਬ ਬਹਾਦਰ ਹਨ ਤੇ ਲਾਲਾ ਕਾਸ਼ੀ ਰਾਮ ਸੁਪ੍ਰੰਟੰਡੰਟ ਕਾਰਖਾਨਾ ਹਨ। ਲਾਲਾ ਮੁਨਾ ਲਾਲ ਸਹਾਇਕ ਦੀਵਾਨ ਹਨ। ਹਰ ਇੱਕ ਖਾਨਦਾਨ ਦੀ ਤਾਰੀਖ ਵਾਸਤੇ ਵੇਖੋ ਤਾਰੀਖ ਹਿੱਸਾ ਚੌਥਾ।

# ਨਾਭੇ ਦਾ ਰਾਜ ਘਰਾਣਾ

ਫੂਲ ੧੭੦੯ ਬਿ:

ਤਿਲੋਕਾ ੧੭੯੬ ਬਿ:

(ਰਿਆਸਤ ਜੀਂਦ ਦਾ ਵਡਾ) ਸੁਖਚੈਨ ਸਿੰਘ (੧੮੧੮) ਗੁਰਦਿਤ ਸਿੰਘ (੧੮੧੧)

ਸੂਰਤਯਾ ਸਿੰਘ ੧੮੦੯ ਬਿ:

ਕਪੂਰ ਸਿੰਘ ੧੮੩੨ ਬਿ. ਹਮੀਰ ਸਿੰਘ—੧੮੪੦ ਬਿ:

੧੮੩੩ ਬਿ. ਰਾਜਾ ਜਸਵੰਤ ਸਿੰਘ ੧੮੯੭ ਬਿ:


ਰਣਜੀਤ ਸਿੰਘ ੧੮੮੭ ਬਿ. ਸੰਤੋਖ ਸਿੰਘ ੧੮੮੮ ਬਿ: ਰਾਜਾ ਦੇਵਿੰਦਰ ਸਿੰਘ ੧੮੨੨ ਬਿ. ੧੮੮੭

੧੮੯੯ ਬਿ. ਰਾਜਾ ਭਗਵਾਨ ਸਿੰਘ ੧੯੨੮ ਬਿ. ਰਾਜਾ ਭਰਪੂਰ ਸਿੰਘ ੧੮੯੫ ਬਿ. ੧੯੨੦ ਬਿ:

੧੯੦੦ ਬਿ. ਰਾਜਾ ਹੀਰਾ ਸਿੰਘ ੧੯੩੯ ਬਿ:

ਟਿਕਾ ਸਾਹਿਬ ਰਿਪਦਮਨ ਸਿੰਘ

# ੧. ਸਿੱਧੂਆਂ ਦੇ ਖਾਨਦਾਨ ਦਾ ਸ਼ਜਰਾ



## ੨. ਨਾਭੇ ਦਾ ਰਾਜ ਘਰਾਣਾ

ਇਹ ਖਾਨਦਾਨ ਵੀ ਉਸੇ ਦਰਖਤ ਦੀ ਇੱਕ ਸ਼ਾਖ ਹੈ ਜਿਸ ਤੋਂ ਰਿਆਸਤ ਪਟਜਾਲਾ ਪ੍ਰਗਟ ਹੋਇਆ, ਅਰਥਾਤ ਚੌਧਰੀ ਫੂਲ ਦਾ ਸਭ ਤੋਂ ਵੱਡਾ ਲੜਕਾ ਤਲੋਕ ਸਿੰਘ; ਜਿਸ ਨੂੰ ਤਲੋਕਾ ਕਹਿੰਦੇ ਸਨ, ਇਸ ਖਾਨਦਾਨ ਦਾ ਵੱਡਾ ਹੋਇਆ ਹੈ, ਜਿਸ ਨੂੰ ਵੱਡਾ ਹੋਣ ਦੇ ਕਾਰਣ ਆਪਣੇ ਬਾਪ ਦੀ ਜਗ੍ਹਾ ਦਿਲੀ ਦਰਬਾਰ ਵੱਲੋਂ ਚੌਧਰੀ ਦਾ ਖ਼ਿਤਾਬ ਮਿਲਜਾ। ਇਸ ਕਰ ਕੇ ਖਾਨਦਾਨ ਨਾਭਾ ਆਪਣੇ ਆਪ ਨੂੰ ਪਟਿਆਲਾ ਤੇ ਜੀਂਦ ਨਾਲੋਂ ਆਪਣਾ ਦਰਜਾ ਉੱਚਾ ਖ਼ਿਆਲ ਕਰਦੇ ਹਨ। ਚੌਧਰੀ ਫੂਲ ਨੇ ੧੭੪੨ ਵਿੱਚ ਚਲਾਣਾ ਕੀਤਾ। ਓਹਦਾ ਲੜਕਾ ਤਲੋਕਾ ਜੋ ਸੰਮਤ ੧੭੧੬ ਬਿ. ਨੂੰ ਉਤਪੰਨ ਹੋਇਆ, ਉਸ ਦੀ ਜਗ੍ਹਾ ਤੇ ਬੈਠਾ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸੱਦ ਭੇਜਣ ਤੇ ਭਰਾਵਾਂ ਸਮੇਤ ਅਨੰਦਪੁਰ ਪੁੱਜਾ ਤੇ ਪਹਾੜੀ ਰਾਜਿਆਂ ਦੇ ਯੁੱਧ ਵਿੱਚ ਗੁਰੂ ਜੀ ਵੱਲੋਂ ਲੜਦਾ ਰਿਹਾ। ਇਹ ਗੱਲ ਉਸ ਹੁਕਮਨਾਮੇ ਤੋਂ ਸਿੱਧ ਹੈ ਜੋ ਗੁਰੂ ਜੀ ਨੇ ੧੭੫੩ ਵਿੱਚ ਇੱਕ ਕਪੜੇ ਤੇ ਕਟਾਰ ਸਮੇਤ ਇਨ੍ਹਾਂ ਦੇ ਪਾਸ ਭੇਜਿਆ ਸੀ ਜੋ ਹੁਣ ਰਿਆਸਤ ਨਾਭਾ ਵਿੱਚ ਮੌਜੂਦ ਹੈ, ਉਸ ਵਿੱਚ ਗੁਰੂ ਸਾਹਿਬ ਵੱਲੋਂ ਇਹ ਵੀ ਲਿਖਿਆ ਹੈ ਕਿ ਭਾਈ ਰਾਮਾ! ਭਾਈ ਤਲੋਕਾ! ਤੇਰਾ ਘਰ ਮੇਰਾ ਘਰ ਹੈ, ਆਪਣੇ ਸਵਾਰ ਲੈ ਕੇ ਜ਼ਰੂਰ ਆਉਣਾ।

ਇਸ ਤਰ੍ਹਾਂ ਇਹ ਦੋਨੋਂ ਭਰਾ ਕਈ ਵਾਰ ਗੁਰੂ ਜੀ ਦੇ ਸੱਦਣ ਤੇ ਆਪਣੀ ਫੌਜ ਸਮੇਤ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਂਦੇ ਰਹੇ, ਜਿਨ੍ਹਾਂ ਦਾ ਫ਼ਲ ਇਹ ਹੋਇਆ ਕਿ ਇਨ੍ਹਾਂ ਦੋਨਾਂ ਸਰਦਾਰਾਂ ਦੀ ਪਤ ਤੇ ਸਰਦਾਰੀ ਬਣ ਗਈ। ਤਲੋਕ ਸਿੰਘ ਆਪਣੇ ਮੁਲਕ ਦਾ ਸ਼ਾਹੀ ਮਾਲਗੁਜ਼ਾਰ ਬਣ ਗਿਆ, ਇਸ ਕਰ ਕੇ ਇਸ ਮੁਲਕ ਦੀ ਅਦਾਲਤ ਵੀ ਓਹਦੇ ਹੱਥ ਰਹੀ।

ਇਸ ਨੇ ਆਪਣੇ ਨਿਕੇ ਭਰਾ ਰਾਮ ਸਿੰਘ ਜਿਸ ਦਾ ਪਹਿਲਾਂ ਨਾਮ ਰਾਮਾ ਸੀ ਅਤੇ ਜੋ ਪਟਜਾਲਾ ਖਾਨਦਾਨ ਦਾ ਬਜ਼ੁਰਗ ਸੀ, ਪਿੰਡ ਫੂਲ ਵਿੱਚ ਰਹਿ ਕੇ ਬੜੀ ਪਤ ਬਣਾ ਲਈ। ਪਿੰਡ ਭਾਈ ਰੂਪਾ ਭਾਵੇਂ ਇਸ ਪਿੰਡ ਦੀ ਨੀਂਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਾਈ ਰੂਪੇ ਦੇ ਹੱਥੋਂ ਰਖਾ ਗਏ ਸਨ, ਕਿੰਤੂ ਉਸ ਦੀ ਉੱਨਤੀ ਵਿੱਚ ਜੋ ਲੋਕ ਰੁਕਾਵਟ ਪਾਂਦੇ ਸਨ। ਉਨ੍ਹਾਂ ਨੂੰ ਡੰਡ ਦੇ ਕੇ ਇਨ੍ਹਾਂ ਦੋਨੋਂ ਭਰਾਵਾਂ ਇਹ ਪਿੰਡ ਵਸਾਇਆ। ਇਸ ਕਰ ਕੇ ਇਨ੍ਹਾਂ ਦੋਨਾਂ ਭਰਾਵਾਂ ਦਾ ਇੱਕੋ ਜਿਹਾ ਹਿੱਸਾ ਪਿੰਡ ਰੂਪੇ ਵਿੱਚ ਰਿਹਾ, ਜੋ ਹੁਣ ਕਿਸੇ ਖ਼ਾਸ ਕਾਰਨ ਤੋਂ ਰਿਆਸਤ ਨਾਭੇ ਵਿੱਚ ਆ ਗਿਆ। ਸਰਹੰਦ ਦੇ ਦਰਬਾਰ ਵਿੱਚ ਇਨ੍ਹਾਂ ਦੀ ਬੜੀ ਆਬਰੂ ਬਣੀ ਰਹੀ। ਕਿੰਤੂ ੧੭੬੧ ਬਿੱਕ੍ਰਮੀ ਨੂੰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦੋਨੋਂ ਵੱਡੇ ਸਾਹਿਬਜ਼ਾਦੇ ਚਮਕੌਰ ਦੇ ਮੈਦਾਨ ਵਿੱਚ ਸ਼ਹੀਦ ਹੋ ਗਏ, ਤਦ ਅਚਣਚੇਤ ਇਨੀਂ ਦਿਨੀਂ ਇਹ ਦੋਨੋਂ ਭਰਾ ਜੰਗ ਮੁੱਕਣ ਪਿੱਛੋਂ ਉੱਥੇ ਪੁੱਜ ਕੇ ਤਲੋਕ ਸਿੰਘ ਨੇ ਕਦੇ ਖਾਂ ਸਪਾਹੀ ਜੋ ਸਾਹਿਬਜ਼ਾਦਿਆਂ ਦੇ ਸਰੀਰ ਦਾ ਰਖਵਾਲਾ ਸੀ, ਚਾਲਾਂ ਵਿੱਚ ਲਾ ਰਖਜਾ ਤੇ ਰਾਮ ਸਿੰਘ ਨੇ ਇੱਕ ਖੂਹ ਦੀਆਂ ਲਕੜਾਂ ਇਕੱਠੀਆਂ ਕਰ ਕੇ ਦੋਨਾਂ ਸਾਹਿਬਜ਼ਾਦਿਆਂ ਦੇ ਸਰੀਰ ਓਹਦੇ ਵਿੱਚ ਰੱਖ ਕੇ ਅਗਨੀ ਲਗਾ ਦਿੱਤੀ। ਕਈ ਕਹਿੰਦੇ ਹਨ ਕਿ ਗੋਹੇ (ਪਾਥੀਆਂ) ਦੇ ਢੇਰ ਵਿੱਚ ਰੱਖ ਕੇ ਅੱਗ ਲਾ ਦਿੱਤੀ ਸੀ। ਸਰਹੰਦ ਦੇ ਸੂਬੇ ਨੇ ਇਸ ਕਾਰਨ ਇਨ੍ਹਾਂ ਨੂੰ ਫੜ ਕੇ ਕੈਦ ਕਰ ਦਿੱਤਾ, ਕਿੰਤੂ ਇਨ੍ਹਾਂ ਨੇ ਇੱਕ ਅਦਭੁਤ ਵਿਓਂਤ ਨਾਲ ਇੱਥੋਂ ਛੁਟਕਾਰਾ ਪਾ ਲਿਆ। ਜਦ ਇਹ ਗੱਲ ਗੁਰੂ ਸਾਹਿਬ ਜੀ ਨੇ ਸੁਣੀ ਤਦ ਓਹਨਾਂ ਨੇ ਇਨ੍ਹਾਂ ਦੇ ਹੱਕ ਵਿੱਚ ਵਰ ਦਿੱਤਾ। ਫਿਰ ਇਨ੍ਹਾਂ ਨੂੰ ਦਮਦਮੇ ਸਾਹਿਬ ਆਪਣੇ ਹਥੀਂ ਅੰਮ੍ਰਿਤ ਛਕਾ ਕੇ ਸਿੰਘ ਬਣਾਇਆ ਤੇ ਸਰਦਾਰੀ ਬਖ਼ਸ਼ੀ, ਜਿਸ ਖ਼ੁਸ਼ੀ ਦੇ ਕਾਰਨ ਇਨ੍ਹਾਂ ਤੇ ਇਨ੍ਹਾਂ ਦੀ ਸੰਤਾਨ ਨੇ ਬਹੁਤ ਤਰੱਕੀ ਕੀਤੀ।

ਚੌਧਰੀ ਤਲੋਕ ਸਿੰਘ ਜੋ ਗੁਰੂ ਸਾਹਿਬ ਦਾ ਭਰੋਸੇ ਵਾਲਾ ਸਿੱਖ ਸੀ ੧੭੯੬ ਬਿੱਕ੍ਰਮੀ ਨੂੰ ਚਲਾਣਾ ਕਰ ਗਿਆ।

ਚੌਧਰੀ ਤਲੋਕੇ ਦਾ ਵਿਆਹ ਪਿੰਡ ਰੋੜੀ ਵਿੱਚ ਚੌਧਰੀ ਸੈਦੋ ਦੇ ਘਰ ਓਹਦੀ ਲੜਕੀ ਬਖਤੇ ਨਾਲ ਹੋਇਆ ਸੀ, ਜਿਸ ਤੋਂ ਦੋ ਪੁੱਤ੍ਰ ਗੁਰਦਿਤ ਸਿੰਘ ਤੇ ਸੁਖਚੈਨ ਸਿੰਘ ਉਤਪੰਨ ਹੋਏ। ਸੁਖਚੈਨ ਸਿੰਘ ਜੀਂਦ

ਰਿਆਸਤ ਦਾ ਵੱਡਾ ਹੋਇਆ ਹੈ ਤੇ ਗੁਰਦਿਤ ਸਿੰਘ ਰਜਾਸਤ ਨਾਭੇ ਦਾ। ਚੌਧਰੀ ਦਾ ਖਤਾਬ ਵਡਾ ਹੋਣ ਕਰ ਕੇ ਗੁਰਦਿਤ ਸਿੰਘ ਨੂੰ ਮਿਲਿਆ। ਇਸ ਦਾ ਵਿਆਹ ਪਿੰਡ ਮੋੜ ਕੇ ਸਰਦਾਰ ਸਰਦੂਲ ਸਿੰਘ ਦੀ ਲੜਕੀ ਰਾਜ ਕੌਰ ਨਾਲ ਹੋਇਆ, ਜਿਸ ਦੇ ਇੱਕ ਲੜਕਾ ਸੂਰਤੀਆ ਸਿੰਘ ੧੭੬੯ ਵਿੱਚ ਉਤਪੰਨ ਹੋਇਆ। ਚੌਧਰੀ ਗੁਰਦਿਤ ਸਿੰਘ ਦਾ ਸਰਹਿੰਦ ਦੇ ਸੂਬੇ ਨਾਲ ਬਹੁਤ ਮੇਲ ਗੇਲ ਸੀ। ਕਈ ਇੱਕ ਸਰਹਦੀ ਝਗੜੇ ਨਿਪਟਾਣ ਲਈ ਇਨ੍ਹਾਂ ਨੂੰ ਹੀ ਯੋਗ ਤੇ ਵਿਦਵਾਨ ਸਮਝ ਕੇ ਭੇਜਿਆ ਕਰਦਾ ਸੀ, ਜਿਸ ਤੋਂ ਗੁਰਦਿੱਤ ਸਿੰਘ ਨੇ ਬਹੁਤ ਜ਼ਿਆਦਾ ਪ੍ਰਸਿੱਧਤਾ ਪਾਈ। ਓਹਨਾਂ ਹੀ ਦਿਨਾਂ ਵਿੱਚ ਧਨੌਲੇ ਵਾਲੇ ਜਵੰਦੇ ਜੱਟਾਂ ਦਾ ਝਗੜਾ ਜੋ ਲਾਗੇ ਦੀ ਵਸੋਂ ਨਾਲ ਚੱਲ ਰਿਹਾ ਸੀ, ਜਿਸ ਦੇ ਵਾਸਤੇ ਹਮੇਸ਼ਾਂ ਕਟਾ ਵਢ ਹੋਂਦੀ ਰਹਿੰਦੀ ਸੀ। ਓਸ ਦੇ ਫ਼ੈਸਲਾ ਕਰਨ ਵਾਸਤੇ ਜਦ ਸੰਮਤ ੧੮੦੬ ਬਿ. ਨੂੰ ਸੂਬਾ ਸਰਹੰਦ ਨੇ ਸਰਦਾਰ ਗੁਰਦਿਤ ਸਿੰਘ ਨੂੰ ਭੇਜਿਆ ਤਦ ਇਸ ਨੇ ਇਨ੍ਹਾਂ ਨੂੰ ਬਹੁਤ ਫਾਇਦਾ ਪੁਚਾਯਾ। ਧਨੌਲੇ ਦੇ ਲਾਗੇ ਇੱਕ ਖੰਡਰ ਸੀ ਓਥੋਂ ਫ਼ੈਸਲੇ ਵਾਸਤੇ ਰਹਿਣ ਦੇ ਦਿਨਾਂ ਵਿੱਚ ਇਹ ਜਗ੍ਹਾ ਚੌਧਰੀ ਗੁਰਦਿਤ ਸਿੰਘ ਨੇ ਵਸਾਈ। ਕਹਿੰਦੇ ਹਨ ਕਿ ਇੱਥੋਂ ਇਸ ਨੂੰ ਇੱਕ ਖ਼ਜ਼ਾਨਾ ਮਿਲਿਆ। ਇਸ ਥਾਂ ਨੂੰ ਓਹਨੇ ਹੱਛਾ ਸਮਝ ਕੇ ਇੱਕ ਕੱਚੀ ਥੜੀ ਬਣਾ ਲਈ ਤੇ ਓਥੇ ਹੀ ਆਪਣੀ ਜਗ੍ਹਾ ਨਿਯਤ ਕਰ ਲਈ। ਓਸ ਵੇਲੇ ਮੁਗਲੀਆ ਸਲਤਨਤ ਦਾ ਸੂਰਜ ਅਸਤ ਹੋ ਰਿਹਾ ਸੀ। ਸਰਦਾਰ ਆਲਾ ਸਿੰਘ ਵਲੋਂ ਤੱਕ ਤੱਕ ਕੇ ਚੌਧਰੀ ਗੁਰਦਿਤ ਸਿੰਘ ਨੇ ਵੀ ਆਪਣੇ ਪਾਸ ਬਹੁਤ ਸਾਰੀ ਫੌਜ ਇਕੱਠੀ ਕਰ ਲਈ ਤੇ ਤਿੰਨ ਪਿੰਡ ਬਡੋਰ ਵਾਲੇ ਨੌਂ ਮੁਸਲਮ ਰਾਜਪੂਤਾਂ ਦੇ ਕੁਝ ਪਿੰਡ ਇਸ ਨੇ ਦਬਾ ਲਏ। ਫਿਰ ੧੮੦੭ ਵਿੱਚ ਜ਼ਿਮੀਂਦਾਰਾਂ ਤੋਂ ਜ਼ਮੀਨ ਲੈ ਕੇ ਕਸਬਾ ਸੰਗਰੂਰ ਜੋ ਗੈਰਆਬਾਦ ਸੀ ਤੇ ਕਾਫੀ ਮੁਦਤ ਤਕ ਰਈਸ ਨਾਭੇ ਦੇ ਕਬਜ਼ੇ ਵਿੱਚ ਰਹਿ ਚੁੱਕਾ ਸੀ, ਓਹ ਪਿੱਛੋਂ ਜੀਂਦ ਦੇ ਰਈਸ ਨੇ ਕਿਸੇ ਤਰ੍ਹਾਂ ਨਾਲ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ, ਜੋ ਹੁਣ ਵੀ ਓਹਨਾਂ ਦੇ ਪਾਸ ਹੈ।

ਸ੍ਰਦਾਰ ਗੁਰਦਿਤ ਸਿੰਘ ਨੇ ਮੁਗਲੀਆ ਖਾਨਦਾਨ ਦੇ ਐਸ਼ਵਰਜ ਦੇ ਮਿਟਣ ਸਮੇਂ ਬਹੁਤ ਸਾਰੇ ਇਲਾਕੇ ਤੇ ਕਬਜ਼ਾ ਕਰ ਕੇ ਖ਼ੁਸ਼ਹਾਲੀ ਬਣਾ ਲਈ ਸੀ, ਕਿੰਤੂ ਇਹਦੀ ਆਪਣੇ ਭਰਾ ਸੁਖਚੈਨ ਸਿੰਘ ਨਾਲ ਸਦਾ ਹੀ ਖਟਪਟੀ ਬਣੀ ਰਹਿੰਦੀ ਸੀ। ਬਲਕਿ ਦੋਹਾਂ ਵਿੱਚ ਸਿਰ ਧੜ ਦਾ ਵੈਰ ਲਗਾ ਰਹਿੰਦਾ ਸੀ, ਜਿਸ ਵਿੱਚ ਇੱਕ ਦਿਨ ਧਨੌਲੇ ਦੇ ਪਾਸ ਗੁਰਦਿੱਤ ਸਿੰਘ ਦਾ ਵਡਾ ਲੜਕਾ ਸੂਰਤਯਾ ਸਿੰਘ ਜੋ ਇੱਕ ਬੜਾ ਖੂਬਸੂਰਤ ਜਵਾਨ ਸੀ, ਜੰਬੂਰ ਦੇ ਫਟ ਜਾਣ ਦੇ ਕਾਰਨ ਫਟੜ ਹੋ ਕੇ ੧੮੦੯ ਬਿ. ਵਿੱਚ ਚਲਾਣਾ ਕਰ ਗਿਆ।

ਇਸ ਝਗੜੇ ਦਾ ਕਾਰਨ ਪਿੰਡ ਫੂਲ ਸੀ ਜੋ ਸੁਖਚੈਨ ਸਿੰਘ ਦੇ ਕਬਜ਼ੇ ਵਿੱਚ ਸੀ। ਚੌਧਰੀ ਗੁਰਦਿਤ ਸਿੰਘ ਵਡਾ ਹੋਣ ਦੇ ਕਾਰਨ ਆਪਣੇ ਆਪ ਨੂੰ ਉਹਦਾ ਵਾਰਸ ਸਮਝਦਾ ਸੀ ਤੇ ਇਸ ਕਰ ਕੇ ਇਸੇ ਸੋਚ ਵਿੱਚ ਲਗਾ ਰਹਿੰਦਾ ਸੀ। ਸੁਖਚੈਨ ਸਿੰਘ ਦੇ ਚਲਾਣੇ ਮਗਰੋਂ ਉਹਦੇ ਘਰ ਵਾਲੀ ਆਪਣੇ ਲੜਕੇ ਸਮੇਤ ਜਦ ਆਪਣੇ ਪਿਤਾ ਦੇ ਘਰ ਪਿੰਡ ਤਲਵੰਡੀ ਇੱਕ ਵਿਆਹ ਦੇ ਮੌਕੇ ਤੇ ਗਈ ਤਦ ਪਿੱਛੋਂ ਗੁਰਦਿਤ ਸਿੰਘ ਨੇ ਇਸ ਪਿੰਡ ਤੇ ਕਬਜ਼ਾ ਕਰ ਲਿਆ ਤੇ ਹੁਣ ਤਕ ਇਹ ਪਿੰਡ ਨਾਭੇ ਦੇ ਕਬਜ਼ੇ ਵਿੱਚ ਹੀ ਹੈ।

## ੩. ਗੁਰਦਿਤ ਸਿੰਘ ਦਾ ਚਲਾਣਾ ਤੇ ਹਮੀਰ ਸਿੰਘ ਦਾ ਗੱਦੀ ਤੇ ਬੈਠਣਾ

ਸੂਰਤੀਆ ਸਿੰਘ ਦੇ ਦੋ ਪੁਤਰ ਸਨ, ਹਮੀਰ ਸਿੰਘ ਤੇ ਕਪੂਰ ਸਿੰਘ। ਸੰਮਤ ੧੮੧੩ ਨੂੰ ਚੌਧਰੀ ਗੁਰਦਿਤ ਸਿੰਘ ਦੇ ਚਲਾਣੇ ਮਗਰੋਂ ਹਮੀਰ ਸਿੰਘ ਨੇ ਉਹਦੀ ਜਗ੍ਹਾ ਸੰਭਾਲੀ ਤੇ ਦੋਨਾਂ ਭਰਾਵਾਂ ਨੇ ਹਰ ਹਮਲੇ ਵਿੱਚ ਸ੍ਰ: ਆਲਾ ਸਿੰਘ ਦੇ ਨਾਲ ਰਹਿ ਕੇ ਬੜੀ ਤਰੱਕੀ ਕੀਤੀ। ਲਾਹੋਵਾਲ ਵਾਲੇ ਖੇੜੇ ਜ਼ਿਮੀਂਦਾਰਾਂ ਨੇ ਜਿਨ੍ਹਾਂ ਦੇ ਕਈ ਇੱਕ ਪਿੰਡ ਇਸ ਇਲਾਕੇ ਵਿੱਚ ਹਨ, ਸ੍ਰ: ਆਲਾ ਸਿੰਘ ਨੂੰ ਆਪਣੀ ਮਦਦ ਤੇ ਲਿਆ ਕੇ ਮਾਲੇਰਕੋਟਲੇ ਦੇ ਥਾਣੇਦਾਰ ਨਾਲ ਲੜਾਈ ਕਰ ਕੇ ਲਾਹੋਵਾਲ ਤੋਂ ਕੱਢ ਕੇ ਆਪਣਾ ਕਬਜ਼ਾ ਕਰ ਲਿਆ। ਸ੍ਰ: ਆਲਾ ਸਿੰਘ ਦਾ ਡੇਰਾ ਪਿੰਡ ਦੁਲਦੀ ਵਿੱਚ ਰਿਹਾ। ਇਸ ਕਰ ਕੇ ਇਹ ਪਿੰਡ ਰਿਆਸਤ ਪਟਿਆਲੇ ਦਾ ਹੈ।

## ੪. ਨਾਭੇ ਦੀ ਨੀਉਂ

ਲਾਹੋਵਾਲੀ ਦੀ ਫਤਹ ਦੇ ਮਗਰੋਂ ਨਾਭੀ, ਅਨ ਤੇ ਭਮਦੀ ਇਨ੍ਹਾਂ ਤਿੰਨਾਂ ਪਿੰਡਾਂ ਦੇ ਵਿਚਕਾਰ ਇੱਕ ਜਗ੍ਹਾ ਸੀ, ਉਸ ਤੇ ੧੮੧੬ ਕੱਤਕ ਸੁਦੀ ੧੬ ਨੂੰ ਕਿਲ੍ਹੇ ਦੀ ਨੀਉਂ ਰਖੀ ਤੇ ਨਾਮ ਉਹਦਾ ਨਾਭਾ ਰੱਖਿਆ ਤੇ ਉਸੇ ਨੂੰ ਆਪਣੀ ਰਾਜਧਾਨੀ ਬਣਾਇਆ। ਹੌਲੀ ਹੌਲੀ ਵੱਸੋਂ ਵਧ ਜਾਣ ਦੇ ਕਾਰਨ ਤਿੰਨ ਪਿੰਡ ਨਾਭੇ ਦੇ ਕਬਜ਼ੇ ਵਿੱਚ ਆ ਗਏ।

੧੮੨੦ ਬਿਕਰਮੀ ਨੂੰ ਜੈਨ ਖਾਂ ਹਾਕਮ ਸਰਹੰਦ ਦੇ ਕਤਲ ਸਮੇਂ ਇਹ ਦੋਨੋਂ ਬਹਾਦਰ ਭਾਈ ਖਾਲਸਾ ਫੌਜ ਦੇ ਨਾਲ ਸਨ। ਜਦ ਸਰਹੰਦ ਦੇ ਸਾਰੇ ਇਲਾਕੇ ਤੇ ਸਿੱਖਾਂ ਨੇ ਕਬਜ਼ਾ ਕਰ ਲਿਆ, ਤਦ ਇਨ੍ਹਾਂ ਵੀ ਤਲਵਾਰ ਦੇ ਜ਼ੋਰ ਨਾਲ ਪ੍ਰਗਣਾਂ ਭਾਵਸ੍ਰ, ਅਮਲੋਹ, ਵੈਰੜ੍ਹ ਆਪਣੇ ਕਬਜ਼ੇ ਵਿੱਚ ਕਰ ਲਿਆ।

## ੫. ਕਪੂਰ ਸਿੰਘ ਦਾ ਚਲਾਣਾ

੧੮੨੧ ਬਿ. ਨੂੰ ਸਰਦਾਰ ਕਪੂਰ ਸਿੰਘ ਨੇ ਖਨੋੜਾਂ ਤੇ ਪਖੋ ਦੇ ਪ੍ਰਗਣੇ ਮਾਲੇਰਕੋਟਲੇ ਦੇ ਪਠਾਣਾਂ ਨਾਲ ਲੜਾਈ ਕਰ ਕੇ ਛੁਡਾ ਲਏ ਤੇ ਆਪਣੇ ਨਾਮ ਤੇ ਪਿੰਡ ਕਪੂਰ ਗੜ੍ਹ ਵਸਾਇਆ ਤੇ ਇੱਥੇ ਹੀ ਨਿਵਾਸ ਰੱਖ ਲਿਆ। ਇਸ ਨੂੰ ਆਪਣੀ ਰਾਜਧਾਨੀ ਬਣਾਇਆ, ਕਿੰਤੂ ਉਹਦੀ ਉਮਰ ਨੇ ਸਾਥ ਨਾ ਦਿੱਤਾ ਤੇ ਉਹ ੧੮੨੩ ਨੂੰ ੨੩ ਸਾਲ ਦੀ ਆਯੂ ਵਿੱਚ ਹੀ ਚਲਾਣਾ ਕਰ ਗਿਆ।

ਉਹਦੀ ਬੇਵਾ ਰਾਜ ਕੌਰ ਜੋ ਸੁਜਾਣ ਸਿੰਘ ਮਾਨਸ਼ਾਹੀ ਦੀ ਲੜਕੀ ਸੀ, ਚੌਧਰੀ ਹਮੀਰ ਸਿੰਘ ਨੇ ਓਹਦੇ ਨਾਲ ਅਨੰਦ ਪੜ੍ਹਾ ਲਿਆ, ਜਿਸ ਤੋਂ ਉਸ ਨੇ ਭਾਈ ਕਪੂਰ ਸਿੰਘ ਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ।

## ੬. ਜਸਵੰਤ ਸਿੰਘ ਦਾ ਜਨਮ

ਇਸ ਰਾਜ ਕੌਰ ਦੀ ਕੁਖੋਂ ੧੮੩੩ ਬਿਕ੍ਰਮੀ ਨੂੰ ਪਿੰਡ ਬਡੋਰ; ਜਿੱਥੇ ਕਿ ਇਹ ਬਹੁਤਾ ਰਿਹਾ ਕਰਦੀ ਸੀ, ਰਾਜਾ ਜਸਵੰਤ ਸਿੰਘ ਵਲੀ ਐਹਦ ਰਿਆਸਤ ਨਾਭਾ ਨੇ ਜਨਮ ਲਿਆ। ਚੌਧਰੀ ਹਮੀਰ ਸਿੰਘ ਦੀਆਂ ਤਿੰਨ ਰਾਣੀਆਂ ਹੋਰ ਸਨ। ਉਨ੍ਹਾਂ ਵਿੱਚੋਂ ਇੱਕ ਦੇਸੂ ਚੌਧਰੀ ਮੁਲਕੀ ਸਿੰਘ ਰੋੜੀ ਵਾਲਾ ਦੀ ਲੜਕੀ ਵਿੱਚੋਂ ਦੋ ਲੜਕੀਆਂ ਸਭਾ ਕੌਰ ਤੇ ਸਦਾ ਕੌਰ ਸਨ। ਬਾਕੀ ਰਾਣੀਆਂ ਦੇ ਔਲਾਦ ਨਹੀਂ ਸੀ। ਹਮੀਰ ਸਿੰਘ ਦਾ ਲੜਕਾ ਨਾਗਾਂ ਨਾਮ ਦੀ ਮੁਸਲਮਾਨੀ ਵਿੱਚੋਂ ਸੀ, ਜਿਸ ਨੂੰ ਰਾਜਾ ਜਸਵੰਤ ਸਿੰਘ ਨੇ ਆਪ ਆਪਣੀ ਬਰਾਦਰੀ ਵਿੱਚ ਮਿਲਾ ਕੇ ਮੱਖਣ ਸਿੰਘ ਓਹਦਾ ਨਾਮ ਰੱਖਿਆ ਤੇ ਓਹਦਾ ਵਿਆਹ ਵੀ ਕਰ ਦਿੱਤਾ। ਸਰਦਾਰ ਮੱਖਣ ਸਿੰਘ ਦੀ ਸੰਤਾਨ ਰਾਜਗੜ੍ਹ ਦੇ ਮਸ਼ਹੂਰ ਸਰਦਾਰ ਸਨ। ਚੌਧਰੀ ਹਮੀਰ ਸਿੰਘ ਬੜਾ ਹੀ ਸਿਆਣਾ ਮਿਲਣਸਾਰ ਤੇ ਬਹਾਦਰ ਰਾਜਾ ਸੀ। ਇਸ ਕਰ ਕੇ ਇਸ ਨੇ ਆਪਣੇ ਭਾਈ ਰਾਜਾ ਆਲਾ ਸਿੰਘ ਦੇ ਨਾਲ ਹਰ ਮੈਦਾਨ ਵਿੱਚ ਰਹਿ ਕੇ ਆਪਣੇ ਇਲਾਕੇ ਨੂੰ ਵਧਾਇਆ।

## ੭. ਰੋੜੀ ਦੇ ਪ੍ਰਗਣੇ ਦਾ ਲੜਨਾ

੧੮੨੯ ਨੂੰ ਚੌਧਰੀ ਹਮੀਰ ਸਿੰਘ ਨੇ ਪਟਿਆਲੇ ਫੌਜ ਦੀ ਮਦਦ ਨਾਲ ਰਹੀਮ ਦਾਦ ਖਾਂ ਹਾਂਸੀ ਦੇ ਹਾਕਮ ਨੂੰ ਜੀਂਦ ਦੇ ਮੁਕਾਮ ਤੇ ਇੱਕ ਭਾਰੀ ਸ਼ਕਸਤ ਦਿੱਤੀ। ਰਹੀਮ ਖਾਂ ਮਾਰਿਆ ਗਿਆ। ਉਸ ਦੇ ਇਲਾਕੇ ਤੇ ਫੂਲ ਦੇ ਰਾਜਿਆਂ ਨੇ ਕਬਜ਼ਾ ਕਰ ਲਿਆ ਤਦ ਇਸ ਨਵੀਂ ਫਤਹ ਵਾਲੇ ਹੋਏ ਇਲਾਕੇ ਵਿੱਚੋਂ ਰੋੜੀ ਦਾ ਇਲਾਕਾ ਜੋ ਸਰਸਾ ਦੇ ਕਰੀਬ ਹੈ, ਚੌਧਰੀ ਹਮੀਰ ਸਿੰਘ ਦੇ ਕਬਜ਼ੇ ਵਿੱਚ ਆ ਗਿਆ।

## ੮. ਚੌਧਰੀ ਹਮੀਰ ਸਿੰਘ ਦਾ ਕੈਦ ਹੋਣਾ, ਛੁਟਕਾਰਾ ਪਾਣਾ ਤੇ ਸੰਗਰੂਰ ਦਾ ਹੱਥੋਂ ਨਿੱਕਲਣਾ

ਇਸ ਤੋਂ ਪਿੱਛੋਂ ੧੮੩੩ ਬਿਕ੍ਰਮੀ ਨੂੰ ਚੌਧਰੀ ਹਮੀਰ ਸਿੰਘ ਦੇ ਇਕਬਾਲ ਨੇ ਥੋੜੇ ਦਿਨਾਂ ਦੇ ਵਾਸਤੇ ਪਲਟਾ ਖਾਧਾ। ਰਾਜਾ ਗਜਪਤ ਸਿੰਘ ਜੀਂਦ ਵਾਲੇ ਨੇ ਇਸ ਨੂੰ ਆਪਣੇ ਘਰ ਲਜਾ ਕੇ ਕੈਦ ਕਰ

ਲਿਆ। ਇਸ ਦਾ ਵੇਰਵੇ ਨਾਲ ਹਾਲ ਇੰਜ ਹੈ ਕਿ ਜਦ ਰਾਜਾ ਗਜਪਤ ਸਿੰਘ ਨੇ ੧੮੩੧ ਬਿਕ੍ਰਮੀ ਨੂੰ ਆਪਣੀ ਲੜਕੀ ਰਾਜ ਕੌਰ ਦੀ ਸ਼ਾਦੀ ਸਰਦਾਰ ਮਹਾਂ ਸਿੰਘ ਸ਼ੁਕਰਚਕੀਏ (ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ) ਦੇ ਨਾਲ ਪਿੰਡ ਬਡਰਖਾਂ ਵਿੱਚ ੧੮੩੧ ਨੂੰ ਕੀਤੀ ਸੀ, ਉਸ ਵੇਲੇ ਓਹਦੇ ਕੁਝ ਆਦਮੀ ਨਾਭਾ ਦੀ ਬੀੜ ਵਿੱਚ ਜੋ ਪਿੰਡ ਬਡਰਖਾਂ ਦੇ ਲਾਗੇ ਹੀ ਹੈ, ਘਾਹ ਲੈਣ ਚਲੇ ਗਏ ਸਨ। ਚੌਧਰੀ ਹਮੀਰ ਸਿੰਘ ਦੇ ਨੌਕਰ ਯਾਕੂਬ ਖ਼ਾਂ; ਜਿਸ ਨੂੰ ਕੋਬੇ ਖਾਂ ਵੀ ਕਹਿੰਦੇ ਹਨ, ਨੇ ਓਹਨਾਂ ਨੂੰ ਮਾਰ ਕੇ ਕੱਢ ਦਿੱਤਾ। ਇੱਕ ਤਾਂ ਰਾਜਾ ਜੀਂਦ ਦੇ ਦਿਲ ਵਿੱਚ ਇਸ ਗਲ ਦਾ ਰੰਜ ਸੀ। ਦੂਜਾ ਇਹਦੀ ਅਨਜਾਣ ਪੁਣੇ ਦੀ ਆਯੂ ਵਿੱਚ ਚੌਧਰੀ ਹਮੀਰ ਸਿੰਘ ਦੇ ਪਿਤਾ ਨੇ ਪਿੰਡ ਫੂਲ ਜੋ ਪਹਿਲਾਂ ਇਨ੍ਹਾਂ ਦੇ ਕਬਜ਼ੇ ਵਿੱਚ ਸੀ, ਜ਼ੋਰੋ ਜ਼ੋਰੀ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਇਨ੍ਹਾਂ ਗੱਲਾਂ ਤੋਂ ਰਾਜਾ ਗਜਪਤ ਸਿੰਘ ਸਦਾ ਹੀ ਇਸ ਤਾਕ ਵਿੱਚ ਰਹਿੰਦਾ ਸੀ ਕਿ ਕੋਈ ਮੌਕਾ ਮਿਲੇ ਤਦ ਹਮੀਰ ਸਿੰਘ ਨੂੰ ਕੈਦ ਕਰ ਕੇ ਇਹ ਬਦਲਾ ਲਵਾਂ। ਸੋ ੧੮੩੨ ਬਿ. ਦੇ ਸ਼ੁਰੂ ਵਿੱਚ ਰਾਜਾ ਜੀਂਦ ਨੇ ਆਪਣੇ ਆਪ ਨੂੰ ਬੀਮਾਰ ਦੱਸ ਕੇ ਚੌਧਰੀ ਹਮੀਰ ਸਿੰਘ ਵਲ ਸੁਨੇਹਾ ਭੇਜਿਆ ਕਿ 'ਭਾਈ ਸਾਹਿਬ! ਮੈਂ ਬੀਮਾਰ ਹਾਂ, ਜੀਊਣ ਦਾ ਕੋਈ ਭਰੋਸਾ ਨਹੀਂ। ਜੇ ਕਦੀ ਦਰਸ਼ਨ ਦੇਵੋ ਤਦ ਬੜਾ ਚੰਗਾ ਹੋਵੇਗਾ, ਮੈਂ ਕਈ ਤੁਹਾਡੇ ਨਾਲ ਗੱਲਾਂ ਵੀ ਕਰਨੀਆਂ ਹਨ। ਆਪ ਦੇ ਮਿਲਨ ਨੂੰ ਬੜਾ ਦਿਲ ਕਰਦਾ ਹੈ, ਜ਼ਰੂਰ ਦਰਸ਼ਨ ਦੇਵੋ।'

ਯਾਕੂਬ ਖਾਂ ਨੇ ਚੌਧਰੀ ਹਮੀਰ ਸਿੰਘ ਨੂੰ ਕਿਹਾ ਕਿ ਜੀਂਦ ਨਾ ਜਾਓ। ਕਿੰਤੂ ਹਮੀਰ ਸਿੰਘ ਇਹ ਬੀਮਾਰੀ ਦੀ ਗਲ ਸੁਣ ਕੇ ਰਹਿ ਨਾ ਸਕਿਆ, ਉੱਠ ਕੇ ਚੱਲ ਪਿਆ ਤੇ ਆਪਣੇ ਦੀਵਾਨ ਯਾਕੂਬ ਖਾਂ ਨੂੰ ਵੀ ਨਾਲ ਲੈ ਲਿਆ। ਜਦ ਗਜਪਤ ਸਿੰਘ ਦੇ ਘਰ ਪੁੱਜਾ ਤਦ ਉਸ ਨੇ ਉਸ ਵੇਲੇ ਹਮੀਰ ਸਿੰਘ ਨੂੰ ਕੈਦ ਕਰ ਲਿਆ ਤੇ ਉਹਦੇ ਐਹਲਕਾਰ ਯਾਕੂਬ ਖਾਂ ਨੂੰ ਕਿਲ੍ਹਾ ਮਾਲੀਆ ਬਾਲਾ ਵਿੱਚ ਕੈਦ ਕਰ ਕੇ ਬੜਾ ਦੁਖ ਦੇ ਕੇ ਮਰਵਾ ਦਿੱਤਾ ਤੇ ਸੰਗਰੂਰ ਸ਼ਹਿਰ ਤੇ ਚੜ੍ਹਾਈ ਕਰ ਦਿੱਤੀ, ਜਿੱਥੇ ਚੌਧਰੀ ਹਮੀਰ ਸਿੰਘ ਦੀ ਰਾਣੀ ਦੇਸੂ ਚਾਰ ਮਹੀਨੇ ਤਕ ਬੜੀ ਬਹਾਦਰੀ ਤੇ ਜਵਾਂ ਮਰਦੀ ਨਾਲ ਇਹਦੇ ਨਾਲ ਲੜਦੀ ਰਹੀ ਤੇ ਆਪਣੀ ਬਹਾਦਰੀ ਨਾਲ ਸ਼ਹਿਰ ਤੇ ਇਸ ਦਾ ਕਬਜ਼ਾ ਨਾ ਹੋਣ ਦਿੱਤਾ। ਅੰਤ ਨੂੰ ਜਦ ਇਸ ਰਾਣੀ ਨੇ ਰਿਆਸਤ ਪਟਯਾਲੇ ਤੋਂ ਮਦਦ ਮੰਗੀ ਤਦ ਰਈਸ ਪਟਯਾਲਾ ਨੇ ਉਮਰਾ ਖਾਂ ਰਈਸ ਮਾਲੇਰਕੋਟਲਾ ਤੇ ਰਾਏ ਐਹਮਦ ਰਈਸ ਰਾਏਕੋਟ ਨੂੰ ਰਾਜਾ ਗਜਪਤ ਸਿੰਘ ਪਾਸ ਭੇਜ ਕੇ ਸਖ਼ਤ ਧਮਕੀ ਦਿੱਤੀ, ਜਿਸ ਤੋਂ ਡਰ ਕੇ ਰਾਜਾ ਗਜਪਤ ਸਿੰਘ ਨੇ ਚੌਧਰੀ ਹਮੀਰ ਸਿੰਘ ਨੂੰ ਤਾਂ ਛੱਡ ਦਿੱਤਾ, ਕਿੰਤੂ ਰਾਜਾ ਹਮੀਰ ਸਿੰਘ ਨੂੰ ਬੇਹੋਸ਼ ਕਰ ਕੇ ਸੰਗਰੂਰ ਦੇ ਬਦਲੇ ਹੋਰ ਇਲਾਕਾ ਦੇਣੇ ਕਰ ਕੇ ਫਰੇਬ ਨਾਲ ਸੰਗਰੂਰ ਲਿਖਵਾ ਲਿਆ ਤੇ ਆਪਣਾ ਕਬਜ਼ਾ ਕਰ ਲਿਆ। ਤਦ ਤੋਂ ਸੰਗਰੂਰ ਕਈ ਪਿੰਡਾਂ ਦੇ ਨਾਲ ਰਾਜਾ ਜੀਂਦ ਦੇ ਕਬਜ਼ੇ ਵਿੱਚ ਆ ਗਿਆ।

## ੯. ਰਾਜਾ ਹਮੀਰ ਸਿੰਘ ਦਾ ਚਲਾਣਾ ਤੇ ਜਸਵੰਤ ਸਿੰਘ ਦਾ ਗੱਦੀ ਤੇ ਬੈਠਣਾ

ਚੌਧਰੀ ਹਮੀਰ ਸਿੰਘ ਨੇ ਆਪਣੇ ਦਾਮਾਦ ਸਰਦਾਰ ਸਾਹਿਬ ਸਿੰਘ; ਜਿਸ ਦੇ ਨਾਲ ਇਸ ਦੀ ਲੜਕੀ ਸਭਾ ਕੌਰ ਦਾ ਨਾਤਾ ਹੋਇਆ ਹੋਇਆ ਸੀ, ਭਾਵਸੂ ਤੇ ਅਮਲੋਹ ਦੇ ਇਲਾਕੇ ਜੋ ਇਸ ਹਿਲਜੁਲ ਵਿੱਚ ਉਹਦੇ ਕਬਜ਼ੇ ਵਿੱਚੋਂ ਨਿੱਕਲ ਗਏ ਸਨ। ਲੜਾਈ ਕਰ ਕੇ ਫਿਰ ਆਪਣੇ ਕਬਜ਼ੇ ਵਿੱਚ ਕਰ ਲਏ। ਸੰਗਰੂਰ ਲੈਣ ਦੇ ਯਤਨ ਵਿੱਚ ਹੀ ਸੀ, ਕਿ ਮੌਤ ਦਾ ਸੱਦਾ ਆ ਗਿਆ ਤੇ ਪੋਹ ੧੮੪੦ ਬਿ. ਨੂੰ ਚਲਾਣਾ ਕਰ ਗਿਆ। ਚੌਧਰੀ ਹਮੀਰ ਸਿੰਘ ਦੀ ਗੱਦੀ ਤੇ ਉਹਦਾ ਲੜਕਾ ਰਾਜਾ ਜਸਵੰਤ ਸਿੰਘ, ਜੋ ੧੮੩੩ ਵਿੱਚ ਉਤਪਨ ਹੋਇਆ, ਦੇ ਪਿਤਾ ਦੇ ਚਲਾਣੇ ਦੇ ਸਮੇਂ ਵਿੱਚ ਅਜੇ ਬਹੁਤ ਛੋਟੀ ਆਯੂ ਦਾ ਸੀ ਗੱਦੀ ਤੇ ਬੈਠਾ, ਕਿੰਤੂ ਇਸ ਦੀ ਸੁਤੀਲੀ ਮਹਾਰਾਣੀ ਦੇਸੂ ਨੇ ਵਜ਼ੀਰੀ ਦਾ ਕੰਮ ਆਪਣੇ ਹੱਥ ਲੈ ਲਿਆ।

## ੧੦. ਰਾਣੀ ਦੇਸੂ ਦਾ ਕਤਲ

ਜਿਸ ਦੇ ਨਾਲ ਇਹਦੀ ਲੜਕੀ ਸਭਾ ਕੌਰ ਵਿਆਹੀ ਸੀ ਤੇ ਸ੍ਰ: ਜੈ ਸਿੰਘ ਘਨੀਆ ਜਿਸ ਦੇ ਨਾਲ ਇਸ ਦੀ ਲੜਕੀ ਸਦਾ ਕੌਰ ਵਿਆਹੀ ਸੀ, ਦੀ ਸਹਾਇਤਾ ਨਾਲ ਇਸ ਨੇ ਪੰਜ ਸਾਲ ਤਕ ਬੜਾ ਚੰਗੀ ਤਰ੍ਹਾਂ ਰਾਜ ਕੀਤਾ। ਕਿਸੇ ਤਰ੍ਹਾਂ ਦਾ ਨੁਕਸ ਨਹੀਂ ਹੋਣ ਦਿੱਤਾ, ਕਿੰਤੂ ੧੩ ਵਿਸਾਖ ੧੮੪੬ ਨੂੰ ਰਾਜਾ ਜਸਵੰਤ ਸਿੰਘ ਆਪਣੀ ਮਾਤਾ ਦੇਸੂ ਨੂੰ ਸਰਦਾਰ ਰਣ ਸਿੰਘ ਤੇ ਖੜਕ ਸਿੰਘ ਦੀ ਮਦਦ ਤੇ ਸਲਾਹ ਨਾਲ ਸ੍ਰਾਵਣ ਨਾਮ ਦੇ ਬ੍ਰਾਹਮਣ; ਜੋ ਰਾਣੀ ਸਾਹਿਬ ਦਾ ਪਾਲਿਆ ਹੋਇਆ ਸੀ, ਦੇ ਪਾਸੋਂ ਮਰਵਾ ਦਿੱਤਾ ਤੇ ਆਪ ਹੁਕਮਰਾਨੀ ਕਰਨ ਲੱਗਾ।

ਰਾਣੀ ਦੇਸੂ ਨੇ ਅੰਤ ਦੇ ਵੇਲੇ ਕਿਹਾ ਕਿ ਬ੍ਰਾਹਮਣ! ਤੂੰ ਕੋਹੜੀ ਹੋ ਕੇ ਮਰੇਂਗਾ। ਜਸਵੰਤ ਸਿੰਘ ਦੀ ਸੰਤਾਨ ਦਾ ਨਿਸ਼ਾਨ ਨਾ ਰਹੇਗਾ। ਸੋ ਅਜੇਹਾ ਹੀ ਹੋਇਆ। ਰਾਜਾ ਜਸਵੰਤ ਸਿੰਘ ਦੇ ਨਿੱਕੇ ਹੋਣ ਦੇ ਸਮੇਂ ਵਿੱਚ ਸਰਦਾਰ ਖੜਕ ਸਿੰਘ ਰਣ ਸਿੰਘ ਤੇ ਗਾੜਾ ਸਿੰਘ ਆਦਿਕ ਮਾਨਸ਼ਾਹੀਏ ਸਰਦਾਰ ਰਿਆਸਤ ਦਾ ਪ੍ਰਬੰਧ ਬੜੀ ਅੱਛੀ ਤਰ੍ਹਾਂ ਨਾਲ ਕਰਨ ਲਗੇ। ਰਾਜਾ ਜਸਵੰਤ ਸਿੰਘ ਨੇ ਜਵਾਨੀ ਦੇ ਜੋਸ਼ ਵਿੱਚ ਰਿਆਸਤ ਪਟਿਆਲਾ ਦੇ ਨਾਲ ਪਿੰਡ ਬਹਾਲੂ ਤੇ ਕਰਮਨਾ ਆਦਿਕ ਅਸਥਾਨਾਂ ਤੇ ਲੜਾਈਆਂ ਕੀਤੀਆਂ, ਪਰ ਕੁਝ ਫਾਇਦਾ ਨਾ ਹੋਇਆ। (ਜਿਸਦਾ ਵੇਰਵੇ ਨਾਲ ਹਾਲ ਪਟਿਆਲੇ ਰਾਜ ਦੇ ਹਾਲ ਵਿੱਚ ਹੋ ਗਿਆ ਹੈ)

## ੧੧. ਰਾਜਾ ਜਸਵੰਤ ਸਿੰਘ ਦੇ ਕੰਮ

ਇਹ ਰਾਜਾ ਦਰਿਆਏ ਸਤਲੁਜ ਦੇ ਉਸ ਪਾਰ ਦੇ ਸਾਰੇ ਰਈਸਾਂ ਵਿੱਚੋਂ ਸਿਆਣਾ ਤੇ ਰਿਆਸਤ ਦੇ ਪ੍ਰਬੰਧ ਵਿੱਚ ਵਧ ਗਿਆ ਤੇ ਆਪਣੇ ਆਪ ਨੂੰ ਨੀਤੱਗਜ ਰਾਜਾ ਸਾਬਤ ਕੀਤਾ। ਜਾਰਜ ਟਾਮਸਨ ਦੇ ਹਮਲਿਆਂ ਨੂੰ ਰੋਕਣਾ ਤੇ ਜਨਰਲ ਪੈਰਨ ਸਾਹਿਬ ਮਰਹੱਟਿਆਂ ਤੇ ਸਪਾਹ ਸਲਾਰ ਨੂੰ ਆਪਣੇ ਨਾਲ ਮਿਲਣ ਦੇ ਕੰਮਾਂ ਵਿੱਚ (ਜਿਸ ਦਾ ਪੂਰਾ ਹਾਲ ਪਟਿਆਲਾ ਰਿਆਸਤ ਦੇ ਹਾਲ ਵਿੱਚ ਆ ਗਿਆ ਹੈ) ਇਹ ਓਹਨਾਂ ਦੀ ਸੱਜੀ ਬਾਂਹ ਸੀ। ਇਸ ਵਿੱਚ ਸ਼ੱਕ ਨਹੀਂ ਕਿ ਓਹਨੀਂ ਦਿਨੀਂ ਇਹ ਰਈਸ ਉਸ ਪਾਸੇ ਦੇ ਬਾਕੀ ਰਈਸਾਂ ਨਾਲ ਸਰਕਾਰ ਲਾਹੌਰ ਦਾ ਬਹੁਤਾ ਸ਼ੁਭਚਿੰਤਕ ਸੀ ਤੇ ਖ਼ਾਸ ਕਰ ਇਸੇ ਦੇ ਵਾਸਤੇ ਦੋ ਵੇਰ ਮਹਾਰਾਜਾ ਰਣਜੀਤ ਸਿੰਘ ਦਾ ਇਸ ਪਾਸੇ ਆਉਣ ਹੋਇਆ। ਕਿੰਤੂ ਜਦ ਸਤਲੁਜ ਦੇ ਉਸ ਪਾਰ ਦੇ ਸਾਰੇ ਰਈਸਾਂ ਨੇ ਪਿੰਡ ਟਮਕਲੋਢਾ; ਜੋ ਪਟਿਆਲਾ ਤੇ ਥਾਨੇਸਰ ਦੇ ਵਿਚਕਾਰ ਇੱਕ ਨਿੱਕਾ ਜਿਹਾ ਪਿੰਡ ਹੈ, ਲਾਰਡ ਲੀਕ ਸਾਹਿਬ ਨੂੰ ਮਿਲੇ। ਤਦ ਓਸੇ ਵੇਲੇ ਇਸ ਰਈਸ ਨੇ ਵੀ ਆਪਣਾ ਪ੍ਰਤੀਨਿਧ ਖੈਰਖਾਹੀ ਪ੍ਰਗਟ ਕਰਨ ਲਈ ਭੇਜਿਆ।

## ੧੨. ਲਾਰਡ ਲੀਕ ਦਾ ਆਉਣਾ ਤੇ ਜਸਵੰਤ ਰਾਏ ਹੁਲਕਰ

ਸੁਣ ਕੇ ਲਾਰਡ ਲੀਕ ਨੇ ਇਨ੍ਹਾਂ ਦੀ ਬੜੀ ਪ੍ਰਸੰਸਾ ਕੀਤੀ ਤੇ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਜਦ ਜਸਵੰਤ ਰਾਏ ਨੇ ਖ਼ਾਸ ਨਾਭੇ ਪੁੱਜ ਕੇ ਮਹਾਰਾਜਾ ਨਾਭਾ ਪਾਸੋਂ ਮੱਦਦ ਮੰਗੀ, ਤਦ ਓਹਨਾਂ ਨੇ ਇਹਨੂੰ ਸਾਫ਼ ਜਵਾਬ ਦਿੱਤਾ ਕਿ ਸਾਡਾ ਅੰਗ੍ਰੇਜ਼ਾਂ ਦੇ ਨਾਲ ਮਿਤਰਤਾ ਸੰਬੰਧ ਰਖਣ ਦਾ ਇਕਰਾਰ ਹੋ ਚੁੱਕਿਆ ਹੈ। ਇਸ ਕਰ ਕੇ ਸ਼ੋਕ ਹੈ ਕਿ ਅਸੀਂ ਆਪ ਦੀ ਸਹਾਇਤਾ ਨਹੀਂ ਕਰ ਸਕਦੇ। ਇਸ ਦਾ ਫ਼ਲ ਇਹ ਹੋਇਆ ਕਿ ਜਦ ਲਾਰਡ ਲੀਕ ਸਾਹਿਬ ਹੁਲਕਰ ਦੇ ਪਿੱਛੇ ਨਾਭੇ ਪੁੱਜੇ ਤੇ ਓਹਨਾਂ ਨੂੰ ਰਾਜਾ ਜਸਵੰਤ ਸਿੰਘ ਦੀ ਇਸ ਗਲ ਬਾਤ ਦਾ ਹਾਲ ਪਤਾ ਲਗਾ ਤਦ ਓਹਨਾਂ ਰਾਜਾ ਜਸਵੰਤ ਸਿੰਘ ਦਾ ਬਹੁਤ ਧੰਨਵਾਦ ਕੀਤਾ ਕਿ ਜਦ ਤੱਕ ਆਪ ਸਰਕਾਰ ਅੰਗ੍ਰੇਜ਼ੀ ਦੇ ਇਸੇ ਤਰ੍ਹਾਂ ਸ਼ੁਭਚਿਤੰਕ ਰਹੋਗੇ, ਤਦ ਤਕ ਤੁਹਾਡੇ ਇਲਾਕੇ ਵਿੱਚ ਸਰਕਾਰ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ ਦੇਵੇਗੀ ਤੇ ਨਾ ਕਦੀ ਤੁਹਾਥੋਂ ਕਿਸੇ ਤਰ੍ਹਾਂ ਦਾ ਖਰਾਜ ਲਿਆ ਜਾਵੇਗਾ।

੧੮੬੩ ਨੂੰ ਦੁਲਦੀ ਦੇ ਝਗੜੇ ਕਰ ਕੇ ਰਾਜਾ ਜਸਵੰਤ ਸਿੰਘ ਨੇ ੫੦ ਹਜ਼ਾਰ ਰੁਪਯਾ ਦੇਣਾ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਪਟਜਾਲੇ ਦੇ ਟਾਕਰੇ ਵਾਸਤੇ ਬੁਲਾਇਆ। ਜਦ ਓਹ ਰਿਆਸਤ ਰਾਏਕੋਟ ਤੇ ਰਾਏ ਪੁਰ ਦੇ ਪ੍ਰਗਣੇ ਕਬਜ਼ੇ ਵਿੱਚ ਕਰ ਕੇ ਮਿੱਤਰਾਂ ਵਿੱਚ ਵੰਡਦਾ ਅੱਗੇ ਵਧਿਆ

ਤਦ ਰਾਜਾ ਜਸਵੰਤ ਸਿੰਘ ਨੇ ੧੪ ਹਜ਼ਾਰ ਰੁਪਯਾ ਦੇ ਕੇ ਪੱਖੋ ਦਾ ਪ੍ਰਗਣਾ ੧੮੬੩ ਬਿ. ਨੂੰ ਉਸ ਤੋਂ ਲੈ ਲਿਆ। ੧੮੬੪ ਵਿੱਚ ਪ੍ਰਗਣਾ ਜੈਤੋ ਬੈਰਾੜਾਂ ਤੋਂ ਛੁਡਾ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਇਸ ਰਾਜੇ ਨੇ ਆਪਣੀ ਹਿੰਮਤ ਤੇ ਲਿਆਕਤ ਨਾਲ ਰਿਆਸਤ ਨੂੰ ਖੂਬ ਵਧਾਇਆ। ਧਨੌਲੇ ਵਿੱਚ ਪੱਕਾ ਕਿਲ੍ਹਾ ਤੇ ਬਾਗ਼ ਬਨਵਾਏ। ਇਸੇ ਤਰ੍ਹਾਂ ਨਾਭੇ ਵਿੱਚ ਦੀਵਾਨ ਖਾਨਾ ਤੇ ਬਾਗ਼ ਜੋ ਪੱਕਾ ਨਾਮ ਤੋਂ ਮਸ਼ਹੂਰ ਹੈ, ਤਯਾਰ ਕਰਾਏ ਤੇ ਖ਼ਜ਼ਾਨਾ ਵੀ ਰਿਆਸਤ ਦੀ ਹੈਸੀਅਤ ਨਾਲੋਂ ਵਧ ਕੇ ਜਮ੍ਹਾਂ ਕੀਤਾ। ਰਾਜਾ ਜਸਵੰਤ ਸਿੰਘ ਇੱਕ ਵੱਡਾ ਚਤੁਰ, ਜ਼ਮਾਨਾਸਾਜ਼ ਤੇ ਦਾਨਾ ਰਾਜਾ ਸੀ।

ਮਹਾਰਾਜਾ ਰਣਜੀਤ ਸਿੰਘ ਤੋਂ ਰਾਜਾ ਜਸਵੰਤ ਸਿੰਘ ਨੂੰ ਬਹੁਤ ਲਾਭ ਪੁਜਾ ਸੀ ਤੇ ਕਈ ਨਵੇਂ ਅਲਾਕੇ ਵੀ ਸਰਕਾਰ ਖਾਲਸਾ ਨੇ ਦੂਜੇ ਰਈਸਾਂ ਤੋਂ ਖੋਹ ਕੇ ਏਸ ਨੂੰ ਦੇ ਦਿੱਤੇ ਸੀ। ਏਹਨਾਂ ਦਾ ਪੂਰਾ ਹਾਲ ਪਟਜਾਲੇ ਦੇ ਖਾਨਦਾਨ ਦੇ ਹਾਲ ਵਿੱਚ ਆ ਚੁੱਕਾ ਹੈ, ਕਿੰਤੂ ਇਹ ਆਪਣੇ ਦਿਲ ਵਿੱਚ ਸਮਝੀ ਬੈਠਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਦੋਸਤੀ ਵੀ ਏਹਦੇ ਵਾਸਤੇ ਦੁਸ਼ਮਣੀ ਤੋਂ ਘਟ ਖਤਰਨਾਕ ਨਹੀਂ। ਏਸ ਕਰ ਕੇ ਇਸ ਨੇ ਵੀ ਸਤਲੁਜ ਪਾਰ ਦੇ ਰਈਸਾਂ ਨਾਲ ਮਿਲ ਕੇ ਸਰਕਾਰ ਅੰਗ੍ਰੇਜ਼ੀ ਦੀ ਪਨਾਹ ਢੂੰਡ ਲਈ ਤੇ ਇੰਜ ਬੇਖਤਰ ਹੋ ਬੈਠਾ। ਕਰਨਲ ਲੋਨੀ ਅਖਤਰ ਸਾਹਿਬ ਨੇ ਇਸ ਰਈਸ ਬਾਬਤ ਗਵਰਨਮੈਂਟ ਨੂੰ ਆਪਣੀ ਰੀਪੋਟ ਵਿੱਚ ਲਿਖਿਆ ਹੈ:

ਜਸਵੰਤ ਸਿੰਘ ਓਹਨਾਂ ਵਡੇ ਸ੍ਰਦਾਰਾਂ ਵਿੱਚੋਂ ਹੈ ਜੋ ਸਾਡੀ ਹਮਾਇਤ ਵਿੱਚ ਹਨ। ਇਸ ਦੀ ਚਾਲ ਢਾਲ, ਸਮਝ ਤੇ ਦਾਨਾਈ ਹੁਣ ਤਕ ਜਿੰਨੇ ਰਈਸਾਂ ਨੂੰ ਮਿਲਜਾ ਹਾਂ, ਸਭ ਤੋਂ ਹੱਛੀ ਹੈ। ਮੈਂ ਇਸ ਰਈਸ ਦਾ ਬਹੁਤ ਸਾਰਾ ਇਲਾਕਾ ਵੇਖਿਆ ਹੈ। ਏਸ ਦੇ ਇਲਾਕੇ ਵਿੱਚ ਫਸਲ ਚੰਗੀ ਹੋਂਦੀ ਹੈ। ਆਪਣੀ ਪਰਜਾ ਤੇ ਇਹ ਸਖ਼ਤੀ ਨਹੀਂ ਕਰਦਾ, ਓਹਨਾਂ ਨਾਲ ਨਰਮੀ ਵਰਤਦਾ ਹੈ। ਇਹ ਓਹ ਗੁਣ ਹਨ, ਜੋ ਹੋਰ ਰਈਸਾਂ ਵਿੱਚ ਬਹੁਤ ਘਟ ਮਿਲਦੇ ਹਨ ਤੇ ਇਸ ਰਈਸ ਦੀ ਹਕੂਮਤ ਦੇ ਚੰਗੇ ਹੋਣ ਦੀ ਪਛਾਣ ਇਸ ਕਰ ਕੇ ਹੋ ਸਕਦੀ ਹੈ ਕਿ ਏਹਦੇ ਪਿੰਡ ਪਟਜਾਲਾ ਰਾਜ ਦੇ ਨਾਲ ਮਿਲੇ ਹੋਏ ਹਨ। ਓਥੋਂ ਦੀ ਹਾਲਤ ਇਸ ਦੇ ਨਾਲੋਂ ਉੱਕਾ ਉਲਟ ਹੈ।

ਰਾਜਾ ਜਸਵੰਤ ਸਿੰਘ ਨੂੰ ਦਿੱਲੀ ਦੇ ਬਾਦਸ਼ਾਹ ਵਲੋਂ ਮਿ: ਸਟੇਨ ਸਾਹਿਬ ਰੈਜ਼ੀਡੰਟ ਦਿਲੀ ਦੀ ਰਾਹੀਂ ੨੬ ਸਤੰਬਰ ੧੮੧੦ ਦੀ ਚਿੱਠੀ ਵਿੱਚ ਬਰਾੜ ਬੰਸ ਸਰਮੌਰ ਤੇ ਮਾਲਵੇਂਦਰ ਬਹਾਦਰ ਦਾ ਖਤਾਬ ਮਿਲਿਆ।

ਪ੍ਰਗਟ ਹੋਵੇ ਕਿ ਨਾਭੇ ਦੇ ਰਈਸਾਂ ਨੂੰ ਇਸ ਖ਼ਿਆਲ ਤੋਂ ਕਿ ਅਸੀਂ ਫੂਲ ਦੇ ਸਭ ਤੋਂ ਵਡੇ ਬੇਟੇ ਤਲੋਕੇ ਦੀ ਸੰਤਾਨ ਹਾਂ ਤੇ ਜਾਨਸ਼ੀਨ ਵੀ ਇਨਸਾਫ਼ ਨਾਲ ਅਸੀਂ ਹਾਂ; ਪਟਿਆਲਾ ਰਾਜ ਦਾ ਵਧਣਾ, ਜੋ ਨਾਭੇ ਦੇ ਵਡਕੇ ਦਾ ਨਿੱਕਾ ਭਰਾ ਸੀ, ਚੰਗਾ ਨਹੀਂ ਲਗਦਾ ਸੀ। ਇਸ ਕਰ ਕੇ ਰਈਸ ਨਾਭਾ ਪਟਜਾਲੇ ਦੇ ਹਰ ਕੰਮ ਨੂੰ ਇੱਕ ਖ਼ਾਸ ਨਜ਼ਰ ਨਾਲ ਵੇਖਦਾ ਸੀ। ਅੰਦਰੋਂ ਅੰਦਰ ਹਮੇਸ਼ਾਂ ਇਸ ਯਤਨ ਵਿੱਚ ਰਹਿੰਦੇ ਸਨ ਕਿ ਇਹ ਰਿਆਸਤ ਤਬਾਹ ਹੋ ਜਾਵੇ। ਰਿਆਸਤ ਪਟਜਾਲੇ ਵਿੱਚ ਜਿੰਨੇ ਫਸਾਦ ਤੇ ਝਗੜੇ ਹੋਏ ਸਨ, ਓਹ ਸਾਰੇ ਇਨ੍ਹਾਂ ਹੀ ਦੀ ਚੁੱਕ ਨਾਲ ਹੋਏ ਸਨ ਤੇ ਇਹਨਾਂ ਦੋਨਾਂ ਰਿਆਸਤਾਂ ਦਾ ਹਦਬੰਦੀ ਦਾ ਇੱਕ ਲੰਮੀ ਮੁਦਤ ਤਕ ਝਗੜਾ ਚਲਦਾ ਰਿਹਾ, ਜਿਸ ਦਾ ਜ਼ਿਕਰ ਪਟਜਾਲੇ ਦੇ ਹਾਲ ਵਿੱਚ ਆ ਚੁੱਕਾ ਹੈ। ਕਈ ਵਾਰ ਆਪੋ ਵਿੱਚ ਕਟਵੱਢ ਤਕ ਹਾਲਤ ਪੁੱਜ ਗਈ, ਕਿੰਤੂ ਅੰਤ ਨੂੰ ਮਹਾਰਾਜਾ ਕਰਮ ਸਿੰਘ ਤੇ ਨਰਿੰਦਰ ਸਿੰਘ ਜੋ ਬੜੇ ਮਾਲਦਾਰ ਤੇ ਲਾਇਕ ਮਹਾਰਾਜਾ ਫੂਲਵੰਸ ਵਿੱਚੋਂ ਹੋਏ ਹਨ, ਦੇ ਵੇਲੇ ਇਹ ਸਾਰੇ ਝਗੜੇ ਮਿਟ ਗਏ ਤੇ ਇਨ੍ਹਾਂ ਰਿਆਸਤਾਂ ਵਿੱਚ ਏਨ੍ਹਾਂ ਦੀ ਮੈਤਰੀ ਹੋ ਗਈ।

## ੧੩. ਰਾਜਾ ਜਸਵੰਤ ਸਿੰਘ ਦੇ ਵਲੀਐਹਦ ਰਣਜੀਤ ਸਿੰਘ ਦਾ ਆਪਣੇ ਪਿਤਾ ਦੇ ਹੱਥੋਂ ਕੈਦ ਹੋਣਾ ਤੇ ਛੁਟਕਾਰਾ

ਰਾਜਾ ਜਸਵੰਤ ਸਿੰਘ ਵਿੱਚ ਜਿੱਥੇ ਬਹੁਤ ਸਾਰੇ ਗੁਣ ਸਨ ਉੱਥੇ ਉਹ ਬੜਾ ਹਠੀ ਤੇ ਜ਼ਿੱਦੀ ਵੀ ਸੀ। ਸੋ ਪਟਜਾਲੇ ਵਾਲਿਆਂ ਦੇ ਝਗੜੇ ਤੋਂ ਬਿਨਾਂ ਇਹ ਆਪਣੇ ਵਲੀਐਹਦ ਰਣਜੀਤ ਸਿੰਘ ਨਾਲ; ਜੋ

ਕਿ ਇੱਕ ਬੜਾ ਹੀ ਸਿਆਣਾ ਤੇ ਹੋਣਹਾਰ ਸੀ, ਅਣਬਣ ਰੱਖਦਾ ਸੀ। ਇਸ ਝਗੜੇ ਦਾ ਕਾਰਣ ਇਹ ਸੀ ਕਿ ਟਿੱਕਾ ਰੰਜੀਤ ਸਿੰਘ ਰਾਜਾ ਜਸਵੰਤ ਸਿੰਘ ਦੀ ਪਹਿਲੀ ਰਾਣੀ ਦਯਾ ਕੌਰ ਦੀ ਕੁਖ ਵਿੱਚ ਸੀ। ਦੂਜੀ ਰਾਣੀ ਚੰਦ ਕੌਰ, ਰਾਮ ਸਿੰਘ ਢਿਲੋਂ ਦੀ ਲੜਕੀ ਸੀ। ਤੀਜੀ ਰਾਣੀ ਪ੍ਰੇਮ ਕੌਰ ਸਰਦਾਰ ਬਾਗ਼ ਸਿੰਘ ਰਲਾ ਵਾਲਾ ਦੀ ਲੜਕੀ ਸੀ। ਚੌਥੀ ਹਰ ਕੌਰ ਜੋਧਪੁਰੀਏ ਦੀ ਲੜਕੀ ਸੀ। ਇਹ ਸਾਰਿਆਂ ਤੋਂ ਛੋਟੀ ਰਾਣੀ ਸੀ, ਜਿਸ ਦੀ ਕੁਖੋਂ ੧੮੧੯ ਬਿੱਕ੍ਰਮੀ ਨੂੰ ਦੇਵਿੰਦਰ ਸਿੰਘ ਉਤਪਨ ਹੋਇਆ। ਰਾਜਾ ਜਸਵੰਤ ਸਿੰਘ ਰਾਣੀ ਹਰ ਕੌਰ ਦੇ ਪ੍ਰੇਮ ਵਿੱਚ ਬੇਹਦ ਫਾਥਾ ਹੋਇਆ ਸੀ। ਜੋ ਓਹ ਕੈਂਹਦੀ, ਸੋਈ ਕਰਦਾ ਸੀ। ਇਸ ਦੇ ਆਖੇ ਲੱਗ ਕੇ ਇਹ ਹੀ ਚਾਹੁੰਦਾ ਸੀ ਕਿ ਰਣਜੀਤ ਸਿੰਘ ਨੂੰ ਅੱਡ ਕਰ ਕੇ ਦੇਵਿੰਦਰ ਸਿੰਘ ਨੂੰ ਗੱਦੀ ਤੇ ਬਠਾਵਾਂ। ਸੋ ਇਸੇ ਗੱਲ ਨੂੰ ਮੁਖ ਰੱਖ ਕੇ ਪਹਿਲਾਂ ਤਾਂ ਓਹਨੂੰ ਖ਼ਰਚ ਤੋਂ ਤੰਗ ਕੀਤਾ। ਇਸ ਦੀ ਮਾਤਾ ਜੋ ਇੱਕ ਵੱਡੇ ਘਰਾਣੇ ਦੀ ਲੜਕੀ ਸੀ, ਇਸ ਨੂੰ ਪੇਕੇ ਤੋਂ ਰੁਪਯੇ ਮੰਗਾ ਕੇ ਖਾਣ ਖ਼ਰਚਣ ਨੂੰ ਦੇਂਦੀ ਰਹੀ। ਕਿੰਤੂ ਓਹ ਨੌਜਵਾਨ ਰਾਜਾ ਦਾ ਪੁਤਰ ਉੱਗਲਾਂ ਚੱਟ ਕੇ ਕਦ ਰਹਿ ਸਕਦਾ ਸੀ? ਅਤੇ ਰਾਜਾ ਜਸਵੰਤ ਸਿੰਘ ਰਾਣੀ ਹਰ ਕੌਰ ਤੋਂ ਪੁੱਛੇ ਬਿਨਾ ਇੱਕ ਕੌਡੀ ਵੀ ਓਹਨੂੰ ਨਹੀਂ ਦੇਂਦਾ ਸੀ। ਖਿਚਾ ਖਿਚੀ ਤੋਂ ਇਸ ਨੇ ਆਪਣੇ ਲੜਕੇ ਤੇ ਕਈ ਤਰ੍ਹਾਂ ਦੇ ਦੂਸ਼ਣ ਲਾ ਕੇ ਗਵਰਨਰ ਨੂੰ ਧੋਖਾ ਦੇਣਾ ਚਾਹਿਆ। ਇੱਕ ਵੇਰ ਤਾਂ ਇਸ ਨੇ ਇਹਨੂੰ ਕਹਿ ਦਿੱਤਾ ਕਿ ਮੇਰਾ ਲੜਕਾ ਮੈਨੂੰ ਕਤਲ ਕਰਨਾ ਚਾਹੁੰਦਾ ਹੈ ਤੇ ਇਹ ਮੁਕੱਦਮਾ ਗਵਰਨਰ ਜਨਰਲ ਸਾਹਿਬ ਬਹਾਦਰ ਦੀ ਕੌਂਸਲ ਤਕ ਪੁੱਜਾ। ਕਿੰਤੂ ਜਦ ਖੋਜ ਹੋਣ ਤੇ ਰਾਜਾ ਜਸਵੰਤ ਸਿੰਘ ਗੱਲ ਸਾਬਤ ਨਾ ਕਰ ਸਕਿਆ ਤਦ ਇਸ ਦਾ ਦਾਵਾ ਖਾਰਜ ਕਰ ਦਿੱਤਾ ਗਿਆ ਤੇ ਹੁਕਮ ਦਿੱਤਾ ਕਿ ਰਣਜੀਤ ਸਿੰਘ ਜਿਸ ਨੂੰ ਇਸ ਦੂਸ਼ਨ ਵਿੱਚ ਕੈਦ ਕੀਤਾ ਹੋਇਆ ਸੀ, ਛੱਡ ਦਿੱਤਾ ਜਾਵੇ। ਰਾਜਾ ਜਸਵੰਤ ਸਿੰਘ ਨੇ ਇਸ ਫ਼ੈਸਲੇ ਤੋਂ ਨਿਰਾਸ ਹੋ ਕੇ ਫਿਰ ਖੋਜ ਕਰਾਣੀ ਚਾਹੀ। ਕਿੰਤੂ ਇਸ ਵੇਰ ਵੀ ਸਰਕਾਰ ਨੇ ਆਪਣੇ ਪਹਿਲੇ ਫ਼ੈਸਲੇ ਨੂੰ ਹੀ ਕਾਇਮ ਰੱਖਿਆ ਤੇ ਪੋਲੀਟੀਕਲ ਏਜੰਟ ਦੀ ਰਾਹੀਂ ਮਜਬੂਰ ਕੀਤਾ ਕਿ ਰਣਜੀਤ ਸਿੰਘ ਨੂੰ ਫੌਰਨ ਛੱਡ ਦੇਵੋ।

ਰਾਜਾ ਜਸਵੰਤ ਸਿੰਘ ਸਦਾ ਹੀ ਦੂਜਿਆਂ ਦੇ ਘਰਾਂ ਵਿੱਚ ਚੂਹੇ ਛੱਡਿਆ ਕਰਦਾ ਸੀ, ਕਿੰਤੂ ਇਸ ਦੇ ਘਰ ਵਿੱਚ ਘੀਸ ਆ ਵੜੀ। ਇਸ ਦੇ ਵਲੀ ਐਹਦ ਨੇ ਆਪਣੇ ਵਾਸਤੇ ਅੱਡ ਖ਼ਰਚ ਮਿਲਣ ਦਾ ਏਜੰਟ ਅੰਬਾਲੇ ਅੱਗੇ ਦਾਵਾ ਕੀਤਾ। ਕਿੰਤੂ ਇੱਥੇ ਵੀ ਖ਼ਰਚ ਕਰ ਸਕਣ ਵਾਲੇ ਮਹਾਰਾਜੇ ਦਾ ਲਿਹਾਜ਼ ਹੋਇਆ, ਜਿਸ ਤੋਂ ਤੰਗ ਆ ਕੇ ਓਹ ੧੮੮੫ ਬਿੱਕ੍ਰਮੀ ਨੂੰ ਲਾਹੌਰ ਚਲਾ ਗਿਆ ਤਦ ਮਹਾਰਾਜਾ ਰਣਜੀਤ ਸਿੰਘ ਨੇ ਉਹਨੂੰ ੨੦ ਹਜ਼ਾਰ ਦਾ ਪ੍ਰਗਣਾ ਲੋਈ ਅਤੇ ਢੇਹਰੀਆ ਜ਼ਿਲਾ ਜਾਲੰਧਰ ਦੇ ਵਿੱਚ ਦੇ ਦਿੱਤਾ। ਟਿੱਕਾ ਸਾਹਿਬ ਆਪਣੀ ਅਕਲ ਤੇ ਸ਼ਕਲ ਨਾਲ ਹਰ ਇੱਕ ਨੂੰ ਪ੍ਰਸੰਨ ਕਰ ਲੈਂਦਾ ਸੀ। ਜੋ ਇੱਕ ਵਾਰੀ ਮਿਲਦਾ ਓਹ ਫਿਰ ਮਿਲਣ ਦੀ ਖਿੱਚ ਰੱਖਦਾ। ਓਸ ਨੇ ਆਪਣੇ ਕਿਲ੍ਹੇ ਲੋਈਆ ਵਿੱਚ ਇੱਕ ਕਿਲ੍ਹਾ ਬਣਵਾਇਆ, ਜੋ ਹੁਣ ਤਕ ਹੈ। ਅੰਤ ਨੂੰ ਓਹ ਸ਼ਾਹਜ਼ਾਦਪੁਰ ਦੇ ਵਿੱਚ ਕਰ ਲੈਣ ਆਇਆ ਹੋਇਆ ਜੇਠ ੧੮੯੯ ਬਿੱਕ੍ਰਮੀ ਮੁਤਾਬਕ ੧੨ ਜੂਨ ੧੮੩੨ ਵਿੱਚ ਓਥੇ ਹੀ ਫੇਰੇ ਲੈਂਦਾ ਮਰ ਗਿਆ। ਓਹਦੀ ਲਾਸ਼ ਜੋ ਨਾਭੇ ਵਿੱਚ ਜਾ ਰਹੀ ਸੀ, ਮਹਾਰਾਜਾ ਕਰਮ ਸਿੰਘ ਨੇ ਬਹਾਦਰਗੜ੍ਹ ਵਿੱਚ ਸੜਵਾ ਦਿੱਤੀ, ਜਿੱਥੇ ਓਹਦੀ ਹੁਣ ਵੀ ਸਮਾਧ ਹੈ।

## ੧੪. ਰਣਜੀਤ ਸਿੰਘ ਦੇ ਅਚਣਚੇਤ ਚਲਾਣੇ ਦੀ ਖੋਜ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਟਿੱਕਾ ਰਣਜੀਤ ਸਿੰਘ ਜਵਾਨ ਹੋਣ ਦੇ ਕਾਰਨ ਕਿਸੇ ਹੱਦ ਤੱਕ ਫਜ਼ੂਲ ਖ਼ਰਚ ਤੇ ਤੇਜ਼ ਤਬੀਅਤ ਸੀ। ਕਿੰਤੂ ਓਹਦੀ ਸਿਆਣਪ ਤੇ ਬਹਾਦਰੀ ਨੇ ਸਤਲੁਜ ਦੇ ਉਸ ਪਾਰ ਦੇ ਸਾਰੇ ਰਈਸਾਂ ਦੇ ਦਿਲਾਂ ਵਿੱਚ ਘਰ ਕੀਤਾ ਹੋਇਆ ਹੈ, ਸਾਰੇ ਓਹਨੂੰ ਬੜਾ ਹੀ ਹੋਨਹਾਰ ਸਮਝਦੇ ਸਨ। ਓਸ ਦੇ ਅਚਣਚੇਤ ਮਰਨ ਦੇ ਕਾਰਨ ਲੋਕਾਂ ਦੇ ਦਿਲਾਂ ਵਿੱਚ ਕਈ ਤਰ੍ਹਾਂ ਦੇ ਸ਼ੱਕ ਤੇ ਸ਼ੁਬ੍ਹੇ ਉਤਪਨ ਹੋ ਗਏ। ਰਣਜੀਤ ਸਿੰਘ ਦੀ ਰਾਣੀ ਨੇ ਇਸ ਕਰ ਕੇ ਰਾਜਾ

ਜਸਵੰਤ ਸਿੰਘ ਤੇ ਦਾਵਾ ਕਰ ਦਿੱਤਾ ਕਿ ਓਹਦੀ ਲਾਸ਼ ਤੇ ਕੁਝ ਨਿਸ਼ਾਨ ਅਜੇਹੇ ਸਨ, ਜਿਨ੍ਹਾਂ ਤੋਂ ਪਤਾ ਲੱਗਦਾ ਸੀ ਕਿ ਇਸ ਨੂੰ ਕਿਸੇ ਨੇ ਜ਼ਹਿਰ ਦਿੱਤਾ ਹੈ। ਇਸ ਕਰ ਕੇ ਗਵਰਨਮੈਂਟ ਵਲੋਂ ਮੁਕਦਮੇ ਦੀ ਖੋਜ ਸ਼ੁਰੂ ਹੋ ਗਈ। ਕਿੰਤੂ ਸ਼ੋਕ ਹੈ ਕਿ ਇਸ ਸਮੇਂ ਵਿੱਚ ਰਣਜੀਤ ਸਿੰਘ ਦਾ ਵੱਡਾ ਲੜਕਾ ਸੰਤੋਖ ਸਿੰਘ ੧੯ ਸਾਲ ਦੀ ਆਯੂ ਵਿੱਚ (ਇਹਦਾ ਵਿਆਹ ਸਰਦਾਰ ਸ਼ੇਰ ਸਿੰਘ ਸ਼ਾਹਅਬਾਦੀਆਂ ਦੀ ਲੜਕੀ ਭਾਗਭਰੀ ਦੇ ਨਾਲ ਬੜੀ ਧੂਮ ਧਾਮ ਨਾਲ ਹੋਯਾ ਸੀ ਤੇ ਇਸ ਖ਼ੁਸ਼ੀ ਦੇ ਜਲਸੇ ਵਿੱਚ ਸਤਲੁਜ ਦੇ ਉਸ ਪਾਰ ਦੋ ਰਈਸਾਂ ਨਾਲ ਪੋਲੀਟੀਕਲ ਏਜੰਟ ਵੀ ਸ਼ਾਮਲ ਹੋਇਆ ਸੀ।) ਅਚਨਚੇਤ ਨਾਭੇ ਮਰ ਗਿਆ। ਇਸ ਦੇ ਮਰਨ ਤੇ ਤਾਂ ਲੋਕਾਂ ਨੂੰ ਪੱਕਾ ਸ਼ੱਕ ਹੋ ਗਿਆ ਤੇ ਲੋਕ ਕਹਿਣ ਲੱਗੇ ਕਿ ਜਸਵੰਤ ਸਿੰਘ ਨੇ ਆਪਣੇ ਪੁਤਰ ਤੇ ਪੋਤਰੇ ਨੂੰ ਮਰਵਾ ਦਿੱਤਾ। ਜਿਸ ਵੇਲੇ ਮਹਾਰਾਜਾ ਪਟਯਾਲਾ ਕਰਮ ਸਿੰਘ ਪੁੱਛਣ ਵਾਸਤੇ ਗਏ ਤਦ ਜਸਵੰਤ ਸਿੰਘ ਨੂੰ ਰੋਂਦਿਆਂ ਹੋਇਆਂ ਵੇਖ ਕੇ ਕਹਿ ਦਿੱਤਾ ਕਿ ਧੋਖੇਬਾਜ਼ ਹੁਣ ਕਿਉਂ ਰੋਂਦਾ ਹੈਂ? ਤੂੰ ਆਪ ਹੀ ਤਾਂ ਸਭ ਕੁਝ ਕੀਤਾ ਹੈ। ਕਿੰਤੂ ਸ਼ੋਕ ਹੈ ਕੋਈ ਅਜਿਹਾ ਪੱਕਾ ਸਬੂਤ ਨਾ ਮਿਲਯਾ, ਜਿਸ ਤੋਂ ਗਵਰਨਮੈਂਟ ਰਾਜਾ ਜਸਵੰਤ ਸਿੰਘ ਤੋਂ ਪੁੱਛ ਕਰ ਸਕਦੀ। ਬਾਕੀ ਦੌਲਤ ਨੇ ਸਾਰੇ ਪਰਦੇ ਢੱਕ ਦਿੱਤੇ।

## ੧੫. ਲਧੜਾਂ ਦੇ ਸਰਦਾਰਾਂ ਤੇ ਸੋਨਟੀ ਦਾ ਮੁਕੱਦਮਾ

ਲਧੜਾਂ ਤੇ ਸੋਨਟੀ ਦੇ ਸਿੱਖ ਸਰਦਾਰ ਨੇ ਏਜੰਟ ਗਵਰਨਰ ਜਨਰਲ ਦਿੱਲੀ ਦੇ ਪਾਸ ਸ਼ਕਾਇਤ ਕੀਤੀ ਕਿ ਰਾਜਾ ਨਾਭਾ ਸਾਡੇ ਤੇ ਨਾ ਹੱਕ ਸਖ਼ਤੀ ਕਰਦਾ ਹੈ। ੫੦ ਸਵਾਰ ਲੱਧੜਾਂ ਦੇ ਤੇ ੨੦ ਸੋਨਟੀ ਦੇ ਹਮੇਸ਼ਾਂ ਆਪਣੇ ਪਾਸ ਹਾਜ਼ਰ ਰੱਖਦਾ ਹੈ। ਸਾਨੂੰ ਆਪਣੇ ਅਧੀਨ ਸਮਝ ਕੇ ਵਧੀਕੀ ਤੇ ਜ਼ੁਲਮ ਕਰਦਾ ਹੈ। ਅਸਲ ਗੱਲ ਇਹ ਹੈ ਕਿ ਅਸੀਂ ਇਹਦੇ ਜ਼ੈਲਦਾਰ ਜਾਂ ਤਅੱਲਕੇਦਾਰ ਨਹੀਂ ਹਾਂ। ਅੰਤ ਨੂੰ ਜਦ ਸਰ ਜਾਰਜ ਕਲਾਰਕ ਸਾਹਿਬ ਨੇ ਉਨ੍ਹਾਂ ਦੇ ਦਾਵੇ ਦੀ ਖੋਜ ਕੀਤੀ ਤਦ ਮੁਕੱਦਮੇ ਦੀ ਸੂਰਤ ਇੰਜ ਮਲੂਮ ਹੋਈ ਕਿ ੧੮੨੦ ਨੂੰ ਜਦ ਸਰਹੰਦ ਤੇ ਖਾਲਸੇ ਨੇ ਕਬਜ਼ਾ ਕੀਤਾ ਤਦ ਉਸ ਵੇਲੇ ਨਿਸ਼ਾਨਾਂ ਵਾਲੀ ਮਿਸਲ ਦੇ ਮੁਖੀ ਸਰਦਾਰ ਸੰਗਤ ਸਿੰਘ, ਦਸੌਂਧਾ ਸਿੰਘ, ਜੈਸਿੰਘ, ਮੋਹਰ ਸਿੰਘ ਨੇ ਅੰਬਾਲਾ, ਸਰਏ ਲਸ਼ਕਰੀ ਖਾਂ, ਸ਼ਾਹਆਬਾਦ, ਦੁਰਾਹਾ, ਲੁਧੜਾਂ, ਅਮਲੋਹ ਤੇ ਸੋਨਟੀ ਪੁਰ 'ਤੇ ਆਪਣਾ ਕਬਜ਼ਾ ਕਰ ਲਿਆ। ਫਿਰ ਜਦ ਮਹਾਰਾਜਾ ਰਣਜੀਤ ਸਿੰਘ ਦਾ ਜ਼ਮਾਨਾ ਆਇਆ ਤੇ ਹਰ ਇੱਕ ਮਿਸਲ ਨੂੰ ਨੁਕਸਾਨ ਪੁੱਜਣ ਲਗਾ ਅਤੇ ਫੂਲਕੀਆਂ ਰਿਆਸਤਾਂ ਨੇ ਵੀ ਆਪਣੇ ਛੋਟੇ ਛੋਟੇ ਗਵਾਂਢੀਆਂ ਦੇ ਇਲਾਕਿਆਂ ਨੂੰ ਦਬਾਣਾ ਸ਼ੁਰੂ ਕੀਤਾ। ਤਦ ਉਸ ਵੇਲੇ ਕਮਜ਼ੋਰ ਰਈਸਾਂ ਨੇ ਆਪਣੇ ਬਚਾਉ ਦੇ ਵਾਸਤੇ ਕਿਸੇ ਨਾ ਕਿਸੇ ਵਡੇ ਰਈਸ ਦੀ ਪਨਾਹ ਢੂੰਡਣੀ ਸ਼ੁਰੂ ਕੀਤੀ ਤੇ ਉਸ ਪਨਾਹ ਦੇ ਬਦਲੇ ਕੁਝ ਨਜ਼ਰਾਨਾ ਬਦਲੇ ਵਜੋਂ ਦੇਣਾ ਪਿਆ। ਸੋ ਨਿਸ਼ਾਨਾਂ ਵਾਲੀ ਮਿਸਲ ਦੇ ਕਮਜ਼ੋਰ ਹੋਣ ਤੇ ਸਰਦਾਰ ਜੈ ਸਿੰਘ ਲਧੜਾਂ ਵਾਲੇ ਨੇ ਰਾਜਾ ਜਸਵੰਤ ਸਿੰਘ ਦੇ ਨਾਲ ਆਪਣੀ ਲੜਕੀ ਦਯਾ ਕੌਰ ਦੇ ਨਾਲ ਵਿਆਹ ਕਰ ਕੇ ਇਸ ਨੂੰ ਆਪਣਾ ਸਾਥੀ ਬਣਾ ਲਿਆ ਤੇ ਆਪਣੇ ਕਬਜ਼ੇ ਦੇ ਪਿੰਡਾਂ ਨੂੰ ਅੱਗੇ ਵਾਂਗ ਹੀ ਆਪਣੇ ਹੱਥ ਵਿੱਚ ਰਖਯਾ। ਕਿੰਤੂ ਸੋਨਟੀ ਵਾਲੇ ਸਰਦਾਰ ਦੇ ਇਲਾਕਾ ਅਮਲੋਹ ਤੋਂ ਜਦ ਓਹ ਸਤਲੁਜ ਤੋਂ ਪਾਰ ੧੮੫੨ ਨੂੰ ਜ਼ਮਾਨ ਸ਼ਾਹ ਦੇ ਟਾਕਰੇ ਤੇ ਸਿੱਖਾਂ ਦੀ ਮਦਦ ਨੂੰ ਗਏ ਸਨ, ਰਾਜਾ ਜਸਵੰਤ ਸਿੰਘ ਨੇ ਸੋਨਟੀ ਦੇ ਇਲਾਕੇ ਦੇ ੩੬ ਪਿੰਡਾਂ ਤੇ ਅਮਲੋਹ ਸਮੇਤ ਕਬਜ਼ਾ ਕਰ ਲਿਆ। ਕਿੰਤੂ ਸੋਨਟੀ ਵਾਲੇ ਸਰਦਾਰ ਨੇ ਜਦ ਉੱਥੋਂ ਮੁੜ ਕੇ ਆਪਣੇ ਇਲਾਕੇ ਅਮਲੋਹ ਨੂੰ ਨਾਭੇ ਦੇ ਰਈਸ ਤੋਂ ਛੁਡਾਣਾ ਚਾਹਿਆ ਤੇ ਕਾਫੀ ਮੁਦਤ ਤਕ ਆਪਣੇ ਦਾਵੇ ਦੀ ਪੈਰਵਾਈ ਵਿੱਚ ਝਗੜਦਾ ਰਿਹਾ। ਤਦ ਅਖੀਰ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਹਿੰਮਤ ਸਿੰਘ ਸ਼ਾਹਅਬਾਦ ਨੇ ਵਿੱਚ ਪੈ ਕੇ ਇਹ ਫ਼ੈਸਲਾ ਕਰ ਦਿੱਤਾ ਕਿ ਅਮਲੋਹ ਤਾਂ ਰਈਸ ਨਾਭਾ ਦੇ ਕਬਜ਼ੇ ਵਿੱਚ ਰਹੇ, ਤੇ ਬਾਕੀ ਦੇ ੩੬ ਪਿੰਡਾਂ ਤੇ ਰਈਸ ਨਾਭਾ ਤੇ ਸੋਨਟੀ ਦੋਨਾਂ ਦਾ ਅਧਿਕਾਰ ਹੈ। ਇਹ ਫ਼ੈਸਲਾ ਸੋਨਟੀ ਦੇ ਸਰਦਾਰਾਂ ਦੇ ਵਿਰੁੱਧ ਸੀ। ਇਸ ਕਰ ਕੇ ਇਹ ਝਗੜਾ ਨਾ ਮੁਕਿਆ ਅਤੇ ਦਿਨ-

ਬ-ਦਿਨ ਵਧਣ ਲਗਾ। ਅੰਤ ਨੂੰ ਜਦ ਇਸ ਦਾ ਫ਼ੈਸਲਾ ਸਰਕਾਰ ਅੰਗ੍ਰੇਜ਼ੀ ਤੇ ਸੁੱਟਿਆ ਗਿਆ ਤਦ ਓਥੋਂ ਇਹ ਇਨਸਾਫ਼ ਹੋਇਆ ਕਿ ਇਨ੍ਹਾਂ ਸਰਦਾਰਾਂ ਦੇ ਇਲਾਕੇ ਅੱਗੇ ਵਾਂਗ ਹੀ ਇਨ੍ਹਾਂ ਦੇ ਪਾਸ ਰਹਿਣ। ਕਿੰਤੂ ਜਦ ਕਦੀ ਨਾਭੇ ਦਾ ਰਈਸ ਗੱਦੀ ਤੇ ਬੈਠੇ ਅਤੇ ਵਲੀ ਐਹਦ ਦੇ ਜੰਮਣ, ਵਿਆਹ ਆਦਿਕ ਦਾ ਮੌਕਾ ਹੋਵੇ, ਤਦ ਇਹ ਨਜ਼ਰਾਨੇ ਪੇਸ਼ ਕੀਤਾ ਕਰਨ। ਜੇ ਕੋਈ ਲੜਾਈ ਹੋ ਪਏ ਤਦ ਇਹ ਸਰਦਾਰ ਮਦਦ ਦੇਣ, ਕਿੰਤੂ ਇਨ੍ਹਾਂ ਨੂੰ ਬਿਨਾਂ ਲੋੜ ਕਦੇ ਖੇਚਲ ਨਾ ਦਿੱਤੀ ਜਾਏ। ਇਹ ਫ਼ੈਸਲਾ ਅਜਿਹਾ ਸੀ ਕਿ ਜਿਸ ਤੋਂ ਨਾ ਤਾਂ ਸੋਨਟੀ ਦੇ ਸਰਦਾਰਾਂ ਦਾ ਨੁਕਸਾਨ ਹੋਇਆ ਤੇ ਨਾ ਹੀ ਨਾਭੇ ਦੀ ਸ਼ਾਨ ਵਿੱਚ ਕੋਈ ਫ਼ਰਕ ਪਿਆ।

ਸੰਮਤ ੧੮੯੧ ਬਿ. ਨੂੰ ਰਾਜਾ ਸੰਗਤ ਸਿੰਘ ਸੰਗਰੂਰ ਵਾਲੇ ਦੇ ਸੰਤਾਨ ਹੀਨ ਚਲਾਣਾ ਕਰ ਜਾਣ ਤੋਂ ਇਸ ਅਲਾਕੇ ਦੇ ਦਾਵੇਦਾਰ ਕਈ ਜੰਮ ਪਏ। ਕਿੰਤੂ ਰਾਜਾ ਕਰਮ ਸਿੰਘ ਪਟਜਾਲੇ ਵਾਲੇ ਦੀ ਮਦਦ ਨਾਲ ਸਰਦਾਰ ਸਰੂਪ ਸਿੰਘ ਇੰਦਬੇਰੀਆ ਨੂੰ ਚੁਣਿਆ ਗਿਆ, ਜਿਸ ਨੂੰ ਰਾਜਾ ਜਸਵੰਤ ਸਿੰਘ ਨਹੀਂ ਚਾਹੁੰਦਾ ਸੀ। ਤਦ ਏਸ ਰਈਸ ਨੇ ਰਾਜਾ ਜਸਵੰਤ ਸਿੰਘ ਨੂੰ ਏਹ ਲਿਖਤ ਦੇ ਕੇ ਰਾਜ਼ੀ ਕਰ ਲਜਾ ਕਿ ਸੰਗਰੂਰ ਦਾ ਅਲਾਕਾ ਜੋ ਪਹਿਲਾਂ ਤੁਹਾਡਾ ਸੀ, ਮੈਂ ਰਾਜ਼ੀ ਹੋ ਕੇ ਤੁਹਾਨੂੰ ਦੇ ਦੇਵਾਂਗਾ। ਸੋ ਜਦ ਰਾਜਾ ਜਸਵੰਤ ਸਿੰਘ ਨੇ ਮਹਾਰਾਜਾ ਕਰਮ ਸਿੰਘ ਪਟਜਾਲੇ ਵਾਲੇ ਦੇ ਨਾਲ ਹੋ ਕੇ ਜੀਂਦ ਦੀ ਰਜਾਸਤ ਸਰੂਪ ਸਿੰਘ ਨੂੰ ਦਵਾ ਦਿੱਤੀ। ਤਦ ਏਸ ਨੇ ਨਾਭੇ ਆ ਕੇ ਧੰਨਵਾਦ ਕੀਤਾ ਤੇ ਕਿਹਾ ਕਿ ਓਸ ਲਿਖਤ ਤੇ ਮੇਰੀ ਮੋਹਰ ਹੈ, ਲਜਾਓ, ਤਾਂ ਕਿ ਹੁਣ ਓਸ ਤੇ ਰਾਜਾ ਵਲੋਂ ਮੋਹਰ ਲਾ ਦੇਵਾਂ। ਏਸ ਲਿਖਤ ਨੂੰ ਪੁਖਤਾ ਬਾਗ਼; ਜਿੱਥੇ ਸਰੂਪ ਸਿੰਘ ਠਹਿਰਿਆ ਹੋਯਾ ਸੀ, ਲੈ ਜਾਣ ਤੋਂ ਦੀਵਾਨ ਗੋਪਾਲ ਸਿੰਘ ਨੇ ਰਾਜਾ ਜਸਵੰਤ ਸਿੰਘ ਨੂੰ ਰੋਕਜਾ। ਕਿੰਤੂ ਜਦ ਸਰਦਾਰ ਗੁਰਬਖ਼ਸ਼ ਸਿੰਘ ਤੇ ਮੁਨਸ਼ੀ ਸਾਹਿਬ ਸਿੰਘ ਦੀ ਸਲਾਹ ਨਾਲ ਇਹ ਲਿਖਤ ਭੇਜੀ ਗਈ, ਤਦ ਰਾਜਾ ਸਰੂਪ ਸਿੰਘ ਨੇ ਪੜ੍ਹਨ ਦੇ ਬਹਾਨੇ ਹੱਥ ਵਿੱਚ ਲੈ ਕੇ ਝਟ ਪਟ ਪਾੜ ਕੇ ਪਾਣੀ ਦੇ ਹੌਜ਼ ਵਿੱਚ ਸੁਟ ਦਿੱਤਾ ਤੇ ਓਸ ਨੂੰ ਮਲ ਸੱਟਜਾ। ਓਸੇ ਵੇਲੇ ਘੋੜੇ ਤੇ ਸਵਾਰ ਹੋ ਬਾਜ਼ਾਰ ਵਿੱਚ ਚਲਾ ਗਜਾ। ਰਾਜਾ ਜਸਵੰਤ ਸਿੰਘ ਨੂੰ ਰਾਜਾ ਸਰੂਪ ਸਿੰਘ ਦੀ ਇਸ ਗੱਲ ਤੋਂ ਗ਼ੁੱਸਾ ਆਇਆ, ਕਿੰਤੂ ਡੋਰ ਹੱਥ ਵਿੱਚੋਂ ਨਿੱਕਲ ਚੁੱਕੀ ਸੀ ਹੁਣ ਕੀ ਹੋ ਸਕਦਾ ਸੀ।

ਇਨੇਂ ਨੂੰ ਰਾਜਾ ਜਸਵੰਤ ਸਿੰਘ ਨੂੰ ਜੋ ਸਚਮੁਚ ਆਪਣੇ ਸਮੇਂ ਦੇ ਰਈਸਾਂ ਵਿੱਚ ਇੱਕ ਯੋਗ ਤੇ ਸਜਾਣਾ ਰਾਜਾ ਸੀ, ੧੨ ਮਈ ੧੮੪੦ ਮੁਤਾਬਕ ਜੇਠ ੧੮੯੭ ਬਿ. ਨੂੰ ਮੌਤ ਦਾ ਸੁਨੇਹਾ ਆ ਗਿਆ ਤੇ ੬੬ ਵਰਿਹਾਂ ਦੀ ਉਮਰ ਵਿੱਚ ਇਸ ਜਹਾਨ ਫਾਨੀ ਤੋਂ ਪ੍ਰਲੋਕ ਨੂੰ ਕੂਚ ਕਰ ਦਿੱਤਾ।

## ੧੬. ਰਾਜਾ ਜਸਵੰਤ ਸਿੰਘ ਦੇ ਗੁਣ ਤੇ ਨਿਸਚਾ

ਰਾਜਾ ਜਸਵੰਤ ਸਿੰਘ ਦਾ ਨਿਸਚਾ ਸਿੱਖ ਧਰਮ ਨਾਲੋਂ ਬੁਤਪ੍ਰਸਤ ਬੈਰਾਗੀਆਂ ਤੇ ਵਧੀਕ ਸੀ। ਇਹ ਬਿਸ਼ਨ ਦਾਸ ਬੈਰਾਗੀ ਤੋਂ ਗਲੇ ਵਿੱਚ ਕੰਠੀ ਬਨ੍ਹਾ ਕੇ ਓਹਦਾ ਚੇਲਾ ਹੋ ਗਿਆ ਸੀ। ਪਹਿਲਾਂ ਗਲੇ ਵਿੱਚ ਕੰਠੀ ਰਖਜਾ ਕਰਦਾ ਸੀ। ਫਿਰ ਰਾਜਾ ਕਰਮ ਸਿੰਘ ਦੇ ਮੇਹਣਾ ਦੇਣ ਤੇ ਪੱਗ ਦੇ ਅੰਦਰ ਜੂੜੇ ਵਿੱਚ ਰਖਯਾ ਕਰਦਾ ਸੀ।

ਇਸ ਰਾਜਾ ਨੇ ਕਈ ਜਗ੍ਹਾ ਤੇ ਬੈਰਾਗੀ ਸਾਧਾਂ ਦੇ ਠਾਕਰਦਵਾਰੇ ਬਣਾ ਕੇ ਜਾਗੀਰਾਂ ਦੇ ਰਖੀਆਂ ਸਨ ਜੋ ਹੁਣ ਤਕ ਹਨ। ਗੁਰੂ ਦੇ ਸਿੱਖਾਂ ਦਾ ਕੋਈ ਮਕਾਨ ਇਸ ਨੇ ਨਹੀਂ ਬਣਵਾਇਆ ਤੇ ਨਾ ਹੀ ਜਾਗੀਰ ਦਿੱਤੀ।

੧੮੭੮ ਬਿ. ਨੂੰ ਇਸ ਨੇ ਗਯਾ ਜਾ ਕੇ ਆਪਣੇ ਵਡਿਆਂ ਦੇ ਪਿੰਡ ਭਰਾਏ। ਸਵਾ ਲਖ ਰੁਪਯੇ ਦਾ ਸੰਕਲਪ ਕੀਤਾ। ਕਿੰਤੂ ਪੰਡਤ ਦੇ ਮੂੰਹ ਤੋਂ ਸਵਾ ਕਰੋੜ ਨਿੱਕਲ ਗਿਆ ਉਹ ਇੰਜ ਪੂਰਾ ਕੀਤਾ: ਇਕ ਫਸਲ ਤਾਂ ਸਾਰੀ ਪ੍ਰਜਾ ਨੂੰ ਛੱਡ ਦਿੱਤੀ ਤੇ ਆਮਦਨੀ ਦਾ ਚੌਥਾ ਹਿੱਸਾ ਹਮੇਸ਼ਾਂ ਦੇ ਵਾਸਤੇ ਬ੍ਰਾਹਮਣਾਂ ਨੂੰ ਛੱਡ ਦਿੱਤਾ ਗਿਆ। ੨੦ ਹਜ਼ਾਰ ਦੇ ਕਰੀਬ ਦੀਆਂ ਜਗੀਰਾਂ ਆਪਣੇ ਰਾਜ ਵਿੱਚ ਠਾਕਰਦਵਾਰਿਆਂ ਦੇ ਨਾਮ ਲਾ ਦਿੱਤੀਆਂ ਜੋ ਹੁਣ ਤਕ ਹਿਸਾਬ ਕਰਨ ਤੇ ਦੋ ਕਰੋੜ ਤੋਂ ਵੀ ਉੱਪਰ ਪੁੱਜ ਗਈਆਂ ਹੋਣਗੀਆਂ।

ਗਯਾ ਜੀ ਜਾਣ ਲੱਗਿਆਂ ਪਟਣੇ ਸਾਹਿਬ ੧੨੫ ਨਕਦ ਦੇ ਕੇ ਹਮੇਸ਼ਾਂ ਵਾਸਤੇ ਕੁਝ ਵੀ ਨਹੀਂ ਦਿੱਤਾ। ਇਸ ਵਿੱਚ ਕੁਝ ਸ਼ੱਕ ਨਹੀਂ ਕਿ ਰਾਜਾ ਜਸਵੰਤ ਸਿੰਘ ਦੀਆਂ ਚਾਰ ਪੰਜ ਰਾਣੀਆਂ ਸਨ। ਕਿੰਤੂ ਰਾਣੀ ਚੰਦ ਕੌਰ ਢਿਲਵਾਂ ਵਾਲੀ ਬੜੀ ਦੂਰ ਅੰਦੇਸ਼, ਅਕਲਮੰਦ ਤੇ ਪ੍ਰਤਾਪਵਾਨ ਸੀ ਜਿਸ ਦੇ ਪਾਸ ਤਅੱਲਕਾ ਫੂਲ ਦਯਾਲਪੁਰਾ ਦੀ ਜਾਗੀਰ ਇੱਕ ਮੁੱਦਤ ਤਕ ਰਹੀ।

ਰਾਜਾ ਭਰਪੂਰ ਸਿੰਘ ਦੇ ਗੱਦੀ ਤੇ ਬੈਠਣ ਸਮੇਂ ਦਯਾਲ ਪੁਰਾ ਦੇ ਤਅੱਲਕੇ ਉਸ ਦੇ ਵਾਸਤੇ ਰਾਣੀ ਨੇ ਛੱਡ ਦਿੱਤੇ ਤੇ ਫੂਲ ਦਾ ਤਅੱਲਕਾ ੧੯੨੫ ਬਿ. ਤੱਕਣ ਉਸੇ ਦੇ ਕਬਜ਼ੇ ਵਿੱਚ ਰਿਹਾ। ਇਸ ਦਾ ਇੱਕ ਪੁਤਰ ਕਾਹਨ ਸਿੰਘ ਚਾਰ ਸਾਲ ਦਾ ਹੋ ਕੇ ਮਰ ਗਿਆ। ਸਰਦਾਰ ਉੱਤਮ ਸਿੰਘ ਇਹਦੇ ਪਾਲਣ ਵਾਲੇ ਨੂੰ ਜਸੜ ਵਾਲੇ ਦਾ ਬਿਸਵਾ ਬਖਸ਼ਿਆ ਜੋ ਹੁਣ ਤਕ ਉਹਦੀ ਸੰਤਾਨ ਪਾਸ ਹੈ। ਜਸਵੰਤ ਸਿੰਘ ਜਿਸ ਵੇਲੇ ਬੀਮਾਰ ਸੀ, ਉਸ ਵੇਲੇ ਆਪਣੇ ਲੜਕੇ ਦੇਵਿੰਦਰ ਸਿੰਘ ਨੂੰ ਬਹੁਤ ਸੱਦਿਆ। ਕਿੰਤੂ ਉਹ ਉਹਦੇ ਪਾਸ ਨਹੀਂ ਗਿਆ, ਨਾਚ ਤੇ ਰਾਗਾਂ ਰੰਗਾਂ ਵਿੱਚ ਲਗਾ ਰਿਹਾ। ਰਾਜਾ ਨੇ ਗ਼ੁੱਸੇ ਹੋ ਕੇ ਸ੍ਰ: ਖ਼ਜ਼ਾਨ ਸਿੰਘ ਨੂੰ ਕਹਿ ਕੇ ਲੜਕੇ ਨੂੰ ਕੈਦ ਕਰਾ ਦਿੱਤਾ ਤੇ ਸ੍ਰ: ਗੁਰਬਖ਼ਸ਼ ਸਿੰਘ ਨੂੰ ਰਿਆਸਤ ਦਾ ਸਾਰਾ ਬੰਦੋਬਸਤ ਸੌਂਪ ਦਿੱਤਾ। ਜਦ ਰਾਜਾ ਦੇਵਿੰਦਰ ਸਿੰਘ ਤਖ਼ਤ ਤੇ ਬੈਠਾ, ਤਦ ਉਹਨੇ ਗੁਰਬਖ਼ਸ਼ ਸਿੰਘ ਨੂੰ ਕੈਦ ਕਰਨਾ ਚਾਹਿਆ। ਉਦੋਂ ਇਹ ਨੱਸ ਕੇ ਅੰਗ੍ਰੇਜ਼ੀ ਇਲਾਕੇ ਵਿੱਚ ਚਲਾ ਗਿਆ, ਜਿਸ ਨੂੰ ੧੯੦੭ ਬਿ. ਨੂੰ ਬੁਲਾ ਕੇ ਗਵਰਨਮੈਂਟ ਨੇ ਫਿਰ ਵਜ਼ੀਰ ਬਣਾ ਦਿੱਤਾ।

ਇਹ ਰਈਸ ਭਾਵੇਂ ਆਪਣੇ ਸਮੇਂ ਦੇ ਦੂਜੇ ਰਈਸਾਂ ਨਾਲ ਕਿੰਨਾ ਹੀ ਅਯੋਗ ਸਲੂਕ ਕਰਦਾ ਸੀ ਤੇ ਹਮੇਸ਼ਾਂ ਖੜਭਾ ਖੜਭੀ ਲਾਈ ਰੱਖਦਾ ਸੀ, ਕਿੰਤੂ ਆਪਣੀਆਂ ਅਸਰ ਵਾਲੀਆਂ ਗੱਲਾਂ ਦੇ ਨਾਲ ਸਭ ਨੂੰ ਖ਼ੁਸ਼ ਕਰ ਲੈਂਦਾ ਸੀ। ਇਸ ਤਰ੍ਹਾਂ ਦਾ ਸਿਆਣਾ ਤੇ ਮਨਸੂਬੇਬਾਜ਼ ਸੀ ਕਿ ਸਤਲੁਜ ਦੇ ਉਸ ਪਾਰ ਦਾ ਕੋਈ ਰਈਸ ਇਸ ਤੋਂ ਪੁੱਛੇ ਬਿਨਾਂ ਕੋਈ ਕੰਮ ਨਹੀਂ ਕਰਦਾ ਸੀ। ਆਪਣੀ ਸਿਆਣਪ ਤੇ ਚਲਾਕੀ ਨਾਲ ਸਾਰੇ ਰਈਸਾਂ ਦੇ ਅੰਦਰ ਤੇ ਬਾਹਰ ਦੇ ਕੰਮਾਂ ਵਿੱਚ ਆਪਣਾ ਦਖ਼ਲ ਰੱਖਦਾ ਸੀ ਤੇ ਆਪਣੀ ਰਿਆਸਤ ਦਾ ਪ੍ਰਬੰਧ ਇਸ ਖੂਬੀ ਤੇ ਨਰਮੀ ਨਾਲ ਕਰਦਾ ਸੀ ਕਿ ਸਾਰੀ ਪ੍ਰਜਾ ਇਸਤੇ ਪ੍ਰਸੰਨ ਤੇ ਬੜੀ ਖ਼ੁਸ਼ਹਾਲ ਸੀ। ਇਸ ਨੇ ਆਪਣੇ ਇਲਾਕੇ ਵਿੱਚ ਪੁਲਸ ਦਾ ਇੰਤਜ਼ਾਮ ਵੀ ਬੜੀ ਚੰਗੀ ਤਰ੍ਹਾਂ ਕਰ ਰੱਖਿਆ ਸੀ ਤੇ ਸਰਕਾਰ ਅੰਗ੍ਰੇਜ਼ੀ ਦਾ ਖ਼ੈਰਖਾਹ ਤੇ ਵਫ਼ਾਦਾਰ ਦੋਸਤ ਸੀ। ੧੮੯੧ ਬਿਕਰਮੀ ਨੂੰ ਰਾਜਾ ਜਸਵੰਤ ਸਿੰਘ ਨੇ ਕਾਬਲ ਦੀ ਲੜਾਈ ਵਿੱਚ ਜਾਣਾ ਚਾਹਿਆ, ਪ੍ਰੰਤੂ ਗਵਰਨਮੈਂਟ ਨੇ ਲੋੜ ਨਾ ਸਮਝੀ ਕੇਵਲ ਛੇ ਲਖ ਰੁਪਯਾ ਕਰਜ਼ੇ ਵਜੋਂ ਲੈ ਕੇ ਧੰਨਵਾਦ ਕਰ ਦਿੱਤਾ।

## ੧੭. ਰਾਜਾ ਦੇਵਿੰਦਰ ਸਿੰਘ ਦੀ ਗੱਦੀ ਨਸ਼ੀਨੀ

ਰਾਜਾ ਜਸਵੰਤ ਸਿੰਘ ਦੇ ਪਿੱਛੇ ਓਹਦਾ ਲੜਕਾ ਦੇਵਿੰਦਰ ਸਿੰਘ ਜੋ ੧੮੭੯ ਬਿਕ੍ਰਮੀ ਨੂੰ ਰਾਣੀ ਹਰ ਕੌਰ ਦੇ ਪੇਟੋਂ ਉਤਪਨ ਹੋਇਆ ਸੀ, ੧੮ ਸਾਲ ਦੀ ਆਯੂ ਵਿੱਚ ਗੱਦੀ ਤੇ ਬੈਠਾ। ੧੫ ਅਕਤੂਬਰ ੧੮੪੦ ਨੂੰ ਗੱਦੀ ਤੇ ਬੈਠਣ ਦੀ ਰਸਮ ਅਦਾ ਹੋਈ। ਇਸ ਜਲਸੇ ਵਿੱਚ ਏਜੰਟ ਗਵਰਨਰ ਜਨਰਲ ਅੰਬਾਲਾ ਸਤਲੁਜ ਤੋਂ ਓਸ ਪਾਰ ਦੇ ਕੁਲ ਰਈਸ ਸ਼ਾਮਲ ਹੋਏ। ਗਵਰਨਮੈਂਟ ਵੱਲੋਂ ਰਾਜਾ ਦੇਵਿੰਦਰ ਸਿੰਘ ਨੂੰ ਇੱਕ ਹਾਥੀ ਜ਼ਰਦੋਜ਼ੀ ਝੁਲ ਵਾਲਾ, ਇੱਕ ਘੋੜਾ ਚਾਂਦੀ ਦੇ ਸਮਾਨ ਸਮੇਤ, ੧੫੧ ਕਪੜੇ, ਤਿੰਨ ਜਵਾਹਰ ਤੇ ਇੱਕ ਤਲਵਾਰ ਖਿਲਅਤ ਵਿੱਚ ਦਿੱਤੀ।

ਇਹ ਰਾਜਾ ਇੱਕ ਨੌਜਵਾਨ ਤੇ ਨਾ ਤਜਰਬੇਕਾਰ ਸੀ। ਬ੍ਰਾਹਮਣਾਂ ਤੇ ਮਕਾਰ ਖ਼ੁਸ਼ਾਮਦੀਆਂ ਨੇ ਤਾਰੀਫ਼ ਕਰ ਕਰ ਕੇ ਤੇ ਖ਼ੁਸ਼ਾਮਦ ਦੀਆਂ ਗੱਲਾਂ ਸੁਣਾ ਸੁਣਾ ਕੇ ਰਾਜੇ ਦੇ ਦਿਮਾਗ਼ ਨੂੰ ਏਨਾ ਵਿਗਾੜਿਆ ਕਿ ਇਹ ਆਪਣੇ ਆਪ ਨੂੰ ਦੂਜਾ ਪ੍ਰਮੇਸ਼੍ਵਰ ਸਮਝਣ ਲਗ ਪਿਆ।

ਇਸ ਰਾਜਾ ਨੇ ਗੱਦੀ ਤੇ ਬੈਠਦੇ ਹੀ ਸੰਗਰੂਰ ਨੂੰ ਛੁਡਾਣ ਵਾਸਤੇ ਆਪਣੀ ਫੌਜ ਤੇ ਤੋਪਖਾਨਾ ਭੇਜ ਦਿੱਤਾ ਤੇ ਆਪ ਵੀ ਗਾਉਂ ਜਾ ਕੇ ਡੇਰਾ ਲਾ ਦਿੱਤਾ। ਰਾਜਾ ਸਰੂਪ ਸਿੰਘ ਇਹ ਗੱਲ ਸੁਣ ਕੇ ਸੰਗਰੂਰ

ਛੱਡ ਕੇ ਵਜੀਦ ਪੁਰ ਚਲਾ ਗਿਆ। ਰਾਜਾ ਦੇਵਿੰਦਰ ਸਿੰਘ ਨੂੰ ਓਸ ਦੇ ਅਹਿਲਕਾਰਾਂ ਨੇ ਅੰਗ੍ਰੇਜ਼ੀ ਗਵਰਨਮੈਂਟ ਤੋਂ ਮਨਜ਼ੂਰੀ ਲੈਣ ਦੇ ਬਹਾਨੇ ਨਾਭੇ ਵਾਪਸ ਲੈ ਆਂਦਾ।

## ੧੮. ਰਾਜਾ ਦੇਵਿੰਦਰ ਸਿੰਘ ਦਾ ਚਾਲ ਚਲਨ

ਰਾਜਾ ਜਸਵੰਤ ਸਿੰਘ ਤਾਂ ਬੈਰਾਗੀਆਂ ਦਾ ਚੇਲਾ ਹੀ ਬਣਿਆ ਸੀ, ਰਾਜਾ ਦੇਵਿੰਦਰ ਸਿੰਘ ਕ੍ਰਿਸ਼ਨ ਬਣ ਬੈਠਾ। ਮੁਸੱਮੀ ਜੈ ਗੋਪਾਲ ਚਾਰੀ ਬ੍ਰਾਹਮਣ ਵਸਨੀਕ ਕੋਲ ਚਕਰਾਂਤੀ ਤੋਂ ਸਿਖਿਆ ਪਾ ਕੇ ਅਜਿਹਾ ਹੰਕਾਰੀ ਬਣ ਗਿਆ ਕਿ ਦੂਜਿਆਂ ਨੂੰ ਆਪਣੇ ਟਾਕਰੇ ਤੇ ਕੁਝ ਸਮਝਦਾ ਹੀ ਨਹੀਂ ਸੀ। ਸਵਾਮੀ ਜੈ ਗੋਪਾਲ ਨੂੰ ਪੰਜਾਂ ਪਿੰਡਾਂ ਦੀ ਮਾਫ਼ੀ ਤੋਂ ਸਿਵਾਇ ਆਪਣਾ ਤਨ, ਮਨ ਤੇ ਧਨ ਦੇ ਦਿੱਤਾ ਤੇ ਫਿਰਕਾ ਰਾਮਾਨੁਜ ਦਾ ਤਿਲਕ ਤੇ ਕੰਠੀ ਰੱਖਣ ਲੱਗਾ। ਸਵਾਏ ਬੈਰਾਗੀ ਫ਼ਕੀਰਾਂ ਦੇ ਕਿਸੇ ਹੋਰ ਬ੍ਰਾਹਮਣ ਜਾਂ ਸਿੱਖ ਨੂੰ ਕੁਝ ਨਹੀਂ ਦੇਂਦਾ ਸੀ। ਓਹੋ ਹੀ ਲੋਕ ਦੋਨਾਂ ਹੱਥਾਂ ਨਾਲ ਰਿਆਸਤ ਨੂੰ ਲੁੱਟ ਰਹੇ ਸਨ। ਸੰਮਤ ੧੯੦੫ ਬਿੱਕ੍ਰਮੀ ਨੂੰ ਇਨ੍ਹਾਂ ਲੋਕਾਂ ਨੇ ਇਸ ਦੀ ਦੌਲਤ ਲੁੱਟਣ ਵਾਸਤੇ ਓਹਨੂੰ ਪ੍ਰੇਰਨਾ ਕੀਤੀ ਕਿ ਤੁਸੀਂ ਅਸਮੇਧ ਯੱਗ ਕਰੋ ਤਦ ਚਕ੍ਰਵਰਤੀ ਰਾਜੇ ਬਣ ਜਾਓਗੇ, ਸੋ ਦੇਵਿੰਦਰ ਸਿੰਘ ਨੇ ਅਜਿਹਾ ਹੀ ਕੀਤਾ। ਆਪਣੇ ਕੁੱਝ ਪਿੰਡਾਂ ਵਿੱਚ ਘੋੜਾ ਫੇਰ ਕੇ ਓਸ ਨੂੰ ਯਗਸ਼ਾਲਾ ਵਿੱਚ ਪਟਿਆਲੇ ਵਾਲੇ ਦਰਵਾਜ਼ੇ ਦੇ ਬਾਹਰ ਲਿਆ ਰੱਖਿਆ। ਤਿੰਨ ਮਹੀਨੇ ਘੀ ਆਦਿਕ ਮਸਾਲਾ ਬ੍ਰਾਹਮਣ ਲੋਕ ਅੱਗ ਵਿੱਚ ਸਾੜਦੇ ਰਹੇ। ਵੇਦ ਮੰਤਰ ਪੜ੍ਹਦੇ ਰਹੇ। ਅੰਤ ਨੂੰ ਓਹ ਘੋੜਾ ਕੱਟ ਕੇ ਵੀ ਅੱਗ ਵਿੱਚ ਪਾ ਦਿੱਤਾ ਗਿਆ। ਬਾਕੀ ਕੱਟ ਕੇ ਬ੍ਰਾਹਮਣਾਂ ਨੂੰ ਦਿੱਤਾ ਗਿਆ। ਜੋ ਰੁਪਇਆਂ ਦੇ ਲਾਲਚ ਵਿੱਚ ਘੋੜੇ ਦੇ ਮਾਸ ਨੂੰ ਲੈ ਗਏ। ਪੰਜਾਹ ਹਜ਼ਾਰ ਰੁਪਇਆ ਖ਼ਰਚ ਕੇ ਯੱਗ ਦੇ ਵਾਸਤੇ ਚਾਂਦੀ ਸੋਨੇ ਦੇ ਜੋ ਬਰਤਨ ਬਣਵਾਏ ਸੀ, ਓਹ ਸਾਰੇ ਬ੍ਰਾਹਮਣਾਂ ਨੂੰ ਦੇ ਦਿੱਤੇ। ਪੰਜ ਸੌ ਬ੍ਰਾਹਮਣ ਜੋ ਹੋਰ ਬੈਠੇ ਸੀ, ਉਨ੍ਹਾਂ ਨੂੰ ਭੀ ਮਾਲਾਮਾਲ ਕਰ ਦਿੱਤਾ। ਯੱਗ ਕਰਾਣ ਵਾਲੇ ਵੇਦ ਪਾਠੀ ਬ੍ਰਾਹਮਣ ਜੋ ਦੱਖਣ ਵੱਲੋਂ ਆਂਦੇ ਗਏ ਸੀ ਇੱਕ ਹਾਥੀ ਪਾਲਕੀ ਤੇ ਬਹੁਤ ਸਾਰੀਆਂ ਅਸ਼ਰਫੀਆਂ ਲੈ ਕੇ ਚਲੇ ਗਏ। ਇਸ ਫਜ਼ੂਲ ਤੇ ਪਸ਼ੂਆਂ ਵਾਲੇ ਕੰਮ ਤੇ ਲੱਖਾਂ ਰੁਪਈਏ ਖ਼ਰਚ ਕਰ ਦਿੱਤੇ। ਫਿਰ ਜਦ ਸ਼ਹਿਰ ਪਨਾਹ ਨਵੇਂ ਸਿਰੇ ਬਣਾਈ ਗਈ ਤਦ ਓਥੋਂ ਜਿੰਨੇ ਪਿਪਲ ਗਿਣਤੀ ਵਿੱਚ ਮਿਲੇ, ਓਹਨਾਂ ਨੂੰ ਕੱਟਣ ਲਈ ਓਨੇ ਹੀ ਸੋਨੇ ਦੇ ਕੁਹਾੜੇ ਤੇ ਆਰੀਆਂ ਬ੍ਰਾਹਮਣਾਂ ਨੂੰ ਦਿੱਤੀਆਂ ਗਈਆਂ। ਰਾਜਾ ਜਸਵੰਤ ਸਿੰਘ ਲੱਖਾਂ ਰੁਪਿਆ ਖ਼ਜ਼ਾਨੇ ਵਿੱਚ ਜਮ੍ਹਾਂ ਕਰ ਗਿਆ ਸੀ, ਓਹ ਸਾਰਾ ਬ੍ਰਾਹਮਣ ਚਟਮ ਕਰ ਗਏ।

ਦੇਵਿੰਦਰ ਸਿੰਘ ਨੇ ਹੁਕਮ ਦਿੱਤਾ ਕਿ ਰਾਜਾ ਸਰੂਪ ਸਿੰਘ ਦੇ ਨਾਮ ਨਾਲ ਕੋਈ ਲਫਜ਼ ਇੱਜ਼ਤ ਜਾਂ ਖਿਤਾਬ ਦਾ ਨਾ ਲਿਖਿਆ ਜਾਵੇ। ਜਦ ਇਹਦਾ ਨਾਮ ਲਿਖਣ ਦੀ ਲੋੜ ਹੋਵੇ ਤਦ ਕੇਵਲ ਸਰੂਪ ਸਿੰਘ ਲਿਖਿਆ ਜਾਵੇ। ਰਾਜਾ ਆਦਿਕ ਕੋਈ ਵਾਕ ਓਹਦੇ ਨਾਮ ਦੇ ਨਾਲ ਨਾ ਲਿਖਿਆ ਜਾਵੇ। ਇਸ ਤਰ੍ਹਾਂ ਮਹਾਰਾਜਾ ਪਟਿਆਲੇ ਨੂੰ ਭੀ ਮਹਾਰਾਜ ਦੀ ਜਗ੍ਹਾ ਕੇਵਲ ਰਾਜਾ ਲਿਖਿਆ ਜਾਵੇ, ਮਹਾਰਾਜਾ ਕੇਵਲ ਮੇਰੇ ਨਾਮ ਦੇ ਪਹਿਲਾਂ ਹੀ ਲਿਖਿਆ ਜਾਵੇ।

ਬ੍ਰਾਹਮਣਾਂ ਨੇ ਸੰਸਕ੍ਰਿਤ ਦੇ ਸ਼ਲੋਕ ਬਣਾ ਬਣਾ ਕੇ ਓਹਦੇ ਦਿਮਾਗ਼ ਨੂੰ ਵਿਗਾੜ ਦਿੱਤਾ ਤੇ ਯਕੀਨ ਦਵਾ ਦਿੱਤਾ ਕਿ ਤੂੰ ਕ੍ਰਿਸ਼ਨ ਅਵਤਾਰ ਹੈਂ। ਨਾਭੇ ਨੂੰ ਸ੍ਰੀ ਨਾਭ ਕੰਵਲ, ਧਨੋਲੇ ਨੂੰ ਧਨਾਲ ਸ਼ਹਿਰ ਧੈਨਸ ਨਗਰ ਤੇ ਮਲਾਡ ਨੂੰ ਗੰਗਾ ਸਾਗਰ ਦੇ ਨਾਮ ਤੇ ਮਸ਼ਹੂਰ ਕਰ ਦਿੱਤਾ। ਇਨ੍ਹਾਂ ਗੱਲਾਂ ਤੋਂ ਰਾਜਾ ਦੇਵਿੰਦਰ ਸਿੰਘ ਇਹਨਾਂ ਦਾ ਇੰਨਾ ਪੱਖੀ ਹੋ ਗਿਆ ਕਿ ਦਰਬਾਰ ਵਿੱਚ ਸਲਾਮ ਆਦਿਕ ਕਰਨ ਦੇ ਰਿਵਾਜ ਨੂੰ ਮੁਸਲਮਾਨੀ ਸਮਝ ਕੇ ਬ੍ਰਾਹਮਣਾਂ ਦੀ ਮਨਸ਼ਾ ਨਾਲ ਡੰਡੌਤ ਕਰਨ ਦਾ ਹੁਕਮ ਦਿੱਤਾ। ਬ੍ਰਾਹਮਣਾਂ ਨੇ ਇਸ ਨੂੰ ਨਿਸ਼ਚੇ ਕਰਾ ਦਿੱਤਾ ਕਿ ਤੁਸੀਂ ਛੇਤੀ ਹੀ ਚਕਰਵਰਤੀ ਰਾਜਾ ਹੋਣ ਵਾਲੇ ਹੋ। ਅੰਗਰੇਜ਼ਾਂ ਦੇ ਐਸ਼ਵਰਜ ਦਾ ਦੀਪਕ ਤਾਂ ਬੁਝਣ ਵਾਲਾ ਹੀ ਹੈ। ਇਨ੍ਹਾਂ ਗੱਲਾਂ ਨੂੰ ਸੁਣ ਕੇ ਰਾਜਾ ਬੜਾ ਖ਼ੁਸ਼ ਹੋਂਦਾ ਤੇ ਬ੍ਰਾਹਮਣਾਂ ਨੂੰ ਦਾਨ ਆਦਿਕ ਦੇਂਦਾ।

## ੧੯. ਮੌੜਾਂ ਦੇ ਝਗੜੇ ਦਾ ਹਾਲ

ਇਨ੍ਹਾਂ ਹੀ ਦਿਨਾਂ ਵਿੱਚ ਪਿੰਡ ਮੌੜਾਂ ਲਾਹੌਰ ਦਰਬਾਰ ਨਾਲ ਰਿਆਸਤ ਨਾਭਾ ਦਾ ਝਗੜਾ ਹੋਇਆ। ਇਸ ਝਗੜੇ ਦਾ ਹਾਲ ਇੰਜ ਹੈ:

ਇਕ ਆਦਮੀ ਜਿਸ ਦਾ ਨਾਮ ਧੰਨਾ ਸਿੰਘ ਵਲਦ ਮਲ ਸਿੰਘ ਸੀ ਤੇ ਪਿੰਡ ਮੌੜਾਂ ਇਲਾਕਾ ਨਾਭਾ ਦਾ ਰਹਿਣ ਵਾਲਾ ਸੀ, ਸੰਮਤ ੧੯੬੪ ਬਿ. ਨੂੰ ਮਹਾਰਾਜਾ ਰਣਜੀਤ ਸਿੰਘ ਪਾਸ ਜਾ ਕੇ ਨੌਕਰ ਰਿਹਾ। ਮਹਾਰਾਜਾ ਨੇ ਓਹਨੂੰ ਆਪਣੇ ਖ਼ਾਸ ਨੌਕਰਾਂ ਵਿੱਚ ਰੱਖ ਲਿਆ, ਤੇ ਏਸ ਨੂੰ ਜਾਗੀਰਦਾਰ ਬਣਾ ਦਿੱਤਾ। ਫੇਰ ਸੰਮਤ ੧੭੭੨ ਬਿ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਧੰਨਾ ਸਿੰਘ ਦੇ ਬਿਨੈ ਕਰਨ ਤੇ ਪਿੰਡ ਮੌੜਾਂ ਧੰਨਾ ਸਿੰਘ ਨੂੰ ਦਵਾ ਦਿੱਤਾ ਤੇ ਆਪਣੇ ਵੱਲੋਂ ਮਨੋਖਾ ਪਿੰਡ ਰਾਜਾ ਜਸਵੰਤ ਸਿੰਘ ਦੀ ਭੈਣ ਸਭਾ ਕੌਰ ਨੂੰ ਮਾਫ਼ੀ ਵਿੱਚ ਦੇ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਦੇ ਮਗਰੋਂ ਮਹਾਰਾਜਾ ਖੜਕ ਸਿੰਘ ਨੇ ਮਨੋਖਾਂ ਪਿੰਡ ਜ਼ਬਤ ਕਰ ਲਿਆ। ਤਦ ਰਾਜਾ ਦੇਵਿੰਦਰ ਸਿੰਘ ਜੋ ਆਪਣੀ ਥਾਂ ਈਸ਼੍ਵਰ ਬਣੀ ਬੈਠਾ ਸੀ ਸਰਦਾਰ ਹੁਕਮ ਸਿੰਘ ਵਲਦ ਧੰਨਾ ਸਿੰਘ ਨੂੰ (ਜਿਸ ਨੇ ਓਥੇ ਇੱਕ ਕਿਲ੍ਹਾ ਵੀ ਬਣਵਾ ਰੱਖਿਆ ਸੀ) ਏਹ ਕੈਹ ਭੇਜਿਆ ਕਿ ਚੂੰਕਿ ਗਵਰਨਮੈਂਟ ਲਾਹੌਰ ਦੇ ਪਿੰਡ ਮਨੋਖਾ ਜੋ ਸਾਡੀ ਫੂਲ ਦੇ ਨਾਮ ਪਿੰਡ ਮੌੜਾਂ ਦੇ ਬਦਲੇ ਵਿੱਚ ਹੋਇਆ ਹੋਇਆ ਹੈ; ਜ਼ਬਤ ਕਰ ਲਿਆ ਹੈ, ਏਸ ਕਰ ਕੇ ਤੁਹਾਨੂੰ ਵੀ ਪਿੰਡ ਮੌੜਾਂ ਸਾਡੇ ਹਵਾਲੇ ਕਰ ਦੇਣਾ ਚਾਹੀਦਾ ਹੈ। ਉਪਰੋਕਤ ਸਰਦਾਰ ਨੇ ਏਹ ਪਿੰਡ ਵਾਪਸ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਦਾ ਫ਼ਲ ਇਹ ਹੋਇਆ ਕਿ ਰਾਜਾ ਦੇਵਿੰਦਰ ਸਿੰਘ ਨੇ ਹਾੜ ੧੮੯੯ ਨੂੰ ਬਿਨਾਂ ਸੋਚੇ ਸਮਝੇ ਜਾਂ ਅੰਗਰੇਜ਼ਾਂ ਤੋਂ ਪੁੱਛੇ ਦੇ ਇੱਕ ਦਸਤਾ ਫੌਜ ਦਾ ਮੌੜਾਂ ਵਿੱਚ ਭੇਜ ਦਿੱਤਾ, ਜਿਨ੍ਹਾਂ ਏਸ ਪਿੰਡ ਤੇ ਅੱਪੜਦੇ ਹੀ ਅੱਗ ਵਸਾਣੀ ਸ਼ੁਰੂ ਕਰ ਦਿੱਤੀ ਤੇ ਹੁਕਮ ਸਿੰਘ ਤੋਂ ਕਿਲ੍ਹਾ ਖੋਹ ਲਿਆ ਤੇ ਮਾਲ ਅਸਬਾਬ ਤੇ ਕਬਜ਼ਾ ਕਰ ਲਿਆ।

ਏਸ ਗੱਲ ਨੂੰ ਸੁਣ ਕੇ ਮਹਾਰਾਜਾ ਸ਼ੇਰ ਸਿੰਘ ਨੇ ਅੰਗ੍ਰੇਜ਼ਾਂ ਨੂੰ ਲਿਖਿਆ, ਕਿੰਤੂ ਅਜੇ ਅੰਗਰੇਜ਼ਾਂ ਨੇ ਏਸ ਦਾ ਕੋਈ ਫ਼ੈਸਲਾ ਨਹੀਂ ਕੀਤਾ ਸੀ ਕਿ ਮਹਾਰਾਜਾ ਸ਼ੇਰ ਸਿੰਘ ਜੀ ਮਾਰੇ ਗਏ ਤੇ ਓਹਨਾਂ ਦੀ ਜਗ੍ਹਾ ਮਹਾਰਾਜਾ ਦਲੀਪ ਸਿੰਘ ਗੱਦੀ ਤੇ ਬੈਠਾ।

ਗਵਰਨਮੈਂਟ ਵੱਲੋਂ ਏਸ ਝਗੜੇ ਦਾ ਏਹ ਫ਼ੈਸਲਾ ਹੋਇਆ ਕਿ ਰਾਜਾ ਨਾਭਾ ਦਾ ਏਹ ਪਿੰਡ ਜ਼ਬਤ ਕਰ ਲਿਆ ਗਿਆ ਤੇ ਕਿਹਾ ਗਿਆ ਕਿ ਅੱਗੋਂ ਨੂੰ ਅੰਗਰੇਜ਼ਾਂ ਤੋਂ ਪੁੱਛੇ ਬਿਨਾਂ ਅਜੇਹਾ ਕੰਮ ਨਾ ਕਰੇ।

## ੨੦. ਸਰਕਾਰ ਲਾਹੌਰ ਦੀ ਸਰਕਾਰ ਅੰਗਰੇਜ਼ੀ ਨਾਲ ਵਿਰੋਧਤਾ

ਅਜੇ ਇਸ ਝਗੜੇ ਦਾ ਅੰਤਮ ਫ਼ੈਸਲਾ ਨਹੀਂ ਹੋਇਆ ਸੀ ਕਿ ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਦੇ ਵਿੱਚ ਲੜਾਈ ਛਿੜ ਗਈ। ਰਾਜਾ ਦੇਵਿੰਦਰ ਸਿੰਘ ਦੇ ਦਿਮਾਗ਼ ਨੂੰ ਬ੍ਰਾਹਮਣਾਂ ਦੀਆਂ ਗੱਪਾਂ ਨੇ ਅੱਗੇ ਹੀ ਫੇਰ ਰੱਖਿਆ ਸੀ ਤੇ ਚੱਕਰਵਰਤੀ ਰਾਜਾ ਹੋਣ ਦੇ ਸੁਪਨੇ ਲੈ ਰਿਹਾ ਸੀ। ਇਸ ਨੂੰ ਹੋਰ ਵੀ ਹੰਕਾਰੀ ਕਰ ਦਿੱਤਾ।

ਇਨ੍ਹਾਂ ਦਿਨਾਂ ਵਿੱਚ ਸਰਕਾਰ ਅੰਗਰੇਜ਼ੀ ਨੂੰ ਸਾਮਾਨ ਰਸਦ ਆਦਿਕ ਦਾ ਜੋ ਦੇਣਾ ਚਾਹੀਦਾ ਸੀ ਇਹਨੇ ਨਾ ਦਿੱਤਾ। ਤੇ ਮੰਦ ਭਾਗਾਂ ਨੂੰ ਇਹਨਾਂ ਦਿਨਾਂ ਵਿੱਚ ਰਾਮ ਸਿੰਘ ਜੋ ਲਾਹੌਰ ਦਰਬਾਰ ਦੀਆਂ ਫੌਜਾਂ ਦਾ ਅਫਸਰ ਸੀ, ਨਾਭੇ ਆਇਆ, ਜਿਸ ਤੋਂ ਗਵਰਨਮੈਂਟ ਨੂੰ ਇਸ ਦੀ ਚਾਲ ਤੇ ਹੋਰ ਵੀ ਸ਼ੁਬ੍ਹਾ ਹੋ ਗਿਆ।

ਰਾਜਾ ਦੇਵਿੰਦਰ ਸਿੰਘ ਨੂੰ ਮੇਹਜ਼ੂ ਬ੍ਰਾਡਫੁਟ ਨੇ ਲਿਖਿਆ ਕਿ ਝਟਪਟ ਕਲ ਸੰਧਯਾ ਤੱਕ ਸਰਕਾਰ ਅੰਗਰੇਜ਼ੀ ਦੇ ਲਸ਼ਕਰ ਵਿੱਚ ਆ ਜਾਓ; ਨਹੀਂ ਤਾਂ ਸਰਕਾਰ ਦੇ ਵੈਰੀ ਸਮਝੇ ਜਾਓਗੇ। ਰਾਜਾ ਦੇਵਿੰਦਰ ਸਿੰਘ ਨੇ ਇਸ ਨੋਟਿਸ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਇਨ੍ਹਾਂ ਦਿਨਾਂ ਵਿੱਚ ਹੀ ਮਹਾਰਾਜਾ ਪਟਿਆਲਾ ਚਲਾਣਾ ਕਰ ਗਿਆ ਸੀ, ਜਿਸ ਦੀ ਪੁੱਛ ਵਾਸਤੇ ਇਨ੍ਹਾਂ ਨੂੰ ਦੋ ਤਿੰਨ ਵੇਰ ਪਟਿਆਲੇ ਆਉਣਾ ਪਿਆ।

ਫੇਰੂ ਤੇ ਮੁਦਕੀ ਦੀਆਂ ਲੜਾਈਆਂ ਦੇ ਮਗਰੋਂ ਰਿਆਸਤ ਨਾਭਾ ਵੱਲੋਂ ਅੰਗਰੇਜ਼ਾਂ ਨੂੰ ਜਿਸ ਤਰ੍ਹਾਂ ਦੀ ਫੌਜ ਤੇ ਰਸਦ ਦੀ ਮਦਦ ਚਾਹੀਦੀ ਸੀ, ਮਿਲ ਗਈ ਤੇ ਰਾਜਾ ਦੇਵਿੰਦਰ ਸਿੰਘ ਨੇ ਆਪਣੇ ਪਿਛਲੇ ਕੰਮਾਂ ਬਾਬਤ ਆਪਣੇ ਬਿਆਨ ਵਿੱਚ ਸਫ਼ਾਈ ਕੀਤੀ, ਕਿੰਤੂ ਅੰਗਰੇਜ਼ਾਂ ਦਾ ਸ਼ੱਕ ਦੂਰ ਹੋਣਾ ਅਸੰਭਵ ਸੀ। ਸੋ ੧੩ ਦਸੰਬਰ ਨੂੰ ਡਬਰਾਉ ਤੇ ਅਮਲੋਹ ਦੇ ਇਲਾਕੇ ਅੰਗਰੇਜ਼ਾਂ ਨੇ ਜ਼ਬਤ ਕਰ ਲਏ। ਇਨ੍ਹਾਂ ਨੂੰ ਗਵਰਨਰ ਦੇ ਦਰਬਾਰੀ ਹੋਣ ਦੀ ਇੱਜ਼ਤ ਤੋਂ ਵੰਚਤ ਕਰ ਦਿੱਤਾ ਗਿਆ, ਬਲਕਿ ਦੇਵਿੰਦਰ ਸਿੰਘ ਨੂੰ ਗੱਦੀ ਤੋਂ ਉਤਾਰ ਕੇ ਉਹਦੀ ਜਗ੍ਹਾ ਇਸ ਦੇ ਪੁੱਤਰ ਭਰਪੂਰ ਸਿੰਘ ਨੂੰ ਬਿਠਾ ਦਿੱਤਾ।

ਇਸ ਨੁਕਸਾਨ ਤੇ ਬਦਨਾਮੀ ਦਾ ਕਾਰਨ ਇਹ ਸੀ ਕਿ ਰਾਜਾ ਦੇਵਿੰਦਰ ਸਿੰਘ ਨੇ ਦੀਵਾਨੀ ਦਾ ਅਹੁਦਾ ਜਿਸ ਨੂੰ ਖੱਤਰੀ ਕੌਮ ਆਪਣਾ ਜਦੀ ਵਿਰਸਾ ਸਮਝੀ ਬੈਠੀ ਸੀ, ਸਰਦਾਰ ਗੁਲਾਬ ਸਿੰਘ ਮਾਨਸ਼ਾਹੀਆਂ ਨੂੰ ਦੇ ਦਿੱਤਾ। ਇਸੇ ਤਰ੍ਹਾਂ ਦੇ ਹੋਰ ਵੀ ਕਈ ਅਹੁਦੇ ਜ਼ਿਮੀਂਦਾਰ ਸਿੰਘ ਨੂੰ ਦੇ ਦਿੱਤੇ। ਮੁਨਸ਼ੀ ਨੂੰ ਇਹ ਗੱਲ ਚੰਗੀ ਨਾ ਲੱਗੀ। ਸੋ ਉਸ ਨੇ ਵਕੀਲ ਕਾਨਾ ਮਲ ਦੇ ਨਾਲ ਸਲਾਹ ਕਰ ਕੇ ਜਾਣ ਬੁਝ ਕੇ ਨਾਭੇ ਵੱਲੋਂ ਉਹ ਬਹੁਤ ਸਾਰਾ ਸਮਾਨ ਤੇ ਫੌਜ ਜੋ ਮੌਕੇ ਤੇ ਪੁੱਜੀ ਹੋਈ ਸੀ, ਜਾਣ ਕੇ ਦੇਰ ਨਾਲ ਪੁਚਾਈ। ਨਹੀਂ ਤਾਂ ਉਸ ਵੇਲੇ ਸਰਦਾਰ ਨੂਰ ਖਾਂ, ਦੀਦਾਰ ਸਿੰਘ, ਸੂਬਾ ਖਾਂ, ਖ਼ਜ਼ਾਨ ਸਿੰਘ ਆਦਿਕ ਸਰਦਾਰ ਆਪਣੀ ਆਪਣੀ ਫੌਜ ਲੈ ਕੇ ਅੱਪੜੇ ਹੋਏ ਸੀ। ਕਿੰਤੂ ਕਾਨਾ ਮਲ ਨੇ ਹੀ ਮਦਦ ਜਾਣ ਕੇ ਨਾ ਪੁੱਜਣ ਦਿੱਤੀ, ਜਿਸ ਤੋਂ ਅੰਗਰੇਜ਼ੀ ਫੌਜ ਦੇ ਅਫਸਰਾਂ ਨੇ ਤੰਗ ਆ ਕੇ ਬ੍ਰਾਡਫੁਟ ਸਾਹਿਬ ਨੂੰ ਲਿਖ ਦਿੱਤਾ ਕਿ ਸਾਨੂੰ ਇੱਥੋਂ ਕੋਈ ਮਦਦ ਨਹੀਂ ਮਿਲੀ। ਸਾਹਿਬ ਬਹਾਦਰ ਰਿਆਸਤ ਦੇ ਹੱਕ ਵਿੱਚ ਬਹੁਤ ਬੁਰਾ ਲਿਖ ਕੇ ਗੁਜ਼ਰ ਗਿਆ, ਜਿਸ ਦਾ ਨਤੀਜਾ ਰਿਆਸਤ ਦੇ ਵਿਰੁੱਧ ਬੁਰਾ ਨਿੱਕਲਜਾ। ਬਲਕਿ ਜਿਸ ਦਿਨ ਮਹਾਰਾਜਾ ਦੇਵਿੰਦਰ ਸਿੰਘ ਨੂੰ ਮੇਜਰ ਬ੍ਰਾਡਫੁਟ ਵੱਲੋਂ ਸਰਕਾਰੀ ਫੌਜ ਵਿੱਚ ਹਾਜ਼ਰ ਹੋਣ ਦਾ ਨੋਟਿਸ ਆਇਆ ਤੇ ਇਹ ਫੌਜ ਸਮੇਤ ਨਾਭੇ ਤੋਂ ਚੱਲ ਕੇ ਪਿੰਡ ਕੁਪ ਜੋ ਮਲੌਦ ਦੇ ਪਾਸ ਹੈ, ਜਾ ਉੱਤਰੇ। ਤਦ ਸ੍ਵਾਮੀ ਜੈ ਗੁਪਾਲ ਅਚਾਰੀਆ ਨੇ ਜਾ ਕੇ ਰਾਹ ਦੇ ਵਿੱਚ ਹੀ ਇਨ੍ਹਾਂ ਨੂੰ ਕੁਝ ਕਹਿ ਕੇ ਨਾਭੇ ਵਾਪਸ ਲੈ ਆਂਦਾ। ਇਸ ਕਰ ਕੇ ਮਹਾਰਾਜਾ ਨੂੰ ਕਈ ਸਿਆਣੇ ਕਹਿ ਰਹੇ ਸਨ ਕਿ ਤੁਸੀਂ ਕਹਿ ਦੇਵੋ ਕਿ ਸਾਨੂੰ ਮੁਨਸ਼ੀ ਤੇ ਸੁਵਾਮੀ ਨੇ ਨਹੀਂ ਜਾਣ ਦਿੱਤਾ, ਕਿੰਤੂ ਰਾਜਾ ਨੇ ਇਨ੍ਹਾਂ ਦਾ ਨਾਮ ਨਾ ਲਿਆ ਕਿਉਂਕਿ ਇਹ ਦੋਵੇਂ ਹਰ ਵੇਲੇ ਇਸ ਨੂੰ ਇਹ ਹੀ ਕਹਿੰਦੇ ਸਨ ਕਿ ਤੇਰਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ। ਇਹੋ ਚਿੱਟੇ ਚਮੜੇ ਵਾਲੇ ਅੰਗਰੇਜ਼ ਆਪੇ ਹੀ ਚਲੇ ਜਾਣਗੇ। ਜੇ ਅਸੀਂ ਫੜੇ ਗਏ ਤਦ ਨਹੀਂ ਛੁਟਾਂਗੇ। ਸੋ ਇਨ੍ਹਾਂ ਦੇ ਝਾਂਸੇ ਵਿੱਚ ਆ ਕੇ ਮਹਾਰਾਜਾ ਸਾਹਿਬ ਨੇ ਆਪਣਾ ਤੇ ਰਿਆਸਤ ਦਾ ਨੁਕਸਾਨ ਕੀਤਾ। ਮੁਨਸ਼ੀ ਸਾਹਿਬ ਨੇ ਆਪ ਨੂੰ ਬਚਾਇਆ, ਰਿਆਸਤ ਤੇ ਰਈਸਾਂ ਦਾ ਬੁਰਾ ਮੰਗਿਆ। ਸੌ ਵਾਰ ਸ਼ਾਬਾਸ਼ ਸਰਦਾਰ ਗੁਰਬਖ਼ਸ਼ ਸਿੰਘ ਤੇ ਜਿਸ ਨੇ ਮਤਾਬ ਕੌਰ ਦਾ ਖ਼ੂਨ ਆਪਣੇ ਸਿਰ ਲੈ ਕੇ ਰਾਜਾ ਭਗਵਾਨ ਸਿੰਘ ਤੇ ਮੁਨਸ਼ੀ ਸਾਹਿਬ ਦਾ ਨਾਮ ਉੱਕਾ ਨਹੀਂ ਲਿਆ, ਜਿਨ੍ਹਾਂ ਨੇ ਇਸ ਤੋਂ ਇਹ ਕੰਮ ਕਰਾਣ ਲਈ ਮੋਹਰਾਂ ਲਾ ਕੇ ਲਿਖ ਦਿੱਤਾ ਸੀ।

## ੨੧. ਕੌਂਸਲ ਦਾ ਬਣਨਾ

ਰਾਜਾ ਦੇਵਿੰਦਰ ਸਿੰਘ ਨੂੰ ਤਖ਼ਤੋਂ ਅੱਡ ਕਰਨ ਸਮੇਂ ਓਹਨਾਂ ਦੇ ਲੜਕੇ ਭਰਪੂਰ ਸਿੰਘ ਦੀ ਆਯੂ ੭ ਸਾਲ ਦੀ ਸੀ। ਇਸ ਵਾਸਤੇ ਇਹ ਜ਼ਰੂਰੀ ਸੀ ਕਿ ਏਨ੍ਹਾਂ ਦੇ ਬਾਲਗ਼ ਹੋਣ ਦੇ ਸਮੇਂ ਤੱਕ ਕੌਂਸਲ ਆਫ ਰੇਜੰਸੀ ਬਨਾਈ ਜਾਵੇ। ਸੋ ਰਿਆਸਤ ਦੇ ਪੁਰਾਣੇ ਅਹਿਲਕਾਰਾਂ ਵਿੱਚੋਂ ਸਰਦਾਰ ਗੁਰਬਖ਼ਸ਼ ਸਿੰਘ, ਸਰਦਾਰ ਫਤਹ ਸਿੰਘ ਤੇ ਬਹਾਲੀ ਮਲ ਚੁਣ ਕੇ ਕੌਸਲ ਬਨਾਈ ਗਈ, ਜਿਸ ਦੇ ਪ੍ਰਧਾਨ ਸਰਦਾਰ ਗੁਰਬਖ਼ਸ਼ ਸਿੰਘ ਜੀ ਸਨ।

ਰਾਜਾ ਦੇਵਿੰਦਰ ਸਿੰਘ ਨੂੰ ਹੁਕਮ ਹੋਇਆ ਕਿ ਓਹ ਦਿੱਲੀ ਤੇ ਮੇਰਠ ਦੇ ਦੱਖਣੀ ਇਲਾਕੇ ਵਿੱਚ ਜਿੱਥੇ ਚਾਹੁਣ ਜਾ ਕੇ ਸ਼ਾਂਤੀ ਨਾਲ ਰਹਿ ਸਕਦੇ ਹਨ। ੫੦ ਹਜ਼ਾਰ ਰੁਪਏ ਓਹਨਾਂ ਨੂੰ ਪਿਨਸ਼ਨ

ਮਿਲੇਗੀ। ਰਾਜਾ ਦੇਵਿੰਦਰ ਸਿੰਘ ਨੇ ਮਥਰਾ ਜਾ ਕੇ ਰਹਿਣਾ ਪਸੰਦ ਕੀਤਾ। ਇਹ ਸਾਰਾ ਇੰਤਜ਼ਾਮ ਮਿਸਟਰ ਸੈਕਸਨ ਨੇ ਨਾਭੇ ਜਾ ਕੇ ਆਪ ਜਨਵਰੀ ੧੯੪੭ ਵਿੱਚ ਕੀਤਾ। ਰਾਜਾ ਭਰਪੂਰ ਸਿੰਘ ਨੂੰ ਗੱਦੀ ਤੇ ਬਠਾਣ ਦੀ ਰਸਮ ਮਾਮੂਲੀ ਢੰਗ ਤੇ ਅਦਾ ਕੀਤੀ।

## ੨੨. ਕੌਂਸਲ ਦਾ ਕੰਮ

ਕੁਝ ਚਿਰ ਤੱਕ ਕੌਂਸਲ ਦਾ ਕੰਮ ਬੜੀ ਅੱਛੀ ਤਰ੍ਹਾਂ ਚਲਦਾ ਰਿਹਾ, ਕਿੰਤੂ ਪਿੱਛੋਂ ਇੱਕ ਬੜੀ ਗੜਬੜ ਮਚ ਗਈ। ਇਸ ਗੜਬੜ ਮਚਣ ਦਾ ਕਾਰਨ ਮੁਨਸ਼ੀ ਸਾਹਿਬ ਸਿੰਘ ਸੀ। ਇਹ ਰਾਜਾ ਦੇਵਿੰਦਰ ਸਿੰਘ ਦਾ ਮੂੰਹ ਲੱਗਾ ਨੌਕਰ ਸੀ। ਮਿਸਟਰ ਮੈਕਸਲ ਨੇ ਇਸ ਨੂੰ ਇਸ ਦੂਸ਼ਣ ਵਿੱਚ ਰਿਆਸਤ ਤੋਂ ਅੱਡ ਕਰ ਦਿੱਤਾ ਕਿ ਇਸ ਨੇ ਲੜਾਈ ਦੇ ਦਿਨਾਂ ਵਿੱਚ ਰਾਜਾ ਦੇਵਿੰਦਰ ਸਿੰਘ ਨੂੰ ਕੋਈ ਚੰਗੀ ਸਲਾਹ ਨਹੀਂ ਦਿੱਤੀ, ਸਗੋਂ ਪੁੱਠੇ ਰਾਹ ਪਾਇਆ ਹੈ। ਕਿੰਤੂ ਮੁਨਸ਼ੀ ਸਾਹਿਬ ਤੇ ਰਾਣੀ ਚੰਦ ਕੌਰ ਜੋ ਕਿ ਰਾਜਾ ਭਰਪੂਰ ਸਿੰਘ ਦੀ ਪਾਲਣ ਵਾਲੀ ਸੀ, ਮੇਹਰਬਾਨੀ ਕਰਦੀ ਸੀ। ਇਸ ਕਰ ਕੇ ਇਸ ਨੇ ਫਿਰ ਰਿਆਸਤ ਵਿੱਚ ਆਪਣੇ ਪੈਰ ਜਮਾ ਲਏ ਤੇ ਸਰਦਾਰ ਗੁਰਬਖ਼ਸ਼ ਸਿੰਘ ਪ੍ਰੈਜ਼ੀਡੰਟ ਕੌਂਸਲ ਦੀ ਵਿਰੋਧਤਾ ਕਰਨ ਲੱਗਾ।

ਚੀਫ ਕਮਿਸ਼ਨਰ ਪਾਸ ਸ਼ਕਾਇਤਾਂ ਪੁੱਜੀਆਂ ਕਿ ਸਰਦਾਰ ਗੁਰਬਖ਼ਸ਼ ਸਿੰਘ ਅਯੋਗ ਢੰਗ ਨਾਲ ਧਨ ਇਕੱਠਾ ਕਰ ਰਿਹਾ ਹੈ। ੧੯੫੭ ਨੂੰ ਜਦ ਓਹਦੇ ਚਾਲ ਚਲਣ ਦੀ ਖੋਜ ਹੋਈ ਤਦ ਇਹ ਗੱਲ ਸਾਬਤ ਹੋ ਗਈ, ਇਸ ਕਰ ਕੇ ਓਸ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ ਤੇ ਓਹਦੀ ਜਾਗੀਰ ਜ਼ਬਤ ਕਰ ਲਈ ਗਈ ਤੇ ਉਸ ਨੇ ਆਪਣੇ ਸਾਕ ਸੰਬੰਧੀ ਜਿੰਨੇ ਰਿਆਸਤ ਵਿੱਚ ਨੌਕਰ ਕਰ ਲਏ ਸਨ, ਸਾਰਿਆਂ ਨੂੰ ਇੱਕੋ ਵੇਲੇ ਹਟਾ ਦਿੱਤਾ ਗਿਆ।

ਇਸ ਤੋਂ ਪਿੱਛੇ ਮੁਨਸ਼ੀ ਸਾਹਿਬ ਸਿੰਘ ਆਪਣੇ ਆਪ ਬਿਨਾਂ ਗਵਰਨਮੈਂਟ ਤੋਂ ਪੁੱਛੇ ਕੌਂਸਲ ਦਾ ਪ੍ਰੈਜ਼ੀਡੰਟ ਬਣ ਗਿਆ ਤੇ ਰਿਆਸਤ ਦਾ ਕੰਮ ਚਲਾਣਾ ਸ਼ੁਰੂ ਕਰ ਦਿੱਤਾ।

## ੨੩. ਗ਼ਦਰ ਦਾ ਹਾਲ

ਸੰਮਤ ੧੯੧੪ ਬਿੱਕ੍ਰਮੀ ਨੂੰ ਗ਼ਦਰ ਦੇ ਦਿਨਾਂ ਵਿੱਚ ਮਹਾਰਾਜਾ ਭਰੂਪਰ ਸਿੰਘ ਬਾਲਗ਼ ਹੋ ਗਏ ਸਨ। ਓਹਨਾਂ ਇਸ ਸਮੇਂ ਆਪਣੀ ਖਿਦਮਤ ਸਰਕਾਰ ਅੱਗੇ ਬੜੀ ਦਲੇਰੀ ਤੇ ਖੁਲ੍ਹੇ ਦਿਲ ਨਾਲ ਪੇਸ਼ ਕਰ ਦਿੱਤੀ। ਸਰਕਾਰ ਨੂੰ ਰਸਦ, ਸਾਮਾਨ, ਤੇ ਫੌਜ ਪੁਚਾਨ ਵਿੱਚ ਹਰ ਤਰ੍ਹਾਂ ਦੀ ਮਦਦ ਦਿੱਤੀ। ੧੭ ਮਈ ਨੂੰ ਛਾਵਣੀ ਲੁਧਿਆਣਾ, ਇਨ੍ਹਾਂ ਦੇ ਸਪੁਰਦ ਹੋਈ, ਜਿਸ ਨੂੰ ਇਨ੍ਹਾਂ ਛੀ ਮਹੀਨੇ ਓਥੇ ਰਹਿ ਕੇ ਬੜੀ ਬਹਾਦਰੀ, ਜਵਾਂਮਰਦੀ ਮੇਹਨਤ ਨਾਲ ਬਚਾਈ ਰੱਖਿਆ। ਉਸ ਵੇਲੇ ਰਾਜਾ ਸਾਹਿਬ ਦੇ ਪਾਸ ਕੁੱਲ ਦੋ ਤੋਪਖਾਨੇ, ੩੫੦ ਸਵਾਰ ਤੇ ੪੫੦ ਪੈਦਲ ਸਨ। ਜਦ ਘਰ ਦੇ ਖ਼ਾਸ ਕੰਮ ਵਾਸਤੇ ਨਾਭੇ ਜਾਣ ਦੀ ਲੋੜ ਪੈਂਦੀ, ਤਦ ਆਪਣੀ ਥਾਂ ਤੇ ਆਪਣੇ ਛੋਟੇ ਭਰਾ ਰਾਜਾ ਭਗਵਾਨ ਸਿੰਘ ਨੂੰ ਛੱਡ ਜਾਂਦੇ। ਕਿਲ੍ਹੇ ਤੋੜਨ ਵਾਲੀਆਂ ਤੋਪਾਂ ਜਿਨ੍ਹਾਂ ਨੂੰ ਫਲੌਰ ਤੇ ਦਿੱਲੀ ਜਾਣ ਦਾ ਹੁਕਮ ਹੋਇਆ ਸੀ, ਤਿੰਨ ਸੌ ਸਪਾਹੀ ਰਾਜਾ ਭਰਪੂਰ ਸਿੰਘ ਨੇ ਭੇਜੇ।

ਜੇਠ ਦੇ ਮਹੀਨੇ ਜਦ ਬਾਗ਼ੀ ਜਾਲੰਧਰ ਤੋਂ ਫਲੌਰ ਪੁੱਜੇ ਤਦ ਡਿਪਟੀ ਕਮਿਸ਼ਨਰ ਕਟੀਸ ਸਾਹਿਬ ਨੇ ਨਾਭੇ ਦੀ ਫੌਜ ਦੇ ੧੫੦ ਜਵਾਨਾਂ ਦੀ ਮਦਦ ਨਾਲ ਦਰਿਆ ਸਤਲੁਜ ਦਾ ਪੁਲ ਤੋੜ ਦਿੱਤਾ ਤੇ ਬਾਗ਼ੀਆਂ ਨੂੰ ਜਾ ਰੋਕਿਆ। ਇਸ ਮੌਕੇ ਤੇ ਨਾਭੇ ਦੀ ਫੌਜ ਨੇ ਬਹੁਤ ਚੰਗਾ ਕੰਮ ਕੀਤਾ, ਜਿਸ ਵਿੱਚ ਸਰਦਾਰ ਲਾਲ ਸਿੰਘ ਜੋਧਪੁਰ ਵਾਲਾ ਤੇ ਮੁਸਦਾ ਸਿੰਘ ਸੂਬੇਦਾਰ ਜ਼ਖ਼ਮੀ ਹੋਏ ਤੇ ਕਈ ਸਿਪਾਹੀ ਮਾਰੇ ਗਏ। ਇੱਕ ਤੋਪ ਨਾਭੇ ਦੀ ਬਾਗ਼ੀ ਧੋਖੇ ਨਾਲ ਲੈ ਗਏ, ਕਿੰਤੂ ਸ਼ਹਿਰ ਨੂੰ ਲੁੱਟਣ ਤੋਂ ਬਚਾ ਲਿਆ।

ਸਰਦਾਰ ਨਿਹਾਲ ਸਿੰਘ ਕਟੋ ਵਾਲਾ ਤੇ ਸਾਹਿਬ ਸਿੰਘ ਮੁਨਸ਼ੀ ਦਾ ਛੀ ਮਹੀਨੇ ਤੱਕਣ ਪ੍ਰਬੰਧ ਰਿਹਾ। ਕਰਨਾਲ ਵਿੱਚ ਬਖ਼ਸ਼ੀ ਦੀਦਾਰ ਸਿੰਘ ਤੇ ਮੀਆਂ ਨੂਰ ਖਾਂ ਨੇ ਸਤ ਸੌ ਸਪਾਹੀ ਦੇ ਨਾਲ ਪ੍ਰਬੰਧ ਕੀਤਾ। ਰਾਜਾ ਭਰਪੂਰ ਸਿੰਘ ਦੀ ਇੱਛਾ ਇਹ ਸੀ ਕਿ ਮਹਾਰਾਜਾ ਪਟਿਆਲਾ ਤੇ ਜੀਂਦ ਵਾਂਗ ਇਨ੍ਹਾਂ ਨੂੰ ਵੀ ਦਿੱਲੀ ਦੀ ਲੜਾਈ ਵਿੱਚ ਭੇਜਿਆ ਜਾਵੇ, ਕਿੰਤੂ ਗਵਰਨਮੈਂਟ ਨੇ ਇਨ੍ਹਾਂ ਦੀ ਛੋਟੀ

ਉਮਰ ਦਾ ਖ਼ਿਆਲ ਕਰ ਕੇ ਅਜੇਹੇ ਵੱਡੇ ਕੰਮ ਤੇ ਇਸ ਦਾ ਭੇਜਣਾ ਚੰਗਾ ਨਾ ਸਮਝਿਆ। ਕਿੰਤੂ ਤਦ ਵੀ ਨਾਭੇ ਦੇ ਤਿੰਨ ਸੌ ਸਵਾਰਾਂ ਨੇ ਸਰਦਾਰ ਦੀਦਾਰ ਸਿੰਘ ਦੀ ਜੱਥੇਦਾਰੀ ਵਿੱਚ ਦਿੱਲੀ ਦੇ ਘੇਰੇ ਵਿੱਚ ਬੜੀ ਬਹਾਦਰੀ ਤੇ ਜਾਨ ਹੂਲ ਕੇ ਕੰਮ ਕੀਤਾ। ਇਸ ਤੋਂ ਛੁਟ ਜਿੰਨੇ ਬਾਗ਼ੀ ਰਾਜਾ ਨਾਭਾ ਦੀ ਹੱਦ ਵਿੱਚੋਂ ਲੰਘੇ, ਸਭ ਨੂੰ ਰਾਜਾ ਭਰਪੂਰ ਸਿੰਘ ਨੇ ਕੈਦ ਕਰ ਲਿਆ ਤੇ ਢਾਈ ਲੱਖ ਰੁਪਿਆ ਇਸ ਕਰੜੇ ਸਮੇਂ ਸਰਕਾਰ ਨੂੰ ਕਰਜ਼ਾ ਦਿੱਤਾ।

ਇਸ ਖਿਦਮਤ ਦੇ ਬਦਲੇ ਸਰਕਾਰ ਅੰਗਰੇਜ਼ੀ ਨੇ ਨਾਭਾ ਸਟੇਟ ਦੇ ਜ਼ਬਤ ਹੋਏ ਇਲਾਕੇ ਝਜਰ ਦੇ ਵਿੱਚੋਂ ਬਾਵਲ ਤੇ ਕਾਟੀ ਦੇ ਦੋ ਜ਼ਿਲ੍ਹੇ ਜਿਨ੍ਹਾਂ ਦੀ ਸਲਾਨਾ ਆਮਦਨੀ ਇੱਕ ਲੱਖ ਛੀ ਹਜ਼ਾਰ ਰੁਪਿਆ ਹੈ, ਇਸ ਸ਼ਰਤ ਤੇ ਦਿੱਤੇ ਕਿ ਅੱਗੋਂ ਨੂੰ ਸਦਾ ਵਾਸਤੇ ਸਰਕਾਰ ਦੇ ਇਸੇ ਤਰ੍ਹਾਂ ਵਫ਼ਾਦਾਰ ਰਹਿਣਾ ਹੋਵੇਗਾ ਤੇ ਜਦ ਕਦੀ ਫਸਾਦ ਜਾਂ ਬਗਾਵਤ ਦੇ ਵੇਲੇ ਸਹਾਇਤਾ ਦੀ ਲੋੜ ਪਏ, ਨਾਭੇ ਦਾ ਰਈਸ ਦਿਲ ਜਾਨ ਤੋਂ ਮਦਦ ਦੇਵੇਗਾ। ਖਿਲਅਤ ੭ ਦੀ ਜਗ੍ਹਾ ੧੫ ਕੱਪੜਿਆਂ ਦੀ ਕੀਤੀ ਗਈ। ੧੧ ਤੋਪਾਂ ਦੀ ਸਲਾਮੀ ਮਨਜ਼ੂਰ ਹੋਈ। ਗਵਰਨਰ ਜਨਰਲ ਨੂੰ ਮਿਲ ਚੁੱਕਣ ਤੇ ਫਾਰਨ ਸੈਕਟਰੀ ਸਾਹਿਬ ਦੇ ਜੁਮੇਂ ਰਾਜਾ ਸਾਹਿਬ ਨੂੰ ਫਿਰ ਮਿਲਣ ਦਾ ਇਕਰਾਰ ਹੋਇਆ। ਇਸ ਤੋਂ ਛੁਟ ਇੱਜ਼ਤ ਦੇ ਖ਼ਿਤਾਬ ਵਿੱਚ ਵੀ ਵਾਧਾ ਹੋਇਆ ਅਰਥਾਤ 'ਫਰਜ਼ੰਦੇ ਅਰਜਮੰਦ ਅਕੀਦਤ ਪੈਵੰਦ ਦੌਲਤ ਇੰਗਲਿਸ਼ੀਆ ਬੈਰਾੜ ਬੰਸ ਸਰਮੌਰ ਮਾਲਵੇਂਦਰ ਬਹਾਦਰ ਰਾਜਾ ਭਰਪੂਰ ਸਿੰਘ ਸਾਹਿਬ।' ਤੇ ਇਸ ਤੋਂ ਪਿੱਛੋਂ ਜਦ ਇਨ੍ਹਾਂ ਨੂੰ ਅਖਤਿਆਰ ਮਿਲ ਗਏ ਤੇ ਯੋਗ ਸਮਝਿਆ ਗਿਆ, ਤਦ ਸਤੰਬਰ ੧੮੨੩ ਤੱਕ ਕਾਨੂੰਨ ਘੜਨ ਵਾਲੀ ਕੌਂਸਲ ਬਣਾਈ ਗਈ। ਓਸ ਵੇਲੇ 'ਸਟਾਰ ਆਫ ਇੰਡੀਆ' ਦਾ ਖ਼ਿਤਾਬ ਇਹਨਾਂ ਦੇ ਨਾਮ ਨਾਲ ਵਧਾਇਆ ਗਿਆ।

ਇਨ੍ਹਾਂ ਇਨਾਮਾਂ ਤੇ ਖਿਤਾਬਾਂ ਤੋਂ ਛੁਟ ਰਾਜਾ ਸਾਹਿਬ ਨਾਭਾ ਨੂੰ ਫਾਂਸੀ ਦੇਣ ਤੇ ਮੁਤਬੰਨਾ ਬਨਾਣ ਦੇ ਅਖਤਿਆਰ ਵੀ ਦਿੱਤੇ ਗਏ; ਜਿਨ੍ਹਾਂ ਦੀ ਬਾਬਤ ਇਸ ਨੇ ਪਟਿਆਲਾ ਤੇ ਜੀਂਦ ਦੇ ਮਹਾਰਾਜਾ ਨਾਲ ੧੮੫੮ ਵਿੱਚ ਦਰਖ਼ਾਸਤ ਕੀਤੀ ਸੀ, ਮਿਲਿਆ ਤੇ ਇਹ ਇਕਰਾਰ ਹੋਇਆ ਕਿ ਗਵਰਨਮੈਂਟ ਓਹਨਾਂ ਦੇ ਘਰੋਗੀ ਮਾਮਲਿਆਂ ਵਿੱਚ ਦਖ਼ਲ ਨਾ ਦੇਵੇਗੀ ਤੇ ਨਾ ਹੀ ਅੰਦਰ ਦੇ ਪ੍ਰਬੰਧ ਵਿੱਚ ਹੱਥ ਪਾਏਗੀ ਤੇ ਇਨ੍ਹਾਂ ਸਾਰੀਆਂ ਗੱਲਾਂ ਦੇ ਯਕੀਨ ਦਲਾਣ ਵਾਸਤੇ ਪਟਿਆਲਾ ਤੇ ਜੀਂਦ ਦੇ ਰਈਸਾਂ ਦੀ ਤਰ੍ਹਾਂ ਰਾਜਾ ਭਰਪੂਰ ਸਿੰਘ ਨੂੰ ਵੀ ਵੱਖਰੀ ਸਨਦ ਦਿੱਤੀ।

## ੨੪. ਸਾਰ ਉਸ ਸਨਦ ਦਾ ਜੋ ਰਾਜਾ ਸਾਹਿਬ ਨਾਭਾ ਨੂੰ ਮਿਲੀ

ਸ਼ਿਮਲਾ ੫ ਮਈ ੧੮੬੦

ਜਦ ਤੋਂ ਹਿੰਦੁਸਤਾਨ ਵਿੱਚ ਅੰਗ੍ਰੇਜ਼ੀ ਸਲਤਨਤ ਕਾਇਮ ਹੋਈ ਹੈ, ਰਾਜਾ ਸਾਹਿਬ ਨਾਭਾ ਤੇ ਉਹਨਾਂ ਦੇ ਵਡਕੇ ਰਾਜਾ ਜਸਵੰਤ ਸਿੰਘ ਗਵਰਨਮੈਂਟ ਅੰਗ੍ਰੇਜ਼ੀ ਦੇ ਸ਼ੁਭਚਿੰਤਕ ਹੋਣ ਦੇ ਬਹੁਤ ਸਾਰੇ ਸਬੂਤ ਦਿੱਤੇ ਹਨ। ਹੁਣ ਥੋੜ੍ਹਾ ਹੀ ਸਮਾਂ ਗੁਜ਼ਰਿਆ ਹੈ ਕਿ ਵਰਤਮਾਨ ਰਾਜਾ ਸਾਹਿਬ ਨਾਭਾ ੧੮੫੭-੫੮ ਦੇ ਫਸਾਦ ਸਮੇਂ ਜੋ ਦਲੇਰੀ ਤੇ ਦ੍ਰਿੜ੍ਹਤਾ ਨਾਲ ਸਹਾਇਤਾ ਕੀਤੀ ਹੈ, ਉਸ ਦੇ ਕਾਰਨ ਉਹ ਪਿਛਲੀ ਸਹਾਇਤਾ ਨਾਲੋਂ ਵੀ ਵਧ ਗਏ ਹਨ। ਇਸ ਖ਼ਾਸ ਤੇ ਹੱਛੀ ਵਫ਼ਾਦਾਰੀ ਦੇ ਬਦਲੇ ਵਿੱਚ ਗਵਰਨਰ ਜਨਰਲ ਬਹਾਦਰ ਹਿੰਦ ਨੇ ਹੋਰ ਇਲਾਕਾ ਤੇ ਇੱਜ਼ਤ ਹਮੇਸ਼ਾ ਵਾਸਤੇ ਇਨ੍ਹਾਂ ਦੇ ਵਾਰਸਾਂ ਨੂੰ ਦਿੱਤੇ ਹਨ ਤੇ ਰਾਜਾ ਸਾਹਿਬ ਦੀ ਸਨਦ ਦੇਣ ਦੀ ਮੰਗ ਨੂੰ ਮਨਜ਼ੂਰ ਕੀਤਾ ਹੈ, ਜਿਸ ਵਿੱਚ ਓਹਨਾਂ ਦੇ ਜੱਦੀ ਇਲਾਕੇ ਬਾਬਤ ਜੋ ਗਵਰਨਮੈਂਟ ਵੱਲੋਂ ਮਿਲੇ ਹਨ, ਰਾਜਾ ਸਾਹਿਬ ਦੇ ਖਾਲਸ ਤੇ ਬਿਨਾਂ ਕਿਸੇ ਸ਼ਰਤ ਦੇ ਕਬਜ਼ੇ ਨੂੰ ਪ੍ਰਵਾਨ ਕਰ ਲਿਆ ਹੈ।

੧. ਰਾਜਾ ਸਾਹਿਬ ਤੇ ਇਨ੍ਹਾਂ ਦੇ ਵਾਰਸਾਂ ਨੂੰ ਆਪਣੇ ਜੱਦੀ ਤੇ ਇਸ ਮਿਲੇ ਇਲਾਕੇ ਵਿੱਚ ਜੋ ਨਾਲ ਦੀ ਫਹਰਿਸਤ ਵਿੱਚ ਦਰਜ ਹਨ, ਪੂਰੇ ਅਖਤਿਆਰ ਪ੍ਰਾਪਤ ਹੋਣਗੇ। ਜੇਹੜੇ ਅਖਤਿਆਰ ਜੱਦੀ ਇਲਾਕੇ ਵਿੱਚ ਪ੍ਰਾਪਤ ਹਨ, ਓਹ ਹੀ ਮਿਲੇ ਹੋਏ ਇਲਾਕੇ ਵਿੱਚ ਵੀ ਪ੍ਰਾਪਤ ਹੋਣਗੇ। ਰਿਆਸਤ ਦੇ ਅੰਦਰ ਦੇ ਹਰ ਤਰ੍ਹਾਂ ਦੇ ਜ਼ੈਲਦਾਰਾਂ ਤੇ ਤਾਬਿਆਦਾਰਾਂ ਵਾਸਤੇ ਰਾਜਾ ਸਾਹਿਬ ਦੀ ਆਗਿਆ ਦਾ ਪਾਲਣ ਕਰਨਾ ਜ਼ਰੂਰੀ ਹੋਵੇਗਾ।

੨. ਤੀਜੀ ਸ਼ਰਤ ਵਾਲੀ ਗੱਲ ਤੇ ਬਿਨਾਂ ਹੋਰ ਕਿਸੇ ਤਰ੍ਹਾਂ ਖਰਾਜ ਜਾਂ ਮਸੂਲ ਆਦਿਕ ਰਾਜਾ ਸਾਹਿਬ ਦੀ ਪਰਜਾ ਤੇ ਜ਼ੈਲਦਾਰਾਂ ਆਦਿਕ ਤੋਂ ਸਰਕਾਰ ਨਹੀਂ ਲਏਗੀ।

੩. ਗਵਰਨਮੈਂਟ ਨੂੰ ਨਾਭਾ ਰਿਆਸਤ ਦਾ ਹੋਣਾ ਮਨਜ਼ੂਰ ਹੈ। ਇਸ ਵਾਸਤੇ ਇੱਥੋਂ ਦੇ ਰਾਜੇ ਨੂੰ ਅਖ਼ਤਜਾਰ ਹੋਇਆ ਕਰੇਗਾ ਕਿ ਜੇ ਓਹਨਾਂ ਦੇ ਆਪਣਾ ਕੋਈ ਲੜਕਾ ਨਾ ਹੋਵੇ ਤਦ ਓਹ ਆਪਣਾ ਮੁਤਬੰਨਾ ਬਣਾ ਲੈਣ ਤੇ ਜਦ ਕੋਈ ਰਾਜਾ ਆਪਣਾ ਲੜਕਾ ਜਾਂ ਮੁਤਬੰਨਾਂ ਬਣਾਏ ਤੋਂ ਬਿਨਾਂ ਮਰ ਜਾਏ, ਤਦ ਮਹਾਰਾਜਾ ਪਟਿਆਲਾ ਤੇ ਜੀਂਦ ਨੂੰ ਇਸ ਗੱਲ ਦਾ ਹੱਕ ਹੋਵੇਗਾ ਕਿ ਪੋਲੀਟੀਕਲ ਏਜੰਟ ਜਾਂ ਕਮਿਸ਼ਨਰ ਗਵਰਨਮੈਂਟ ਅੰਗ੍ਰੇਜ਼ੀ ਦੀ ਸਲਾਹ ਨਾਲ ਫੂਲ ਖਾਨਦਾਨ ਵਿੱਚੋਂ ਇਸੇ ਆਦਮੀ ਨੂੰ ਗੱਦੀ ਤੇ ਬੈਠਣ ਵਾਸਤੇ ਚੁਣ ਲੈਣ, ਕਿੰਤੂ ਇਸ ਹਾਲਤ ਵਿੱਚ ਰਿਆਸਤ ਨਾਭਾ ਦੀ ਇੱਕ ਸਾਲ ਦੀ ਆਮਦਨ ਦਾ ਤੀਜਾ ਹਿੱਸਾ ਨਜ਼ਰਾਨੇ ਵਜੋਂ ਦੇਣਾ ਹੋਵੇਗਾ।

੪. ੧੮੪੭ ਵਿੱਚ ਰਾਜਾ ਸਾਹਿਬ ਨੂੰ ਕਮਿਸ਼ਨਰ ਦੀ ਮਨਜ਼ੂਰੀ ਨਾਲ ਫਾਂਸੀ ਦਾ ਦੰਡ ਦੇਣ ਦੇ ਅਖਤਿਆਰ ਮਿਲੇ ਸੀ, ਕਿੰਤੂ ਹੁਣ ਕਮਿਸ਼ਨਰ ਦੀ ਮਨਜ਼ੂਰੀ ਦੀ ਲੋੜ ਨਹੀਂ। ਇਨ੍ਹਾਂ ਨੂੰ ਆਪਣੀ ਪ੍ਰਜਾ ਤੇ ਜੀਉਣ ਤੇ ਮਾਰਨ ਦੇ ਅਖ਼ਤਿਆਰ ਹੋਣਗੇ। ਰਾਜਾ ਸਾਹਿਬ ਇਕਰਾਰ ਕਰਦੇ ਹਨ ਕਿ ਓਹ ਆਪਣੇ ਇਲਾਕੇ ਵਿੱਚ ਰਸਮ ਸਤੀ, ਗ਼ੁਲਾਮੀ ਤੇ ਲੜਕੀਆਂ ਮਾਰਨ ਦੀ ਸਖ਼ਤ ਵਿਰੋਧਤਾ ਕਰਨਗੇ ਤੇ ਦੋਸ਼ੀਆਂ ਨੂੰ ਕਰੜਾ ਦੰਡ ਦੇਣਗੇ। ਜੇਹੜੇ ਸਰਕਾਰੀ ਮੁਜਰਮ ਨਾਭੇ ਦੇ ਇਲਾਕੇ ਵਿੱਚ ਫੜੇ ਜਾਣ, ਓਹਨਾਂ ਦੇ ਨਾਲ ਮਹਾਰਾਜਾ ਸਾਹਿਬ ਨੂੰ ਓਹ ਸਲੂਕ ਕਰਨਾ ਪਏਗਾ ਜੋ ਆਨਰੇਬਲ ਕੋਰਟ ਔਫ ਡਾਇਰੈਕਟਰ ਗੂਰਨਮੈਂਟ ਮਦਰਾਸ ਨੰਬਰ ੩ ਤਰੀਕ ੧ ਜੂਨ ੧੮੩੬ ਵਾਲੀ ਚਿੱਠੀ ਵਿੱਚ ਦਰਜ ਹੈ।

੫. ਰਾਜਾ ਸਾਹਿਬ ਨਾਭਾ ਗ੍ਰੇਟ ਬਿਰਟਨ ਦੀ ਖੈਰ ਖਾਹੀ ਤੇ ਵਫ਼ਾਦਾਰੀ ਵਿੱਚ ਕਿਸੇ ਤਰ੍ਹਾਂ ਦਾ ਫ਼ਰਕ ਨਹੀਂ ਪਾਣਗੇ।

੬. ਜੇ ਕਦੀ ਅਚਣਚੇਤ ਅੰਗ੍ਰੇਜ਼ਾਂ ਦੇ ਵਿਰੁੱਧ ਕੋਈ ਫੌਜ ਇਸ ਇਲਾਕੇ ਵਿੱਚ ਆ ਜਾਏ ਤਦ ਰਾਜਾ ਸਾਹਿਬ ਅੰਗ੍ਰੇਜ਼ਾਂ ਨਾਲ ਮਿਲ ਕੇ ਓਹਦਾ ਟਾਕਰਾ ਕਰਨਗੇ ਤੇ ਰਸਦ ਤੇ ਸਾਮਾਨ ਜੋ ਹੋਰ ਮੰਗਿਆ ਜਾਏਗਾ, ਓਹਦੇ ਦੇਣ ਵਿੱਚ ਫ਼ਰਕ ਨਹੀਂ ਰੱਖਣਗੇ।

੭. ਅੰਗ੍ਰੇਜ਼ੀ ਗੂਰਨਮੈਂਟ ਰਾਜਾ ਸਾਹਿਬ ਦੀ ਕਿਸੇ ਰਿਆਇਆ ਭਾਵੇਂ ਓਹ ਮਾਫ਼ੀਦਾਰ, ਜਾਗੀਰਦਾਰ, ਨੇੜੇ ਦੇ ਸੰਬੰਧੀ, ਨੌਕਰ ਜਾਂ ਹੋਰ ਹੋਣ; ਸ਼ਕਾਇਤ ਨਹੀਂ ਸੁਣੇਗੀ।

੮. ਗਵਰਨਮੈਂਟ ਰਾਜਾ ਸਾਹਿਬ ਦੇ ਘਰ ਦੀ ਤੇ ਖਾਨਦਾਨੀ ਇੰਤਜ਼ਾਮ ਦੀ ਇੱਜ਼ਤ ਕਰਨਗੇ ਤੇ ਓਹਦੇ ਵਿੱਚ ਦਖ਼ਲ ਨਹੀਂ ਦੇਵੇਗੀ।

੯. ਰੇਲ ਦੀਆਂ ਸੜਕਾਂ ਸਟੇਸ਼ਨਾਂ, ਫ਼ੁੱਲ ਦੇ ਘਰ ਤੇ ਆਮ ਰਸਤਿਆਂ ਦੇ ਵਾਸਤੇ ਜਿਨ੍ਹਾਂ ਚੀਜ਼ਾਂ ਦੀ ਲੋੜ ਹੋਵੇਗੀ, ਰਾਜਾ ਸਾਹਿਬ ਬਾਜ਼ਾਰ ਦੇ ਨਿਰਖ ਤੇ ਆਪਣੇ ਨੌਕਰਾਂ ਦੀ ਰਾਹੀਂ ਲੈ ਦੇਣਗੇ ਤੇ ਜੋ ਜ਼ਮੀਨ ਰੇਲ ਦੀਆਂ ਸੜਕਾਂ ਤੇ ਆਮ ਲੋਕਾਂ ਦੇ ਰਾਹ ਬਨਾਣ ਲਈ ਲੋੜ ਹੋਵੇਗੀ, ਬਿਨਾਂ ਕਿਸੇ ਮੁੱਲ ਦੇ ਦੇਣਗੇ।

੧੦, ਰਾਜਾ ਸਾਹਿਬ ਸਦਾ ਹੀ ਅੰਗ੍ਰੇਜ਼ਾਂ ਦੇ ਸ਼ੁਭਚਿੰਤਕ ਤੇ ਵਫ਼ਾਦਾਰ ਰਹਿਣਗੇ ਤੇ ਸਰਕਾਰ ਵੀ ਹਮੇਸ਼ਾਂ ਰਾਜਾ ਸਾਹਿਬ ਤੇ ਇਨ੍ਹਾਂ ਦੇ ਖਾਨਦਾਨ ਦੀ ਇੱਜ਼ਤ ਤੇ ਦਬਦਬਾ ਕਾਇਮ ਰਖਣ ਦਾ ਯਤਨ ਕਰੇਗੀ।

ਰਾਜਾ ਸਾਹਿਬ ਦੇ ਜੱਦੀ ਇਲਾਕੇ ਦੀ ਫਹਰਿਸਤ: ਪ੍ਰਗਨਾ ਨਾਭਾ ਖ਼ਾਸ, ਪ੍ਰਗਨਾ ਅਮਲੋਹ, ਪ੍ਰਗਨਾ ਭਾਵਸੋ, ਪ੍ਰਗਨਾ ਕਪੂਰਗੜ੍ਹ, ਪ੍ਰਗਨਾ ਧਨੋਲਾ, ਪ੍ਰਗਨਾ ਫੂਲ ਸਮੇਤ ਦਿਆਲਪੁਰ ਦੇ, ਪ੍ਰਗਨਾ ਜੈਤੋ, ਪ੍ਰਗਨਾ ਲੋਹਟਬਦੀ, ਪਤੀ ਭਾਈ ਰੂਪਾ ਹਕੂਮਤ ਤੇ ਅਖਤਿਆਰ ਤੇ ਉਸ ਅਖਤਿਆਰ ਦੇ ਜੋ ਓਥੋਂ ਦੇ ਸਾਰੇ ਮਾਫ਼ੀਦਾਰਾਂ ਤੇ ਪ੍ਰਾਪਤ ਹਨ।

ਜੋ ਇਲਾਕੇ ਹੁਣ ਮਿਲੇ ਓਹਦੀ ਸੂਚੀ: ਪ੍ਰਗਨਾ ਕਾਂਟੀ, ਪ੍ਰਗਨਾ ਸੈਕ੍ਰੇਟਰੀ ਗਵਰਨਮੈਂਟ ਹਿੰਦ ਦੀ ਚਿੱਠੀ ੨ ਜੂਨ ੧੮੫੮ ਨੰ: ੧੫੪੯ ਅਖਰ ੳ ਅਨੁਸਾਰ ਜ਼ੈਲਦਾਰ ਖਰਾਜ ਦੇਣ ਵਾਲੇ ਸੋਂਟੀ ਦੇ ਸਿੱਖ ਰਾਮਦਾਸੀਏ ਸਿੱਖ ਬੋਗਰਾਂ ਵਲਾਲੋਦ ਘਰੀਏ ਗੁਮਟੀ ਵਾਲੇ।

ਲਾਰਡ ਕੈਨਿੰਗ ਸਾਹਿਬ ਬਹਾਦਰ ਨੇ ੧੮ ਜੂਨ ੧੮੬੦ ਦੇ ਦਰਬਾਰ ਵਿੱਚ ਜੋ ਅੰਬਾਲੇ ਹੋਇਆ ਸੀ, ਰਾਜਾ ਭਰਪੂਰ ਸਿੰਘ ਸਾਹਿਬ ਨੂੰ ਸੰਬੋਧਨ ਕਰ ਕੇ ਕਿਹਾ ਕਿ:

ਰਾਜਾ ਸਾਹਿਬ ਨਾਭਾ! ਤੁਸਾਂ ਵੀ ਆਪਣੇ ਬਜ਼ੁਰਗਾਂ ਦੀ ਤਰ੍ਹਾਂ ਗਵਰਨਮੈਂਟ ਅੰਗਰੇਜ਼ੀ ਦੀ ਮਦਦ ਵਿੱਚ ਦਿਲੀ ਜੋਸ਼ ਤੇ ਸਰਗਰਮੀ ਵਿਖਾਈ ਹੈ। ਜੋ ਮਦਦ ਤੁਸਾਂ ਮਲਕਾਂ ਮੁਅਜ਼ਮਾਂ ਦੀ ਫੌਜ ਨੂੰ ਉਹਦੇ ਭਾਰੀ ਤੋਪਖਾਨੇ ਦੇ ਸਤਲੁਜ ਤੋਂ ਦਿੱਲੀ ਤੱਕ ਦਿੱਤੀ ਸੀ, ਉਹ ਇੱਕ ਭਾਰੀ ਤੇ ਕਦਰ ਯੋਗ ਮਦਦ ਸੀ। ਆਪ ਦੀ ਖੈਰ ਖਾਹੀ ਤੇ ਸਰਗਰਮੀ ਦਾ ਬਦਲਾ ਆਪ ਦੇ ਦਰਜੇ ਦੇ ਦੂਜੇ ਰਈਸਾਂ ਦੀ ਤਰ੍ਹਾਂ ਇੱਜ਼ਤ ਤੇ ਬਖ਼ਸ਼ਸ਼ਾਂ ਨਾਲ ਦਿੱਤਾ ਗਿਆ ਹੈ, ਜਿਸ ਤੋਂ ਆਪ ਨੂੰ ਪਤਾ ਲੱਗ ਜਾਏਗਾ ਕਿ ਗਵਰਨਮੈਂਟ ਦੇ ਨਜ਼ਦੀਕ ਆਪ ਦੇ ਕੰਮਾਂ ਦੀ ਕਿੰਨੀ ਕਦਰ ਹੈ? ਤੁਹਾਡੇ ਇਲਾਕੇ ਵਿੱਚ ਵਾਧਾ ਕੀਤਾ ਗਿਆ ਹੈ। ਇਹ ਬਖ਼ਸ਼ਸ਼ ਆਪ ਤੇ ਆਪ ਦੀ ਸੰਤਾਨ ਪਾਸ ਸਦਾ ਕਾਇਮ ਰਹੇਗੀ ਤੇ ਕਿਸੇ ਸੰਤਾਨ ਦੇ ਨਾ ਹੋਣ ਦੀ ਸੂਰਤ ਤੁਹਾਡਾ ਫੂਲ ਦੇ ਖਾਨਦਾਨ ਵਿੱਚੋਂ ਕਿਸੇ ਆਦਮੀ ਨੂੰ ਮੁਤਬੰਨਾ ਕਰਨਾ ਪ੍ਰਵਾਨ ਕੀਤਾ ਜਾਏਗਾ। ਮਲਕਾਂ ਮੁਅੱਜ਼ਮਾਂ ਦੀ ਗਵਰਨਮੈਂਟ ਦੀ ਇੱਛਾ ਹੈ ਕਿ ਆਪ ਦੇ ਸ਼ੁਭਚਿੰਤਕ ਖਾਨਦਾਨਾਂ ਦੀ ਇੱਜ਼ਤ ਦੇ ਦਰਜਾ ਕਾਇਮ ਤੇ ਉੱਨਤ ਹੋਂਦਾ ਰਹੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜਾ ਭਰਪੂਰ ਸਿੰਘ ਨੂੰ ਜੋ ਇੱਜ਼ਤ ਤੇ ਇਲਾਕਾ ਮਿਲਿਆ ਉਹ ਹਰ ਤਰ੍ਹਾਂ ਉਸ ਦੇ ਹੱਕਦਾਰ ਸਨ ਤੇ ਜੋ ਕੁਝ ਇਨ੍ਹਾਂ ਗਵਰਨਮੈਂਟ ਦੀ ਸਹਾਇਤਾ ਕੀਤੀ, ਉਹ ਸੱਚੇ ਦਿਲੋਂ ਸੀ। ਸੋ ਓਹਨਾਂ ਨੇ ਇਸ ਤਰ੍ਹਾਂ ਇਲਾਕਾ ਤੇ ਇੱਜ਼ਤ ਮਿਲਣ ਦੇ ਕਾਰਨ ਮੁਲਕਾਂ ਮੁਅੱਜ਼ਮਾਂ ਦਾ ਹੇਠ ਦਿੱਤੇ ਪੱਤਰ ਦੇ ਭਾਵ ਦੇ ਖ਼ਾਸ ਸ਼ਬਦਾਂ ਦਵਾਰਾ ਧੰਨਵਾਦ ਕੀਤਾ:

'ਅਜੇਹੇ ਖ਼ੁਸ਼ੀ ਦੇ ਸਮੇਂ ਜਦ ਕਿ ਲੋਕਾਂ ਦੇ ਦਿਲ ਵਾਹਿਗੁਰੂ ਦੇ ਬਖ਼ਸ਼ਸ਼ ਨਾਲ ਪ੍ਰਫੁਲਤ ਹੋ ਰਹੇ ਸਨ, ਆਪ ਦਾ ਇੱਕ ਹੁਕਮਨਾਮਾ ਪੁੱਜਾ, ਜਿਸ ਤੋਂ ਮੈਨੂੰ ਬੜੀ ਇੱਜ਼ਤ ਪ੍ਰਾਪਤ ਹੋਈ। ਉਹਨਾਂ ਕ੍ਰਿਪਾ ਦੇ ਮੋਤੀਆਂ ਤੋਂ ਜੋ ਇਸ ਦੇ ਹਰ ਫਿਕਰੇ ਵਿੱਚੋਂ ਜੁੜੇ ਹੋਏ ਸਨ, ਮੇਰੇ ਦਿਲ ਨੂੰ ਬੇਹੱਦ ਖ਼ੁਸ਼ੀ ਹੋਈ। ਖ਼ਾਸ ਕਰ ਉਹਨਾਂ ਇਕਰਾਰਾਂ ਤੋਂ ਜੋ ਹਿੰਦੁਸਤਾਨ ਦੇ ਬਾਵਲ, ਰਈਸਾਂ ਤੇ ਮੁਲਕ ਦੇ ਵਾਲੀਆਂ ਨਾਲ ਕੀਤੇ ਗਏ ਹਨ ਕਿ ਹਜ਼ੂਰ ਓਹਨਾਂ ਦੀ ਹਕੂਮਤ ਨੂੰ ਪੱਕਾ ਤੇ ਰਖਿਅਤ ਕਰਨਗੇ, ਤੇ ਇਸ ਮੁਲਕ ਦੀ ਪਰਜਾ ਦੇ ਹੱਕ ਤੇ ਓਹਨਾਂ ਦੇ ਰਸਮੋ ਰਿਵਾਜ ਦਾ ਖ਼ਾਸ ਖ਼ਿਆਲ ਰੱਖਣਗੇ ਤੇ ਓਹ ਸਾਰੇ ਇਕਰਾਰ ਜੋ ਈਸਟ ਇੰਡੀਅਨ ਕੰਪਨੀ ਨੇ ਕੀਤੇ ਹਨ, ਕਾਇਮ ਰੱਖੋਗੇ। ਮੈਂ ਤੇ ਮੇਰੇ ਖਾਨਦਾਨ ਦੇ ਵੱਡੇ ਇੱਕ ਅਜੇਹੀ ਗਵਰਨਮੈਂਟ ਦੀ ਖੈਰਖਾਹੀ ਤੇ ਹੁਕਮ ਮੰਨਣ ਵਿੱਚ ਜਿਸ ਦੀ ਨੇਕ ਨਾਮ ਦੀ ਧੁੰਮ ਅਸਮਾਨ ਤੱਕ ਪੁੱਜੀ ਹੋਈ ਹੈ, ਹਮੇਸ਼ਾਂ ਦ੍ਰਿੜ੍ਹਤਾ ਨਾਲ ਰਹੇ ਹਨ। ਇਸ ਖ਼ੁਸ਼ੀ ਦੇ ਵਿੱਚ ਜੋ ਤੁਸਾਂ ਦੀ ਕਿਰਪਾ ਤੋਂ ਹੋਈ ਹੈ ਮੈਂ ਇੱਕ ਖ਼ਾਸ ਦਰਬਾਰ ਕਰ ਕੇ ਆਪਣੇ ਸਾਰੇ ਅਹਿਲਕਾਰਾਂ ਨੂੰ ਸੱਦਿਆ ਤੇ ਆਪਣੇ ਹੁਕਮਨਾਮੇਂ ਸੁਣਾਏ। ਬੁਰਜ ਚਾਹੜੇ ਗਏ, ਸ਼ਹਿਰ ਦੇ ਗਲੀਆਂ (ਕੂਚਿਆਂ) ਵਿੱਚ ਰੋਸ਼ਨੀ ਕੀਤੀ ਗਈ। ਮੇਰੇ ਕਰਮਚਾਰੀਆਂ ਤੇ ਸ਼ੁਭਚਿੰਤਕਾਂ ਵਿੱਚੋਂ ਜਿਸ ਜਿਸ ਨੇ ਆਪ ਦੇ ਹੁਕਮਨਾਮੇ ਨੂੰ ਸੁਣਿਆ, ਵਾਹਿਗੁਰੂ ਦਾ ਸ਼ੁਕਰ ਤੇ ਆਪ ਦੀ ਪ੍ਰਸ਼ੰਸਾ ਕੀਤੀ। ਜਿਸ ਤਰ੍ਹਾਂ ਵਾਹਿਗੁਰੂ ਦੀ ਕ੍ਰੋਪਤਾ ਇੱਥੋਂ ਦੇ ਵਾਸੀਆਂ ਤੇ ਹੋਈ ਸੀ ਕਿ ਬਾਗ਼ੀਆਂ ਤੇ ਲੂਣ ਹਰਾਮੀਆਂ ਨੂੰ ਉਤਪੰਨ ਕਰ ਕੇ ਓਹਨਾਂ ਨੂੰ ਮੁਸੀਬਤ ਦੇ ਸ਼ਕੰਜੇ ਵਿੱਚ ਦਬਾਇਆ ਸੀ, ਹੁਣ ਆਪ ਦੀ ਮੇਹਰਬਾਨੀ ਨੇ ਨਾਲ ਓਹਨਾਂ ਨੂੰ ਸੁਖ ਤੇ ਚੈਨ ਪ੍ਰਾਪਤ ਹੋਇਆ ਹੈ। ਸਾਰੀ ਪ੍ਰਜਾ ਵਾਹਿਗੁਰੂ ਦੇ ਧੰਨਵਾਦ ਕਰਨ ਵਿੱਚ ਇੱਕ ਜ਼ਬਾਨ ਹੋ। ਇਸ ਭਾਰੀ ਬਖ਼ਸ਼ਸ਼ ਦਾ ਧੰਨਵਾਦ ਕਰਨ ਵਿੱਚ ਇਸ ਮੁਲਕ ਦੇ ਰਈਸ ਸਭ ਤੋਂ ਅੱਗੇ ਹਨ। ਮੈਂ ਹਮੇਸ਼ਾਂ ਆਪ ਦੀ ਹਮਾਇਤ ਤੇ ਲੜ ਰਿਹਾ ਹਾਂ ਤੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਓਹਦੀ ਤਰੱਕੀ ਤੇ ਬੇਹਤਰੀ ਗਵਰਨਮੈਂਟ ਅੰਗਰੇਜ਼ੀ ਦੀ ਤਰੱਕੀ ਤੇ

ਬੇਹਤਰੀ ਨਾਲ ਜੁੜੀ ਹੋਈ ਹੈ। ਜੇ ਕਦੀ ਮੇਰੇ ਸਰੀਰ ਦਾ ਹਰ ਵਾਲ ਜੀਭ ਬਣ ਜਾਏ, ਤਦ ਵੀ ਆਪ ਦੇ ਇਸ ਪੱਕੇ ਇਰਾਦੇ ਦਾ; ਕਿ ਪਿਛਲੇ ਇਕਰਾਰਨਾਮੇ ਕਾਇਮ ਰਖੇ ਜਾਣਗੇ, ਧੰਨਵਾਦ ਨਹੀਂ ਕਰ ਸਕਦਾ।

ਮੇਰੇ ਵਡਕੇ ੧੯੦੮ ਵਿੱਚ ਗਵਰਨਮੈਂਟ ਅੰਗ੍ਰੇਜ਼ੀ ਦੀ ਹਮਾਇਤ ਦੇ ਪ੍ਰਛਾਵੇਂ ਹੇਠ ਆਏ ਸਨ ਤੇ ਓਸ ਸਮੇਂ ਤੋਂ ਓਹ ਖੈਰਖਾਹੀ ਤੇ ਜਾਂ ਨਿਸਾਰੀ ਤੋਂ ਕਦੇ ਵੀ ਪਿੱਛੇ ਨਹੀਂ ਰਹੇ। ਇੱਜ਼ਤ ਤੇ ਬਖ਼ਸ਼ਸ਼ਾਂ ਦੇ ਖ਼ਜ਼ਾਨੇ ਵਿੱਚੋਂ ਓਹਨਾਂ ਨੂੰ ਬਦਲਾ ਮਿਲਦਾ ਰਿਹਾ ਹੈ। ਅੰਗ੍ਰੇਜ਼ਾਂ ਦੇ ਨਾਲ ਵਫ਼ਾਦਾਰੀ ਦਾ ਹਾਲ ਲਾਰਡ ਲੇਕ ਦੀਆਂ ਚਿੱਠੀਆਂ ਤੋਂ ਪ੍ਰਗਟ ਹੋਂਦਾ ਹੈ। ਮੈਂ ਵੀ ਬੜੇ ਅਦਬ ਦੇ ਨਾਲ ਓਹਨਾਂ ਦੇ ਕਦਮਾਂ ਤੇ ਹੀ ਕਦਮ ਰਖਾਂਗਾ ਤੇ ਇਸ ਗੱਲ ਦਾ ਯਕੀਨ ਹੈ ਕਿ ਇਹਦੀ ਹੁਣ ਤੇ ਅੱਗੋਂ ਦੀ ਕਾਮਯਾਬੀ ਗਵਰਨਮੈਂਟ ਅੰਗ੍ਰੇਜ਼ੀ ਦੇ ਇਕਬਾਲ ਨਾਲ ਜੁੜੀ ਹੋਈ ਹੈ। ਅੰਤ ਵਿੱਚ ਮੇਰੀ ਪ੍ਰਾਰਥਨਾ ਹੈ ਕਿ ਵਾਹਿਗੁਰੂ ਆਪ ਦੇ ਸ਼ਤਰੂਆਂ ਨੂੰ ਤਬਾਹ ਕਰੇ। ਜਿਸ ਤਰ੍ਹਾਂ ਸੂਰਜ ਦੀ ਰੌਸ਼ਨੀ ਦਰਿੰਦਿਆਂ ਨੂੰ ਗਾਰਾਂ ਵੱਲ ਨਸਾ ਦੇਂਦੀ ਹੈ ਤੁਹਾਡੇ ਇਕਬਾਲ ਦਾ ਸਤਾਰਾ ਸਦਾ ਤਰੱਕੀ ਤੇ ਰਹੇ। ਫਤਹ ਤੇ ਨੁਸਰਤ ਦੀ ਰੌਸ਼ਨੀ ਸਾਰੀ ਦੁਨੀਆਂ ਤੇ ਫੈਲੇ। ਗਵਰਨਮੈਂਟ ਅੰਗਰੇਜ਼ੀ ਨੇ ਸਾਢੇ ਨੌਂ ਲੱਖ ਰੁਪਿਆ ਰਾਜਾ ਸਾਹਿਬ ਨਾਭਾ ਦਾ ਕਰਜ਼ ਦੇਣਾ ਸੀ, ਇਸ ਕਰ ਕੇ ਜਦ ਮਹਾਰਾਜਾ ਪਟਿਆਲਾ ਤੇ ਰਾਜਾ ਨਾਭਾ ਨੂੰ ਇਹ ਖ਼ਬਰ ਮਿਲੀ ਕਿ ਗਵਰਨਮੈਂਟ ਕਾਨੇਨ ਤੇ ਬਧਵਾਨ ਦੇ ਪ੍ਰਗਣੇ ਜੋ ਝਜਰ ਦੇ ਜ਼ਬਤ ਹੋਏ ਹੋਏ ਇਲਾਕੇ ਦਾ ਇੱਕ ਹਿੱਸਾ ਹਨ, ਗਵਰਨਮੈਂਟ ਰਖਣਾ ਨਹੀਂ ਚਾਹੁੰਦੀ ਤਦ ਇਨ੍ਹਾਂ ਦਰਖ਼ਾਸਤ ਦਿੱਤੀ ਕਿ ਇਨ੍ਹਾਂ ਨੂੰ ਇਹ ਇਲਾਕੇ ਕਰਜ਼ੇ ਦੀ ਰਕਮ ਵਿਚਕਾਰ ਮਾਫ਼ ਆਮਦਨੀ ਦੀ ਸ਼ਰ੍ਹਾ ਦੇ ਹਿਸਾਬ ਨਾਲ ਦੇ ਦਿੱਤਾ ਜਾਵੇ, ਸੋ ਇਹ ਦਰਖ਼ਾਸਤ ਮਨਜ਼ੂਰ ਹੋ ਗਈ ਤੇ ਇਸ ਦੇ ਨਾਲ ਕੁਝ ਪਿੰਡ ਇਲਾਕਾ ਕਾਨੇਨ ਦੇ ਜਿਨ੍ਹਾਂ ਦੀ ਆਮਦਨੀ ਸਲਾਨਾ ਸੀ, ਰਾਜਾ ਸਾਹਿਬ ਨਾਭਾ ਨੂੰ ਦੇ ਦਿੱਤੇ ਤੇ ਇਸ ਇਲਾਕੇ ਵਿੱਚ ਵੀ ਓਹਨਾਂ ਨੂੰ ਉਹ ਅਖਤਿਆਰ ਹੀ ਦਿੱਤੇ ਗਏ ਜੋ ਜੱਦੀ ਤੇ ਮਿਲੇ ਹੋਏ ਇਲਾਕੇ ਬਾਬਤ ਸਨਦ* ਵਿੱਚ ਦਿੱਤੇ ਗਏ ਸੀ।

ਰਾਜਾ ਭਰਪੂਰ ਸਿੰਘ ਨੇ ਬਾਲਗ਼ ਹੋਣ ਤੇ ਆਪਣੇ ਆਪ ਨੂੰ ਬੜਾ ਯੋਗ ਤੇ ਮੇਹਨਤੀ ਰਈਸ ਸਿੱਧ ਕੀਤਾ। ਤਖ਼ਤ ਤੇ ਬੈਠਦੇ ਹੀ ਇਸ ਨੇ ਪਹਿਲਾਂ ਰਿਆਸਤ ਦਾ ਸੁਧਾਰ ਕਰਨ ਵੱਲ ਧਿਆਨ ਦਿੱਤਾ। ੧੮੫੯ ਈ. ਵਿੱਚ ਇਨ੍ਹਾਂ ਨੇ ਮਹਾਰਾਜਾ ਪਟਿਆਲਾ ਤੇ ਲਫਟੰਟ ਗਵਰਨਰ ਜਨਰਲ ਦੇ ਏਜੰਟ ਦੀ ਰਾਏ ਨਾਲ ਕਈ ਅਹਿਲਕਾਰਾਂ ਨੂੰ ਹਟਾ ਦਿੱਤਾ।

ਰਿਆਸਤ ਦੇ ਅਹਿਲਕਾਰ ਤੇ ਰਾਜਾ ਸਾਹਿਬ ਦੇ ਸਲਾਹਕਾਰਾਂ ਦੀ ਰਾਏ ਇਹ ਸੀ ਕਿ ਇਨ੍ਹਾਂ ਨੂੰ ਮਹਾਰਾਜਾ ਪਟਿਆਲਾ ਨਾਲ ਸਲੂਕ ਨਹੀਂ ਰਖਣਾ ਚਾਹੀਦਾ, ਕਿੰਤੂ ਰਾਜਾ ਭਰਪੂਰ ਸਿੰਘ ਮੁਲਾਜ਼ਮਾਂ ਦੇ ਹੱਥ ਵਿੱਚ ਕਠਪੁਤਲੀ ਬਣਨ ਵਾਲਾ ਰਾਜਾ ਨਹੀਂ ਸੀ। ਇਹ ਆਪਣੇ ਹਾਨ ਲਾਭ ਨੂੰ ਆਪਣੀ ਅਕਲ ਨਾਲ ਵਿਚਾਰਦਾ ਤੇ ਆਪਣੀ ਸਮਝ ਨਾਲ ਨਜਿੱਠਦਾ ਸੀ। ਇਹੀ ਕਾਰਨ ਹੈ ਕਿ ਓਹਨਾਂ ਅਹਿਲਕਾਰਾਂ ਤੇ ਸਲਾਹਕਾਰਾਂ ਦੀ ਇੱਕ ਗੱਲ ਨਹੀਂ ਮੰਨੀ। ਇਹ ਸਮਝ ਕੇ ਕਿ

---

*ਇਸ ਸਨਦ ਦਾ ਸਾਰਾ ਭਾਵ ਇਹ ਸੀ ਕਿ: ਜਦ ਤੋਂ ਅੰਗਰੇਜ਼ੀ ਹਿੰਦੋਸਤਾਨ ਨੂੰ ਹਿੰਦ ਵਿੱਚ ਵਾਧਾ ਹੋਇਆ ਰਾਜਾ ਨਾਭਾ ਦੇ ਵੱਡੇ ਰਾਜਾ ਜਸਵੰਤ ਸਿੰਘ ਆਦਿਕ ਖੈਰਖਾਹ ਰਹੇ ਹਨ, ਇਸ ਕਰ ਕੇ ਕੁੱਝ ਟੁਕੜੇ ਪ੍ਰਗਣੇ ਕਾਨੇਨ ਤੇ ਬਸਵਾਨਾ ਜੋ ਬਜਰ ਦੇ ਇਲਾਕੇ ਵਿੱਚ ਨਾਲ ਦੀ ਸੂਚੀ ਅਨੁਸਾਰ ੪੨ ਪਿੰਡ ਉਹਦੇ ਵਿੱਚ ਹਨ ਜਿਨ੍ਹਾਂ ਦੀ ਸਾਲਾਨਾ ਆਮਦਨੀ ੪੭੫੨੫) ਰੁਪਯੇ ਹੈ, ਰਾਜਾ ਸਾਹਿਬ ਨੂੰ ਦੇਂਦੇ ਹਨ ਤੇ ਇੱਕ ਨਜ਼ਰਾਨਾ ਰਾਜਾ ਸਾਹਿਬ ਪਾਸੋਂ ਨੌ ਲੱਖ ੫੦ ਹਜ਼ਾਰ ਦਾ ਪ੍ਰਵਾਨ ਕਰਦੇ ਹਨ। ਸ਼ਰਤਾਂ ਇਹ ਹਨ।

ਇਹ ਇਲਾਕਾ ਰਾਜਾ ਨਾਭਾ ਤੇ ਇਨ੍ਹਾਂ ਦੇ ਵਾਰਸਾਂ ਨੂੰ ਸਦਾ ਵਾਸਤੇ ਦਿੱਤਾ ਗਿਆ।

੧. ਇਲਾਕੇ ਵਿੱਚ ਵੀ ਇਨ੍ਹਾਂ ਨੂੰ ਉਹ ਹੀ ਅਖਤਯਾਰ ਪ੍ਰਾਪਤ ਹੋਣਗੇ ਜੋ ਜਦੀ ਇਲਾਕੇ ਵਿੱਚ ੫ ਮਈ, ੧੮੬੦ ਦੀ ਸਨਦ ਦਸਤਖ਼ਤੀ ਅਰਲਕੈਨਿੰਗ ਸਾਹਿਬ ਗਵਰਨਰ ਜਨਰਲ ਪ੍ਰਾਪਤ ਹਨ।

੨. ਰਾਜਾ ਸਾਹਿਬ ਤੇ ਉਹਨਾਂ ਦੇ ਜਾਨਸ਼ੀਨਾਂ ਨੂੰ ਚਾਹੀਦਾ ਹੈ ਕਿ ਗਵਰਨਮੈਂਟ ਦੇ ਨਾਲ ਉਹੋ ਜਿਹੇ ਹੀ ਮਿਤਰਾਨਾ ਸੰਬੰਧ ਨੂੰ ਕਾਇਮ ਰੱਖਣ ਤੇ ਇਸ ਨਵੇਂ ਇਲਾਕੇ ਬਾਬਤ ਵੀ ਉਹਨਾਂ ਸ਼ਰਤਾਂ ਨੂੰ ਪੂਰਾ ਕਰਦੇ ਰਹਿਣ ਜੋ ਸਨਦ ੫ ਮਈ ੧੮੬੦ ਦੀ ਸਨਦ ਅਨੁਸਾਰ ਮਹਾਰਾਜਾ ਸਾਹਿਬ ਦੇ ਜਦੀ ਇਲਾਕੇ ਬਾਬਤ ਨੀਯਤ ਕੀਤੀ ਗਈ ਸੀ।

ਮਹਾਰਾਜਾ ਪਟਿਆਲੇ ਦਾ ਭਲਾ ਇਸ ਦਾ ਭਲਾ ਹੈ ਤੇ ਓਹਦਾ ਬੁਰਾ ਇਸ ਦਾ ਬੁਰਾ, ਇਸ ਨੇ ਅੰਤਲੇ ਸਵਾਸਾਂ ਤੱਕ ਮਹਾਰਾਜਾ ਪਟਿਆਲੇ ਨਾਲ ਮਿੱਤ੍ਰਤਾ ਰੱਖੀ।

## ੨੫. ਰਾਜਾ ਭਰਪੂਰ ਸਿੰਘ ਦੇ ਗੁਣ

ਓਹ ਸਾਰੇ ਗੁਣ ਜੋ ਇੱਕ ਯੋਗ ਤੇ ਸਮਝਦਾਰ ਰਈਸ ਵਿੱਚ ਹੋਣੇ ਚਾਹੀਦੇ ਹਨ, ਰਾਜਾ ਭਰਪੂਰ ਸਿੰਘ ਵਿੱਚ ਸਨ। ਵਿੱਦਿਆ ਦਾ ਬੜਾ ਸ਼ੌਕ ਸੀ, ਸਮੇਂ ਦੇ ਮੁੱਲ ਨੂੰ ਜਾਣਦਾ ਤੇ ਹਰ ਕੰਮ ਨੂੰ ਕਰਨ ਦੇ ਸਮੇਂ ਨੀਯਤ ਕੀਤੇ ਹੋਏ ਸੀ। ਹਰ ਇੱਕ ਕੰਮ ਵੇਲੇ ਸਿਰ ਕਰਦਾ ਸੀ। ਆਪਣੀ ਰਿਆਸਤ ਦੇ ਸਾਰੇ ਮਹਿਕਮਿਆਂ ਦੇ ਦਫਤਰਾਂ ਨੂੰ ਆਪ ਗਹੁ ਨਾਲ ਵੇਖਦਾ ਸੀ। ਪਰਜਾ ਦੀ ਭਲਾਈ ਤੇ ਬੇਹਤਰੀ ਲਈ ਸਦਾ ਹੀ ਤਤਪਰ ਰਹਿੰਦਾ ਸੀ। ਹਿੰਦੀ ਰਈਸਾਂ ਦੀ ਤਰ੍ਹਾਂ ਇਸ ਦਾ ਚਾਲ ਚਲਨ ਖ਼ਰਾਬ ਨਹੀਂ ਸੀ ਤੇ ਨਾ ਹੀ ਸੁਸਤ ਤੇ ਹਡ ਹਰਾਮ ਕਦੇ ਬਣਿਆ। ਇਸ ਦੀ ਨਿੱਜ ਦੀ ਲਿਖਤ ਦੀ ਡਾਇਰੀ ਦੇ ਇਹ ਵਾਕ ਏਸ ਦੇ ਆਚਾਰ ਤੇ ਸੁਭਾਉ ਨੂੰ ਸਮਝਣ ਵਿੱਚ ਬਹੁਤ ਕੁਝ ਸਹਾਈ ਹੋ ਸਕਦੇ ਹਨ, ਜੋ ਉਸ ਨੇ ਅਖੀਰਲੇ ਵੇਲੇ ਲਿਖੇ:

'ਅੰਤ ਵਿੱਚ ਵਾਹਿਗੁਰੂ ਤੇ ਸਤਿਗੁਰ ਦਿਆਲ ਜੀ ਦੇ ਦਰਬਾਰ ਅੱਗੇ ਬਿਨੇ ਹੈ ਕਿ ਮੈਨੂੰ ਓਹਨਾਂ ਫ਼ਰਜ਼ਾਂ ਦੇ ਪੂਰਾ ਕਰਨ ਵਿੱਚ ਦ੍ਰਿੜ੍ਹਤਾ ਬਖ਼ਸ਼ੇ ਤੇ ਮੈਨੂੰ ਇਸ ਤਰ੍ਹਾਂ ਦਾ ਜੀਊਣ ਬਿਤਾਣ ਯੋਗ ਕਰ ਦੇਵੇ ਕਿ ਵਾਹਿਗੁਰੂ ਦੇ ਸਾਏ ਤੇ ਰੱਖਿਆ ਵਿੱਚ ਰਹਿ ਕੇ ਓਹਦੀ ਮਨਸ਼ਾ ਅਨੁਸਾਰ ਕੰਮ ਕਰਾਂ ਤੇ ਲੋਕਾਂ ਨੂੰ ਲਾਭ ਪੁਚਾ ਸਕਾਂ।'

ਇਹ ਰਾਜਾ ਦਰਮਿਆਨੇ ਕੱਦ, ਕਣਕ ਵੰਨੇ ਰੰਗ ਤੇ ਚੰਨ ਵਰਗੇ ਚੇਹਰੇ ਵਾਲਾ ਸੀ। ਗੁਰਮੁਖੀ, ਫ਼ਾਰਸੀ, ਸੰਸਕ੍ਰਿਤ, ਅੰਗਰੇਜ਼ੀ, ਚਿੱਤਰਕਾਰੀ ਤੇ ਕਵਿਤਾ ਵਿੱਚ ਇਸ ਨੂੰ ਖ਼ਾਸ ਯੋਗਤਾ ਪ੍ਰਾਪਤ ਸੀ। ਰਿਆਸਤ ਵਿੱਚ ਕਾਨੂੰਨ, ਮਾਲੀ, ਮੁਲਕੀ, ਤੇ ਫੌਜੀ ਜਿੰਨੇ ਹੁਣ ਤੱਕ ਪ੍ਰਚਲਤ ਹਨ, ਇਨ੍ਹਾਂ ਦੇ ਹੀ ਚਲਾਏ ਹੋਏ ਹਨ।

ਗਵਰਨਰ ਜਨਰਲ ਨਾਲ ਮੁਲਾਕਾਤ ਹੋਣ ਦਾ ਪਹਿਲਾ ਨੰਬਰ ਇਨ੍ਹਾਂ ਦਾ ਤੇ ਦੂਜਾ ਜੀਂਦ ਦਾ ਸੀ, ਕਿੰਤੂ ੧੯੧੬ ਬਿ. ਨੂੰ ਗਦਰ ਦੇ ਪਿੱਛੋਂ ਆਪਣਾ ਨੰਬਰ ਪਹਿਲਾਂ ਤੇ ਨਾਭੇ ਦਾ ਦੂਜਾ ਕਰਾ ਦਿੱਤਾ। ਸੋ ਰਾਜਾ ਭਰਪੂਰ ਸਿੰਘ ਨੇ ਕਮਿਸ਼ਨਰ ਅੰਬਾਲਾ ਜਾਰਨ ਸਾਹਿਬ ਦੇ ਸਾਹਮਣੇ ਇਸ ਸਵਾਲ ਨੂੰ ਛੇੜ ਕੇ ਦੱਸਿਆ ਕਿ:

(੧) ਚੌਧਰੀ ਤਲੋਕ ਸਿੰਘ ਜੋ ਫੂਲ ਦੇ ਰਾਜਿਆਂ ਦਾ ਵੱਡਾ ਹੋਇਆ ਹੈ, ਉਸ ਦੇ ਵੱਡੇ ਲੜਕੇ ਦੀ ਸੰਤਾਨ ਵਿੱਚ ਰਾਜਾ ਨਾਭਾ ਹੈ।

(੨) ਦੂਜਾ ਇਨ੍ਹਾਂ ਨੂੰ ਚੌਧਰੀ ਦਾ ਖ਼ਿਤਾਬ ਮਿਲਿਆ ਹੋਇਆ ਹੈ ਤੇ ਇਹ ਰਈਸਾਂ ਦੇ ਵੀ ਚੌਧਰੀ ਹਨ।

(੩) ਸਦੀਮ ਸਾਹਿਬ ਦੀ ਰਾਹੀਂ ਪਹਿਲਾਂ ਇਨ੍ਹਾਂ ਨੂੰ ਰਾਜਾ ਦਾ ਖ਼ਿਤਾਬ ਮਿਲਿਆ, ਪਿੱਛੋਂ ਸਰਦਾਰ ਭਾਗ ਸਿੰਘ ਨੂੰ, ਇਸ ਕਰ ਕੇ ਇਨ੍ਹਾਂ ਦਾ ਦਰਜਾ ਪਹਿਲਾਂ ਹੋਣਾ ਚਾਹੀਦਾ ਹੈ। ਕਮਿਸ਼ਨਰ ਨੇ ਦੋਹਾਂ ਦੇ ਬਿਆਨ ਸੁਣ ਕੇ ਬਰਾਬਰ ਦਾ ਦਰਜਾ ਦੋਹਾਂ ਦਾ ਕਰ ਦਿੱਤਾ ਤੇ ਉਹ ਇੰਜ ਕਿ ਪਹਿਲਾਂ ਮੁਲਾਕਾਤ ਰਾਜਾ ਜੀਂਦ ਦੀ ਹੋਵੇ ਤੇ ਦੂਜੀ ਵੇਰ ਦੀ ਮੁਲਾਕਾਤ ਪਹਿਲਾਂ ਰਾਜਾ ਨਾਭੇ ਦੀ।

ਰਾਜਾ ਭਰਪੂਰ ਸਿੰਘ ਬਾਬਤ ਸਰ ਲੈਪਲ ਗ੍ਰਿਫਨ ਸਾਹਿਬ ਨੇ ਆਪਣੀ ਕਿਤਾਬ ਵਿੱਚ ਇੰਜ ਲਿਖਿਆ ਹੈ ਕਿ:

'ਦੇਸੀ ਰਿਆਸਤਾਂ ਦੇ ਵਿੱਚ ਛੋਟੀ ਉਮਰ ਦੇ ਰਈਸਾਂ ਦੇ ਵੇਲੇ ਜੋ ਖਰਾਬੀਆਂ ਹੁੰਦੀਆਂ ਹਨ ਉਹਨਾਂ ਦਾ ਜ਼ਿਕਰ ਜੀਂਦ ਦੀ ਤਾਰੀਖ ਵਿੱਚ ਹੋਵੇਗਾ, ਕਿੰਤੂ ਇਨ੍ਹਾਂ ਭੈੜੇ ਨਿਯਮਾਂ ਤੋਂ ਰਾਜਾ ਭਰਪੂਰ ਸਿੰਘ ਬਚ ਗਿਆ। ਇਹ ਆਪਣੀ ਰੱਬੀ ਅਕਲ ਤੇ ਸਮਝ ਨਾਲ ਇਨ੍ਹਾਂ ਆਪਣੇ ਅੱਗੇ ਪਿੱਛੇ ਦੀਆਂ ਖਰਾਬੀਆਂ ਦੇ ਭੈੜੇ ਅਸਰ ਤੋਂ ਆਪਣੇ ਆਪ ਨੂੰ ਬਚਾਈ ਰੱਖਿਆ ਤੇ ਉੱਤਰੀ ਹਿੰਦ ਵਿੱਚ ਇੱਕ ਬੜੇ ਸਿਆਣੇ ਰਈਸ ਹੋਣ ਦੇ ਚਿੰਨ੍ਹ ਪ੍ਰਗਟ ਕੀਤੇ। ਇਨ੍ਹਾਂ ਨੂੰ ਵਿੱਦਿਆ ਦਾ ਬੜਾ ਸ਼ੌਕ ਸੀ। ਇਨ੍ਹਾਂ ਨੂੰ ਦੇਸੀ ਜ਼ਬਾਨਾਂ ਵਿੱਚ ਬੜੀ ਲਿਆਕਤ ਸੀ। ਜਦ ਰਿਆਸਤ ਦੇ ਕੰਮਾਂ ਤੋਂ ਵਿਹਲ

ਮਿਲਦੀ ਤਦ ਤਿੰਨ ਚਾਰ ਘੰਟੇ ਰੋਜ਼ ਅੰਗਰੇਜ਼ੀ ਵੀ ਪੜ੍ਹਿਆ ਕਰਦੇ ਸੀ। ਰਿਆਸਤ ਦੇ ਦੂਜੇ ਮਹਿਕਮਿਆਂ ਦੀ ਦੇਖ ਭਾਲ ਇਹ ਆਪ ਕਰਦੇ ਸੀ।'

## ੨੬. ਰਾਜਾ ਭਰਪੂਰ ਸਿੰਘ ਦਾ ਚਲਾਣਾ

ਸਤੰਬਰ ੧੮੬੩ ਈ. ਨੂੰ ਲਾਰਡ ਐਲਗਨ ਸਾਹਿਬ ਨੇ ਰਾਜਾ ਭਰਪੂਰ ਸਿੰਘ ਨੂੰ ਕਾਨੂੰਨ ਘੜਨ ਵਾਲੀ ਕੌਂਸਲ ਦਾ ਮੈਂਬਰ ਨੀਯਤ ਕੀਤਾ। ਇਹ ਇਸ ਗੱਲ ਦੀ ਬੜੀ ਖ਼ੁਸ਼ੀ ਨਾਲ ਉਡੀਕ ਕਰ ਰਹੇ ਸਨ ਕਿ ਸਮਾਂ ਆਉਣ ਤੇ ਇਹ ਕਲਕੱਤੇ ਜਾ ਕੇ ਕੌਂਸਲ ਵਿੱਚ ਸ਼ਾਮਲ ਹੋਣਗੇ, ਕਿੰਤੂ ਅਚਨਚੇਤ ਜੂਨ ੧੮੬੩ ਈ. ਨੂੰ ਬੁਖ਼ਾਰ ਨਾਲ ਬੀਮਾਰ ਹੋ ਗਏ। ਕੁਨੈਨ ਖਾਣ ਨਾਲ ਵਿਚਕਾਰ ਕੁਝ ਅਰਾਮ ਵੀ ਆ ਗਿਆ ਸੀ। ਕਿੰਤੂ ਫਿਰ ਪਿੱਛੋਂ ਬੁਖ਼ਾਰ ਨੇ ਅਜਿਹਾ ਜ਼ੋਰ ਕੀਤਾ ਕਿ ੯ ਨਵੰਬਰ ੧੮੬੩ ਨੂੰ ਚਲਾਣਾ ਕਰ ਗਏ।

## ੨੭. ਰਾਜਾ ਭਰਪੂਰ ਸਿੰਘ ਦੀ ਜਗ੍ਹਾ ਉਨ੍ਹਾਂ ਦਾ ਛੋਟਾ ਭਰਾ ਰਾਜਾ ਭਗਵਾਨ ਸਿੰਘ

ਰਾਜਾ ਭਰਪੂਰ ਸਿੰਘ ਦੇ ਚਲਾਣੇ ਮਗਰੋਂ ਮਹਾਰਾਜਾ ਪਟਿਆਲਾ ਤੇ ਜੀਂਦ ਨੇ ਗਵਰਨਮੈਂਟ ਨੂੰ ਲਿਖਿਆ ਕਿ ਰਾਜਾ ਭਰਪੂਰ ਸਿੰਘ ਆਪਣੇ ਜੀਉਣ ਵਿੱਚ ਕੰਵਰ ਭਗਵਾਨ ਸਿੰਘ ਨੂੰ ਆਪਣਾ ਮੁਤਬੰਨਾ ਬਣਾ ਰੱਖਿਆ ਸੀ, ਇਸ ਕਰ ਕੇ ਗੱਦੀ ਤੇ ਇਨ੍ਹਾਂ ਨੂੰ ਬਿਠਾਇਆ ਜਾਵੇ। ਕਿੰਤੂ ਗਵਰਨਮੈਂਟ ਨੇ ਮੁਤਬੰਨਾ ਬਣਾਏ ਜਾਣ ਦੀ ਗੱਲ ਨਾ ਮੰਨੀ ਤੇ ਇਸ ਗੱਲ ਨਾਲ ਸੰਮਤੀ ਪ੍ਰਗਟ ਕੀਤੀ ਕਿ ਭਗਵਾਨ ਸਿੰਘ ਨੂੰ ਗੱਦੀ ਦੇ ਦਿੱਤੀ ਜਾਏ। ਗਵਰਨਮੈਂਟ ਨੇ ਪਹਿਲੀ ਗੱਲ ਦੇ ਮੰਨਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਜੀਉਂਦਿਆਂ ਮੁਤਬੰਨਾਂ ਬਣਾ ਜਾਣ ਦੀ ਗੱਲ ਇਸ ਕਰ ਕੇ ਘੜੀ ਗਈ ਹੈ ਕਿ ੫ ਮਈ ੧੮੬੦ ਦੀਆਂ ਸ਼ਰਤਾਂ ਅਨੁਸਾਰ ਫੂਲ ਦੇ ਰਾਜਿਆਂ ਦੇ ਵਿੱਚੋਂ ਕਿਸੇ ਦੇ ਸੰਤਾਨਹੀਨ ਹੋਣ ਦੀ ਹਾਲਤ ਵਿੱਚ ਮੁਤਬੰਨਾ ਬਣਾਏ ਬਿਨਾਂ ਚਲਾਣਾ ਕਰ ਜਾਣ ਤੇ ਰਿਆਸਤ ਦੀ ਇੱਕ ਸਾਲ ਦੀ ਆਮਦਨੀ ਦਾ ਤੀਜਾ ਹਿੱਸਾ ਜੋ ਨਜ਼ਰਾਨੇ ਵਿੱਚੋਂ ਸਰਕਾਰ ਨੂੰ ਦੇਣਾ ਪੈਣਾ ਸੀ, ਓਸ ਤੋਂ ਬਚਿਆ ਜਾਵੇ।

ਅੰਤ ਨੂੰ ਗਵਰਨਮੈਂਟ ਨੂੰ ਨਜ਼ਰਾਨਾ ਦੇਣਾ ਪਿਆ ਤੇ ਰਾਜਾ ਭਗਵਾਨ ਸਿੰਘ ਸਾਹਿਬ ੧੨ ਫਰਵਰੀ ੧੮੬੪ ਮੁਤਾਬਕ ੨੧ ਜੇਠ ੧੯੨੧ ਨੂੰ ਗੱਦੀ ਤੇ ਬੈਠਾਏ ਗਏ।

ਗੱਦੀ ਤੇ ਬੈਠਣ ਦੀ ਰਸਮ ਬੜੀ ਧੂਮਧਾਮ ਨਾਲ ਹੋਈ। ਇਸ ਸਮੇਂ ਮਹਾਰਾਜਾ ਪਟਿਆਲਾ, ਜੀਂਦ, ਮਲੇਰਕੋਟਲਾ ਤੇ ਸਤਲੁਜ ਪਾਰ ਦੇ ਸਾਰੇ ਰਈਸ ਸ਼ਾਮਲ ਸਨ। ਗਵਰਨਰ ਦਾ ਏਜੰਟ ਸਰ ਰਾਬਰਟ ਐਡਵਰਡ ਅੰਬਾਲੇ ਦੀਆਂ ਫੌਜਾਂ ਦਾ ਕਮਾਂਡਿੰਗ ਅਫਸਰ ਤੇ ਹੋਰ ਕਈ ਅੰਗ੍ਰੇਜ਼ ਸ਼ਾਮਲ ਸਨ, ਉਕਤ ਰਾਜਾ ਸਾਹਿਬ ਨੂੰ ਖਿਲਅਤ ਵਿੱਚ ਹੇਠ ਲਿਖੀਆਂ ਚੀਜ਼ਾਂ ਦਿੱਤੀਆਂ ਗਈਆਂ:

ਕੱਪੜਿਆਂ ਦੀਆਂ ੧੫ ਕਿਸ਼ਤੀਆਂ, ਤਿੰਨ ਜਵਾਹਰਾਤ, ਦੋ ਹਥਿਆਰ, ਇੱਕ ਘੋੜਾ ਤੇ ਇੱਕ ਹਾਥੀ।

## ੨੮. ਖ਼ੂਨ ਦੇ ਝਗੜੇ ਦਾ ਹਾਲ

ਰਾਜਾ ਭਗਵਾਨ ਸਿੰਘ ਬੜਾ ਸਮਝਦਾਰ ਤੇ ਦੂਰਦਰਸ਼ੀ ਆਦਮੀ ਸੀ, ਕਿੰਤੂ ਇਨ੍ਹਾਂ ਦੇ ਗੱਦੀ ਤੇ ਬੈਠਦਿਆਂ ਹੀ ਅਹਿਲਕਾਰਾਂ ਦੀ ਧੜਾਬੰਦੀ ਦੇ ਕਾਰਨ ਅਜੇਹੀ ਸਾਜ਼ਸ਼ ਖੜ੍ਹੀ ਹੋ ਗਈ, ਜਿਸ ਦੇ ਨਾਲ ਕਿ ਰਾਜਾ ਭਗਵਾਨ ਸਿੰਘ ਤੇ ਦੂਸ਼ਣ ਲੱਗਾ, ਜਿਸ ਤੋਂ ਇਨ੍ਹਾਂ ਦਾ ਫਿਰ ਓਹ ਦਬਦਬਾ ਰਿਆਸਤ ਵਿੱਚ ਨਾ ਰਿਹਾ ਜੋ ਹੋਣਾ ਚਾਹੀਦਾ ਸੀ। ਇਹ ਦੂਸ਼ਣ ਰਾਜਾ ਭਰਪੂਰ ਸਿੰਘ ਨੂੰ ਜ਼ਹਿਰ ਦੇਣ ਦਾ ਸੀ, ਕਿੰਤੂ ਇਹ ਅਫਵਾਹ ਉੱਕਾ ਮਨਘੜਤ ਤੇ ਨਿਰਮੂਲ ਸੀ, ਕਿਉਂਕਿ ਰਾਜਾ ਭਰਪੂਰ ਸਿੰਘ ਸਚਮੁਚ ਦਿਲ ਦੀ ਬੀਮਾਰੀ ਨਾਲ ਕੁਝ ਚਿਰ ਬੀਮਾਰ ਰਹਿ ਕੇ ਬੜੇ ਕਮਜ਼ੋਰ ਹੋ ਕੇ ਚਲਾਣਾ ਕਰ ਗਏ ਸੀ, ਜਿਸ ਤੋਂ ਇੱਕ ਲੰਮੇ ਚਿਰ ਦੀ ਖੋਜ ਦੇ ਮਗਰੋਂ ਰਾਜਾ ਭਗਵਾਨ ਸਿੰਘ ਤਾਂ ਬੇਕਸੂਰ ਸਾਬਤ ਹੋਣ ਤੇ ਛੱਡ ਦਿੱਤੇ ਗਏ ਤੇ ਜਿਨ੍ਹਾਂ ਲੋਕਾਂ ਨੇ ਰਾਜਾ ਭਗਵਾਨ ਸਿੰਘ ਤੇ ਦੂਸ਼ਣ ਲਾ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ, ਓਹ ਫੜੇ ਗਏ।

ਇਹ ਮਾਮਲਾ ਇਸ ਤਰ੍ਹਾਂ ਹੈ ਕਿ ਰਾਜਾ ਭਰਪੂਰ ਸਿੰਘ ਬੜਾ ਸੋਹਣਾ, ਸਜੀਲਾ ਤੇ ਫਬੀਲਾ ਜਵਾਨ ਸੀ। ਇਸ ਨੂੰ ਸੁੰਦਰ ਤੀਵੀਂਆਂ ਦੇਖਣ ਦਾ ਬੜਾ ਸ਼ੌਕ ਸੀ ਤੇ ਓਹਨਾਂ ਦੀਆਂ ਤਸਵੀਰਾਂ ਬਨਾਣ ਦਾ ਖ਼ਿਆਲ ਰਹਿੰਦਾ ਸੀ। ਰਾਜਾ ਸਾਹਿਬ ਦੀ ਸੁੰਦਰਤਾ ਤੇ ਜਵਾਨੀ ਵੇਖ ਕੇ ਸੁੰਦਰ ਤੀਵੀਆਂ ਵੀ ਇਨ੍ਹਾਂ ਪਾਸ ਅੱਪੜ ਜਾਇਆ ਕਰਦੀਆਂ ਸਨ। ਮਹਿਤਾਬ ਕੌਰ ਜੋ ਇਨ੍ਹਾਂ ਦੀ ਮਾਮੀ ਸੀ, ਇਨ੍ਹਾਂ ਤੇ ਰੀਝ ਗਈ ਤੇ ਇਹ ਭੀ ਪਸੀਜ ਗਏ। ਜਦ ਮਹਿਤਾਬ ਕੌਰ ਨੂੰ ਪਤਾ ਲੱਗਾ ਕਿ ਪੰਜਾਬ ਸਿੰਘ ਬੱਘੀ ਵਾਲੇ ਦੀ ਭੈਣ ਕਿਸ਼ਨ ਕੌਰ ਦੀ ਆਵਾਜਾਈ ਰਾਜਾ ਸਾਹਿਬ ਪਾਸ ਹੈ, ਤਦ ਉਹ ਰਾਜਾ ਸਾਹਿਬ ਦੀ ਦੁਸ਼ਮਣ ਹੋ ਗਈ। ਫਿਰ ਜਦ ਮਹਿਤਾਬ ਕੌਰ ਦੇ ਬੇਟੇ ਅਵਤਾਰ ਸਿੰਘ ਦੇ ਵਿਆਹ ਤੇ ਰਾਜਾ ਭਰਪੂਰ ਸਿੰਘ ਸੰਬੰਧੀ ਹੋਣ ਦੇ ਕਾਰਨ ਆਪਣੀ ਮਾਤਾ ਦੇ ਕਹਿਣ ਤੇ ਉਹਨਾਂ ਦੇ ਘਰ ਗਏ, ਤਦ ਮਹਤਾਬ ਕੌਰ ਨੇ ਜੈਤੋਂ ਵਾਲੇ ਨਫ਼ਰ ਨਰਾਇਨ ਸਿੰਘ ਨੂੰ ਕਹਿ ਕੇ ਖਾਣੇ ਦੇ ਵਿੱਚ ਕੁਝ ਇਸ ਤਰ੍ਹਾਂ ਦਾ ਜ਼ਹਿਰ ਮਿਲਾ ਦਿੱਤਾ ਕਿ ਰਾਜਾ ਸਾਹਿਬ ਨੂੰ ਕਿਲ੍ਹੇ ਵਿੱਚ ਪੁੱਜਦਿਆਂ ਹੀ ਖ਼ੂਨ ਦੇ ਦਸਤ ਆਉਣ ਲੱਗ ਪਏ, ਜਿਨ੍ਹਾਂ ਦੇ ਨਾਲ ੨੯ ਦਿਨ ਬੀਮਾਰ ਰਹਿ ਕੇ ਚਲਾਣਾ ਕਰ ਗਏ। ਮਰਦੀ ਵੇਰ ਇਨ੍ਹਾਂ ਨੇ ਆਪਣੀ ਮਾਤਾ ਨੂੰ ਕਿਹਾ ਕਿ ਤੁਸਾਂ ਜਾਣ ਕੇ ਮੈਨੂੰ ਦੁਸ਼ਮਣ ਦੇ ਘਰ ਭੇਜਿਆ, ਜਿਸ ਤੋਂ ਮੇਰੀ ਜਾਨ ਜਾ ਰਹੀ ਹੈ। ਆਪਣੀਆਂ ਤੀਵੀਆਂ ਨੂੰ ਸੱਦ ਕੇ ਕਿਹਾ ਕਿ ਮੈਂ ਤੁਹਾਡੇ ਵੱਲੋਂ ਝੂਠਾ ਹਾਂ, ਗ਼ੁਨਾਹਗਾਰ ਹਾਂ, ਜਿਸ ਦਾ ਫ਼ਲ ਮੈਨੂੰ ਇਹ ਮਿਲਿਆ ਹੈ ਕਿ ਮੈਂ ਸੰਤਾਨਹੀਨ ਜਾ ਰਿਹਾ ਹਾਂ। ਜੇ ਮੈਂ ਭੈੜਿਆਂ ਦੀ ਸੰਗਤ ਵਿੱਚ ਨਾ ਫਸਦਾ ਤਦ ਅੱਜ ਮੇਰੀਆਂ ਅੱਖਾਂ ਦੇ ਸਾਹਮਣੇ ਸੰਤਾਨ ਹੁੰਦੀ ਤੇ ਮੈਂ ਠੰਢੇ ਦਿਲ ਜਾਂਦਾ। ਹੁਣ ਇੱਥੇ ਵੀ ਸੜਦਾ ਜਾ ਰਿਹਾ ਹਾਂ ਤੇ ਅੱਗੇ ਵੀ ਤੁਹਾਡੀਆਂ ਬਦਦੁਆਵਾਂ ਦੇ ਨਾਲ ਦੋਜ਼ਖ ਦੀ ਅੱਗ ਵੇਖ ਕੇ ਮੈਂ ਕੰਬ ਰਿਹਾ ਹਾਂ। ਫਿਰ ਰਾਜਾ ਭਗਵਾਨ ਸਿੰਘ ਦੇ ਸਾਹਮਣੇ ਹੱਥ ਜੋੜ ਕੇ ਸ੍ਰ. ਗੁਰਬਖ਼ਸ਼ ਸਿੰਘ ਨੂੰ ਕਿਹਾ ਕਿ ਮੇਰੀ ਜਾਨ ਦਾ ਬਦਲਾ ਮਹਤਾਬ ਕੌਰ ਪਾਸੋਂ ਲੈਣਾ, ਤੁਹਾਨੂੰ ਵਾਹਿਗੁਰੂ ਬਖ਼ਸ਼ੇਗਾ। ਫਿਰ ਕੰਵਰ ਭਗਵਾਨ ਸਿੰਘ ਨੂੰ ਕਿਹਾ ਕਿ ਸਰਦਾਰ ਸਾਹਿਬ ਨੂੰ ਆਪਣੇ ਪਿਤਾ ਬਰਾਬਰ ਜਾਨਣਾ। ਇਸ ਦੇ ਵਿਰੁੱਧ ਕਦੇ ਨਾ ਹੋਣਾ ਤੇ ਫਿਰ ਕੰਵਰ ਸਾਹਿਬ ਦਾ ਹੱਥ ਸਰਦਾਰ ਗੁਰਬਖ਼ਸ਼ ਸਿੰਘ ਦੇ ਹੱਥ ਵਿੱਚ ਦੇ ਕੇ ਕਿਹਾ ਕਿ ਤੁਸਾਂ ਇਸ ਨੂੰ ਰਾਜਾ ਬਨਾਣਾ ਹੋਵੇਗਾ। ਏਸੇ ਕਰ ਕੇ ਰਾਜਾ ਭਰਪੂਰ ਸਿੰਘ ਦੇ ਗ਼ੁਜ਼ਰਨ ਪਿੱਛੋਂ ਸਰਦਾਰ ਗੁਰਬਖ਼ਸ਼ ਸਿੰਘ ਨੇ ਕਲਕੱਤੇ ਜਾ ਕੇ ਬੜੀ ਮੇਹਨਤ ਨਾਲ ਰੁਪਏ ਖ਼ਰਚੇ ਤੇ ਕੰਵਰ ਭਗਵਾਨ ਸਿੰਘ ਨੂੰ ਰਾਜਾ ਬਣਵਾਯਾ, ਨਹੀਂ ਤਾਂ ਸਰਕਾਰ ਅੰਗ੍ਰੇਜ਼ੀ ਨੇ ਏਸ ਦੇ ਰਾਜਾ ਬਨਾਣ ਤੋਂ ਇਨਕਾਰ ਕਰ ਦਿੱਤਾ ਸੀ। ਗੱਦੀ ਤੇ ਬੈਠਦੇ ਹੀ ਰਾਜਾ ਭਗਵਾਨ ਸਿੰਘ ਨੇ ਆਪਣੇ ਭਾਈ ਦਾ ਬਦਲਾ ਲੈਣ ਵਾਸਤੇ ਕਿਹਾ। ਸ੍ਰ. ਗੁਰਬਖ਼ਸ਼ ਸਿੰਘ ਨੇ ਰਾਜਾ ਸਾਹਿਬ ਦੇ ਦਸਤਖ਼ਤ ਕਰਾ ਲਏ ਤੇ ਮੁਨਸ਼ੀ ਸਾਹਿਬ ਸਿੰਘ ਤੋਂ ਮੋਹਰ ਲਵਾ ਲਈ ਤੇ ਮਹਤਾਬਾ ਤੇ ਹੀਰਾ ਨਾਮ ਦੇ ਦੋ ਆਦਮੀ ਜੋ ਬੜੇ ਬਹਾਦਰ ਸਨ, ਕੈਦ ਵਿੱਚੋਂ ਛੁਡਾ ਕੇ ਪਿੰਡ ਰੰਘੜ ਨੰਗਲ ਭੇਜ ਦਿੱਤੇ। ਜੋ ਸਰਦਾਰ ਬਲਵੰਤ ਸਿੰਘ ਦੀ ਸਾਜ਼ਸ਼ ਦੇ ਨਾਲ ੧੪ ਜਨਵਰੀ ੧੮੬੪ ਨੂੰ ਮਹਿਤਾਬ ਕੌਰ ਨੂੰ ਕਤਲ ਕਰ ਆਏ, ਕਿੰਤੂ ਸ਼ਰਾਬ ਦੀ ਹਾਲਤ ਵਿੱਚ ਓਹਨਾਂ ਸਾਰਾ ਹਾਲ ਜੈਤੋਂ ਦੇ ਥਾਣੇਦਾਰ ਪਾਸ ਆਪ ਹੀ ਦੱਸ ਦਿੱਤਾ। ਉਧਰ ਲਛਮਣ ਦਾਸ ਮੁਨਸ਼ੀ ਮੁਖਬਰ ਲਾਹੌਰ ਤੋਂ ਅੰਗ੍ਰੇਜ਼ੀ ਪੁਲਿਸ ਲੈ ਆਇਆ। ਇਸ ਤੋਂ ਮੁਕੱਦਮਾ ਸ਼ੁਰੂ ਹੋ ਗਿਆ। ਦੋ ਧੜੇ ਰਿਆਸਤ ਵਿੱਚ ਬਣ ਗਏ। ਕਿੰਤੂ ਜਦ ਕਸੌਲੀ ਦੇ ਮੁਕਾਮ ਤੇ ਟੇਲਰ ਸਾਹਿਬ ਪਾਸ ਪੁੱਜੇ, ਤਦ ਸਤ ਅਹਿਲਕਾਰਾਂ ਨੂੰ ਤੇ ਰਾਜਾ ਭਗਵਾਨ ਸਿੰਘ ਨੂੰ ਵਰਗਲਾ ਕੇ ਕੇਵਲ ਸਰਦਾਰ ਗੁਰਬਖ਼ਸ਼ ਸਿੰਘ ਦੇ ਜ਼ੁਮੇਂ ਖ਼ੂਨ ਲਾ ਦਿੱਤਾ। ਸਰਦਾਰ ਗੁਰਬਖ਼ਸ਼ ਸਿੰਘ ਦੇ ਪੁੱਤਰ ਦੀਵਾਨ ਬੀਰ ਸਿੰਘ ਨੂੰ ਕੈਦ ਕਰਾ ਦਿੱਤਾ। ਫਿਰ ਤਾਂ ਅਹਿਲਕਾਰ ਆਹਮੋਂ ਸਾਹਮਣੇ ਹੋ ਕੇ ਲੜਨ ਲੱਗੇ। ਅੰਤ ਨੂੰ ਇਸ ਮੁਕੱਦਮੇ ਦੀ ਖੋਜ ਵਾਸਤੇ ਗਵਰਨਮੈਂਟ ਨੂੰ ਆਪ ਦਖ਼ਲ ਦੇਣਾ ਪਿਆ। ਗਵਰਨਮੈਂਟ ਵੱਲੋਂ ਕਮੀਸ਼ਨ ਦੇ ਤੌਰ ਤੇ ਮੇਜਰ ਕਰੀ ਕਰਾਫਟ ਸਾਹਿਬ ਨੇ ਨਿਸਬਟ ਸਾਹਿਬ ਵਕੀਲ ਸਮੇਤ ਨਾਭੇ ਪੁੱਜ ਕੇ ਮਹਾਰਾਜਾ ਸਾਹਿਬ ਪਟਿਆਲਾ ਤੇ ਜੀਂਦ ਸਮੇਤ ੨੩ ਨਵੰਬਰ

੧੮੬੪ ਨੂੰ ਇਸ ਮੁਕੱਦਮੇ ਦੀ ਖੋਜ ਸ਼ੁਰੂ ਕਰ ਦਿੱਤੀ। ਤਿੰਨ ਹਫਤੇ ਤੱਕ ਬਰਾਬਰ ਖੋਜ ਹੁੰਦੀ ਰਹੀ। ਨਾਭੇ ਦਾ ਸਾਰੇ ਅਹਿਲਕਾਰਾਂ ਨੂੰ ਸਪਥ ਦੇ ਕੇ ਓਹਨਾਂ ਦੇ ਬਿਆਨ ਲਏ ਗਏ। ਉਸ ਵੇਲੇ ਸਰਦਾਰਨੀ ਮਹਤਾਬ ਕੌਰ ਦੇ ਖ਼ੂਨ ਦਾ ਦੂਸ਼ਣ ਸਰਦਾਰ ਗੁਰਬਖ਼ਸ਼ ਸਿੰਘ ਦੇ ਜ਼ੁਮੇਂ ਆਉਂਦਾ ਵੇਖ ਕੇ ਦੀਵਾਨ ਬੀਰ ਸਿੰਘ ਨੇ ਆਪਣੇ ਪਿਤਾ ਨੂੰ ਬੜਾ ਜ਼ੋਰ ਦਿੱਤਾ ਕਿ ਓਹ ਅਸਲ ਕਾਗ਼ਜ਼ ਜਿਸ ਤੇ ਰਾਜਾ ਸਾਹਿਬ ਤੇ ਮੁਨਸ਼ੀ ਦੇ ਦਸਤਖ਼ਤ ਹਨ ਪੇਸ਼ ਕਰ ਦੇਵੇ, ਕਿੰਤੂ ਸ਼ਾਬਾਸ਼ ਹੈ ਗੁਰਬਖ਼ਸ਼ ਸਿੰਘ ਨੂੰ ਕਿ ਓਹਨਾਂ ਆਪਣੀ ਜਾਨ ਤੇ ਮਾਲ ਦਾ ਹਰ ਤਰ੍ਹਾਂ ਨੁਕਸਾਨ ਕਰ ਲਿਆ, ਕਿੰਤੂ ਓਹ ਲਿਖਤ ਜਿਸ ਤੋਂ ਰਿਆਸਤ ਤੇ ਮਹਾਰਾਜਾ ਨੂੰ ਨੁਕਸਾਨ ਪੁੱਜਦਾ ਸੀ, ਨਾ ਵਿਖਾਇਆ। ਇਸ ਤੋਂ ਜਦ ਸ੍ਰ. ਭਰਪੂਰ ਸਿੰਘ ਦਾ ਰੱਬ ਵੱਲੋਂ ਆਈ ਨਾਲ ਮਰਨਾ ਸਿੱਧ ਹੋ ਗਿਆ ਤੇ ਸਰਦਾਰਨੀ ਮਹਿਤਾਬ ਕੌਰ ਦੇ ਕਤਲ ਦਾ ਅਪਰਾਧ ਸ੍ਰ. ਗੁਰਬਖ਼ਸ਼ ਸਿੰਘ ਤੇ ਸਾਬਤ ਹੋ ਗਿਆ, ਤਦ ਗਵਰਨਮੈਂਟ ਨੇ ਰੀਪੋਰਟ ਨੂੰ ਵੇਖ ਕੇ ਹੁਕਮ ਦਿੱਤਾ ਕਿ ਮਹਤਾਬਾ ਤੇ ਕਤਲ ਕਰਨ ਤੇ ਸਰਦਾਰ ਗੁਰਬਖ਼ਸ਼ ਸਿੰਘ ਤੋਂ ਕਤਲ ਲਈ ਪ੍ਰੇਰਨਾ ਕਰਨ ਦਾ ਮੁਕੱਦਮਾ ਚਲਾਇਆ ਜਾਏ। ਜਦ ਕਚਹਿਰੀ ਵਿੱਚ ਬਾਕਾਇਦਾ ਮੁਕੱਦਮਾ ਚਲਿਆ ਤਦ ਸੈਸ਼ਨ ਕੋਰਟ ਵਿੱਚ ਮਹਤਾਬਾ ਨੂੰ ਆਯੂ ਭਰ ਲਈ ਕਾਲੇ ਪਾਣੀ ਦਾ ਦੰਡ ਮਿਲਿਆ ਤੇ ਸਰਦਾਰ ਗੁਰਬਖ਼ਸ਼ ਸਿੰਘ ਨੂੰ ਦੋ ਮਹੀਨੇ ਲੁਧਿਆਣੇ ਕੈਦ ਰਹਿ ਕੇ ਅਪੀਲ ਵਿੱਚ ਛੁਟਕਾਰਾ ਮਿਲ ਗਿਆ। ਔਸਾਫ਼ ਅਲੀ ਸਦਰ ਅਦਾਲਤੀ ਤੇ ਸਰਦਾਰ ਬਲਵੰਤ ਸਿੰਘ ਰਿਆਸਤ ਵਿੱਚੋਂ ਬਾਹਰ ਕੱਢੇ ਗਏ।

ਇਸ ਤੋਂ ਪਿੱਛੋਂ ਨਾਭਾ ਰਿਆਸਤ ਦੇ ਵਿੱਚ ਸਵਾਏ ਲਧੜਾ ਤੇ ਸੋਨਟੀ ਵਾਲੇ ਸਰਦਾਰਾਂ ਦੇ ਝਗੜੇ ਦੀ; ਜਿਸ ਦਾ ਪਟਿਆਲਾ ਰਿਆਸਤ ਦੇ ਹਾਲ ਵਿੱਚ ਜ਼ਿਕਰ ਹੋ ਚੁੱਕਾ ਹੈ, ਕੋਈ ਅਜਿਹਾ ਮੁਕੱਦਮਾ ਦੱਸਣ ਯੋਗ ਨਹੀਂ, ਜਿਸ ਵਿੱਚ ਪੋਲੀਟੀਕਲ ਉਲਝਾਓ ਹੋਵੇ।

੧੦ ਅਗਸਤ ੧੮੩੮ ਨੂੰ ਸੋਨਟੀ ਦੇ ਸਰਦਾਰਾਂ ਤੇ ਨਾਭਾ ਦੇ ਝਗੜੇ ਦਾ ਫ਼ੈਸਲਾ ਹੋ ਚੁੱਕਾ ਸੀ, ਕਿੰਤੂ ਇਸ ਨਿਪਟਾ ਨੂੰ ਸੋਨਟੀ ਵਾਲੇ ਸਰਦਾਰਾਂ ਨੂੰ ਪਸੰਦ ਨਹੀਂ ਸੀ, ਇਸ ਤੋਂ ਆਪਸ ਵਿੱਚ ਮਿਲ ਜੁਲ ਰਹਿਣ ਦੀ ਸੂਰਤ ਨਾ ਬਣੀ। ਆਪੋ ਵਿੱਚ ਇੱਕ ਦੂਜੇ ਦੀ ਵਿਰੋਧਤਾ ਕਰਦੇ ਰਹੇ, ਜਿਸ ਤੋਂ ਲਾਰਡ ਕੈਨਿੰਗ ਨੇ ਕਿਹਾ ਕਿ ਜੇ ਹੋ ਸਕੇ ਤਦ ਦੋਨਾਂ ਧਿਰਾਂ ਦਾ ਫ਼ੈਸਲਾ ਸਰਕਾਰੀ ਤੌਰ ਤੇ ਕਰ ਦਿੱਤਾ ਜਾਵੇ। ਸੋ ਕਮਿਸ਼ਨਰ ਅੰਬਾਲਾ ਨੇ ਪਟਿਆਲਾ ਤੇ ਜੀਂਦ ਦੇ ਮਹਾਰਾਜਿਆਂ ਦੇ ਮਸ਼ਵਰੇ ਨਾਲ ਇਸ ਝਗੜੇ ਦਾ ਇਸ ਤਰ੍ਹਾਂ ਫ਼ੈਸਲਾ ਕੀਤਾ ਕਿ ਸੋਨਟੀ ਦੇ ਸਰਦਾਰ ਨੂੰ ਬਿਨਾਂ ਕਿਸੇ ਤਰ੍ਹਾਂ ਦੀ ਪੰਜ ਹਜ਼ਾਰ ਰੁਪਿਆ ਸਲਾਨਾ ਮਿਲਿਆ ਕਰੇ। ਸੋਨਟੀ ਵਾਲੇ ਸਰਦਾਰ ਇਸ ਫ਼ੈਸਲੇ ਤੇ ਵੀ ਰਾਜ਼ੀ ਨਾ ਹੋਏ, ਜਿਸ ਤੋਂ ਉਹਨਾਂ ਇਹਦੀ ਅਪੀਲ ਵਲਾਇਤ ਕੀਤੀ, ਜਿੱਥੋਂ ਫਿਰ ਨਵੇਂ ਸਿਰੇ ਖੋਜ ਕਰਨ ਦਾ ਹੁਕਮ ਹੋਇਆ। ਮਿਸਟਰ ਟੇਲਰ ਇਸ ਗੱਲ ਤੇ ਨੀਯਤ ਹੋਏ। ਜਿਨ੍ਹਾਂ ਨੇ ਆਖ਼ਰਕਾਰ ਇੱਕ ਚੋਖੇ ਚਿਰ ਦੀ ਖੋਜ ਭਾਲ ਦੇ ਮਗਰੋਂ ੧੮੬੮ ਨੂੰ ਫ਼ੈਸਲਾ ਦਿੱਤਾ ਕਿ ਸਮੁਚੀ ੨੪ ਹਜ਼ਾਰ ਪੰਜ ਸੌ ਦੀ ਸੌਨੀ ਦੀ ਰਕਮ ਦੇ ਹੇਠ ਲਿਖੀ ਰਕਮ ਰਿਆਸਤ ਨਾਭੇ ਨੂੰ ਮਿਲਣੀ ਚਾਹੀਦੀ ਹੈ:

੮੩੬੮) ਬਾਬਤ ਜ਼ਬਤੀ ਲਾਵਾਰਸ ਸਵਾਰਾਂ ਦਾ ਹਿੱਸਾ।

੫੦੭੧) ਬਾਬਤ ੬੦ ਸਵਾਰਾਂ ਦੀ ਨੌਕਰੀ ਤੇ ਹਾਜ਼ਰੀ ਬਾਬਤ ੭) ਮਾਹਵਾਰ ਦੇ ਹਿਸਾਬ।

੮੦੬੧) ਬਾਬਤ ਜ਼ਬਤੀ ਇਲਾਕਾ ਨਾਭਾ ਚੌਥੇ ਹਿੱਸੇ ਦੀ ਥਾਂ ਛੀਵੇਂ ਹਿੱਸੇ ਦੇ ਹਿਸਾਬ।

੨੧੫੦॥=) ਕੁਲ ਜੋੜ (੧੨੯੯੭) ਬਾਕੀ ਜੋੜ ਸੋਨਟੀ ਦੇ ਸਰਦਾਰਾਂ ਨੂੰ ਮਿਲਣਾ ਰਿਹਾ।

ਇਹ ਫ਼ੈਸਲਾ ਅਜਿਹਾ ਸੀ ਕਿ ਜਿਸ ਨੂੰ ਸਾਰੀਆਂ ਧਿਰਾਂ ਨੇ ਮਨਜ਼ੂਰ ਕਰ ਲਿਆ ਤੇ ਮੁਕੱਦਮਾ ਮੁੱਕ ਗਿਆ।

ਲਧੜਾਂ ਦੇ ਸਰਦਾਰ ਇਸ ਫ਼ੈਸਲੇ ਵਿੱਚ ਸ਼ਾਮਲ ਨਹੀਂ ਸਨ, ਕਿਉਂਕਿ ਉਹਨਾਂ ਦੀ ਹਾਲਤ ਸੋਨਟੀ ਦੇ ਸਰਦਾਰਾਂ ਤੋਂ ਬਿਲਕੁਲ ਅੱਡਰੀ ਸੀ ਤੇ ਨਾ ਹੀ ਉਹਨਾਂ ਦਾ ਜ਼ਬਤ ਹੋਏ ਇਲਾਕੇ ਦਾ ਚੌਥਾ ਹਿੱਸਾ ਨਾਭੇ ਵਿੱਚ ਸ਼ਾਮਲ ਸੀ।

ਸੰਮਤ ੧੯੪੪ ਨੂੰ ਅਬਦੁਲ ਰਹੀਮ ਖਾਂ ਵਕੀਲ ਨਾਭਾ ਨੇ ਕਮਿਸ਼ਨਰ ਟੇਲਰ ਨੂੰ ਆਪਣੇ ਹੱਥਾਂ ਤੇ ਪਾ ਲਿਆ। ਇਸ ਦੀ ਮਨਸ਼ਾ ਸੀ ਕਿ ਆਪਣੇ ਪਿਤਾ ਨੂਰ ਖਾਂ ਨੂੰ ਨਾਭੇ ਦਾ ਵਜ਼ੀਰ ਬਣਾਇਆ ਜਾਵੇ। ਲਾਲ ਸਿੰਘ ਜੋਧਪੁਰ ਇਨ੍ਹਾਂ ਦਾ ਪੁੱਤਰ ਹਜ਼ੂਰਾ ਸਿੰਘ, ਅਮਰ ਸਿੰਘ, ਗੁਪਾਲ ਸਿੰਘ ਕਸੂਰ, ਦਸੌਂਧਾ ਸਿੰਘ, ਜਮਾਂਦਾਰ ਭਗਵਾਨ ਸਿੰਘ ਸ਼ਾਹਪੁਰਾ, ਬੇਜੂ ਨਫ਼ਰ, ਦਿਆਲ ਸਿੰਘ ਥਾਲ ਵਾਲਾ, ਸ਼ੇਰ ਸਿੰਘ ਵਾਂਨਗੜ੍ਹਾ ਤੇ ਸ੍ਰ. ਬਖ਼ਸ਼ੀਸ਼ ਸਿੰਘ ਦਾਇਆ ਆਦਿਕ ਇਹ ਦਸ ਆਦਮੀ ਨਹੀਂ ਚਾਹੁੰਦੇ ਸੀ ਕਿ ਨੂਰ ਖਾਂ ਵਜ਼ੀਰ ਬਣੇ। ਅਬਦੁਲ ਰਹੀਮ ਖਾਂ ਨੇ ਇਨ੍ਹਾਂ ਨੂੰ ਅੰਬਾਲੇ ਸੱਦ ਕੇ ਕੈਦ ਕਰਾ ਦਿੱਤਾ। ਇਨ੍ਹਾਂ ਤੇ ਦੂਸ਼ਨ ਇਹ ਲਾਇਆ ਗਿਆ ਕਿ ਇਹ ਰਾਜਾ ਸਾਹਿਬ ਨੂੰ ਵਰਗਲਾ ਕੇ ਰਿਆਸਤ ਬਰਬਾਦ ਕਰਦੇ ਹਨ। ੧੧ ਮਹੀਨੇ ਇਹ ਅੰਬਾਲੇ ਕੈਦ ਰਹੇ ਤੇ ਪਿੱਛੋਂ ਕੌਂਸਲ ਬਣਾ ਦਿੱਤੀ। ਇਸ ਵਿੱਚ ਦੀਵਾਨ ਹਾਕਮ ਰਾਏ ਤੇ ਬਖਤਾਵਰ ਸਿੰਘ ਮੈਂਬਰ ਬਣਾਏ ਗਏ ਤੇ ਅਬਦੁਲ ਰਹੀਮ ਖਾਂ ਦਾ ਪਿਤਾ ਨੂਰ ਖਾਂ ਪ੍ਰੈਜ਼ੀਡੰਟ ਬਣਾਇਆ ਗਿਆ। ਇਸ ਤੇ ਵੀ ਅਬਦੁਲ ਰਹੀਮ ਨੂੰ ਸਬਰ ਨਾ ਆਇਆ। ਦੀਵਾਨ ਹਾਕਮ ਰਾਏ, ਪ੍ਰਭੂ ਦਿਆਲ, ਮੀਰ ਮੁਨਸ਼ੀ ਤੇ ਫਰੀਦਉਦੀਨ ਨੂੰ ਅੰਬਾਲੇ ਬੁਲਾ ਕੇ ਕੈਦ ਕਰਾ ਦਿੱਤਾ ਤੇ ਰਾਣਾ ਸਾਹਿਬ ਦਾ ਇੱਕ ਹਜ਼ਾਰ ਰੁਪਿਆ ਮਾਹਵਾਰ ਨੀਯਤ ਕਰਾ ਦਿੱਤਾ, ਜਿਸ ਤੋਂ ਰਾਜਾ ਸਾਹਿਬ ਨੇ ਤੰਗ ਆ ਕੇ ਇੱਕ ਲੱਖ ਦੀਆਂ ਮੋਹਰਾਂ ਖ਼ਜ਼ਾਨੇ ਵਿੱਚੋਂ ਚੋਰੀ ਕੱਢ ਕੇ ਆਪਣੇ ਅਹਿਲਕਾਰਾਂ ਨੂੰ ਛੁਡਾ ਲਿਆ, ਕੌਂਸਲ ਵੀ ਤੋੜ ਦਿੱਤੀ। ਇਸ ਵਕੀਲ ਨੂੰ ਵੀ ਰਿਆਸਤ ਤੋਂ ਖਾਰਜ ਕਰ ਦਿੱਤਾ ਤੇ ਸੰਮਤ ੧੯੨੫ ਬਿ. ਨੂੰ ਅੰਬਾਲੇ ਦੇ ਏਜੰਟ ਨਾਲੋਂ ਆਪਣਾ ਸੰਬੰਧ ਤੋੜ ਕੇ ਸਿੱਧਾ ਲਾਹੌਰ ਗਵਰਨਮੈਂਟ ਨਾਲ ਜੋੜ ਲਿਆ।

ਮੀਰ ਮੁਨਸ਼ੀ ਸਾਹਿਬ ਸਿੰਘ ਨੇ ਰਾਜਾ ਨੂੰ ਤੰਗ ਕਰਨਾ ਚਾਹਿਆ, ਜਿਸ ਤੇ ਇੱਕ ਦਿਨ ਰਾਜਾ ਸਾਹਿਬ ਨੇ ਕਿਹਾ ਕਿ ਮੁਨਸ਼ੀ ਤੈਨੂੰ ਨਾਭੇ ਵਿੱਚ ਸੜਨ ਦੀ ਥਾਂ ਵੀ ਨਾ ਮਿਲੇਗੀ। ਸੋ ਅਜਿਹਾ ਹੀ ਹੋਇਆ ਕਿ ਕੁਝ ਚਿਰ ਪਿੱਛੋਂ ਸਾਹਿਬ ਸਿੰਘ ਬਨਾਰਸ ਵੱਲ ਗਿਆ ਤਦ ਉੱਥੇ ਹੀ ਮਗਹਰ ਦੇਸ਼ ਵਿੱਚ ਮਰ ਗਿਆ।

## ੨੯. ਰਾਜਾ ਭਗਵਾਨ ਸਿੰਘ ਦਾ ਚਲਾਣਾ

ਰਾਜਾ ਭਗਵਾਨ ਸਿੰਘ ਨੇ ਕੁਝ ਚਿਰ ਰਿਆਸਤ ਦਾ ਪ੍ਰਬੰਧ ਬੜੀ ਸਿਆਣਪ ਨਾਲ ਚਲਾਇਆ। ਪ੍ਰਜਾ ਤੇ ਅਹਿਲਕਾਰ ਸਭ ਖ਼ੁਸ਼ ਸਨ। ਕਿੰਤੂ ਇਨ੍ਹਾਂ ਦੀ ਆਯੂ ਨੇ ਸਾਥ ਨਾ ਦਿੱਤਾ, ਆਖ਼ਰ ੪ ਮਹੀਨੇ ਬੀਮਾਰ ਰਹਿ ਕੇ ਤਪਦਿਕ ਦੇ ਰੋਗ ਨਾਲ ਜੇਠ ਵਦੀ ੧੨ ਸੰਮਤ ੧੯੨੭ ਬਿ. ਨੂੰ ਚਲਾਣਾ ਕਰ ਗਏ।

ਰਾਜਾ ਭਗਵਾਨ ਸਿੰਘ ਵੀ ਆਪਣੇ ਭਾਈ ਭਰਪੂਰ ਸਿੰਘ ਦੀ ਤਰ੍ਹਾਂ ਬੜਾ ਲਾਇਕ ਪੜ੍ਹਿਆ, ਲਿਖਿਆ ਰਾਜਾ ਸੀ। ਫ਼ਾਰਸੀ ਵਿੱਚ ਵੀ ਚੰਗੀ ਯੋਗਤਾ ਰੱਖਦੇ ਸੀ। ਉਰਦੂ ਬੜਾ ਸਾਫ਼ ਬੋਲਦੇ ਸਨ ਤੇ ਅੰਗ੍ਰੇਜ਼ੀ ਵਿੱਚ ਵੀ ਅੱਛੀ ਯੋਗਤਾ ਰੱਖਦੇ ਸਨ। ਇਨ੍ਹਾਂ ਦੇ ਉਸਤਾਦ ਮਾਸਟਰ ਵਜ਼ੀਰ ਅਲੀ ਦਿੱਲੀ ਵਾਲੇ ਸਨ ਜੋ ਅੱਜ ਕੱਲ੍ਹ ਰਿਆਸਤ ਨਾਭੇ ਵਿੱਚ ਮੀਰ ਮੁਨਸ਼ੀ ਹਨ।

ਰਾਜਾ ਭਰਪੂਰ ਸਿੰਘ ਦੀਆਂ ਦੋ ਰਾਣੀਆਂ ਸਨ: ਇਕ ਰਈਸ ਮਨੀ ਮਾਜਰਿਆਂ ਦੀ ਲੜਕੀ, ਦੂਜੀ ਚਿਠ ਪੰਡਵਾਲੀ ਸਰਦਾਰ ਬਹਾਦਰ ਸਿੰਘ ਦੀ ਭੈਣ, ਇੱਕ ਰਾਣੀ ਭਗਵਾਨ ਸਿੰਘ ਦੀ। ਇਨ੍ਹਾਂ ਤਿੰਨਾਂ ਨੂੰ ਆਯੂ ਭਰ ਰਿਆਸਤ ਵੱਲੋਂ ਚੌਂਤੀ ਚੌਂਤੀ ਸੌ ਰੁਪਿਆ ਤੇ ਮਾਈ ਮਾਨ ਨੂੰ ੮੦੦੦ ਰੁਪਇਆ ਸਲਾਨਾ ਜੇਬ ਖ਼ਰਚ ਨਿਤਾਪ੍ਰਤੀ ਦੇ ਖ਼ਰਚ ਤੋਂ ਵਖਰਾ ਮਿਲਦਾ ਹੈ।

ਭਗਵਾਨ ਸਿੰਘ ਦੀਆਂ ਤਿੰਨ ਰਾਣੀਆਂ ਸਨ: ਭਰੋਲੇ ਵਾਲੇ ਸਰਦਾਰ ਜਸਵੰਤ ਸਿੰਘ ਦੀ ਲੜਕੀ, ਦੂਜੀ ਕੋਟਫਤਹ ਦੀ, ਤੀਜੀ ਢਈਵਾਲੇ ਪ੍ਰਤਾਪ ਸਿੰਘ ਦੀ ਲੜਕੀ। ਇਹਨਾਂ ਤਿੰਨਾਂ ਵਿੱਚੋਂ ਕਿਸੇ ਦੀ ਵੀ ਸੰਤਾਨ ਨਹੀਂ, ਜਿਸ ਤੋਂ ਪੰਜ ਮਈ ੧੯੬੦ ਦੀਆਂ ਸ਼ਰਤਾਂ ਅਨੁਸਾਰ ਭਗਵਾਨ ਸਿੰਘ ਦੇ ਮਰਨ ਦੇ ਪਿੱਛੋਂ ਰਿਆਸਤ ਨਾਭਾ ਦਾ ਰਾਜ ਫੂਲ ਵੰਸ਼ ਵਿੱਚੋਂ ਹੋਰ ਕੋਈ ਚੁਨਣਾ ਪਿਆ। ਦੀਵਾਨ ਹਾਕਮ ਰਾਏ ਨਾਭਾ ਨੇ ਪ੍ਰਭੂ ਦਿਆਲ ਮੀਰ ਮੁਨਸ਼ੀ ਦੀ ਲਿਖਤ ਤੇ ਕੁਰਸੀਨਾਮੇ ਦੇ

ਹਿਸਾਬ ਸਰਦਾਰ ਹੀਰਾ ਸਿੰਘ ਬਡਰੁਖਾਂ ਵਾਲੇ ਨੂੰ ਯੋਗ ਤੇ ਹੱਕਦਾਰ ਸਮਝ ਕੇ ਰਿਆਸਤ ਨਾਭੇ ਦੇ ਸਾਰੇ ਅਹਿਲਕਾਰਾਂ ਦੇ ਦਸਤਖ਼ਤ ਕਰਾ ਰੱਖੇ ਸਨ। ਜਦ ਸਰਕਾਰ ਵੱਲੋਂ ਸਰਲੈਪਲ ਗ੍ਰਿਫਨ ਤੇ ਮਹਾਰਾਜਾ ਪਟਿਆਲਾ ਤੇ ਜੀਂਦ ਪੁੱਛਣ ਵਾਸਤੇ ਨਾਭੇ ਆਏ ਤਦ ਦੀਵਾਨ ਨੇ ਓਹ ਹੀ ਕਾਗ਼ਜ਼ ਇਨ੍ਹਾਂ ਤਿੰਨਾਂ ਦੇ ਸਾਹਮਣੇ ਪੇਸ਼ ਕਰ ਦਿੱਤਾ। ਇਸ ਵਿੱਚ ਸ਼ੱਕ ਨਹੀਂ ਕਿ ਜੀਂਦ ਦੇ ਰਾਜੇ ਦੀ ਰਾਏ ਉਲਟ ਸੀ, ਕਿੰਤੂ ਦੀਵਾਨ ਹਾਕਮ ਰਾਏ ਤੇ ਸਰਦਾਰ ਸੇਵਾ ਸਿੰਘ ਨੇ ਖਲੀਫਾ ਮੁਹੰਮਦ ਹੁਸੈਨ ਵਜ਼ੀਰ ਪਟਿਆਲਾ ਜਿਸ ਦੇ ਵਸ ਵਿੱਚ ਮਹਾਰਾਜਾ ਪਟਿਆਲਾ ਸੀ, ਆਪਣੇ ਕਾਬੂ ਕਰ ਲਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਮਹਾਰਾਜਾ ਪਟਿਆਲਾ ਤੇ ਜੀਂਦ ਨੇ ਗਵਰਨਮੈਂਟ ਨੂੰ ਲਿਖਿਆ ਕਿ ਨਾਭੇ ਦਾ ਰਾਜਾ ਸਰਦਾਰ ਹੀਰਾ ਸਿੰਘ ਬਡਰੁਖਾਂ ਵਾਲਿਆਂ ਨੂੰ ਬਣਾਇਆ ਜਾਵੇ ਕਿਉਂਕਿ ਇਹ ਹੀ ਹੱਕਦਾਰ ਤੇ ਯੋਗ ਪੁਰਸ਼ ਹਨ। ਗਵਰਨਮੈਂਟ ਦੀ ਰਾਏ ਵੀ ਇਨ੍ਹਾਂ ਦੇ ਨਾਲ ਮਿਲ ਗਈ। ਲਫਟੰਟ ਗਵਰਨਰ ਪੰਜਾਬ ਨੇ ਸਰਦਾਰ ਹੀਰਾ ਸਿੰਘ ਨੂੰ ਸ਼ਿਮਲੇ ਸੱਦ ਕੇ ਕੁਝ ਗੱਲਾਂ ਸਮਝਾ ਕੇ ਨਾਭੇ ਦਾ ਰਾਜਾ ਬਣਾ ਦਿੱਤਾ ਤੇ ਕਿਹਾ ਕਿ ਤੁਸੀਂ ਇਹ ਸਮਝੋ ਕਿ ਅੱਜ ਤੋਂ ਬਡਰੁਖਾਂ ਵਿੱਚੋਂ ਮਰ ਗਏ ਤੇ ਰਾਜਾ ਭਗਵਾਨ ਸਿੰਘ ਦੇ ਘਰ ਜਨਮੇਂ। ਰਿਆਸਤ ਦੇ ਪੁਰਾਣੇ ਨੌਕਰਾਂ ਤੇ ਪਰਜਾ ਦਾ ਖ਼ਿਆਲ ਰਖਣਾ ਤੇ ਅੰਗ੍ਰੇਜ਼ੀ ਗਵਰਨਮੈਂਟ ਦੇ ਦਿਲ ਜਾਨ ਤੋਂ ਉਜੇਹੇ ਹੀ ਸ਼ੁਭਚਿੰਤਕ ਬਣੇ ਰਹਿਣਾ, ਜਹੇ ਕਿ ਤੁਹਾਡੇ ਵੱਡੇ ਬਣੇ ਰਹਿੰਦੇ ਸਨ।

## ੩੦. ਰਾਜਾ ਹੀਰਾ ਸਿੰਘ ਦੀ ਗੱਦੀ ਨਸ਼ੀਨੀ

ਭਾਦ੍ਰੋਂ ਵਦੀ ੮ ਸੰਮਤ ੧੯੨੮ ਬਿਕ੍ਰਮੀ ਮੁਤਾਬਕ ਅਗਸਤ ੧੮੭੧ ਨੂੰ ਸਰਦਾਰ ਹੀਰਾ ਸਿੰਘ ਸਾਹਿਬ ਰਿਆਸਤ ਨਾਭਾ ਦੇ ਰਾਜਾ ਬਣਾਏ ਗਏ ਤੇ ਗੱਦੀ ਤੇ ਬੈਠਣ ਦੀ ਰਸਮ ਬੜੀ ਧੂਮ ਧਾਮ ਨਾਲ ਮਨਾਈ ਗਈ। ਰਾਜਾ ਹੀਰਾ ਸਿੰਘ ਗੁਰਮੁਖੀ ਤੇ ਹਿੰਦੀ ਚੰਗੀ ਤਰ੍ਹਾਂ ਜਾਣਦੇ ਸਨ, ਕਿੰਤੂ ਇਨ੍ਹਾਂ ਨੇ ਆਪਣੇ ਵਾਹਿਗੁਰੂ ਵੱਲੋਂ ਮਿਲੀ ਸਿਆਣਪ ਤੇ ਇਸ ਖ਼ੂਬੀ ਦੇ ਨਾਲ ਰਿਆਸਤ ਦਾ ਪ੍ਰਬੰਧ ਕੀਤਾ ਕਿ ਇਨ੍ਹਾਂ ਦੇ ਸਮੇਂ ਦੇ ਦੂਜੇ ਰਾਜੇ; ਜੋ ਅੰਗ੍ਰੇਜ਼ੀ ਆਦਿਕ ਪੱਛਮੀ ਜ਼ਬਾਨਾਂ ਦੇ ਜਾਣੂੰ ਸੀ, ਕੁਝ ਵੀ ਨਾ ਕਰ ਸਕੇ। ਰਾਜਾ ਹੀਰਾ ਸਿੰਘ ਦਾ ਵਜ਼ੀਰ ਸਰਦਾਰ ਸੇਵਾ ਸਿੰਘ ਸੀ। ਇਨ੍ਹਾਂ ਦੀ ਸਹਾਇਤਾ ਨਾਲ ਰਿਆਸਤ ਨਾਭਾ ਦਾ ਪ੍ਰਬੰਧ ਹਰ ਤਰ੍ਹਾਂ ਤਸੱਲੀ ਵਾਲਾ ਹੋ ਗਿਆ।

## ੩੧. ਕੂਕਿਆਂ ਦਾ ਫਸਾਦ

ਰਾਜਾ ਹੀਰਾ ਸਿੰਘ ਅਜੇ ਗੱਦੀ ਤੇ ਬੈਠੇ ਹੀ ਸੀ ਕਿ ਕੂਕਿਆਂ* ਦਾ ਫਸਾਦ ਹੋ ਗਿਆ, ਜਿਸ ਵਿੱਚ ਰਾਜਾ ਸਾਹਿਬ ਨੇ ਗਵਰਨਮੈਂਟ ਨੂੰ ਬੜੀ ਮੱਦਦ ਦਿੱਤੀ। ਜਦ ਕੂਕਿਆਂ ਨੇ ੧੯੨੮ ਨੂੰ ਮਲੌਦ ਤੇ ਮਲੇਰਕੋਟਲੇ ਫ਼ਸਾਦ ਕੀਤਾ ਅਤੇ ਕਈ ਆਦਮੀ ਵੱਢ ਸੁਟੇ, ਤਦ ਰਾਜਾ ਸਾਹਿਬ ਨੇ ਵਜ਼ੀਰ ਅਲੀ ਖਾਂ ਨੂੰ ਫੌਜ ਦੇ ਕੇ ਮਲੇਰਕੋਟਲੇ ਭੇਜਿਆ, ਜਿਸ ਨੇ ਫਸਾਦੀਆਂ ਨੂੰ ਫੜ ਕੇ ਕਮਿਸ਼ਨਰ ਦੇ ਹੁਕਮ ਨਾਲ ਤੋਪ ਦੇ ਨਾਲ ਉਡਾ ਦਿੱਤਾ।

## ੩੨. ਕਾਬਲ ਦੀ ਲੜਾਈ ਵਿੱਚ ਗਵਰਨਮੈਂਟ ਦੀ ਸਹਾਇਤਾ

ਸੰਮਤ ੧੯੩੫ ਨੂੰ ਅੰਗਰੇਜ਼ਾਂ ਦਾ ਕਾਬਲ ਵਾਲੇ ਨਾਲ ਜੰਗ ਸ਼ੁਰੂ ਹੋ ਗਿਆ। ਤਦ ਰਾਜਾ ਹੀਰਾ ਸਿੰਘ ਨੇ ਆਪਣੇ ੭੦੦ ਸਿਪਾਹੀ ਤੋਪਖਾਨੇ ਤੇ ਰਸਾਲੇ ਦੇ ਸਮੇਤ ਸਰਦਾਰ ਬਿਸ਼ਨ ਸਿੰਘ ਤੇ ਬਖ਼ਸ਼ੀ ਬਦਰਦੀਨ ਅਫਸਰਾਂ ਦੀ ਕਮਾਨ ਵਿੱਚ ਭੇਜੇ। ਇਨ੍ਹਾਂ ਦਾ ਸਾਰਾ ਖ਼ਰਚ ਨਾਭੇ ਵੱਲੋਂ ਹੀ ਜੰਗ ਦੇ ਦਿਨਾਂ ਦਾ ਹੋਇਆ। ਇਸ ਤੋਂ ਛੁਟ ੪ ਲੱਖ ਰੁਪਿਆ ਅੰਗਰੇਜ਼ਾਂ ਨੂੰ ਕਰਜ਼ ਦਿੱਤਾ, ਜਿਸ ਦਾ ਸੂਦ ੧੬ ਹਜ਼ਾਰ ਰੁਪਿਆ ਰਿਆਸਤ ਨੂੰ ਮਿਲਦਾ ਰਿਹਾ।

---

*ਕੂਕਿਆਂ ਨੂੰ ਨਾਮਧਾਰੀ ਵੀ ਕਹਿੰਦੇ ਹਨ। ਇਹ ਸਿੱਖਾਂ ਦਾ ਇੱਕ ਫਿਰਕਾ ਹੈ। ਇਨ੍ਹਾਂ ਦਾ ਮੁੱਢ ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਵਾਲਿਆਂ ਤੋਂ ਹੋਇਆ ਹੈ। ਇਨ੍ਹਾਂ ਨੇ ਸਲਾਹ ਕਰ ਕੇ ਇੱਕ ਰਾਤ ਕਈ ਜਗ੍ਹਾ ਤੇ ਕਸਾਈਆਂ ਨੂੰ ਵੱਢ ਸੁੱਟਿਆ, ਜਿਸ ਦੇ ਬਦਲੇ ਇਹ ਤੋਪ ਨਾਲ ਉਡਾਏ ਗਏ ਤੇ ਬਾਬਾ ਰਾਮ ਸਿੰਘ ਕਾਲੇ ਪਾਣੀ ਭੇਜਿਆ ਗਿਆ ਤੇ ਉੱਥੇ ਹੀ ਚਲਾਣਾ ਕਰ ਗਿਆ। ਇਸ ਫਿਰਕੇ ਦਾ ਪੂਰਾ ਹਾਲ ਪੰਜਵੇਂ ਹਿੱਸੇ ਵਿੱਚ ਲਿਖਾਂਗੇ।

ਕਾਬਲ ਦੀ ਲੜਾਈ ਵਿੱਚ ਜਿੰਨੀ ਪ੍ਰਸੰਸਾ ਗਵਰਨਮੈਂਟ ਨੇ ਰਾਜਾ ਸਾਹਿਬ ਨਾਭਾ ਦੀ ਕੀਤੀ, ਕਿਸੇ ਹੋਰ ਰਾਜਿਆਂ ਨੂੰ ਓਨੀ ਪ੍ਰਾਪਤੀ* ਨਹੀਂ ਹੋਈ। ਇਨ੍ਹਾਂ ਚਿੱਠੀਆਂ ਦਾ ਸਾਰ ਭਾਵ ਇਹ ਹੈ ਕਿ:

'ਐ ਮੇਰੇ ਪਿਆਰੇ ਰਾਜਾ ਸਾਹਿਬ ਬਹਾਦਰ! ਮੈਂ ਆਪ ਨੂੰ ਆਪਣੀ ਸੱਚੀ ਦੋਸਤੀ ਦਾ ਯਕੀਨ ਦਲਵਾਂਦਾ ਹਾਂ ਕਿ ਆਪ ਦੀ ਫੌਜ ਨੇ ਹਰ ਤਰ੍ਹਾਂ ਪ੍ਰਸੰਸਾ ਯੋਗ ਕੰਮ ਕੀਤੇ ਹਨ। ਕੁਰਮ ਦੀ ਲੜਾਈ ਵਿੱਚ ਇੰਨੀ ਬਹਾਦਰੀ ਵਿਖਾਈ ਹੈ ਕਿ ਜਿਸ ਤੋਂ ਇਨ੍ਹਾਂ ਦੀ ਤਾਰੀਫ਼ ਕਰਨੀ ਪੈਂਦੀ ਹੈ।'

ਇਨ੍ਹਾਂ ਚਿੱਠੀਆਂ ਤੋਂ ਪਤਾ ਲੱਗਦਾ ਹੈ ਕਿ ਕਾਬਲ ਦੀ ਲੜਾਈ ਵਿੱਚ ਰਾਜਾ ਸਾਹਿਬ ਨਾਭਾ ਦੀ ਫੌਜ ਅੱਵਲ ਦਰਜੇ ਤੇ ਰਹੀ। ਇਸ ਤੋਂ ਛੁਟ ਮਾਲਟਾ ਤੇ ਮਿਸਰ ਆਦਿਕ ਵਿੱਚ ਜਿਸ ਜਿਸ ਜਗ੍ਹਾ ਅੰਗਰੇਜ਼ਾਂ ਦੇ ਨਾਲ ਲੜਾਈ ਹੁੰਦੀ, ਰਾਜਾ ਸਾਹਿਬ ਵੱਲੋਂ ਆਪ ਫੌਜ ਸਮੇਤ ਜਾਣ ਦੀ ਦਰਖ਼ਾਸਤ ਪੇਸ਼ ਹੁੰਦੀ ਰਹੀ। ਗੱਲ ਕੀ ਕਿ ਹਰ ਮੁਸ਼ਕਲ ਦੇ ਸਮੇਂ ਰਾਜਾ ਸਾਹਿਬ ਨੇ ਦੂਜਿਆਂ ਨਾਲੋਂ ਪਹਿਲਾਂ ਸਹਾਇਤਾ ਦੇ ਕੇ ਆਪਣੀ ਖ਼ੈਰਖਾਹੀ ਤੇ ਵਫ਼ਾਦਾਰੀ ਦਾ ਸਬੂਤ ਦਿੱਤਾ।

੧੯੪੧ ਬਿ. ਨੂੰ ਅਮੀਰ ਕਾਬਲ ਦੇ ਆਉਣ ਤੇ ਰਾਵਲਪਿੰਡੀ ਵਿੱਚ ਇੱਕ ਖ਼ਾਸ ਦਰਬਾਰ ਹੋਇਆ, ਜਿਸ ਵਿੱਚ ਰਾਜਾ ਸਾਹਿਬ ਵੀ ਪਧਾਰੇ ਸਨ। ਆਪ ਦੀ ਫੌਜ ਨੇ ਕਵਾਇਦ ਤੋਂ ਜਾਣੂੰ ਹੋਣ ਦੇ ਕਾਰਨ ਇੱਥੇ ਚੰਗੀ ਪ੍ਰਸੰਸਾ ਪ੍ਰਾਪਤ ਕੀਤੀ।

## ੩੩. ਰਿਆਸਤ ਨਾਭਾ ਵਿੱਚ ਵਾਇਸਰਾਇ ਦਾ ਆਉਣਾ

ਇਸ ਰਿਆਸਤ ਵਿੱਚ ੪ ਵੇਰ ਵਾਇਸਰਾਏ ਤਸ਼ਰੀਫ ਲਿਆਏ।

੧. ਮੁਕਾਮ ਧਨੌਲਾ ੧੮੯੫ ਬਿ. ਲਾਰਡ ਆਕਲੈਂਡ ਸਾਹਿਬ ਬਹਾਦਰ ਰਾਜਾ ਜਸਵੰਤ ਸਿੰਘ ਦੇ ਵੇਲੇ।

੨. ਮੁਕਾਮ ਧਨੌਲਾ ੧੮੯੮ ਬਿ. ਲਾਰਡ ਆਕਲੈਂਡ ਸਾਹਿਬ ਬਹਾਦਰ ਰਾਜਾ ਜਸਵੰਤ ਸਿੰਘ ਦੇ ਵੇਲੇ।

੩. ੧੯੦੬ ਲਾਰਡ ਹਾਰਡਿੰਗ – ਰਾਜਾ ਭਰਪੂਰ ਸਿੰਘ ਦੇ ਸਮੇਂ

੪. ਲਾਰਡ ਲੈਨਸਡਾਉਨ ਸਾਹਿਬ – ਰਾਜਾ ਹੀਰਾ ਸਿੰਘ ਦੇ ਸਮੇਂ

## ੩੪. ਪ੍ਰਜਾ ਦੀ ਭਲਿਆਈ ਦੇ ਕੰਮ

ਰਾਜਾ ਹੀਰਾ ਸਿੰਘ ਨੇ ਰਿਆਸਤ ਨਾਭਾ ਨੂੰ ਬੜੀ ਤਰੱਕੀ ਦਿੱਤੀ। ਬੜੇ ਮਕਾਨ ਸੜਕਾਂ ਤੇ ਬਾਗ਼ ਬਣਾਏ। ੪ ਲੱਖ ਰੁਪਇਆ ਖ਼ਰਚ ਕੇ ਇੱਕ ਪੱਕੀ ਛਾਉਣੀ ਅੰਗ੍ਰੇਜ਼ੀ ਢੰਗ ਦੀ ਬਣਵਾਈ ਤੇ ਖ਼ਾਸ ਨਾਭੇ ਵਿੱਚ ਐੱਫ. ਏ. ਤੱਕ ਕਾਲਜ ਖੋਲ੍ਹਿਆ ਅੰਗ੍ਰੇਜ਼ੀ ਢੰਗ ਦਾ ਆਪਣੀ ਰਿਆਸਤ ਵਿੱਚ ਡਾਕਖਾਨਿਆਂ ਦਾ ਪ੍ਰਬੰਧ ਕੀਤਾ। ੧੫ ਲੱਖ ਖ਼ਰਚ ਕੇ ਖੇਤਾਂ ਨੂੰ ਪਾਣੀ ਦੇਣ ਲਈ ਨਹਿਰ ਆਂਦੀ। ਰਿਆਸਤ ਦੇ ਵਿੱਚੋਂ ਜਿੱਥੋਂ ਜਿੱਥੋਂ ਰੇਲ ਗੁਜ਼ਰੀ ਅਸਟੇਸ਼ਨਾਂ ਦਾ ਖ਼ਰਚ ਆਪਣੇ ਜੁਮੇ ਲਿਆ। ਵੈਸਰਾਏ ਦੇ ਆਉਣ ਦੀ ਯਾਦ ਵਿੱਚ ਇੱਕ ਹਸਪਤਾਲ ਖੋਲ੍ਹਿਆ। ੫੦ ਹਜ਼ਾਰ ਰੁਪਿਆਂ ਦੇ ਨਾਲ ਬਾਗ਼ ਵਿੱਚ ਇੱਕ ਕੋਠੀ ਬਣਵਾਈ। ਪੱਕੇ ਬਾਗ਼ ਵਿੱਚ ੨ ਲੱਖ ਰੁਪਏ ਦੇ ਖ਼ਰਚ ਨਾਲ ਇੱਕ ਹੋਰ ਕੋਠੀ ਤਿਆਰ ਕੀਤੀ। ਸਾਰੇ ਸ਼ਹਿਰ ਨਾਭੇ ਵਿੱਚ ਗੰਦੀਆਂ ਨਾਲੀਆਂ ਨੂੰ ਪੱਕਾ ਬਣਵਾਇਆ ਤੇ ਸੜਕਾਂ ਪੱਕੀਆਂ ਕਰਾਈਆਂ। ਚੋਦਹ ਨਦੀ ਤੇ ੪੦ ਹਜ਼ਾਰ ਦੇ ਖ਼ਰਚ ਨਾਲ ਭਾਵਸੂ ਦੇ ਮੁਕਾਮ ਤੇ ਪੁਲ ਬਣਵਾਇਆ। ਨਾਭੇ ਤੋਂ ਮਾਲੇਰਕੋਟਲਾ ਤੱਕ ੨੪ ਮੀਲ ਖੰਨਾ ਤੇ ੧੬ ਮੀਲ ਪਟਿਆਲੇ ਤੱਕ ਪੱਕੀ ਸੜਕ ਬਣਵਾਈ। ਕੈਦੀਆਂ ਵਾਸਤੇ ਇੱਕ ਪੱਕਾ ਜੇਹਲਖਾਨਾ ਬਣਵਾਇਆ। ਬਾਵਲ ਵਿੱਚ ਦੋ ਲੱਖ ਦੇ ਖ਼ਰਚ ਨਾਲ ਇੱਕ ਪੱਕਾ ਕਿਲ੍ਹਾ ਬਣਵਾਇਆ। ਅਮਲੋਹ ਵਿੱਚ ਪੱਕੀ ਸਰਾਂ ਤੇ ਬਜ਼ਾਰ ਫੂਲ ਵਿੱਚ ਇੱਕ ਬਾਗ਼ ਅਸਟੇਸ਼ਨ, ਤੇ ਮੰਡੀ ਜੈਤੋਂ ਵਿੱਚ ਇੱਕ ਬਜ਼ਾਰ, ਧਨੌਲਾ ਵਿੱਚ ਇੱਕ ਸਰਾਂ ਰਹਿਣ ਵਾਲੇ ਕਿਲ੍ਹੇ ਵਿੱਚ, ਤੇ ਰਾਣੀਆਂ ਵਾਸਤੇ ਚਾਰ ਵੱਖੋ ਵੱਖ ਮਕਾਨ, ਛਾਵਣੀ ਵਿੱਚ ਹਿੰਦੂਆਂ ਵਾਸਤੇ ਡੂਢ ਲੱਖ ਰੁਪਇਆ ਨਾਲ ਦੇਵੀ ਮੰਦਰ, ਇੱਕ ਤਾਲਾਬ, ਸਭਾ ਦਾ ਮਕਾਨ, ਵਿਦਿਆਰਥੀਆਂ ਲਈ ਬੋਰਡਿੰਗ, ਬੀੜ

---

*ਵੇਖੋ ਚਿੱਠੀ ਨੰ: ੧-ਅਪ੍ਰੈਲ ਦੀ ੨੩ ਸੰਨ ੧੮੮੯ ਕਮਾਂਡਰ ਇਨ-ਚੀਫ ਸਰ ਫ੍ਰੈਡਰਕ, ੬ ਜੂਨ ਹੰਸ ਸਾਹਿਬ ਬਹਾਦਰ, ੧੧ ਮਈ, ਕਪਤਾਨ ਸੀ.ਐਫ.ਮੇਸੀ. ਸਾਹਿਬ, ੪ ਫਰਵਰੀ, ਦੀਆਂ ਕੁਰਮ ਤੋਂ ਲਿਖੀਆਂ ਹੋਈਆਂ ਜਰਨੈਲ ਰਾਬਰਟ ਸਾਹਿਬ ਬਹਾਦਰ, ੯ ਜੂਨ, ਆਦਿਕ।

ਵਿੱਚ ਟਿਕਾ ਸਾਹਿਬ ਦੇ ਨਾਮ ਤੇ ਇੱਕ ਬਾਗ਼, ਫ਼ਕੀਰਾਂ ਵਾਸਤੇ ਗੁਫ਼ਾ ਆਦਿਕ, ਸ਼ਿਮਲੇ ਵਿੱਚ ੨੭੦੦੦) ਦੇ ਖ਼ਰਚ ਨਾਲ ਇੱਕ ਕੋਠੀ, ਇੱਕ ਹਵੇਲੀ ਥਾਨੇਸਰ ਵਿੱਚ ਜਿਸ ਦੇ ਵਿੱਚ ੧੦੦) ਮਾਹਵਾਰ ਨਾਲ ਸਦਾਬ੍ਰਤ ਲੱਗਾ ਹੋਇਆ ਹੈ, ਇੱਕ ਲੰਗਰ ਨਾਭੇ ਵਿੱਚ ਟਿੱਕੇ ਸਾਹਿਬ ਦੇ ਨਾਮ ਤੇ ਜਿੱਥੇ ੭ ਰੁਪਏ ਰੋਜ਼ ਖ਼ਰਚ ਹੋਂਦਾ ਹੈ, ੨੦ ਹਜ਼ਾਰ ਦੇ ਖ਼ਰਚ ਨਾਲ ਮੁਰਦੇ ਸਾੜਨ ਲਈ ਇੱਕ ਹਾਤਾ, ਤਿੰਨਾਂ ਜ਼ਿਲ੍ਹਿਆਂ ਦੀਆਂ ਕਚਹਿਰੀਆਂ ਆਦਿਕ; ਗੱਲ ਕੀ ਰਾਜਾ ਹੀਰਾ ਸਿੰਘ ਨੇ ਗੱਦੀ ਤੇ ਬੈਠਦਿਆਂ ਹੀ ਪਰਜਾ ਦੀ ਭਲਿਆਈ ਤੇ ਸੁਖ ਦੇ ਸਾਧਨ ਸੋਚ ਕੇ ਆਪਣੇ ਆਪ ਨੂੰ ਇੱਕ ਲਾਇਕ ਰਾਜਾ ਸਾਬਤ ਕੀਤਾ। ਇਨ੍ਹਾਂ ਦੇ ਸਮੇਂ ਵਿੱਚ ਇਨ੍ਹਾਂ ਦੀ ਰਿਆਸਤ ਦਾ ਪ੍ਰਬੰਧ ਨਮੂਨੇ ਦਾ ਸੀ।

ਰਾਜਾ ਸਾਹਿਬ ਦੀਆਂ ਚਾਰ ਰਾਣੀਆਂ ਸਨ, ੧ ਸਰਦਾਰ ਅਨੋਖ ਸਿੰਘ ਲੌਂਗੋਵਾਲੀਏ ਦੀ ਲੜਕੀ ਮੀਰ ਕੌਰ, ਜਿਸ ਦੀ ਕੁੱਖ ਵਿੱਚੋਂ ਫਗਣ ੧੯੩੯ ਬਿਕ੍ਰਮੀ ਵਿੱਚ ਟਿੱਕਾ ਸਾਹਿਬ ਨੇ ਜਨਮ ਲਿਆ। ਦੂਜੀ ਰਾਣੀ ਰਲੇ ਵਾਲੀ ਪ੍ਰਮੇਸ਼ਰ ਕੌਰ ਸਰਦਾਰ ਪ੍ਰੇਮ ਸਿੰਘ ਦੀ ਲੜਕੀ, ਜਿਸ ਤੋਂ ਇੱਕ ਲੜਕੀ ਉਤਪੰਨ ਹੋਈ, ਤੀਜੀ ਕਰਮ ਗੜ੍ਹ ਵਾਲੀ ਸਰਦਾਰ ਵਸਾਵਾ ਸਿੰਘ ਦੀ ਲੜਕੀ ਹਰਨਾਮ ਕੌਰ, ਚੌਥੀ ਸਰਦਾਰ ਸੰਤੋਖ ਸਿੰਘ ਦੀ ਲੜਕੀ ਈਸ਼ਰ ਕੌਰ।

ਟਿਕਾ ਰਿਪਦੁਮਨ ਸਿੰਘ ਦੀ ਪੜ੍ਹਾਈ ਦਾ ਰਾਜਾ ਹੀਰਾ ਸਿੰਘ ਜੀ ਨੂੰ ਬੜਾ ਸ਼ੌਕ ਸੀ। ਜੋ ਗੁਰਮੁਖੀ ਸੰਸਕ੍ਰਿਤ ਅੰਗਰੇਜ਼ੀ ਵਿੱਚ ਇੰਨੇ ਚੰਗੇ ਵਿਦਵਾਨ ਹਨ। ਹੁਣ ਭਾਈ ਕਾਹਨ ਸਿੰਘ ਜੋ ਭਾਸ਼ਾ ਤੇ ਪੰਜਾਬੀ ਚੰਗੀ ਤਰ੍ਹਾਂ ਤੇ ਕੁਝ ਸੰਸਕ੍ਰਿਤ ਵੀ ਜਾਣਦੇ ਹਨ ਤੇ ਬੜੇ ਸਮਝਦਾਰ ਆਦਮੀ ਮਲੂਮ ਹੁੰਦੇ ਹਨ, ਉਸਤਾਦ ਨੀਯਤ ਹੋਏ ਹਨ। ਬਾਬੂ ਬਿਸ਼ਨ ਦਾਸ ਅੰਗ੍ਰੇਜ਼ੀ ਪੜ੍ਹਾਂਦੇ ਹਨ। ਰਾਜਾ ਹੀਰਾ ਸਿੰਘ ਦਾ ਲੜਕਾ ਆਸ ਹੈ ਕਿ ਆਪਣੇ ਯੋਗ ਪਿਤਾ ਦੀ ਦੇਖਭਾਲ ਵਿੱਚ ਪ੍ਰਵਰਸ਼ ਪਾ ਕੇ ਪਿਤਾ ਵਾਂਗ ਰਿਆਸਤ ਦਾ ਪ੍ਰਬੰਧ ਬੜੀ ਯੋਗਤਾ ਨਾਲ ਕਰਨਗੇ।

ਸਰਦਾਰ ਸੇਵਾ ਸਿੰਘ ਵਜ਼ੀਰ ਰਿਆਸਤ ਨਾਭਾ ਜਿਨ੍ਹਾਂ ਦੀ ਯੋਗਤਾ ਦਾ ਜ਼ਿਕਰ ਪਹਿਲਾਂ ਹੀ ਕਰ ਚੁੱਕੇ ਹਾਂ, ਜਿਨ੍ਹਾਂ ਦੀ ਚੰਗੀ ਸੇਵਾ ਨੂੰ ਮੁੱਖ ਰੱਖ ਕੇ ੧੨ ਹਜ਼ਾਰ ਦੀ ਜਾਗੀਰ ਇਨ੍ਹਾਂ ਦੀ ਸੰਤਾਨ ਲਈ ਤੇ ਤਿੰਨ ਪਿੰਡਾਂ ਦੀ ਬਿਸਵੇਦਾਰੀ ਦਿੱਤੀ ਗਈ ਹੈ, ਕੁਝ ਚਿਰ ਹੋਇਆ ਚਲਾਣਾ ਕਰ ਗਏ ਹਨ। ਹੁਣ ਇਨ੍ਹਾਂ ਦੀ ਜਗ੍ਹਾ ਇਨ੍ਹਾਂ ਦੇ ਪੁੱਤਰ ਸਰਦਾਰ ਪ੍ਰਤਾਪ ਸਿੰਘ ਵਜ਼ੀਰ ਹਨ। ਇਹ ਵੀ ਬੜੇ ਲਾਇਕ, ਹੁਸ਼ਿਆਰ ਤੇ ਨੌਜਵਾਨ ਹਨ। ਅੰਗਰੇਜ਼ੀ ਚੰਗੀ ਜਾਣਦੇ ਹਨ ਤੇ ਹੱਛੀ ਤਰ੍ਹਾਂ ਬੋਲ ਸਕਦੇ ਹਨ।

## ੩੫. ਰਿਆਸਤ ਦੀ ਆਮਦਨੀ

ਪਹਿਲਾਂ ਇਸ ਰਿਆਸਤ ਦੀ ਆਮਦਨੀ ੯ ਲੱਖ ਰੁਪਏ ਦੀ ਸੀ, ਕਿੰਤੂ ਰਾਜਾ ਭਰਪੂਰ ਸਿੰਘ ਦੇ ਵੇਲੇ ਓਹਨਾਂ ਦੇ ਹੱਛੇ ਪ੍ਰਬੰਧ ਨਾਲ ੧੨ ਲੱਖ ਰੁਪਏ ਸਲਾਨਾ ਹੋ ਗਈ। ਹੁਣ ਨਹਿਰ ਦਾ ਪਾਣੀ ਆਦਿਕ ਮਿਲ ਜਾਣ ਕਰ ੧੫-੧੬ ਲੱਖ ਰੁਪਏ ਦੇ ਲਗਭਗ ਹੋ ਗਈ ਹੈ।

# ਜੀਂਦ ਦਾ ਰਾਜ ਘਰਾਣਾ

ਇਸ ਖਾਨਦਾਨ ਦਾ ਮੁਢ ਵੀ ਫੂਲ ਤੋਂ ਹੈ, ਜਿਸ ਦਾ ਜ਼ਿਕਰ ਪਟਿਆਲਾ ਦੇ ਹਾਲ ਵਿੱਚ ਅੱਗੇ ਆ ਚੁੱਕਾ ਹੈ। ਇਸ ਕਰ ਕੇ ਰਾਜਾ ਸੁਖਚੈਨ ਸਿੰਘ ਜਿਨ੍ਹਾਂ ਇਹ ਰਿਆਸਤ ਕਾਇਮ ਕੀਤੀ, ਓਸ ਤੋਂ ਪਹਿਲਾਂ ਦਾ ਹਾਲ ਫਿਰ ਇੱਥੇ ਲਿਖਣਾ ਇੱਕ ਵਾਧੂ ਗੱਲ ਹੈ।

ਚੌਧਰੀ ਤਲੋਕ ਸਿੰਘ ਜਿਨ੍ਹਾਂ ਨੂੰ ਕਿ ਆਪਣੇ ਪਿਤਾ ਫੂਲ ਦੀ ਥਾਂ ਤੇ ਚੌਧਰੀ ਬਣਾਇਆ ਗਿਆ, ਇਹਨਾਂ ਦੇ ਦੋ ਲੜਕੇ ਸਨ: ਗੁਰਦਿੱਤ ਸਿੰਘ ਤੇ ਸੁਖਚੈਨ ਸਿੰਘ। ਵੱਡਾ ਲੜਕਾ ਗੁਰਦਿੱਤ ਸਿੰਘ, ਰਿਆਸਤ ਨਾਭਾ ਦਾ ਵੱਡਾ ਹੋਇਆ ਤੇ ਸੁਖਚੈਨ ਸਿੰਘ ਛੋਟੇ ਬੇਟੇ ਦੀ ਸੰਤਾਨ ਸਰਦਾਰ ਬਡਰੁਖਾਂ ਤੇ ਦਿਆਲਪੁਰਾ ਤੋਂ ਰਿਆਸਤ ਜੀਂਦ ਕਾਇਮ ਹੋਈ।

ਸੁਖਚੈਨ ਸਿੰਘ ਕੋਈ ਬਹੁਤਾ ਪ੍ਰਸਿੱਧ ਆਦਮੀ ਨਹੀਂ ਸੀ। ਇਸ ਦੇ ਲੜਕੇ ਦੀ ਸ਼ਾਦੀ ਮੰਡੀ ਦੇ ਚੂਹੜ ਸਿੰਘ ਦੀ ਲੜਕੀ ਆਗਾਂ ਨਾਲ ਹੋਈ। ਇਸ ਨੇ ਕੁਝ ਨਵੇਂ ਪਿੰਡ ਵਸਾਏ। ਇਸ ਦੇ ਤਿੰਨ ਲੜਕੇ ਸੀ ਆਲਮ ਸਿੰਘ, ਗਜਪਤ ਸਿੰਘ, ਬੁਲਾਕੀ ਸਿੰਘ। ਆਲਮ ਸਿੰਘ ਨੂੰ ਇਸ ਨੇ ਪਿੰਡ ਬਾਲਾ ਵਾਲੀ ਦਿੱਤਾ, ਜਿਸ ਨੂੰ ੧੮੧੧ ਬਿ. ਵਿੱਚ ਵਸਾਇਆ ਸੀ। ਪਿੰਡ ਸੁਖਚੈਨ ਵਾਲਾ ਜਿਸ ਨੂੰ ਆਪਣੇ ਨਾਮ ਤੇ ਵਸਾਇਆ ਸੀ, ਬੁਲਾਕੀ ਸਿੰਘ ਨੂੰ; ਇਸ ਤਰ੍ਹਾਂ ਵੰਡ ਕਰ ਕੇ ਸੁਖਚੈਨ ਸਿੰਘ ਆਪਣੇ ਲੜਕੇ ਗਜਪਤ ਸਿੰਘ ਸਮੇਤ ਫੂਲ ਪਿੰਡ ਵਿੱਚ ਹੀ ਰਿਹਾ। ਇਸ ਕਰ ਕੇ ਸੁਖਚੈਨ ਸਿੰਘ ਆਪਣੇ ਪਿੰਡਾਂ ਦੇ ੬੭ ਪਿੰਡਾਂ ਦਾ ਅੱਧਾ ਮਾਮਲਾ ਵਸੂਲ ਕਰ ਕੇ ਖ਼ਜ਼ਾਨੇ ਵਿੱਚ ਦਾਖਲ ਕਰਦਾ ਰਿਹਾ। ਸਾਰਿਆਂ ਤੋਂ ਵੱਧ ਝਗੜੇ ਦੀ ਥਾਂ ਪਿੰਡ ਫੂਲ ਸੀ ਜੋ ਸਾਂਝੀ ਸੀ, ਜਿਸ ਦੇ ਚੌਧਰੀ ਗੁਰਦਿੱਤ ਸਿੰਘ ਆਪਣੇ ਆਪ ਨੂੰ ਤਲੋਕ ਸਿੰਘ ਦਾ ਲੜਕਾ ਹੋਣ ਦੇ ਕਾਰਨ ਮਾਲਕ ਦੱਸਦਾ ਸੀ ਤੇ ਹੋਰਨਾਂ ਨਾਲੋਂ ਵਧੀਕ ਹੱਕ ਜਤਾਂਦਾ ਸੀ।

ਇਹ ਝਗੜਾ ਇੱਕ ਵੇਰ ਐਥੋਂ ਤੱਕ ਵਧਿਆ ਕਿ ਸੁਖਚੈਨ ਸਿੰਘ ਇੱਕ ਵੇਰ ਆਪਣਾ ਮਾਮਲਾ ਸ਼ਾਹੀ ਖ਼ਜ਼ਾਨੇ ਵਿੱਚ ਦੇ ਨਹੀਂ ਸਕਿਆ। ਇਸ ਦੇ ਫੜਨ ਵਾਸਤੇ ਫੌਜ ਆਈ ਤੇ ਇਹ ਲੁਕ ਗਿਆ, ਕਿੰਤੂ ਗੁਰਦਿੱਤ ਸਿੰਘ ਨੇ ਸੈਨਤ ਕਰ ਕੇ ਸੁਖਚੈਨ ਸਿੰਘ ਦੇ ਲੜਕੇ ਗਜਪਤ ਸਿੰਘ ਨੂੰ ਜੋ ਓਸ ਵੇਲੇ ਪੰਜ ਸਾਲ ਦਾ ਸੀ, ਓਹਦੀ ਮਾਂ ਆਗਾਂ ਸਮੇਤ ਫੜਾ ਦਿੱਤਾ ਤੇ ਬਾਦਸ਼ਾਹੀ ਫੌਜ ਇਨ੍ਹਾਂ ਨੂੰ ਕੈਦ ਕਰ ਕੇ ਮਾਮਲਾ ਦੇ ਦੇਣ ਦੇ ਵੇਲੇ ਤੱਕ ਵਾਸਤੇ ਦਿੱਲੀ ਲੈ ਗਈ। ਕਿੰਤੂ ਉਸ ਵੇਲੇ ਆਗਾਂ ਦੀ ਇੱਕ ਟਹਿਲਣ ਰਾਣੀ ਦੇ ਕੱਪੜੇ ਪਾ ਕੇ ਓਹਦੀ ਜਗ੍ਹਾ ਬੈਠ ਗਈ ਤੇ ਆਗਾਂ ਲੜਕੇ ਸਮੇਤ ਬਾਹਰ ਚਲੀ ਆਈ। ਸੁਖਚੈਨ ਸਿੰਘ ਦੇ ਸਵਾਰ ਭੇਸ ਬਦਲੀ ਬਾਹਰ ਖਲੋਤੇ ਹੀ ਹੋਏ ਸਨ। ਇਨ੍ਹਾਂ ਨੂੰ ਸਵਾਰ ਕਰ ਕੇ ਆਪਣੇ ਪਿੰਡ ਲੈ ਆਏ। ਫਿਰ ਤਾਂ ਇਨ੍ਹਾਂ ਦੋਨੋਂ ਭਰਾਵਾਂ ਵਿੱਚ ਹੋਰ ਵੀ ਦੁਸ਼ਮਣੀ ਦੀ ਅੱਗ ਭੜਕ ਉਠੀ। ਓਸ ਵੇਲੇ ਚੌਧਰੀ ਗੁਰਦਿੱਤ ਸਿੰਘ ਦੀ ਸਰਹੰਦ ਦੇ ਸੂਬੇ ਨਾਲ ਬਹੁਤੀ ਗੱਲਬਾਤ ਸੀ। ਧਨੌਲੇ ਦੇ ਜਵੰਦੇ ਜ਼ਿਮੀਂਦਾਰਾਂ ਦਾ ਜੋ ਸਰਹੱਦ ਦਾ ਝਗੜਾ ਸੀ, ਓਹਨੂੰ ਨਿਪਟਾਣ ਲਈ ਗੁਰਦਿੱਤ ਸਿੰਘ ਨੀਯਤ ਹੋਇਆ। ਓਸ ਵੇਲੇ ਕੌਮ ਜਵੰਦੇ ਕੇ ਨੇ ਧਨੌਲੇ ਦਾ ਖੰਡਰ ਲੈ ਕੇ ਨਵੇਂ ਸਿਰੇ ਵਸਾਇਆ। ਇੱਕ ਕੱਚੀ ਗੜ੍ਹੀ ਬਣਾ ਕੇ ਰਹਿਣ ਲੱਗੇ, ਤੇ ਗਦਰ ਦੇ ਦਿਨਾਂ ਵਿੱਚ ਬਡੌਰ ਵਾਲੇ ਰਾਜਪੂਤਾਂ ਦੇ ਕਈ ਪਿੰਡਾਂ ਤੇ ਕਬਜ਼ਾ ਕਰ ਕੇ ਧਨੌਲੇ ਨੂੰ ਆਪਣੀ ਰਾਜਧਾਨੀ ਬਣਾ ਲਿਆ।

ਸੰ: ੧੮੦੮ ਨੂੰ ਸੁਖਚੈਨ ਸਿੰਘ ਦੇ ਚਲਾਣਾ ਕਰ ਜਾਣ ਤੇ ਓਹਦੀ ਤੀਵੀਂ ਆਗਾਂ ਆਪਣੀ ਸੰਤਾਨ ਸਮੇਤ ਆਪਣੇ ਪੇਕੇ ਪਿੰਡ ਤਲਵੰਡੀ ਕਿਸੇ ਵਿਆਹ ਦੇ ਸਬੱਬ ਗਈ। ਪਿੱਛੋਂ ਚੌਧਰੀ ਗੁਰਦਿੱਤ ਸਿੰਘ ਨੇ ਫੂਲ ਪਿੰਡ ਤੇ ਕਬਜ਼ਾ ਕਰ ਲਿਆ। ਓਸ ਦਿਨ ਤੋਂ ਫੂਲ ਪਿੰਡ ਨਾਭੇ ਦੇ ਕਬਜ਼ੇ ਵਿੱਚ ਹੀ ਹੈ।

ਹੁਣ ਇੱਥੇ ਰਾਜਾ ਗਜਪਤ ਸਿੰਘ ਜਿਸ ਨੇ ਜੀਂਦ ਰਿਆਸਤ ਬਣਾਈ, ਉਸ ਦਾ ਹਾਲ ਦੱਸਣ ਤੋਂ ਪਹਿਲਾਂ ਕੁਝ ਥੋੜ੍ਹਾ ਜਿਹਾ ਹਾਲ ਓਹਦੇ ਭਰਾਵਾਂ ਦਾ ਦੱਸਣਾ ਠੀਕ ਹੋਵੇਗਾ।

ਸੁਖਚੈਨ ਸਿੰਘ ਦਾ ਵੱਡਾ ਲੜਕਾ ਆਲਮ ਸਿੰਘ ਬੜਾ ਬਹਾਦਰ ਤੇ ਦਾਨਾ ਸੀ। ਆਪਣੇ ਨਾਲ ਫੌਜਾਂ ਦੀ ਇੱਕ ਕਾਫੀ ਤੈਦਾਦ ਰੱਖਦਾ ਸੀ। ਭੱਟੀਆਂ ਨਾਲ ਇਸ ਦੀ ਲੜਾਈ ਬਣੀ ਰਹਿੰਦੀ ਤੇ ਕਈ ਵੇਰ ਸ਼ਾਹੀ ਲਸ਼ਕਰ ਨਾਲ ਇਹਦਾ ਟਾਕਰਾ ਹੋਇਆ, ਜਿਸ ਵਿੱਚ ਇਹ ਸਦਾ ਕਾਮਯਾਬ ਰਿਹਾ। ੧੮੨੦ ਨੂੰ ਸਰਹਿੰਦ ਦੀ ਜਿੱਤ ਦੇ ਮਗਰੋਂ ਬਹੁਤ ਸਾਰਾ ਇਲਾਕਾ ਤਲਵਾਰ ਦੇ ਜ਼ੋਰ ਨਾਲ ਆਪਣੇ ਕਬਜ਼ੇ ਵਿੱਚ ਕਰ ਲਿਆ। ਜੇ ਕਦੀ ਇਹ ਸਰਦਾਰ ਕੁਝ ਚਿਰ ਹੋਰ ਜੀਊਂਦਾ ਰਹਿੰਦਾ, ਤਦ ਆਪਣੇ ਬਾਹੂਬਲ ਤੇ ਸਿਆਣਪ ਨਾਲ ਇੱਕ ਵੱਖਰੀ ਰਿਆਸਤ ਬਣਾ ਲੈਂਦਾ, ਕਿੰਤੂ ਇਹ ੧੮੨੧ ਵਿੱਚ ਅਚਣਚੇਤ ਘੋੜੇ ਤੋਂ ਡਿੱਗ ਕੇ ਮਰ ਗਿਆ। ਇਸ ਦੀ ਸੰਤਾਨ ਕੋਈ ਨਹੀਂ ਸੀ। ਇਸ ਦੇ ਨਿੱਕੇ ਭਰਾ ਗਜਪਤ ਸਿੰਘ ਨੇ ਏਹਦੀ ਸਿੰਘਣੀ ਨਾਲ ਅਨੰਦ ਪੜ੍ਹਾ ਲਿਆ ਤੇ ਪਿੰਡ ਬਾਲੀਆਂ ਵਾਲਾ ਦੇ ਇਲਾਕੇ ਤੇ ਕਬਜ਼ਾ ਕਰ ਲਿਆ।

ਬਲਾਕੀ ਸਿੰਘ ਜੋ ਸੁਖਚੈਨ ਸਿੰਘ ਦਾ ਸਭ ਤੋਂ ਛੋਟਾ ਬੇਟਾ ਸੀ, ਓਹ ਨੀਪਾਲਪੁਰ ਦੇ ਸਰਦਾਰਾਂ ਦਾ ਵੱਡਾ ਹੋਇਆ ਜਿਸ ਦਾ ਹਾਲ ਉਸ ਖਾਨਦਾਨ ਦੇ ਹਾਲ ਵਿੱਚ ਆਵੇਗਾ।

## ੧. ਜੀਂਦ ਦਾ ਗਜਪਤ ਸਿੰਘ ਦੇ ਹੱਥ ਆਉਣਾ

ਗਜਪਤ ਸਿੰਘ ਜੋ ਸੁਖਚੈਨ ਸਿੰਘ ਦਾ ਵਿਚਕਾਰਲਾ ਪੁੱਤਰ ਸੀ, ਗੱਦੀ ਤੇ ਬੈਠਾ। ਇਹ ਬੜਾ ਬਹਾਦਰ, ਜਵਾਂਮਰਦ, ਦਲੇਰ, ਅਕਲਮੰਦ, ਪੜ੍ਹਿਆ ਲਿਖਿਆ ਤੇ ਸਪਾਹਗਿਰੀ ਦੇ ਕੰਮ ਦਾ ਜਾਣੂੰ ਤੇ ਵੇਖਣ ਵਿੱਚ ਬੜਾ ਸਜੀਲਾ ਫਬੀਲਾ ਜਵਾਨ ਸੀ। ੧੮੨੦ ਵਿੱਚ ਜਦ ਇਹ ਸਰਹੰਦ ਦੇ ਫਤਹ ਕਰਨ ਦੇ ਵੇਲੇ ਖਾਲਸਾ ਜੱਥੇ ਦੇ ਨਾਲ ਸ਼ਾਮਲ ਹੋਇਆ, ਤਦ ਇਸ ਨੂੰ ਬਹੁਤ ਸਾਰਾ ਇਲਾਕਾ ਜੋ ਖ਼ਾਲੀ ਪਿਆ ਸੀ ਤੇ ਜਿਸ ਵਿੱਚ ਜੀਂਦ ਆਦਿਕ ਸਨ, ਮਿਲ ਗਿਆ। ਇਸ ਨੇ ਇਸ ਤੇ ਕਬਜ਼ਾ ਕਰ ਕੇ ਪਾਨੀਪਤ, ਕਰਨਾਲ ਤੱਕ ਹੱਥ ਵਧਾਇਆ। ਇਸ ਇਲਾਕੇ ਵਿੱਚ ਭਾਵੇਂ ਇਸ ਨੇ ਤਿੰਨ ਚਾਰ ਸਾਲ ਤੋਂ ਵੱਧ ਕਬਜ਼ਾ ਨਾ ਰੱਖਿਆ, ਕਿੰਤੂ ਓਹਨਾਂ ਤੋਂ ਬਹੁਤ ਸਾਰਾ ਧਨ ਇਸ ਦੇ ਹੱਥ ਲੱਗ ਪਿਆ।

## ੨. ਗਜਪਤ ਸਿੰਘ ਦੀ ਨਜ਼ਰਬੰਦੀ

ਗਜਪਤ ਸਿੰਘ ਬੜਾ ਸਿਆਣਾ ਤੇ ਸਮਝਦਾਰ ਸੀ। ਉਸ ਨੇ ਇਹ ਇਲਾਕੇ ਜਿਨ੍ਹਾਂ ਤੇ ਕਬਜ਼ਾ ਕੀਤਾ ਸੀ, ਇਹ ਦਿੱਲੀ ਦੇ ਬਾਦਸ਼ਾਹ ਦੇ ਸਨ। ਕਿੰਤੂ ਜ਼ਾਹਰਾ ਇਸ ਨੇ ਬਾਦਸ਼ਾਹ ਨਾਲ ਨਹੀਂ ਵਿਗਾੜੀ, ਓਹਨਾਂ ਨੂੰ ਖਰਾਜ ਬਰਾਬਰ ਭੇਜਦਾ ਰਿਹਾ। ਕਿੰਤੂ ੧੮੨੪ ਦੇ ਵਿੱਚ ਕਿਸੇ ਕਾਰਨ ਇਸ ਦੇ ਵੱਲ ਡੇਢ ਲੱਖ ਦੇ ਕਰੀਬ ਰੁਪਇਆ ਹੋ ਗਿਆ, ਜਿਸ ਨੂੰ ਇਹ ਇੱਕ ਵੇਰ ਨਾ ਦੇ ਸਕਿਆ। ਇਸ ਤੋਂ ਨਜੀਬ ਖਾਂ ਰੁਹੇਲਾ ਦਿੱਲੀ ਤੋਂ ਆਇਆ ਤੇ ਇਸ ਨੂੰ ਫੜ ਕੇ ਲੈ ਗਿਆ। ਦਿੱਲੀ ਦੇ ਕਿਲ੍ਹੇ ਵਿੱਚ ਤਿੰਨ ਸਾਲ ਗਜਪਤ ਸਿੰਘ ਨਜ਼ਰਬੰਦ ਰਿਹਾ।

ਗਜਪਤ ਸਿੰਘ ਦੀ ਅਕਲ ਤੇ ਸ਼ਕਲ ਵੇਖ ਮੁਹੰਮਦ ਸ਼ਾਹ ਬਾਦਸ਼ਾਹ ਦਿੱਲੀ ਇਸ ਦਾ ਦੋਸਤ ਹੋ ਗਿਆ। ਫ਼ਾਰਸੀ ਪੜ੍ਹਾਣ ਲਈ ਇੱਕ ਅਧਿਆਪਕ ਰੱਖ ਦਿੱਤਾ। ਥੋੜ੍ਹੇ ਚਿਰ ਵਿੱਚ ਹੀ ਇਹ ਫ਼ਾਰਸੀ ਪੜ੍ਹ ਗਿਆ। ਇੱਕ ਦਿਨ ਮੁਹੰਮਦ ਸ਼ਾਹ ਨਾਲ ਗੱਲਾਂਬਾਤਾਂ ਹੋ ਰਹੀਆਂ ਸਨ। ਮੁਹੰਮਦ ਸ਼ਾਹ ਦੇ ਪ੍ਰਸ਼ਨਾਂ ਦੇ ਉੱਤਰ ਅਜੇਹੇ ਯੋਗਤਾਂ ਨਾਲ ਇਸ ਨੇ ਦਿੱਤੇ ਕਿ ਮੁਹੰਮਦ ਸ਼ਾਹ ਨੇ ਇਸ ਨੂੰ ਰਾਜਾ ਗਜਪਤ ਸਿੰਘ ਕਿਹਾ। ਜਦ ਕੁਝ ਚਿਰ ਮਗਰੋਂ ਗਜਪਤ ਸਿੰਘ ਆਪਣੇ ਲੜਕੇ ਭੂਪ ਸਿੰਘ ਨੂੰ ਦਿੱਲੀ ਛੱਡ ਕੇ ਜੀਂਦ ਆਇਆ, ਤਦ ਰਾਜਾ ਦਾ ਖ਼ਿਤਾਬ ਇਸ ਨੂੰ ਮਿਲਿਆ। ਦਿੱਲੀ ਦੇ ਵਿੱਚ ਰਹਿਣ ਕਰ ਕੇ ਤੇ ਮੁਹੰਮਦ ਸ਼ਾਹ ਰੰਗੀਲੇ ਦੀ ਸੰਗਤ ਵਿੱਚ ਰਹਿਣ ਕਰ ਕੇ ਜਦੋਂ ਇਹ ਜੀਂਦ ਮੁੜਿਆ ਤਦ ਇਸ ਦਾ ਲਿਬਾਸ ਦਿੱਲੀ ਵਾਲਿਆਂ ਦੇ ਢੰਗ ਦਾ ਸੀ। ਇਸ ਨੇ ਜੀਂਦ ਅੱਪੜਦਿਆਂ ਹੀ ਜਿਕਣ ਤਿਕਣ ਕਰ ਕੇ ਤਿੰਨ ਲੱਖ ਰੁਪਇਆ ਇਕੱਠਾ ਕਰ ਕੇ ਦਿੱਲੀ ਭੇਜ ਆਪਣੇ ਲੜਕੇ ਨੂੰ ਲੈ ਆਂਦਾ। ਇਸ ਦੇ ਲਿਬਾਸ ਤੇ ਸ਼ਕਲ ਸੂਰਤ ਨੂੰ ਵੇਖ ਕੇ ਬਰਾਦਰੀ ਵਾਲੇ ਈਰਖਾ ਕਰਨ ਲੱਗੇ ਤੇ ਓਹਨਾਂ ਮਸ਼ਹੂਰ ਕਰ ਦਿੱਤਾ ਕਿ ਇਹ ਮੁਸਲਮਾਨ ਹੋ ਗਿਆ ਹੈ। ਗਜਪਤ ਸਿੰਘ ਨੇ ਆਪਣੀ ਸਫ਼ਾਈ ਵਿੱਚ ਬਾਦਸ਼ਾਹ ਦੀ ਗਵਾਹੀ ਮੰਗਾਈ ਕਿ ਇਸ ਨੂੰ

ਮੁਸਲਮਾਨ ਨਹੀਂ ਕੀਤਾ ਗਿਆ, ਕਿੰਤੂ ਇਸ ਗੱਲ ਤੇ ਵੀ ਕਿਸੇ ਇਤਬਾਰ ਨਾ ਕੀਤਾ, ਜਿਸ ਤੋਂ ਪੰਥ ਨੇ ਇਸ ਨੂੰ ਫਿਰ ਨਵੇਂ ਸਿਰੇ ਅੰਮ੍ਰਿਤ ਛਕਾ ਕੇ ਆਪਣੇ ਵਿੱਚ ਅਭੇਦ ਕੀਤਾ ਤੇ ਇਹਦੇ ਹੱਥੋਂ ਪ੍ਰਸ਼ਾਦ ਛਕਿਆ ਤੇ ਇਹਨੂੰ ਰਾਜਾ ਗਜਪਤ ਸਿੰਘ ਸੱਦਣ ਲੱਗੇ।

## ੩. ਰਾਜ ਗੱਦੀ ਦਾ ਖਿਤਾਬ, ਸਿੱਕਾ ਚਲਾਣਾ ਤੇ ਸੰਗਰੂਰ ਦਾ ਕਬਜ਼ਾ

੧੮੨੭ ਬਿਕ੍ਰਮੀ ਵਿੱਚ ਗਜਪਤ ਸਿੰਘ ਨੇ ਜੋੜ ਤੋੜ ਕਰ ਕੇ ਸ਼ਾਹ ਆਲਮ ਦਿੱਲੀ ਵਾਲੇ ਤੋਂ ਰਾਜਾ ਦਾ ਖ਼ਿਤਾਬ ਮਾਹੀ ਮਰਾਤਬ ਸਮੇਤ ਲਿਆ। ਆਪਣੇ ਨਾਮ ਦਾ ਸਿੱਕਾ ਚਲਾਇਆ, ਜਿਸ ਤੇ ਹੋਰ ਤਾਂ ਸਭ ਕੁਝ ਪਟਿਆਲੇ ਵਾਂਗ ਲਿਖਿਆ ਸੀ, ਕੇਵਲ ਸਰਹਿੰਦ ਦੀ ਥਾਂ ਜੀਂਦ ਬਦਲਿਆ ਸੀ।

ਰਾਜਾ ਗਜਪਤ ਸਿੰਘ ਨੂੰ ਕਸਬਾ ਸੰਗਰੂਰ ਦਾ ਪਿੰਡ ਜੋ ਹਮੀਰ ਸਿੰਘ ਦੇ ਕਬਜ਼ੇ ਵਿੱਚ ਸੀ, ਅੱਖ ਵਿੱਚ ਤੀਲੇ ਵਾਂਗ ਖਟਕਦਾ ਸੀ। ਇਹ ਚਾਹੁੰਦਾ ਸੀ ਕਿ ਇਹ ਜਗ੍ਹਾ ਮੇਰੇ ਪਿੰਡ ਬਡਰੁਖਾਂ ਪਾਸ ਹੈ। ਇਸ ਕਰ ਕੇ ਮੇਰੇ ਕਬਜ਼ੇ ਵਿੱਚ ਆ ਜਾਏ, ਇਸ ਨੇ ੧੮੩੨ ਵਿੱਚ ਲੈ ਲਿਆ। ਇਸ ਦਾ ਪੂਰਾ ਹਾਲ ਨਾਭੇ ਦੇ ਹਾਲ ਵਿੱਚ ਆ ਗਿਆ ਹੈ।

## ੪. ਰਹੀਮ ਦਾਦ ਖਾਂ ਦੀ ਦਿੱਲੀ ਤੇ ਚੜ੍ਹਾਈ

੧੮੨੯ ਬਿਕ੍ਰਮੀ ਨੂੰ ਰਹੀਮ ਦਾਦ ਖਾਂ ਹਾਂਸੀ ਵਾਲੇ ਨੇ ਦਿੱਲੀ ਦੇ ਬਾਦਸ਼ਾਹ ਦੇ ਕਹਿਣ ਤੇ ਜੀਂਦ ਤੇ ਚੜ੍ਹਾਈ ਕਰ ਦਿੱਤੀ, ਕਿੰਤੂ ਰਾਜਾ ਗਜਪਤ ਸਿੰਘ ਨੂੰ ਮਹਾਰਾਜਾ ਪਟਿਆਲਾ ਰਾਜਾ ਹਮੀਰ ਸਿੰਘ ਤੇ ਭਾਈ ਲਾਲ ਸਿੰਘ ਦੀ ਮਦਦ ਪੁੱਜ ਜਾਣ ਤੇ ਇਹਦੀ ਤਾਕਤ ਵਧ ਗਈ, ਜਿਸ ਤੋਂ ਰਹੀਮ ਦਾਦ ਖਾਂ ਲੜਾਈ ਦੇ ਵਿੱਚ ਮਾਰਿਆ ਗਿਆ ਤੇ ਇਹਦੀ ਫੌਜ ਨੱਸ ਗਈ। ਰਹੀਮ ਦਾਦ ਖਾਂ ਦੀ ਕਬਰ ਓਥੇ ਬਣੀ ਹੋਈ ਹੈ।

ਰਾਜਾ ਗਜਪਤ ਸਿੰਘ ਨੇ ਪਟਿਆਲੇ ਦੀ ਫੌਜ ਲੈ ਕੇ ਰੋਹਤਕ ਵੱਲ ਚੜ੍ਹਾਈ ਕੀਤੀ ਨਜੀਬਉਦੌਲਾ ਦਾ ਪੁੱਤਰ ਜ਼ਾਬਤਾ ਖਾਂ ਰੋਹੇਲਾ, ਗ਼ੁਲਾਮ ਕਾਦਰ ਤੇ ਹੋਰ ਮੁਸਲਮਾਨਾਂ ਨੂੰ ਨਾਲ ਲੈ ਕੇ ਮੁਕਾਬਲੇ ਤੇ ਆਇਆ। ਬੜਾ ਜ਼ੋਰ ਦਾ ਜੰਗ ਹੋਇਆ, ਅੰਤ ਆਪਸ ਵਿੱਚ ਸੁਲਾਹ ਦੀ ਗੱਲ ਛਿੜੀ। ਪਟਿਆਲਾ ਤੇ ਜੀਂਦ ਨੂੰ ਇਸ ਹਮਲੇ ਵਿੱਚ ਫਾਇਦਾ ਰਿਹਾ ਤੇ ਜੀਂਦ ਨੂੰ ਗੋਹਾਨੇ ਦਾ ਕੁਝ ਇਲਾਕਾ ਮਿਲ ਗਿਆ। ਪਟਿਆਲੇ ਨੂੰ ਰੋਹਤਕ, ਹਿਸਾਰ ਤੇ ਕਰਨਾਲ ਦੇ ਇਲਾਕੇ ਦੇ ਕੁਝ ਪਿੰਡ ਮਿਲੇ।

ਰਾਜਾ ਗਜਪਤ ਸਿੰਘ ਨੇ ਆਪਣੀ ਰਾਜਧਾਨੀ ਜੀਂਦ ਦੀ ਬੜੀ ਉੱਨਤੀ ਕੀਤੀ। ਨਵੀਆਂ ਇਮਾਰਤਾਂ ਬਣਵਾਈਆਂ। ਸ਼ਹਿਰ ਤੋਂ ਉੱਤਰ ਵੱਲ ਇੱਕ ਪੱਕਾ ਕਿਲ੍ਹਾ ਬਣਵਾਇਆ। ਇਹ ਰਾਜਾ ਹਮੇਸ਼ਾਂ ਮਹਾਰਾਜਾ ਪਟਿਆਲਾ ਦੀ ਮਦਦ ਤੇ ਰਿਹਾ ਤੇ ਹਰ ਜੰਗ ਵਿੱਚ ਓਹਨਾਂ ਦੇ ਨਾਲ ਰਿਹਾ। ਜਦ ਰਾਜਾ ਅਮਰ ਸਿੰਘ ਦਾ ਨਿੱਕਾ ਭਰਾ ਹਿੰਮਤ ਸਿੰਘ ਕੁਝ ਆਕੀ ਹੋਇਆ, ਤਦ ਇਸ ਨੇ ਨਾਲ ਹੋ ਕੇ ਸਫ਼ਾਈ ਕਰਾ ਦਿੱਤੀ। ਮਹਾਰਾਜਾ ਪਟਿਆਲੇ ਨੇ ਹਰੀ ਸਿੰਘ ਸਿਆਲਬਾ ਤੇ ਹਮਲਾ ਕੀਤਾ, ਜਿਸ ਵਿੱਚ ਇਹ ਵੀ ਨਾਲ ਰਿਹਾ। ੧੭੮੦ ਵਿੱਚ ਪਟਿਆਲੇ ਦੇ ਨਾਲ ਮਿਰਜ਼ਾ ਸ਼ਫੀ ਬੇਗ ਦੇ ਟਾਕਰੇ ਤੇ ਮੇਰਠ ਵੱਲ ਗਿਆ, ਜਿੱਥੇ ਲੜਾਈ ਵਿੱਚ ਫੜਿਆ ਗਿਆ। ਕਿੰਤੂ ਫਿਰ ਓਹਨਾਂ ਦੇ ਪੰਜੇ ਵਿੱਚੋਂ ਨਿੱਕਲ ਆਇਆ। ਰਾਜਾ ਸਾਹਿਬ ਸਿੰਘ ਦੇ ਵੇਲੇ ਵੀ ਇਸ ਨੇ ਪਟਿਆਲੇ ਵਿੱਚ ਅਮਨ ਕਾਇਮ ਰੱਖਣ ਵਿੱਚ ਬੜੀ ਮਦਦ ਦਿੱਤੀ। ਭਵਾਨੀਗੜ੍ਹ ਦੇ ਸਰਦਾਰ ਮਹਾਂ ਸਿੰਘ ਦੀ ਬਗਾਵਤ ਮਿਟਾਣ ਵਿੱਚ ਵੀ ਸਹਾਇਤਾ ਕੀਤੀ। ਇੰਜ ਹੀ ਦੂਲਾ ਸਿੰਘ ਤੇ ਤਲਵੰਡੀ ਆਦਿਕ ਦੇ ਸਰਦਾਰਾਂ ਦੇ ਝਗੜੇ ਦੇ ਵੇਲੇ ਬੀਬੀ ਰਾਜਿੰਦਰ ਕੌਰ (ਮਹਾਰਾਜਾ ਪਟਿਆਲਾ ਦੀ ਭੈਣ) ਤੇ ਵਜ਼ੀਰ ਨਾਨੂ ਮੱਲ ਦੀ ਮਦਦ ਕਰਦਾ ਰਿਹਾ।

## ੫. ਰਾਜਾ ਗਜਪਤ ਸਿੰਘ ਦਾ ਚਲਾਣਾ

ਮਹਾਰਾਜਾ ਪਟਿਆਲਾ ਦੀ ਹਮਾਇਤ ਵਿੱਚ ਹੀ ਸਫੇਦੂੰ ਦੇ ਮੁਕਾਮ ਤੇ ਬੁਖਾਰ ਨਾਲ ਚੜ੍ਹਾਈ ਕਰ ਗਿਆ।

## ੬. ਰਾਜਾ ਗਜਪਤ ਸਿੰਘ ਦੀ ਸੰਤਾਨ

ਇਸ ਰਾਜਾ ਨੇ ਆਪਣੀ ਰਿਆਸਤ ਦੀ ਬੇਹਤਰੀ ਤੇ ਪਰਜਾ ਦੇ ਭਲੇ ਲਈ ਬੜੇ ਕੰਮ ਕੀਤੇ। ਇਸ ਤੋਂ ਛੁਟ ੨੭-੨੮ ਲੜਾਈਆਂ ਜਿੱਤੀਆਂ। ਮਹਾਰਾਜਾ ਪਟਿਆਲਾ ਦੀ ਮਦਦ ਵੀ ਕਰਦਾ ਰਿਹਾ। ਇਸ ਦਾ ਵਿਆਹ ਕਿਸ਼ਨ ਸਿੰਘ ਮਾਨਸ਼ਾਹੀਏ ਦੀ ਲੜਕੀ ਨਾਲ ਹੋਇਆ, ਜਿਸ ਵਿੱਚੋਂ ਮੋਹਰ ਸਿੰਘ, ਭਾਗ ਸਿੰਘ ਤੇ ਭੂਪ ਸਿੰਘ ਤਿੰਨ ਲੜਕੇ ਹੋਏ ਤੇ ਇੱਕ ਲੜਕੀ ਰਾਜ ਕੌਰ ਸੀ, ਜਿਸ ਦੀ ਕੁੱਖੋਂ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਨਮ ਲਿਆ।

ਰਾਜਾ ਗਜਪਤ ਸਿੰਘ ਦਾ ਵੱਡਾ ਲੜਕਾ ਮੋਹਰ ਸਿੰਘ ਸੀ, ਜਿਸ ਨੂੰ ਇਸ ਨੇ ਸਫੇਦੂੰ ਦਾ ਇਲਾਕਾ ਦੇ ਰੱਖਿਆ ਸੀ। ੧੮੩੭ ਨੂੰ ਕੇਵਲ ਇੱਕ ਲੜਕਾ ਹਰੀ ਸਿੰਘ ਛੱਡ ਕੇ ਚਲਾਣਾ ਕਰ ਗਿਆ। ੧੮੪੮ ਬਿਕ੍ਰਮੀ ਅਰਥਾਤ ਸਰਦਾਰ ਮੋਹਰ ਸਿੰਘ ਦੇ ਚਲਾਣੇ ਤੋਂ ਦੋ ਸਾਲ ਮਗਰੋਂ ਉਹਦਾ ਲੜਕਾ ਹਰੀ ਸਿੰਘ ਵੀ ਕੋਠੇ ਤੋਂ ਡਿੱਗ ਕੇ ਮਰ ਗਿਆ। ਇਸ ਦੀ ਕੇਵਲ ਇੱਕ ਲੜਕੀ ਚੰਦ ਕੌਰ ਸੀ, ਜਿਸ ਦਾ ਵਿਆਹ ਸਰਦਾਰ ਬੈਂਹਗਾ ਸਿੰਘ ਥਾਨੇਸਰ ਵਾਲੇ ਦੇ ਲੜਕੇ ਫਤਹ ਸਿੰਘ ਨਾਲ ਹੋਇਆ, ਜੋ ਆਪਣੇ ਪਤੀ ਦੇ ਮਰ ਜਾਣ ਤੇ ਰਿਆਸਤ ਦਾ ਪ੍ਰਬੰਧ ਕਰਦੀ ਰਹੀ, ਕਿੰਤੂ ੧੮੦੭ ਵਿੱਚ ਓਹ ਵੀ ਚਲਾਣਾ ਕਰ ਗਈ। ਇਸ ਦੀ ਕੋਈ ਸੰਤਾਨ ਨਹੀਂ ਸੀ। ਇਨ੍ਹਾਂ ਦੇ ਲਵਾਰਸ ਹੋਣ ਕਰ ਕੇ ਸਰਕਾਰ ਅੰਗ੍ਰੇਜ਼ੀ ਨੇ ਇਸ ਇਲਾਕੇ ਤੇ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਸਰਦਾਰ ਹਰੀ ਸਿੰਘ ਦੀ ਸਿੰਘਣੀ ਜੀ ਵੀ ਖੰਨੇ ਦੇ ਇਲਾਕੇ ਤੇ ਜੋ ਉਹਨੂੰ ਉਹਦੇ ਪਿਤਾ ਸਰਦਾਰ ਦਯਾ ਸਿੰਘ ਖੰਨੇ ਵਾਲੇ ਨੇ ਦਿੱਤਾ ਸੀ, ਪ੍ਰਬੰਧ ਕਰਦੀ ਰਹੀ। ਕਿੰਤੂ ਇਹ ਵੀ ਸੰਤਾਨ ਹੀਨ ਸੀ। ਇਸ ਦੇ ਚਲਾਣਾ ਕਰ ਜਾਣ ਤੇ ਇਹਦਾ ਮੁਲਕ ਵੀ ਅੰਗਰੇਜ਼ਾਂ ਨੇ ਸਾਂਭ ਲਿਆ।

## ੭. ਇਲਾਕੇ ਦੀ ਵੰਡ

ਰਾਜਾ ਗਜਪਤ ਸਿੰਘ ਦੇ ਚਲਾਣੇ ਮਗਰੋਂ ਇਹਦੇ ਇਲਾਕੇ ਦੀ ਵੰਡ ਇਸ ਤਰ੍ਹਾਂ ਕੀਤੀ ਗਈ: ਦੋ ਹਿੱਸੇ ਜੀਂਦ ਤੇ ਸਫੇਦੂ ਦਾ ਇਲਾਕਾ ਸਮੇਤ ਰਾਜਾ ਦੇ ਖ਼ਿਤਾਬ ਦੇ ਭਾਗ ਸਿੰਘ ਨੂੰ ਮਿਲਿਆ ਤੇ ਬਡਰੁਖਾਂ ਵਹੀਦਪੁਰ ਦਾ ਇਲਾਕਾ (ਤੀਜਾ ਹਿੱਸਾ) ਸਰਦਾਰ ਭੂਪ ਸਿੰਘ ਨੂੰ ਮਿਲਿਆ।

ਰਾਜਾ ਭਾਗ ਸਿੰਘ ੨੧ ਸਾਲ ਦੀ ਆਯੂ ਵਿੱਚ ਗੱਦੀ ਤੇ ਬੈਠਾ। ਦਿੱਲੀ ਦੇ ਦਰਬਾਰ ਵੱਲੋਂ ਇੱਕ ਖਿਲਅਤ ਤੇ ਜੜਾਊ ਤਲਵਾਰ ਮਿਲੀ। ਇਹ ਆਪਣੇ ਸਮੇਂ ਦਾ ਬੜਾ ਦਾਨਾ, ਸਿਆਣਾ ਤੇ ਸਮਝਦਾਰ ਰਾਜਾ ਸੀ। ਪਟਿਆਲਾ ਦਰਬਾਰ ਨਾਲ ਇਹਦਾ ਬੜਾ ਪਿਆਰ ਸੀ, ਜਿਸ ਤੋਂ ਮੁਲਕ ਫਤਹ ਕਰਨ ਦਾ ਵੀ ਸ਼ੌਕ ਰਿਹਾ। ਅੰਗਰੇਜ਼ਾਂ ਨਾਲ ਵੀ ਇਹਦਾ ਮਿਤਰਾਨਾ ਸਲੂਕ ਰਿਹਾ। ਸ਼ੋਕ ਹੈ ਕਿ ਇਸ ਨੇ ਆਪਣੀ ਆਯੂ ਦਾ ਅੰਤਿਮ ਹਿੱਸਾ ਫਾਲਜ ਦੇ ਰੋਗ ਨਾਲ ਗ੍ਰੱਸਤ ਹੋਣ ਕਰ ਕੇ ਬੜੀ ਤਕਲੀਫ਼ ਦੇ ਵਿੱਚ ਕਟਿਆ।

ਸੰ: ੧੮੫੧ ਨੂੰ ਬੀਬੀ ਸਾਹਿਬ ਕੌਰ ਨੇ ਜਦ ਲਛਮੀ ਰਾਉ ਤੇ ਅੰਬਾ ਰਾਉ ਮਰਹੱਟਿਆਂ ਨੂੰ ਰਾਜਗੜ੍ਹ, ਅੰਬਾਲੇ ਦੇ ਕਰੀਬ ਸ਼ਕਸਤ ਦਿੱਤੀ ਤਦ ਉਸ ਵੇਲੇ ਰਾਜਾ ਭਾਗ ਸਿੰਘ ਦੀ ਕਮਾਨ ਵਿੱਚ ਹੀ ਸਾਰੀ ਫੌਜ ਸੀ। ਉਸ ਵੇਲੇ ਸਾਰੀ ਫੌਜ ਪਿੱਛੇ ਹਟਣ ਨੂੰ ਤਿਆਰ ਸੀ, ਕਿੰਤੂ ਰਾਜਾ ਭਾਗ ਸਿੰਘ ਨੇ ਬੀਬੀ ਸਾਹਿਬ ਕੌਰ ਦੇ ਕਹੇ ਤੇ ਇਸ ਜ਼ੋਰ ਨਾਲ ਛਾਪਾ ਮਾਰਿਆ ਕਿ ਮਰਹੱਟਿਆਂ ਨੂੰ ਮੈਦਾਨ ਛੱਡ ਕੇ ਨੱਸਣਾ ਪਿਆ ਤੇ ਫਤਹ ਦਾ ਡੰਕਾ ਬੀਬੀ ਜੀ ਦੇ ਨਾਮ ਦਾ ਵਜ ਗਿਆ।

## ੮. ਰਾਜਾ ਭਾਗ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ

ਰਾਜਾ ਭਾਗ ਸਿੰਘ ਦੇ ਸਕੇ ਭਣੇਵੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਸੀ। ਮੁਲਤਾਨ ਦੀ ਲੜਾਈ ਵਿੱਚ ਰਾਜਾ ਭਾਗ ਸਿੰਘ ਨੇ ਇਨ੍ਹਾਂ ਨੂੰ ਫੌਜ ਦੀ ਮਦਦ ਦਿੱਤੀ। ਜਿਸ ਵੇਲੇ ਮੁਲਤਾਨ ਦਾ ਇਲਾਕਾ ਫਤਹ ਹੋ ਗਿਆ, ਤਦ ਸ਼ੇਰੇ ਪੰਜਾਬ ਨੇ ਆਪਣੇ ਮਾਮੂ ਰਾਜਾ ਭਾਗ ਸਿੰਘ ਨੂੰ ਹਲਵਾੜਾ, ਤਲਵੰਡੀ, ਲੁਧਿਆਣਾ, ਬਸੀਆ, ਮੋਰੰਡਾ ਬਾਗ਼ਾਂ ਵਾਲਾ ਤੇ ਖੰਨਾਂ ਆਦਿਕ ਦੋ ਲੱਖ ਰੁਪਏ ਦੀ ਆਮਦਨੀ ਦੇ ਇਲਾਕੇ ਸਹਾਇਤਾ ਦੇ ਬਦਲੇ ਦਿੱਤੇ।

## ੯. ਕਰਨਾਲ ਦੇ ਇਲਾਕੇ ਖੁੱਸਣਾ

ਲਛਮੀ ਰਾਓ ਤੇ ਅੰਬਾਰਾਓ ਨੂੰ ਸ਼ਕਸਤ ਦੇਣ ਤੋਂ ਇੱਕ ਸਾਲ ਮਗਰੋਂ ਰਾਜਾ ਭਾਗ ਸਿੰਘ ਤੋਂ ਮਰਹੱਟਿਆਂ ਨੇ ਕਰਨਾਲ ਦਾ ਇਲਾਕਾ ਲੈ ਕੇ ਜਾਰਜ ਟਾਮਸਨ ਸਾਹਿਬ ਨੂੰ ਦੇ ਦਿੱਤਾ, ਕਿਉਂਕਿ ਇਸ ਸਾਹਿਬ ਨੇ ਉਸ ਵੇਲੇ ਮਰਹੱਟਿਆਂ ਦੀ ਮਦਦ ਕੀਤੀ ਸੀ, ਜਦਕਿ ਸਿੱਖਾਂ ਦੀ ਭਾਰੀ ਜਮਾਤ ਦਰਿਆ ਜਮਨਾ ਲੰਘ ਕੇ ਸਹਾਰਨਪੁਰ ਵੱਲ ਜਾ ਰਹੀ ਸੀ।

੧੮੫੫ ਤੇ ੫੬ ਨੂੰ ਜਾਰਜ ਟਾਮਸਨ ਨੇ ਜੀਂਦ ਦੇ ਇਲਾਕੇ ਤੇ ਹਮਲਾ ਕੀਤਾ। ਰਾਜਾ ਭਾਗ ਸਿੰਘ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਇਹਨੂੰ ਸ਼ਕਸਤ ਦਿੱਤੀ, ਕਿੰਤੂ ਜਦ ਵੇਖਿਆ ਕਿ ਟਾਮਸਨ ਸਾਹਿਬ ਦਾ ਇਸ ਇਲਾਕੇ ਦੇ ਲਾਗੇ ਰਹਿਣਾ ਵੀ ਖਤਰੇ ਤੋਂ ਖ਼ਾਲੀ ਨਹੀਂ ਤਦ ਦਿੱਲੀ ਜਾ ਕੇ ਪੈਰਨ ਸਾਹਿਬ ਨੂੰ ਲੈ ਆਂਦਾ ਤੇ ਟਾਮਸਨ ਨੂੰ ਸ਼ਕਸਤ ਦਵਾ ਕੇ ਹਟਾ ਦਿੱਤਾ। ਟਾਮਸਨ ਦੀਆਂ ਲੜਾਈਆਂ ਦਾ ਹਾਲ ਪਟਿਆਲੇ ਦੇ ਹਾਲ ਵਿੱਚ ਵੇਰਵੇ ਨਾਲ ਦਿੱਤਾ ਗਿਆ ਹੈ।

ਰਾਜਾ ਭਾਗ ਸਿੰਘ ਇੱਕ ਬੜਾ ਸਿਆਣਾ, ਸਮਝਦਾਰ ਤੇ ਦਾਨਾ ਰਾਜਾ ਸੀ। ਜਦ ਇਸ ਨੇ ਵੇਖਿਆ ਕਿ ਅੰਗਰੇਜ਼ਾਂ ਨੇ ਦਿੱਲੀ ਤੇ ਕਬਜ਼ਾ ਕਰ ਲਿਆ ਹੈ, ਤਦ ਇਸ ਨੇ ਸਮਝਿਆ ਕਿ ਜਦ ਇਨ੍ਹਾਂ ਨੇ ਹਿੰਦ ਦੀ ਰਾਜਧਾਨੀ ਲੈ ਲਈ ਹੈ। ਤਦ ਪੰਜਾਬ ਜਿਸ ਦੇ ਵਿੱਚ ਘਰ ਘਰ ਫਸਾਦ ਹੋ ਰਿਹਾ ਹੈ, ਇਨ੍ਹਾਂ ਅੱਗੇ ਕੋਈ ਗੱਲ ਨਹੀਂ। ਸੋ ਸਤਲੁਜ ਦੇ ਓਸ ਪਾਰ ਦੇ ਸਾਰੇ ਰਈਸਾਂ ਵਿੱਚੋਂ ਇਸ ਨੇ ਸਭ ਤੋਂ ਪਹਿਲਾਂ ਅੰਗਰੇਜ਼ਾਂ ਨਾਲ ਗੱਲਬਾਤ ਛੇੜੀ। ਜਦ ਪੂਰੀ ਤਸੱਲੀ ਹੋ ਗਈ ਤਦ ਅੰਗਰੇਜ਼ੀ ਫੌਜ ਵਿੱਚ ਜਾ ਮਿਲਿਆ। ਜਨਰਲ ਲੇਕ ਸਾਹਿਬ ਨੇ ਆਪਣੀਆਂ ਲਿਖਤਾਂ ਵਿੱਚ ਇਨ੍ਹਾਂ ਨੂੰ ਆਪਣਾ ਦੋਸਤ ਤੇ ਮਦਦਗਾਰ ਲਿਖਿਆ ਹੈ। ਇਲਾਕਾ ਗੋਹਾਨਾ ਖਰਖੋ ਦਾ ਇਨ੍ਹਾਂ ਨੂੰ ਜੋ ਪਟਾ ੧੮੪੩ ਬਿ. ਵਿੱਚ ਇਲਾਕੇ ਆਲਮ ਸ਼ਾਹ ਵੱਲੋਂ ਮਿਲਿਆ ਸੀ, ਦੀ ਪੁਸ਼ਟੀ ਕਰ ਦਿੱਤੀ। ਸੰ. ੧੮੬੨ ਬਿ. ਵਿੱਚ ਜਦ ਕਰਨਲ ਬਰਨ ਸਾਹਿਬ ਸਿੱਖਾਂ ਦੀ ਲੜਾਈ ਵਿੱਚ ਕਾਮਯਾਬ ਰਿਹਾ, ਤਦ ਰਾਜਾ ਭਾਗ ਸਿੰਘ ਤੇ ਭਾਈ ਲਾਲ ਸਿੰਘ ਕੈਂਥਲ ਵਾਲੇ ਦੋਨੋਂ ਆਪਣੀ ਫੌਜ ਲੈ ਕੇ ਅੰਗਰੇਜ਼ਾਂ ਨਾਲ ਜਾ ਮਿਲੇ ਤੇ ਕਈ ਮਹੀਨਿਆਂ ਤੀਕਨ ਲਾਰਡ ਲੇਕ ਦੀ ਸਹਾਇਤਾ ਵਾਸਤੇ ਓਹਨਾਂ ਨਾਲ ਫਿਰਦੇ ਰਹੇ। ਇਨ੍ਹਾਂ ਦੇ ਨਾਲ ਹੋਣ ਤੋਂ ਅੰਗ੍ਰੇਜ਼ਾਂ ਨੂੰ ਬੜੀ ਮਦਦ ਮਿਲੀ। ਅੰਗਰੇਜ਼ ਉਸ ਵੇਲੇ ਮਰਹੱਟਿਆਂ ਨਾਲ ਲੜ ਰਹੇ ਸਨ। ਇਨ੍ਹਾਂ ਸਰਦਾਰਾਂ ਨੇ ਸਹਾਰਨਪੁਰ ਦੇ ਇਲਾਕੇ ਤੇ ਕਬਜ਼ਾ ਰੱਖਿਆ ਤੇ ਕੋਈ ਫਸਾਦ ਤੇ ਬਗ਼ਾਵਤ ਨਹੀਂ ਹੋਣ ਦਿੱਤੀ।

ਇਸੇ ਸਾਲ ਲਾਰਡ ਲੇਕ ਨੇ ਜਸਵੰਤ ਰਾਏ ਹੁਲਕਰ ਦੇ ਪਿੱਛੇ ਜਦ ਕੂਚ ਕੀਤਾ, ਤਦ ਰਾਜਾ ਭਾਗ ਸਿੰਘ ਤੇ ਲਾਲ ਸਿੰਘ ਵੀ ਬਿਆਸਾ ਤੱਕ ਨਾਲ ਆਏ। ਇੱਥੇ ਲਾਰਡ ਲੇਕ ਨੇ ਰਾਜਾ ਭਾਗ ਸਿੰਘ ਨੂੰ ਕਿਹਾ ਕਿ ਤੁਸੀਂ ਆਪਣੇ ਭਾਣਜੇ ਸ਼ੇਰਿ ਪੰਜਾਬ ਨੂੰ ਜਾ ਕੇ ਸਮਝਾਓ ਕਿ ਹੁਲਕਰ ਦੀ ਸਹਾਇਤਾ ਨਾ ਕਰਨ। ਇਸੇ ਤਰ੍ਹਾਂ ਲਾਲ ਸਿੰਘ ਨੂੰ ਵੀ ਭੇਜਿਆ। ਇਨ੍ਹਾਂ ਦੋਨਾਂ ਸਰਦਾਰਾਂ ਦੇ ਲਾਹੌਰ ਆਉਣ ਤੇ ਗੱਲਬਾਤ ਹੋਣ ਤੇ ਸ਼ੇਰਿ ਪੰਜਾਬ ਨੇ ਹੁਲਕਰ ਦੀ ਅੰਗ੍ਰੇਜ਼ਾਂ ਨਾਲ ਸੁਲਾਹ ਕਰਾ ਦਿੱਤੀ ਤੇ ਇਕਰਾਰਨਾਮੇ ਲਿਖੇ ਗਏ।

ਰਾਜਾ ਭਾਗ ਸਿੰਘ ਇੱਥੋਂ ਹੋ ਕੇ ਦਿੱਲੀ ਤੱਕ ਲਾਰਡ ਲੇਕ ਦੇ ਨਾਲ ਗਿਆ, ਜਿੱਥੇ ਜਾ ਕੇ ਲਾਰਡ ਲੇਕ ਨੇ ਹਾਂਸੀ ਦਾ ਇਲਾਕਾ ਕੰਵਰ ਪ੍ਰਤਾਪ ਸਿੰਘ ਦੇ ਨਾਮ ਓਹਨਾਂ ਦੀ ਆਯੂ ਤੱਕ ਲਈ ਦਿੱਤਾ। ਫਿਰ ਕੰਵਰ ਸਾਹਿਬ ਦੇ ਕਹਿਣ ਤੇ ਇਹ ਇਲਾਕਾ ਗੋਹਾਨੇ ਨਾਲ ਬਦਲ ਦਿੱਤਾ ਤੇ ਇਹਨਾਂ ਤੋਂ ਛੁਟ ਥਾਨਾਂ ਕਲਾਂ ਦੇ ਪਿੰਡ ਤੇ ਮਮਰੇਜ਼ਪੁਰ ਦੀ ਜਾਗੀਰ ਤੇ ਸਨਦ ਸਮੇਤ ਮਿਲੇ।

ਰਾਜਾ ਭਾਗ ਸਿੰਘ ਨੂੰ ਆਪਣੇ ਭਾਣਜੇ ਸ਼ੇਰਿ ਪੰਜਾਬ ਵੱਲੋਂ ਵੀ ਪਟਿਆਲੇ ਤੇ ਨਾਭੇ ਦੇ ਝਗੜਿਆਂ ਦੇ ਮਾਮਲੇ ਵਿੱਚ ਜਦ ਓਹ ਕਈ ਵੇਰ ਆਇਆ ਤਦ ਬਹੁਤ ਸਾਰਾ ਇਲਾਕਾ ਮਿਲਿਆ।

੧. ਲੁਧਿਆਣੇ ਦਾ ਇਲਾਕਾ ਜਿਸ ਵਿੱਚ ੨੪ ਪਿੰਡ ਆਮਦਨ ੧੫੩੮੦)

੨. ਜੰਡਿਆਲੇ ਦੇ ੨੪ ਪਿੰਡ ਜਿਨ੍ਹਾਂ ਦੀ ਆਮਦਨ ੪੩੭੦) ਹੈ।

੩. ਦੋ ਪਿੰਡ ਕੋਟ, ਤੇ ਦੋ ਪਿੰਡ ਜਗਰਾਓ ਆਮਦਨ ੨੦੦੦) ਸੀ।

ਇਹ ਸਾਰਾ ਇਲਾਕਾ ਰਾਏ ਅਲਯਾਸ ਦੀ ਰਾਣੀਆਂ ਤੋਂ ਲਿਆ ਗਿਆ ਸੀ। ਫਿਰ ਦੂਜੀ ਲੜਾਈ ਵਿੱਚ ਤਿੰਨ ਪਿੰਡ ਘੁੰਗਰਾਣੇ ਦੇ ਗੁਜਰ ਸਿੰਘ ਤੋਂ, ੧੨ ਪਿੰਡ ਰਾਏ ਪੁਰ ਵਾਲਿਆਂ ਤੋਂ ੨੨ ਪਿੰਡ ਬਾਗ਼ਾਂ ਵਾਲੇ ਜੋ ਧਰਮ ਸਿੰਘ ਦੇ ਲੜਕੇ ਤੋਂ ਲਏ ਗਏ ਸੀ, ਇਨ੍ਹਾਂ ਸਾਰਿਆਂ ਦੀ ਆਮਦਨੀ ੧੯੨੫੫) ਰੁਪਏ ਸੀ।

ਸੰਮਤ ੧੮੬੫ ਬਿੱਕ੍ਰਮੀ (੧੮੦੮ ਈ:) ਆਪਣੀ ਰਿਆਸਤ ਦੀ ਪੈਮਾਇਸ਼ ਕਰਾਣ ਵਿੱਚ ਅੰਗ੍ਰੇਜ਼ਾਂ ਨੂੰ ਮਦਦ ਦਿੱਤੀ ਤੇ ਕਿਸੇ ਤਰ੍ਹਾਂ ਦਾ ਫਸਾਦ ਨਾ ਹੋਣ ਦਿੱਤਾ। ਇਸੇ ਸਾਲ ਦੇ ਅੰਤ ਵਿੱਚ ਕੁੰਭ ਦੇ ਮੇਲੇ ਹਰਦੁਆਰ ਤੋਂ ਮੁੜਨ ਤੇ ਰਾਜਾ ਸਾਹਿਬ ਆਪਣੇ ਭਾਣਜੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਲਾਹੌਰ ਚਲੇ ਗਏ। ਉੱਥੋਂ ਕੁਝ ਚਿਰ ਠਹਿਰ ਕੇ ਮਹਾਰਾਜਾ ਲਾਹੌਰ ਦੇ ਨਾਲ ਨਾਲ ੧੮੬੬ ਦੀ ਲੜਾਈ ਵਿੱਚ ਜੋ ਸਤਲੁਜ ਦੇ ਇਸ ਪਾਰ ਤੱਕਣ ਹੋਈ ਸੀ, ਵਾਪਸ ਮੁੜ ਆਏ।

ਰਾਜਾ ਭਾਗ ਸਿੰਘ ਨੇ ਆਪਣੇ ਸਾਥੀਆਂ ਸਮੇਤ ਕਿਲ੍ਹਾ ਘੁੰਘਰਾਣਾ ਤੇ ਜੋ ਤਾਰਾ ਸਿੰਘ ਦੇ ਲੜਕੇ ਗੁਜਰ ਸਿੰਘ ਦੇ ਕਬਜ਼ੇ ਵਿੱਚ ਸੀ, ਹਮਲਾ ਕੀਤਾ। ਇੱਕ ਮਹੀਨੇ ਤੱਕ ਕਿਲ੍ਹੇ ਦੇ ਪਾਸ ਘੇਰਾ ਪਾ ਰੱਖਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਭੇਜ ਕੇ ਕਿਲ੍ਹਾ ਘੁੰਘਰਾਣੇ ਨੂੰ ਬਿਨਾਂ ਕਿਸੇ ਲੜਾਈ ਦੇ ਗੁਜਰ ਸਿੰਘ ਤੋਂ ਲੈ ਲਿਆ ਤੇ ਆਪਣੇ ਮਿੱਤਰ ਕਰਮ ਸਿੰਘ ਨੂੰ ਦੇ ਦਿੱਤਾ, ਜਿਸ ਦਾ ਫ਼ਲ ਇਹ ਹੋਇਆ ਕਿ ਸਰਦਾਰ ਕਰਮ ਸਿੰਘ ਤੇ ਰਾਜਾ ਭਾਗ ਸਿੰਘ ਵਿੱਚ ਸਦਾ ਦੇ ਫਸਾਦ ਦਾ ਬੀਜ ਬੀਜਿਆ ਗਿਆ ਤੇ ਘੁੰਘਰਾਣੇ ਦੇ ਲਾਗੇ ਸਦਾ ਦੇ ਲੜਾਈ ਝਗੜੇ ਬਿਨਾਂ ਕੋਈ ਕੰਮ ਨਾ ਰਿਹਾ। ਐਥੋਂ ਤੱਕ ਕਿ ਮਿਸਟਰ ਮਟਕਾਫ ਸਫੀਰ ਅੰਗ੍ਰੇਜ਼ੀ ਤੇ ਵੀ ਦੁਸ਼ਮਣ ਹੋਣ ਦੇ ਸ਼ੁਬ੍ਹੇ ਵਿੱਚ ਜਦ ਕਿ ਓਹ ਰਾਜਾ ਭਾਗ ਸਿੰਘ ਦੇ ਇੱਕ ਪਿੰਡ ਦੇ ਵਿੱਚ ਦੀ ਘੋੜੇ ਤੇ ਸਵਾਰ ਹੋਏ ਜਾਂਦੇ ਸਨ, ਗੋਲੀਆਂ ਚਲਾ ਦਿੱਤੀਆਂ ਗਈਆਂ।

ਘੁੰਘਰਾਣੇ ਦੇ ਮਾਮਲੇ ਤੋਂ ਰਾਜਾ ਭਾਗ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਗੜ ਗਈ। ਭਾਗ ਸਿੰਘ ਨੇ ਹੁਣ ਲਾਹੌਰ ਦਰਬਾਰ ਵੱਲੋਂ ਮੂੰਹ ਮੋੜ ਕੇ ਅੰਗ੍ਰੇਜ਼ਾਂ ਨਾਲ ਮਿਤਰਾਨਾ ਗੰਢਣਾ ਸ਼ੁਰੂ ਕੀਤਾ। ਇੱਕ ਚਿੱਠੀ ਵਿੱਚ ਦਿੱਲੀ ਲਿਖਿਆ ਕਿ ਸਤਲੁਜ ਤੋਂ ਇਸ ਪਾਰ ਦੇ ਸਿੱਖ ਰਈਸ ਮਹਾਰਾਜਾ ਰਣਜੀਤ ਸਿੰਘ ਤੋਂ ਬੜੇ ਬਦਜ਼ਨ ਹੋ ਰਹੇ ਹਨ:

'ਇਨ੍ਹਾਂ ਦਿਨਾਂ ਵਿੱਚ ਹੀ ਮੇਰੇ ਪਾਸ ਆਪ ਦੀਆਂ ਦੋ ਚਿੱਠੀਆਂ ਜਿਨ੍ਹਾਂ ਵਿੱਚ ਕ੍ਰਿਪਾਲਤਾ ਹੋਈ ਸੀ, ਪੁੱਜੀਆਂ। ਦਿਲ ਨੂੰ ਤਸੱਲੀ ਹੋਈ। ਆਪ ਦੀ ਮੇਹਰਬਾਨੀ ਦਾ ਧੰਨਵਾਦੀ ਹਾਂ, ਵਾਹਿਗੁਰੂ ਆਪ ਨੂੰ ਨੇਕ ਬਦਲਾ ਦੇਵੇ। ਇੱਥੋਂ ਦੇ ਹਾਲ ਇਸ ਤਰ੍ਹਾਂ ਹਨ ਕਿ ਆਪ ਦੇ ਖਤ ਪੁੱਜਣ ਤੋਂ ਪਹਿਲਾਂ ਰਾਜਾ ਸਾਹਿਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਆਪਣੇ ਬਚਾਓ ਵਾਸਤੇ ਮੁਲਾਕਾਤ ਦਾ ਜ਼ਿਕਰ ਕੀਤਾ ਸੀ। ਇਸ ਕਰ ਕੇ ਓਹ ਪੜਾਓ ਪੜਾਓ ਟੁਰਦਾ ਮਹਾਰਾਜਾ ਦੇ ਖੇਮੇ ਵੱਲ ਚਲਿਆ ਤੇ ਮੁਲਾਕਾਤ ਹੋ ਗਈ। ਓਸ ਰਵਾਜਾਂ ਅਨੁਸਾਰ ਜੋ ਸਿੱਖ ਸਰਦਾਰਾਂ ਵਿੱਚ ਪ੍ਰਚਲਤ ਹੈ। ਮਹਾਰਾਜਾ ਰਣਜੀਤ ਸਿੰਘ ਤੇ ਸਾਹਿਬ ਸਿੰਘ ਨੇ ਆਪੋ ਵਿੱਚ ਦਸਤਾਰੇ ਬਦਲ ਲਏ ਤੇ ਪ੍ਰਗਟ ਰੂਪ ਵਿੱਚ ਸਾਰੀਆਂ ਗੱਲਾਂ ਦਾ ਫ਼ੈਸਲਾ ਹੋ ਗਿਆ, ਕਿੰਤੂ ਅਸਲ ਵਿੱਚ ਅਸੀਂ ਚਾਰੇ ਰਈਸ ਉਸੇ ਤਰ੍ਹਾਂ ਹਾਂ, ਜਿਕਣ ਪਹਿਲਾਂ ਸੀ ਤੇ ਅੰਗ੍ਰੇਜ਼ਾਂ ਦੇ ਨਾਲ ਉਸੇ ਸੰਬੰਧ ਤੇ ਦ੍ਰਿੜ੍ਹ ਹਾਂ ਜੋ ਪਹਿਲੇ ਦਿਨ ਤੋਂ ਹੈ ਜੋ ਸਾਡੇ ਦਿਲ ਵਿੱਚ ਸੀ ਤੇ ਮਿਲਣ ਵੇਲੇ ਆਪ ਨੂੰ ਕਹਿ ਚੁੱਕੇ ਹਾਂ ਤੇ ਆਪਣੀ ਹਾਲਤ ਤੁਹਾਨੂੰ ਦੱਸ ਚੁੱਕੇ ਹਾਂ ਜੋ ਆਪ ਨੂੰ ਚੇਤੇ ਹੋਵੇਗੀ। ਅਸਾਂ ਚਾਰੇ ਰਈਸਾਂ ਨੂੰ ਵਿਸ਼ਵਾਸ ਹੈ ਕਿ ਅੰਗ੍ਰੇਜ਼ਾਂ ਦਾ ਖ਼ਿਆਲ ਸਾਡੀ ਰੱਖਿਆ ਕਰਨ ਦਾ ਹੈ। ਰਾਜਾ ਸਾਹਿਬ ਸਿੰਘ ਲਖਨਊ ਤੋਂ ਹੋ ਕੇ ਪਟਿਆਲਾ ਜਾਣਗੇ। ਭਾਈ ਲਾਲ ਸਿੰਘ ਤੇ ਮੈਂ ਮਹਾਰਾਜਾ ਰਣਜੀਤ ਸਿੰਘ ਨੂੰ ਓਸ ਪਾਰ ਭੇਜ ਕੇ ਪਟਿਆਲੇ ਆਵਾਂਗੇ ਤੇ ਸਾਰੀਆਂ ਗੱਲਾਂ ਬਾਬਤ ਫ਼ੈਸਲਾ ਕਰ ਕੇ ਆਪ ਨੂੰ ਪੂਰਾ ਹਾਲ ਦੱਸਾਂਗੇ।'

ਜਦ ਮਹਾਰਾਜਾ ਰਣਜੀਤ ਸਿੰਘ ਮੁੜ ਕੇ ਲਾਹੌਰ ਚਲੇ ਗਏ ਤਦ ਰਾਜਾ ਭਾਗ ਸਿੰਘ ਨੇ ਮਿਸਟਰ ਸਟੇਨ ਸਾਹਿਬ ਰੈਜ਼ੀਡੰਟ ਦਿੱਲੀ ਨਾਲ ਮਿਲਣ ਵਾਸਤੇ ਕੂਚ ਕੀਤਾ। ਕਿੰਤੂ ਕਰਨਾਲ ਪੁੱਜੇ

ਅਖਤਰਲੋਨੀ ਸਾਹਿਬ; ਜੋ ਕਿ ਇੱਕ ਭਾਰੀ ਫੌਜ ਲੈ ਕੇ ਸਤਲੁਜ ਵੱਲ ਜਾ ਰਿਹਾ ਹੈ, ਉਸ ਨੂੰ ਮਿਲੋ। ਸੋ ਭਾਗ ਸਿੰਘ ਕਰਨੈਲ ਨੂੰ ਬੂੜੀਆਂ ਦੇ ਮੁਕਾਮ ਤੇ ਮਿਲਿਆ ਤੇ ਉਸ ਵੇਲੇ ਤੱਕ ਜਦ ਕਿ ਅੰਗ੍ਰੇਜ਼ਾਂ ਨੇ ਲੁਧਿਆਣੇ ਪੁੱਜ ਕੇ ਛਾਵਣੀ ਨਾ ਬਣਾ ਲਈ, ਨਾਲ ਨਾਲ ਰਿਹਾ। ਇਸ ਨੇ ਅਖਤਰਲੋਨੀ ਨੂੰ ਸਿੱਖ ਰਈਸਾਂ ਦੇ ਸੁਭਾਉ ਬਾਬਤ ਬਹੁਤ ਸਾਰੀਆਂ ਗੱਲਾਂ ਦੱਸੀਆਂ।

ਲੁਧਿਆਣਾ ਜਿੱਥੇ ਅੰਗ੍ਰੇਜ਼ ਛਾਉਣੀ ਬਨਾਣਾ ਚਾਹੁੰਦੇ ਸਨ, ਰਾਜਾ ਭਾਗ ਸਿੰਘ ਦੇ ਕਬਜ਼ੇ ਵਿੱਚ ਸੀ। ਇਨ੍ਹਾਂ ਨੇ ਅੰਗ੍ਰੇਜ਼ਾਂ ਨੂੰ ਛਾਉਣੀ ਬਨਾਣ ਵਾਸਤੇ ਬੜੀ ਖ਼ੁਸ਼ੀ ਨਾਲ ਦੇ ਦਿੱਤਾ, ਕਿੰਤੂ ਉਹਦੇ ਨਾਲ ਹੀ ਰਾਜਾ ਸਾਹਿਬ ਨੂੰ ਇਸ ਗੱਲ ਦੀ ਉਮੀਦ ਸੀ ਕਿ ਕਰਨਾਲ ਦਾ ਪ੍ਰਗਨਾ ਜੋ ਅੱਗੇ ਇੱਕ ਵੇਰ ਇਨ੍ਹਾਂ ਦੇ ਖਾਨਦਾਨ ਦੇ ਕਬਜ਼ੇ ਵਿੱਚ ਰਹਿ ਚੁੱਕਾ ਹੈ, ਗਵਰਨਮੈਂਟ ਦੇ ਦੇਵੇਗੀ। ਸੋ ਇਨ੍ਹਾਂ ਨੇ ਇਸ ਗੱਲ ਵਾਸਤੇ ਗਵਰਨਮੈਂਟ ਨੂੰ ਲਿਖਿਆ ਤੇ ਕਰਨਲ ਅਖਤਰਲੋਨੀ ਨੇ ਵੀ ਇਸ ਗੱਲ ਦੀ ਸਫਾਰਸ਼ ਵਾਸਤੇ ਬਹੁਤ ਕੁਝ ਲਿਖਿਆ।

'ਇਹ ਮੇਰੇ ਵੱਲੋਂ ਇੱਕ ਬੜੀ ਹੀ ਨਿਆਏ ਵਿਰੁੱਧ ਗੱਲ ਹੋਵੇਗੀ ਜੇ ਕਦੀ ਮੈਂ ਐਸ ਵੇਲੇ ਇਸ ਗੱਲ ਦੇ ਪ੍ਰਗਟ ਕਰਨ ਤੋਂ ਚੁੱਪ ਰਹਾਂ, ਜੋ ਰਾਜਾ ਸਾਹਿਬ ਦੀ ਇੱਛਾ ਪੂਰੀਆਂ ਕਰਨ ਲਈ ਦਿਲ ਵਿੱਚ ਰੱਖਦਾ ਹਾਂ। ਨਾ ਸਿਰਫ ਇਸ ਕਰ ਕੇ ਕਿਲ੍ਹੇ ਦੇ ਨਿੱਕਲ ਜਾਣ ਤੋਂ ਲੁਧਿਆਣੇ ਦੇ ਮਾਮਲੇ ਵਿੱਚ ਉੱਕਾ ਬੰਦ ਨਹੀਂ ਤਾਂ ਉਸ ਵਿੱਚ ਕਮ ਜ਼ਰੂਰ ਹੋ ਜਾਏਗੀ, ਬਲਕਿ ਇਸ ਕਰ ਕੇ ਵੀ ਕਿ ਇਸ ਮੌਕੇ ਤੇ ਬੜੀ ਦਿਲ ਦੀ ਸਫ਼ਾਈ ਤੇ ਜਵਾਂਮਰਦੀ ਵਾਲਾ ਸਲੂਕ ਕੀਤਾ ਹੈ ਜੋ ਉਹਦੇ ਵਾਸਤੇ ਫਖਰ ਦੀ ਗੱਲ ਹੈ ਤੇ ਉਹਨਾਂ ਅਹਿਸਾਨਾਂ ਨੂੰ ਜੋ ਅੰਗਰੇਜ਼ਾਂ ਨੇ ਉਸ ਤੇ ਕੀਤੇ ਹਨ, ਆਪਣੇ ਆਪ ਨੂੰ ਧੰਨਵਾਦੀ ਪ੍ਰਗਟ ਕੀਤਾ ਹੈ। ਬਾਵਜੂਦ ਇਹਦੇ ਕਿ ਉਸ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਜੋ ਗਾੜ੍ਹਾ ਸੰਬੰਧ ਤੇ ਹਮਦਰਦੀ ਹੈ, ਛੁਪਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਰਾਜਾ ਭਾਗ ਸਿੰਘ ਨੇ ਹਰ ਗੱਲ ਵੇਲੇ ਜਿੱਥੋਂ ਸਾਡਾ ਕੰਮ ਨਿੱਕਲਦਾ ਸੀ ਉਨੀ ਹੀ ਮੱਦਦ ਦਿੱਤੀ ਹੈ ਜੋ ਮੇਰੀ ਆਸ ਤੋਂ ਵੀ ਵੱਧ ਕੇ ਸੀ। ਕਿਉਂਕਿ ਜਦ ਮੈਂ ਉਹਨੂੰ ਕਿਹਾ ਸੀ ਕਿ ਕਮਾਂਡਰ ਇਨ ਚੀਫ ਸਾਹਿਬ ਦਾ ਹੁਕਮ ਹੈ ਕਿ ਕਿਲ੍ਹੇ ਦੇ ਅੰਦਰ ਦੀਆਂ ਇਮਾਰਤਾਂ ਨੂੰ ਬਿਨਾਂ ਕਿਸੇ ਦੇ ਢਾਹ ਦਿੱਤਾ ਜਾਵੇ, ਤਦ ਮੈਨੂੰ ਵਿਸ਼ਵਾਸ ਸੀ ਕਿ ਜੇ ਕਦੀ ਕੁਝ ਰਹਿਣ ਵਾਸਤੇ ਨਾ ਕਿਹਾ ਗਿਆ ਤਦ ਸੋਚਣ ਲਈ ਜ਼ਰੂਰ ਕਿਹਾ ਜਾਏਗਾ। ਕਿੰਤੂ ਮੈਨੂੰ ਇਹ ਗੱਲ ਵੇਖ ਕੇ ਬੜੀ ਤਸੱਲੀ ਹੋਈ ਕਿ ਬਿਨਾਂ ਜ਼ਿਕਰ ਓਸ ਦਰਖ਼ਾਸਤ ਕੀਤੇ ਦੇ ਜੋ ਰਾਜਾ ਸਾਹਿਬ ਨੇ ਕੀਤੀ ਸੀ, ਉਸ ਨੇ ਬਿਨਾਂ ਦੇਰ ਖੁੱਲ੍ਹੇ ਮੱਥੇ ਸਾਡੀ ਗੱਲ ਮੰਨ ਲਈ। ਕੇਵਲ ਇੰਨਾ ਕਿਹਾ ਕਿ ਮੈਨੂੰ ਅੰਗਰੇਜ਼ਾਂ ਦੀ ਕ੍ਰਿਪਾਲਤਾ ਦਾ ਜੋ ਤਜਰਬਾ ਹੋ ਚੁੱਕਾ ਹੈ। ਉਸ ਤੋਂ ਆਸ ਹੈ ਕਿ ਅੰਤ ਨੂੰ ਇਸ ਤੋਂ ਕੋਈ ਨੁਕਸਾਨ ਨਹੀਂ ਹੋਵੇਗਾ।'

੧੮੧੦ ਈਸਵੀ ਵਿੱਚ ਜਦ ਪਹਾੜਾ ਸਿੰਘ ਰਈਸ ਧਰਮ ਪੁਰ (ਕਰਨਾਲ) ਨੇ ਚਲਾਣਾ ਕੀਤਾ, ਤਦ ਰਾਜਾ ਭਾਗ ਸਿੰਘ ਨੇ ਇਹ ਇਲਾਕਾ ਲੈਣ ਵਾਸਤੇ ਫਿਰ ਅੰਗਰੇਜ਼ਾਂ ਪਾਸ ਦਰਖ਼ਾਸਤ ਦੇ ਦਿੱਤੀ ਕਿ ਇਹ ਇਲਾਕਾ ਸਾਨੂੰ ਮਿਲਣਾ ਚਾਹੀਦਾ ਹੈ, ਕਿਉਂਕਿ ਇੱਕ ਕੁਲ ਪ੍ਰਗਨਾ ਸਾਡੇ ਬਾਪ ਰਾਜਾ ਗਜਪਤ ਸਿੰਘ ਦੀ ਮਾਲਕੀ ਸੀ ਤੇ ਸਦਾ ਤੋਂ ਸਾਡੇ ਖਾਨਦਾਨ ਦੇ ਕਬਜ਼ੇ ਵਿੱਚ ਹੀ ਚਲਾ ਆਇਆ ਹੈ। ਭਾਵੇਂ ਪ੍ਰਗਟ ਰੂਪ ਵਿੱਚ ਪਹਾੜਾ ਸਿੰਘ ਦੇ ਨਾਮ ਤੇ ਸੀ, ਕਿੰਤੂ ਅਸਲ ਵਿੱਚ ਉਹ ਵੀ ਸਾਡੇ ਖਾਨਦਾਨ ਦੇ ਸੰਬੰਧ ਵਿੱਚੋਂ ਹੀ ਸੀ। ਗਵਰਨਮੈਂਟ ਨੇ ਇਸ ਨੂੰ ਵੀ ਨਾ ਮਨਜ਼ੂਰ ਕਰ ਦਿੱਤਾ।

ਇਨ੍ਹਾਂ ਦਿਨਾਂ ਵਿੱਚ ਰਾਜਾ ਸਾਹਿਬ ਸਿੰਘ ਦੀ ਬੇਅਕਲੀ ਦੇ ਕਾਰਨ ਪਟਿਆਲੇ ਵਿੱਚ ਆਪਾਧਾਪੀ ਮਚੀ ਹੋਈ ਸੀ। ਓਸ ਵੇਲੇ ਰਾਜਾ ਭਾਗ ਸਿੰਘ ਨੇ ਬੜੀ ਮਦਦ ਦੇ ਕੇ ਇਸ ਰਿਆਸਤ ਨੂੰ ਕਾਇਮ ਰੱਖਿਆ, ਨਹੀਂ ਤਾਂ ਬਾਕੀ ਸਾਰੇ ਇਸ ਰਿਆਸਤ ਨੂੰ ਮਿਟਾ ਦੇਣਾ ਚਾਹੁੰਦੇ ਸਨ।

## ੧੦. ਰਾਜਾ ਭਾਗ ਸਿੰਘ ਦੀ ਬੀਮਾਰੀ ਤੇ ਰਿਆਸਤ ਦਾ ਪ੍ਰਬੰਧ

ਰਾਜਾ ਭਾਗ ਸਿੰਘ ਇੱਕ ਬੜਾ ਸਮਝਦਾਰ ਨੀਤੱਗਜ ਤੇ ਬਹਾਦਰ ਆਦਮੀ ਸੀ। ਆਖ਼ਰੀ ਦਿਨਾਂ ਵਿੱਚ ਮਾਰਚ ੧੮੧੩ ਨੂੰ ਅਚਣਚੇਤ ਇਸ ਨੂੰ ਫਾਲਜ ਨੇ ਆ ਦਬਾਯਾ ਤੇ ਇਹ ਹਿਲਣ-ਜੁੱਲਣ ਤੋਂ ਰਹਿ ਗਿਆ।

ਬੀਮਾਰ ਹੋਣ ਤੋਂ ਇੱਕ ਸਾਲ ਪਹਿਲਾਂ ਰਾਜਾ ਭਾਗ ਸਿੰਘ ਜਦ ਬਿਲਕੁਲ ਅਰੋਗ ਸੀ, ਇੱਕ ਵਸੀਅਤ ਨਾਮਾ ਇਸ ਨੇ ਰੈਜ਼ੀਡੰਟ ਨੂੰ ਦਿੱਤਾ ਸੀ, ਜਿਸ ਵਿੱਚ ਲਿਖਿਆ ਸੀ ਕਿ ਮੇਰੇ ਪਿੱਛੋਂ ਰਿਆਸਤ ਦਾ ਮਾਲਕ ਮੇਰਾ ਛੋਟਾ ਲੜਕਾ ਕੰਵਰ ਪ੍ਰਤਾਪ ਸਿੰਘ ਬਣਾਯਾ ਜਾਵੇ ਤੇ ਸੰਗਰੂਰ ਤੇ ਬਸੀਆ ਦੀਆਂ ਜਾਗੀਰਾਂ ਮੇਰੇ ਵੱਡੇ ਲੜਕੇ ਫਤਹ ਸਿੰਘ ਨੂੰ ਦਿੱਤੀਆਂ ਜਾਣ। ਇਸ ਤਰ੍ਹਾਂ ਹੋਰ ਜਾਗੀਰਾਂ ਜੋ ਕੰਵਰ ਪ੍ਰਤਾਪ ਸਿੰਘ ਦੇ ਨਾਮ ਓਹਦੀ ਜ਼ਿੰਦਗ਼ੀ ਵਾਸਤੇ ਹਨ, ਫਤਹ ਸਿੰਘ ਨੂੰ ਦੇ ਦਿੱਤੀਆਂ ਜਾਣ।

ਰਾਜਾ ਭਾਗ ਸਿੰਘ ਨੂੰ ਆਪਣੇ ਵੱਡੇ ਲੜਕੇ ਫਤਹ ਸਿੰਘ ਨਾਲ ਕੋਈ ਦੁਸ਼ਮਣੀ ਨਹੀਂ ਸੀ, ਕਿੰਤੂ ਕੰਵਰ ਪ੍ਰਤਾਪ ਸਿੰਘ ਦੀ ਮਾਂ ਨਾਲ ਬਹੁਤ ਪਿਆਰ ਹੋਣ ਦੇ ਕਾਰਨ ਓਸ ਨੇ ਇਸ ਤਰ੍ਹਾਂ ਦੀ ਵਸੀਅਤ ਕੀਤੀ, ਕਿੰਤੂ ਅੰਗਰੇਜ਼ਾਂ ਨੇ ਓਹਦੀ ਇਹ ਗੱਲ ਮੰਨਣ ਤੋਂ ਇਨਕਾਰ ਕਰ ਕੇ ਲਿਖਿਆ ਕਿ:

'ਭਾਵੇਂ ਇਸ ਗੱਲ ਦੇ ਮੰਨਣ ਦੇ ਬਹੁਤ ਸਾਰੇ ਕਾਰਨ ਹੋਣ ਕਿ ਰਾਜਾ ਭਾਗ ਸਿੰਘ ਨੇ ਇਹ ਵਸੀਅਤ ਨਾਮਾ ਆਪਣੀ ਕੌਮ ਦੇ ਰਸਮੋਂ ਰਿਵਾਜ ਦੇ ਅਨੁਸਾਰ ਕੀਤਾ ਹੈ ਤੇ ਗਵਰਨਰ ਜਨਰਲ ਨੂੰ ਏਸ ਦੇ ਨਾਲ ਭਾਵੇਂ ਕਿੰਨਾ ਹੀ ਸ਼ੁਬ੍ਹਾ ਹੋਵੇ ਕਿ ਅਦਾਲਤ ਤੇ ਇਨਸਾਫ਼ ਨੂੰ ਏਸ ਦੀ ਵਿਰੋਧਤਾ ਹੋ ਸਕਦੀ ਹੈ ਜਾਂ ਨਹੀਂ। ਕਿੰਤੂ ਗਵਰਨਰ ਜਨਰਲ ਇਨ-ਕੌਂਸਲ ਦਾ ਖ਼ਿਆਲ ਹੈ ਕਿ ਜਿੱਥੇ ਇਹ ਵਸੀਅਤ ਨਾਮਾ ਨਿਆਉਂ ਦੇ ਵਿਰੁੱਧ ਹੈ, ਓਥੇ ਇਸ ਤੋਂ ਬੜੇ ਭੈੜੇ ਸਿੱਟੇ ਵੀ ਨਿੱਕਲਣਗੇ, ਏਸ ਕਰ ਕੇ ਮੰਨਣ ਤੋਂ ਇਨਕਾਰ ਕਰਦੇ ਹਨ। ਏਸ ਵਾਸਤੇ ਰਾਜਾ ਭਾਗ ਸਿੰਘ ਦੇ ਚਲਾਣੇ ਮਗਰੋਂ ਓਹਨਾਂ ਦੇ ਦੋਸਤਾਂ ਤੇ ਸੰਬੰਧੀਆਂ ਨੂੰ ਪਤਾ ਦੇ ਦੇਵੋ ਕਿ ਗਵਰਨਮੈਂਟ ਕੰਵਰ ਪ੍ਰਤਾਪ ਸਿੰਘ ਦੇ ਗੱਦੀ ਤੇ ਬੈਠਣ ਨੂੰ ਪ੍ਰਵਾਨ ਨਹੀਂ ਕਰਦੀ ਤੇ ਓਹ ਸਾਰੀ ਜਾਇਦਾਦ ਜੋ ਵੱਡੇ ਲੜਕੇ ਨੂੰ ਮਿਲਣੀ ਚਾਹੀਦੀ ਹੈ, ਦੇਣ ਵਿੱਚ ਸਰਕਾਰੀ ਰੋਅਬ ਨੂੰ ਕੰਮ ਵਿੱਚ ਲਿਆਓ ਤੇ ਨਾਲ ਹੀ ਏਹ ਗੱਲ ਵੀ ਪ੍ਰਗਟ ਕਰ ਦੇਵੋ ਕਿ ਪ੍ਰਤਾਪ ਸਿੰਘ ਦੇ ਖ਼ਰਚਾਂ ਵਾਸਤੇ ਇੱਕ ਪੂਰਾ ਪ੍ਰਬੰਧ ਕੀਤਾ ਜਾਏਗਾ ਤੇ ਇਸ ਗੱਲ ਦਾ ਖ਼ਿਆਲ ਰੱਖੋ ਕਿ ਜੋ ਚੀਜ਼ ਛੋਟੇ ਬੇਟੇ ਨੂੰ ਮਿਲਣੀਆਂ ਚਾਹੀਦੀਆਂ ਹਨ, ਇਸ ਨੂੰ ਮਿਲ ਜਾਣ ਤੇ ਏਸ ਗੱਲ ਦੇ ਵਰਤੋਂ ਵਿੱਚ ਆਉਣ ਤੇ ਲੋੜ ਤੋਂ ਵਧੀਕ ਸਖ਼ਤੀ ਤੋਂ ਕੰਮ ਨਾ ਲਿਆ ਜਾਏ। ਆਪ ਵੀ ਸਮਝਦੇ ਹੋ ਕਿ ਭਾਈ ਲਾਲ ਸਿੰਘ ਤੇ ਹੋਰ ਖਾਨਦਾਨ ਦੇ ਸ਼ੁਭਚਿੰਤਕਾਂ ਦੀ ਰਾਏ ਲਾਭਦਾਇਕ ਹੋਵੇਗੀ ਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਓਹ ਆਪਣੀ ਅਕਲ ਤੇ ਦਾਨਾਈ ਨਾਲ ਇਸ ਗੱਲ ਨੂੰ ਸੋਚ ਲੈਣਗੇ ਕਿ ਭਾਗ ਸਿੰਘ ਦਾ ਵਸੀਅਤਨਾਮਾ ਜੋ ਇਮਜਾਜ਼ ਦੀ ਤੇਜ਼ੀ ਨਾਲ ਲਿਖਿਆ ਮਲੂਮ ਹੁੰਦਾ ਹੈ। ਏਸ ਨੂੰ ਛੱਡ ਕੇ ਵੱਡੇ ਲੜਕੇ ਦੇ ਹੱਕ ਕਾਇਮ ਰਖਣੇ ਚਾਹੀਦੇ ਹਨ। ਇਹ ਗੱਲ ਯਾਦ ਰਹੇ ਕਿ ਲਾਲ ਸਿੰਘ ਆਦਿਕਾਂ ਨਾਲ ਲਿਖਾ ਪੜ੍ਹੀ ਕਰਨ ਲੱਗਿਆਂ ਅਜੇਹੀ ਕੋਈ ਗੱਲ ਪ੍ਰਗਟ ਨਾ ਹੋਵੇ, ਜਿਸ ਤੋਂ ਓਹਨਾਂ ਦੇ ਜੀਂਦ ਰਿਆਸਤ ਦੀ ਜਾਨਸ਼ੀਨੀ ਦਾ ਫ਼ੈਸਲਾ ਕਰਨ ਬਾਬਤ ਕੋਈ ਹੱਕ ਬਣ ਜਾਣ। ਸਾਦਾ ਤੇ ਨਿਯਾਏ ਯੁਕਤ ਗੱਲ ਇਹ ਹੋਵੇਗੀ ਕਿ ਜਾਂ ਤਾਂ ਓਹ ਗੱਲਾਂ ਜੋ ਵਸੀਅਤਨਾਮੇ ਵਿੱਚ ਵੱਡੇ ਤੇ ਛੋਟੇ ਬਾਬਤ ਲਿਖੀਆਂ ਹਨ, ਇਨ੍ਹਾਂ ਨੂੰ ਆਪੋ ਵਿੱਚ ਬਦਲ ਦਿੱਤਾ ਜਾਏ ਜਾਂ ਛੋਟੇ ਬੇਟੇ ਨੂੰ ਕੋਈ ਹੋਰ ਜਾਇਦਾਦ ਜੋ ਮਾਲੀਅਤ ਵਿੱਚ ਬੜੇ ਬੇਟੇ ਨੂੰ ਦਿੱਤੀ ਗਈ, ਜਾਇਦਾਦ ਦੇ ਬਰਾਬਰ ਹੋਵੇ ਦਿੱਤੀ ਜਾਵੇ।

ਬਾਕੀ ਓਹ ਜਾਗੀਰਾਂ ਜੋ ਆਯੂ ਭਰ ਲਈ ਸੀ, ਓਹਨਾਂ ਬਾਬਤ ਵੀ ਸਰਕਾਰ ਨੇ ਇਹ ਵੀ ਫ਼ੈਸਲਾ ਕੀਤਾ ਕਿ ਰਾਜਾ ਭਾਗ ਸਿੰਘ ਦੀ ਜ਼ਿੰਦਗ਼ੀ ਤੋਂ ਪਿੱਛੋਂ ਜ਼ਬਤ ਕੀਤੀਆਂ ਜਾਣ।

ਰਾਜਾ ਭਾਗ ਸਿੰਘ ਬੀਮਾਰੀ ਦੇ ਕਾਰਨ ਕਾਫੀ ਚਿਰ ਮੰਜੇ ਤੇ ਰਿਹਾ। ਇਸ ਵੇਲੇ ਸਭ ਤੋਂ ਜ਼ਰੂਰੀ ਤੇ ਮੁਸ਼ਕਲ ਗੱਲ ਇਹ ਸੀ ਕਿ ਰਿਆਸਤ ਦੇ ਪ੍ਰਬੰਧ ਲਈ ਕਿਸ ਨੂੰ ਜ਼ੁਮੇਵਾਰੀ ਦਿੱਤੀ ਜਾਏ?

ਆਪਣੇ ਵੱਡੇ ਲੜਕੇ ਫਤਹ ਸਿੰਘ ਤੋਂ ਰਾਜਾ ਘ੍ਰਿਣਾ ਕਰਦਾ ਸੀ, ਜਿਸ ਤੋਂ ਇਸ ਨੂੰ ਅਜੇ ਕੰਮ ਸੌਂਪਣਾ ਉਚਿਤ ਨਹੀਂ ਜਾਪਦਾ ਕਿ ਨਿੱਕੇ ਲੜਕੇ ਪ੍ਰਤਾਪ ਸਿੰਘ ਬਾਬਤ ਦਰਖ਼ਾਸਤ ਸਰਕਾਰ ਨਾ ਮਨਜ਼ੂਰ ਕਰ ਚੁੱਕੀ ਸੀ। ਇਹ ਭੀ ਠੀਕ ਨਹੀਂ ਸੀ ਕਿ ਅਜਿਹੀ ਹਾਲਤ ਵਿੱਚ ਓਹਨੂੰ ਚਲਾਵੇਂ ਕੰਮ ਲਈ ਪ੍ਰਬੰਧ ਸੌਂਪਿਆ ਜਾਵੇ। ਤੀਜਾ ਲੜਕਾ ਮਹਤਾਬ ਸਿੰਘ ਅਜੇ ਬਹੁਤ ਛੋਟਾ ਸੀ, ਬਾਕੀ ਰਹੀ ਵੱਡੀ ਰਾਣੀ ਅਰਥਾਤ ਫਤਹ ਸਿੰਘ ਦੀ ਮਾਤਾ ਸੋ ਓਸ ਦੀ ਬਾਬਤ ਵੀ ਓਹੋ ਹੀ ਗੱਲ ਸੀ, ਜੋ ਓਹਦੇ ਲੜਕੇ ਫਤਹ ਸਿੰਘ ਬਾਬਤ ਸੀ।

ਕੰਵਰ ਪ੍ਰਤਾਪ ਸਿੰਘ ਦੀ ਮਾਤਾ ਵੀ ਜ਼ਿੰਦਾ ਨਹੀਂ ਸੀ। ਛੇਕੜ ਆ ਜਾ ਕੇ ਇਸੇ ਗੱਲ ਤੇ ਸਾਰਿਆਂ ਦੀ ਰਾਏ ਟਿਕੀ ਕਿ ਕੰਵਰ ਪ੍ਰਤਾਪ ਸਿੰਘ ਦੀ ਮਾਤਾ ਸਭਰਾਈ ਨੂੰ ਰਾਜ ਪ੍ਰਬੰਧ ਸੌਂਪਿਆ ਜਾਏ ਜਦ ਤੱਕ ਰਾਜਾ ਭਾਗ ਸਿੰਘ ਜੀਊਂਦਾ ਹੈ। ਵਜ਼ੀਰਾਂ ਨੇ ਇਹ ਗੱਲ ਪਸੰਦ ਕੀਤੀ। ਰਾਜਾ ਭਾਗ ਸਿੰਘ ਨੇ ਵੀ ਵਿਰੋਧਤਾ ਨਹੀਂ ਕੀਤੀ, ਜਿਸ ਤੋਂ ੧੮੧੪ ਵਿੱਚ ਸਭਰਾਈ ਨੂੰ ਜੀਂਦ ਦਾ ਰਾਜ ਪ੍ਰਬੰਧ ਸੌਂਪਿਆ ਗਿਆ ਤੇ ਓਹਨੇ ਬਚਨ ਕੀਤਾ ਕਿ ਓਹ ਰਾਜ ਪ੍ਰਬੰਧ ਸੰਭਾਲਣ ਦੇ ਦਿਨਾਂ ਵਿੱਚ ਵੱਡੇ ਲੜਕੇ ਫਤਹ ਸਿੰਘ ਤੇ ਓਹਦੀ ਮਾਤਾ ਜਿਸ ਨੂੰ ਰਾਜਾ ਭਾਗ ਸਿੰਘ ਦੇ ਜੀਊਂਦਿਆਂ ਤੱਕਣ ਆਪਦੀਆਂ ਆਪਣੀਆਂ ਜਾਗੀਰਾਂ ਵਿੱਚ ਰਹਿਣ ਦਾ ਹੁਕਮ ਹੋਇਆ ਸੀ, ਉੱਕਾ ਕਿਸੇ ਤਰ੍ਹਾਂ ਦਾ ਹਸਤਛੇਪ ਨਹੀਂ ਕਰੇਗੀ ਤੇ ਜਾਨਸ਼ੀਨੀ ਦੇ ਮਾਮਲੇ ਵਿੱਚ ਸਦਾ ਹੀ ਅੰਗਰੇਜ਼ੀ ਗਵਰਨਮੈਂਟ ਦੇ ਹੁਕਮ ਨੂੰ ਸਿਰ ਮੱਥੇ ਤੇ ਰੱਖੇਗੀ।

ਇਹ ਪ੍ਰਬੰਧ ਕੰਵਰ ਪ੍ਰਤਾਪ ਸਿੰਘ ਨੂੰ ਪਸੰਦ ਨਾ ਆਇਆ। ਓਸ ਨੂੰ ਆਸ ਸੀ ਕਿ ਰਾਜਾ ਭਾਗ ਸਿੰਘ ਦੇ ਪਿੱਛੋਂ ਗੱਦੀ ਓਹਨੂੰ ਮਿਲੇਗੀ। ਕਿੰਤੂ ਹੁਣ ਓਹਨੂੰ ਯਕੀਨ ਹੋ ਗਿਆ ਕਿ ਇਸ ਪ੍ਰਬੰਧ ਨਾਲ ਉਹਦੀ ਇੱਛਾ ਪੂਰੀ ਨਹੀਂ ਹੋਵੇਗੀ, ਜਿਸ ਤੋਂ ਓਸ ਨੇ ਰਾਣੀ ਸਭਰਾਈ ਦੇ ਵਿਰੁੱਧ ਸਾਜ਼ਸ਼ਾਂ ਸ਼ੁਰੂ ਕਰ ਦਿੱਤੀਆਂ ਜਿਸ ਦੀ ਸ਼ਕਾਇਤ ਜੂਨ ੧੮੧੪ ਈ. ਨੂੰ ਸਰਕਾਰ ਪਾਸ ਕੀਤੀ ਗਈ, ਜਿੱਥੋਂ ਓਹਨੂੰ ਇੱਕ ਤਕੜੀ ਝਾੜ ਪਈ ਤੇ ਇੱਥੋਂ ਤੱਕ ਕਿਹਾ ਗਿਆ ਕਿ ਜੇ ਕਦੀ ਤੁਸੀਂ ਅੱਗੋਂ ਨੂੰ ਕੋਈ ਮੂੰਹ ਤਾਨੀ ਕੀਤੀ ਤਦ ਓਸ ਲਾਭ ਤੋਂ ਵੀ ਜੋ ਤੁਹਾਡੇ ਲਈ ਸੋਚਿਆ ਗਿਆ ਹੈ, ਵੰਚਤ ਕਰ ਦਿੱਤੇ ਜਾਓਗੇ।

ਪ੍ਰਤਾਪ ਸਿੰਘ ਤੇ ਇਸ ਤਾੜਨਾ ਦਾ ਕੋਈ ਅਸਰ ਨਹੀਂ ਹੋਇਆ। ੨੩ ਅਗਸਤ ੧੮੧੪ ਨੂੰ ਓਹਨੇ ਅਚਨਚੇਤ ਜੀਂਦ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਰਾਣੀ ਸਭਰਾਈ ਓਹਦੇ ਸਲਾਹਕਾਰ ਜੈ ਸ੍ਰੀ ਰਾਮ ਨੂੰ ਕਿਲ੍ਹੇਦਾਰ ਤੇ ਹੋਰ ਬਹੁਤ ਸਾਰੇ ਆਦਮੀਆਂ ਸਮੇਤ ਕਤਲ ਕਰਵਾ ਦਿੱਤਾ। ਜਿਸ ਤੋਂ ਰੈਜ਼ੀਡੰਟ ਸਾਹਿਬ ਨੂੰ ਦਿੱਲੀ ਇੱਕ ਰੀਪੋਰਟ ਏਜੰਟ ਸਾਹਿਬ ਨੇ ਲਿਖੀ ਤੇ ਕਰਨਾਲ ਦੇ ਕਮਾਨ ਅਫਸਰ ਨੂੰ ਲਿਖਿਆ ਕਿ ਦਿੱਲੀ ਤੋਂ ਹੁਕਮ ਪੁੱਜਣ ਤੇ ਫੌਰਨ ਜੀਂਦ ਵੱਲ ਕੂਚ ਕਰਨ ਵਾਸਤੇ ਤਿਆਰ ਰਹੇ ਇਸੇ ਤਰ੍ਹਾਂ ਹਾਂਸੀ ਦੀ ਫੌਜ ਨੂੰ ਵੀ ਲੋੜ ਪੈਣ ਤੇ ਆਉਣ ਲਈ ਤਿਆਰ ਰਹਿਣ ਬਾਬਤ ਲਿਖ ਭੇਜਿਆ।

ਅਜੇਹੇ ਸਮੇਂ ਰੈਜ਼ੀਡੰਟ ਸਾਹਿਬ ਨੇ ਅੰਗਰੇਜ਼ੀ ਦਖ਼ਲ ਦੇਣਾ ਜ਼ਰੂਰੀ ਸਮਝ ਕੇ ਨਵੇਂ ਪ੍ਰਬੰਧ ਲਈ ਇੱਕ ਲਿਖਤ ਹੇਠ ਲਿਖੇ ਮਜ਼ਮੂਨ ਦੀ ਪ੍ਰਕਾਸ਼ਤ ਕਰਾਈ:

'ਰਾਜਾ ਭਾਗ ਸਿੰਘ ਦੀ ਬੀਮਾਰੀ ਦੇ ਕਾਰਨ ਗਵਰਨਰ ਜਨਰਲ ਇਨ ਕੌਂਸਲ ਦੀ ਮਨਜ਼ੂਰੀ ਨਾਲ ਕੰਮ ਚਲਾਣ ਵਾਸਤੇ ਇੱਕ ਪ੍ਰਬੰਧ ਹੁਣੇ ਜਹੇ ਜੀਂਦ ਵਿੱਚ ਕੀਤਾ ਗਿਆ ਸੀ ਤੇ ਰਾਣੀ ਸਭਰਾਈ ਨੂੰ ਰਾਜ ਪ੍ਰਬੰਧ ਦਾ ਕੰਮ ਸੌਂਪਿਆ ਗਿਆ ਸੀ। ਭਾਵੇਂ ਰਾਜ ਕਾਜ ਅੱਗੇ ਵਾਂਗ ਹੀ ਰਾਜਾ ਸਾਹਿਬ ਦੇ ਨਾਮ ਤੇ ਕੀਤਾ ਜਾਂਦਾ ਸੀ ਤੇ ਇਹ ਪ੍ਰਬੰਧ ਓਸ ਵੇਲੇ ਕਈ ਗੱਲਾਂ ਤੋਂ ਹੱਛਾ ਪ੍ਰਤੀਤ ਹੁੰਦਾ ਸੀ, ਪ੍ਰੰਤੂ ਰਾਜਾ ਦਾ ਵੱਡਾ ਲੜਕਾ ਇਸ ਕਰ ਕੇ ਸਰਬ੍ਰਾਹ ਨਾ ਬਣਾਇਆ ਗਿਆ ਕਿ ਰਾਜਾ ਉਸ ਤੋਂ ਨਰਾਜ਼ ਮਲੂਮ ਹੋਂਦਾ ਸੀ, ਇਸੇ ਤਰ੍ਹਾਂ ਹੀ ਰਾਜਾ ਵੱਡੇ ਲੜਕੇ ਦੀ ਮਾਤਾ ਦੇ ਸਰਬ੍ਰਾਹ ਬਣਾਏ ਜਾਣ ਵਿੱਚ ਵੀ ਰੁਕਾਵਟ ਪਾਣ ਵਾਲਾ ਸੀ।

ਰਾਜਾ ਦਾ ਦੂਜਾ ਲੜਕਾ ਇਸ ਵਾਸਤੇ ਨੀਯਤ ਨਾ ਕੀਤਾ ਗਿਆ ਕਿ ਇਹ ਗੱਲ ਮਸ਼ਹੂਰ ਸੀ ਕਿ ਰਾਜਾ ਆਪਣੇ ਦੂਜੇ ਲੜਕੇ ਨੂੰ ਗੱਦੀ ਦੇ ਕੇ ਵੱਡੇ ਨੂੰ ਇਸ ਹੱਕ ਤੋਂ ਵੰਚਿਤ ਕਰਨਾ ਚਾਹੁੰਦਾ ਹੈ। ਇਸ ਕਰ ਕੇ ਤੀਜੇ ਲੜਕੇ ਦੀ ਮਾਤਾ ਜੋ ਹੁਣ ਜੀਉਂਦੀ ਨਹੀਂ ਹੈ, ਨੂੰ ਰਾਜ ਪ੍ਰਬੰਧ ਸੌਂਪਿਆ ਗਿਆ, ਕਿਉਂਕਿ ਇਸ ਦੇ ਹੱਕ ਦਾ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਸੀ ਤੇ ਇਸ ਪ੍ਰਬੰਧ ਤੋਂ ਵੱਡੇ ਲੜਕੇ ਦਾ ਹੱਕ ਵੀ ਬਹੁਤ ਹੱਦ ਤੱਕ ਖਤਰੇ ਤੋਂ ਬਾਹਰ ਰਹੇਗਾ। ਫਿਰ ਪ੍ਰਬੰਧ ਹੋਰਨਾਂ ਪ੍ਰਬੰਧਾਂ ਨਾਲੋਂ ਰਾਜੇ ਨੂੰ ਵੀ ਬਹੁਤਾ ਪਸੰਦ ਸੀ। ਹੁਣ ਰਾਜਾ ਦੇ ਦੂਜੇ ਲੜਕੇ ਨੇ ਰਾਣੀ ਸਭਰਾਈ ਉਹਦੇ ਮੁਨਸ਼ੀ ਤੇ ਕਿਲੇਦਾਰ ਆਦਿਕਾਂ ਨੂੰ ਕਤਲ ਕਰ ਦਿੱਤਾ ਹੈ ਤੇ ਜੀਂਦ ਦੇ ਕਿਲ੍ਹੇ ਤੇ ਕਬਜ਼ਾ ਕਰ ਕੇ ਰਿਆਸਤ ਦਾ ਪ੍ਰਬੰਧ ਖੋਹ ਲਿਆ ਹੈ। ਇਸ ਹਾਲਤ ਵਿੱਚ ਰਾਜਾ ਭਾਗ ਸਿੰਘ ਚਾਹੇ ਜਾਂ ਅਨਚਾਹੇ ਕੰਵਰ ਪ੍ਰਤਾਪ ਸਿੰਘ ਦੇ ਕਬਜ਼ੇ ਵਿੱਚ ਹੈ। ਸੋ ਹੁਣ ਕੰਵਰ ਪ੍ਰਤਾਪ ਸਿੰਘ ਦੇ ਅਨਿਆਏ ਦੇ ਪ੍ਰਬੰਧ ਨੂੰ ਦੂਰ ਕਰਨਾ ਤੇ ਇੱਕ ਨਵਾਂ ਪ੍ਰਬੰਧ ਗਵਰਨਮੈਂਟ ਅੰਗਰੇਜ਼ੀ ਦੀ ਹਮਾਇਤ ਵਿੱਚ ਕਾਇਮ ਕਰਨਾ ਐਸ ਵੇਲੇ ਜ਼ਰੂਰੀ ਹੈ। ਇਸ ਕਰ ਕੇ ਹੇਠ ਲਿਖਿਆ ਪ੍ਰਬੰਧ ਐਸ ਵੇਲੇ ਕੀਤਾ ਜਾਣਾ ਚਾਹੀਦਾ ਹੈ:

੧. ਇਕ ਟਿਕਾ ਫਤਹ ਸਿੰਘ ਬਿਨਾਂ ਕਿਸੇ ਦੇ ਦਖ਼ਲ ਦੇ ਰਿਆਸਤ ਦਾ ਸਰਦਾਰ ਬਣਾਇਆ ਜਾਏ, ਕਿੰਤੂ ਪ੍ਰਬੰਧ ਰਾਜੇ ਦੇ ਨਾਮ ਤੇ ਹੀ ਹੋਵੇ।

੨. ਰਾਜੇ ਦੇ ਨਾਲ ਅਜਿਹਾ ਹੀ ਅੱਛਾ ਸਲੂਕ ਕੀਤਾ ਜਾਵੇ, ਜਿਸ ਤਰ੍ਹਾਂ ਦਾ ਹੁਣ ਤੱਕ ਕੀਤਾ ਜਾਂਦਾ ਰਿਹਾ ਹੈ।

੩. ਕੰਵਰ ਪ੍ਰਤਾਪ ਸਿੰਘ ਤੇ ਉਹਦੇ ਨਾਲ ਦੇ ਸਾਥੀ ਫੜ ਕੇ ਦਿੱਲੀ ਭੇਜੇ ਜਾਣ ਤੇ ਉਹਨਾਂ ਦੇ ਵਾਸਤੇ ਗਵਰਨਰ ਜਰਨਲ ਦੇ ਹੁਕਮ ਦੀ ਉਡੀਕ ਕੀਤੀ ਜਾਏ। ਬੜਾ ਚੰਗਾ ਹੋਵੇ ਕਿ ਇਹ ਕੁਝ ਬਿਨਾਂ ਕਿਸੇ ਰੁਕਾਵਟ ਦੇ ਹੋਵੇ। ਜੇ ਮੁਕਾਬਲੇ ਤੇ ਰੋਕ ਕੀਤੀ ਜਾਏ ਤਦ ਇਸ ਤੇ ਬੜੀ ਫੁਰਤੀ, ਆਖ਼ਰੀ ਤੇ ਪੱਕੀ ਚਾਲ ਨਾਲ ਗਾਲਬ ਆਉਣਾ ਚਾਹੀਦਾ ਹੈ। ਰਾਜਾ ਭਾਗ ਸਿੰਘ ਤੇ ਉਹਦੇ ਵੱਡੇ ਲੜਕੇ ਫਤਹ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਹੁਕਮ ਦਿੱਤਾ ਜਾਏ ਕਿ ਵੱਖਰੇ ਵੱਖਰੇ ਕਰਨਲ ਆਰਨਲਡ ਤੇ ਮਿਸਟਰ ਫਰੇਜ਼ਰ ਦੇ ਪਾਸ ਆ ਜਾਣ ਤੇ ਜੀਂਦ ਦੇ ਸਾਰੇ ਅਫਸਰਾਨ ਮਾਲੀ ਤੇ ਮੁਲਕੀ ਨੂੰ ਵੀ ਹੁਕਮ ਦਿੱਤਾ ਜਾਣਾ ਚਾਹੀਦਾ ਹੈ ਕਿ ਕਰਨਲ ਆਰਨਲਡ ਤੇ ਮਿਸਟਰ ਫ੍ਰੇਜ਼ਰ ਦੇ ਹੁਕਮਾਂ ਅਨੁਸਾਰ ਰਹਿਣ। ਜੇ ਇਨ੍ਹਾਂ ਸਾਰੇ ਹੁਕਮਾਂ ਨੂੰ ਵਰਤੋਂ ਵਿੱਚ ਆਂਦਾ ਗਿਆ, ਤਦ ਨਿਸ਼ਚਤ ਪ੍ਰਬੰਧ ਬਿਨਾਂ ਕਿਸੇ ਟਾਕਰੇ ਦੇ ਪੂਰੇ ਤੌਰ ਤੇ ਵਰਤੋਂ ਵਿੱਚ ਆ ਜਾਣਗੇ। ਕੰਵਰ ਫਤਹ ਸਿੰਘ ਜੀਂਦ ਤੋਂ ਕੁਝ ਫਾਸਲੇ ਤੇ ਆਪਣੇ ਇਲਾਕੇ ਵਿੱਚ ਰਹਿੰਦਾ ਹੈ, ਤੇ ਸ਼ਾਇਦ ਓਹ ਇਸੇ ਕਰ ਕੇ ਕਤਲ ਹੋਣ ਤੋਂ ਬਚ ਰਿਹਾ ਹੈ। ਇਸ ਵਾਸਤੇ ਏਸ ਵਿੱਚ ਸ਼ੱਕ ਨਹੀਂ ਕਿ ਓਹ ਸੱਦਣ ਤੇ ਝਟ ਅੱਪੜ ਜਾਏਗਾ, ਓਸ ਨੂੰ ਆਪਣੇ ਆਦਮੀ ਇਕੱਤ੍ਰ ਕਰਨ ਵਾਸਤੇ ਕਿਹਾ ਜਾਣਾ ਚਾਹੀਦਾ ਹੈ।

ਰਾਜਾ ਦਾ ਚਾਲ ਚਲਨ ਸ਼ਾਇਦ ਪ੍ਰਤਾਪ ਸਿੰਘ ਦੇ ਕਹੇ ਤੇ ਨਿਰਭਰ ਹੈ। ਇਸ ਕਰ ਕੇ ਪ੍ਰਤਾਪ ਸਿੰਘ ਦੀ ਤਰ੍ਹਾਂ ਓਸ ਨੂੰ ਸ਼ੱਕੀ ਸਮਝਿਆ ਜਾਣਾ ਚਾਹੀਦਾ ਹੈ। ਪਰ ਜੇ ਕਦੀ ਰਾਜਾ ਦੇ ਪਾਸ ਕੋਈ ਆਦਮੀ ਓਹਨਾਂ ਸਲਾਹਕਾਰਾਂ ਵਿੱਚੋਂ ਹੋਵੇ, ਜਿਸ ਨੇ ਓਹਦੇ ਨਾਲ ਓਹਨਾਂ ਦਿਨਾਂ ਤੋਂ ਕੰਮ ਕੀਤਾ ਹੋਵੇ, ਜਿਨ੍ਹਾਂ ਦਿਨਾਂ ਵਿੱਚ ਕਿ ਓਹਦਾ ਸੰਬੰਧ ਅੰਗਰੇਜ਼ੀ ਗਵਰਨਮੈਂਟ ਨਾਲ ਹੋਇਆ ਸੀ, ਤਦ ਸ਼ਾਇਦ ਓਹ ਇਹਨਾਂ ਹੁਕਮਾਂ ਨੂੰ ਵਰਤੋਂ ਵਿੱਚ ਲਿਆਵੇਗਾ ਤੇ ਇਸ ਪ੍ਰਬੰਧ ਨੂੰ ਬਿਨਾਂ ਕਿਸੇ ਤਰ੍ਹਾਂ ਦੀ ਚੂੰ ਚਾਂ ਦੇ ਮੰਨ ਲਏਗਾ। ਸੰਭਵ ਹੈ ਕਿ ਪ੍ਰਤਾਪ ਸਿੰਘ ਵੀ ਅਜਿਹਾ ਕਰੇ। ਬਹੁਤ ਹਿੱਸੇ ਖ਼ਿਆਲ ਇਹ ਹੈ ਕਿ ਓਹ ਜਾਂ ਤਾਂ ਨੱਸ ਜਾਏਗਾ ਜਾਂ ਟਾਕਰਾ ਕਰੇਗਾ।

ਪਹਿਲੀ ਸੂਰਤ ਵਿੱਚ ਨਿਸ਼ਚਤ ਪ੍ਰਬੰਧ ਕਰਨ ਵਿੱਚ ਅਸਾਨੀ ਹੋ ਜਾਏਗੀ ਤੇ ਦੂਜੀ ਸੂਰਤ ਵਿੱਚ ਕਿਸੇ ਤਕੜੀ ਤੇ ਜ਼ੋਰਦਾਰ ਤਦਬੀਰ ਨਾਲ ਓਸਤੇ ਕਾਬੂ ਪਾਣਾ ਚਾਹੀਦਾ ਹੈ। ਹਰ ਹਾਲ ਓਹਦੇ ਨਾਲ ਦੇ ਸਾਥੀਆਂ ਨੂੰ ਜ਼ਰੂਰ ਫੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਹ ਦੱਸਿਆ ਜਾ ਚੁੱਕਾ ਹੈ ਕਿ ਟਿੱਕਾ ਫਤਹ ਸਿੰਘ ਨਾਲ ਰਾਜਾ ਘ੍ਰਿਣਾ ਕਰਦਾ ਹੈ। ਇਸ ਕਰ ਕੇ ਇਹ ਵੀ ਸ਼ਕ ਹੈ ਕਿ ਓਹ ਇਹ ਗੱਲ ਨਹੀਂ ਮੰਨੇਗਾ ਕਿ ਟਿਕੇ ਨੂੰ ਰਾਜ ਪ੍ਰਬੰਧ ਦਿੱਤਾ ਜਾਏ। ਸਭ ਤੋਂ ਚੰਗਾ ਪ੍ਰਬੰਧ ਇਹ ਹੈ ਕਿ ਰਾਜੇ ਨੂੰ ਜੀਂਦ ਰਹਿਣਾ ਚਾਹੀਦਾ ਹੈ ਤੇ ਆਪਣੇ ਵੱਡੇ ਲੜਕੇ ਤੇ ਰਾਜ਼ੀ ਖ਼ੁਸ਼ੀ ਰਹਿਣਾ ਚਾਹੀਦਾ ਹੈ ਤੇ ਫਤਹ ਸਿੰਘ ਨੂੰ ਚਾਹੀਦਾ ਹੈ ਕਿ ਰਾਜਾ ਦੀ ਬੜੀ ਇੱਜ਼ਤ ਕਰੇ ਤੇ ਮਾਣ ਰੱਖੇ। ਜੇ ਕਦੀ ਰਾਜਾ ਨੂੰ ਫਤਹ ਸਿੰਘ ਤੋਂ ਬਹੁਤ ਹੀ ਘ੍ਰਿਣਾ ਹੋਵੇ ਤਦ ਇਸ ਸ਼ਰਤ ਵਿੱਚ ਰਾਜਾ ਨੂੰ ਕਿਸੇ ਹੋਰ ਜਗ੍ਹਾ ਤੇ ਨਿਵਾਸ ਕਰਨ ਦੀ ਆਗਿਆ ਦਿੱਤੀ ਜਾਵੇ ਤੇ ਓਹਦੇ ਜੀਵਨ ਨੂੰ ਸੁਖ ਤੇ ਅਰਾਮ ਨਾਲ ਬਤੀਤ ਹੋਣ ਵਾਸਤੇ ਪਿੱਛੋਂ ਪ੍ਰਬੰਧ ਕੀਤੇ ਜਾ ਸਕਦੇ ਹਨ। ਫਤਹ ਸਿੰਘ ਦੇ ਅੱਗੇ ਇਸ ਗੱਲ ਦੀ ਸਫਾਰਸ਼ ਕਰਨਾ ਮਾੜਾ ਨਾ ਹੋਵੇਗਾ ਕਿ ਓਹਨਾਂ ਪੁਰਾਣੇ ਨਿਮਕ ਹਲਾਲਾਂ ਤੇ ਵਫ਼ਾਦਾਰ ਅਹਿਲਕਾਰਾਂ ਨੂੰ ਜਿਨ੍ਹਾਂ ਤੇ ਇਸ ਫਸਾਦ ਵਿੱਚ ਸ਼ਾਮਲ ਹੋਣ ਦਾ ਕੋਈ ਸ਼ੁਬ੍ਹਾ ਨਾ ਹੋਵੇ, ਰੱਖ ਕੇ ਕੰਮ ਲਿਆ ਜਾਵੇ। ਇਸ ਨਿਸ਼ਚਤ ਪ੍ਰਬੰਧ ਦੇ ਵਰਤੋਂ ਵਿੱਚ ਲਿਆਉਣ ਵਾਸਤੇ ਬਹੁਤ ਚੁਸਤੀ ਕਰਨੀ ਚਾਹੀਦੀ ਹੈ। ਇੱਕ ਦਸਤਾ ਫ਼ੌਜ ਦਾ ਬਹੁਤ ਜਲਦੀ ਜੀਂਦ ਅੱਪੜਨਾ ਚਾਹੀਦਾ ਹੈ। ਚਿੱਠੀਆਂ ਚਪੱਠੀਆਂ ਵਿੱਚ ਬਹੁਤ ਸਮਾਂ ਬਤੀਤ ਨਹੀਂ ਹੋਣਾ ਚਾਹੀਦਾ। ਜੇ ਜ਼ਰਾ ਵੀ ਮੁਕਾਬਲੇ ਦਾ ਸ਼ੱਕ ਹੋਵੇ ਤਦ ਸਾਡੇ ਵਾਲੀ ਆਖ਼ਰੀ ਤਦਬੀਰ ਵਰਤਣੀ ਚਾਹੀਦੀ ਹੈ। ਜੇਹੜੀਆਂ ਸੁਲਾਹ ਕਿ ਜੰਗੀ ਤਰੀਕੇ ਨਾਲ ਉਚਿਤ ਹੋਣ, ਓਹਨਾਂ ਦਾ ਕੁੱਲ ਅਖਤਿਆਰ ਕਰਨਲ ਆਰਨਲਡ ਨੂੰ ਹੋਵੇਗਾ। ਹਾਂ, ਇਨ੍ਹਾਂ ਸਾਰੇ ਪ੍ਰਬੰਧਾਂ ਬਾਬਤ ਇਹ ਸਮਝਣਾ ਚਾਹੀਦਾ ਹੈ ਕਿ ਗਵਰਨਰ ਜਨਰਲ ਸਾਹਿਬ ਬਹਾਦਰ ਦੀ ਦ੍ਰਿਸ਼ਟੀ ਗੋਚਰਾ ਹੋ ਕੇ ਓਹਨਾਂ ਦੀ ਸਲਾਹ ਲੈਣ ਦੀਆਂ ਮੁਥਾਜ ਹੋਣਗੀਆਂ।

## ੧੧. ਪ੍ਰਤਾਪ ਸਿੰਘ ਦਾ ਨੱਸਣਾ ਤੇ ਅਕਾਲੀ ਫੂਲਾ ਸਿੰਘ ਦਾ ਆਉਣਾ

ਜਦ ਕੰਵਰ ਪ੍ਰਤਾਪ ਸਿੰਘ ਨੇ ਵੇਖਿਆ ਕਿ ਓਹਨੂੰ ਘੇਰਨ ਦੇ ਵਾਸਤੇ ਸਾਰੇ ਪਾਸਿਆਂ ਤੋਂ ਅੰਗਰੇਜ਼ੀ ਫ਼ੌਜ ਵਧਦੀ ਚਲੀ ਆ ਰਹੀ ਹੈ, ਤਦ ਓਹ ਜੀਂਦ ਛੱਡ ਕੇ ਕਿਲ੍ਹਾ ਬਾਲਾਂ ਵਾਲੀ ਵਿੱਚ ਚਲਾ ਗਿਆ। ਇਹ ਕਿਲ੍ਹਾ ਬਠਿੰਡੇ ਦੇ ਪਾਸ ਜੰਗਲ ਵਿੱਚ ਹੈ। ਜਦ ਇੱਥੇ ਵੀ ਠਿਕਾਣਾ ਨਾ ਵੇਖਿਆ, ਤਦ ਉੱਥੋਂ ੨੦-੨੫ ਹਜ਼ਾਰ ਦਾ ਮਾਲ ਲੈ ਕੇ ਚਾਲੀ ਪੰਜਾਹ ਆਦਮੀਆਂ ਸਮੇਤ ਮਾਖੋਵਾ ਚਲਾ ਗਿਆ। ਉੱਥੋਂ ਦਰਿਆ ਸਤਲੁਜ ਲੰਘ ਕੇ ਅਕਾਲੀ ਫੂਲਾ ਸਿੰਘ ਦੇ ਪਾਸ ਅੱਪੜ ਗਿਆ। ਦੋ ਮਹੀਨੇ ਉਹਦੇ ਪਾਸ ਰਿਹਾ। ਫਿਰ ਓਥੋਂ ਅਕਾਲੀ ਫੂਲਾ ਸਿੰਘ ਨੂੰ ਨਾਲ ਲੈ ਕੇ ਬਾਲਾਂ ਵਾਲਾ ਜਿੱਥੇ ਜੀਂਦ ਦੇ ਵਿਰੁੱਧ ਬਗਾਵਤ ਹੋ ਰਹੀ ਸੀ, ਆਉਣਾ ਚਾਹਿਆ। ਜਦ ਏਜੰਟ ਨੂੰ ਇਹਦੇ ਦਰਿਆ ਲੰਘ ਆਉਣ ਦੀ ਖ਼ਬਰ ਮਿਲੀ ਤਦ ਓਹਨੇ ਰਾਜਾ ਜਸਵੰਤ ਸਿੰਘ ਨਾਭੇ ਵਾਲਾ ਤੇ ਮਾਲੇਰਕੋਟਲੇ ਦੇ ਪਠਾਣਾਂ ਨੂੰ ਉਸ ਤੇ ਹੱਲਾ ਕਰਨ ਦਾ ਹੁਕਮ ਦਿੱਤਾ।

ਓਧਰ ਪਟਿਆਲੇ ਦੀ ਫ਼ੌਜ ਨੇ ਬਾਲਾਂ ਵਾਲੇ ਦਾ ਘੇਰਾ ਪਾ ਰੱਖਿਆ ਸੀ ਤੇ ਉਹ ਵੇਲਾ ਨੇੜੇ ਮਲੂਮ ਹੁੰਦਾ ਸੀ ਕਿ ਘੇਰੇ ਵਿੱਚ ਆਏ ਹੋਏ ਆਪਣੇ ਆਪ ਨੂੰ ਹਵਾਲੇ ਕਰ ਦੇਣ। ਜਦ ਓਹਨਾਂ ਨੂੰ ਪਤਾ ਲੱਗਾ ਕਿ ਅਕਾਲੀ ਫੂਲਾ ਸਿੰਘ ਆਉਂਦਾ ਹੈ ਤਦ ਓਹਨਾਂ ਨੇ ਸੁਲਾਹ ਦੀ ਸਲਾਹ ਬਦਲਾ ਦਿੱਤੀ ਤੇ ਪ੍ਰਤਾਪ ਸਿੰਘ ਕੁਝ ਆਦਮੀਆਂ ਸਮੇਤ ਕਿਲ੍ਹੇ ਵਿੱਚ ਦਾਖਲ ਹੋ ਗਿਆ। ਕਿੰਤੂ ਉਸੇ ਵੇਲੇ ੭੦੦ ਆਦਮੀ ਪਟਿਆਲੇ ਦੇ ਅਕਾਲੀ ਫੂਲਾ ਸਿੰਘ ਵੱਲ ਚਲੇ ਗਏ, ਜਿਸ ਤੋਂ ਅਕਾਲੀ ਫੂਲਾ ਸਿੰਘ ਬਾਲਾਂ ਵਾਲੀ ਦੀ ਮਦਦ ਤੇ ਨਾ ਪੁੱਜ ਸੱਕਿਆ। ਅਕਾਲੀ ਫੂਲਾ ਸਿੰਘ ਭਦੌੜ ਦੇ ਸਰਦਾਰਾਂ ਦੀਪ ਸਿੰਘ ਤੇ ਬੀਰ ਸਿੰਘ ਪਾਸ ਚਲਾ ਗਿਆ। ਫ਼ੌਜ ਪਟਿਆਲਾ ਓਹਦੇ ਪਿੱਛੇ ਗਈ। ਕਿੰਤੂ ਭਦੌੜੀਆਂ ਸਰਦਾਰਾਂ ਨੇ ਪਟਿਆਲੇ ਦੀ ਫ਼ੌਜ ਨੂੰ ਅਕਾਲੀ ਫੂਲਾ ਸਿੰਘ ਦੇ ਪਿੱਛੇ ਆਉਣ ਦੇ ਕਾਰਨ ਬੜੀ ਧਿਰਕਾਰ ਤੇ ਫਿਟਕਾਰ ਪਾਈ ਤੇ ਸ਼ਰਮਿੰਦਾ ਕੀਤਾ, ਜਿਸ ਤੋਂ ਓਹ ਲਾਚਾਰ ਹੋ ਗਏ, ਤੇ ਓਹਨਾਂ ਏਜੰਟ ਸਾਹਿਬ ਨੂੰ ਲਿਖ ਭੇਜਿਆ ਕਿ ਅੰਗ੍ਰੇਜ਼ੀ ਏਜੰਟ ਨੇ ਭਦੌੜ ਦੇ ਰਈਸਾਂ ਨੂੰ ਲਿਖਿਆ ਕਿ ਓਹ ਆਪਣੇ ਪਾਸ ਅਕਾਲੀ ਫੂਲਾ ਸਿੰਘ ਨੂੰ ਨਾ ਰਹਿਣ ਦੇਣ। ਤੇ ਦੂਜੇ ਪਾਸੇ

ਨਾਭੇ ਤੇ ਕੈਂਥਲ ਦੇ ਰਈਸਾਂ ਨੂੰ ਲਿਖ ਭੇਜਿਆ ਕਿ ਓਹ ਆਪਣੀ ਆਪਣੀ ਫੌਜ ਬਾਲਾਂ ਵਾਲੀ ਭੇਜਣ।

## ੧੨. ਪ੍ਰਤਾਪ ਸਿੰਘ ਦੀ ਗ੍ਰਿਫਤਾਰੀ ਤੇ ਚਲਾਣਾ

੨੮ ਜਨਵਰੀ ੧੮੧੪ ਨੂੰ ਬਾਲਾਂ ਵਾਲੀ ਵਾਲਿਆਂ ਨੇ ਕਿਲ੍ਹਾ ਹਵਾਲੇ ਕਰ ਦਿੱਤਾ। ਪ੍ਰਤਾਪ ਸਿੰਘ ਕੈਦ ਹੋ ਗਿਆ। ਕਿੰਤੂ ਓਹਦੀ ਕੈਦ ਨਾਮ ਮਾਤਰ ਸੀ, ਇਸ ਦਾ ਸਿੱਟਾ ਇਹ ਨਿੱਕਲਿਆ ਕਿ ਓਹ ਨੱਸ ਕੇ ਲਾਹੌਰ ਚਲਾ ਗਿਆ, ਕਿੰਤੂ ਮਹਾਰਾਜਾ ਲਾਹੌਰ ਨੇ ਵੀ ਓਸ ਨੂੰ ਪਨਾਹ ਨਾ ਦਿੱਤੀ ਸਗੋਂ ਉਲਟਾ ਅੰਗ੍ਰੇਜ਼ ਹਾਕਮਾਂ ਦੇ ਹਵਾਲੇ ਕਰ ਦਿੱਤਾ, ਜਿਸ ਤੋਂ ਓਹ ਦਿੱਲੀ ਵਿੱਚ ਦੋ ਸਾਲ ਕੈਦ ਰਹਿ ਕੇ ੧੮ ਸਾਲ ਦੀ ਆਯੂ ਵਿੱਚ ੧੮੧੬ ਈ. ਨੂੰ ਮਰ ਗਿਆ॥

## ੧੩. ਪ੍ਰਤਾਪ ਸਿੰਘ ਦਾ ਪਰਿਵਾਰ

ਪ੍ਰਤਾਪ ਸਿੰਘ ਨੇ ਦੋ ਵਿਆਹ ਕੀਤੇ। ਇਕ ਭਾਗਭਰੀ ਕ੍ਰਿਪਾਲ ਸਿੰਘ ਸ਼ਾਮਗੜ੍ਹ ਵਾਲੇ ਦੀ ਲੜਕੀ, ਦੂਜੀ ਸੁੰਦਰ ਸਿੰਘ ਕਕੜ ਫਲੌਰ ਵਾਲੇ ਦੀ ਬੇਟੀ ਰਤਨ ਕੌਰ ਨਾਲ। ਪ੍ਰੰਤੂ ਦੋਹਾਂ ਵਿੱਚੋਂ ਸੰਤਾਨ ਨਹੀਂ ਹੋਈ।

## ੧੪. ਰਾਜਾ ਭਾਗ ਸਿੰਘ ਦਾ ਚਲਾਣਾ ਤੇ ਫਤਹ ਸਿੰਘ ਦੀ ਗੱਦੀ ਨਸ਼ੀਨੀ

ਜਦ ਤੱਕ ਰਾਜਾ ਭਾਗ ਸਿੰਘ ਜੀਉਂਦਾ ਰਿਹਾ, ਟਿੱਕਾ ਫਤਹ ਸਿੰਘ ਦਾ ਪ੍ਰਬੰਧ ਬੜੀ ਹੱਛੀ ਤਰ੍ਹਾਂ ਚਲਦਾ ਰਿਹਾ। ਭਾਵੇਂ ਇਹ ਪ੍ਰਬੰਧ ਰਾਜਾ ਭਾਗ ਸਿੰਘ ਦੀ ਮਰਜ਼ੀ ਦੇ ਉਲਟ ਸੀ ਕਿੰਤੂ ਓਸ ਨੇ ਵੀ ਅਜੇਹੇ ਮੌਕੇ ਤੇ ਜਦ ਓਹਦਾ ਹੋਰ ਕੋਈ ਲੜਕਾ ਨਹੀਂ ਰਹਿ ਗਿਆ ਸੀ, ਇਹਦੀ ਵਿਰੋਧਤਾ ਕਰਨੀ ਉਚਿਤ ਨਾ ਸਮਝੀ, ਕਿਉਂਕਿ ਕੰਵਰ ਮਹਤਾਬ ਸਿੰਘ ਵੀ ਪ੍ਰਤਾਪ ਸਿੰਘ ਨਾਲੋਂ ਇੱਕ ਸਾਲ ਪਹਿਲਾਂ ੧੬ ਸਾਲ ਦੀ ਆਯੂ ਵਿੱਚ ਚਲਾਣਾ ਕਰ ਚੁੱਕਾ ਸੀ। ਰਾਜਾ ਭਾਗ ਸਿੰਘ ਨੇ ੧੮੭੬ ਬਿਕ੍ਰਮੀ ਮੁਤਾਬਿਕ ੧੮੧੬ ਈ. ਨੂੰ ਚਲਾਣਾ ਕੀਤਾ। ਉਹਦਾ ਵੱਡਾ ਲੜਕਾ ਫਤਹ ਸਿੰਘ ਗੱਦੀ ਤੇ ਬੈਠਾ।

## ੧੫. ਰਾਜਾ ਭਾਗ ਸਿੰਘ ਦਾ ਪਰਿਵਾਰ

ਰਾਜਾ ਭਾਗ ਸਿੰਘ ਦੀਆਂ ਤਿੰਨ ਰਾਣੀਆਂ ਸਨ, ੧. ਦਯਾ ਕੌਰ ਬੇਟੀ ਬਖ਼ਸ਼ੂ ਸਿੰਘ ਪਿੰਡ ਬੜੀ, ਜਿਸ ਦੀ ਕੁੱਖ ਵਿੱਚੋਂ ਫਤਹ ਸਿੰਘ ਵਲੀ ਅਹਿਦ ਉਤਪੰਨ ਹੋਇਆ। ੨. ਸਦਾ ਕੌਰ, ਪਾਖਰ ਸਿੰਘ ਦੀ ਲੜਕੀ ਜੋਧਪੁਰ ਵਾਲੇ ਦੀ, ਇਹ ਪ੍ਰਤਾਪ ਸਿੰਘ ਦੀ ਮਾਂ ਸੀ। ੩. ਸਭਰਾਈ, ਕੰਵਰ ਮਹਤਾਬ ਸਿੰਘ ਦੀ ਮਾਤਾ ਜਿਸ ਨੂੰ ਪ੍ਰਤਾਪ ਸਿੰਘ ਨੇ ਕਤਲ ਕੀਤਾ। ਕੰਵਰ ਮਹਿਤਾਬ ਸਿੰਘ ਦੇ ਵੀ ਦੋ ਵਿਆਹ ਹੋਏ ਸਨ: ਇਕ ਜਲਕੌਰ ਰਾਜਾ ਬਲਮਗੜ੍ਹ ਵਾਲੀ ਦੀ ਲੜਕੀ, ਦੂਜੀ ਰਾਮ ਕੌਰ ਮੁਦਕੀ ਵਾਲੇ ਸਰਦਾਰ ਦੀ ਲੜਕੀ।

## ੧੬. ਰਾਜਾ ਫਤਹ ਸਿੰਘ ਦਾ ਚਲਾਣਾ ਤੇ ਪਰਿਵਾਰ

ਰਾਜਾ ਫਤਹ ਸਿੰਘ ਵੀ ਆਪਣੇ ਪਿਤਾ ਤੋਂ ਥੋੜ੍ਹੇ ਦਿਨ ਪਿੱਛੋਂ ਹੀ ਜੀਵਿਆ। ਇਸ ਦੇ ਸਮੇਂ ਵਿੱਚ ਬਹੁਤ ਥੋੜ੍ਹੇ ਅਜੇਹੇ ਹਾਲਾਤ ਹੋਏ ਜੋ ਤਾਰੀਖ ਵਿੱਚ ਲਿਖੇ ਜਾ ਸਕਣ। ਕੇਵਲ ਦੋ ਵੇਰ ਲਾਹੌਰ ਗਿਆ। ਪਹਿਲਾਂ ਰਾਜਾ ਭਾਗ ਸਿੰਘ ਦੀ ਜ਼ਿੰਦਗੀ ਵਿੱਚ ਲਾਹੌਰ ਦੇ ਰਾਜਾ ਨੇ ਮਾਮੇ ਦਾ ਪੁੱਤ ਭਰਾ ਸਮਝ ਕੇ ਬੜੀ ਖਾਤਰ ਕੀਤੀ।

ਮੁਦਕੀ ਵਾਲੇ ਸਰਦਾਰਾਂ ਨੇ ੭੦੦੦) ਦੇ ਪਿੰਡ ਸਾਨਾਵਾਲ ਤਲਵੰਡੀ ਹਲਵਾਰਾਨ ਜਾਗੀਰ ਵਿੱਚ ਦਿੱਤੇ, ਜਿਨ੍ਹਾਂ ਦੀ ਸਨਦ ੧੮੭੪ ਭਾਦਰੋਂ ਵਦੀ ੧੧ ਨੂੰ ਲਿਖੀ ਹੋਈ ਰਿਆਸਤ ਜੀਂਦ ਵਿੱਚ ਹੁਣ ਤੱਕ ਹੈ। ਦੂਜੀ ਵੇਰ ੧੮੭੮ ਬਿ. ਨੂੰ ਰਾਜਾ ਬਣ ਕੇ ਗਿਆ। ਤਦ ਵੀ ਮਹਾਰਾਜਾ ਨੇ ਬਹੁਤ ਇੱਜ਼ਤ ਕੀਤੀ ਤੇ ਧਨ ਦਿੱਤਾ। ਕਿੰਤੂ ਸ਼ੋਕ ਹੈ ਕਿ ਇਹਦੀ ਉਮਰ ਨੇ ਸਾਥ ਨਾ ਦਿੱਤਾ। ੩ ਫਰਵਰੀ ੧੮੨੨ ਨੂੰ ੩੨ ਸਾਲ ਦੀ ਆਯੂ ਵਿੱਚ ਆਪਣੇ ਪਿਤਾ ਤੋਂ ਤਿੰਨ ਸਾਲ ਮਗਰੋਂ ਰਾਜਾ ਫਤਹ ਸਿੰਘ ਨੇ ਸੰਗਰੂਰ ਦੇ ਮੁਕਾਮ ਤੇ ਚਲਾਣਾ ਕੀਤਾ ਤੇ ਇਨ੍ਹਾਂ ਦੀ ਜਗ੍ਹਾ ਇਨ੍ਹਾਂ ਦਾ ਲੜਕਾ ਸੰਗਤ

ਸਿੰਘ ਜੋ ਉਸ ਵੇਲੇ ਕੇਵਲ ੧੧ ਸਾਲ ਦਾ ਸੀ, ਗੱਦੀ ਤੇ ਬੈਠਾ। ਰਾਜਾ ਫਤਹ ਸਿੰਘ ਦੀਆਂ ਦੋ ਰਾਣੀਆਂ ਸਨ। ਅੱਵਲ ਰਾਣੀ ਖੇਮ ਕੌਰ ਸਰਦਾਰ ਦੀਦਾਰ ਸਿੰਘ ਦੀ ਲੜਕੀ, ਜਿਸ ਵਿੱਚੋਂ ਕੋਈ ਸੰਤਾਨ ਨਹੀਂ ਹੋਈ। ਦੂਜੀ ਰਾਣੀ ਸਾਹਿਬ ਕੌਰ ਖ਼ੁਸ਼ਾਲ ਸਿੰਘ ਵਸਨੀਕ ਬਹਮਣਾ ਦੀ ਲੜਕੀ, ਜਿਸ ਵਿੱਚੋਂ ੧੯੬੭ ਬਿ. ਨੂੰ ਰਾਜਾ ਸੰਗਤ ਸਿੰਘ ਨੇ ਜਨਮ ਲਿਆ।

## ੧੭. ਰਾਜਾ ਸੰਗਤ ਸਿੰਘ ਦੀ ਗੱਦੀ ਨਸ਼ੀਨੀ

੮ ਜੁਲਾਈ ੧੯੨੨ ਈ. ਨੂੰ ਰਾਜਾ ਸੰਗਤ ਸਿੰਘ ਦੀ ਗੱਦੀ ਨਸ਼ੀਨੀ ਦੀ ਰਸਮ ਜੀਂਦ ਵਿੱਚ ਅਦਾ ਹੋਈ। ਸਤਲੁਜ ਦੇ ਉਸ ਪਾਰ ਦੇ ਰਈਸਾਂ ਦੀ ਹੋਂਦ ਵਿੱਚ ਮਿਸਟਰ ਰਾਸ ਸਾਹਿਬ ਡਿਪਟੀ ਸੁਪ੍ਰੰਟੰਡੰਟ ਨੇ ਗਵਰਨਮੈਂਟ ਵੱਲੋਂ ਖਿਲਅਤ ਜਿਸ ਦੇ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਸਨ, ਪੇਸ਼ ਕੀਤੀ:

ਸਰਪੇਚ ਚੋਗਾ, ਮੋਤੀਆਂ ਦੀ ਮਾਲਾ, ਦੋਸ਼ਾਲਾ, ਸ਼ਾਲਰੂਮਾਲ, ਥਾਨ ਕਮਖਾਬ, ਥਾਨ ਗੁਲਬਦਨਾ, ਦਸਤਾਰ, ਕਪੜਾ ਦੋ ਥਾਨ, ਤਲਵਾਰ, ਘੋੜਾ, ਹਾਥੀ ਕਾਠੀ ਪੂਜੀ ਸਮੇਤ ਜੜੀ ਹੋਈ, ਜ਼ੇਰ ਬੰਦ ਤੇ ਹਾਥੀ ਦੀ ਸਮਾਨ।

## ੧੮. ਰਾਜਾ ਸੰਗਤ ਸਿੰਘ ਦਾ ਵਿਆਹ

ਗੱਦੀ ਤੇ ਬੈਠਣ ਤੋਂ ਦੋ ਸਾਲ ਮਗਰੋਂ ਅਪ੍ਰੈਲ ੧੯੨੪ ਨੂੰ ਰਾਜਾ ਸੰਗਤ ਸਿੰਘ ਦਾ ਵਿਆਹ ਸਰਦਾਰ ਰਣਜੀਤ ਸਿੰਘ ਸ਼ਾਹਅਬਾਦ ਦੀ ਲੜਕੀ ਦੇ ਨਾਲ ਜਿਸ ਦਾ ਨਾਮ ਸਭਾ ਕੌਰ ਸੀ, ਬੜੀ ਧੂਮ ਧਾਮ ਨਾਲ ਹੋਇਆ। ਇਸ ਵਿਆਹ ਵਿੱਚ ਮਰੇ ਸਾਹਿਬ ਡਿਪਟੀ ਸੁਪ੍ਰੰਟੰਡੰਟ ਅੰਗਰੇਜ਼ਾਂ ਵੱਲੋਂ ਤੇ ਸਰਦਾਰ ਵਿਸਾਖਾ ਸਿੰਘ ਮਹਾਰਾਜਾ ਰਣਜੀਤ ਸਿੰਘ ਵੱਲੋਂ ਸ਼ਾਮਲ ਹੋਏ।

## ੧੯. ਰਿਆਸਤ ਦਾ ਪ੍ਰਬੰਧ

ਭਾਵੇਂ ਰਾਜਾ ਸੰਗਤ ਸਿੰਘ ਗੱਦੀ ਤੇ ਬੈਠਣ ਸਮੇਂ ਬਹੁਤ ਥੋੜ੍ਹੀ ਆਯੂ ਦਾ ਸੀ, ਪ੍ਰੰਤੂ ਫਿਰ ਵੀ ਸ੍ਰਕਾਰ ਨੇ ਰਿਆਸਤ ਦੇ ਪ੍ਰਬੰਧ ਵਿੱਚ ਕੋਈ ਦਖ਼ਲ ਨਹੀਂ ਦਿੱਤਾ ਤੇ ਨਾ ਹੀ ਕੋਈ ਕੌਂਸਲ ਜਾਂ ਉਹਨਾਂ ਦਾ ਸਰਬਰਾਹ ਨੀਯਤ ਕੀਤਾ, ਬਲਕਿ ਰਿਆਸਤਾਂ ਦੇ ਮੁਲਾਜ਼ਮਾਂ ਦੇ ਜ਼ੁੰਮੇ ਹੀ ਅੱਗੇ ਵਾਂਗ ਕੰਮ ਛੱਡ ਦਿੱਤੇ ਗਏ, ਜਿਸ ਦਾ ਨਤੀਜਾ ਉਹੋ ਹੀ ਹੋਇਆ ਜੋ ਰਈਸਾਂ ਦੇ ਨਾਬਾਲਗ ਹੋਣ ਦੀ ਸੂਰਤ ਵਿੱਚ ਰਿਆਸਤਾਂ ਦਾ ਹੋਇਆ ਕਰਦਾ ਹੈ। ਅਰਥਾਤ ਰਿਆਸਤ ਦੇ ਪ੍ਰਬੰਧ ਵਿੱਚ ਬੜੀ ਬੇਤਰਤੀਬੀ ਹੋ ਗਈ। ਹਰ ਇੱਕ ਅਹਿਲਕਾਰ ਨੂੰ ਆਪਣੇ ਸਵਾਰਥ ਦਾ ਖ਼ਿਆਲ ਸਰਕਾਰੀ ਕੰਮ ਨਾਲੋਂ ਜ਼ਿਆਦਾ ਹੋ ਗਿਆ। ਪ੍ਰਜਾ ਦੇ ਸੁਖ ਤੇ ਆਰਾਮ ਦਾ ਕਿਸੇ ਨੂੰ ਖ਼ਿਆਲ ਨਾ ਰਿਹਾ। ਰਈਸ ਨੂੰ ਅਹਿਲਕਾਰਾਂ ਨੇ ਰਾਗਰੰਗ ਵਿੱਚ ਪਾ ਕੇ ਅਜਿਹਾ ਵਿਗਾੜ ਦਿੱਤਾ ਕਿ ਗ੍ਵਰਨਮੈਂਟ ਵੱਲੋਂ ਕਈ ਵਾਰ ਤਾੜਨਾ ਹੋਣ ਤੇ ਵੀ ਇਸ ਨੇ ਰਿਆਸਤ ਦੇ ਪ੍ਰਬੰਧ ਵੱਲ ਕੋਈ ਖ਼ਿਆਲ ਨਹੀਂ ਕੀਤਾ, ਜਿਸ ਤੋਂ ਦਿਨ-ਬ-ਦਿਨ ਪ੍ਰਜਾ ਦਾ ਕ੍ਰੋਧ ਵਧਦਾ ਗਿਆ। ਜਦ ਏਜੰਟ ਨੇ ਵੇਖਿਆ ਕਿ ਇਸ ਦੀ ਸ਼ਕਾਇਤ ਦਾ ਕੋਈ ਅਸਰ ਨਹੀਂ ਹੋਂਦਾ ਤਦ ਉਹਨੇ ਤੰਗ ਹੋ ਕੇ ਫ਼ੈਸਲਾ ਕੀਤਾ ਕਿ ਤਿੰਨ ਮਹੀਨੇ ਤੇ ਇੱਕ ਮਹੀਨੇ ਦੀ ਕਿਸ਼ਤ ਜੋ ਰਿਆਸਤ ਜੀਂਦ ਨੂੰ ਛਾਵਣੀ ਲੁਧਿਆਣਾ ਤੇ ਉੱਥੋਂ ਦੇ ਆਬਕਾਰੀ ਦੇ ਖ਼ਰਚਾਂ ਬਾਬਤ ਅਦਾ ਕੀਤੀ ਜਾਂਦੀ ਸੀ, ਸ਼ਕਾਇਤਾਂ ਦਾ ਫ਼ੈਸਲਾ ਕਰਨ ਤੱਕ ਨਾ ਦਿੱਤੀ ਜਾਵੇ।

ਜਦ ਰਾਜਾ ਸੰਗਤ ਸਿੰਘ ਨੇ ਪਿੰਡ ਅਟੇਨਾ ਤੇ ਹਮਲਾ ਕਰ ਕੇ ਸਰਦਾਰ ਰਾਮ ਸਿੰਘ ਤੋਂ ਧੱਕੇ ਨਾਲ ਖੋਹ ਲਿਆ ਤਦ ਰਾਮ ਸਿੰਘ ਨੇ ਗਵਰਨਰ ਜਨਰਲ ਪਾਸ ਸ਼ਕਾਇਤ ਕੀਤੀ, ਜਿਸ ਤੋਂ ਪੁੱਛ ਹੋਣ ਤੇ ਸਰਦਾਰ ਸੰਗਤ ਸਿੰਘ ਨੇ ਇੱਕ ਸਨਦ ਇਸ ਪਿੰਡ ਬਾਬਤ ਮਹਾਰਾਜਾ ਰਣਜੀਤ ਸਿੰਘ ਵੱਲੋਂ ਪੇਸ਼ ਕੀਤੀ। ਗਵਰਨਰ ਜਨਰਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਰਾਜਾ ਸੰਗਤ ਸਿੰਘ ਨੇ ਜੋ ਅੰਗ੍ਰੇਜ਼ਾਂ ਦੀ ਰੱਖਿਆ ਵਿੱਚ ਕਿਸੇ ਗ਼ੈਰ ਰਿਆਸਤ ਕੋਲੋਂ ਇਸ ਤਰ੍ਹਾਂ ਦੀ ਚੀਜ਼ ਲੈਣਾ ਉਚਿਤ ਨਹੀਂ ਤੇ ਹੁਕਮ ਦਿੱਤਾ ਕਿ ਰਾਜਾ ਸੰਗਤ ਸਿੰਘ ਇਸ ਪਿੰਡ ਨੂੰ ਝੱਟਪੱਟ ਵਾਪਸ ਦੇ ਦੇਵੇ ਤੇ ਅੱਗੋਂ ਨੂੰ ਲਾਹੌਰ ਦਰਬਾਰ ਨਾਲ ਅਜਿਹਾ ਰਾਹ ਰਸਮ ਉੱਕਾ ਨਾ ਕਰਨ। ਆਖ਼ਰ ਮਹਾਰਾਜਾ

ਸਾਹਿਬ ਨੂੰ ਗਵਰਨਮੈਂਟ ਦਾ ਹੁਕਮ ਮੰਨਣਾ ਪਿਆ ਤੇ ਇਹ ਪਿੰਡ ਸਰਦਾਰ ਰਾਮ ਸਿੰਘ ਨੂੰ ਵਾਪਸ ਕਰ ਦਿੱਤਾ॥

ਬਾਕੀ ਜਾਗੀਰ ਬਾਬਤ ਇਸ ਸਮੇਂ ਗਵਰਨਮੈਂਟ ਨੂੰ ਬਹੁਤ ਪੁੱਛ ਗਿੱਛ ਤੇ ਛੇੜਛਾੜ ਕਰਨਾ ਠੀਕ ਨਹੀਂ, ਕਿੰਤੂ ਇਹ ਅਸੂਲ ਕਾਇਮ ਕਰ ਦਿੱਤਾ ਕਿ ਅੱਗੋਂ ਨੂੰ ਕੋਈ ਰਈਸ ਜੋ ਅੰਗ੍ਰੇਜ਼ਾਂ ਦੀ ਰੱਖਿਆ ਵਿੱਚ ਹੈ, ਓਹ ਕਿਸੇ ਦੂਜੀ ਹਕੂਮਤ ਨਾਲ ਬਿਨਾਂ ਅੰਗ੍ਰੇਜ਼ਾਂ ਦੀ ਆਗਿਆ ਦੇ ਕਿਸੇ ਤਰ੍ਹਾਂ ਦਾ ਸੰਬੰਧ ਕਾਇਮ ਨਾ ਕਰੇ, ਸਵਾਏ ਓਸ ਸੰਬੰਧ ਦੇ ਕਿ ਜੋ ਕੇਵਲ ਸਾਧਾਰਨ ਤੌਰ ਤੇ ਹੋਵੇ। ਕਿੰਤੂ ਇਸ ਹੁਕਮ ਦੀ ਸਤਲੁਜ ਪਾਰ ਦੇ ਰਈਸਾਂ ਕੋਲੋਂ ਪਾਲਨਾ ਹੋਣੀ ਕਠਨ ਸੀ, ਕਿਉਂਕਿ ਇੱਕ ਤਾਂ ਇਨ੍ਹਾਂ ਸਾਰਿਆਂ ਦੇ ਵਕੀਲ ਲਾਹੌਰ ਦਰਬਾਰ ਵਿੱਚ ਰਹਿੰਦੇ ਸਨ ਤੇ ਦੂਜੇ ਅੱਗੇ ਆਪੋ ਵਿੱਚ ਸੁਤੰਤ੍ਰਤਾ ਨਾਲ ਲਿਖੀ ਪੜ੍ਹੀ ਹੁੰਦੀ ਰਹਿੰਦੀ ਸੀ।

## ੨੦. ਰਾਜਾ ਸੰਗਤ ਸਿੰਘ ਦਾ ਫਿਰ ਲਾਹੌਰ ਦਰਬਾਰ ਨਾਲ ਲਿਖਾ ਪੜ੍ਹੀ ਕਰਨਾ

ਹੁਣ ਫਿਰ ਰਾਜਾ ਸੰਗਤ ਸਿੰਘ ਨੇ ਲਾਹੌਰ ਦਰਬਾਰ ਨੂੰ ਚਿੱਠੀ ਲਿਖੀ। ਇਸ ਚਿੱਠੀ ਵਿੱਚ ਓਸ ਜਾਇਦਾਦ ਦਾ ਜ਼ਿਕਰ ਸੀ, ਜੋ ਕਿ ਸਤਲੁਜ ਦੇ ਓਸ ਪਾਰ ਮਹਾਰਾਜਾ ਰਣਜੀਤ ਸਿੰਘ ਤੇ ਰਾਜਾ ਸੰਗਤ ਸਿੰਘ ਦੇ ੬ ਪਿੰਡ ਸਾਂਝੇ ਸਨ। ਰਾਜਾ ਸੰਗਤ ਸਿੰਘ ਦੀ ਮਨਸ਼ਾ ਸੀ ਕਿ ਸ਼ੇਰਿ ਪੰਜਾਬ ਦੇ ਹਿੱਸੇ ਦਾ ਵੀ ਠੇਕਾ ਲੈ ਲਵਾਂ। ਆਮ ਹਾਲਤ ਵਿੱਚ ਅਜਿਹਾ ਹੋਣ ਨਾਲ ਸਰਕਾਰ ਨੂੰ ਦਖ਼ਲ ਦੀ ਲੋੜ ਨਹੀਂ ਸੀ, ਕਿੰਤੂ ਮਹਾਰਾਜਾ ਰਣਜੀਤ ਸਿੰਘ ਇਹਨਾਂ ਪਿੰਡਾਂ ਬਾਬਤ ਦੀਵਾਨੀ ਤੇ ਫੌਜਦਾਰੀ ਅਖਤਿਆਰ ਆਪਣੇ ਪਾਸ ਰਖਣਾ ਚਾਹੁੰਦਾ ਸੀ। ਇਸ ਕਰ ਕੇ ਸਰਕਾਰ ਨੂੰ ਇਸ ਤੋਂ ਕਈ ਖਰਾਬੀਆਂ ਹੋਣ ਦਾ ਡਰ ਮਲੂਮ ਹੋਇਆ, ਜਿਸ ਤੇ ਰਾਜਾ ਸੰਗਤ ਸਿੰਘ ਨੂੰ ਹੁਕਮ ਦਿੱਤਾ ਗਿਆ ਕਿ ਓਹ ਇਨ੍ਹਾਂ ਪਿੰਡਾਂ ਦਾ ਠੇਕਾ ਨਾ ਲਵੇ, ਤੇ ਰੋਕ ਦਿੱਤਾ ਗਿਆ।

## ੨੧. ਜੀਂਦ ਦਾ ਪ੍ਰਬੰਧ

ਰਿਆਸਤ ਜੀਂਦ ਦੇ ਪ੍ਰਬੰਧ ਵਿੱਚ ਪਹਿਲਾਂ ਪਹਿਲਾਂ ਰਾਜਾ ਸੰਗਤ ਸਿੰਘ ਪਾਸੋਂ ਜੋ ਖਰਾਬੀਆਂ ਹੋਈਆਂ ਓਹਨਾਂ ਦਾ ਜ਼ਿਕਰ ਪਹਿਲਾਂ ਕਰ ਚੁੱਕੇ ਹਾਂ, ਕਿੰਤੂ ਸ਼ੋਕ ਹੈ ਕਿ ਦਿਨ-ਬ-ਦਿਨ ਬੇਅਮਨੀ ਵਧਦੀ ਗਈ ਕਦੇ ਵੀ ਅਸ਼ਾਂਤੀ ਨੂੰ ਦਬਾਣ ਦਾ ਯਤਨ ਨਾ ਹੋਇਆ। ਰਾਜਾ ਸਾਹਿਬ ਨੂੰ ਸਵਾਏ ਖੇਡ ਤੇ ਨਾਚ ਰੰਗ ਦੇ ਕੋਈ ਕੰਮ ਨਹੀਂ ਸੀ। ਬੇਪ੍ਰਵਾਹ ਇਸ ਦਰਜੇ ਦਾ ਸੀ ਕਿ ਏਜੰਟ ਦੇ ਜ਼ਰੂਰੀ ਹੁਕਮਾਂ ਦੀ ਵੀ ਪ੍ਰਵਾਹ ਨਹੀਂ ਕਰਦਾ ਸੀ। ਦੀਵਾਨ ਸਿੰਘ ਮੁਸ਼ੀਰ ਜੋ ਚਾਹੁੰਦਾ ਕਰਦਾ ਸੀ। ਡਾਕੂ ਚੋਰ ਪਿੰਡਾਂ ਵਿੱਚ ਖੁੱਲ੍ਹੇ ਫਿਰਦੇ ਸਨ। ਜੀਂਦ ਦੀ ਪ੍ਰਜਾ ਵੱਲੋਂ ਜੋ ਵਧੀਕੀ ਅੰਗ੍ਰੇਜ਼ੀ ਪ੍ਰਜਾ ਤੇ ਹੁੰਦੀਆਂ ਸਨ, ਓਹਨਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਹੁੰਦੀ ਸੀ। ਮਾਰਚ ੧੮੩੩ ਨੂੰ ਲਫਟੰਟ ਟਾਲਦਟ ਸਾਹਿਬ ਅੱਠਵੀਂ ਰਜਮੰਟ ਹਿੰਦੁਸਤਾਨੀ ਪਿਆਦਾ ਲੈ ਕੇ ਜਦ ਜੀਂਦ ਦੇ ਇਲਾਕੇ ਵਿੱਚ ਦੀ ਲੰਘੇ ਤਦ ਏਥੋਂ ਦੇ ਲੁਟੇਰਿਆਂ ਨੇ ਓਹਨਾਂ ਤੇ ਹਮਲਾ ਕਰ ਦਿੱਤਾ ਤੇ ਜਾਨਾਂ ਦਾ ਨੁਕਸਾਨ ਵੀ ਕੀਤਾ। ੧੮੩੪ ਵਿੱਚ ਏਜੰਟ ਸਾਹਿਬ ਨੇ ਇਸ ਰਿਆਸਤ ਵੱਲੋਂ ਹੋਈਆਂ ਗੱਲਾਂ ਬਾਬਤ ਸ਼ਕਾਇਤ ਕੀਤੀ। ਕਈ ਮਾਮਲਿਆਂ ਵਿੱਚ ਆਪ ਇਨਸਾਫ਼ ਕੀਤਾ, ਕਿੰਤੂ ਜੀਂਦ ਰਿਆਸਤ ਵਿੱਚ ਓਹੋ ਹੀ ਰਾਮ ਰੌਲਾ ਜਿਉਂ ਦਾ ਤਿਉਂ ਬਣਿਆ ਰਿਹਾ।

## ੨੨. ਰਾਜਾ ਸੰਗਤ ਸਿੰਘ ਦਾ ਚਾਲ ਚਲਣ

ਰਾਜਾ ਸੰਗਤ ਸਿੰਘ ਨੂੰ ਓਹਦੇ ਕਰਮਚਾਰੀਆਂ ਵਿਗਾੜ ਦਿੱਤਾ। ਇਨ੍ਹਾਂ ਦੇ ਪਿਤਾ ਦੇ ਵੇਲੇ ਖ਼ਜ਼ਾਨੇ ਖ਼ਾਲੀ ਹੋ ਗਏ ਤਦ ਪਰਜਾ ਤੇ ਸਖ਼ਤੀ ਹੋਣ ਲੱਗੀ ਤੇ ਰੁਪਏ ਧੱਕੇ ਨਾਲ ਵਸੂਲ ਕਰਨ ਲੱਗੇ, ਜਿਸ ਤੋਂ ਪ੍ਰਜਾ ਬੜੀ ਦੁਖੀ ਹੋ ਰਹੀ ਸੀ। ਸਰ ਲੈਪਲ ਗ੍ਰਿਫਨ ਸਾਹਿਬ ਨੇ ਆਪਣੀ ਕਿਤਾਬ ਵਿੱਚ ਬੜੇ ਵਿਸਥਾਰ ਨਾਲ ਓਹਨਾਂ ਖਰਾਬੀਆਂ ਦਾ ਜ਼ਿਕਰ ਕੀਤਾ ਹੈ ਜੋ ਕਿ ਛੋਟੀ ਆਯੂ ਦੇ ਰਾਜਿਆਂ ਦੇ ਪ੍ਰਬੰਧ ਵਿੱਚ ਹੋਂਦੀਆਂ ਹਨ ਤੇ ਇਸ ਵਿੱਚ ਸ਼ੱਕ ਨਹੀਂ ਕਿ ਇੰਨ੍ਹਾਂ ਜੋ ਕੁਝ ਲਿਖਿਆ ਹੈ ਓਹ ਬਹੁਤ ਹੱਦ ਤੱਕ ਠੀਕ ਵੀ ਹੈ। ਜੀਂਦ ਬਾਬਤ ਇਨ੍ਹਾਂ ਲਿਖਿਆ ਹੈ:

ਸੰਗਤ ਸਿੰਘ ਦੀ ਆਯੂ ਚਲਾਣਾ ਕਰਨ ਵੇਲੇ ਕੇਵਲ ੨੩ ਵਰ੍ਹਿਆਂ ਦੀ ਸੀ। ਇਸ ਦੇ ਪਿਤਾ ਨੇ ਇਸ ਨੂੰ ਛੋਟੀ ਆਯੂ ਵਿੱਚ ਹੀ ਇੱਕ ਵੱਡੀ ਰਿਆਸਤ ਦਾ ਪ੍ਰਬੰਧ ਦੇ ਕੇ ਚਲਾਣਾ ਕੀਤਾ ਸੀ। ਓਹਦਾ ਅਜੇਹੇ ਲੋਕਾਂ ਦੇ ਵੱਸ ਵਿੱਚ ਆ ਜਾਣਾ, ਜਿਨ੍ਹਾਂ ਏਹਦੇ ਇਖਲਾਕ ਨੂੰ ਵਿਗਾੜ ਮੰਦੀਆਂ ਵਾਸ਼ਨਾਂ ਵਿੱਚ ਫਸਾ ਕੇ ਫਜ਼ੂਲ ਖ਼ਰਚੀਆਂ ਵਿੱਚ ਪਾਣ ਵਿੱਚ ਆਪਣਾ ਲਾਭ ਸਮਝਿਆ ਹੋਵੇ, ਕੋਈ ਹੈਰਾਨੀ ਦੀ ਗੱਲ ਨਹੀਂ। ਹਿੰਦੁਸਤਾਨ ਵਿੱਚ ਰਈਸਾਂ ਦੀ ਛੋਟੀ ਆਯੂ ਦੇ ਵਿੱਚ ਇਹੋ ਹੀ ਖਰਾਬੀਆਂ ਹੋਂਦੀਆਂ ਹਨ। ਅਹਿਲਕਾਰ ਜਿਨ੍ਹਾਂ ਦੇ ਸਪੁਰਦ ਕੰਮ ਹੋਂਦਾ ਹੈ ਓਹ ਆਪਣੀ ਹੀ ਇੱਛਾ ਤੇ ਖਾਹਸ਼ਾਂ ਪੂਰੀਆਂ ਕਰਨ ਵਿੱਚ ਲੱਗੇ ਰਹਿੰਦੇ ਹਨ। ਈਮਾਨਦਾਰੀ, ਨਿਮਕਹਲਾਲੀ, ਵਫ਼ਾਦਾਰੀ ਤੇ ਸੱਚ ਕਹਿਣ ਦੇ ਗੁਣ ਜਾਂਦੇ ਰਹਿੰਦੇ ਹਨ ਤੇ ਛੋਟੀ ਉਮਰ ਦੇ ਰਈਸ ਨੂੰ ਜਿਸ ਨੂੰ ਇੱਕ ਦਿਨ ਸੁਤੰਤਰ ਅਖਤਿਆਰ ਮਿਲਣ ਦੀ ਆਸ ਹੋਂਦੀ ਹੈ, ਤੇ ਜਿਸ ਦੇ ਅਦਲ ਤੇ ਇਨਸਾਫ਼ ਤੇ ਕੁਝ ਪਰਜਾ ਅੱਖਾਂ ਲਾਈ ਬੈਠੀ ਹੋਂਦੀ ਹੈ, ਵੇਸਵਾ, ਭੰਡਾਂ, ਡੂੰਮਾਂ ਤੇ ਕੰਜਰਾਂ ਦੇ ਨਾਲ ਛੱਡ ਦਿੱਤਾ ਜਾਂਦਾ ਹੈ। ਐਥੋਂ ਤੱਕ ਕਿ ਜਦ ੧੮ ਸਾਲ ਦੀ ਆਯੂ ਵਿੱਚ ਬੇਕਾਇਦਗੀਆਂ ਨਾਲ ਓਹਦਾ ਸਰੀਰ ਰੋਗੀ ਹੋ ਜਾਂਦਾ ਹੈ ਤੇ ਸੰਤਾਨ ਹੋਣ ਦੀ ਸੱਤਿਆ ਜਾਂਦੀ ਰਹਿੰਦੀ ਹੈ। ਅਕਲ ਤੇ ਦਿਮਾਗ਼ ਦੇ ਸੁਧਾਰ ਦਾ ਪ੍ਰਬੰਧ ਉੱਕਾ ਨਹੀਂ ਹੋਂਦਾ। ਇਖਲਾਕ ਵਿੱਚ ਸ਼ਰਮ ਵਾਲੀਆਂ ਬੁਰਾਈਆਂ ਅਸਰ ਕਰ ਜਾਂਦੀਆਂ ਹਨ। ਓਸ ਵੇਲੇ ਓਹ ਕਿਸੇ ਦੁਨੀਆਂ ਦੇ ਕੰਮ ਜੋਗਾ ਨਹੀਂ ਰਹਿੰਦਾ, ਸਵਾਏ ਇਸ ਦੇ ਕਿ ਓਹ ਆਪਣੇ ਲਾਲਚੀ ਤੇ ਸਵਾਰਥੀ ਸਾਥੀਆਂ ਦੀਆਂ ਜੇਬਾਂ ਰੁਪਿਆਂ ਨਾਲ ਭਰ ਦੇਵੇ। ਓਸ ਦੌਲਤ ਨੂੰ ਜੋ ਓਹਦਿਆਂ ਵੱਡਿਆਂ ਮੇਹਨਤ, ਬਹਾਦਰੀ ਤੇ ਕਸ਼ਟਾਂ ਨਾਲ ਇਕੱਠੀ ਕੀਤੀ ਹੈ, ਲੁਟਾ ਦੇਵੇ ਤੇ ਓਸ ਨਾਮ ਤੇ ਜੋ ਕਦੇ ਮਾਣ ਯੋਗ ਤੇ ਫਖਰ ਦਾ ਹੋਂਦਾ ਸੀ ਕਾਲਕ ਦਾ ਟਿੱਕਾ ਲਾ ਦੇਵੇ।

## ੨੩. ਰਾਜਾ ਸੰਗਤ ਸਿੰਘ ਦਾ ਚਲਾਣਾ

੧੮੩੪ ਈ. ਵਿੱਚ ਦੁਸਹਿਰੇ ਦੇ ਮੌਕੇ ਤੇ ਰਾਜਾ ਸੰਗਤ ਸਿੰਘ ਨੇ ਫਿਰ ਲਾਹੌਰ ਜਾਣ ਦਾ ਇਰਾਦਾ ਕੀਤਾ। ਸ਼ਾਇਦ ਇਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਖ਼ਾਸ ਗੱਲ ਵਾਸਤੇ ਬੁਲਾਇਆ ਸੀ। ਕਿੰਤੂ ਗਵਰਨਮੈਂਟ ਦੀ ਕ੍ਰੋਪਤਾ ਨੇ ਇਸ ਨੂੰ ਜਾਣ ਤੋਂ ਰੋਕ ਦਿੱਤਾ ਤੇ ਉਹ ਅਚਨਚੇਤ ਝਟਪਟ ਬਸੀਆਂ ਦੇ ਮੁਕਾਮ ਤੇ ੩ ਨਵੰਬਰ ਨੂੰ ਬੀਮਾਰ ਹੋ ਗਏ। ਹਰ ਘੜੀ ਹਾਲਤ ਵਿਗੜਦੀ ਗਈ। ਇਸ ਕਰ ਕੇ ਇਹ ਸਲਾਹ ਹੋਈ ਕਿ ਇਹਨਾਂ ਨੂੰ ਸੰਗਰੂਰ ਆਂਦਾ ਜਾਏ। ਸੋ ਪਾਲਕੀ ਵਿੱਚ ਪਾ ਕੇ ਜਦ ਲਿਆਉਣ ਲੱਗੇ ਤਦ ਅਜੇ ਇਹ ਬਸੀਆਂ ਦੀ ਹੱਦ ਤੋਂ ਬਾਹਰ ਨਹੀਂ ਨਿੱਕਲੇ ਸਨ ਕਿ ਰਾਜਾ ਸਾਹਿਬ ਦੇ ਪ੍ਰਾਣ ਪੰਖੇਰੂ ਉੱਡ ਗਏ।

ਰਾਜਾ ਸੰਗਤ ਸਿੰਘ ਦੀਆਂ ਤਿੰਨ ਰਾਣੀਆਂ ਸਨ: ਵੱਡੀ ਰਾਣੀ ਸਭਾ ਕੌਰ ਸ਼ਾਹਅਬਾਦ ਦੇ ਰਈਸ ਦੀ ਲੜਕੀ ਸੀ, ਦੂਜੀ ਸੁੱਖਾਂ ਸਰਦਾਰ ਜੀਵਨ ਸਿੰਘ ਧਾਲੀਵਾਲ ਵਾਲੇ ਦੀ ਲੜਕੀ ਸੀ, ਤੀਜੀ ਸਰਦਾਰ ਦੂਲਾ ਸਿੰਘ ਟਿੱਬਾ ਵਾਲੇ ਦੀ ਲੜਕੀ ਨੰਦ ਕੌਰ। ਸ਼ੋਕ ਹੈ ਕਿ ਇਨ੍ਹਾਂ ਵਿਚਾਰੀਆਂ ਨੂੰ ਆਪਣੇ ਪਤੀ ਦਾ ਮੂੰਹ ਵੇਖਣਾ ਹੀ ਨਸੀਬ ਨਾ ਹੋਇਆ, ਸੰਤਾਨ ਕੀ ਹੋਣੀ ਸੀ?

## ੨੪. ਰਿਆਸਤ ਜੀਂਦ ਦੇ ਵਾਰਸ ਬਾਬਤ ਝਗੜਾ, ਸ੍ਰ. ਸਰੂਪ ਸਿੰਘ ਦੀ ਚੋਣ

ਹੁਣ ਸਰਕਾਰ ਅੰਗ੍ਰੇਜ਼ੀ ਨੇ ਰਿਆਸਤ ਜੀਂਦ ਨੂੰ ਲਾਵਾਰਸ ਚੀਜ਼ ਸਮਝ ਕੇ ਜ਼ਬਤ ਕਰਨ ਦਾ ਖ਼ਿਆਲ ਕੀਤਾ, ਕਿੰਤੂ ਰਿਆਸਤ ਦੇ ਮਾਲਕ ਹੋਣ ਦੇ ਦਾਵੇਦਾਰ ਕਈ ਨਿੱਕਲ ਆਏ। ਰਾਣੀਆਂ ਨੇ ਆਪਣੀ ਮਾਲਕੀ ਤੇ ਜ਼ੋਰ ਦਿੱਤਾ, ਨਾਭੇ ਵਾਲੇ ਆਪਣੇ ਹੱਕ ਦੱਸੇ। ਬਡਰੁਖਾਂ ਵਾਲੇ ਸਰਦਾਰਾਂ ਆਪਣੇ ਆਪ ਨੂੰ ਵਾਰਸ ਦੱਸਿਆ ਤੇ ਬਾਕੀ ਜੀਂਦ ਪੁਰ ਵਾਲਿਆਂ ਸਭ ਤੋਂ ਵਧ ਕੇ ਆਪਣੇ ਹੱਕ ਦੱਸੇ। ਇਹ ਝਗੜਾ ਲੰਮੀ ਮੁਦਤ ਤੱਕ ਚਲਦਾ ਰਿਹਾ। ਛੇਕੜ ਸਰਦਾਰ ਸਰੂਪ ਸਿੰਘ ਬਾਯਜ਼ੀਦ ਪੁਰ ਵਾਲੇ ਜੋ ਸਰਦਾਰ ਕਰਮ ਸਿੰਘ ਦੇ ਲੜਕੇ ਤੇ ਰਾਜਾ ਗਜਪਤ ਸਿੰਘ ਦੇ ਤੀਜੇ

ਪੁੱਤਰ ਭੂਪ ਸਿੰਘ ਦੀ ਸੰਤਾਨ ਵਿੱਚੋਂ ਸਨ, ਸਭ ਤੋਂ ਵੱਡੇ ਹੱਕਦਾਰ ਸਮਝ ਸਰਕਾਰ ਨੇ ਮੌਰੂਸੀ* ਹਿੱਸਾ ਉਹਨਾਂ ਦੇ ਹਵਾਲੇ ਕਰ ਦਿੱਤਾ।

ਇਸ ਮੌਕੇ ਤੇ ਸ੍ਰ. ਦਲ ਸਿੰਘ ਜਿਗ਼ਾ ਵਾਲਾ ਜੋ ਸਰਦਾਰੀ ਦੇ ਵੇਲੇ ਤੋਂ ਰਾਜਾ ਸਰੂਪ ਸਿੰਘ ਦਾ ਵਜ਼ੀਰ ਸੀ, ਉਹ ਨਿਯਤ ਕੀਤੇ ਜੋ ਕਦਰ ਯੋਗ ਹਨ। ਰਾਜਾ ਸਰੂਪ ਸਿੰਘ ਵੀ ਇਸ ਸੇਵਾ ਨੂੰ ਆਯੂ ਭਰ ਨਹੀਂ ਭੁਲਿਆ। ਰਿਆਸਤ ਦੇ ਸਾਰੇ ਅਹਿਲਕਾਰਾਂ ਵਿੱਚੋਂ ਸਰਦਾਰ ਦਲ ਸਿੰਘ ਨੂੰ ਅੱਵਲ ਦਰਜੇ ਦਾ ਈਮਾਨਦਾਰ ਤੇ ਖ਼ੈਰਖਾਹ ਸਮਝਿਆ ਜਾਂਦਾ ਸੀ।

## ੨੫. ਸਰਦਾਰ ਸਰੂਪ ਸਿੰਘ ਦੀ ਗੱਦੀ ਨਸ਼ੀਨੀ

ਅੰਤ ਨੂੰ ਅਪ੍ਰੈਲ ੧੮੩੭ ਵਿੱਚ ਸਾਰੇ ਝਗੜੇ ਤੇ ਅਪੀਲਾਂ ਦੇ ਮਗਰੋਂ ਸਾਰੇ ਫੂਲ ਦੇ ਰਈਸਾਂ ਤੇ ਏਜੰਟ ਸਾਹਿਬ ਬਹਾਦਰ ਦੀ ਹੋਂਦ ਵਿੱਚ ਸ੍ਰ: ਸਰੂਪ ਸਿੰਘ ਨੂੰ ਗੱਦੀ ਤੇ ਬਠਾਇਆ ਗਿਆ। ਗੱਦੀ ਤੇ ਬੈਠਣ ਸਮੇਂ ਨਾਭਾ, ਪਟਿਆਲਾ, ਕੈਂਥਲ, ਮਾਲੇਰਕੋਟਲਾ ਤੇ ਫੂਲ ਦੇ ਸਾਰੇ ਸਰਦਾਰ ਮੌਜੂਦ ਸਨ। ਜਾਰਜ ਰਸਨ ਕਲਾਰਕ ਸਾਹਿਬ ਏਜੰਟ ਅੰਬਾਲਾ ਨੇ ਵੀ ਅੰਗਰੇਜ਼ਾਂ ਵੱਲੋਂ ਇੱਕ ਖ਼ਿਲਅਤ, ਜਿਸ ਵਿੱਚ ਅੱਗੇ ਲਿਖੀਆਂ ਚੀਜ਼ਾਂ ਸਨ, ਪੇਸ਼ ਕੀਤਾ:

ਸਰਪੇਚ ਚੋਗਾ, ਮੋਤੀਆਂ ਦੀ ਮਾਲਾ, ਦੋਸ਼ਾਲਾ, ਸ਼ਾਲੀਰੁਮਾਲ, ਥਾਨ ਕਮਖਾਬ, ਥਾਨ ਗੁਲਬਦਨ, ਦਸਤਾਰ, ਕੱਪੜੇ ਦੇ ਦੋ ਥਾਨ, ਤਲਵਾਰ, ਇੱਕ ਹਾਥੀ, ਇੱਕ ਤਿੱਲੇ ਦੀ ਕੱਢੀ ਹੋਈ ਝੁਲ ਤੇ ਹੋਰ ਸਮਾਨ ਨਾਲ ਘੋੜਾ ਜ਼ੀਨ ਪੂਜੀ ਤੇ ਜ਼ੇਵਰਾਂ ਸਮੇਤ। ਰਸਮ ਬੜੀ ਧੂਮਧਾਮ ਨਾਲ ਅਦਾ ਹੋਈ, ਕਿੰਤੂ ਇਸ ਝਗੜੇ ਦੇ ਲੰਮੀ ਮੁਦਤ ਤੱਕ ਚਲਦੇ ਰਹਿਣ ਨੇ ਜੀਂਦ ਦੀ ਫਸਾਦੀ ਪ੍ਰਜਾ ਨੂੰ ਅਰਾਮ ਨਾਲ ਨਾ ਬੈਠਣ ਦਿੱਤਾ। ੧੮੩੬ ਦੇ ਆਰੰਭ ਵਿੱਚ ਬਾਲਾਂ ਵਾਲੀ ਵਿੱਚ ਗੁਲਾਬ ਸਿੰਘ

---

*ਰਾਜਾ ਸਰੂਪ ਸਿੰਘ ਨੂੰ ਰਿਆਸਤ ਜੀਂਦ ਦਾ ਉਹ ਹਿੱਸਾ ਦਿੱਤਾ ਗਿਆ ਜੋ ਮੌਰੂਸੀ ਸੀ ਤੇ ਜੋ ਰਾਜਾ ਗਜਪਤ ਸਿੰਘ ਨੂੰ ਖ਼ਾਸ ਵਿਰਸੇ ਵਿੱਚ ਮਿਲਿਆ ਸੀ। ਦੂਜਾ ਹਿੱਸਾ ਜੋ ਸਰਕਾਰ ਲਾਹੌਰ ਜਾਂ ਅੰਗਰੇਜ਼ਾਂ ਵਲੋਂ ਮਿਲਿਆ ਸੀ, ਉਹ ਲਾਹੌਰ ਦਰਬਾਰ ਤੇ ਅੰਗਰੇਜ਼ਾਂ ਨੇ ਆਪੋ ਵਿੱਚ ਵੰਡ ਲਿਆ। ਇਸ ਵੰਡ ਦਾ ਵੇਰਵਾ ਸਰ ਲੈਪਲ ਗ੍ਰਿਫਨ ਨੇ ਤਾਰੀਖ ਰਾਜਗਾਨ ਪੰਜਾਬ ਵਿੱਚ ਇੰਜ ਦਿੱਤਾ ਹੈ।
ਫਹਰਿਸਤ ਉਸ ਇਲਾਕੇ ਦੀ ਜੋ ਰਾਜਾ ਸਰੂਪ ਸਿੰਘ ਨੂੰ ਦਿੱਤਾ ਗਿਆ:

ਰਾਜਾ ਸਰੂਪ ਸਿੰਘ ਨੂੰ ਰਿਆਸਤ ਜੀਂਦ ਦਾ ਉਹ ਹਿੱਸਾ ਦਿੱਤਾ ਗਿਆ ਜੋ ਮੌਰੂਸੀ ਸੀ ਤੇ ਜੋ ਰਾਜਾ ਗਜਪਤ ਸਿੰਘ ਨੂੰ ਖ਼ਾਸ ਵਿਰਸੇ ਵਿੱਚ ਮਿਲਿਆ ਸੀ। ਦੂਜਾ ਹਿੱਸਾ ਜੋ ਸਰਕਾਰ ਲਾਹੌਰ ਜਾਂ ਅੰਗਰੇਜ਼ਾਂ ਵਲੋਂ ਮਿਲਿਆ ਸੀ, ਉਹ ਲਾਹੌਰ ਦਰਬਾਰ ਤੇ ਅੰਗਰੇਜ਼ਾਂ ਨੇ ਆਪੋ ਵਿੱਚ ਵੰਡ ਲਿਆ। ਇਸ ਵੰਡ ਦਾ ਵੇਰਵਾ ਸਰ ਲੈਪਲ ਗ੍ਰਿਫਨ ਨੇ ਤਾਰੀਖ ਰਾਜਗਾਨ ਪੰਜਾਬ ਵਿੱਚ ਇੰਜ ਦਿੱਤਾ ਹੈ।
ਫਹਰਿਸਤ ਉਸ ਇਲਾਕੇ ਦੀ ਜੋ ਰਾਜਾ ਸਰੂਪ ਸਿੰਘ ਨੂੰ ਦਿੱਤਾ ਗਿਆ:

| ਨਾਮ ਪਿੰਡਾਂ ਦੀ ਗਿਣਤੀ | ਪ੍ਰਗਣਾ | ਮਾਮਲੇ ਦੀ ਰਕਮ | ਵੇਰਵਾ |
|---|---|---|---|
| ਜੀਂਦ ਖਾਸ | ੧੪੦ | ੧,੩੦,੦੦੦ | ਇਹ ਰਕਮ ਕਲਾਰਕ ਸਾਹਿਬ ਦੀ ੧੦ ਨਵੰਬਰ ਜੀਂਦ ਖ਼ਾਸ ੧੪੦ ੧੩੦੦੦ ੧੮੩੫ ਦੀ ਰਪੋਰਟ ਵਿੱਚੋਂ ਲਈ ਹੈ। |
| ਸਫੈਦੋ | ੨੫ | ੪੨੦੦ | ੨੯ ਦਸੰਬਰ ੧੮੩੪ ਈ. ਦੀ ਰੀਪੋਰਟ ਇੰਜ ਨਹੀਂ। ਇਹ ਅਸਲ ਨਾਲੋਂ ਬਹੁਤ ਘੱਟ ਹੈ। |
| ਆਸਦਾ | ੨੬ | ੪੨੦੦ | |
| ਸਾਲੋਨ | ੮ | ੪੨੦੦ | |
| ਬਾਲਾਂਵਾਲੀ | ੧੦੮ | ੨੦.੦੦੦ | ਮਿ. ਕਲਾਰਕ ਨੇ ੧੯ ਦਸੰਬਰ ੧੮੩੪ ਦੀ ਬਾਲਾਂ ਵਾਲੀ ੧੦੮ ੨੦੦੦੦ ਰੀਪੋਰਟ ਵਿੱਚ ਇਹ ਮਾਮਲਾ ਕੇਵਲ ੧੩ ਪਿੰਡਾਂ ਦਾ ਦੱਸਿਆ ਹੈ। |
| ਜਚੇ ਵਾਲ | ੧ | ੪੦੦ | |
| ਭੋਕੇ | ੧ | ੪੦੦ | |
| ਲਹੂ | ੧ | ੪੦੦ | |
| ਮਾਹਲਾਂ | ੧ | ੪੦੦ | |
| ਜੋੜ | ੩੨੨ | ੨੩੧੦੦ | |

ਜੋ ਉੱਥੋਂ ਦਾ ਰਹਿਣ ਵਾਲਾ ਤੇ ਪਹਿਲਾਂ ਰਸਾਲੇਦਾਰ ਸੀ, ਆਕੀ ਹੋ ਗਿਆ। ਮਿਸਟਰ ਐਜੋਰਥ ਸਾਹਿਬ ਜਦ ਉੱਥੋਂ ਲੰਘ ਰਹੇ ਸਨ, ਕਿਸੇ ਹੱਲਾ ਕਰ ਦਿੱਤਾ। ਕਿੰਤੂ ਜਦ ਓਥੇ ਸਰਕਾਰੀ ਫੌਜ ਪਹੁੰਚ ਗਈ ਤਦ ਇੱਕ ਮਾਮੂਲੀ ਜਹੀ ਲੜਾਈ ਦੇ ਮਗਰੋਂ ਜਿਸ ਵਿੱਚ ਦਲ ਸਿੰਘ, ਲੱਖਾ ਸਿੰਘ ਤੇ ਪ੍ਰਤਾਪ ਸਿੰਘ ਵਿਧਵਾ ਫੜੇ ਗਏ ਤੇ ਕੈਦ ਕੀਤੇ ਗਏ। ਗੁਲਾਬ ਸਿੰਘ ਮਾਰਿਆ ਗਿਆ। ਦੇਸੂ ਸਿੰਘ ਦੂਜਾ ਫਸਾਦ ਦਾ ਮੋਢੀ ਫੜੇ ਜਾਣ ਤੋਂ ਪਹਿਲਾਂ ਪੇਸ਼ਕਬਜ਼ ਖਾ ਕੇ ਆਪ ਮਰ ਗਿਆ ਅਤੇ ਸਭ ਅਮਨ ਅਮਾਨ ਹੋ ਗਿਆ।

ਇਸ ਤੋਂ ਪਿੱਛੋਂ ੧੮੩੪ ਨੂੰ ਜਦ ਕੈਂਥਲ ਦੀ ਰਿਆਸਤ ਲਾਵਾਰਸ ਹੋ ਗਈ, ਤਦ ਫੂਲ ਦੇ ਤਿੰਨਾਂ ਰਾਜਿਆਂ ਨੇ ਬੜੀ ਕੋਸ਼ਸ਼ ਕੀਤੀ ਕਿ ਮਰਨ ਵਾਲੇ ਰਈਸ ਦੇ ਦਾਦੇ ਦੇ ਭਾਈ ਦੇ ਪੋਤਰੇ ਦਾ ਹੱਕ ਇੱਕ ਪੱਕੇ ਜਾਂ ਨਸ਼ੀਨ ਵਾਂਗ ਮੰਨਿਆ ਜਾਵੇ, ਕਿੰਤੂ ਗਵਰਨਮੈਂਟ ਨੇ ਇੱਕ ਨਾ ਸੁਣੀ ਤੇ ਕੈਂਥਲ ਦੀ ਜ਼ਬਤੀ ਵਿੱਚ ਵੀ ਓਹ ਹੀ ਅਸੂਲ ਕਾਇਮ ਰੱਖਿਆ ਜੋ ਜੀਂਦ ਦੇ ਲਾਵਾਰਸ ਹੋਣ ਵੇਲੇ ਵਰਤਿਆ ਸੀ। ਇਹ ਸਾਰੀ ਕੋਸ਼ਸ਼ ਇਸ ਵਾਸਤੇ ਸੀ ਕਿ ਜੇ ਇਸ ਵਿੱਚ ਕਾਮਯਾਬੀ ਹੋ ਜਾਏ ਤਦ ਰਾਜਾ ਸਰੂਪ ਸਿੰਘ ਨੂੰ ਵੀ ਆਪਣੇ ਹੱਕ ਸਾਰੀ ਜੀਂਦ ਰਿਆਸਤ ਬਾਬਤ ਠੇਕਾ ਮਿਲ ਜਾਵੇਗਾ। ਕਿੰਤੂ ਗਵਰਨਮੈਂਟ ਇਨ੍ਹਾਂ ਦੇ ਦਿਲੀ ਮਤਲਬ ਤੋਂ ਅਨਜਾਣ ਨਹੀਂ ਸੀ।

ਰਾਜਾ ਜੀਂਦ ਨੂੰ ਸਫੈਦੂ ਦੇ ਇੱਕ ਇਲਾਕੇ ਦੇ ਬਦਲੇ ਵਿੱਚ ਕੈਂਥਲ ਦੇ ਜ਼ਬਤ ਹੋਏ ਇਲਾਕੇ ਵਿੱਚੋਂ ਮਾਹਲਾ, ਘਾਬਢਾ ਦਾ ਪ੍ਰਗਣਾ ਜਿਸ ਵਿੱਚ ੨੩ ਪਿੰਡ ੨੩੦੪੨ ਰੁਪਏ ਦੇ ਸ਼ਾਮਲ ਸਨ, ਦਿੱਤਾ ਗਿਆ। ਕਿੰਤੂ ਖ਼ਾਸ ਪਿੰਡ ਸਫੈਦੂ ਇਸ ਬਦਲੇ ਤੇ ਅੱਡ ਰੱਖਿਆ ਗਿਆ, ਕਿਉਂਕਿ ਇਸ ਵਿੱਚ ਜੀਂਦ ਦੇ ਰਾਜ ਘਰਾਣੇ ਦੀਆਂ ਸਮਾਧਾਂ ਸਨ।

ਰਾਜਾ ਸਰੂਪ ਸਿੰਘ ਨੇ ਰਿਆਸਤ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਕੇ ਸਰਦਾਰ ਗੁਲਾਬ ਸਿੰਘ ਆਦਿਕਾਂ ਦੀ ਰਾਏ ਨਾਲ ਸਾਰੇ ਫਸਾਦ ਦਬਾ ਦਿੱਤੇ ਤੇ ਰਿਆਸਤ ਵਿੱਚੋਂ ਜੰਗਲ ਕਟਵਾ ਕੇ ਉਜਾੜ ਬੀਆਬਾਨ ਇਲਾਕੇ ਵਿੱਚ ਵਸੋਂ ਵਸਾ ਦਿੱਤੀ, ਤੇ ਈਸਟ ਇੰਡੀਆ ਕੰਪਨੀ ਵਾਲੇ ਨਿਯਮ ਤੇ ਕਾਨੂੰਨ ਆਪਣੇ ਇਲਾਕੇ ਵਿੱਚ ਪ੍ਰਚਲਤ ਕਰ ਕੇ ਆਮਦਨ ਵਧਾ ਲਈ। ਫੌਜ ਜੋ ਅੱਗੇ ਬੇਕਾਇਦਾ ਸੀ, ਬਾਕਾਇਦਾ ਪਲਟਨ, ਰਸਾਲਾ ਤੋਪਖਾਨਾ, ਪੁਲਿਸ, ਕਾਇਮ ਕਰ ਕੇ ਫੌਜ ਨੂੰ ਅੰਗਰੇਜ਼ੀ ਕਵਾਇਦ ਸਿਖਾਣੀ ਸ਼ੁਰੂ ਕੀਤੀ ਤੇ ਬੀਨ ਵਾਜਾ ਸਿਖਾਣ ਵਾਸਤੇ ਅੰਗਰੇਜ਼ ਰੱਖਿਆ ਗਿਆ। ਅੰਗਰੇਜ਼ਾਂ ਨਾਲ ਸਲੂਕ ਰੱਖ ਕੇ ਕੁਝ ਪਿੰਡਾਂ ਦੇ ਬਦਲੇ ਸਦਨੀ ਵਿੱਚ ਵੀ ਬਹੁਤ ਲਾਭ ਉਠਾਇਆ ਤੇ ਪਿੰਡ ਸੰਗਰੂਰ ਨੂੰ ਆਪਣੀ ਰਾਜਧਾਨੀ ਬਣਾ ਕੇ ਸ਼ਹਿਰ ਪਨਾਹ ਤੇ ਖਾਈ, ਕਿਲ੍ਹਾ ਖੂਬ ਪੱਕਾ ਬਣਾ ਲਿਆ ਤੇ ਰਿਆਸਤ ਨੂੰ ਬਹੁਤ ਰੌਣਕ ਤੇ ਕਰ ਕੇ ਦੱਸਿਆ।

੧੮੪੫ ਈ. ਦੀ ਲੜਾਈ ਵਿੱਚ ਰਾਜਾ ਸਰੂਪ ਸਿੰਘ ਨੂੰ ਅੰਗਰੇਜ਼ਾਂ ਦੇ ਹੱਕ ਵਿੱਚ ਨਹੀਂ ਦੱਸਿਆ ਗਿਆ, ਜਿਹਾ ਕਿ ਉਮੈਦ ਸੀ। ਨਵੰਬਰ ੧੮੪੫ ਨੂੰ ਰਾਜਾ ਸਰੂਪ ਸਿੰਘ ਨੂੰ ਹੁਕਮ ਦਿੱਤਾ ਗਿਆ ਕਿ ਸਰਹੰਦ ਦੀ ਫੌਜ ਵਾਸਤੇ ੧੫੦ ਉਠ ਭਾਰ ਬਰਦਾਰੀ ਲਈ ਇਕੱਤਰ ਕਰੇ, ਕਿੰਤੂ ਇਸ ਦੀ ਤਾਮੀਲ ਨਾ ਹੋਈ। ਇਸ ਕਸੂਰ ਤੇ ਮੇਜਰ ਬ੍ਰਾਡਫੁਟ ਸਾਹਿਬ ਨੇ ਰਾਜਾ ਸਾਹਿਬ ਤੇ ੧੦ ਹਜ਼ਾਰ ਰੁਪਏ ਜੁਰਮਾਨਾ ਕੀਤਾ, ਜਿਸ ਦਾ ਅਸਰ ਅੱਗੋਂ ਵਾਸਤੇ ਬੜਾ ਲਾਭਦਾਇਕ ਸਾਬਤ ਹੋਇਆ। ਅਰਥਾਤ ਇਸ ਤੋਂ ਪਿੱਛੋਂ ਸਮਾਨ ਬਾਰ ਬਰਦਾਰੀ ਬ੍ਰਹਮ ਪਹੁੰਚਾਣ ਵਿੱਚ ਬੜੀ ਫੁਰਤੀ ਦੱਸੀ ਗਈ ਤੇ ਰਾਜਾ ਸਰੂਪ ਸਿੰਘ ਦੀ ਫੌਜ ਨੇ ਅੰਗ੍ਰੇਜ਼ੀ ਫੌਜ ਦੇ ਨਾਲ ਬੜੀ ਹਿੰਮਤ ਦੇ ਜਵਾਂਮਰਦੀ ਨਾਲ ਕੰਮ ਕੀਤਾ। ਕਪਤਾਨ ਲਹੇ ਸਾਹਿਬ ਨੇ ਜੀਂਦ ਦੇ ਇੱਕ ਫੌਜੀ ਦਸਤੇ ਦੀ ਜੋ ਪਟਿਆਲੇ ਦੀ ਫੌਜ ਦੇ ਨਾਲ ਘੁੰਗਰਾਨੇ ਦੀ ਲੜਾਈ ਵਿੱਚ ਸੀ, ਬੜੀ ਤਾਰੀਫ਼ ਲਿਖੀ ਹੈ। ਇਸ ਤੋਂ ਕੁਝ ਚਿਰ ਮਗਰੋਂ ਇੱਕ ਦਸਤਾ ਕਸ਼ਮੀਰ ਦੀ ਲੜਾਈ ਵਿੱਚ ਸ਼ਰੀਕ ਹੋਇਆ।

## ੨੬. ਗਵਰਨਮੈਂਟ ਦਾ ਪ੍ਰਸੰਨ ਹੋ ਕੇ ਰਾਜਾ ਸਰੂਪ ਸਿੰਘ ਨੂੰ ਜਾਗੀਰ ਦੇਣਾ

ਜੰਗ ਮੁੱਕਣ ਮਗਰੋਂ ਗਵਰਨਮੈਂਟ ਨੇ ਪ੍ਰਸੰਨ ਹੋ ਕੇ ਰਾਜਾ ਸਰੂਪ ਸਿੰਘ ਵਾਲਾ ੧੦ ਹਜ਼ਾਰ ਜੁਰਮਾਨਾ ਮਾਫ਼ ਕਰ ਦਿੱਤਾ ਤੇ ੩੦੦੦ ਰੁਪਏ ਸਾਲ ਦੀ ਇੱਕ ਜਾਗੀਰ ਤੇ ਸਨਦ ਦਿੱਤੀ ਤੇ ਫੌਜ ਨੂੰ ਇੱਕ

ਇੱਕ ਮਹੀਨੇ ਦੀ ਤਨਖਾਹ ਇਨਾਮ ਦਿੱਤੀ ਤੇ ਇਕਰਾਰ ਕੀਤਾ ਕਿ ਰਿਆਸਤ ਜੀਂਦ ਤੋਂ ਕਦੇ ਕੋਈ ਖਰਾਜ ਜਾਂ ਫੌਜੀ ਖਿਦਮਤ ਦਾ ਬਦਲਾ ਨਹੀਂ ਲਿਆ ਜਾਇਆ ਕਰੇਗਾ ਤੇ ਤਜਾਰਤ ਦੇ ਮਾਲ ਤੇ ਮਾਸੂਲ ਦੇ ਮਾਫ਼ ਕਰਨ ਤੇ ਇੱਕ ਹਜ਼ਾਰ ਰੁਪਏ ਦੀ ਜਾਗੀਰ ਲਾਹੌਰ ਦਰਬਾਰ ਦੀ ਫਤਹ ਵਿੱਚੋਂ ਦਿੱਤੀ। ਇਸੇ ਤਰ੍ਹਾਂ ਰਾਜਾ ਨੇ ਵੀ ਇਕਰਾਰ ਕੀਤਾ ਕਿ ਮੈਂ ਲੋੜ ਵੇਲੇ ਸਰਕਾਰ ਨੂੰ ਆਪਣੀ ਫੌਜ ਨਾਲ ਮਦਦ ਦੇਵਾਂਗਾ ਤੇ ਆਪਣੇ ਇਲਾਕੇ ਵਿੱਚ ਲੜਕੀਆਂ ਮਾਰਨਾ, ਗ਼ੁਲਾਮੀ ਤੇ ਸਤੀ ਆਦਿਕ ਰਸਮਾਂ ਦਾ ਉੱਕਾ ਨਾਮ ਨਿਸ਼ਾਨ ਮਿਟਾ ਦੇਵਾਂਗਾ।

ਰਾਜਾ ਜੀਂਦ ਨੂੰ ਵੀ ਫੂਲ ਦੀਆਂ ਹੋਰ ਰਿਆਸਤਾਂ ਵਾਂਗ ਇੱਕ ਸਨਦ ਮਿਲੀ ਅਤੇ ਓਸ ਵਿੱਚ ਓਸ ਦੀ ਮੌਰੂਸੀ ਰਿਆਸਤ ਦਾ ਹੱਕ ਕਾਇਮ ਰੱਖਿਆ ਗਿਆ।

ਰਾਜਾ ਜੀਂਦ ਨੂੰ ਜੋ ਸਨਦ ੨੨ ਸਤੰਬਰ ੧੮੪੭ ਨੂੰ ਮਿਲੀ, ਓਹਦਾ ਸਾਰ (ਭਾਵ) ਇੰਜ ਹੈ:

ਗਵਰਨਰ ਜਨਰਲ ਬਹਾਦਰ ਰਾਜਾ ਸਾਹਿਬ ਜੀਂਦ ਨੂੰ ਲਾਹੌਰ ਦੀ ਪਿਛਲੀ ਲੜਾਈ ਦੇ ਸਮੇਂ ਦੀ ਖ਼ੈਰਖਾਹੀ ਦੇ ਬਦਲੇ ਦੇ ਜੋ ਮਦਦ ਓਹਨੇ ਕੀਤੀ ਹੈ, ਓਹਦੇ ਕਾਰਨ ਕੁਝ ਜ਼ਮੀਨਾਂ ਦੇਣ ਦੀ ਇੱਛਾ ਕੀਤੀ ਹੈ। ਰਾਜਾ ਜੀਂਦ ਨੇ ਏਹਦੇ ਨਾਲ ਇਹ ਦਰਖ਼ਾਸਤ ਵੀ ਕੀਤੀ ਹੈ ਕਿ ਓਹਦੇ ਜੱਦੀ ਇਲਾਕੇ ਵਿੱਚ ਹੱਕ ਨੂੰ ਕਾਇਮ ਰੱਖਿਆ ਜਾਵੇ। ਸੋ ਇਸ ਗੱਲ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰ ਲਿਆ ਗਿਆ, ਤਾਂ ਜੋ ਪੂਰਨ ਤਸੱਲੀ ਨਾਲ ਰਾਜਾ ਤੇ ਓਹਦੇ ਵਾਰਸ ਆਪਣੇ ਹੱਕਾਂ ਨੂੰ ਵਰਤ ਸਕਣ।

ਰਾਜਾ ਦੇ ਕਦੀਮੀ ਤੇ ਮੌਰੂਸੀ ਇਲਾਕੇ ਜੋ ਸੂਚੀ ਵਿੱਚ ਦਿੱਤੇ ਹਨ, ਓਹਨਾਂ ਦੇ ਵਿੱਚ ਹੁਕਮਰਾਨੀ ਦੇ ਅਖਤਿਆਰ ਫੌਜਦਾਰੀ ਤੇ ਮਾਮਲੇ ਵਸੂਲ ਕਰਨ ਦੇ ਹੱਕ ਇਨ੍ਹਾਂ ਨੂੰ ਰਹਿਣਗੇ। ਰਾਜਾ ਸਾਹਿਬ ਅਮਨ ਤੇ ਇਨਸਾਫ਼ ਦੇ ਹਾਮੀ ਰਹਿਣਗੇ। ਇਨ੍ਹਾਂ ਦੀ ਪਰਜਾ ਨੂੰ ਆਪਣੇ ਸੱਚਾ ਹਾਕਮ ਸਮਝ ਕੇ ਇਹਨਾਂ ਤੇ ਇਨ੍ਹਾਂ ਦੇ ਜਾਨਸ਼ੀਨਾਂ ਦੇ ਹੁਕਮ ਮੰਨਣੇ ਹੋਣਗੇ। ਮਾਮਲੇ ਅਦਾ ਕਰਨੇ ਹੋਣਗੇ ਤੇ ਪਰਜਾ ਵਾਹੀ ਵਿੱਚ ਤਰੱਕੀ ਕਰੇਗੀ ਤੇ ਖ਼ੈਰਖਾਹੀ ਨੂੰ ਸਾਬਤ ਕਰੇਗੀ। ਰਾਜਾ ਸਾਹਿਬ ਨੇ ਆਪਣੀ ਰਿਆਸਤ ਵਿੱਚ ਆਉਣ ਜਾਣ ਵਾਲੇ ਤਜਾਰਤ ਦੇ ਮਾਲ ਤੋਂ ਜ਼ਕਾਤ ਤੇ ਮਸੂਲ ਮਾਫ਼ ਕਰ ਦਿੱਤਾ ਹੈ। ਗਵਰਨਮੈਂਟ ਰਾਜਾ ਸਾਹਿਬ ਦੀ ਏਨ੍ਹਾਂ ਦੇ ਵਾਰਸਾਂ ਤੋਂ ਕਦੇ ਖਰਾਜ ਜਾਂ ਫੌਜੀ ਸੇਵਾ ਦੇ ਬਦਲੇ ਕੋਈ ਰਕਮ ਨਹੀਂ ਮੰਗੇਗੀ। ਰਾਜਾ ਸਾਹਿਬ ਸਦਾ ਹੀ ਗਵਰਨਮੈਂਟ ਦੇ ਖ਼ੈਰਖਾਹ ਦਿਲ ਜਾਨ ਤੋਂ ਰਹਿਣਗੇ। ਅੰਗਰੇਜ਼ੀ ਹਾਕਮ ਰਾਜਾ ਸਾਹਿਬ ਦੀ ਪਰਜਾ ਦੀਆਂ ਸ਼ਕਾਇਤਾਂ ਨਹੀਂ ਸੁਣਨਗੇ ਤੇ ਨਾ ਰਾਜਾ ਸਾਹਿਬ ਦੇ ਵਿੱਚ ਹੱਥ ਪਾਣਗੇ। ਜੇ ਕਦੇ ਕੋਈ ਦੁਸ਼ਮਣ ਬਿਆਸ ਜਾਂ ਸਤਲੁਜ ਦੇ ਪਾਰੋਂ ਇਸ ਇਲਾਕੇ ਤੇ ਕਬਜ਼ਾ ਕਰਨ ਵਾਸਤੇ ਆਵੇ, ਤਦ ਰਾਜਾ ਸਾਹਿਬ ਆਪ ਫੌਜ ਸਮੇਤ ਅੰਗਰੇਜ਼ਾਂ ਦੀ ਦਿਲ ਤੋਂ ਮਦਦ ਕਰ ਕੇ ਇਸ ਨੂੰ ਹਟਾਣੇ ਦੀ ਕੋਸ਼ਸ਼ ਕਰਨਗੇ। ਰਾਜਾ ਸਾਹਿਬ ਇਸ ਗੱਲ ਨੂੰ ਪ੍ਰਵਾਨ ਕਰਦੇ ਹਨ ਕਿ ਅੰਗਰੇਜ਼ੀ ਫੌਜਾਂ ਦੇ ਫਿਰੋਜ਼ਪੁਰ ਤੇ ਅੰਬਾਲੇ ਜਾਣ ਆਉਣ ਦੇ ਵਾਸਤੇ ਸੜਕਾਂ ਆਪਣੇ ਨੌਕਰਾਂ ਤੋਂ ਆਪਣੇ ਖ਼ਰਚ ਤੇ ਬਣਵਾ ਦੇਣਗੇ ਤੇ ਇਨ੍ਹਾਂ ਸੜਕਾਂ ਦੀ ਚੌੜਾਈ ਲੰਬਾਈ ਦਾ ਪ੍ਰਬੰਧ ਓਹ ਅੰਗਰੇਜ਼ੀ ਅਫਸਰ ਕਰੇਗਾ, ਜਿਸ ਦੇ ਇਹ ਕੰਮ ਸਪੁਰਦ ਹੋਵੇਗਾ। ਰਾਜਾ ਸਾਹਿਬ ਨੂੰ ਜਿੱਕੁਣ ਦੱਸਿਆ ਜਾਵੇਗਾ ਓਹ ਰਾਹ ਦੇ ਠਿਕਾਣਿਆਂ ਤੇ ਫੌਜ ਦੇ ਉੱਤਰਨ ਲਈ ਜ਼ਮੀਨ ਨੀਯਤ ਕਰ ਦੇਣਗੇ ਤਾਂ ਜੋ ਪਿੱਛੋਂ ਖੇਤੀ ਦੇ ਨੁਕਸਾਨ ਬਾਬਤ ਕੋਈ ਦਾਵਾ ਨਾ ਕੀਤਾ ਜਾਏ।

ਇਸ ਤੋਂ ਪਿੱਛੋਂ ਸਿੱਖਾਂ ਦੀ ਦੂਜੀ ਲੜਾਈ ਦੇ ਵੇਲੇ ਰਾਜਾ ਸਰੂਪ ਸਿੰਘ ਨੇ ਦਰਖ਼ਾਸਤ ਦਿੱਤੀ ਕਿ ਇਸ ਨੂੰ ਫੌਜ ਦੇ ਨਾਲ ਆਪ ਲਾਹੌਰ ਜਾਣ ਦੀ ਆਗਿਆ ਦਿੱਤੀ ਜਾਵੇ, ਤਾਂ ਜੋ ਅੰਗਰੇਜ਼ੀ ਫੌਜ ਦੇ ਨਾਲ ਸ਼ਾਮਲ ਹੋ ਕੇ ਆਪਣੀ ਖ਼ੈਰਖਾਹੀ ਤੇ ਵਫ਼ਾਦਾਰੀ ਦੇ ਹੱਥ ਸਰਕਾਰ ਨੂੰ ਵਖਾਵੇ, ਕਿੰਤੂ ਗਵਰਨਮੈਂਟ ਨੇ ਇਸ ਵੇਲੇ ਇਨ੍ਹਾਂ ਦੀ ਸੇਵਾ ਜ਼ਰੂਰੀ ਨਾ ਸਮਝੀ ਤੇ ਇਨ੍ਹਾਂ ਦੀ ਇਸ ਵਫ਼ਾਦਾਰੀ ਦਾ ਦਿਲੋਂ ਧੰਨਵਾਦ ਕੀਤਾ।

ਪੰਜਾਬ ਦੇ ਅੰਗਰੇਜ਼ੀ ਰਾਜ ਵਿੱਚ ਮਿਲ ਜਾਣ ਦੇ ਮਗਰੋਂ ਸਰਕਾਰ ਨੇ ਰਿਆਸਤ ਜੀਂਦ ਦੇ ਹਾਕਮ ਨੂੰ ਵੀ ਫਾਂਸੀ ਦੀ ਸਜ਼ਾ ਤੇ ਬਿਨਾਂ ਸਾਰੇ ਸੁਤੰਤ੍ਰਤਾ ਦੇ ਅਖਤਿਆਰ ਦੇ ਦਿੱਤੇ ਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜਾ ਸਰੂਪ ਸਿੰਘ ਨੇ ਆਪਣੇ ਆਪ ਨੂੰ ਹਰ ਤਰ੍ਹਾਂ ਲਾਇਕ ਤੇ ਯੋਗ ਸਾਬਤ ਕੀਤਾ।

ਰਾਜਾ ਸਰੂਪ ਸਿੰਘ ਨੇ ਆਪਣੀ ਰਿਆਸਤ ਦਾ ਪ੍ਰਬੰਧ ਨਿਰਾ ਅੰਗਰੇਜ਼ੀ ਢੰਗ ਤੇ ਸ਼ੁਰੂ ਕੀਤਾ। ਇਸ ਵਿੱਚ ਸ਼ੱਕ ਨਹੀਂ ਕਿ ਇਹਨਾਂ ਨੂੰ ਅਜਿਹਾ ਕਰਨ ਵਿੱਚ ਪਹਿਲਾਂ ਕੁਝ ਮੁਸ਼ਕਲਾਂ ਵੀ ਪੇਸ਼ ਆਈਆਂ, ਜਿਹਾ ਕਿ ੧੮੫੩ ਵਿੱਚ ਜਦ ਇਨ੍ਹਾਂ ਦਾ ਇੱਕ ਤਹਿਸੀਲਦਾਰ ਰੋਹਤਕ ਦੇ ਇੱਕ ਵਾਕੇ ਦੇ ਲਾਗੇ ਪਿੰਡ ਲਜਵਾਣੇ ਦੀ ਫਸਲ ਦੀ ਪੈਮਾਇਸ਼ ਕਰਨ ਗਿਆ ਤਦ ਉੱਥੋਂ ਦੇ ਰਾਹਕਾਂ ਨੇ ਇਸ ਨੂੰ ਕਤਲ ਕਰ ਦਿੱਤਾ ਤੇ ਭੂਰਾ ਤੇ ਨਗਾਹੀਆ ਨਾਮ ਦੇ ਦੋ ਜ਼ਿਮੀਂਦਾਰਾਂ ਨੇ ਬਗਾਵਤ ਕਰ ਦਿੱਤੀ। ਰਾਜਾ ਸਰੂਪ ਸਿੰਘ ਝਟ ਆਪਣੀ ਫੌਜ ਲੈ ਕੇ ਇਨ੍ਹਾਂ ਨੂੰ ਦਬਾਣ ਵਾਸਤੇ ਚਲਾ ਗਿਆ। ਇੱਥੋਂ ਦੇ ਬਾਂਗਰ ਲੋਕਾਂ ਨੇ ਬੜੀ ਜਵਾਂਮਰਦੀ ਨਾਲ ਮੁਕਾਬਲਾ ਕੀਤਾ। ੪ ਮਹੀਨੇ ਲੜਾਈ ਹੋਂਦੀ ਰਹੀ, ਜਿਸ ਵਿੱਚ ਦੋਹਾਂ ਧਿਰਾਂ ਦਾ ਕਾਫੀ ਨੁਕਸਾਨ ਹੋਇਆ। ਅੰਤ ਨੂੰ ਪਟਿਆਲੇ ਤੋਂ ਦੋ ਪਲਟਣਾਂ ਤੇ ਚਾਰ ਤੋਪਾਂ ਰਾਜਾ ਸਰੂਪ ਸਿੰਘ ਦੀ ਮਦਦ ਨੂੰ ਪੁੱਜ ਗਈਆਂ। ਇੱਕ ਭਿਆਨਕ ਲੜਾਈ ਦੇ ਮਗਰੋਂ ਜਿਸ ਵਿੱਚ ਕਮੇਦਾਨ ਗੁਲਾਬ ਸਿੰਘ ਫਟੜ ਹੋਇਆ, ੧੨ ਆਦਮੀ ਮਾਰੇ ਗਏ। ਵਿਦਰੋਹ ਦਬ ਗਿਆ। ਨਗਾਹੀ ਅਤੇ ਭੂਰੇ ਆਕੀਆਂ ਨੂੰ ਸਖ਼ਤ ਦੰਡ ਦਿੱਤਾ ਗਿਆ। ਇਸ ਲੜਾਈ ਦੇ ਗੀਤ ਅੱਜ ਤੱਕ ਇਸ ਇਲਾਕੇ ਦੇ ਗਾਉਂਦੇ ਹਨ, ਜਿਨ੍ਹਾਂ ਤੋਂ ਇੱਥੋਂ ਜੱਟਾਂ ਦੀ ਬਹਾਦਰੀ ਦੇ ਹਾਲਾਤ ਮਲੂਮ ਹੋਂਦੇ ਹਨ।

## ੨੨. ਦਿੱਲੀ ਦੇ ਗਦਰ ਵਿੱਚ ਸਹਾਇਤਾ

੧੮੫੭ ਈ. ਦੇ ਗਦਰ ਦੇ ਸਮੇਂ ਰਾਜਾ ਸਰੂਪ ਸਿੰਘ ਨੇ ਅੰਗਰੇਜ਼ਾਂ ਨੂੰ ਬੜੀ ਮਦਦ ਦਿੱਤੀ। ਉਸ ਵੇਲੇ ਦੀ ਇਸ ਦੀ ਸੇਵਾ ਮਹਾਰਾਜਾ ਪਟਿਆਲਾ ਤੇ ਨਾਭਾ ਦੀ ਸੇਵਾ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਸੀ। ਦਿੱਲੀ ਦੀ ਲੜਾਈ ਵਿੱਚ ਰਾਜਾ ਸਾਹਿਬ ਆਪ ਲੜਾਈ ਵਿੱਚ ਸ਼ਾਮਲ ਹੋਏ।

ਜਿਸ ਵੇਲੇ ਇਨ੍ਹਾਂ ਨੇ ਬਗਾਵਤ ਦੀ ਖ਼ਬਰ ਸੁਣੀ ਉਸੇ ਵੇਲੇ ਆਪਣੀ ਫੌਜ ਲੈ ਕੇ ਕੂਚ ਕਰ ਦਿੱਤਾ ਤੇ ਕਰਨਾਲ ਅਪੜ ਕੇ ਇਸ ਇਲਾਕੇ ਨੂੰ ਆਪਣੇ ਜ਼ੁਮੇ ਲਈ ਰੱਖਿਆ। ਭਾਵੇਂ ਉਸ ਵੇਲੇ ਇਨ੍ਹਾਂ ਦੇ ਪਾਸ ੮੦੦ ਜਵਾਨ ਸੀ, ਕਿੰਤੂ ਇਨ੍ਹਾਂ ਦੇ ਕਵਾਇਦਦਾਨ ਹੋਣ ਦੇ ਕਾਰਨ ਇਸ ਨੇ ਬੜਾ ਕੰਮ ਕੀਤਾ ਤੇ ਕਰਨਾਲ ਨੂੰ ਲੁੱਟਣ ਤੋਂ ਬਚਾਈ ਰੱਖਿਆ। ਇੱਕ ਫੌਜ ਦਾ ਦਸਤਾ ਇਸ ਨੇ ਬਾਗ਼ਪਤ ਦੇ ਪੁਲ ਦੀ ਰੱਖਿਆ ਲਈ ਭੇਜ ਦਿੱਤਾ, ਜਿਸ ਦੇ ਜਾਣ ਦਾ ਇੱਕ ਵੱਡਾ ਲਾਭ ਹੋਇਆ ਕਿ ਮੇਰਠ ਦੀ ਫੌਜ ਅਸਾਨੀ ਨਾਲ ਬਰਨਾਰਡ ਸਾਹਿਬ ਦੀ ਫੌਜ ਨੂੰ ਜਾ ਮਿਲੀ ਤੇ ਪਾਨੀਪਤ ਜੋ ਬਗਾਵਤ ਵਾਸਤੇ ਤਿਆਰ ਹੋ ਰਿਹਾ ਸੀ, ਅਮਨ ਕਾਇਮ ਹੋ ਗਿਆ। ਜੀਂਦ ਦੀ ਫੌਜ ਨੇ ਉਸ ਵੇਲੇ ਅੱਗੇ ਜਾ ਕੇ ਬੜਾ ਕੰਮ ਕੀਤਾ। ਅਰਥਾਤ ਸੰਮਹਾਲਕਾ ਤੇ ਢਾਈਕੋ ਨੂੰ ਅੰਗਰੇਜ਼ਾਂ ਦੇ ਪੁੱਜਣ ਤੋਂ ਪਹਿਲਾਂ ਹੀ ਖੋਹ ਕੇ ਤੇ ਸੜਕ ਤੇ ਆਪਣਾ ਕਬਜ਼ਾ ਕਰ ਲਿਆ ਤੇ ਫੌਜ ਦੇ ਵਾਸਤੇ ਰਸਦ ਜਮ੍ਹਾਂ ਕੀਤੀ। ਰਾਜਾ ਸਰੂਪ ਸਿੰਘ ਅੰਗਰੇਜ਼ੀ ਫੌਜ ਨੂੰ ੩ ਜੂਨ ਵਾਲੇ ਦਿਨ ਅਲੀਪੁਰ ਜਾ ਮਿਲਿਆ। ਦੂਜੇ ਦਿਨ ਸਰਾਏ ਬਾਵਲੀ ਦੀ ਲੜਾਈ ਵਿੱਚ ਰਾਜਾ ਸਾਹਿਬ ਦੀ ਫੌਜ ਨੇ ਉਹ ਕੰਮ ਦਿੱਤਾ, ਜੋ ਬੜਾ ਹੀ ਬਹੁਮੁੱਲਾ ਸੀ; ਜਿਸ ਤੋਂ ਕਮਾਂਡਰ ਇਨ-ਚੀਫ ਨੇ ਮੈਦਾਨ ਜੰਗ ਵਿੱਚ ਜੀਂਦ ਦੀ ਫੌਜ ਦੀ ਪ੍ਰਸੰਸਾ ਕੀਤੀ। ਇਸ ਵੇਲੇ ਜੋ ਤੋਪਾਂ ਹੱਥ ਆਈਆਂ ਉਹਨਾਂ ਵਿੱਚ ਇੱਕ ਤੋਪ ਜੀਂਦ ਰਿਆਸਤ ਨੂੰ ਵੀ ਦਿੱਤੀ ਗਈ।

੧੯ ਜੂਨ ਨੂੰ ਜੀਂਦ ਦੇ ਰਾਜਾ ਸਰੂਪ ਸਿੰਘ ਨੇ ਨਸੀਰਾਬਾਦ ਦੇ ਬਾਗ਼ੀਆਂ ਨੂੰ ਜਿਨ੍ਹਾਂ ਅੰਗਰੇਜ਼ੀ ਫੌਜ ਤੇ ਹਮਲਾ ਕੀਤਾ ਸੀ, ਪਿੱਛੇ ਹਟਾਇਆ। ਫਿਰ ਰਾਜਾ ਸਰੂਪ ਸਿੰਘ ਨੂੰ ਆਪਣੇ ਇਲਾਕੇ ਵਿੱਚ ਹਾਂਸੀ ਹਿਸਾਰ ਦੇ ਇਲਾਕੇ ਦੇ ਵਸਨੀਕਾਂ ਵੱਲੋਂ ਹੋਣ ਵਾਲੇ ਫਸਾਦ ਦੇ ਦਬਾਣ ਲਈ ਕੁਝ ਚਿਰ ਵਾਸਤੇ ਆਉਣਾ ਪਿਆ। ਰਾਜਾ ਸਾਹਿਬ ਦੇ ਇਧਰ ਆਉਂਦਿਆਂ ਹੀ ਫਸਾਦ ਦਬ ਗਿਆ ਤੇ

ਰਾਜਾ ਸਾਹਿਬ ਨੇ ਇੱਕ ਨਵੀਂ ਫੌਜ ਭਰਤੀ ਕਰ ਕੇ ੯ ਸਤੰਬਰ ਨੂੰ ਦਿੱਲੀ ਦੇ ਹੱਲੇ ਵੇਲੇ ਅੰਗਰੇਜ਼ੀ ਫੌਜ ਨਾਲ ਜਾ ਮਿਲਿਆ।

ਦਿੱਲੀ ਦੇ ਹਮਲੇ ਵੇਲੇ ਜੀਂਦ ਦੀ ਫੌਜ ਨੇ ਬੜੀ ਜਵਾਂਮਰਦੀ ਦੇ ਹੱਥ ਦੱਸੇ। ਸ਼ਹਿਰ ਪਨਾਹ ਤੇ ਇਹ ਫੌਜ ਜੋ ਸਰਦਾਰ ਕਾਹਨ ਸਿੰਘ ਕੁਮੇਦਾਨ ਦੀ ਕਮਾਨ ਵਿੱਚ ਸੀ, ਅੰਗਰੇਜ਼ੀ ਫੌਜ ਦੇ ਨਾਲ ਹੀ ਚੜ੍ਹ ਗਈ, ਜਿਸ ਵਿੱਚ ਇਨ੍ਹਾਂ ਦਾ ਬਹੁਤ ਨੁਕਸਾਨ ਹੋਇਆ।

ਦਿੱਲੀ ਦੀ ਲੜਾਈ ਵਿੱਚ ਕੇਵਲ ਰਾਜਾ ਸਰੂਪ ਸਿੰਘ ਨੂੰ ਹੀ ਸ਼ਾਮਲ ਹੋਣ ਦਾ ਮੌਕਾ ਮਿਲਿਆ। ਭਾਵੇਂ ਮਹਾਰਾਜਾ ਪਟਿਆਲਾ ਤੇ ਕਪੂਰਥਲਾ ਆਦਿਕ ਨੇ ਇਸ ਲੜਾਈ ਵਿੱਚ ਸ਼ਾਮਲ ਹੋਣ ਦੀਆਂ ਦਰਖ਼ਾਸਤਾਂ ਦਿੱਤੀਆਂ, ਕਿੰਤੂ ਇਨ੍ਹਾਂ ਨੂੰ ਇਸ ਸਮੇਂ ਹੋਰ ਜਗ੍ਹਾ ਤੇ ਰੱਖਣਾ ਹੀ ਲਾਭਦਾਇਕ ਸਮਝਿਆ ਗਿਆ।

ਗ਼ਦਰ ਦੇ ਦਿਨਾਂ ਵਿੱਚ ਜਦ ਕਿ ਵਿਦਰੋਹ ਦੀ ਅੱਗ ਚਾਰੇ ਪਾਸੇ ਬਲ ਰਹੀ ਸੀ। ਰੋਹਤਕ ਦਾ ਇਲਾਕਾ ਰਾਜਾ ਸਰੂਪ ਸਿੰਘ ਦੇ ਹਵਾਲੇ ਕੀਤਾ ਗਿਆ, ਜਿੱਥੇ ਰਾਜਾ ਸਾਹਿਬ ਨੇ ਸ੍ਰ: ਗੁਲਾਬ ਸਿੰਘ ਜਗਾਵਾਲਾ ਤੇ ਸਰਦਾਰ ਸਮੁੰਦ ਸਿੰਘ ਬਸਯਾ ਵਾਲੇ ਨੂੰ ਨੀਯਤ ਕਰ ਕੇ ਹਰ ਤਰ੍ਹਾਂ ਨਾਲ ਅਮਨ ਕਾਇਮ ਰੱਖਿਆ ਤੇ ਇਨ੍ਹਾਂ ਨੇ ਹੀ ਮਾਮਲਾ ਵਸੂਲ ਕੀਤਾ।

## ੨੮. ਵਿਦਰੋਹ ਮਿਟਾਣ ਲਈ ਜੀਂਦ ਦੀ ਫੌਜ ਦਾ ਕਈ ਜਗ੍ਹਾ ਤੇ ਨੀਯਤ ਹੋਣਾ

ਗ਼ਦਰ ਦੇ ਦਿਨਾਂ ਵਿੱਚ ਰਾਜਾ ਸਰੂਪ ਸਿੰਘ ਨੇ ਜੋ ਸਹਾਇਤਾ ਸਰਕਾਰ ਦੀ ਕੀਤੀ, ਓਹ ਆਪਣੇ ਆਪ ਵਿੱਚ ਵਡਮੁਲੀ ਸੀ। ਜੀਂਦ ਦੀ ਫੌਜ ਨੇ ਦਿੱਲੀ ਤੇ ਰੋਹਤਕ ਦੇ ਫਸਾਦ ਵੇਲੇ ਹੀ ਕੇਵਲ ਮਦਦ ਨਹੀਂ ਕੀਤੀ, ਸਗੋਂ ਦਿੱਲੀ ਦੀ ਫਤਹ ਦੇ ਮਗਰੋਂ ਵੀ ਜਦ ਰਾਜਾ ਸਾਹਿਬ ਸਫੇਦੂ ਨੂੰ ਚਲੇ ਗਏ ਤਦ ਇਨ੍ਹਾਂ ਕੁਝ ਆਦਮੀ ਸਰਸੋਲੀ ਦੀ ਤਹਿਸੀਲ ਵਿੱਚ ਛਡੇ। ੨੫ ਆਦਮੀ ਖ਼ਾਸ ਦਿੱਲੀ ਰਖੇ। ੧੧੦ ਆਦਮੀ ਕਰਨਲ ਰਿਚਰਡ ਲਾਰੰਸ ਦੇ ਨਾਲ ਸਰਦਾਰ ਕਾਹਨ ਸਿੰਘ ਦੀ ਕਮਾਨ ਵਿੱਚ ਭੇਜੇ। ੨੦੦੦ ਜਵਾਨ ਵਾਨਕੋਰਟਲੈਂਡ ਦੇ ਨਾਲ ਹਾਂਸੀ ਵੱਲ ਭੇਜੇ ਤੇ ੫੦ ਆਦਮੀ ਗੋਹਾਨੇ ਦੇ ਇਲਾਕੇ ਵਿੱਚ ਅਮਨ ਕਾਇਮ ਰੱਖਣ ਲਈ ਨੀਯਤ ਕੀਤੇ।

## ੨੯. ਜੰਗ ਦੇ ਸਮੇਂ ਮਦਦ ਦੇਣ ਦੇ ਬਦਲੇ ਵਿੱਚ ਰਾਜਾ ਸਾਹਿਬ ਜੀਂਦ ਦੀ ਮਾਨ ਪ੍ਰਤਿਸ਼ਟਾ

ਜਨਰਲ ਵਿਲਸਨ ਸਾਹਿਬ ਨੇ ਦਿੱਲੀ ਦੀ ਫਤਹ ਦੀ ਬਾਬਤ ਜ਼ਿਕਰ ਕਰਦੇ ਹੋਏ ਰਾਜਾ ਸਰੂਪ ਸਿੰਘ ਦੀ ਸਹਾਇਤਾ ਦਾ ਜ਼ਿਕਰ ਆਪਣੀ ੨੨ ਸਤੰਬਰ ਦੀ ਚਿੱਠੀ ਵਿੱਚ ਬੜੀ ਤਾਰੀਫ਼ ਨਾਲ ਕੀਤਾ। ਇਸੇ ਨਾਲ ਟਾਮਸਨ ਸਾਹਿਬ ਸੀ. ਬੀ. ਕਮਸਰੀ ਜਨਰਲ ਨੇ ਵੀ ਰਸਤ ਦੀ ਭਾਰ ਬਰਦਾਰੀ ਦੇ ਸਮੇਂ ਤੇ ਪੁੱਜਣ ਬਾਬਤ ਬੜਾ ਧੰਨਵਾਦ ਕੀਤਾ ਤੇ ਲਿਖਿਆ ਕਿ 'ਜੇ ਕਦੀ ਰਾਜਾ ਸਾਹਿਬ ਵੱਲੋਂ ਰਸਦ ਨਾ ਪੁੱਜਦੀ ਤਦ ਪਹਿਲੀ ਰਸਦ ਫੌਜ ਲਈ ਪੂਰੀ ਨਹੀਂ ਸੀ।'

੫ ਨਵੰਬਰ ੧੮੫੭ ਦੇ ਏਲਾਨ ਵਿੱਚ ਵੈਸਰਾਏ ਨੇ ਰਿਆਸਤ ਜੀਂਦ ਦਾ ਜ਼ਿਕਰ ਕਰਦੇ ਹੋਏ ਲਿਖਿਆ ਕਿ 'ਮਹਾਰਾਜਾ ਜੀਂਦ ਦੀ ਇੱਕ ਤੋਂ ਵਧੀਕ ਵਾਰ ਦੀ ਸਹਾਇਤਾ ਗਵਰਨਮੈਂਟ ਦੇ ਦਿਲੀ ਧੰਨਵਾਦ ਦੀ ਹੱਕਦਾਰ ਹੈ।' ਇਸ ਤੋਂ ਛੁਟ 'ਫਰਜ਼ੰਦ ਦਿਲ ਬੰਦਰਾਸਉਲ ਏਤਕਾਦ ਰਾਜਾ ਸਰੂਪ ਸਿੰਘ ਬਹਾਦਰ ਵਾਲੀਏ ਜੀਂਦ' ਦਾ ਖਤਾਬ ਇੱਜ਼ਤ ਵਜੋਂ ਦਿੱਤਾ ਗਿਆ। ੧੧ ਤੋਪਾਂ ਦੀ ਸਲਾਮੀ ਹੋ ਗਈ। ਦਰਬਾਰੀ ਖਿਲਅਤ ਵਿੱਚ ੧੧ ਕਪੜਿਆਂ ਤੋਂ ੧੫ ਦੀ ਮਨਜ਼ੂਰੀ ਹੋ ਗਈ।

## ੩੦. ਜੰਗੀ ਸੇਵਾ ਦੇ ਬਦਲੇ ਮਿਲੇ ਇਲਾਕੇ ਦੀ ਸੂਚੀ

ਇਸ ਤੋਂ ਛੁਟ ਰਾਜਾ ਸਰੂਪ ਸਿੰਘ ਨੂੰ ਗਦਰ ਦੀ ਸੇਵਾ ਦੇ ਬਦਲੇ ਜੋ ਇਲਾਕੇ ਮਿਲੇ ਸਨ, ਓਹਨਾਂ ਦਾ ਵੇਰਵਾ ਇੰਜ ਹੈ:

ਇਕ ਤਾਂ ਓਹ ਸਾਰਾ ਇਲਾਕਾ ਦਾਦਰੀ ਜੋ ਓਥੋਂ ਦੇ ਨਵਾਬ ਦੀ ਬਗਾਵਤ ਤੋਂ ਜ਼ਬਤ ਹੋਇਆ ਸੀ, ਰਾਜਾ ਸਾਹਿਬ ਜੀਂਦ ਨੂੰ ਦਿੱਤਾ ਗਿਆ। ਇਸ ਇਲਾਕੇ ਦੀ ਆਮਦਨੀ ਭਾਵੇਂ ਓਸ ਵੇਲੇ ੧ ਲੱਖ ਤਿੰਨ ਹਜ਼ਾਰ ਸੀ, ਪਰ ਹੁਣ ਵਧ ਗਈ ਹੈ।

ਦੂਜਾ ਕਲਾੜਾਂ ਦੇ ੧੩ ਪਿੰਡ ਮਿਲੇ ਜਿਨ੍ਹਾਂ ਦੀ ਆਮਦਨੀ ਓਸ ਵੇਲੇ ੧੩੮੧੩ ਰੁਪਏ ਸੀ, ਪਿੰਡ ਇਹ ਹਨ: ਭਧਾਪੁਰ, ਆਲਮਪੁਰ, ਬਲਮਗੜ੍ਹ, ਕਲਾੜਾ, ਰੋਦਵੜਾ, ਰੋਟਲੀ, ਰੋਗਲੋਈ, ਧਰਮਗੜ੍ਹ, ਬਜ਼ੁਰਗਾ, ਧੀਮੋਗ, ਸੋਈ ਕਕਰਾਲਾ, ਸ਼ਾਹਪੁਰ।

ਤੀਜਾ ਖ਼ਾਸ ਸ਼ਹਿਰ ਦਿੱਲੀ ਵਿੱਚ ੬ ਹਜ਼ਾਰ ਮੁੱਲ ਦਾ ਮਕਾਨ ਮੁਲਮ ਜੋ ਸ਼ਾਹਜ਼ਾਦਾ ਅਬੂਬਕਰ ਦਾ ਜ਼ਬਤ ਹੋਇਆ ਸੀ, ਫੇਰ ਰਾਜਾ ਸਾਹਿਬ ਨੇ ਦਰਖ਼ਾਸਤ ਦਿੱਤੀ। ਬਡਰੁਖਾਂ ਤੇ ਭੀਮ ਬਦੀ ਜੋ ਸੰਗਰੂਰ ਦੇ ਬਹੁਤ ਨੇੜੇ ਹਨ, ਕਿੰਤੂ ਥਾਨੇਸਰ ਤੋਂ ੨੯ ਮੀਲ ਦੂਰ ਹੋਣ ਤੇ ਵੀ ਓਹਦੇ ਨਾਲ ਸ਼ਾਮਲ ਹਨ, ਓਥੋਂ ਦੇ ਸਰਦਾਰ ਇਹਨਾਂ ਦੇ ਅਧੀਨ ਕਰ ਦਿੱਤੇ ਜਾਣ। ਕਿੰਤੂ ਚੂੰਕਿ ਰਾਜਾ ਨੂੰ ਸਹਾਇਤਾ ਦਾ ਬਦਲਾ ਕਾਫੀ ਮਿਲ ਚੁੱਕਾ ਸੀ, ਇਸ ਕਰ ਕੇ ਪਹਿਲਾਂ ਤਾਂ ਸਰਕਾਰ ਨੂੰ ਇਸ ਤੇ ਕੁਝ ਕਹਿਣ ਦਾ ਮੌਕਾ ਮਿਲਿਆ, ਕਿੰਤੂ ਫਿਰ ਰਾਜਾ ਸਾਹਿਬ ਪਾਸੋਂ ੨੦ ਸਾਲਾਂ ਦਾ ਇੱਥੋਂ ਦਾ ਮਾਮਲਾ ੧੨੮੭੦ ਰੁਪਏ ਇੱਕੋ ਵਾਰ ਲੈ ਕੇ ਇਹ ਦੋਨੋਂ ਪਿੰਡ ਜੀਂਦ ਨੂੰ ਦੇ ਦਿੱਤੇ ਗਏ। ਓਸ ਵੇਲੇ ਤੋਂ ਅਰਥਾਤ ੧੮੬੭ ਤੋਂ ਬਡਰੁਖਾਂ ਦੇ ਸਰਦਾਰ ਰਿਆਸਤ ਜੀਂਦ ਦੇ ਮਾਤੈਹਤ ਹਨ।

ਹੁਣ ਕੁਝ ਪਿੰਡ ਦਾਦਰੀ ਦੇ ਇਲਾਕੇ ਜੋ ਜ਼ਿਲ੍ਹੇ ਰੋਹਤਕ ਤੇ ਝਜਰ ਦੇ ਵਿੱਚ ਅੱਡ ਅੱਡ ਸਨ, (ਜੰਗ, ਥਾਥਲ, ਬਮਲਾ, ਨੌਰੰਗ ਆਬਾਦ, ਭੰਡ, ਰੰਗੋਲੀ, ਬਾਸ, ਰਨੀਲਾ, ਸੇਫਲ, ਖਰਾਨੀ, ਚੰਗਰੋਲਾ, ਬਜਨਾ ਤੇ ਚਾਵਾਹ) ਜਿਹਦੇ ਕਾਰਨ ਹੱਕ ਕਾਇਮ ਕਰਨ ਤੇ ਪ੍ਰਬੰਧ ਵਿੱਚ ਔਕੜ ਹੁੰਦੀ ਸੀ, ਇਸ ਕਰ ਕੇ ਸਰਕਾਰ ਨੇ ਇਹਨਾਂ ਦੇ ਬਦਲੇ ਬਧਵਾਨੇ ਦੇ ਇਲਾਕੇ ਦੇ ਪਿੰਡ ਦੇ ਕੇ ਇਹ ਲੈ ਲੈਣੇ ਉਚਿਤ ਸਮਝੇ। ਇਸ ਵਾਸਤੇ ਪਿੰਡ ਚਰਕਲੀ, ਨੰਦਾ, ਤਵਾਲੀ, ਸਵਾਲਾ, ਪਚੋਬਾ ਕਲਾ, ਪਚੋਬਾ ਨਿੱਕਾ, ਤੇ ਟੋਡੀ ਜਿਨ੍ਹਾਂ ਦੀ ਸਲਾਨਾ ਆਮਦਨੀ ੧੦੮੫੦) ਸੀ, ਰਾਜਾ ਸਾਹਿਬ ਜੀਂਦ ਨੂੰ ਦੇ ਦਿੱਤੇ। ਇਸੇ ਤਰ੍ਹਾਂ ਨਾਲ ੧੮੬੧ ਈ. ਵਿੱਚ ਪਿੰਡ ਭੋਰੀ, ਬਡਾ ਖੇੜਾ, ਬਧਾਨਾ ਖੇੜਾ, ਚਨਹਾਹੀ, ਢਾਂਡ, ਸਰਸਾਨਾ, ਸੋਧਨਾ, ਚੰਡਲਾਨਾ, ਖੜਕ, ਪੋਨੀਆ ਗਿਆਨ ਕਰਰੂ, ਖਰਖੋਰੀ, ਜੀਂਦ ਦੇ ਰਾਜਾ ਸਾਹਿਬ ਦੀ ਮਲਕੀਅਤ ਦੇ ਜੋ ਹਿਸਾਰ ਦੇ ਇਲਾਕੇ, ਵਿੱਚ ਸਨ, ਇੰਤਜ਼ਾਮ ਦੇ ਸੌਖ ਵਾਸਤੇ ਲੈ ਕੇ ਇਨ੍ਹਾਂ ਦੇ ਬਦਲੇ, ਪਿੰਡ ਨਗਰੀ, ਚਪਕੀ ਮੰਡਾ ਵਾਲਾ ਧਨੇਰਾ, ਅਸਮਾਨ ਪੁਰ, ਸਪਰ ਹੋੜੀ ਮਰੋੜੀ, ਮਰਦਾ ਜਹੇੜੀ, ਮੜਲਾਂ ਵਾਲੀ, ਕਨਹਰਾ, ਜੋ ਸੰਗਰੂਰ ਦੇ ਲਾਗੇ ਹਨ, ਜੀਂਦ ਨੂੰ ਦੇ ਦਿੱਤੇ ਗਏ।

## ੩੧. ਰਾਜਾ ਸਰੂਪ ਸਿੰਘ ਨੂੰ ਮੁਤਬੰਨਾ ਕਰਨ ਦੀ ਸਨਦ ਮਿਲੀ

ਰਾਜਾ ਸਾਹਿਬ ਸਰੂਪ ਸਿੰਘ ਨੇ ਵੀ ਪਟਿਆਲਾ ਤੇ ਨਾਭਾ ਰਿਆਸਤਾਂ ਦੇ ਨਾਲ ਮੁਤਬੰਨਾ ਬਣਾਣ ਆਦਿਕ ਦੀ ਮਨਜ਼ੂਰੀ ਦੀ ਦਰਖ਼ਾਸਤ ਦਿੱਤੀ ਸੀ। ਇਸ ਕਰ ਕੇ ਰਾਜਾ ਸਾਹਿਬ ਜੀਂਦ ਨੂੰ ਓਸੇ ਤਰ੍ਹਾਂ ਮੁਤਬੰਨਾ ਬਨਾਣ ਦੇ ਅਖਤਿਆਰ ਦਿੱਤੇ ਗਏ, ਜਿਕਣ ਨਾਭਾ ਤੇ ਪਟਿਆਲਾ ਨੂੰ ਖ਼ਾਸ ਸਨਦ ਦੇ ਨਾਲ ਦਿੱਤੇ ਗਏ ਸਨ, ਤੇ ਇਸ ਦੇ ਨਾਲ ਹੀ ਸਟੇਟ ਨੂੰ ਸੁਤੰਤਰਤਾ ਦੇ ਓਹ ਸਾਰੇ ਹੱਕ ਹਕੂਕ ਦਿੱਤੇ ਗਏ ਜੋ ਪਟਿਆਲਾ ਤੇ ਨਾਭਾ ਨੂੰ ਮਿਲੇ ਸੀ।

## ੩੨. ਸਨਦ ਦਾ ਸਾਰ ਭਾਵ

੫ ਮਈ ੧੮੬੦ ਨੂੰ ਜੋ ਸਨਦ ਜੀਂਦ ਦੇ ਰਾਜਾ ਸਾਹਿਬ ਨੂੰ ਮਿਲੀ ਓਹਦਾ ਭਾਵ ਇੰਜ ਹੈ ਕਿ ਜਦ ਤੋਂ ਹਿੰਦ ਵਿੱਚ ਅੰਗਰੇਜ਼ੀ ਰਾਜ ਕਾਇਮ ਹੋਇਆ ਹੈ, ਜੀਂਦ ਰਿਆਸਤ ਸਦਾ ਹੀ ਤਾਬਿਆਦਾਰ ਰਹੀ ਹੈ ਤੇ ੧੮੫੭ ਤੇ ੫੮ ਦੇ ਗ਼ਦਰ ਵਿੱਚ ਤਾਂ ਰਾਜਾ ਸਾਹਿਬ ਨੇ ਪਿਛਲੀਆਂ ਖਿਦਮਾਤ ਨੂੰ ਮਾਤ ਕਰ ਦਿੱਤਾ ਹੈ। ਇਹਨਾਂ ਦੀ ਸੇਵਾ ਦੇ ਬਦਲੇ ਸਮੇਂ ਸਮੇਂ ਤੇ ਇਲਾਕੇ ਮਿਲਦੇ ਰਹੇ ਹਨ। ਹੁਣ ਇਹਨਾਂ ਨੂੰ ਇਹ ਰਿਆਸਤ ਇਨ੍ਹਾਂ ਤੇ ਇਹਨਾਂ ਦੀ ਸੰਤਾਨ ਨੂੰ ਹਮੇਸ਼ਾ ਵਾਸਤੇ ਦੇ ਦਿੱਤੀ ਗਈ, ਇਸ ਦੇ ਵਿੱਚ ਹੁਣ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਹੋਵੇਗੀ ਤੇ ਇਸ ਗੱਲ ਦੀ ਸਨਦ ਦਿੱਤੀ ਗਈ ਹੈ:

੧. ਰਾਜਾ ਸਾਹਿਬ ਤੇ ਓਹਨਾਂ ਦੇ ਵਾਰਸ ਆਪਣੀ ਰਿਆਸਤ ਦੇ ਇਲਾਕੇ ਤੇ ਜਿਨ੍ਹਾਂ ਦੀ ਸੂਚੀ ਨਾਲ ਹੈ, ਹੁਕਮਰਾਨੀ ਕਰਨ ਦੇ ਅਖਤਿਆਰ ਰਖਣਗੇ, ਜੋ ਜਦੀ ਇਲਾਕੇ ਵਿੱਚ ਹਨ।

੨. ਬਿਨਾਂ ਦਫਾ ਤੀਜੀ ਅਨੁਸਾਰ ਦੇ ਕੋਈ ਕਿਸੇ ਤਰ੍ਹਾਂ ਦਾ ਖਰਾਜ ਜਾਂ ਬਦਲ ਸਰਕਾਰ ਰਾਜਾ ਸਾਹਿਬ ਦੇ ਮਾਤੈਹਤਾਂ ਜਾਂ ਸੰਬੰਧੀਆਂ ਤੋਂ ਨਹੀਂ ਲਏਗੀ।

੩. ਰਿਆਸਤ ਦੇ ਕਾਇਮ ਰੱਖਣ ਲਈ ਇਨ੍ਹਾਂ ਨੂੰ ਅਖਤਿਆਰ ਦਿੱਤਾ ਗਿਆ ਹੈ ਕਿ ਜੇ ਏਥੋਂ ਦੇ ਰਾਜਾ ਦੇ ਕੋਈ ਲੜਕਾ ਨਾ ਹੋਵੇ ਤਦ ਓਹ ਮੁਤਬੰਨਾ ਬਣਾ ਲਿਆ ਕਰੇ ਜੇ ਕਿਸੇ ਕਾਰਨ ਕੋਈ ਰਾਜਾ ਮੁਤਬੰਨਾ ਨਾ ਬਣਾ ਸਕੇ ਤਦ ਪਟਿਆਲਾ ਤੇ ਨਾਭਾ ਦੇ ਰਾਜੇ ਪੋਲੀਟੀਕਲ ਏਜੰਟ ਦੀ ਸਲਾਹ ਨਾਲ ਫੂਲ ਦੇ ਖਾਨਦਾਨ ਵਿੱਚੋਂ ਕੋਈ ਆਦਮੀ ਚੁਣ ਲੈਣ।

੪. ਰਾਜਾ ਸਾਹਿਬ ਨੂੰ ਆਪਣੀ ਪ੍ਰਜਾ ਦੀ ਜ਼ਿੰਦਗੀ ਤੇ ਮੌਤ ਦੇ ਪੂਰੇ ਅਖਤਿਆਰ ਦੇ ਦਿੱਤੇ ਗਏ ਹਨ। ਇਹ ਅੰਗਰੇਜ਼ੀ ਪ੍ਰਜਾ ਦੇ ਦੋਸ਼ੀਆਂ ਨਾਲ ਮਦਰਾਸ ਨੰ: ੩੫ ਪਹਿਲੀ ਜੂਨ ੧੮੩੬ ਦੀ ਚਿੱਠੀ ਅਨੁਸਾਰ ਸਲੂਕ ਕਰਨਗੇ ਤੇ ਆਪਣੇ ਇਲਾਕੇ ਵਿੱਚ ਇਨਸਾਫ਼ ਕਰਨਗੇ। ਰਸਮ ਸਤੀ ਲੜਕੀ ਦਾ ਮਾਰਨਾ ਤੇ ਗ਼ੁਲਾਮਾਂ ਦੀ ਫਰੋਖਤ ਨੂੰ ਰੋਕਣਗੇ।

੫. ਬਰਤਾਨੀਆਂ ਦੇਸ਼ ਦਾ ਸ਼ੁਭਚਿੰਤਕ ਰਹਿਣਗੇ।

੬. ਜੇ ਕੋਈ ਦੁਸ਼ਮਨ ਦੀ ਫੌਜ ਇਸ ਪਾਸੇ ਆ ਨਿੱਕਲੇ, ਤਦ ਰਾਜਾ ਸਾਹਿਬ ਅੰਗਰੇਜ਼ਾਂ ਦੀ ਮਦਦ ਕਰਨਗੇ, ਤੇ ਹਰ ਤਰ੍ਹਾਂ ਲੜਾਈ ਦਾ ਸਾਮਾਨ ਰਸਦ ਆਦਿ ਇਕੱਠਾ ਕਰ ਦੇਣਗੇ।

੭. ਗਵਰਨਮੈਂਟ ਰਾਜਾ ਦੀ ਪ੍ਰਜਾ ਦੇ ਕਿਸੇ ਹਿੱਸੇ ਦੀ ਕੋਈ ਸ਼ਕਾਇਤ ਨਹੀਂ ਸੁਣੇਗੀ।

੮. ਰਾਜਾ ਦੇ ਘਰੋਗੀ ਤੇ ਪਰਿਵਾਰ ਦੇ ਸੰਬੰਧ ਨੂੰ ਅੰਗਰੇਜ਼ ਇੱਜ਼ਤ ਨਾਲ ਵੇਖਣਗੇ ਤੇ ਇਸ ਦੇ ਵਿੱਚ ਦਖ਼ਲ ਨਹੀਂ ਦੇਣਗੇ।

੯. ਲੋਹੇ ਦੀਆਂ ਸੜਕਾਂ ਰੇਲਵੇ ਸਟੇਸ਼ਨਾਂ, ਸ਼ਾਹੀ ਸੜਕਾਂ, ਪੁਲਾਂ ਦੇ ਬਣਾਣ ਵਾਸਤੇ ਸਮਾਨ ਰਾਜਾ ਸਾਹਿਬ ਆਪਣੇ ਆਦਮੀਆਂ ਦੀ ਰਾਹੀਂ ਨੀਯਤ ਮੁੱਲ ਤੇ ਇਕੱਠਾ ਕਰ ਦੇਣਗੇ ਤੇ ਲੋਹੇ ਦੀਆਂ ਸੜਕਾਂ ਦੇ ਵਾਸਤੇ ਜੋ ਭੋਂ ਲੋੜ ਹੋਵੇ ਬਿਨਾਂ ਮੁੱਲ ਦੇ ਦੇਣਗੇ।

੧੦. ਰਾਜਾ ਤੇ ਉਹਦੇ ਜਾਂ ਨਸ਼ੀਨ ਸਰਕਾਰ ਦੇ ਵਫ਼ਾਦਾਰ ਰਹਿਣਗੇ ਤੇ ਗਵਰਨਮੈਂਟ ਉਹਨਾਂ ਦੇ ਨਾਮ ਨੂੰ ਕਾਇਮ ਰੱਖੇਗੀ।

## ੩੩. ਜੀਂਦ ਦੇ ਇਲਾਕੇ ਦੀ ਸੂਚੀ ਜਦੀ ਇਲਾਕਾ

੧ ਪ੍ਰਗਣਾ ਜੀਂਦ ਤੇ ਪੰਜ ਗਰਾਓਂ ਦਾ ਇਲਾਕਾ, ੨ ਪ੍ਰਗਣਾ ਸਫੈਦੂ, ੩ ਪ੍ਰਗਣਾ ਲਜਵਾਨਾਂ, ੪ ਪ੍ਰਗਣਾ ਬਾਲਾਂ ਵਾਲਾ, ੫ ਪ੍ਰਗਣਾ ਸੰਗਰੂਰ ਸਮੇਤ ਪਿੰਡ ਮਾਹਲਾਂ ਤੇ ਘਾਬਦਾ, ੬ ਪ੍ਰਗਣਾ ਬਾਅਜ਼ੀਦ ਪੁਰ ਸਮੇਤ ਪਿੰਡ ਲਲਹੋਡਾ ਦੇ, ੭ ਪਿੰਡ ਭਾਈ ਰੂਪਾ।

## ੩੪. ਪਿੱਛੋਂ ਮਿਲਿਆ ਇਲਾਕਾ

ਪਿੰਡ ਦੋਲਮ ਵਾਲਾ (ਜੋ ਹਾਲੀ ਜੀਂਦ ਦੇ ਪ੍ਰਗਣੇ ਵਿੱਚ ਸ਼ਾਮਲ ਹੈ) ਪਿੰਡ ਬਸੀਨਾ ਪਿੰਡ ਖਟਲਾ ਪ੍ਰਗਣਾ ਦਾਦਰੀ ੧੪ ਪਿੰਡ ਪ੍ਰਗਣਾ ਕਲਾਰਾ।

## ੩੫. ਜਾਗੀਰਦਾਰ ਸੁਖਾਂ ਤੇ ਦਯਾਲਪੁਰ

ਇਸ ਤੋਂ ਪਿੱਛੋਂ ਇਨ੍ਹਾਂ ਰਈਸਾਂ ਦੇ ਆਪਣੇ ਨਵੇਂ ਇਲਾਕੇ ਜੋ ਸਰਕਾਰ ਵੱਲੋਂ ਮਿਲੇ ਦੇ ਵਿੱਚ ਦੀਆਂ ਮਾਫ਼ੀਆਂ ਤੇ ਜ਼ਬਤ ਹੋਣ ਦਾ ਝਗੜਾ ਉੱਠਿਆ। ਇਸ ਵਿੱਚ ਗਵਰਨਮੈਂਟ ਦੀ ਪਹਿਲਾਂ ਮਰਜ਼ੀ ਨਹੀਂ ਸੀ ਕਿ ਇਨ੍ਹਾਂ ਨੂੰ ਜ਼ਬਤੀ ਦੇ ਅਖਤਿਆਰ ਦਿੱਤੇ ਜਾਣ, ਪ੍ਰੰਤੂ ਸਨਦ ਵਿੱਚ ਕਿਸੇ ਤਰ੍ਹਾਂ ਦੀ ਪਾਬੰਦੀ ਨਾ ਹੋਣ ਕਰ ਕੇ ਤੇ ਉਹਨਾਂ ਵਿੱਚ ਇਹ ਸਾਫ਼ ਲਿਖਿਆ ਹੋਣ ਤੇ ਕਿ: 'ਇਨ੍ਹਾਂ ਇਲਾਕਿਆਂ ਵਿੱਚ ਇਨ੍ਹਾਂ ਰਈਸਾਂ ਤੇ ਇਨ੍ਹਾਂ ਦੀ ਸੰਤਾਨ ਨੂੰ ਉਹ ਹੀ ਹੱਕ ਪ੍ਰਾਪਤ ਹੋਣਗੇ ਜੋ ਇਨ੍ਹਾਂ ਨੂੰ ੫ ਮਈ ੧੮੬੦ ਵਾਲੀ ਸਨਦ ਅਨੁਸਾਰ ਆਪਣੇ ਜਦੀ ਇਲਾਕੇ ਵਿੱਚ ਪ੍ਰਾਪਤ ਹਨ'

ਇਸ ਕਰ ਕੇ ਵਜ਼ੀਰ ਹਿੰਦ ਨੂੰ ਇਨ੍ਹਾਂ ਸਨਦਾਂ ਨੂੰ ਕਾਇਮ ਰੱਖਣ ਵਾਸਤੇ ਇਹ ਹੀ ਫ਼ੈਸਲਾ ਦੇਣਾ ਪਿਆ ਕਿ ਇਨ੍ਹਾਂ ਨੂੰ ਜ਼ਬਤੀ ਆਦਿਕ ਦੇ ਅਖਤਿਆਰ ਹੋਣਗੇ।

## ੩੬. ੫ ਮਾਰਚ ੧੮੬੨ ਦੀ ਸਨਦ

ਇਸ ਸਨਦ ਵਿੱਚ ਰਾਜਾ ਸਰੂਪ ਸਿੰਘ ਨੂੰ ਦੇਣ ਲੱਗੇ ਪਹਿਲਾਂ ੫ ਮਈ ੧੮੬੦ ਦੀ ਸਨਦ ਦੇ ਮਜ਼ਮੂਨ ਦੀ ਪੁਸ਼ਟੀ ਕੀਤੀ ਗਈ, ਜਿਸ ਵਿੱਚ ਰਿਆਸਤ ਦੇ ਸਦੀਵ ਰੱਖਣ ਦਾ ਜ਼ਿਕਰ ਹੈ ਤੇ ਫਿਰ ਲਿਖਿਆ ਹੈ ਕਿ ਜਦ ਤੱਕ ਰਿਆਸਤ ਇਕਰਾਰਨਾਮੇ ਤੇ ਇਕਰਾਰ ਦੇ ਪਾਬੰਦ ਰਹੇਗੀ, ਕਿਸੇ ਤਰ੍ਹਾਂ ਦਾ ਇਸ ਦੇ ਵਿੱਚ ਦਖ਼ਲ ਨਾ ਦਿੱਤਾ ਜਾਵੇਗਾ।

## ੩੭. ਇਕ ਹੋਰ ਸਨਦ

ਇਹ ਸਨਦ ਬਖਵਾਨਾਂ ਤੇ ਝਜਰ ਦਾ ਪ੍ਰਗਣਾ ਦੇਣ ਵੇਲੇ ਅਰਲਕੈਨਿੰਗ ਗਵਰਨਰ ਜਨਰਲ ਹਿੰਦ ਨੇ ਰਾਜਾ ਸਾਹਿਬ ਜੀਂਦ ਨੂੰ ਦਿੱਤੀ, ਜਿਸ ਵਿੱਚ ਇਸ ਰਿਆਸਤ ਦੀ ਵਫ਼ਾਦਾਰੀ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਪ੍ਰਗਣਾ ਬਧਵਾਨਾ ਜ਼ਿਲ੍ਹਾ ਝਜਰ ਦਾ ਇੱਕ ਹਿੱਸਾ ਜਿਸ ਵਿੱਚ ੧੯ ਪਿੰਡ ੧੮੫੨੦) ਆਮਦਨੀ ਦੇ ਹਨ, ਰਾਜਾ ਸਾਹਿਬ ਨੂੰ ੩੭੦੦੦੪ ਰੁਪਏ ਸਲਾਨਾ ਨਜ਼ਰਾਨਾ ਲੈ ਕੇ ਦਿੱਤੇ ਗਏ।

੧. ਇਹ ਇਲਾਕਾ ਰਾਜਾ ਸਾਹਿਬ ਜੀਂਦ ਤੇ ਉਹਨਾਂ ਦੇ ਵਾਰਸਾਂ ਨੂੰ ਸਦਾ ਲਈ ਦਿੱਤਾ ਗਿਆ।

੨. ਇਸ ਇਲਾਕੇ ਵਿੱਚ ਵੀ ਰਾਜਾ ਸਾਹਿਬ ਤੇ ਉਹਨਾਂ ਦੇ ਵਾਰਸਾਂ ਨੂੰ ਜੱਦੀ ਇਲਾਕੇ ਵਾਲੇ ਹੱਕ ਪ੍ਰਾਪਤ ਹੋਣਗੇ।

੩. ਰਾਜਾ ਤੇ ਉਹਦੇ ਜਾਨਸ਼ੀਨ ਇਸੇ ਤਰ੍ਹਾਂ ਵਫ਼ਾਦਾਰ ਰਹਿਣਗੇ ਤੇ ਉਹ ਸ਼ਰਤਾਂ ਜੋ ੫ ਮਈ ੧੮੬੦ ਦੀ ਸਨਦ ਵਿੱਚ ਉਹਨਾਂ ਦੇ ਜਦੀ ਇਲਾਕੇ ਤੇ ਲਾਈਆਂ ਗਈਆਂ ਹਨ, ਇਸ ਇਲਾਕੇ ਤੇ ਵੀ ਰਹਿਣਗੀਆਂ।

੧੮੬੦ ਵਿੱਚ ਲਾਰਡ ਕੈਨਿੰਗ ਜਦ ਆਏ ਤਦ ਓਸ ਵੇਲੇ ਰਿਆਸਤ ਨਾਭਾ ਤੇ ਜੀਂਦ ਦੇ ਪਹਿਲੇ ਦੂਜੇ ਨੰਬਰ ਤੇ ਹੋਣ ਦਾ ਝਗੜਾ ਪੇਸ਼ ਹੋਇਆ। ਇਨ੍ਹਾਂ ਦੋਨਾਂ ਰਈਸਾਂ ਦੀ ਆਮਦਨੀ ਅਖਤਿਆਰ, ਖ਼ਿਤਾਬ ਤੇ ਇੱਜ਼ਤ ਇੱਕੋ ਜਿਹੀ ਹੈ। ਇਸ ਕਰ ਕੇ ਏਹਦਾ ਫ਼ੈਸਲਾ ਕਰਨਾ ਬਹੁਤ ਕਠਨ ਸੀ।

ਨਾਭਾ ਵਾਲੇ ਆਪਣੇ ਆਪ ਨੂੰ ਤਲੋਕ ਸਿੰਘ ਦੇ ਵੱਡੇ ਲੜਕੇ ਦੀ ਸੰਤਾਨ ਹੋਣ ਤੇ ਚੌਧਰੀ ਹੋਣ ਦੇ ਕਾਰਨ ਵੱਡਾ ਦੱਸਦੇ ਸਨ, ਕਿੰਤੂ ਰਾਜਾ ਸਰੂਪ ਸਿੰਘ ਨੇ ਦਿੱਲੀ ਦੇ ਗ਼ਦਰ ਦੇ ਵੇਲੇ ਆਪ ਸ਼ਾਮਲ ਹੋ ਕੇ ਜੋ ਮਦਦ ਕੀਤੀ। ਇਸ ਦੇ ਕਾਰਨ ਸਰਕਾਰ ਇਸ ਦੀ ਸੀ, ਜਿਸ ਤੋਂ ਪਹਿਲਾਂ ਹੀ ਫ਼ੈਸਲਾ ਰਿਹਾ। ਨਾਭੇ ਦੇ ਰਾਜਾ ਸਾਹਿਬ ਨੇ ਇਸ ਫ਼ੈਸਲੇ ਤੇ ਨਾ ਖ਼ੁਸ਼ੀ ਪ੍ਰਗਟ ਕੀਤੀ, ਕਿੰਤੂ ਰਾਜਾ ਭਰਪੂਰ ਸਿੰਘ ਤੇ ਭਗਵਾਨ ਸਿੰਘ ਨੇ ਇਸ ਪਾਸੇ ਧਿਆਨ ਨਾ ਦਿੱਤਾ, ਜਿਸ ਤੋਂ ਇਹ ਹੀ ਫ਼ੈਸਲਾ ਕਾਇਮ ਰਿਹਾ।

## ੩੮. ਰਾਜਾ ਸਰੂਪ ਸਿੰਘ ਦਾ ਦਾਨ

੧੨ ਅਗਸਤ ੧੮੬੨ ਨੂੰ ਜਦ ਨਿਰਮਲ ਅਖਾੜਾ ਧਰਮ ਧੁਜਾ ਕਾਇਮ ਹੋਇਆ, ਤਦ ਮਹਾਰਾਜਾ ਪਟਿਆਲਾ ਨੇ ਓਹਨੂੰ ੮੦ ਹਜ਼ਾਰ ਨਕਦ ਤੇ ਦੋ ਪਿੰਡ ਭੈਣੀ, ਤੇ ਝੰਡੀ ੪੦੦੦) ਦੇ ਨਾਭਾ ਨੇ ੧੬੦੦੦) ਨਕਦ ਤੇ ਇੱਕ ਪਿੰਡ ਹਰੀ ਗੜ੍ਹ ੫੭੫) ਦਾ ਤੇ ਰਾਜਾ ਸਰੂਪ ਸਿੰਘ ਨੇ ੨੦੦੦੦ ਰੁਪਏ ਤੇ ਦੋ ਪਿੰਡ ਮੰਡਲਾਂ ਵਾਲਾ ਤੇ ਬਲਮਗੜ੍ਹ ੧੩੦੦) ਸਲਾਨਾ ਆਮਦਨੀ ਦੇ ਅਖਾੜੇ ਦੀ ਕਾਇਮੀ ਵਾਸਤੇ ਦਿੱਤੇ।

## ੩੯. ਰਾਜਾ ਸਰੂਪ ਸਿੰਘ ਦਾ ਚਲਾਣਾ ਤੇ ਪਰਿਵਾਰ

ਰਾਜਾ ਸਰੂਪ ਸਿੰਘ ਜੀਂਦ ਵਾਲੇ ਕਈ ਮਹੀਨੇ ਦਸਤ ਤੇ ਪੇਚਸ਼ ਦੇ ਰੋਗ ਨਾਲ ਬੀਮਾਰ ਰਹਿ ਕੇ ਵਜ਼ੀਦ ਪੁਰ ਵਿੱਚ ੨੬ ਜਨਵਰੀ ੧੮੬੪ ਈ. ਨੂੰ ਚਲਾਣਾ ਕਰ ਗਏ। ੧੮੬੪ ਵਿੱਚ ਰਾਜਾ ਸਾਹਿਬ

ਦੇ ਵਾਸਤੇ ਸੀ. ਸੀ. ਐੱਸ. ਆਈ. ਦਾ ਖਤਾਬ ਮਨਜ਼ੂਰ ਹੋਇਆ। ਕਿੰਤੂ ਸ਼ੋਕ ਕਿ ਇਸ ਖ਼ਿਤਾਬ ਨੂੰ ਮਿਲਣ ਤੋਂ ਪਹਿਲਾਂ ਹੀ ਓਹ ਚਲਾਣਾ ਕਰ ਗਏ।

ਇਨ੍ਹਾਂ ਦੀਆਂ ਦੋ ਰਾਣੀਆਂ ਸਨ, ਇੱਕ ਕ੍ਰਿਸ਼ਨ ਕੌਰ, ਸਰਦਾਰ ਗਾਰਾ ਸਿੰਘ ਮਾਨਸ਼ਾਹੀਏ ਦੀ ਲੜਕੀ, ਜਿਸ ਦੀ ਕੁੱਖ ਵਿੱਚੋਂ ਰਾਜਾ ਰਘਬੀਰ ਸਿੰਘ ੧੧ ਨਵੰਬਰ ੧੮੩੩ ਮੁਤਾਬਕ ੧੮੯੯ ਬਿ. ਕੱਤਕ ਸੁਦੀ ਨੂੰ ਉਤਪੰਨ ਹੋਇਆ। ਦੂਜੀ ਸਦਾ ਕੌਰ ਸਰਦਾਰ ਕਾਹਨ ਸਿੰਘ ਹਾਂਸੀ ਦੀ ਭੈਣ ਸੀ, ਜਿਸ ਦੀ ਕੁਖ ਵਿੱਚੋਂ ਇੱਕ ਰੰਧੀਰ ਸਿੰਘ ੧੮੮੭ ਬਿ. ਨੂੰ ਉਤਪੰਨ ਹੋਇਆ ਤੇ ੧੯੦੫ ਵਿੱਚ ੧੮ ਸਾਲ ਦੀ ਆਯੂ ਵਿੱਚ ਚਲਾਣਾ ਕਰ ਗਿਆ। ਇਸ ਦੇ ਗ਼ਮ ਵਿੱਚ ਰਾਜਾ ਸਰੂਪ ਸਿੰਘ ਬਹੁਤ ਦਿਨ ਬੀਮਾਰ ਰਿਹਾ। ਇਹ ਰਾਜਾ ਬੜਾ ਸਿਆਣਾ, ਦੂਰਦਰਸ਼ੀ, ਜਵਾਨ ਤੇ ਨੀਤੱਗਜ ਸੀ।

## ੪੦. ਰਾਜਾ ਸਰੂਪ ਸਿੰਘ ਦੇ ਗੁਣ

ਸਰ ਲੈਪਲ ਗ੍ਰਿਫਨ ਨੇ ਰਾਜਾ ਸਾਹਿਬ ਦੀ ਮੈਹਮਾ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਲਿਖੀ ਹੈ ਤੇ ਇਸ ਵਿੱਚ ਸ਼ੱਕ ਨਹੀਂ ਕਿ ਰਾਜਾ ਸਰੂਪ ਸਿੰਘ ਇਸੇ ਤਾਰੀਫ਼ ਦੇ ਯੋਗ ਸੀ। ਸਰ ਲੈਪਲ ਗ੍ਰਿਫਨ ਲਿਖਦਾ ਹੈ ਕਿ:

'ਸਰੂਪ ਸਿੰਘ ਚਲਾਣਾ ਕਰਨ ਸਮੇਂ ੫੧ ਬਰਸ ਦਾ ਸੀ। ਇਹ ਗੱਲ ਬੜੇ ਅਫ਼ਸੋਸ ਤੇ ਹੈਰਾਨੀ ਦੀ ਹੈ ਕਿ ਤਿੰਨੇ ਵੱਡੀਆਂ ਰਿਆਸਤਾਂ ਪਟਿਆਲਾ, ਨਾਭਾ ਤੇ ਜੀਂਦ ਲਗਭਗ ਇੱਕੋ ਵੇਲੇ ਖ਼ਾਲੀ ਹੋ ਗਈਆਂ। ਤਿੰਨੇ ਆਦਮੀ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ ਤੇ ਜਿਨ੍ਹਾਂ ਦੀ ਉਮਰ ਲੰਮੀ ਹੋਣ ਤੇ ਮੁਲਕ ਨੂੰ ਬਹੁਤ ਸਾਰਾ ਲਾਭ ਪੁੱਜਦਾ, ਥੋੜ੍ਹੇ ਸਮੇਂ ਵਿੱਚ ਹੀ ਚਲਾਣਾ ਕਰ ਗਏ। ਇਹਨਾਂ ਤਿੰਨਾਂ ਵਿੱਚ ਸ਼ਾਇਦ ਸਰੂਪ ਸਿੰਘ ਰਾਜਾ ਸਾਹਿਬ ਜੀਂਦ ਵੱਡੀ ਸ਼ਖ਼ਸੀਅਤ ਸਲਾਹ ਸੀ। ਇਸ ਦੀ ਸ਼ਕਲ ਸੂਰਤ ਤੋਂ ਰਿਆਸਤ ਦੀ ਸ਼ਾਨ ਪ੍ਰਤੀਤ ਹੋਂਦੀ ਸੀ। ਸਿੱਖ ਕੌਮ ਜੋ ਆਮ ਤੌਰ ਤੇ ਵੱਡੇ ਤਕੜੇ ਆਦਮੀਆਂ ਦੀ ਹੋਂਦੀ ਹੈ, ਇਸ ਕੱਦ ਤੇ ਜੁੱਸੇ ਦਾ ਆਦਮੀ ਸ਼ਾਇਦ ਹੀ ਕੋਈ ਮਿਲੇ। ਜਿਸ ਵੇਲੇ ਓਹ ਜ਼ਰਾ ਬਕਤਰ (ਜਿਸ ਦੇ ਲਾਣ ਦਾ ਓਹਨੂੰ ਬਹੁਤ ਸ਼ੌਕ ਸੀ) ਲਾ ਕੇ ਆਪਣੀ ਫੌਜ ਦੇ ਅੱਗੇ ਅੱਗੇ ਜਾਂਦਾ ਸੀ, ਤਦ ਸਾਰੇ ਹਿੰਦੋਸਤਾਨ ਵਿੱਚ ਕੋਈ ਆਦਮੀ ਅਜਿਹਾ ਨਹੀਂ ਨਜ਼ਰੀਂ ਪੈਂਦਾ ਸੀ, ਜਿਸ ਦੀ ਸ਼ਾਨ ਅਜੇਹੀ ਬਹਾਦਰਾਨਾਂ ਦੇ ਢੰਗ ਇਸ ਤਰ੍ਹਾਂ ਦਾ ਸਪਾਹੀਆਂ ਵਾਲਾ ਪ੍ਰਤੀਤ ਹੋਵੇ। ਇਹ ਬੜਾ ਦਿਆਨਤਦਾਰ ਤੇ ਨਿਆਏਸ਼ੀਲ ਸੀ। ਭਾਵੇਂ ਓਹਦਾ ਰੋਅਬ ਤੇ ਨਚੱਲੇ ਨਾ ਰਹਿਣ ਵਾਲੇ ਸੁਭਾਉ ਦੇ ਕਾਰਨ ਓਹਦੀ ਗਵਾਂਢੀਆਂ ਨਾਲ ਖਟਪਟੀ ਹੋ ਜਾਂਦੀ ਸੀ, ਕਿੰਤੂ ਅੰਗਰੇਜ਼ੀ ਗਵਰਨਮੈਂਟ ਨੂੰ ਸਰੂਪ ਸਿੰਘ ਜਿਹਾ ਵਫ਼ਾਦਾਰ ਤੇ ਦਿਲ ਦਾ ਸਾਫ਼ ਦੋਸਤ ਨਹੀਂ ਮਿਲਿਆ, ਜਿਸ ਨੇ ਕਿਸੇ ਡਰ ਜਾਂ ਸਵਾਰਥ ਤੋਂ ਨਹੀਂ, ਬਲਕਿ ਮਿੱਤਰਾਨਾਂ ਢੰਗ ਤੇ ਸੇਵਾ ਕੀਤੀ ਹੋਵੇ। ਗਵਰਨਮੈਂਟ ਦੇ ਓਸ ਫ਼ੈਸਲੇ ਤੋਂ ਜਿਸ ਨਾਲ ਓਹਨਾਂ ਇਸ ਨੂੰ ਜੀਂਦ ਦੇ ਇੱਕ ਹਿੱਸੇ ਦਾ ਮਾਲਕ ਕੀਤਾ ਸੀ ਨਿਰਾਸ਼ ਹੋਇਆ ਸੀ, ਕਿੰਤੂ ਉਹਨੇ ਕਦੇ ਇਸ ਫ਼ੈਸਲੇ ਤੋਂ ਆਪਣੇ ਸੁਭਾਓ ਨੂੰ ਖ਼ਰਾਬ ਨਹੀਂ ਕੀਤਾ ਤੇ ਨਾ ਆਪਣੀ ਖੈਰਖਾਹੀ ਤੇ ਵਫ਼ਾਦਾਰੀ ਤੇ ਅਸਰ ਪਾਣ ਦਿੱਤਾ।

## ੪੧. ਕੰਵਰ ਰਘਬੀਰ ਸਿੰਘ ਦਾ ਗੱਦੀ ਤੇ ਬੈਠਣਾ

ਰਾਜਾ ਸਰੂਪ ਸਿੰਘ ਦਾ ਵੱਡਾ ਲੜਕਾ ਰਣਧੀਰ ਸਿੰਘ ਉਸ ਦੇ ਜੀਊਂਦਿਆਂ ਹੀ ੧੯੦੫ ਵਿੱਚ ਮਰ ਚੁੱਕਾ ਸੀ, ਜਿਸ ਤੋਂ ਉਹਦਾ ਦੂਜਾ ਲੜਕਾ ਕੰਵਰ ਰਘਬੀਰ ਸਿੰਘ ੩੧ ਮਾਰਚ ੧੮੩੪ ਈ. ਨੂੰ ਗੱਦੀ ਤੇ ਬੈਠਾ। ਉਸ ਵੇਲੇ ਸਤਲੁਜ ਪਾਰ ਦੇ ਕੁਲ ਰਈਸ ਮੌਜੂਦ ਸਨ। ਸਰ ਹਰਬ੍ਰਟ ਸਾਹਿਬ ਬਹਾਦਰ ਪੋਲੀਟੀਕਲ ਏਜੰਟ ਨੇ ਇਨ੍ਹਾਂ ਦੀ ਗੱਦੀ ਨਸ਼ੀਨੀ ਦੀ ਰਸਮ ਧੂਮ ਧਾਮ ਨਾਲ ਅਦਾ ਕੀਤੀ।

## ੪੨. ਰਾਜਾ ਰਘਬੀਰ ਸਿੰਘ ਦਾ ਪ੍ਰਬੰਧ

ਗੱਦੀ ਤੇ ਬੈਠਣ ਸਮੇਂ ਰਘਬੀਰ ਸਿੰਘ ਦੀ ਆਯੂ ੩੦ ਸਾਲ ਦੀ ਸੀ। ਉਸ ਨੇ ਆਪਣੇ ਪਿਤਾ ਤੋਂ ਰਾਜ ਪ੍ਰਬੰਧ ਦੀ ਚੰਗੀ ਤਰ੍ਹਾਂ ਸਿਖਿਆ ਲਈ ਸੀ, ਜਿਸ ਤੋਂ ਰਾਜਾ ਸਰੂਪ ਸਿੰਘ ਦੇ ਮਗਰੋਂ ਪ੍ਰਬੰਧ ਵਿੱਚ ਕਿਸੇ ਤਰ੍ਹਾਂ ਦੀ ਖਰਾਬੀ ਨਹੀਂ ਹੋਈ, ਬਲਕਿ ਕਈ ਹਾਲਾਤਾਂ ਵਿੱਚ ਰਿਆਸਤ ਦਾ ਪ੍ਰਬੰਧ ਅੱਗੇ ਨਾਲੋਂ ਵੀ ਹੱਛਾ ਹੋ ਗਿਆ। ਰਾਜਾ ਰਘਬੀਰ ਸਿੰਘ ਨੇ ਆਪਣੇ ਆਪ ਨੂੰ ਹਰ ਤਰ੍ਹਾਂ ਨਾਲ ਯੋਗ ਰਾਜਾ ਸਾਬਤ ਕੀਤਾ।

## ੪੩. ਦਾਦਰੀ ਦੀ ਬਗ਼ਾਵਤ

ਰਾਜਾ ਰਘਬੀਰ ਸਿੰਘ ਦੇ ਗੱਦੀ ਤੇ ਬੈਠਦੇ ਹੀ ਦਾਦਰੀ ਦੇ ਜ਼ਿਮੀਂਦਾਰਾਂ ਨੇ ਬਗ਼ਾਵਤ ਕਰ ਦਿੱਤੀ। ਇਹ ਖ਼ਬਰ ਸੁਣ ਕੇ ਹੀ ਰਾਜਾ ਰਘਬੀਰ ਸਿੰਘ ਨੇ ਉਧਰ ਚੜ੍ਹਾਈ ਕਰ ਦਿੱਤੀ ਤੇ ੮ ਮਈ ਨੂੰ ਉੱਥੇ ਪੁੱਜ ਗਿਆ। ਇਸ ਲੜਾਈ ਵਿੱਚ ਉਹਨੇ ਕਿਸੇ ਦੂਜੇ ਗਵਾਂਢੀ ਰਿਆਸਤ ਦੀ ਮਦਦ ਨਹੀਂ ਲਈ। ੧੮ ਮਈ ਦੀ ਸਵੇਰ ਨੂੰ ਚਰਖੀ ਦੇ ਕਰੀਬ ਜਿੱਥੇ ਜ਼ਿਮੀਂਦਾਰ ਖਾਈਆਂ ਪੱਟ ਕੇ ਬੈਠੇ ਸੀ, ਧਾਵਾ ਬੋਲ ਦਿੱਤਾ। ਜਦ ਤੋਪ ਚਲਣ ਲੱਗੀ ਤਦ ਇਹ ਜ਼ਿਮੀਂਦਾਰ ਭੱਜ ਪਏ ਤੇ ਮਾਨਕਬਾਸ ਜੋ ਇੱਥੋਂ ੬ ਮੀਲ ਤੇ ਸੀ ਚਲੇ ਗਏ। ਰਘਬੀਰ ਸਿੰਘ ਨੇ ਉੱਥੋਂ ਤੱਕ ਇਨ੍ਹਾਂ ਦਾ ਪਿੱਛਾ ਕੀਤਾ। ਇਸ ਪਿੰਡ ਨੂੰ ਫਤਹ ਕਰ ਕੇ ਜੰਜੂ ਜਿੱਥੇ ਆਕੀਆਂ ਦਾ ਆਖ਼ਰੀ ਪੜਾਉ ਸੀ, ਜਾ ਪੁੱਜਾ ਤੇ ਉੱਥੋਂ ਵੀ ਓਹਨਾਂ ਨੂੰ ਕੱਢ ਦਿੱਤਾ। ਇਸ ਮੁਕਾਮ ਤੇ ਕੁਝ ਚਿਰ ਲੜਾਈ ਦਾ ਮੈਦਾਨ ਖੂਬ ਗ਼ਰਮ ਹੋਇਆ। ਕਿੰਤੂ ਜਦ ਆਕੀਆਂ ਨੇ ਸਮਝਿਆ ਕਿ ਕੋਈ ਪੇਸ਼ ਨਹੀਂ ਜਾਂਦੀ ਤਦ ਇਨ੍ਹਾਂ ਨੇ ਰਾਜਪੂਤਾਨੇ ਵੱਲ ਨੱਸਣ ਦੀ ਕੀਤੀ, ਇਸ ਤਰ੍ਹਾਂ ਨਾਲ ਇਹ ਵਿਦਰੋਹ ਦਬ ਗਿਆ।

ਇਸ ਲੜਾਈ ਤੋਂ ਰਘਬੀਰ ਸਿੰਘ ਦਾ ਦਬਦਬਾ ਰਿਆਸਤ ਵਿੱਚ ਅਜਿਹਾ ਬੈਠ ਗਿਆ ਕਿ ਉਸ ਨੂੰ ਆਪਣੀ ਆਯੂ ਦੇ ਵਿੱਚ ਫਿਰ ਕਦੇ ਵੀ ਇੰਨੀ ਖੇਚਲ ਨਹੀਂ ਉਠਾਣੀ ਪਈ।

## ੪੪. ਰਾਜਾ ਰਘਬੀਰ ਸਿੰਘ ਦਾ ਪਰਿਵਾਰ

ਰਾਜਾ ਰਘਬੀਰ ਸਿੰਘ ਨੇ ਤਿੰਨ ਵਿਆਹ ਕੀਤੇ। ੧ ਪ੍ਰਤਾਪ ਕੌਰ ਦਾਦਰੀ ਵਾਲੇ ਜਵਾਹਰ ਸਿੰਘ ਦੀ ਲੜਕੀ, ਜਿਸ ਤੋਂ ਟਿੱਕਾ ਬਲਬੀਰ ਸਿੰਘ ਤੇ ਇੱਕ ਲੜਕੀ ਉਤਪੰਨ ਹੋਈ, ੨ ਇੰਦਰ ਕੌਰ ਧਿਆਨ ਸਿੰਘ ਗਲਮਾਜਰੀਆਂ ਦੀ ਲੜਕੀ, ੩ ਅਮੀਰ ਕੌਰ ਸਰਦਾਰ ਲਹਿਣਾ ਸਿੰਘ ਰਾਏਪੁਰੀਏ ਦੀ ਲੜਕੀ, ਕਿੰਤੂ ਇਨ੍ਹਾਂ ਵਿੱਚੋਂ ਕੋਈ ਸੰਤਾਨ ਨਹੀਂ ਹੋਈ।

## ੪੫. ਰਾਜਾ ਰਘਬੀਰ ਸਿੰਘ ਦੇ ਕੰਮ ਤੇ ਗੁਣ

ਰਾਜਾ ਰਘਬੀਰ ਸਿੰਘ ਨੇ ਆਪਣੀ ਰਾਜਧਾਨੀ ਸੰਗਰੂਰ ਵਿੱਚ ਬਣਾਈ, ਪ੍ਰੰਤੂ ਇਹ ਕਦੇ ਵੀ ਆਪਣੀ ਰਿਆਸਤ ਦੇ ਇਲਾਕੇ ਦੀ ਨਿਗਰਾਨੀ ਤੋਂ ਆਲਸ ਵਿੱਚ ਨਹੀਂ ਪਿਆ। ਇਹ ਬੜਾ ਸਮਝਦਾਰ ਰਈਸ ਸੀ। ਸ਼ਿਕਾਰ ਤੇ ਸਿਪਾਹੀਪਨ ਦਾ ਬੜਾ ਸ਼ੌਕ ਸੀ। ਇਸ ਦੀ ਫੌਜ ਭਾਵੇਂ ਬਹੁਤ ਥੋੜ੍ਹੀ ਸੀ, ਕਿੰਤੂ ਕਵਾਇਦਦਾਨ ਹੋਣ ਦੇ ਕਾਰਨ ਬੜੀ ਸਾਫ਼ ਸੀ। ਇਸ ਨੂੰ ਰਿਆਸਤ ਦੀ ਤਜਾਰਤ ਤੇ ਵਪਾਰ ਵਧਾਣ ਦਾ ਬੜਾ ਖ਼ਿਆਲ ਸੀ। ਸੰ. ੧੯੨੨ ਵਿੱਚ ਸੰਗਰੂਰ ਦੇ ਬਜ਼ਾਰਾਂ ਨੂੰ ਜੈਪੁਰ ਦੇ ਢੰਗ ਤੇ ਬਣਾਨਾ ਸ਼ੁਰੂ ਕੀਤਾ। ਇੱਕ ਦੀਵਾਨਖਾਨਾ ਤੇ ਸੰਗਮਰਮਰ ਦੀ ਬਾਰਾਂਦਰੀ ਬਣਵਾਈ। ਸੰ. ੧੯੨੬ ਵਿੱਚ ਸੰਗਰੂਰ ਵਿੱਚ ਭੁਤੇਸ਼ਵਰ ਨਾਮ ਦਾ ਇੱਕ ਤਾਲਾਬ ਬਣਵਾਣਾ ਸ਼ੁਰੂ ਕੀਤਾ ਤੇ ਓਹਦੇ ਵਿਚਕਾਰ ਸ੍ਰੀ ਅੰਮ੍ਰਿਤਸਰ ਜੀ ਦੇ ਢੰਗ ਤੇ ਸ਼ਿਵਜੀ ਦਾ ਮੰਦਰ ਬਣਵਾਇਆ। ਫਿਰ ਸਫੈਦੂ ਦੇ ਮੁਕਾਮ ਤੇ ਜਿੱਥੇ ਰਾਜਾ ਜਨਮੇਜਾ ਨੇ ਸੱਪਾਂ ਦਾ ਹਵਨ ਕੀਤਾ ਸੀ, ਨਾਗਛੇਤਰ ਨਾਮ ਦੀ ਇੱਕ ਬੜੀ ਅੱਛੀ ਇਮਾਰਤ ਬਣਵਾਈ। ਸੰਗਰੂਰ ਦੇ ਚਾਰੋਂ ਪਾਸੀਂ ਬਾਗ਼, ਦੀਵਾਨ ਮੰਦਰ ਤੇ ਤਾਲਾਬ ਬਣਵਾਏ, ਜਿਸ ਤੋਂ ਸ਼ਹਿਰ ਸੰਗਰੂਰ ਦੀ ਇੱਕ ਤਰ੍ਹਾਂ ਨਾਲ ਕਾਇਆ ਹੀ ਪਲਟ ਗਈ, ਜਿਸ ਨੂੰ ਹੁਣ ਜੈਪੁਰ ਹੀ ਕਹਿਣਾ ਚਾਹੀਦਾ ਹੈ। ਇਹ ਸਾਰੀਆਂ

ਇਮਾਰਤਾਂ ੧੯੨੨ ਬਿ. ਤੋਂ ਸ਼ੁਰੂ ਹੋ ਕੇ ੧੯੪੦ ਬਿ. ਵਿੱਚ ਮੁੱਕੀਆਂ। ਇਹ ਸੰਸਾਰ ਵਿੱਚ ਰਾਜਾ ਰਘਬੀਰ ਸਿੰਘ ਦੀ ਇੱਕ ਚੰਗੀ ਯਾਦਗਾਰ ਦੀ ਸੂਰਤ ਵਿੱਚ ਲੰਮੀ ਮੁਦਤ ਤੱਕ ਯਾਦਗਾਰ ਰਹਿਣਗੇ। ਇਸ ਤੋਂ ਛੁਟ ਸ੍ਰੀ ਅੰਮ੍ਰਿਤਸਰ ਦੀਆਂ ਵਾਈ ਪ੍ਰਕਰਮਾ ਬਾਕੀ ਸਨ, ਜੋ ਰਾਜਾ ਸਾਹਿਬ ਨੇ ਬੇਸ਼ੁਮਾਰ ਰੁਪਇਆ ਖ਼ਰਚ ਕੇ ਇੱਥੇ ਸੰਗਮਰਮਰ ਤੇ ਸੰਗਮੂਸਾ ਲਗਵਾ ਕੇ ਸੰਮਤ ੧੯੩੯ ਤੋਂ ੧੯੪੪ ਬਿ. ਤੱਕ ਮੁਕੰਮਲ ਕਰਾ ਦਿੱਤਾ।

ਇਨ੍ਹਾਂ ਸਾਰੀਆਂ ਗੱਲਾਂ ਨਾਲੋਂ ਵਧੀਕ ਯਾਦਗਾਰ ਵਾਲੀ ਗੱਲ ਦਿਲੀ ਦੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਗੰਜ ਗੁਰਦੁਆਰੇ ਦਾ ਮਾਮਲਾ ਹੈ, ਜਿਸ ਦਾ ਵੇਰਵੇ ਨਾਲ ਹਾਲ ਇੰਜ ਹੈ ਕਿ:

ਜਦ ਗਦਰ ਦੇ ਦਿਨਾਂ ਵਿੱਚ ਸਰਕਾਰ ਅੰਗਰੇਜ਼ੀ ਨੇ ਸਿੱਖਾਂ ਦੀ ਮਦਦ ਦੇ ਨਾਲ ਸ਼ਹਿਰ ਦਿੱਲੀ ਨੂੰ ਫਤਹ ਕੀਤਾ, ਤਦ ਇਸ ਖ਼ੁਸ਼ੀ ਵਿੱਚ ਜਦ ਮਹਾਰਾਜਾ ਪਟਿਆਲਾ ਨੂੰ ਜ਼ੀਨਤ ਮਹੱਲ ਤੇ ਮਹਾਰਾਜਾ ਨਾਭਾ ਨੂੰ ਇੱਕ ਹੋਰ ਕੋਠੀ ਮਿਲੀ, ਤਦ ਰਾਜਾ ਸਰੂਪ ਸਿੰਘ ਨੇ ਗਵਰਨਮੈਂਟ ਪਾਸੋਂ ਓਹ ਮਸਜਦ ਜੋ ਮੁਸਲਮਾਨਾਂ ਨੇ ਗੁਰਦੁਆਰਾ ਸੀਸਗੰਜ ਦੇ ਸਿਰ ਤੇ ਬਣਵਾਈ ਸੀ, ਮੰਗ ਲਈ ਤੇ ਇਸ ਇਮਾਰਤ ਨੂੰ ਗਿਰਵਾ ਕੇ ਗੁਰਦੁਆਰੇ ਨੂੰ ਖੁੱਲ੍ਹਾ ਕਰ ਦਿੱਤਾ। ਤਿੰਨ ਚਾਰ ਸਾਲ ਪਿੱਛੋਂ ਜਦ ਸਾਰੇ ਪਾਸੀਂ ਅਮਨ ਹੋ ਗਿਆ ਤਦ ਮੁਸਲਮਾਨਾਂ ਨੇ ਸਰਕਾਰ ਪਾਸ ਦਾਵਾ ਕੀਤਾ, ਜਿੱਥੋਂ ਹੁਕਮ ਹੋਇਆ ਕਿ ਓਹ ਜਗ੍ਹਾ ਜਿੱਥੇ ਪਹਿਲਾਂ ਮਸਜਦ ਸੀ ਤੇ ਫਿਰ ਗੁਰਦੁਆਰਾ ਬਣਿਆ। ਉੱਥੋਂ ਗੁਰਦੁਆਰਾ ਉਠਾ ਕੇ ਫਿਰ ਮਸਜਦ ਬਣਾ ਦਿੱਤੀ ਜਾਵੇ। ਸੋ ਮੁਸਲਮਾਨਾਂ ਨੇ ਝਟਪਟ ਗੁਰਦੁਆਰੇ ਦੀ ਵਧੀਕ ਇਮਾਰਤ ਗਿਰਾ ਕੇ ਫਿਰ ਮਸਜਦ ਬਣਾ ਦਿੱਤੀ। ਇਸ ਗੱਲ ਦੀ ਅਪੀਲ ਰਾਜਾ ਰਘਬੀਰ ਸਿੰਘ ਨੇ ਵਲਾਇਤ ਕੀਤੀ, ਜਿੱਥੋਂ ਅਪੀਲ ਮਨਜ਼ੂਰ ਹੋ ਗਈ ਤੇ ਇਹ ਫ਼ੈਸਲਾ ਹੋਇਆ ਕਿ ਜੋ ਹੁਕਮ ਗ਼ਦਰ ਦੇ ਵੇਲੇ ਅਫਸਰਾਂ ਵੱਲੋਂ ਜਾਰੀ ਹੋਏ ਸਨ, ਅਟੱਲ ਸਮਝੇ ਜਾਣ ਤੇ ਓਹਨਾਂ ਦੇ ਵਿੱਚ ਹੁਣ ਦੀ ਕੋਈ ਅਦਾਲਤ ਦਖ਼ਲ ਨਹੀਂ ਦੇ ਸਕਦੀ। ਹੁਕਮ ਆਉਂਦੇ ਹੀ ਰਾਜਾ ਰਘਬੀਰ ਸਿੰਘ ਨੇ ਇੱਕ ਦਮ ਮਸਜਦ ਢਵਾ ਦਿੱਤੀ। ਇੱਕ ਖੁੱਲ੍ਹਾ ਤੇ ਪੱਕਾ ਗੁਰਦੁਆਰਾ ਬਣਾ ਕੇ ਓਹਦੇ ਨਾਲ ਇੱਕ ਪਿੰਡ ਖ਼ਰਚ ਲਈ ਲਾ ਦਿੱਤਾ। ਇਹ ਗੁਰੂ ਖਾਲਸੇ ਦੀ ਸੇਵਾ ਸਰਦਾਰ ਕਾਹਨ ਸਿੰਘ ਕਰਨੈਲ ਦੀ ਕੋਸ਼ਸ਼ ਤੇ ਜਾਨਸਾਰੀ ਦਾ ਸਿੱਟਾ ਹੈ।

## ੪੬. ਲੰਗਰ ਜਾਰੀ ਕੀਤੇ

ਸੰ: ੧੯੨੨ ਨੂੰ ਅੰਮ੍ਰਿਤਸਰ ਮਲਵਈ ਬੁੰਗੇ ਇੱਕ ਲੰਗਰ ਜਾਰੀ ਕੀਤਾ ਜੋ ਹੁਣ ਤੱਕ ਕਾਇਮ ਹੈ। ਫਿਰ ੧੯੩੨ ਨੂੰ ਕਾਂਸ਼ੀ ਜੀ ਵਿੱਚ ਇੱਕ ਸਦਾਵਰਤ ਲਾਇਆ, ਜੋ ਹੁਣ ਤੱਕ ਓਥੇ ਚੱਲ ਰਿਹਾ ਹੈ। ਇਸੇ ਸਦਾਵਰਤ ਵਾਸਤੇ ਅੰਤਮ ਵੇਲੇ ਰਾਜਾ ਸਰੂਪ ਸਿੰਘ ਨੇ ਇੱਕ ਲੱਖ ਰੁਪਿਆ ਸੰਕਲਪ ਕੀਤਾ ਸੀ, ਓਹਦੇ ਸੂਦ ਤੋਂ ਇਹ ਸਦਾਵਰਤ ਜਾਰੀ ਹੋਇਆ।

## ੪੭. ਖਿਤਾਬ ਦਾ ਮਿਲਣਾ

ਜਨਵਰੀ ੧੮੭੬ ਈ. ਨੂੰ ਰਾਜਾ ਰਘਬੀਰ ਸਿੰਘ ਨੂੰ ਜੀ.ਸੀ. ਐੱਸ. ਆਈ. ਦਾ ਖ਼ਿਤਾਬ ਮਿਲਿਆ। ੧੮੭੮ ਨੂੰ ਜਵਾਲਾ ਮੁਖੀ ਗਿਆ। ੧੮੭੯ ਵਿੱਚ ੫੦੦ ਪੈਦਲ ਤੇ ੨੦੦ ਸਵਾਰ ਤੇ ਦੋ ਤੋਪਾਂ ਸਰਦਾਰ ਰਤਨ ਸਿੰਘ ਤੇ ਜਗਤ ਸਿੰਘ ਦੀ ਕਮਾਨ ਵਿੱਚ ਕਾਬਲ ਦੀ ਲੜਾਈ ਤੇ ਭੇਜੀਆਂ, ਜਿਸ ਸਹਾਇਤਾ ਦੇ ਬਦਲੇ ਰਾਜਾ ਰਘਬੀਰ ਸਿੰਘ ਨੂੰ ਰਾਜਾਏ ਰਾਜਗਾਨ ਦਾ ਖ਼ਿਤਾਬ ਮਿਲਿਆ। ਸਰਦਾਰ ਜਗਤ ਸਿੰਘ ਨੂੰ ਸੀ.ਆਈ.ਈ. ਦਾ ਤੇ ਰਤਨ ਸਿੰਘ ਨੂੰ ਇੱਕ ਕ੍ਰਿਚ ਮਿਲੀ।

## ੪੮. ਸੰਗਰੂਰ ਵਿੱਚ ਵਰਕਸ਼ਾਪ

ਰਾਜਾ ਰਘਬੀਰ ਸਿੰਘ ਇੱਕ ਬੜਾ ਹੀ ਲਾਇਕ ਤੇ ਸਮਝਦਾਰ ਰਈਸ ਸੀ, ਇਸ ਨੇ ਆਪਣੀ ਰਿਆਸਤ ਨੂੰ ਬਹੁਤ ਰੌਣਕ ਦਿੱਤੀ। ਆਪਣੇ ਇਲਾਕੇ ਵਿੱਚ ਨਹਿਰ ਲਿਆਉਣ ਦੇ ਵਾਸਤੇ ਆਪਣਾ ਖ਼ਰਚ

ਦੇਣਾ ਪ੍ਰਵਾਨ ਕੀਤਾ, ਖ਼ਾਸ ਸੰਗਰੂਰ ਵਿੱਚ ਇੱਕ ਕਾਰਖਾਨਾ ਬਣਵਾਯਾ, ਜਿਸ ਵਿੱਚ ਹਰ ਤਰ੍ਹਾਂ ਦੇ ਧੂੰਏਂ ਵਾਲੇ ਇੰਜਨ, ਬਰਫ ਬਨਾਣ ਦੀ ਕਲਾ, ਆਟਾ ਪੀਹਣ ਦੀ ਮਸ਼ੀਨਰੀ ਤੇ ਵਾਟਰ ਵਰਕਸ (ਪਾਣੀ ਦੀ ਕਲਾ) ਦਾ ਸਮਾਨ ਲੱਖਾਂ ਰੁਪਏ ਦੇ ਖ਼ਰਚ ਨਾਲ ਇਕੱਤ੍ਰ ਕੀਤਾ, ਜਿਸ ਦੇ ਨਾਲ ਆਪਣੀ ਰਿਆਸਤ ਦੇ ਸੈਂਕੜੇ ਗ਼ਰੀਬ ਆਦਮੀਆਂ ਦੇ ਰੋਜ਼ਗਾਰ ਦਾ ਪ੍ਰਬੰਧ ਕੀਤਾ।

## ੪੯. ਰਾਜਾ ਰਘਬੀਰ ਸਿੰਘ ਦਾ ਪ੍ਰਬੰਧ ਤੇ ਚਾਲ ਚਲਣ

ਰਾਜਾ ਰਘਬੀਰ ਸਿੰਘ ਸਖ਼ਤ ਸੁਭਾਓ ਦੇ ਸਨ। ਸੁਭਾਓ ਦੀ ਸਖ਼ਤੀ ਨੇ ਇਨਸਾਫ਼ ਤੇ ਦਿਆਨਤਦਾਰੀ ਤੋਂ ਵਧ ਕੇ ਕਦੇ ਵੀ ਕਦਮ ਨਹੀਂ ਰੱਖਿਆ। ਅਸਲ ਗੱਲ ਇਹ ਹੈ ਕਿ ਰਾਜਾ ਰਘਬੀਰ ਸਿੰਘ ਬੜਾ ਹੱਛਾ ਪ੍ਰਬੰਧਕ ਸੀ। ਪ੍ਰਬੰਧਕ ਲਈ ਕਿਸੇ ਕਦਰ ਸਖ਼ਤ ਹੋਣਾ ਜ਼ਰੂਰੀ ਹੈ; ਨਹੀਂ ਤਾਂ ਪ੍ਰਬੰਧ ਹੋਣਾ ਕਠਨ ਹੈ। ਰਾਜਾ ਰਘਬੀਰ ਸਿੰਘ ਦੀ ਰਿਆਸਤ ਦਾ ਪ੍ਰਬੰਧ ਹਿੰਦੁਸਤਾਨ ਭਰ ਵਿੱਚ ਅੱਵਲ ਦਰਜੇ ਤੇ ਸੀ। ਪਹਿਲਾਂ ਇਸ ਰਿਆਸਤ ਦੀ ਆਮਦਨੀ ੯ ਲੱਖ ਰੁਪਇਆ ਸੀ, ਜਿਸ ਨੂੰ ਇਹਨਾਂ ਨੇ ਆਪਣੀ ਯੋਗਤਾ ਨਾਲ ਡੇਉਢੇ ਦੇ ਕਰੀਬ ਕਰ ਦਿੱਤਾ। ਇਹਨਾਂ ਦੀਆਂ ਤਿੰਨ ਰਾਣੀਆਂ ਸੀ, ਇਕ ਬ੍ਰੇਲੀ ਦੇ ਰਾਜਾ ਸ਼ਿਵਦੇਵ ਸਿੰਘ ਦੀ ਲੜਕੀ ਨਾਲ ਜੋ ਛੇਤੀ ਹੀ ਗੁਜ਼ਰ ਗਈ, ਦੂਜੀ ਨਾਰਾਇਣ ਕੌਰ ਜਿਸ ਦੀ ਕੁੱਖ ਵਿੱਚੋਂ ਟਿੱਕਾ ਰਣਬੀਰ ਸਿੰਘ ਉਤਪੰਨ ਹੋਇਆ ਤੇ ਦੋ ਲੜਕੀਆਂ ਜਿਨ੍ਹਾਂ ਵਿੱਚੋਂ ਇੱਕ ਛਛਰੋਲੀ ੧੯੫੩ ਵਿੱਚ ਵਿਆਹੀ ਗਈ, ਇਹ ਸ਼ਾਹਜ਼ਾਦਪੁਰ ਦੇ ਸ਼ਹੀਦ ਸ਼ਿਬ ਕ੍ਰਿਪਾਲ ਸਿੰਘ ਦੀ ਲੜਕੀ ਸੀ, ਤੀਜੀ—ਸਰਦਾਰ ਦੀਦਾਰ ਸਿੰਘ ਰਾਜੋਆਨਾ ਦੀ ਲੜਕੀ ਬਿਸ਼ਨ ਕੌਰ ਸੀ। ਇਸ ਦੇ ਕੋਈ ਸੰਤਾਨ ਨਹੀਂ ਹੋਈ।

## ੫੦. ਟਿੱਕਾ ਬਲਬੀਰ ਸਿੰਘ ਦਾ ਚਲਾਣਾ

ਰਾਜਾ ਰਘਬੀਰ ਸਿੰਘ ਦੀ ਇੱਕ ਲੜਕੀ ਦਾ ਵਿਆਹ ਛਛਰੌਲੀ ਦੇ ਸਰਦਾਰ ਬਿਸ਼ਨ ਸਿੰਘ ਨਾਲ ਹੋਇਆ, ਕਿੰਤੂ ਇਸ ਦੇ ਇੱਕ ਲੜਕੀ ਹੋਈ ਤੇ ਇਹ ਆਪ ਗੁਜ਼ਰ ਗਈ ਜੋ ਹੁਣ ਸਰਦਾਰ ਬਲਵੰਤ ਸਿੰਘ ਅਟਾਰੀ ਵਾਲੇ ਦੇ ਘਰ ਹੈ। ਟਿੱਕਾ ਬਲਬੀਰ ਸਿੰਘ ਜੋ ਬੜਾ ਹੁਸ਼ਿਆਰ ਤੇ ਲਾਇਕ ਸੀ ਸੰ. ੧੯੧੩ ਬਿੱਕ੍ਰਮੀ ਵਿੱਚ ਉਤਪੰਨ ਹੋਇਆ, ਠੀਕ ਭਰ ਜਵਾਨੀ ਦੇ ਵਿੱਚ ੨੫ ਨਵੰਬਰ ੧੮੮੩ ਈ. ਨੂੰ ਚੇਚਕ ਨਾਲ ਚਲਾਣਾ ਕਰ ਗਿਆ।

## ੫੧. ਰਾਜਾ ਰਘਬੀਰ ਸਿੰਘ ਦਾ ਚਲਾਣਾ

ਪੁੱਤਰ ਦੇ ਚਲਾਣੇ ਦਾ ਅਸਰ ਰਾਜਾ ਸਾਹਿਬ ਦੀ ਅਰੋਗਤਾ ਤੇ ਬੜਾ ਬੁਰਾ ਹੋਇਆ। ਆਪ ਬੀਮਾਰ ਹੋ ਕੇ ਜਿਗਰ ਦੀ ਕਿਸੇ ਬੀਮਾਰੀ ਨਾਲ ਦੋ-ਤਿੰਨ ਸਾਲ ਦੇ ਅੰਦਰ ਹੀ ੭ ਮਾਰਚ ੧੮੮੭ ਈ. ਨੂੰ ਚਲਾਣਾ ਕਰ ਗਏ।

## ੫੨. ਕੌਂਸਲ ਆਫ ਰੀਜੈਂਸੀ ਦਾ ਬਣਨਾ

੧੫ ਮਾਰਚ ੧੮੮੭ ਈ. ਨੂੰ ਸਰ ਜੇਮਸ ਲਾਇਲ ਸਾਹਿਬ ਪੁੱਛਣ ਦੇ ਵਾਸਤੇ ਸੰਗਰੂਰ ਆਏ ਤੇ ਓਹਨਾਂ ਨੇ ੫ ਮਈ ੧੮੬੦ ਦੀ ਸਨਦ ਅਨੁਸਾਰ ਰਿਆਸਤ ਦੇ ਪ੍ਰਬੰਧ ਵਾਸਤੇ ਟਿੱਕਾ ਬਲਬੀਰ ਸਿੰਘ ਦੇ ਲੜਕੇ ਰਣਬੀਰ ਸਿੰਘ ਦੇ ਬਾਲਗ ਹੋਣ ਤੱਕ ਦੇ ਸਮੇਂ ਲਈ ਕੌਂਸਲ ਆਫ ਰੇਜੰਸੀ ਨੀਯਤ ਕੀਤੀ, ਜਿਸ ਦੇ ਪ੍ਰਧਾਨ ਸਰਦਾਰ ਰਤਨ ਸਿੰਘ ਵਲਦ ਸਰਦਾਰ ਤਾਰਾ ਸਿੰਘ ਸਾਬਕਾ ਕਮਾਂਡਰ ਇਨ-ਚੀਫ ਰਿਆਸਤ ਜੀਂਦ ਦੀਆਂ ਫੌਜਾਂ ਦੇ ਨੀਯਤ ਹੋਏ, ਤੇ ਮੁਨਸ਼ੀ ਹਰਸਰੂਪ ਜੋ ਮੀਰ ਮੁਨਸ਼ੀ ਰੈਹ ਚੁੱਕੇ ਸਨ ਤੇ ਖਲੀਫਾ ਰਹੀਮ ਬਖ਼ਸ਼ ਅਦਾਲਤੀ ਕੌਂਸਲ ਦੇ ਮੈਂਬਰ ਨੀਯਤ ਹੋਏ।

੩੧ ਮਾਰਚ ੧੮੮੭ ਤੋਂ ਇਸ ਕੌਂਸਲ ਦਾ ਕੰਮ ਸ਼ੁਰੂ ਹੋਇਆ। ਇਸ ਕੌਂਸਲ ਦੀ ਹੁਣ ਤੱਕ ਕੋਈ ਸ਼ਕਾਇਤ ਨਹੀਂ ਸੁਣੀ ਗਈ, ਇਸ ਕੌਂਸਲ ਦੇ ਸਮੇਂ ਦਾ ਕੰਮ ੭੫੦੦੦ ਰੁਪਿਆ ਖਾਲਸਾ ਕਾਲਜ ਨੂੰ ਦੇਣਾ ਹੈ।

## ੫੩. ਟਿੱਕਾ ਰਣਬੀਰ ਸਿੰਘ ਦੀ ਗੱਦੀ ਨਸ਼ੀਨੀ

੨੭ ਫਰਵਰੀ ੧੯੮੮ ਨੂੰ ਟਿੱਕਾ ਰਣਬੀਰ ਸਿੰਘ ਦੇ ਗੱਦੀ ਤੇ ਬੈਠਣ ਦੀ ਰਸਮ ਬੜੀ ਧੂਮ ਧਾਮ ਨਾਲ ਹੋਈ। ਇਸ ਵੇਲੇ ਟਿੱਕੇ ਸਾਹਿਬ ਦੀ ਆਯੂ ੯ ਸਾਲ ਦੀ ਸੀ। ਗੱਦੀ ਨਸ਼ੀਨੀ ਦੀ ਰਸਮ ਹੋਣ ਸਮੇਂ ਸਰ ਜੇਮਸ ਲਾਇਲ ਸਾਹਿਬ ਬਹਾਦਰ ਲਫਟੰਟ ਗਵਰਨਰ ਪੰਜਾਬ ਮਹਾਰਾਜਾ ਪਟਿਆਲਾ, ਨਾਭਾ ਤੇ ਸਤਲੁਜ ਉਸ ਪਾਰ ਦੇ ਕੁਲ ਰਈਸ ਸ਼ਾਮਲ ਸਨ।

ਰਾਜਾ ਰਣਬੀਰ ਸਿੰਘ ਅੰਗਰੇਜ਼ੀ ਤੇ ਫ਼ਾਰਸੀ ਦੇ ਜਾਣੂੰ ਸਨ ਇਨ੍ਹਾਂ ਦੇ ਦੋ ਵਿਆਹ ਹੋਏ ਸਨ।

੧. ਸਰਦਾਰ ਜੀਵਨ ਸਿੰਘ ਬੂੜੀਆਂ ਵਾਲੇ ਦੇ ਘਰ ੧੯੫੧ ਬਿ. ਨੂੰ।


੨. ਜਰਨੈਲ ਹੀਰਾ ਸਿੰਘ ਢਿਲੋਂ ਦੀ ਲੜਕੀ ਨਾਲ ਸੰ. ੧੯੫੨ ਬਿ. ਨੂੰ।

## ੫੪. ਰਿਆਸਤ ਜੀਂਦ ਦਾ ਰਕਬਾ

੧੩ ਲੱਖ ੬੧ ਹਜ਼ਾਰ ੫੫ ਘੁਮਾਂ ਕੁਲ ਰਕਬਾ ਹੈ। ਕੁਲ ਜਮ੍ਹਾਂ ਬੰਦੀ ਹਬੂਬ ਸਮੇਤ ੧੨ ਲੱਖ ੯੬ ਹਜ਼ਾਰ ੪੮੪ ਹੈ ਫੌਜ ਕੰਟਰ ਜੰਟ ਚੋਣਵੇਂ ੭੧੦ ਸਪਾਹੀ ਇਨ੍ਹਾਂ ਦੀ ਤਨਖਾਹ ੬੮੧੧੩) ਰਸਾਲੇ ਦੇ ੧੨੧ ਜ੍ਵਾਨ ਇਨ੍ਹਾਂ ਦੀ ਤਨਖਾਹ ੪੯੨੯੨ ਰੁਪਏ ਹੈ। ਹਸਪਤਾਲ ਮਿਲਟਰੀ ਨੌਕਰਾਂ ਦੀ ਤਨਖਾਹ ੯੯੬ ਰੁਪਏ ਹੈ, ਕੁਲ ਖ਼ਰਚ ੧੯੭੫੦੬ ਰੁਪਏ ਹੋਇਆ।

ਫੌਜ ਦੂਜੀ ੯੯੩ ਆਦਮੀ ਤਨਖਾਹ ੮੯੦੫੨ ਰੁਪਏ ਤੋਪਖਾਨੇ ਦੀ ਤਨਖਾਹ ੪੦੧੮੫) ਪੁਲਸ ਦੇ ੪੦੧ ਸਪਾਹੀ ਹਨ ਤਨਖਾਹ ੩੨੧੭੭) ਹੈ, ਸਿਵਲ ਦੀ ਨਫ਼ਰੀ ੧੪੪੬ ਤਨਖਾਹ ੧੯੫੨੨੪੮) ਰਿਆਸਤ ਜੀਂਦ ਦੀ ਵਸੋਂ ੧੪ ਲੱਖ ਹੈ।

## ੫੫. ਜੀਂਦ ਦਾ ਰਾਜ ਘਰਾਣਾ




*ਜਿਨ੍ਹਾਂ ਦੇ ਨਾਮ ਨਾਲ ਇਹ ਨਿਸ਼ਾਨ ਹੈ ਓਹ ਸੰਤਾਨ ਹੀਨ ਸਨ।

# ਰਿਆਸਤ ਫ਼ਰੀਦਕੋਟ ਦਾ ਹਾਲ

ਇਸ ਰਿਆਸਤ ਦੀ ਹੱਦ ਤਿੰਨਾਂ ਪਾਸਿਆਂ ਤੋਂ ਸਰਕਾਰ ਅੰਗਰੇਜ਼ੀ ਨਾਲ ਤੇ ਇੱਕ ਪਾਸੋਂ ਪਟਿਆਲੇ ਨਾਲ ਮਿਲੀ ਹੋਈ ਹੈ। ਰਕਬਾ ੬੦੦ ਮੁਰੱਬਾ ਮੀਲ ਤੇ ਆਮਦਨੀ ਲਗਭਗ ਤਿੰਨ ਲੱਖ ਅਸ਼ਟਾਮ ਜੁਰਮਾਨਾ ਤੇ ਨੀਲਾਮੀ ਜ਼ਮੀਨਾਂ ਤੇ ਜ਼ਿਮੀਂਦਾਰਾਂ ਤੋਂ ਚਾਰ ਲੱਖ ਰੁਪਿਆ ਹੈ, ਅਰਥਾਤ ਕੁਲ ਆਮਦਨੀ ੭ ਲੱਖ ਰੁਪਏ ਹੈ। ਅਬਾਦੀ ਸੱਤਰ ਹਜ਼ਾਰ ਹੈ। ਰਾਜਾ ਸਾਹਿਬ ਦਾ ਖ਼ਿਤਾਬ ਬੈਰਾੜ ਬੰਸ ਰਾਜਾ ਬਹਾਦਰ ਹੈ। ੧੧ ਤੋਪਾਂ ਦੀ ਸਲਾਮੀ, ੧੧ ਕੱਪੜਿਆਂ ਦੀ ਖਿਲਅਤ ਤੇ ਗਵਰਨਰ ਜਨਰਲ ਦੇ ਦਰਬਾਰ ਵਿੱਚ ੧੩ ਨੰਬਰ ਹੈ। ਇੱਕ ਸਨਦ ੧੨ ਅਪ੍ਰੈਲ ੧੮੬੨ ਈ. ਦੀ ਲਿਖੀ ਹੋਈ ਬੜੀ ਲਾਭਕਾਰੀ ਗਵਰਨਮੈਂਟ ਵੱਲੋਂ ਮਿਲੀ ਹੋਈ ਹੈ, ਜਿਸ ਵਿੱਚ ਮਹਾਰਾਜਾ ਸਾਹਿਬ ਦੀ ਬੇਹੱਦ ਨੇਕਨਾਮੀ ਲਿਖੀ ਹੋਈ ਹੈ।

ਇਸ ਰਿਆਸਤ ਦਾ ਵੱਡਕਾ ਸੰਘਰ ਨਾਮ ਦਾ ਬੜਾ ਬਹਾਦਰ ਜਵਾਂਮਰਦ ਸਰਦਾਰ ਫੂਲ ਤੋਂ ਨੌਵੀਂ ਪੀੜ੍ਹੀ ਤੇ ਜੱਦੀ ਸ਼ਜਰੇ ਵਿੱਚ ਮਿਲਦਾ ਹੈ। ਇਹ ਲੋਕ (ਨਸਲ ਸੰਘਰ) ਸੱਧੂ ਦੇ ਲੜਕੇ ਬੈਰਾੜ ਦੀ ਸੰਤਾਨ ਹੋਣ ਦੇ ਕਾਰਨ ਮਸ਼ਹੂਰ ਹੋ ਗਏ ਹਨ, ਨਹੀਂ ਤਾਂ ਗੋਤ ਇਨ੍ਹਾਂ ਦੀ ਵੀ ਸਿੱਧੂ ਜ਼ਿਮੀਂਦਾਰ ਹੈ। ਇਹ ਬੈਰਾੜ ਜੱਟ ਬਹਾਦਰ ਜਵਾਂਮਰਦ, ਸ਼ਕਤੀਵਾਨ, ਲੜਾਕੇ ਇੱਕ ਆਦਮੀ ਦੀ ਸੰਤਾਨ ਕਈ ਲੱਖ ਆਦਮੀਆਂ ਨਾਲ ਇੱਕ ਜਾਨ ਹੋ ਕੇ ਲੜਨ ਵਾਲੇ ਹਨ। ਭਾਵੇਂ ਦਿੱਲੀ ਦੇ ਬਾਦਸ਼ਾਹ ਦੇ ਖ਼ਜ਼ਾਨੇ ਵਿੱਚ ਕੁਝ ਥੋੜ੍ਹਾ ਜਿਹਾ ਮਾਮਲਾ ਦੇਂਦੇ ਸਨ, ਕਿੰਤੂ ਇਨ੍ਹਾਂ ਦਾ ਰਹਿਣ ਬਹਿਣ ਅਫਗਾਨਿਸਤਾਨ ਦੇ ਸਰਹੱਦੀ ਵਜ਼ੀਰੀ ਤੇ ਆਫਰੀਦੀਆਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਸੀ, ਅਰਥਾਤ ਦੂਜੀ ਪਰਜਾ ਵਾਂਗ ਇਹ ਨਹੀਂ ਮੰਨਦੇ ਸੀ, ਬਲਕਿ ਹਮੇਸ਼ਾਂ ਹੀ ਮੂੰਹ ਤਾਣੇ ਤੇ ਆਕੀ ਸਮਝੇ ਜਾਂਦੇ ਰਹੇ ਹਨ। ਇਸ ਵਾਸਤੇ ਜਦ ਕਦੀ ਮਾਝਾ ਦਵਾਬਾ ਤੇ ਪੰਜਾਬ ਦੇ ਸਿੱਖਾਂ ਨੂੰ ਮੁਸਲਮਾਨਾਂ ਦੇ ਕਰੜੇ ਹੱਥੋਂ ਤਕਲੀਫਾਂ ਪੁੱਜਦੀਆਂ ਸਨ, ਤਦ ਓਹ ਲੋਕ ਝਟ ਆਪਣਾ ਇਲਾਕਾ ਛੱਡ ਕੇ ਮਾਲਵੇ ਵਿੱਚ ਆ ਜਾਂਦੇ ਤੇ ਓਹਨਾਂ ਕਰੜਾਈਆਂ ਦੇ ਦਿਨਾਂ ਨੂੰ ਬੈਰਾੜਾਂ ਦੇ ਜ਼ੇਰ ਸਾਇਆ ਬਿਤਾਂਦੇ ਸਨ, ਜੋ ਤਾਰੀਖ ਸ਼ਮਸ਼ੇਰ ਖਾਲਸਾ ਆਦਿਕ ਤੋਂ ਪ੍ਰਗਟ ਹੈ। ਇੱਥੋਂ ਤਾਈਂ ਕਿ ਜਦ ਕਦੀ ਸ਼ਾਹੀ ਲਸ਼ਕਰ ਇਨ੍ਹਾਂ ਦੇ ਪਿੱਛੇ ਲੱਗਾ, ਤਦ ਇਸ ਮੁਲਕ ਦੀ ਵੱਸੋਂ ਬੈਰਾੜ ਆਦਿਕਾਂ ਦੇ ਹੱਥੋਂ ਤੰਗ ਹੋਏ ਨੁਕਸਾਨ ਉਠਾ ਕੇ ਵਾਪਸ ਜਾਣਾ ਪਿਆ। ਕਿਉਂਕਿ ਇੱਕ ਤਾਂ ਸ਼ਾਹੀ ਲਸ਼ਕਰ ਨੂੰ (ਜਿਸ ਵਿੱਚ ਕਿ ਦਿੱਲੀ ਦੇ ਨਵੇਂ ਢੰਗ ਦੇ ਬਾਂਕੇ ਪਠਾਣ ਆਦਿਕ ਸੁਖ ਰਹਿਣੇ ਲੋਕ ਹੋਂਦੇ ਹਨ) ਇਸ ਮੁਲਕ ਵਿੱਚ ਪਾਣੀ ਦੀ ਤੰਗੀ ਰਹਿੰਦੀ ਸੀ, ਕਿਉਂਕਿ ਪਾਣੀ ਸਿਵਾ ਕਿਸੇ ਕਿਸੇ ਪਿੰਡ ਦੇ ਵਿੱਚ ਖੂਹ ਹੋਣ ਦੇ ਕਿਤੋਂ ਨਹੀਂ ਮਿਲਦਾ ਸੀ ਤੇ ਫਿਰ ਇਹ ਪਾਣੀ ਵੀ ਕੌੜਾ ਤੇ ਲੂਣਾ ਹੋਂਦਾ ਸੀ, ਜਿਸ ਦੇ ਪੀਣ ਨਾਲ ਝਟ ਜੁਲਾਬ ਲਗ ਕੇ ਦੂਜੇ ਜਹਾਨ ਦਾ ਰਾਹ ਦਿਸ ਪੈਂਦਾ ਸੀ। ਇਸ ਮੁਲਕ ਦੇ ਲੋਕ ਜੋ ਕਦੇ ਤਾਲਾਵਾਂ ਦਾ ਪਾਣੀ ਪੀਂਦੇ ਸੀ, ਸ਼ਾਹੀ ਲਸ਼ਕਰੀ ਉਸ ਤੋਂ ਘ੍ਰਿਣਾ ਕਰਦੇ ਸਨ, ਕਿਉਂਕਿ ਓਹਦੇ ਵਿੱਚ ਸੈਂਕੜੇ ਗਊਆਂ ਮੈਂਹਾਂ ਬੈਠਦੀਆਂ ਤੇ ਵਿੱਚ ਪਿਸ਼ਾਬ ਤੇ ਗੋਹਾ ਆਦਿਕ ਕਰਦੀਆਂ ਸਨ। ਦੂਜੇ ਖਾਣ ਦਾ ਹਾਲ ਇਹ ਸੀ ਕਿ ਸਵਾਏ ਮੋਠ ਬਾਜਰੀ, ਛੋਲੇ ਜਵਾਰ ਆਦਿਕ ਦੇ ਕੋਈ ਅਨਾਜ ਨਹੀਂ ਹੋਂਦਾ ਸੀ। ਇਸ ਨੂੰ ਜ਼ਰਦੇ ਤੇ ਪਲਾਓ ਉਡਾਣ ਵਾਲੇ ਮੁਸਲਮਾਨ ਲਸ਼ਕਰੀ ਕਦ ਪਸੰਦ ਕਰਦੇ ਸਨ? ਤੀਜਾ ਬੈਰਾੜ ਲੋਕ ਜੋ ਲੁੱਟ ਮਾਰ ਤੇ ਤਬਾਹੀ ਕਰਨ ਵਿੱਚ ਪੂਰੇ ਉਸਤਾਦ ਸਨ, ਸ਼ਾਹੀ ਫੌਜ ਨੂੰ ਚਾਰੇ ਪਾਸਿਆਂ ਤੋਂ ਘੇਰ ਕੇ ਲੁੱਟਣਾ ਸ਼ੁਰੂ ਕਰ ਦੇਂਦੇ ਸਨ, ਜਿਸ ਤੋਂ ਲਸ਼ਕਰੀਆਂ ਦਾ ਤੰਗ ਆ ਕੇ ਨੱਕ ਵਿੱਚ ਸਾਹ ਆ ਜਾਂਦਾ ਸੀ। ਇਸ ਕਰ ਕੇ ਸ਼ਾਹੀ ਲਸ਼ਕਰ ਬੈਰਾੜ ਬਹਾਦਰਾਂ ਦੇ ਦੇਸ ਵਿੱਚ ਠਹਿਰ ਨਹੀਂ ਸਕਦਾ ਸੀ ਤੇ ਝਟਪਟ ਵਾਪਸ ਮੁੜ ਜਾਂਦਾ ਸੀ।

## ੧. ਸੰਘਰ ਦਾ ਸਮਾਂ

ਭਾਵੇਂ ਬੈਰਾੜ ਦੇ ਪੁੱਤ੍ਰ ਤੋਪੋੜ, ਦੁਲ ਸਾਵਲ, ਪੀਪਲੂ, ਦੋਧਰੂ, ਸਾਇਰੂ, ਆਦਿਕ ਅੱਠ ਨੌਂ ਸੀ, ਕਿੰਤੂ ਦੁਲ ਇਹਨਾਂ ਸਾਰਿਆਂ ਵਿੱਚੋਂ ਵਧ ਕੇ ਬਹਾਦਰ, ਦਲੇਰ, ਨਿਡਰ ਤੇ ਸਖੀ ਸੀ। ਇਨ੍ਹਾਂ ਹੱਛੇ ਗੁਣਾਂ ਦਾ ਕਾਰਨ ਹੀ ਇਸ ਦੀ ਬੈਰਾੜਾਂ ਵਿੱਚ ਸਰਦਾਰੀ ਬਣੀ ਹੋਈ ਸੀ। ਇਸ ਦੇ ਚਲਾਣੇ ਮਗਰੋਂ ਓਸ ਦਾ ਪੋਤਾ ਸੰਘਰ ਆਪਣੀ ਕੌਮ ਦਾ ਬੜਾ ਸਮਝਦਾਰ ਬਹਾਦਰ ਤੇ ਮਸ਼ਹੂਰ ਸਰਦਾਰ ਹੋਇਆ।

੧੫੮੨ ਬਿਕ੍ਰਮੀ ਨੂੰ ਜਦ ਬਾਬਰ ਬਾਦਸ਼ਾਹ ਨੇ ਹਿੰਦੁਸਤਾਨ ਤੇ ਕਬਜ਼ਾ ਕਰਨ ਲਈ ਹਮਲਾ ਕੀਤਾ, ਓਸ ਵੇਲੇ ਪਠਾਣਾਂ ਦੇ ਹੱਥੋਂ ਤੰਗ ਹੋ ਕੇ ਸੰਘਰ ਨੂੰ ਜਾ ਕੇ ਮਿਲਿਆ ਤੇ ਕਈ ਹਜ਼ਾਰ ਸੂਰਮੇ ਬੈਰਾੜ ਨਾਲ ਲੈ ਪਾਨੀਪਤ ਦੇ ਮੈਦਾਨ ਵਿੱਚ ਲੜਾਈ ਕਰ ਬਾਬਰ ਨੂੰ ਫਤਹ ਦਵਾ ਕੇ ਦਿੱਲੀ ਦੇ ਤਖ਼ਤ ਤੇ ਬਿਠਾ ਦਿੱਤਾ। ਸੰਘਰ ਇਸੇ ਲੜਾਈ ਵਿੱਚ ਮਾਰਿਆ ਗਿਆ, ਕਿੰਤੂ ਬਾਬਰ ਨੇ ਸੰਘਰਾਂ ਦੇ ਅਹਿਸਾਨ ਨੂੰ ਨਾ ਭੁਲਾਇਆ। ਸੰਘਰ ਦੇ ਪੁੱਤਰ ਭਲਨ ਨੂੰ ਇੱਕ ਖਿਲਅਤ ਦੇ ਕੇ ਇਸ ਇਲਾਕੇ ਦੇ ਬੈਰਾੜ ਦਾ ਸਰਦਾਰ ਤੇ ਬਾਜਗੁਜ਼ਾਰ ਚੌਧਰੀ ਬਣਾ ਦਿੱਤਾ, ਜਿਸ ਤੋਂ ਇਸ ਦੀ ਇੱਜ਼ਤ ਦੂਜੇ ਚੌਧਰੀਆਂ ਨਾਲੋਂ ਬਹੁਤ ਸੀ॥

## ੨. ਭੱਲਣ ਦਾ ਜ਼ਮਾਨਾ

ਬੈਰਾੜ ਲੋਕ ਭਲਣ ਦੇ ਰਾਜ ਵਿੱਚ ਬੜੇ ਖ਼ੁਸ਼ ਸਨ। ਕਿੰਤੂ ਮੰਜ, ਪਚਾਧੇ, ਭੱਟੀ ਕੌਮ ਤੇ ਹੋਰ ਮੁਸਲਮਾਨ ਇਹਦੇ ਨਾਲ ਦੁਸ਼ਮਣੀ ਰੱਖਦੇ ਸਨ, ਜਿਸ ਦਾ ਸਿੱਟਾ ਇਹ ਹੋਇਆ ਕਿ ਮਨਸੂਰ ਖਾਂ ਭੱਟੀ ਨੇ ਅਕਬਰ ਬਾਦਸ਼ਾਹ ਨਾਲ ਆਪਣੀ ਭੈਣ ਦਾ ਵਿਆਹ ਕਰ ਕੇ ਦਿੱਲੀ ਦਰਬਾਰ ਵਿੱਚ ਰਸੂਖ ਬਣਾਇਆ ਤੇ ਜ਼ੋਰ ਪਾ ਕੇ ਭਲਣ ਦੇ ਬਹੁਤ ਸਾਰੇ ਪਿੰਡਾਂ ਤੇ ਕਬਜ਼ਾ ਕਰ ਲਿਆ, ਜਿਸ ਕਰ ਕੇ ਬੈਰਾੜ ਤੇ ਮੁਸਲਮਾਨਾਂ ਦੇ ਵਿੱਚ ਜੰਗ ਰਹਿਣ ਲੱਗਾ ਜਦ ਸਰਹੰਦ ਦੇ ਸੂਬੇ ਨੇ ਵੇਖਿਆ ਕਿ ਬੈਰਾੜਾਂ ਤੇ ਮੁਸਲਮਾਨਾਂ ਦਾ ਮਿਲਾਪ ਕਰਨਾ ਮੇਰੇ ਵਸ ਤੋਂ ਬਾਹਰ ਦੀ ਗੱਲ ਹੈ ਤਦ ਇਸ ਨੇ ਦੋਹਾਂ ਧਿਰਾਂ ਦਾ ਚਲਾਣ ਕਰ ਕੇ ਦਿੱਲੀ ਭੇਜ ਦਿੱਤਾ। ਚੌਧਰੀ ਭਲਨ ਹੌਸਲੇ ਤੇ ਬਹਾਦਰੀ ਵਿੱਚ ਆਪਣੇ ਵਡਿਆਂ ਨਾਲੋਂ ਕੁਝ ਘੱਟ ਨਹੀਂ ਸੀ। ਇਸ ਬਹਾਦਰ ਦੀ ਰਗ ਰਗ ਦੇ ਵਿੱਚ ਆਪਣੀ ਪੂਰੀ ਜਵਾਂਮਰਦੀ, ਬਹਾਦਰੀ, ਦਲੇਰੀ ਤੇ ਸਿਆਣਪ ਠਾਠਾਂ ਮਾਰ ਰਹੀ ਸੀ। ਸੋ ਜਿਸ ਵੇਲੇ ਅਕਬਰ ਦੇ ਦਰਬਾਰ ਵਿੱਚ ਫ਼ੈਸਲਾ ਹੋ ਕੇ ਚੌਧਰਾਇਤ ਦੀ ਦਸਤਾਰ ਮਨਸੂਰ ਨੂੰ ਬੰਧਵਾਈ ਗਈ, ਤਦ ਭਲਨ ਨੇ ਜੋ ਬੜਾ ਬਹਾਦਰ, ਦਲੇਰ ਤੇ ਨਿਡਰ ਆਦਮੀ ਸੀ ਝੱਟ ਮਨਸੂਰ ਦੇ ਸਿਰ ਤੋਂ ਲਾਹ ਕੇ ਆਪਣੇ ਸਿਰ ਤੇ ਬੰਨ੍ਹ ਲਈ। ਭਲਨ ਦੀ ਸ਼ੇਰ ਵਾਲੀ ਚਲਾਕੀ ਵੇਖ ਕੇ ਦਰਬਾਰੀ ਅਹਿਲਕਾਰ ਤੇ ਬਾਦਸ਼ਾਹ ਹੈਰਾਨ ਰਹਿ ਗਏ। ਮਨਸੂਰ ਖਾਂ ਸ਼ਰਮ ਦੇ ਮਾਰੇ ਪਾਣੀ-ਪਾਣੀ ਹੋ ਗਿਆ ਤੇ ਆਪਣੇ ਕ੍ਰੋਧ ਨੂੰ ਦਬਾ ਨਾ ਸਕਿਆ ਤੇ ਭਲਨ ਤੋਂ ਦਸਤਾਰ ਲੈਣੀ ਚਾਹੀ, ਜਿਸ ਤੇ ਮਾਮਲਾ ਵਧ ਗਿਆ ਤੇ ਗਾਲੀ ਗਲੋਚ ਹੋਣ ਦੇ ਮਗਰੋਂ ਆਪੋ ਵਿੱਚ ਜਫਗੜਫੀ ਹੋ ਗਈ, ਜਿਸ ਤੇ ਦਰਬਾਰੀ ਤੇ ਬਾਦਸ਼ਾਹ ਸਾਰੇ ਹੱਸ ਪਏ ਤੇ ਭਲਣ ਮਨਸੂਰ ਖਾਂ ਨੂੰ ਹੇਠ ਸੁੱਟ ਕੇ ਓਹਦੀ ਛਾਤੀ ਤੇ ਬੈਠਾ। ਬਸ ਫਿਰ ਕੀ ਸੀ? ਬਾਦਸ਼ਾਹ ਨੇ ਵੀ ਫ਼ੈਸਲਾ ਇਨਸਾਫ਼ ਦੇ ਨਾਲ ਇਹੀ ਦਿੱਤਾ ਕਿ ਜਿੰਨਾ ਜਿੰਨਾ ਮਾਮਲਾ ਜਿਸ ਵੱਲ ਹੈ, ਦੋਨਾਂ ਨੂੰ ਵੰਡ ਕੇ ਚੌਧਰੀ ਕਰ ਦਿੱਤਾ ਜਾਏ, ਸੋ ਅਜਿਹਾ ਹੀ ਹੋ ਗਿਆ, ਇਸੇ ਤਰ੍ਹਾਂ ਦੇ ਹੋਰ ਕਈ ਬਹਾਦਰੀ ਤੇ ਵਾਕਿਆਤ ਜੋ ਇਸ ਬਹਾਦਰ ਸਰਦਾਰ ਦੇ ਹੋਏ ਬੈਰਾੜ ਲੋਕ ਹੁਣ ਤੱਕ ਓਹਨਾਂ ਦੇ ਗੀਤ ਗਾਉਂਦੇ ਹਨ, ਜਿਹਾ ਕਿ:

ਬਾਦਸ਼ਾਹ ਅਮੀਰ ਸਬ ਰਹੈ ਹੈਰਾਨ ਨਿਹਾਰ,
ਭਲਣ ਚੀਰਾ ਫਾੜਿਆ ਅਕਬਰ ਦੇ ਦਰਬਾਰ।

ਜਦ ਚੌਧਰੀ ਭਲਣ ੧੭੦੯ ਬਿਕ੍ਰਮੀ ਨੂੰ ਚਲਾਣਾ ਕਰ ਗਿਆ ਤਦ ਓਹਦਾ ਨਿੱਕਾ ਭਰਾ ਲਾਲਾ ਚੌਧਰੀ ਬਣਿਆ। ਇਸ ਨੇ ਵੀ ਆਪਣੇ ਮੁਲਕ ਦੀ ਉੱਨਤੀ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ। ਅੰਤ ਨੂੰ ਜਦ ੨੦ ਸਾਲ ਦੇ ਮਗਰੋਂ ਇਸ ਨੇ ਇਸ ਦੁਨੀਆਂ ਤੋਂ ਕੂਚ ਕੀਤਾ। ਤਦ

ਲਾਲਾ ਦਾ ਪੁੱਤ੍ਰ ਕਪੂਰ ਓਹਦੀ ਜਗ੍ਹਾ ਚੌਧਰੀ ਬਣਾਇਆ ਗਿਆ। ਇਹ ਪ੍ਰਤਾਪਵਾਨ ਬੜਾ ਸਮਝਦਾਰ, ਦਲੇਰ ਦੇ ਦ੍ਰਿੜ੍ਹ ਸੰਕਲਪ ਵਾਲਾ ਸੀ। ਆਪਣੇ ਇਨ੍ਹਾਂ ਗੁਣਾਂ ਦੇ ਕਾਰਨ ਦਿੱਲੀ ਦਰਬਾਰ ਤੇ ਸਰਹੰਦ ਦੇ ਹਾਕਮਾਂ ਨਾਲ ਜਾਨ ਪਛਾਣ ਬਣਾ ਲਈ ਤੇ ਆਪਣੀ ਰਿਆਸਤ ਨੂੰ ਬਹੁਤ ਵਧਾਇਆ। ਕੌਮ, ਮੰਜ, ਭੱਟੀ, ਖਰਲ, ਪਚਾਧੇ ਤੇ ਬੋਦਲੇ ਆਦਿਕ ਮੁਸਲਮਾਨਾਂ ਤੇ ਇੰਨਾ ਰੋਅਬ ਪਾਇਆ ਕਿ ਸਾਰਿਆਂ ਦਾ ਸਰਦਾਰ ਬਣ ਗਿਆ। ਸੰਮਤ ੧੭੩੮ ਬਿਕ੍ਰਮੀ ਮੁਤਾਬਕ ੧੬੬੧ ਈ. ਵਿੱਚ ਆਪਣੇ ਨਾਮ ਤੇ ਕੋਟਕਪੂਰਾ ਵਸਾ ਕੇ ਆਪਣੀ ਰਾਜਧਾਨੀ ਬਣਾਈ ਜਿੱਥੇ ਹਰ ਪੇਸ਼ੇ ਤੇ ਕੰਮਾਂ ਦੇ ਆਦਮੀਆਂ ਨੂੰ ਸਹਾਇਤਾ ਦੇ ਕੇ ਆਬਾਦ ਕੀਤਾ, ਜਿਸ ਤੋਂ ਇਹ ਸ਼ਹਿਰ ਬੜਾ ਬਾਰੌਣਕ ਹੋ ਗਿਆ।

## ੩. ਚੌਧਰੀ ਕਪੂਰੇ ਦਾ ਪ੍ਰਤਾਪ ਤੇ ਚਲਾਣਾ

ਚੌਧਰੀ ਕਪੂਰੇ ਦੇ ਐਸ਼ਵਰਜ ਪ੍ਰਤਾਪ ਨੂੰ ਵਧਦਾ ਵੇਖ ਕੇ ਇਲਾਕਾ ਥਾੜ ਦੇ ਮੁਸਲਮਾਨ ਸਰਦਾਰ ਈਸਾ ਖਾਂ ਆਦਿਕ ਬੜੇ ਸੜਨ ਲੱਗੇ, ਓਹਨਾਂ ਕਈ ਵੇਰ ਹਮਲੇ ਕੀਤੇ, ਕਿੰਤੂ ਆਪਣੀ ਬਰਾਦਰੀ ਦੀ ਸਹਾਇਤਾ ਤੇ ਸਰਹੰਦ ਦੇ ਸੂਬੇ ਦੀ ਮੇਹਰਬਾਨੀ ਨਾਲ ਉਹ ਸਦਾ ਹਾਰ ਖਾ ਕੇ ਵਾਪਸ ਜਾਂਦੇ ਰਹੇ। ਜਦ ੧੭੬੧ ਬਿ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਨੰਦਪੁਰ ਛੱਡ ਕੇ ਮੁਲਕ ਵਿੱਚ ਆਏ ਤੇ ਉਹਨਾਂ ਨੂੰ ਖ਼ਬਰ ਮਿਲੀ ਕਿ ਵਜ਼ੀਰ ਖਾਂ ਸੂਬਾ ਸਰਹੰਦ ਦੂਜੀ ਵੇਰ ਫਿਰ ਇਨ੍ਹਾਂ ਤੇ ਚੜ੍ਹਾਈ ਕਰਨ ਵਾਲਾ ਹੈ ਤੇ ਜੰਗੀ ਸਾਮਾਨ ਇਕੱਠਾ ਕਰ ਰਿਹਾ ਹੈ ਤਦ ਉਹਨਾਂ ਨੇ ਸੂਬੇ ਦਾ ਟਾਕਰਾ ਕਰਨ ਲਈ ਜਾਂਦੇ ਹੋਏ ਕੋਟਕਪੂਰੇ ਮੁਕਾਮ ਕੀਤਾ ਤੇ ਕਪੂਰੇ ਪਾਸੋਂ ਕਿਲ੍ਹਾ ਮੰਗਿਆ, ਜਿਸ ਤੇ ਕਪੂਰੇ ਇਹ ਜਵਾਬ ਦਿੱਤਾ ਕਿ ਤੁਸੀਂ ਭਾਵੇਂ ਸਾਡੇ ਗੁਰੂ ਹੋ ਕਿੰਤੂ।

## ੪. ਰੱਬ ਨੇੜੇ ਕਿ ਡੰਡਾ

ਅਸੀਂ ਤੁਰਕਾਂ ਦੇ ਅਧੀਨ ਹਾਂ, ਤੁਹਾਨੂੰ ਮਦਦ ਦੇਣ ਦੇ ਅਪਰਾਧ ਵਿੱਚ ਉਹ ਸਾਨੂੰ ਫਾਂਸੀ ਦੇ ਕੇ ਮਾਰ ਦੇਵੇਗਾ ਤੇ ਸਾਰਾ ਮਾਲ ਧਨ ਲੁੱਟ ਕੇ ਬੇਘਰਾ ਕਰ ਦੇਵੇਗਾ। ਜੇ ਆਪ ਫਤਹਯਾਬ ਹੋਣ ਦਾ ਖ਼ਿਆਲ ਰੱਖਦੇ ਹੋ, ਤਦ ਆਨੰਦਪੁਰ ਹੀ ਬੈਠੇ ਰਹਿੰਦੇ। ਹੁਣ ਆਨੰਦਪੁਰ ਛੱਡ ਕੇ ਖਾਹ ਮਖਾਹ ਮੇਰੇ ਤਬਾਹੀ ਕਰਨ ਵਿੱਚ ਕੀ ਫਾਇਦਾ ਹੈ? ਜੇ ਤੁਸਾਂ ਲੜਾਈ ਕਰਨੀ ਹੈ ਤਦ ਕਿਸੇ ਹੋਰ ਥਾਂ ਕਰ ਲਓ।

ਇਹ ਇਸ ਤਰ੍ਹਾਂ ਦਾ ਬੇਰੁਖੀ ਦਾ ਉੱਤਰ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਅਸੀਂ ਤਾਂ ਹੋਰ ਜਗ੍ਹਾ ਜੰਗ ਕਰਾਂਗੇ ਹੀ, ਕਿੰਤੂ ਤੇਰੀ ਨੀਯਤ ਦਾ ਫ਼ਲ ਤੈਨੂੰ ਫਾਂਸੀ* ਤੇ ਬਰਬਾਦੀ ਮਿਲੇਗਾ। ਸੋ ਗੁਰੂ ਜੀ ਨੇ ਤਾਂ ਮੁਕਤਸਰ ਦੇ ਜੰਗਲ ਵਿੱਚ ਜਾ ਕੇ ਜੰਗ ਕੀਤਾ ਤੇ ਫਤਹ ਪਾਈ ਕਿੰਤੂ ਚੌਧਰੀ ਦਾ ਦਿਲੀ ਦੁਸ਼ਮਣ ਈਸਾ ਖਾਂ ਕੁਝ ਸਾਲ ਮਗਰੋਂ ੧੭੫੬ ਬਿ. ਵਿੱਚ ਇਸ ਦੇ ਨਾਲ ਬਾਹਰੋਂ ਦੋਸਤੀ ਕਰ ਕੇ ਆਪਣੇ ਘਰ ਕੋਟ ਈਸਾ ਵਿੱਚ ਲੜਕੇ ਦੇ ਵਿਆਹ ਦੇ ਮੌਕੇ ਤੇ ਲੈ ਗਿਆ ਤੇ ਦਗੇ ਨਾਲ ਫਾਂਸੀ ਦੇ ਕੇ ਕਪੂਰੇ ਨੂੰ ਮਾਰ ਦਿੱਤਾ।

## ੫. ਸਖੀਏ ਦਾ ਸਮਾਂ

ਜਦ ਕਪੂਰੇ ਦੇ ਚਲਾਣੇ ਦੀ ਖ਼ਬਰ ਕੋਟਕਪੂਰੇ ਜੋ ਉਹਦੀ ਰਾਜਧਾਨੀ ਸੀ, ਪੁੱਜੀ ਤਦ ਉਹਦਾ ਵੱਡਾ ਲੜਕਾ ਸਖੀਆ ਚੌਧਰੀ ਬਣਿਆ। ਇਹ ਆਦਮੀ ਬੜਾ ਬਹਾਦਰ, ਦਲੇਰ ਤੇ ਵੱਡੇ ਹੌਸਲੇ ਵਾਲਾ ਸੀ, ਜਿਸ ਨੇ ਚੌਧਰੀ ਹੁੰਦੇ ਹੀ ਆਪਣੀ ਬਰਾਦਰੀ ਦੇ ਨਾਲ ਈਸਾ ਖਾਂ ਨੂੰ ਜਾ ਘੇਰਿਆ ਤੇ ਲੜਾਈ ਕਰ ਕੇ ਈਸਾ ਖਾਂ ਨੂੰ ਫੜ ਲਿਆ। ਉਹਦਾ ਸਾਰਾ ਘਰ ਬਾਹਰ ਲੁੱਟ ਕੇ ਉਹਨੂੰ ਕਤਲ ਕਰ ਕੇ

*ਕਈ ਲੋਕ ਸ਼ੰਕਾ ਕਰਦੇ ਹਨ ਕਿ ਜਦ ਗੁਰੂ ਜੀ ਨੇ "ਹਮਾਂ ਕੌਮ ਬੈਰਾੜ ਹੁਕਮੇ ਮਰਾਸਤ" ਔਰੰਗਜ਼ੇਬ ਨੂੰ ਲਿਖਿਆ ਤਦ ਕਪੂਰੇ ਨੂੰ ਸਰਾਪ ਕਿਉਂ ਦਿੱਤਾ? ਅਸਲ ਗੱਲ ਇਹ ਹੈ ਕਿ ਚੌਧਰੀ ਕਪੂਰੇ ਬਿਨਾਂ ਬਾਕੀ ਸਾਰੀ ਬੈਰਾੜ ਕੌਮ ਗੁਰੂ ਜੀ ਦੇ ਹੁਕਮ ਵਿੱਚ ਸੀ। ਕੋਟਕਪੂਰੇ ਤੇ ਉਹਨਾਂ ਮੁਕਤਸਰ ਦੇ ਜੰਗ ਵਿੱਚ ਗੁਰੂ ਜੀ ਦੇ ਨਾਲ ਹੋ ਕੇ ਲੜਾਈ ਕੀਤੀ ਤੇ ਅਜੇਹੇ ਕਰੜਾਈ ਦੇ ਸਮੇਂ ਜਦ ਸਰਹੰਦ ਦਾ ਸੂਬਾ ਚੜ੍ਹਾਈ ਕਰਨ ਵਾਲਾ ਸੀ ਤੇ ਗੁਰੂ ਜੀ ਦਾ ਮਨਤੱਵ ਹਿੰਦੂ ਧਰਮ ਤੇ ਦੇਸ ਰੱਖਿਆ ਕਰਨ ਤੋਂ ਸਿਵਾ ਕੁੱਝ ਨਹੀਂ ਸੀ, ਇਸ ਤਰ੍ਹਾਂ ਦਾ ਕੋਰਾ ਜਵਾਬ ਦੇਣਾ ਉਹਨੂੰ ਦੰਡਤ ਬਣਾ ਗਿਆ।

ਆਪਣੇ ਬਾਪ ਦਾ ਬਦਲਾ ਲਿਆ ਤੇ ਦਿਲ ਠੰਢਾ ਕੀਤਾ, ਜਿਸ ਤੋਂ ਇਸ ਦੀ ਬਹਾਦਰੀ ਦਾ ਡੰਕਾ ਸਾਰੇ ਮੁਲਕ ਵਿੱਚ ਵਜ ਗਿਆ। ਇਸ ਤੋਂ ਸਖੀਏ ਦਾ ਹੌਸਲਾ ਇੰਨਾ ਵਧ ਗਿਆ ਕਿ ਉਹਨੇ ਤਲਵਾਰ ਦੇ ਜ਼ੋਰ ਨਾਲ ਈਸਾ ਖਾਂ ਦਾ ਬਹੁਤ ਸਾਰਾ ਇਲਾਕਾ ਆਪਣੇ ਕਬਜ਼ੇ ਵਿੱਚ ਕਰ ਲਿਆ। ਬੈਹਕਾਂ ਵਾਲੇ ਬੋਦਲੇ ਭੱਟੀ ਤੇ ਪਚਾਦਿਆਂ ਨੂੰ ਆਪਣੇ ਅਧੀਨ ਕਰ ਕੇ ਕੜਮਾ, ਭਟੂ, ਮਮਦੂ ਆਦਿਕ ਪ੍ਰਗਨਿਆਂ ਤੇ ਵੀ ਆਪਣਾ ਕਬਜ਼ਾ ਕਰ ਲਿਆ, ਜਿਨ੍ਹਾਂ ਵਿੱਚੋਂ ਰੋੜੀ, ਮਤਾ, ਦੋਦ, ਕਾਉਨੀ, ਆਦਿਕ ਪਿੰਡ ਆਪਣੇ ਨਿੱਕੇ ਭਰਾ ਮੁਖੀਏ ਨੂੰ ਦੇ ਕੇ ਅੱਡ ਕਰ ਦਿੱਤਾ, ਜਿੱਥੇ ਹੁਣ ਤੱਕ ਉਹਦੀ ਸੰਤਾਨ ਵੱਸਦੀ ਹੈ। ਇਸ ਤੋਂ ਨਿੱਕਾ ਭਰਾ ਸਜਾ ਪਹਿਲਾਂ ਹੀ ਮਰ ਚੁੱਕਾ ਸੀ, ੧੭੭੩ ਬਿ. ਨੂੰ ਸਖੀਏ ਨੇ ਕੋਟਸਖੀਏ ਨੂੰ ਵਧਾਇਆ।

## ੬. ਸਰਦਾਰ ਜੋਧ ਸਿੰਘ ਦੀ ਸਰਦਾਰੀ

੧੭੯੯ ਬਿ. ਨੂੰ ਜਦ ਸਖੀਆ ਚਲਾਣਾ ਕਰ ਗਿਆ ਤਦ ਉਹਦਾ ਬੇਟਾ ਸਰਦਾਰ ਜੋਧ ਸਿੰਘ ਗਦੀ ਤੇ ਬੈਠਾ। ਉਸ ਸਮੇਂ ਵਿੱਚ ਮੁਸਲਮਾਨੀ ਸਲਤਨਤ ਨੂੰ ਮਰਹੱਟੇ ਤੇ ਸਿੱਖਾਂ ਨੇ ਤਬਾਹ ਕਰ ਦਿੱਤਾ ਸੀ। ਹਰ ਸੂਬਾ ਸੁਤੰਤਰ ਹੁੰਦਾ ਜਾਂਦਾ ਸੀ। ਸਰਦਾਰ ਜੋਧ ਸਿੰਘ ਵੀ ਬੈਰਾੜਾਂ ਦਾ ਸੁਤੰਤਰ ਸਰਦਾਰ ਹੋ ਕੇ ਰਾਜ ਕਰਨ ਲੱਗਾ, ਕਿੰਤੂ ਇਨ੍ਹਾਂ ਦੇ ਭਰਾ ਹੀਰਾ ਤੇ ਹਮੀਰਾ ਨੇ ਇਸ ਤੋਂ ਨਾਰਾਜ਼ ਹੋ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਝੰਡਾ ਸਿੰਘ ਦੇ ਪਾਸ ਜਾ ਕੇ ਰਿਆਸਤ ਦੀ ਵੰਡ ਵਾਸਤੇ ਕਿਹਾ ਤੇ ਇਨ੍ਹਾਂ ਨੂੰ ਸਰਦਾਰ ਜੋਧ ਸਿੰਘ ਤੇ ਚੜ੍ਹਾ ਲਿਆਏ, ਜਿਨ੍ਹਾਂ ਨੇ ਇਨ੍ਹਾਂ ਤਿੰਨਾਂ ਭਰਾਵਾਂ ਨੂੰ ਸਿੰਘ ਸਜਾ ਕੇ ਸੁਲਾਹ ਕਰਾ ਦਿੱਤੀ। ਪ੍ਰਗਣਾ ਮਾੜੀ ਬੀਰ ਸਿੰਘ ਨੂੰ ਤੇ ਪ੍ਰਗਣਾ ਫਰੀਦਕੋਟ ਹਮੀਰ ਸਿੰਘ ਨੂੰ ਦਵਾ ਕੇ ਕੋਟਕਪੂਰੇ ਦਾ ਇਲਾਕਾ ਜੋਧ ਸਿੰਘ ਨੂੰ ਦੇ ਦਿੱਤਾ, ਜਿਸ ਤੋਂ ਫਰੀਦਕੋਟ ਇੱਕ ਵੱਖਰੀ ਰਿਆਸਤ ਹੋ ਗਈ।

ਸੰਮਤ ੧੮੧੬ ਬਿਕ੍ਰਮੀ ਨੂੰ ਸਰਦਾਰ ਜੋਧ ਸਿੰਘ ਨੇ ਇੱਕ ਹੋਰ ਕਿਲ੍ਹਾ ਕੋਟਕਪੂਰਾ ਵਿੱਚ ਬਣਵਾਇਆ, ਜੋ ਹੁਣ ਤੱਕ ਮੌਜੂਦ ਹੈ। ਸਰਦਾਰ ਜੋਧ ਸਿੰਘ ਦੇ ਸਮੇਂ ਕੋਟਕਪੂਰੇ ਦੀ ਰੌਣਕ ਘਟ ਗਈ, ਸਾਰੇ ਕ੍ਰਿਤੀ ਕੋਟਕਪੂਰਾ ਛੱਡ ਕੇ ਲਾਹੌਰ, ਅੰਮ੍ਰਿਤਸਰ ਤੇ ਪਟਿਆਲੇ ਚਲੇ ਆਏ।

ਸਰਦਾਰ ਜੋਧ ਸਿੰਘ ਦੀ ਮਹਾਰਾਜਾ ਪਟਿਆਲਾ ਨਾਲ ਸਦਾ ਹੀ ਅਣਬਣ ਰਹਿੰਦੀ ਸੀ। ਰਾਜਾ ਅਮਰ ਸਿੰਘ ਪਟਿਆਲੇ ਵਾਲਾ ਕਿਸੇ ਸਮੇਂ ਦੀ ਉਡੀਕ ਵਿੱਚ ਚੁੱਪ ਚਾਪ ਬੈਠਾ ਰਿਹਾ। ੧੮੨੮ ਬਿਕ੍ਰਮੀ ਨੂੰ ਜੋਧ ਸਿੰਘ ਨੇ ਬਹੁਤ ਸਾਰੇ ਬੈਰਾੜਾਂ ਨੂੰ ਨਾਲ ਲੈ ਕੇ ਪਟਿਆਲੇ ਦੇ ਬਹੁਤ ਸਾਰੇ ਪਿੰਡਾਂ ਤੇ ਕਬਜ਼ਾ ਕਰ ਲਿਆ, ਜਿਸ ਤੋਂ ਰਾਜਾ ਅਮਰ ਸਿੰਘ ਨੂੰ ਦਿਲ ਦਾ ਗੁਬਾਰ ਕੱਢਣ ਲਈ ਚੰਗਾ ਮੌਕਾ ਮਿਲ ਗਿਆ। ਪਟਿਆਲੇ ਦੇ ਨਾਨੂ ਮੱਲ ਨੂੰ ਨਾਲ ਲੈ ਕੇ ਪਹਿਲਾਂ ਤਾਂ ਜਲਾਲ ਨਾਮ ਦੇ ਪਿੰਡ ਜੋ ਜੋਧ ਸਿੰਘ ਨੇ ਕਬਜ਼ੇ ਵਿੱਚ ਕਰ ਲਏ ਸੇ, ਵਾਪਸ ਲੈ ਲਏ। ਫਿਰ ਕੋਟ ਕਪੂਰੇ ਤੇ ਹਮਲਾ ਕਰਨ ਵਾਸਤੇ ਕੋਟਕਪੂਰੇ ਤੋਂ ਪੰਜ ਮੀਲ ਦੀ ਵਿੱਥ ਤੇ ਜਾ ਡੇਰਾ ਲਾਇਆ। ਅਚਣਚੇਤ ਜੋਧ ਸਿੰਘ ਡੂਢ ਸੌ ਸਵਾਰਾਂ ਦੇ ਨਾਲ ਸ਼ਿਕਾਰ ਖੇਡਣ ਉਧਰ ਆ ਗਿਆ। ਨਾਨੂ ਮੱਲ ਨੇ ਖ਼ਬਰ ਪਾ ਕੇ ਓਹਨੂੰ ਸ਼ਿਕਾਰ ਦੇ ਵਿੱਚ ਹੀ ਜਾ ਘੇਰਿਆ। ਇਸ ਵਿੱਚ ਸ਼ੱਕ ਨਹੀਂ ਕਿ ਜੋਧ ਸਿੰਘ ਤੇ ਉਹਦੇ ਸਾਥੀਆਂ ਨੇ ਬੜੀ ਬਹਾਦਰੀ ਨਾਲ ਤੀਰਾਂ ਦਾ ਜੰਗ ਕੀਤਾ। ਅੰਤ ਨੂੰ ਜੋਧ ਸਿੰਘ ਮਾਰਿਆ ਗਿਆ, ਫੌਜ ਨੱਸ ਗਈ। ਚੇਤ ਸਿੰਘ ਵੀ ਫੱਟੜ ਹੋ ਕੇ ਘਰ ਪੁੱਜਾ ਤੇ ਥੋੜ੍ਹੇ ਦਿਨਾਂ ਪਿੱਛੋਂ ਚਲਾਣਾ ਕਰ ਗਿਆ।

ਨਾਨੂ ਮੱਲ ਜੋਧ ਸਿੰਘ ਦੇ ਬਹੁਤ ਸਾਰੇ ਪਿੰਡਾਂ ਨੂੰ ਮੁੜ ਆਪਣੇ ਕਬਜ਼ੇ ਵਿੱਚ ਕਰ ਕੇ ਫਤਹ ਦਾ ਡੰਕਾ ਵਜਾਂਦਾ ਪਟਿਆਲੇ ਚਲਾ ਗਿਆ।

## ੭. ਟੇਕ ਸਿੰਘ ਦੀ ਸਰਦਾਰੀ

ਜੋਧ ਸਿੰਘ ਦੇ ਗੁਜ਼ਰਨ ਦੇ ਮਗਰੋਂ ਓਹਦਾ ਲੜਕਾ ਟੇਕ ਸਿੰਘ ਸਰਦਾਰ ਬਣਿਆ। ਇਸ ਨੇ ਆਪਣੇ ਚਾਚੇ ਅਮੀਰ ਸਿੰਘ ਤੇ ਹੋਰ ਸਾਥੀਆਂ ਨੂੰ ਨਾਲ ਲੈ ਕੇ ਆਪਣੇ ਪਿਤਾ ਦਾ ਬਦਲਾ ਇਸ ਤਰ੍ਹਾਂ ਲਿਆ ਕਿ ਜਲਾਲ ਖਾਂ ਨੂੰ ਜੋ ਨਾਨੂ ਮੱਲ ਨੂੰ ਚੜ੍ਹਾ ਕੇ ਲਿਆਇਆ ਸੀ, ਉਸ ਨੂੰ ਲੜਾਈ ਵਿੱਚ

ਮਾਰ ਕੇ ਓਹਦਾ ਧਨ ਧਾਮ ਲੁੱਟ ਲਿਆ ਤੇ ਓਹਦੇ ਚਾਰ ਪਿੰਡਾਂ ਤੇ ਕਬਜ਼ਾ ਕਰ ਲਿਆ। ਇਨ੍ਹਾਂ ਪਿੰਡਾਂ ਵਿੱਚ ਕੁਝ ਸਾਲ ਮਗਰੋਂ ਮਹਾਰਾਜਾ ਪਟਿਆਲਾ ਤੇ ਨਾਭਾ ਨੇ ਜੱਟ ਵਸਾ ਦਿੱਤੇ ਜੋ ਹੁਣ ਤੱਕ ਉੱਥੇ ਜਾਟ ਸਿੱਖ ਵਸਦੇ ਹਨ।

ਜਲਾਲ ਖਾਂ ਨੂੰ ਮਾਰਨ ਤੋਂ ਟੇਕ ਸਿੰਘ ਦੇ ਹੌਸਲੇ ਬਹੁਤ ਵਧ ਗਏ। ਓਹਨੇ ਚਾਚੇ ਹਮੀਰ ਸਿੰਘ ਦੇ ਇਲਾਕੇ ਤੇ ਵੀ ਹੱਥ ਵਧਾਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਤੰਗ ਹੋ ਕੇ ਸਰਦਾਰ ਹਮੀਰ ਸਿੰਘ ਨੂੰ ਮੁਕਾਬਲੇ ਲਈ ਤਿਆਰ ਹੋਣਾ ਪਿਆ। ਇਨ੍ਹਾਂ ਨੂੰ ਇੰਜ ਆਪੋ ਵਿੱਚ ਲੜਦਾ ਵੇਖ ਸਰਦਾਰ ਮਹਾਂ ਸਿੰਘ ਮੁਦਕੀ ਵਾਲੇ ਤੇ ਦੀਵਾਨ ਨਾਨੂ ਮੱਲ ਨੇ ਬਹੁਤ ਸਾਰੇ ਪਿੰਡ ਦਬਾ ਲਏ। ਟੇਕ ਸਿੰਘ ਤੋਂ ਉਹਦੇ ਸੰਬੰਧੀ ਨਰਾਜ਼ ਸੀ ਹੀ। ਟੇਕ ਸਿੰਘ ਦੇ ਲੜਕੇ ਜਗਤ ਸਿੰਘ ਦੀ ਵੀ ਪਿਤਾ ਨਾਲ ਨਾ ਬਣ ਆਈ। ਇਸ ਨੇ ਤੰਗ ਆ ਕੇ ਇੱਕ ਦਿਨ ੧੮੬੨ ਨੂੰ ਪਿਤਾ ਦੇ ਘਰ ਨੂੰ ਅੱਗ ਲਾ ਦਿੱਤੀ। ਇਸ ਮਕਾਨ ਦੇ ਹੇਠ ਬਾਰੂਦ ਦੇ ਕੁੱਪੇ ਪਏ ਸਨ। ਜਦ ਇਨ੍ਹਾਂ ਨੂੰ ਅੱਗ ਲੱਗੀ ਤਦ ਮਿੱਟੀ ਵਿੱਚ ਹੀ ਸਾਰਾ ਮਕਾਨ ਮਿੱਟੀ ਹੋ ਗਿਆ। ਟੇਕ ਸਿੰਘ ਤੇ ਬਹੁਤ ਸਾਰੇ ਆਦਮੀ ਮਰ ਗਏ।

## ੮. ਸਰਦਾਰ ਜਗਤ ਸਿੰਘ

ਜਗਤ ਸਿੰਘ ਆਪਣੇ ਪਿਤਾ ਟੇਕ ਸਿੰਘ ਨੂੰ ਮਾਰ ਕੇ ਓਹਦੀ ਜਗ੍ਹਾ ਗੱਦੀ ਤੇ ਬੈਠਾ, ਕਿੰਤੂ ਇਹਦਾ ਭਰਾ ਕਰਮ ਸਿੰਘ ਜੋ ਏਸ ਦੇ ਵਿਰੁੱਧ ਰਹਿੰਦਾ ਸੀ, ਦੀਵਾਨ ਮੋਹਕਮ ਚੰਦ ਲਾਹੌਰ ਵਾਲੇ ਨੂੰ ਨਾਲ ਲੈ ਕੇ ਚੜ੍ਹ ਆਇਆ। ਮੋਹਕਮ ਚੰਦ ਨੇ ਜਗਤ ਸਿੰਘ ਨੂੰ ਸ਼ਕੱਸਤ ਦੇ ਕੇ ਕੁਲ ਇਲਾਕੇ ਤੇ ਕਬਜ਼ਾ ਕਰ ਲਿਆ ਤੇ ਕਰਮ ਸਿੰਘ ਨੂੰ ਵੀ ਕੁਝ ਨਾ ਦਿੱਤਾ।

ਸੰਮਤ ੧੮੬੪-੬੫ ਬਿ. ਨੂੰ ਜਦ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਦੌਰਾ ਇਸ ਮਾਲਵਾ ਮੁਲਕ ਵਿੱਚ ਹੋਇਆ, ਤਦ ਇਨ੍ਹਾਂ ਨੇ ਕੋਟਕਪੂਰੇ ਨੂੰ ਆਪਣੀ ਮਾਲਕੀ ਸਮਝ ਕੇ ਜਲਾਲ ਦੇ ਚਾਰੇ ਪਿੰਡ ਜਸਵੰਤ ਸਿੰਘ ਰਾਜਾ ਨਾਭਾ ਨੂੰ ਦੇ ਦਿੱਤੇ, ਜੋ ਹੁਣ ਤੱਕ ਮਹਾਰਾਜਾ ਨਾਭਾ ਦੇ ਜ਼ੇਰ ਹੁਕਮ ਹਨ। ਬਾਕੀ ਸਾਰਾ ਇਲਾਕਾ ਦੀਵਾਨ ਦੇ ਕਬਜ਼ੇ ਵਿੱਚ ਰਿਹਾ। ਇੱਕ ਵੇਰ ਜਗਤ ਸਿੰਘ ਨੇ ਆਪਣੇ ਮਿੱਤਰਾਂ ਤੇ ਸੰਬੰਧੀਆਂ ਦੀ ਮਦਦ ਨਾਲ ਮੋਹਕਮ ਚੰਦ ਤੋਂ ਕੋਟਕਪੂਰੇ ਦਾ ਇਲਾਕਾ ਖੋਹ ਲਿਆ ਸੀ, ਕਿੰਤੂ ਫਿਰ ੨੦ ਦਿਨਾਂ ਦੇ ਮਗਰੋਂ ਇਹ ਇਲਾਕਾ ਇਹਦੇ ਹੱਥੋਂ ਨਿੱਕਲ ਗਿਆ।

ਸਰਦਾਰ ਜਗਤ ਸਿੰਘ ਦੀ ਲੜਕੀ ਪ੍ਰਤਾਪ ਕੌਰ ਦਾ ਅਨੰਦ ਸ਼ੇਰਿ ਪੰਜਾਬ ਦੇ ਲੜਕੇ ਸ਼ਹਿਜ਼ਾਦਾ ਸ਼ੇਰ ਸਿੰਘ ਨਾਲ ਹੋਇਆ। ਕੁਝ ਸਾਲ ਆਰਾਮ ਨਾਲ ਗੁਜ਼ਰੇ ਸਨ ਕਿ ਮੌਤ ਦਾ ਸੁਨੇਹਾ ਆ ਗਿਆ ਤੇ ੧੮੨੨ ਵਿੱਚ ਚਲਾਣਾ ਕਰ ਗਿਆ। ਇਸ ਦੇ ਸੰਤਾਨ ਹੀਨ ਮਰਨ ਦੇ ਕਾਰਨ ਸਾਰਾ ਇਲਾਕਾ ਰਿਆਸਤ ਫਰੀਦਕੋਟ ਦੇ ਕਬਜ਼ੇ ਵਿੱਚ ਆ ਗਿਆ। ਇਸ ਦੇ ਭਰਾ ਕਰਮ ਸਿੰਘ ਦੀ ਸੰਤਾਨ ਹੁਣ ਤੱਕ ਪਿੰਡ ਸਿੰਧੂ ਵਿੱਚ ਆਬਾਦ ਹੈ।

## ੯. ਫਰੀਦਕੋਟ ਤੇ ਸਰਦਾਰ ਹਮੀਰ ਸਿੰਘ ਦਾ ਹਾਲ

ਪਿੱਛੇ ਅਸੀਂ ਦੱਸ ਆਏ ਹਾਂ ਕਿ ਫਰੀਦਕੋਟ ਦਾ ਵਡਕਾ ਸਰਦਾਰ ਹਮੀਰ ਸਿੰਘ ਹੋਇਆ ਹੈ। ਇਸ ਨੇ ਸ਼ਹਿਰ ਫਰੀਦਕੋਟ ਨੂੰ ਬਹੁਤ ਤਰੱਕੀ ਦਿੱਤੀ, ਪੱਕਾ ਕਿਲ੍ਹਾ ਬਣਵਾਇਆ। ਇਹ ਸਰਦਾਰ ਇੰਨਾ ਬਹਾਦਰ, ਦਲੇਰ ਤੇ ਦ੍ਰਿੜ੍ਹ ਸੰਕਲਪ ਵਾਲਾ ਸੀ ਕਿ ਇੱਕ ਵੇਰ ਪੇਚਸ਼ ਦੀ ਮਰਜ਼ ਨਾਲ ਬੀਮਾਰ ਹੋ ਗਿਆ। ਇਹ ਗੱਲ ਸੁਣ ਕੇ ਬੋਦਲੇ ਤੇ ਪਚਾਧੇ ਆਕੀ ਹੋ ਬੈਠੇ। ਸ੍ਰ. ਹਮੀਰ ਸਿੰਘ ਨੇ ਆਪਣੀ ਮੰਜੀ ਉਠਵਾ ਕੇ ਜਦ ਇਧਰ ਫੌਜ ਲੈ ਕੇ ਚੜ੍ਹਾਈ ਕੀਤੀ ਤਦ ਇਨ੍ਹਾਂ ਨੇ ਝਟ ਪਿਛਲਾ ਮਾਮਲਾ ਦੇ ਕੇ ਅੱਗੋਂ ਵਾਸਤੇ ਅਧੀਨਤਾ ਸਵੀਕਾਰ ਕੀਤੀ। ਸਰਦਾਰ ਹਮੀਰ ਸਿੰਘ ਦੇ ਦੌਰੇ ਤੇ ਜਾਣ ਦੇ ਵੇਲੇ ਉਹਦੇ ਲੜਕੇ ਦਲ ਸਿੰਘ ਤੇ ਮੋਹਰ ਸਿੰਘ ਨੇ ਫਰੀਦਕੋਟ ਕਿਲ੍ਹੇ ਤੇ ਕਬਜ਼ਾ ਕਰ ਲਿਆ ਜੋ ਮੁਸ਼ਕਲ ਨਾਲ ਉਹਨਾਂ ਤੋਂ ਛੁਡਾਇਆ। ਇੱਕ ਦਿਨ ਸਰਦਾਰ ਹਮੀਰ ਸਿੰਘ ਨੇ ਦੋਨਾਂ ਪੁੱਤਰਾਂ ਨੂੰ ਪ੍ਰੀਖਿਆ ਦੇਣ ਦਾ ਹੁਕਮ ਦਿੱਤਾ ਕਿ ਜਿਸ ਪਲੰਘ ਤੇ ਅਸੀਂ ਬੈਠੇ

ਹਾਂ ਉਹਦੇ ਪਾਵੇ ਨੂੰ ਨਿਸ਼ਾਨਾ ਬਣਾਓ, ਵੇਖਦੇ ਹਾਂ ਕੌਣ ਨਿਸ਼ਾਨਾ ਮਾਰਦਾ ਹੈ? ਦਲ ਸਿੰਘ ਨੇ ਗੋਲੀ ਮਾਰ ਕੇ ਮੰਜੇ ਦਾ ਪਾਵਾ ਤੋੜ ਦਿੱਤਾ, ਕਿੰਤੂ ਮੋਹਰ ਸਿੰਘ ਨੇ ਕਿਹਾ ਕਿ ਬੰਦੂਕ ਦੁਸ਼ਮਣ ਦੇ ਸਾਹਮਣੇ ਸਰ ਕੀਤੀ ਜਾਂਦੀ ਹੈ ਨਾ ਕਿ ਪਿਤਾ ਦੇ? ਇਹ ਸੁਣ ਕੇ ਸਰਦਾਰ ਹਮੀਰ ਸਿੰਘ ਨੇ ਆਪਣੀ ਜਗ੍ਹਾ ਤੇ ਸਰਦਾਰੀ ਮੋਹਰ ਸਿੰਘ ਨੂੰ ਦਿੱਤੀ ਤੇ ਦਲ ਸਿੰਘ ਨੂੰ ਪਿੰਡ ਢਡੀ ਤੇ ਮਲੋਹ ਦੇ ਕੇ ਉੱਥੇ ਰਹਿਣ ਦਾ ਹੁਕਮ ਦਿੱਤਾ, ਇਸ ਕਰ ਕੇ ਉਹਦੀ ਸੰਤਾਨ ਹੁਣ ਤੱਕ ਉੱਥੇ ਹੀ ਵਸਦੀ ਹੈ।

## ੧੦. ਸਰਦਾਰ ਮੋਹਰ ਸਿੰਘ ਦਾ ਹਾਲ

੧੮੨੭ ਬਿ. ਨੂੰ ਸਰਦਾਰ ਹਮੀਰ ਸਿੰਘ ਚਲਾਣਾ ਕਰ ਗਿਆ। ਮੋਹਰ ਸਿੰਘ ਸਰਦਾਰੀ ਸੰਭਾਲਦੇ ਹੀ ਆਲਸ ਤੇ ਸੁਸਤੀ ਵਿੱਚ ਪੈ ਗਿਆ। ਪ੍ਰਜਾ ਦੀ ਖ਼ਬਰ ਲੈਣੀ ਛੱਡ ਦਿੱਤੀ* ਜਿਸ ਤੋਂ ਚੋਰੀ ਤੇ ਡਾਕੇ ਪੈਣ ਲੱਗੇ। ਤੇਜਾਂ ਮੁਸਲਮਾਨੀ ਦੇ ਪੇਟ ਵਿੱਚੋਂ ਇਸ ਦਾ ਲੜਕਾ ਭੂਪ ਸਿੰਘ ਉਤਪੰਨ ਹੋਇਆ, ਇਸ ਨਾਲ ਇੰਨਾ ਮੋਹ ਪੈ ਗਿਆ ਕਿ ਆਪਣੀ ਅਸਲੀ ਰਾਣੀ ਦੇ ਲੜਕੇ ਚੜ੍ਹਤ ਸਿੰਘ ਨੂੰ ਨੇੜੇ ਨਹੀਂ ਆਉਣ ਦੇਂਦਾ ਸੀ। ਇੱਕ ਦਿਨ ਦੀ ਗੱਲ ਹੈ ਕਿ ਚੜ੍ਹਤ ਸਿੰਘ ਦੀ ਸਵਾਰੀ ਦਾ ਘੋੜਾ ਭੂਪ ਸਿੰਘ ਨੂੰ ਦੇ ਦਿੱਤਾ, ਜਿਸ ਤੋਂ ਚੜ੍ਹਤ ਸਿੰਘ ਨੂੰ ਬੜਾ ਗ਼ੁੱਸਾ ਆਇਆ। ਇੱਕ ਦਿਨ ਜਦ ਕਿ ਮੋਹਰ ਸਿੰਘ ਤੇ ਭੂਪ ਸਿੰਘ ਬਾਹਰ ਗਏ ਹੋਏ ਸਨ ਇਸ ਨੇ ਦੀਵਾਨ ਦੀ ਸਲਾਹ ਨਾਲ ਕਿਲ੍ਹੇ ਤੇ ਕਬਜ਼ਾ ਕਰ ਲਿਆ ਤੇ ਤੇਜਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰ ਦਿੱਤਾ। ਮੋਹਰ ਸਿੰਘ ਨੇ ਬਹੁਤ ਸਾਰੇ ਬੈਰਾੜਾਂ ਨੂੰ ਨਾਲ ਲੈ ਕੇ ਦੁਪਹਿਰ ਤੱਕ ਚੜ੍ਹਤ ਸਿੰਘ ਦੇ ਨਾਲ ਤੀਰਾਂ ਦੀ ਲੜਾਈ ਕੀਤੀ, ਕਿੰਤੂ ਫਤਹਯਾਬ ਹੋਣ ਦੇ ਚਿੰਨ੍ਹ ਨਾ ਵੇਖ ਕੇ ਮੁੜ ਗਏ ਤੇ ਪਕੇ ਨਾਮ ਦੇ ਪਿੰਡ ਵਿੱਚ ਜਾ ਡੇਰੇ ਲਾਏ। ਚੜ੍ਹਤ ਸਿੰਘ ਨੇ ਦੂਜੇ ਦਿਨ ਉੱਥੇ ਅੱਪੜ ਕੇ ਜਾ ਘੇਰਿਆ ਤੇ ਪਿੰਡ ਸ਼ੇਰ ਸਿੰਘ ਵਾਲਾ ਵਿੱਚ ਲਿਆ ਕੇ ਨਜ਼ਰਬੰਦ ਕਰ ਦਿੱਤਾ, ਜਿੱਥੇ ਉਹ ੧੮੫੨ ਵਿੱਚ ਆਪਣੇ ਲੜਕੇ ਭੂਪ ਸਿੰਘ ਸਮੇਤ ਚਲਾਣਾ ਕਰ ਗਿਆ। ਆਮ ਲੋਕੀਂ ਕੈਂਹਦੇ ਸਨ ਕਿ ਇਨ੍ਹਾਂ ਨੂੰ ਚੜ੍ਹਤ ਸਿੰਘ ਨੇ ਮਰਵਾ ਦਿੱਤਾ ਹੈ।

## ੧੧. ਸਰਦਾਰ ਚੜ੍ਹਤ ਸਿੰਘ ਦੀ ਸਰਦਾਰੀ

ਸਰਦਾਰ ਮੋਹਰ ਸਿੰਘ ਦੇ ਪਿੱਛੋਂ ਸਰਦਾਰ ਚੜ੍ਹਤ ਸਿੰਘ ਸੁਤੰਤਰ ਸਰਦਾਰ ਬਣਿਆ ਤੇ ਨਿਰਭੈ ਹੋ ਕੇ ਸਰਦਾਰੀ ਕਰਨ ਲੱਗਾ। ਉਸ ਵੇਲੇ ਦੀਵਾਨ ਨਾਨੂ ਮੱਲ ਪਟਿਆਲੇ ਵਾਲਾ ਜੋ ਇਸ ਖਾਨਦਾਨ ਦਾ ਦੁਸ਼ਮਣ ਸੀ, ਮਰ ਚੁੱਕਾ ਸੀ ਤੇ ਆਪਣੇ ਭਰਾ ਦਲ ਸਿੰਘ ਵੱਲੋਂ ਵੀ ਕੋਈ ਡਰ ਨਹੀਂ ਸੀ। ਇਸ ਕਰ ਕੇ ਇਸ ਨੇ ਬਹੁਤ ਸਾਰੀ ਫ਼ੌਜ ਹਟਾ ਦਿੱਤੀ ਤੇ ਆਪ ਆਪੇ ਤੇ ਪ੍ਰਜਾ ਵੱਲੋਂ ਬੇਖਬਰ ਹੋ ਕੇ ਐਸ਼ਾਂ ਵਿੱਚ ਪੈ ਗਿਆ, ਜਿਸ ਤੋਂ ਸ੍ਰ. ਦਲ ਸਿੰਘ ਨੇ ਆ ਕੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਚੜ੍ਹਤ ਸਿੰਘ ਮਾਰਿਆ ਗਿਆ। ਇਹਦੀ ਸਰਦਾਰਨੀ ਆਪਣੇ ਲੜਕੇ ਗੁਲਾਬ ਸਿੰਘ, ਸਾਹਿਬ ਸਿੰਘ ਤੇ ਪਹਾੜਾ ਸਿੰਘ ਸਮੇਤ ਜੋ ਅਜੇ ਛੋਟੇ ਹੀ ਸਨ, ਨਾਲ ਲੈ ਕੇ ਸ਼ੇਰ ਸਿੰਘ ਵਾਲਾ ਪਿਤਾ ਦੇ ਘਰ ਚਲੀ ਗਈ।

---

*ਇਥੇ ਇੱਕ ਪੀਲੂ ਦੇ ਦਰਖਤ ਦੇ ਹੇਠ ਬਾਵਾ ਫਰੀਦ ਸ਼ਕਰ ਗੰਜ ਤਪ ਕੀਤਾ ਕਰਦੇ ਸਨ। ਇਸ ਦੇ ਲਾਗੇ ਜੋ ਖੰਡਰ ਹਨ, ਇਹ ਰਾਜਾ ਮੋਕਲ ਦੀ ਰਾਜਧਾਨੀ ਸੀ। ਜਦ ਇਹਦਾ ਕਿਲ੍ਹਾ ਬਣ ਰਿਹਾ ਸੀ ਤਦ ਮਜ਼ਦੂਰਾਂ ਦੇ ਵਿੱਚ ਬਾਬਾ ਫਰੀਦ ਵੀ ਮਜ਼ਦੂਰੀ ਕਰਨ ਜਾਇਆ ਕਰਦੇ ਸਨ। ਇੱਕ ਦਿਨ ਰਾਜੇ ਦੇ ਲੜਕੇ ਨੇ ਇਨ੍ਹਾਂ ਨੂੰ ਅਯੋਗ ਦਬਾਇਆ। ਤਦ ਇਹਨਾਂ ਦੇ ਸਰਾਪ ਨਾਲ ਇਹ ਸ਼ਹਿਰ ਉਜੜ ਕੇ ਇਹ ਪਿੰਡ ਬਾਬਾ ਫਰੀਦ ਦੇ ਨਾਮ ਤੇ ਆਬਾਦ ਹੋ ਗਿਆ। ਰਾਜਾ ਮੋਕਲ ਦੀ ਲੜਕੀ ਨੇ ਸਪਥ ਚੁੱਕ ਕੇ ਕਿਹਾ ਕਿ ਜੇ ਕਦੀ ਕੋਈ ਕਾਠ ਦੇ ਘੋੜੇ ਤੇ ਚੜ੍ਹ ਕੇ ਸਾਡੇ ਪਿੰਡ ਤੀਕ ਆਵੇਗਾ ਤਦ ਮੈਂ ਓਹਦੇ ਨਾਲ ਵਿਆਹ ਕਰਾਂਗੀ। ਫੀਰੋਜ਼ ਸ਼ਾਹ ਬਾਦਸ਼ਾਹ ਨੇ ਸਤਲੁਜ ਦੇ ਵਿੱਚੋਂ ਇੱਕ ਨਹਿਰ ਕੱਢ ਕੇ ਧਰਮ ਕੋਟ ਕੋਟ ਈਸਾ ਖਾਂ, ਮੁਦਕੀ ਆਦਿਕ ਸ਼ਹਿਰਾਂ ਦੀ ਸ਼ਕਲ ਦੀ ਕਿਸ਼ਤੀ ਤੇ ਸਵਾਰ ਹੋ ਕੇ ਪੁੱਜਾ ਤੇ ਮੋਕਲ ਰਾਏ ਦੀ ਬੇਟੀ ਨਾਲ ਵਿਆਹ ਕਰ ਲਿਆ। ਰਾਹ ਦੇ ਵਿੱਚ ਕਿਸੇ ਗੱਲ ਤੋਂ ਨਾਰਾਜ਼ ਹੋ ਕੇ ਬਾਦਸ਼ਾਹ ਨੇ ਇਸ ਨੂੰ ਓਥੇ ਹੀ ਛਡ ਦਿੱਤਾ। ਇਸ ਸਤਵੰਤੀ ਨੇ ਪ੍ਰਾਰਥਨਾ ਕੀਤੀ ਕਿ ਜੇ ਮੈਨੂੰ ਬੇਗ਼ੁਨਾਹ ਨੂੰ ਪਤੀ ਛਡ ਗਿਆ ਹੈ ਤਦ ਧਰਤੀ ਫਟ ਜਾਏ ਤੇ ਨਹਿਰ ਸੁਕ ਜਾਏ। ਕਹਿੰਦੇ ਹਨ, ਧਰਤੀ ਫਟ ਗਈ ਤੇ ਓਹ ਦੇਵੀ ਓਹਦੇ ਵਿੱਚ ਸਮਾ ਗਈ ਤੇ ਨਹਿਰ ਸੁਕ ਗਈ। ਇਹ ਸੁਣ ਕੇ ਫੀਰੋਜ਼ ਸ਼ਾਹ ਵੀ ਮਰ ਗਿਆ, ਇੱਥੇ ਹੁਣ ਤੱਕ ਮਿੱਟੀ ਦੀ ਇੱਕ ਦੇਵੀ ਦੀ ਪੂਜਾ ਹੋਂਦੀ ਹੈ।

## ੧੨. ਸਰਦਾਰ ਦਲ ਸਿੰਘ ਦੀ ਸਰਦਾਰੀ

ਚੜ੍ਹਤ ਸਿੰਘ ਦੇ ਚਲਾਣੇ ਦੇ ਮਗਰੋਂ ਸਰਦਾਰ ਦਲ ਸਿੰਘ ਸਰਦਾਰ ਹੋਇਆ, ਕਿੰਤੂ ਇਸ ਦੇ ਸਲੂਕ ਨੇ ਪ੍ਰਜਾ ਨੂੰ ਤੰਗ ਕਰ ਦਿੱਤਾ, ਜਿਸ ਤੋਂ ਲੋਕਾਂ ਨੇ ਚੜ੍ਹਤ ਸਿੰਘ ਦੇ ਲੜਕਿਆਂ ਨੂੰ ਫਿਰ ਲੈ ਆਂਦਾ ਤੇ ਉਹਨਾਂ ਦੇ ਮਾਮੇ ਫੌਜ ਸਿੰਘ ਦੋ ਸੌ ਸਵਾਰ ਲੈ ਕੇ ਆ ਗਏ। ਦਲ ਸਿੰਘ ਨੂੰ ਉਹਦੇ ਸਾਥੀਆਂ ਸਮੇਤ ੧੯੫੬ ਬਿ. ਨੂੰ ਵੱਢ ਦਿੱਤਾ ਤੇ ਚੜ੍ਹਤ ਸਿੰਘ ਦੇ ਵੱਡੇ ਲੜਕੇ ਗੁਲਾਬ ਸਿੰਘ ਨੂੰ ਗੱਦੀ ਤੇ ਬੈਠਾ ਦਿੱਤਾ।

## ੧੩. ਗੁਲਾਬ ਸਿੰਘ ਦੀ ਸਰਦਾਰੀ

ਚਾਰ ਸਾਲ ਤੱਕ ਸਰਦਾਰ ਫੌਜ ਸਿੰਘ ਬੜੀ ਸਿਆਣਪ ਨਾਲ ਕੰਮ ਚਲਾਂਦਾ ਰਿਹਾ। ੧੯੬੨ ਬਿਕ੍ਰਮੀ ਨੂੰ ਜਦ ਦੀਵਾਨ ਮੋਹਕਮ ਚੰਦ ਨੇ ਮੁਕਤਸਰ, ਜੀਰਾ, ਰੋਡੇ, ਮਾੜੀ, ਕੋਟਕਪੂਰੇ ਦੇ ਪ੍ਰਗਣੇ ਤਲਵਾਰ ਦੇ ਜ਼ੋਰ ਨਾਲ ਫਤਹ ਕਰ ਕੇ ਫਰੀਦਕੋਟ ਨੂੰ ਘੇਰ ਲਿਆ ਤਦ ਸਰਦਾਰ ਫੌਜ ਸਿੰਘ ਨੇ ੭੦੦੦ ਨਜ਼ਰਾਨਾ ਦੇ ਕੇ ਇਸ ਵੇਲੇ ਤਾਂ ਇਸ ਨੂੰ ਵਾਪਸ ਕਰ ਦਿੱਤਾ, ਕਿੰਤੂ ੧੯੬੪-੬੫ ਨੂੰ ਜਦ ਮਹਾਰਾਜਾ ਰਣਜੀਤ ਸਿੰਘ ਨੇ ਇਸ ਮੁਲਕ ਦਾ ਦੌਰਾ ਕੀਤਾ, ਤਦ ਮਹਾਰਾਜਾ ਦੀ ਫੌਜ ਨੇ ਕਿਲ੍ਹਾ ਫਰੀਦਕੋਟ ਤੇ ਕਬਜ਼ਾ ਕਰ ਲਿਆ। ਕੁਝ ਪਿੰਡ ਗੁਜ਼ਾਰੇ ਦੇ ਵਾਸਤੇ ਛੱਡ ਕੇ ਬਾਕੀ ਦੇ ਸਾਰੇ ਆਪਣੇ ਦੀਵਾਨ ਨੂੰ ਦੇ ਦਿੱਤੇ। ਕਿੰਤੂ ਇਸ ਵੇਲੇ ਅੰਗਰੇਜ਼ੀ ਵਕੀਲ ਮਟਕਾਫ ਦੌਰੇ ਦੇ ਵੇਲੇ ਮਹਾਰਾਜੇ ਦੇ ਨਾਲ ਸੀ, ਇਸ ਕਰ ਕੇ ਅੰਗਰੇਜ਼ਾਂ ਤੇ ਲਾਹੌਰ ਦਰਬਾਰ ਦੇ ਵਿੱਚ ਇਕਰਾਰਨਾਮਾ ਹੋਣ ਸਮੇਂ ਇਹ ਸਾਰਾ ਇਲਾਕਾ ਸਰਦਾਰ ਗੁਲਾਬ ਸਿੰਘ ਨੂੰ ਦਵਾ ਦਿੱਤਾ। ਸਰਦਾਰ ਗੁਲਾਬ ਸਿੰਘ ਦੇ ਬਾਲਗ ਹੋਣ ਤੱਕ ਰਿਆਸਤ ਦਾ ਪ੍ਰਬੰਧ ਫੌਜ ਸਿੰਘ ਦੇ ਹੱਥ ਵਿੱਚ ਰਿਹਾ। ਪਿੱਛੋਂ ਸਰਦਾਰ ਗੁਲਾਬ ਸਿੰਘ ਨੇ ਆਪਣੇ ਹੱਥ ਵਿੱਚ ਪ੍ਰਬੰਧ ਲੈ ਕੇ ਬੜੀ ਸਿਆਣਪ ਨਾਲ ਕੰਮ ਚਲਾਇਆ।

ਇਸ ਰਿਆਸਤ ਦੇ ਨਾਲ ਪਿੰਡ ਤਾਂ ੬੪-੬੫ ਸਨ, ਕਿੰਤੂ ਆਮਦਨੀ ਚੰਗੇ ਸਾਲ ਵਿੱਚ ੧੪-੧੫ ਹਜ਼ਾਰ ਤੇ ਕਾਲ ਵਿੱਚ ੭-੮ ਹਜ਼ਾਰ ਰੁਪਏ ਹੁੰਦੀ ਸੀ, ਕਿਉਂਕਿ ਉਸ ਵੇਲੇ ਵਾਹੀ ਦੀ ਬਣਾਈ ਚੌਥੇ ਹਿੱਸੇ ਤੇ ਹੁੰਦੀ ਸੀ, ਜਿਸ ਦਾ ਹੋਣਾ ਜਾਂ ਨਾ ਹੋਣਾ ਮੀਂਹ ਤੇ ਸੀ। ਜੇ ਕਦੀ ਕਾਲ ਪੈ ਜਾਂਦਾ ਤਦ ਰਾਜੇ ਤੇ ਸਰਦਾਰਾਂ ਨੂੰ ਅਨਾਜ ਖਾਣ ਲਈ ਪਰਜਾ ਨੂੰ ਘਰੋਂ ਦੇਣਾ ਪੈਂਦਾ ਸੀ, ਕਿਉਂਕਿ ਇਸ ਜ਼ਮਾਨੇ ਵਿੱਚ ਕੋਈ ਨਹਿਰ ਜਾਂ ਖੂਹ ਖੇਤਾਂ ਨੂੰ ਪਾਣੀ ਦੇਣ ਲਈ ਮਾਲਵੇ ਦੇ ਇਲਾਕੇ ਵਿੱਚ ਨਹੀਂ ਸੀ। ਸਗੋਂ ਪਾਣੀ ਵੀ ਤਲਾਬਾਂ ਦਾ ਪੀਤਾ ਜਾਂਦਾ ਸੀ। ਸੁਕਾਲ ਵਿੱਚ ੮-੧੦ ਮਣ ਅਨਾਜ ਇੱਕ ਰੁਪਏ ਦਾ ਮਿਲਦਾ ਸੀ।

## ੧੪. ਸਰਦਾਰ ਅਤਰ ਸਿੰਘ

ਸਰਦਾਰ ਗੁਲਾਬ ਸਿੰਘ ਨੇ ਦੋ ਵਿਆਹ ਕੀਤੇ ਹੋਏ ਸਨ। ਇਕ ਪਿੰਡ ਕਾਲੇ ਵਾਲੇ ਦੇ ਜੋਧ ਸਿੰਘ ਦੀ ਲੜਕੀ ਤੇ ਦੂਜੀ ਗੋਲੇ ਵਾਲੇ ਸ਼ੇਰ ਸਿੰਘ ਦੀ ਲੜਕੀ ਨਾਲ ਵਿਆਹ ਕੀਤਾ ਸੀ। ਇਸ ਦਾ ਲੜਕਾ ਕੇਵਲ ਇੱਕ ਸ੍ਰ: ਅਤਰ ਸਿੰਘ ਸੀ। ਇਹ ੧੮੮੧ ਨੂੰ ਇੱਕ ਦਿਨ ਸ਼ਿਕਾਰ ਗਿਆ, ਜਿੱਥੇ ਗੋਲੀ ਨਾਲ ਮਾਰਿਆ ਗਿਆ। ਕਪਤਾਨ ਮਰੇ ਨੇ ਕਾਤਲ ਨੂੰ ਢੂੰਡਣ ਦਾ ਬਹੁਤ ਯਤਨ ਕੀਤਾ, ਕਿੰਤੂ ਪਤਾ ਨਾ ਲੱਗਾ। ਅੰਤ ਨੂੰ ਸਰਦਾਰ ਅਤਰ ਸਿੰਘ ਜਿਨ੍ਹਾਂ ਦੀ ਉਮਰ ਸਾਢੇ ਚਾਰ ਸਾਲ ਸੀ, ਰਿਆਸਤ ਦੇ ਮਾਲਕ ਬਣਾ ਕੇ ਕਪਤਾਨ ਮਰੇ ਸਾਹਿਬ ਚਲੇ ਗਏ ਤੇ ਰਿਆਸਤ ਦਾ ਪ੍ਰਬੰਧ ਸਰਦਾਰ ਅਤਰ ਸਿੰਘ ਦੀ ਮਾਤਾ ਤੇ ਸਰਦਾਰ ਫੌਜ ਸਿੰਘ ਮਿਲ ਕੇ ਬੜੀ ਹੱਛੀ ਤਰ੍ਹਾਂ ਨਾਲ ਚਲਾਂਦੇ ਰਹੇ। ਸਰਦਾਰ ਸਾਹਿਬ ਸਿੰਘ ਤੇ ਪਹਾੜਾ ਸਿੰਘ ਨੂੰ ਦੋ ਦੋ ਪਿੰਡ ਗੁਜ਼ਾਰੇ ਵਾਸਤੇ ਮਿਲੇ ਤੇ ਇੱਕ ਪਿੰਡ ਮੈਹਮੂ ਆਨ ਮੇਹਰ ਸਿੰਘ ਦੇ ਪੁੱਤਰ ਪ੍ਰਤਾਪ ਸਿੰਘ ਦੇ ਪਾਸ ਜਾਗੀਰ ਵਿੱਚ ਰਿਹਾ, ਜਿੱਥੇ ਹੁਣ ਓਹਦੀ ਸੰਤਾਨ ਵਿੱਚੋਂ ਅਰਜਨ ਸਿੰਘ ਤੇ ਹਰਨਾਮ ਸਿੰਘ ਜਾਗੀਰਦਾਰ ਹਨ। ਇਸ ਖਾਨਦਾਨ ਦੇ ਪੁਰਾਣੇ ਰਿਵਾਜ ਅਨੁਸਾਰ ਅਤਰ ਸਿੰਘ ਵੀ ੧੮੮੮ ਨੂੰ ਕਤਲ ਹੋ ਗਿਆ। ਓਹਦੇ ਕਤਲ ਕਰਨ ਵਾਲੇ ਦਾ ਕੋਈ ਪਤਾ ਨਾ ਲੱਗਾ।

## ੧੫. ਸਰਦਾਰ ਪਹਾੜਾ ਸਿੰਘ ਦੀ ਸਰਦਾਰੀ

ਅਤਰ ਸਿੰਘ ਦੇ ਮਰ ਜਾਣ ਤੋਂ ਮਗਰੋਂ ਪਹਾੜਾ ਸਿੰਘ ਜੋ ਅਤਰ ਸਿੰਘ ਦਾ ਚਾਚਾ ਸੀ, ਹੱਕਦਾਰ ਸਮਝ ਕੇ ਗੱਦੀ ਤੇ ਬਠਾਇਆ ਗਿਆ। ਇਹ ਆਦਮੀ ਬੜਾ ਸਮਝਦਾਰ, ਚਲਾਕ ਤੇ ਅਕਲਮੰਦ ਸੀ। ਇਸ ਨੇ ਆਪਣੀ ਦਾਨਾਈ ਨਾਲ ਰਿਆਸਤ ਨੂੰ ਬੜੀ ਤਰੱਕੀ ਦਿੱਤੀ, ਓਹ ਇਲਾਕੇ ਜਿਨ੍ਹਾਂ ਵਿੱਚ ਪਹਿਲਾਂ ਜੰਗਲ ਹੀ ਜੰਗਲ* ਸਨ, ਆਬਾਦ ਕਰ ਕੇ ਚੰਗੀ ਆਮਦਨੀ ਬਣਾ ਲਈ।

ਸਾਹਿਬ ਸਿੰਘ ਨੇ ਆਪਣੇ ਭਾਈ ਪਹਾੜਾ ਸਿੰਘ ਨਾਲ ਅਕਾਰਨ ਵੈਰ ਉਤਪੰਨ ਕਰ ਲਿਆ ਤੇ ਇਨ੍ਹਾਂ ਦੀ ਜਾਨ ਲੈਣ ਦੇ ਬੜੇ ਹੀਲੇ ਕੀਤੇ, ਕਈ ਫਸਾਦ ਉਠਾਏ, ਇਨ੍ਹਾਂ ਦਾ ਫ਼ਲ ਇਸੇ ਨੂੰ ਭੁਗਤਣਾ ਪਿਆ। ਜ਼ਹਿਰ ਦੇ ਨਾਲ ਆਪ ਹੀ ਮਰ ਗਿਆ। ਸਰਦਾਰ ਪਹਾੜਾ ਸਿੰਘ ਨੇ ਇਸ ਦੀ ਸਿੰਘਣੀ ਨਾਲ ਅਨੰਦ ਪੜ੍ਹਾ ਕੇ ਘਰ ਪਾ ਲਿਆ, ਜਿਸ ਤੋਂ ਕਈ ਲੋਕ ਇਸ ਜ਼ਹਿਰ ਦੇ ਦਵਾਏ ਜਾਣ ਦਾ ਸ਼ੁਬ੍ਹਾ ਪਹਾੜਾ ਸਿੰਘ ਦੇ ਸਿਰ ਥੱਪਣ ਲੱਗ ਪਏ।

## ੧੬. ਸਰਦਾਰ ਪਹਾੜਾ ਸਿੰਘ ਦੀ ਚਲਾਕੀ

ਸਰਦਾਰ ਸਾਹਿਬ ਸਿੰਘ ਦੇ ਚਲਾਣਾ ਕਰ ਜਾਣ ਨਾਲ ਪਹਾੜਾ ਸਿੰਘ ਨੂੰ ਘਰ ਦੇ ਫਸਾਦਾਂ ਦੇ ਹੱਥੋਂ ਵੇਹਲ ਮਿਲ ਗਈ। ਕਿੰਤੂ ਬਾਹਰ ਦੇ ਝਗੜੇ ਜੋ ਕੋਟਕਪੂਰੇ ਦੇ ਹਾਕਮ ਵੱਲੋਂ ਬਣੇ ਰਹਿੰਦੇ ਸਨ, ਜਿਉਂ ਦੇ ਤਿਉਂ ਰਹੇ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਸੀ, ਜਿਸ ਨੂੰ ਸਰਦਾਰ ਪਹਾੜਾ ਸਿੰਘ ਬੜੀ ਸਫ਼ਾਈ ਤੇ ਸਹਿਨਸ਼ੀਲਤਾ ਨਾਲ ਸਹਾਰਦਾ ਰਿਹਾ। ਕਿੰਤੂ ਏਸ ਨੇ ਵੀ ੧੯੦੩ ਵਿੱਚ ਇਸ ਨੂੰ ਰਾਜਾ ਬਣਾ ਕੇ ਸਾਰੇ ਝਗੜੇ ਮੁਕਾ ਦਿੱਤੇ। ਇਸ ਦਾ ਵਿਰਤਾਂਤ ਇੰਜ ਹੈ ਕਿ ਜਦ ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਦੇ ਵਿੱਚ ਭਿਆਨਕ ਜੰਗ ਹੋਇਆ, ਉਸ ਵੇਲੇ ਪਹਾੜਾ ਸਿੰਘ ਨੇ ਅੰਗਰੇਜ਼ਾਂ ਦੀ ਬੇਹਦ ਸਹਾਇਤਾ ਤੇ ਮਦਦ ਕੀਤੀ। ਭਾਰ ਬਰਦਾਰੀ, ਰਸਦ ਤੇ ਹੋਰ ਲੜਾਈ ਦਾ ਸਮਾਨ ਆਪਣੇ ਵਿਤ ਨਾਲੋਂ ਵੱਧ ਕੇ ਆਪਣੇ ਵੱਲੋਂ ਜੇਹੜੇ ਜਾਸੂਸ ਸਿੱਖਾਂ ਦੀ ਫੌਜ ਵਿੱਚ ਪੂਰੇ ਹਾਲ ਦਿੱਤਾ ਛੱਡੇ ਹੋਏ ਸਨ, ਓਹਨਾਂ ਦੀ ਰਾਹੀਂ ਰੇਪੂ ਅੰਗਰੇਜ਼ਾਂ ਤੱਕ ਪੁਜਾਂਦਾ ਰਿਹਾ। ਕਿਸੇ ਤਰ੍ਹਾਂ ਵੀ ਮਦਦ ਵਿੱਚ ਕਸਰ ਬਾਕੀ ਨਾ ਰੱਖੀ, ਕਿੰਤੂ ਜਿਸ ਦਿਨ ਫੇਰੂ ਸ਼ਹਿਰ ਦੀ ਲੜਾਈ ਵਿੱਚ ਅੰਗਰੇਜ਼ ਆਪਣੀ ਹਾਰ ਸਮਝ ਕੇ ਬਧਨੀ ਦੇ ਪਾਸ ਤੱਕ ੮-੧੦ ਪਿੱਛੇ ਹੱਟ ਕੇ ਜਾ ਉੱਤਰੇ, ਉਧਰ ਖਾਲਸਾ ਫੌਜ ਦੇ ਲੂਣ ਹਰਾਮੀ, ਬੇਧਰਮ, ਅਕ੍ਰਿਤਘਣ, ਕਮੀਨੇ ਅਫਸਰ ਲਾਲ ਸਿੰਘ, ਤੇਜਾ ਸਿੰਘ ਗ਼ਦਾਰ ਨੇ ਜੋ ਜ਼ਾਤ ਦੇ ਬ੍ਰਾਹਮਣ ਸੀ ਤੇ ਜਿਨ੍ਹਾਂ ਨੂੰ ਸਿੱਖਾਂ ਦੀ ਫਤਹ ਉੱਕਾ ਪਸੰਦ ਨਹੀਂ ਸੀ, ਸਿੱਖਾਂ ਦੀ ਫੌਜ ਨੂੰ ਨਸਾ ਕੇ ਪਿੱਛੇ ਲੈ ਗਏ ਤੇ ਦੋਹਾਂ ਪਾਸਿਆਂ ਦੀਆਂ ਤੋਪਾਂ, ਤੰਬੂ ਆਦਿਕ ਲੜਾਈ ਦੇ ਮੈਦਾਨ ਵਿੱਚ ਪਿਆ ਰਹਿ ਗਿਆ ਤੇ ਉਸ ਦਿਨ ਦੀ ਫਤਹ ਨੂੰ ਨਾ ਤਾਂ ਅੰਗਰੇਜ਼ ਆਪਣੀ ਮੰਨਦੇ ਸੀ ਤੇ ਨਾ ਸਿੱਖ (ਬਿੱਲੀ ਦੇ ਭਾਗਾਂ ਨੂੰ ਛਿੱਕਾ ਟੁੱਟਾ) ਪਹਾੜਾ ਸਿੰਘ ਮੈਦਾਨ ਖ਼ਾਲੀ ਪਿਆ ਵੇਖ ਘੋੜੇ ਨੂੰ ਅੱਡੀ ਲਾ ਕੇ ਮੇਜਰ ਬ੍ਰਾਡਫੁਟ ਸਾਹਿਬ ਦੇ ਪਾਸ ਪੁੱਜਾ ਤੇ ਕਿਹਾ ਕਿ ਤੁਸੀਂ ਮੈਦਾਨ ਖ਼ਾਲੀ ਛੱਡ ਕੇ ਕਿਉਂ ਫਤਹ ਨੂੰ ਹੱਥੋਂ ਗਵਾਂਦੇ ਹੋ, ਖਾਲਸਾ ਫੌਜ ਦੇ ਅਫਸਰ ਤਾਂ ਆਪ ਹੀ ਫੌਜ ਨੂੰ ਪਿੱਛੇ ਹਟਾ ਕੇ ਲੈ ਗਏ। ਜਦ ਓਹ ਆਪਣੇ ਆਪ ਫਤਹ ਦੇਂਦੇ ਹਨ, ਫਿਰ ਆਪ ਕਿਉਂ ਛੱਡਦੇ ਹੋ? ਡਰੋ ਨਹੀਂ ਮੇਰੇ ਨਾਲ ਚਲੋ, ਮੈਂ ਜ਼ੁਮੇਵਾਰ ਬਣਦਾ ਹਾਂ। ਲੜਾਈ ਦਾ ਮੈਦਾਨ ਦੋਹਾਂ ਪਾਸਿਆਂ ਦੇ ਸਮਾਨ ਸਮੇਤ ਲੈ ਲਓ, ਦੇਰ ਨਾ ਕਰੋ। ਕਿੰਤੂ ਅੰਗਰੇਜ਼ੀ ਫੌਜ ਨੂੰ ਜਿੱਕਣ ਸਿੱਖਾਂ ਨੇ ਹੱਥੋ ਹੱਥ ਲਿਆ ਸੀ, ਓਹਨਾਂ ਦੇ ਅਫਸਰਾਂ ਨੂੰ ਯਕੀਨ ਨਹੀਂ ਆਉਂਦਾ ਸੀ, ਕਿਉਂਕਿ ਬਹੁਤ ਡਰੇ ਹੋਏ ਸਨ, ਤੇ ਕੰਬਦੇ ਸਨ।

---

*ਇਨ੍ਹਾਂ ਜੰਗਲਾਂ ਬਾਬਤ ਕਪਤਾਨ ਮਰੇ ਲਿਖਦਾ ਹੈ ਕਿ ਜਦ ਸੂਰਜ ਨਿੱਕਲਣ ਲਗਦਾ ਹੈ, ਤਦ ਰੇਤ ਦਾ ਇੱਕ ਸਮੁੰਦਰ ਠਾਠਾਂ ਮਾਰਦਾ ਨਜ਼ਰ ਪੈਂਦਾ ਹੈ, ਜਿਸ ਵਿੱਚ ਸਵਾਏ ਜੰਡ ਕਰੀਰ, ਬਣ ਤੇ ਪੀਲੂ ਦੇ ਹੋਰ ਕੋਈ ਸਬਜ਼ੀ ਨਜ਼ਰੀ ਨਹੀਂ ਪੈਂਦੀ ਤੇ ਘਾਹ ਵੀ ਅਲੀਹਾ ਖੋਹੀ ਅਜਿਹਾ ਹੈ ਜੋ ੧੦ ਕਦਮ ਵੀ ਆਰਾਮ ਲਾਲ ਚੱਲਣ ਨਹੀਂ ਦੇਂਦਾ। ਇਸ ਦਾ ਕੰਡਾ ਕਿਸੇ ਹਾਲਤ ਵਿੱਚ ਕਪੜੇ ਜਾਂ ਹੱਥ ਨੂੰ ਚਮੜੇ ਬਿਨਾਂ ਨਹੀਂ ਰਹਿੰਦਾ। ਪਾਣੀ ਛੱਪੜਾਂ ਦਾ (ਜਿਸ ਦੇ ਵਿੱਚ ਪਸ਼ੂ ਗੋਹਾ ਤੇ ਪਿਸ਼ਾਬ ਕਰਦੇ ਹਨ) ਪੀਣ ਵਿੱਚ ਆਉਂਦਾ ਹੈ। ਜੇ ਖੂਹ ਦਾ ਪੀਤਾ ਜਾਵੇ, ਤਾਂ ਅਵਲ ਤੇ ੧੨੦ ਫੁੱਟ ਤੋਂ ਪਹਿਲਾਂ ਨਿੱਕਲਣਾ ਮੁਸ਼ਕਲ ਹੈ ਤੇ ਫਿਰ ਇਹਦੇ ਨਾਲ ਜੁਲਾਬ ਲੱਗ ਜਾਂਦੇ ਹਨ।

ਕਿੰਤੂ ਜਦ ਪਹਾੜਾ ਸਿੰਘ ਦੇ ਘੜੀ ਘੜੀ ਕਹਿਣ ਤੇ ਅੰਗਰੇਜ਼ੀ ਅਫਸਰ ਤੇ ਸਵਾਰ ਨਾਲ ਲੈ ਜਾ ਕੇ ਮੈਦਾਨ ਖ਼ਾਲੀ ਪਿਆ ਵਿਖਾ ਦਿੱਤਾ ਤਦ ਅੰਗਰੇਜ਼ਾਂ ਨੂੰ ਧਰਵਾਸ ਮਿਲੀ ਤੇ ਜਾ ਕੇ ਫਤਹ ਦਾ ਏਲਾਨ ਡਰਦੇ ਹੋਏ ਦਿਲ ਨਾਲ ਕਰ ਦਿੱਤਾ ਤੇ ਸਿੱਖਾਂ ਦੀ ਲੜਾਈ ਦਾ ਸਾਮਾਨ ਤੋਪਾਂ ਸਮੇਤ ਆਪਣੇ ਕਬਜ਼ੇ ਵਿੱਚ ਕਰ ਲਿਆ।

## ੧੭. ਸਰਦਾਰ ਪਹਾੜਾ ਸਿੰਘ ਨੂੰ ਖ਼ਿਤਾਬ ਤੇ ਮੁਲਕ ਮਿਲਣਾ

ਇਸ ਸ਼ਕਸਤ ਨੂੰ ਇੰਜ ਫਤਹ ਨਾਲ ਬਦਲ ਦੇਣ ਦੇ ਕਾਰਨ ਅੰਗਰੇਜ਼ ਅਫਸਰ ਪਹਾੜਾ ਸਿੰਘ ਤੇ ਬੜੇ ਖ਼ੁਸ਼ ਹੋਏ। ਸਰਦਾਰ ਪਹਾੜਾ ਸਿੰਘ ਨੂੰ ਸਦਾ ਖੈਰਖਾਹ ਤੇ ਮਿੱਤਰ ਸਮਝ ਕੇ ਬਰਾਡਫੁਟ ਸਾਹਿਬ ਨੇ; ਜੋ ਅੰਗਰੇਜ਼ਾਂ ਵੱਲੋਂ ਸਭ ਤੋਂ ਵੱਡਾ ਅਫਸਰ ਸੀ, ਇਕ ਸਨਦ ਲਿਖ ਦਿੱਤੀ:

'ਫੇਰੂ ਸ਼ਹਿਰ ਦੀ ਅਦੁਤੀ ਫਤਹ ਕੇਵਲ ਸਰਦਾਰ ਪਹਾੜਾ ਸਿੰਘ ਦੀ ਕੋਸ਼ਸ਼ ਨਾਲ ਪ੍ਰਾਪਤ ਹੋਈ ਹੈ, ਇਸ ਭਾਰੀ ਫਤਹ ਦੇ ਬਦਲੇ ਸਰਦਾਰ ਪਹਾੜਾ ਸਿੰਘ ਨੂੰ ਬਹੁਤ ਕੁਝ ਦੇਣਾ ਚਾਹੀਦਾ ਹੈ।'

ਇਹ ਸਾਹਿਬ ਸਭਰਾਓਂ ਦੀ ਲੜਾਈ ਵਿੱਚ ਮਾਰਿਆ ਗਿਆ, ਕਿੰਤੂ ਜੰਗ ਦੇ ਅੰਤ ਤੱਕ ਪਹਾੜਾ ਸਿੰਘ ਦੀਆਂ ਸੇਵਾ ਨੂੰ ਵੇਖ ਕੇ ਤੇ ਇਨ੍ਹਾਂ ਦੀ ਕਦਰਦਾਨੀ ਵਜੋਂ ਸਰਕਾਰ ਨੇ ਅੱਧਾ ਇਲਾਕਾ ਪੱਖੋਵਾਲ ਦਾ ਨਾਭਾ ਦਾ ਜ਼ਬਤ ਕੀਤਾ ਹੋਇਆ ਸੀ ੩੫੬੧੨) ਸਾਲਾਨਾ ਸੀ, ਤੇ ੫੦੦੦੦) ਹਜ਼ਾਰ ਸਲਾਨਾ ਦਾ ਇਲਾਕਾ ਕੋਟਕਪੂਰੇ ਦਾ ਜੋ ਸਰਦਾਰ ਦਾ ਮੌਰੂਸੀ ਮੁੱਲ ਸੀ ਤੇ ੧੮੬੫ ਬਿ. ਨੂੰ ਲਾਹੌਰ ਦਰਬਾਰ ਦੇ ਕਬਜ਼ੇ ਵਿੱਚ ਚਲਾ ਗਿਆ ਸੀ। ਰਾਜਾ ਸਾਹਿਬ ਦਾ ਖ਼ਿਤਾਬ ਦੇ ਕੇ ੨੦੦੦) ਮਾਹਵਾਰ ਦੀ ਪਿਨਸ਼ਨ ਨੀਯਤ ਕਰ ਦਿੱਤੀ। ਇਸ ਤਰ੍ਹਾਂ ਨਾਲ ਪਿਨਸ਼ਨ ਨਾ ਲੈ ਕੇ ਸਰਦਾਰ ਪਹਾੜਾ ਸਿੰਘ ੧੯੦੫ ਵਿੱਚ ੫੦ ਸਾਲ ਦੀ ਉਮਰ ਵਿੱਚ ਚਲਾਣਾ ਕਰ ਗਿਆ॥

ਰਾਜਾ ਪਹਾੜਾ ਸਿੰਘ ਦੇ ਘਰ ਸਰਦਾਰ ਸਮੰਦ ਸਿੰਘ ਦੀਨਾ ਵਾਲੇ ਦੀ ਲੜਕੀ ਚੰਦ ਕੌਰ ਜਿਸ ਤੋਂ ਰਾਜਾ ਵਜ਼ੀਰ ਸਿੰਘ ਉਤਪੰਨ ਹੋਇਆ ਤੇ ਦੂਜੀ ਭੈ ਸਿੰਘ ਮੁਦਕੀ ਵਾਲੇ ਦੀ ਲੜਕੀ ਦੇਸੂ ਜਿਸ ਤੋਂ ਦੀਪ ਸਿੰਘ*, ਅਨੋਖ ਸਿੰਘ, ਤੀਜਾ ਰਾਏ ਸਿੰਘ ਖਿਆਲੀ ਵਾਲੇ ਦੀ ਲੜਕੀ ਜਸ ਕੌਰ, ਤੇ ਚੌਥੀ ਇਸ ਦੇ ਮਰ ਗਏ ਭਰਾ ਸਾਹਿਬ ਸਿੰਘ ਦੀ ਵਿਧਵਾ ਸੀ।

## ੧੮. ਰਾਜਾ ਵਜ਼ੀਰ ਸਿੰਘ ਦਾ ਹਾਲ

ਜਦ ਰਾਜਾ ਪਹਾੜਾ ਸਿੰਘ ਚਲਾਣਾ ਕਰ ਗਿਆ ਤਦ ਓਹਦਾ ਲੜਕਾ ੨੧ ਸਾਲ ਦੀ ਆਯੂ ਵਿੱਚ ਵਜ਼ੀਰ ਸਿੰਘ ਗੱਦੀ ਤੇ ਬੈਠਾ। ਗੱਦੀ ਨਸ਼ੀਨੀ ਦੀ ਰਸਮ ਬੜੀ ਧੂਮ ਧਾਮ ਨਾਲ ਮਨਾਈ ਗਈ। ਇਸ ਦੇ ਗੱਦੀ ਤੇ ਬੈਠਦਿਆਂ ਹੀ ਮੁਲਤਾਨ ਤੇ ਚੇਲੀਆਂ ਮੌਜੀਆਂ ਦੀਆਂ ਦੋ ਲੜਾਈਆਂ ਪੇਸ਼ ਆਈਆਂ, ਜਿਨ੍ਹਾਂ ਵਿੱਚ ਵਜ਼ੀਰ ਸਿੰਘ ਨੇ ਅੰਗਰੇਜ਼ਾਂ ਨੂੰ ਵਿੱਤੋਂ ਵੱਧ ਕੇ ਮਦਦ ਦਿੱਤੀ। ਇਸੇ ਤਰ੍ਹਾਂ ਨਾਲ ੧੯੧੪ ਬਿ. ਮੁਤਾਬਕ ੧੮੫੭ ਦੇ ਕਿਆਮਤ ਵਾਲੇ ਗ਼ਦਰ ਵਿੱਚ ਇਸ ਨੇ ਅੰਗਰੇਜ਼ਾਂ ਨੂੰ ਬੜੀ ਭਾਰੀ ਮਦਦ ਦਿੱਤੀ। ਆਪ ਫੌਜ ਲੈ ਕੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਪਾਸ ਪੁੱਜਾ ਤੇ ਸਤਲੁਜ ਦੇ ਕਿਨਾਰੇ ਦੀ ਰਾਖੀ ਕਰਦਾ ਰਿਹਾ। ਸੈਂਕੜੇ ਵਿਦਰੋਹੀ ਫੜ ਫੜ ਕੇ ਸਰਕਾਰ ਦੇ ਹਵਾਲੇ ਕੀਤੇ। ਇਨ੍ਹਾਂ ਦੀ ਫੌਜ ਨੇ ਜਨਰਲ ਵਾਨਕੋਰਟ ਦੀ ਕਮਾਨ ਵਿੱਚ ਸਰਸਾ ਸਾਦਿਕ ਸ਼ਹਿਰਾਂ ਦੀ ਰਖਵਾਲੀ ਕੀਤੀ।

---

*ਟਿਕਾ ਦੀਪ ਸਿੰਘ ਤੇ ਕੰਵਰ ਅਨੋਖ ਸਿੰਘ ਪਹਾੜਾ ਸਿੰਘ ਦੇ ਜਿਉਂਦੇ ਹੀ ਮਰ ਚੁਕੇ ਸਨ, ਜਿਨ੍ਹਾਂ ਦੀ ਮੌਤ ਬਾਬਤ ਇਹ ਮਸ਼ਹੂਰ ਸੀ ਕਿ ਰਾਜਾ ਵਜ਼ੀਰ ਸਿੰਘ ਦੀ ਮਾਂ ਨੇ ਬ੍ਰਾਹਮਨ ਕੋਲੋਂ ਜ਼ਹਿਰ ਦਵਾ ਕੇ ਇੱਕ ਦਿਨ ਹੀ ਮਰਵਾ ਦਿੱਤੇ ਸਨ। ਕਿੰਤੂ ਇਸ ਗੱਲ ਨੂੰ ਪ੍ਰਗਟ ਕਰਨਾ ਚੰਗਾ ਨਾ ਜਾਣ ਰਾਜਾ ਪਹਾੜਾ ਸਿੰਘ ਨੇ ਘਰ ਵਿੱਚ ਦਬਾ ਲਿਆ ਤੇ ਹੈਜ਼ੇ ਨਾਲ ਮਰ ਜਾਣਾ ਪ੍ਰਗਟ ਕੀਤਾ। ਟਿਕਾ ਦਲੀਪ ਸਿੰਘ ਦੀਆਂ ਦੋ ਰਾਣੀਆਂ ਪ੍ਰਤਾਪ ਕੌਰ ਸਰਦਾਰ ਪ੍ਰੇਮ ਸਿੰਘ ਮਾਨਸ਼ਾਹੀਏ ਦੀ ਲੜਕੀ ਤੇ ਚਪੇਈ ਵਾਲੇ ਮੀਹਾਂ ਸਿੰਘ ਦੀ ਲੜਕੀ ਸੀ ਜੋ ਆਯੂ ਭਰ ੪੦੦੦ ਰੁਪਏ ਸਾਲਾਨਾ ਪਿਨਸ਼ਨ ਆਪਣੇ ਪਿਤਾ ਦੇ ਘਰ ਬੈਠੀਆਂ ਲੈਂਦੀਆਂ ਰਹੀਆਂ। ਕਿਉਂਕਿ ਰਾਜਾ ਵਜ਼ੀਰ ਸਿੰਘ ਜ਼ੋਰ ਨਾਲ ਇਹਨਾਂ ਨੂੰ ਆਪਣੇ ਘਰ ਬਿਠਾਣਾ ਚਾਹੁੰਦਾ ਸੀ, ਇਨ੍ਹਾਂ ਦੇ ਨਾ ਮਨਜ਼ੂਰ ਕਰਨ ਤੇ ਇਸ ਨੇ ਕੈਦ ਕਰ ਦਿੱਤਾ। ਕਿੰਤੂ ਅੰਗਰੇਜ਼ਾਂ ਨੇ ਰਾਜਾ ਨੂੰ ਮਜਬੂਰ ਕਰ ਕੇ ਇਨ੍ਹਾਂ ਨੂੰ ਛੁਡਾ ਕੇ ਪਿਨਸ਼ਨ ਨੀਯਤ ਕਰਾ ਦਿੱਤੀ ਤੇ ਅਨੋਖ ਸਿੰਘ ਦੀ ਤੀਵੀਂ ਨੇ ਆਪਣਾ ਪਤੀ ਵਜ਼ੀਰ ਸਿੰਘ ਨੂੰ ਬਣਾ ਲਿਆ ਸੀ, ਇਹ ਧੀਰੋ ਮਾਜਰੇ ਦੀ ਰਹਿਣ ਵਾਲੀ ਸੀ।

ਜੈਤੋਂ ਵਿੱਚ ਸ਼ਾਮ ਦਾਸ ਨਾਮ ਦਾ ਫ਼ਕੀਰ ਨਾਭੇ ਨਾਲ ਜੰਗ ਕਰਨ ਦੀ ਸਲਾਹ ਕਰ ਰਿਹਾ ਸੀ। ਵਜ਼ੀਰ ਸਿੰਘ ਨੇ ਅੱਪੜ ਕੇ ਲੜਾਈ ਕਰ ਕੇ ਇਸ ਨੂੰ ਫੜ ਲਿਆ ਤੇ ਫਾਂਸੀ ਦੀ ਸਜ਼ਾ ਦਿੱਤੀ।

ਗ਼ਦਰ ਦੇ ਮੁੱਕ ਜਾਣ ਤੇ ਫੂਲ ਦੇ ਹੋਰ ਰਾਜਿਆਂ ਦੀ ਤਰ੍ਹਾਂ ਰਾਜਾ ਵਜ਼ੀਰ ਸਿੰਘ ਨੂੰ ਵੀ ਬੈਰਾੜ ਬੰਸ ਰਾਜਾ ਬਹਾਦਰ ਦਾ ਖ਼ਿਤਾਬ ੧੧ ਤੋਪਾਂ ਦੀ ਸਲਾਮੀ, ੧੧ ਕਪੜਿਆਂ ਦੀ ਖਿਲਅਤ ਤੇ ਇੱਕ ਸਨਦ ਮਿਲੀ, ਜਿਸ ਵਿੱਚ ਰਾਜਾ ਸਾਹਿਬ ਨੂੰ ਮੁਤਬੰਨਾ ਬਨਾਣ ਦਾ ਅਖਤਿਆਰ ਦਿੱਤਾ ਗਿਆ ਤੇ ਰਾਜਾ ਸਾਹਿਬ ਦੇ ਵੱਲੋਂ ਜੋ ੧੦ ਸਵਾਰ ਅੰਗਰੇਜ਼ਾਂ ਪਾਸ ਰਹਿੰਦੇ ਸਨ, ਓਹ ਮਾਫ਼ ਕੀਤੇ ਗਏ।

ਰਾਜਾ ਵਜ਼ੀਰ ਸਿੰਘ ਇੱਕ ਬੜਾ ਸਿਆਣਾ ਰਾਜਾ ਸੀ। ਏਸ ਨੇ ਪਰਜਾ ਦੇ ਅਮਲੀ ਕੰਮ ਬਹੁਤ ਕੀਤੇ। ਨਿਰਮਲਿਆਂ ਦੇ ਅਖਾੜੇ ਦੇ ਨਾਮ ਚਮੇਲੀ ਨਾਮ ਦਾ ਪਿੰਡ ਜਿਸ ਦੀ ਸਲਾਨਾ ਆਮਦਨੀ ੫੦੦ ਰੁਪਇਆ ਸੀ, ਸਦਾ ਵਾਸਤੇ ਲਾ ਦਿੱਤਾ, ਰਾਜਾ ਬਿਕ੍ਰਮਾ ਸਿੰਘ ਨੇ ਜਿਸ ਨੂੰ ਰੋਕ ਰੱਖਿਆ। ਸਰਦਾਰ ਬਲਬੀਰ ਸਿੰਘ ਵਜ਼ੀਰ ਬੜਾ ਸਿਆਣਾ ਆਦਮੀ ਸੀ, ਕਿੰਤੂ ਟਿੱਕਾ ਬਿਕ੍ਰਮਾ ਸਿੰਘ ਨੂੰ ਖ਼ਰਚ ਵਜੋਂ ਤੰਗ ਰੱਖਦੇ ਸੀ, ਜਿਸ ਤੋਂ ਟਿਕਾ ਸਾਹਿਬ ਵੀ ਓਹਦੀ ਚਾਲ ਚੱਲਣ ਲੱਗੇ, ਜੋ ਇਸ ਘਰਾਣੇ ਵਿੱਚ ਚਲਦੀ ਆਈ ਹੈ। ਕਿੰਤੂ ਸੰਤ ਮਹਤਾਬ ਸਿੰਘ ਦੇ ਸਮਝਾਣ ਤੇ ਰਾਜਾ ਵਜ਼ੀਰ ਸਿੰਘ ਆਪਣੇ ਵਜ਼ੀਰ ਬਲਬੀਰ ਸਿੰਘ ਨੂੰ ਨਾਲ ਲੈ ਕੇ ਹਰਿਦੁਆਰ, ਇਲਾਹਾਬਾਦ, ਬਨਾਰਸ, ਗਯਾ, ਜਗਨਨਾਥ ਤੇ ਕਲਕੱਤਾ ਵੱਲ ਚਲਾ ਗਿਆ। ਜਦ ਹਜ਼ੂਰ ਸਾਹਿਬ ਦੇ ਦਰਸ਼ਨ ਕਰ ਕੇ ਕੁਰੁਕਸ਼ੇਤਰ ਪੁੱਜਾ ਤਦ ਪੇਚਸ਼ ਦੀ ਬੀਮਾਰੀ ਨੇ ਆ ਦਬਾਇਆ ਤੇ ਇਸੇ ਰੋਗ ਨਾਲ ਸੰ. ੧੯੨੮ ਮੁਤਾਬਕ ੧੮੭੧ ਈ. ਨੂੰ ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਗਏ।

ਰਾਜਾ ਵਜ਼ੀਰ ਸਿੰਘ ਬੜਾ ਧਰਮਾਤਮਾ ਨਿਆਇਸ਼ੀਲ ਸੀ। ਇਸ ਨੇ ਮੁਕਤਸਰ ਦੇ ਪਾਸ ਲਖੀ ਜੰਗਲ ਵਿੱਚ ਇੱਕ ਖੂਹ ਲਗਵਾਇਆ ਤੇ ਗੁਰਦੁਆਰੇ ਦੀ ਬੜੀ ਸੇਵਾ ਕੀਤੀ। ਇਸ ਰਾਜੇ ਦੀਆਂ ਚਾਰ ਰਾਣੀਆਂ ਸਨ। ੧ ਇੰਦਰ ਕੌਰ ਸਰਦਾਰ ਸ਼ਾਮ ਸਿੰਘ ਮਾਨਸ਼ਾਹੀਏ ਦੀ ਲੜਕੀ ਜਿਸ ਤੋਂ ਰਾਜਾ ਬਿਕਰਮਾ ਸਿੰਘ ਹੋਏ। ੨ ਸਰਦਾਰ ਬਸਾਵਾ ਸਿੰਘ ਰਾਏਪੁਰੀਏ ਦੀ ਲੜਕੀ, ੩ ਸਰਦਾਰ ਗੱਜਾ ਸਿੰਘ ਲਾਹੌਰ ਵਾਲੇ ਦੀ ਲੜਕੀ ਤੇ ੪ ਅਨੋਖ ਸਿੰਘ ਦੀ ਵਿਧਵਾ।

## ੧੯. ਰਾਜਾ ਬਿਕਰਮਾ ਸਿੰਘ ਦਾ ਸਮਾਂ

ਰਾਜਾ ਬਿਕਰਮਾ ਸਿੰਘ ੧੯੦੩ ਬਿਕ੍ਰਮੀ ਮੁਤਾਬਕ ੧੮੪੬ ਨੂੰ ਉਤਪੰਨ ਹੋਏ ਤੇ ੧੯੨੯ ਮੁਤਾਬਕ ੧੮੭੨ ਈ. ਨੂੰ ਜੰਗੋ ਜਵਾਨ ਹੋ ਕੇ ਗੱਦੀ ਤੇ ਬੈਠੇ।

ਇਹ ਰਾਜਾ ਬੜਾ ਹੋਣਹਾਰ, ਸਮਝਦਾਰ ਤੇ ਨਿਆਏਸ਼ੀਲ ਸੀ। ਮੁਦਈ ਮੁਦਾਆਲਾਹ ਨੂੰ ਸਾਹਮਣੇ ਬੁਲਾ ਕੇ ਇੰਜ ਝਗੜੇ ਨਿਪਟਾਂਦਾ ਸੀ ਕਿ ਦੋਹਾਂ ਧਿਰਾਂ ਦੀ ਤਸੱਲੀ ਹੋ ਜਾਏ। ਪ੍ਰਜਾ ਦੇ ਬੱਚੇ ਬੱਚੇ ਦਾ ਆਪ ਜਾਣੂੰ ਸੀ। ਇਸ ਨੇ ਧਰਮਸਾਲਾ, ਬਾਗ਼, ਕੋਠੀਆਂ, ਸੜਕਾਂ, ਤਾਲਾਬ, ਸਰਾਵਾਂ, ਬਾਜ਼ਾਰ, ਮੰਡੀਆਂ ਆਦਿਕ ਬੜੀਆਂ ਬਣਵਾਈਆਂ ਤੇ ਕਿਲ੍ਹੇ ਤਿਆਰ ਕਰਵਾਏ। ਪ੍ਰਜਾ ਨੂੰ ਜੋ ਫਰੀਦਕੋਟ ਵਿੱਚ ਰਹਿਣਾ ਚਾਹੇ; ਬੜੀਆਂ ਖੁੱਲ੍ਹੀਆਂ ਜ਼ਮੀਨਾਂ ਦੇ ਕੇ ਵਸਾਇਆ, ਜਿਸ ਤੋਂ ਫਰੀਦਕੋਟ ਸ਼ਹਿਰ ਨੂੰ ਬੜੀ ਰੌਣਕ ਮਿਲੀ। ਇਸ ਰਾਜਾ ਨੂੰ ਰੁਪਇਆ ਜਮ੍ਹਾਂ ਕਰਨ ਦਾ ਬੜਾ ਸ਼ੌਕ ਸੀ। ਸੋ ਇਸ ਨੇ ਇੱਕ ਕਰੋੜ ਦੇ ਕਰੀਬ ਰੁਪਿਆ ਜਮ੍ਹਾ ਕੀਤਾ।

## ੨੦. ਰਾਜਾ ਸਾਹਿਬ ਦੇ ਕੰਮ

ਇਸ ਰਾਜਾ ਸਾਹਿਬ ਨੂੰ ਮਜ਼੍ਹਬੀ ਚਰਚਾ ਸੁਣਨ ਦਾ ਸ਼ੌਕ ਸੀ। ਸੰਮਤ ੧੯੩੩ ਮੁਤਾਬਕ ੧੮੭੬ ਈ. ਵਿੱਚ ਹਿੰਦੁਸਤਾਨ ਭਰ ਦੇ ਮੌਲਵੀ ਸੱਦ ਕੇ ਓਹਨਾਂ ਦੀ ਚਰਚਾ ਸੁਣੀ। ਜਾਣ ਲੱਗਿਆਂ ਓਹਨਾਂ ਨੂੰ ਬੜੀ ਮਾਇਕ ਮਦਦ ਹਰ ਇੱਕ ਨੂੰ ਦਿੱਤੀ। ਇੱਕ ਕਬੀਰ ਪੰਥੀ ਫ਼ਕੀਰ, ਪ੍ਰਮਾਨੰਦ ਮਿਲਿਆ ਜਿਸ ਨੇ ਕਬੀਰ ਦਾ ਇੱਕ ਚਰਿਤ੍ਰ ਛਪਵਾਣ ਲਈ ਕਿਹਾ, ਜਿਸ ਦਾ ਖ਼ਰਚ ਮਹਾਰਾਜਾ ਨੇ ਦਿੱਤਾ। ਇਸ ਕਿਤਾਬ ਵਿੱਚ ਇਸ ਫ਼ਕੀਰ ਨੇ ਗੁਰੂ ਨਾਨਕ ਸਾਹਿਬ ਨੂੰ ਕਬੀਰ ਦਾ ਚੇਲਾ ਲਿਖ ਦਿੱਤਾ। ਇਸੇ ਤਰ੍ਹਾਂ ਨਾਲ ਇਸ ਨੇ ਹੋਰ ਕਈ ਪੁਸਤਕਾਂ ਅਨਜ ਧਰਮਾਂ ਦੀਆਂ ਛਪਵਾਈਆਂ, ਕਿੰਤੂ ਜਦ ਗੁਰੂ ਘਰ ਦੀ ਖ਼ਬਰ ਲੱਗੀ ਤਦ ਸਾਰੇ ਪਾਸਿਆਂ ਤੋਂ ਦਿਲ ਹਟ

ਗਿਆ ਤੇ ਇਸੇ ਪਾਸੇ ਲੱਗ ਗਿਆ। ਇਨ੍ਹਾਂ ਆਪਣੇ ਪਾਸੋਂ ਬਹੁਤ ਸਾਰਾ ਧਨ ਖ਼ਰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਛਪਵਾਣ ਦਾ ਪ੍ਰਬੰਧ ਕੀਤਾ ਜੋ ਗਿਆਨੀ ਬਦਨ ਸਿੰਘ ਦੇ ਸਵਾਰਥ ਨਾਲ ਅਧੂਰਾ ਰਹਿ ਗਿਆ ਤੇ ਰਾਜਾ ਸਾਹਿਬ ਦੀ ਜ਼ਿੰਦਗੀ ਵਿੱਚ ਨਾ ਛਪਿਆ।

ਟਿੱਕਾ ਬਲਬੀਰ ਸਿੰਘ ਦਾ ਵਿਆਹ ਬੜੀ ਸਜਧਜ ਨਾਲ ਕੀਤਾ। ਇਸ ਵਿਆਹ ਦੇ ਸਮੇਂ ਨੇਪਾਲ, ਜੰਮੂ, ਬਲਰਾਮ ਪੁਰ ਦੇ ਰਾਜੇ ਮਹਾਰਾਜੇ ਆਏ। ਰਾਜਾ ਸਾਹਿਬ ਨੇ ਵਿਆਹ ਦੀ ਖ਼ੁਸ਼ੀ ਵਿੱਚ ੧੦੦੦) ਸਿੰਘ ਸਭਾ ਲਾਹੌਰ ੪੦੦੦) ਖਾਲਸਾ ਦੀਵਾਨ ਅੰਮ੍ਰਿਤਸਰ ਤੇ ੧੦੦੦) ਕਮੇਟੀ ਨੂੰ ਦਿੱਤਾ।

ਰਾਜਾ ਸਾਹਿਬ ਜਿੱਥੇ ਬੜੇ ਸਿਆਣੇ ਤੇ ਸਮਝਦਾਰ ਸਨ ਓਥੇ ਬਾਵਾ ਹਰਦਿੱਤ ਸਿੰਘ ਵਜ਼ੀਰ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਅਯੋਗ ਮਿਲਿਆ। ਇਸ ਨੇ ਜੋ ਕੰਮ ਕਰਾਏ ਨੁਕਸਾਨ ਦੇ ਕਰਾਏ।

(੧) ਇੱਕ ਵਾਰ ਇਸ ਇਲਾਕੇ ਵਿੱਚ ਗਊਆਂ ਦਾ ਵਗ ਇਕੱਠਾ ਹੋ ਗਿਆ ਜੋ ਲਾਵਾਰਸ ਸੀ ਤੇ ਕ੍ਰਿਸਾਨਾਂ ਦੇ ਖੇਤਾਂ ਨੂੰ ਨੁਕਸਾਨ ਪਹੁੰਚਾਂਦਾ ਸੀ। ਇਸ ਨੂੰ ਬੜੀ ਮੁਸ਼ਕਲ ਨਾਲ ਕਾਬੂ ਕੀਤਾ। ਇਨ੍ਹਾਂ ਵਿੱਚ ਇੱਕ ਸਾਂਢ ਬੜਾ ਤਾਕਤਵਰ ਸੀ ਜੋ ਮਾਰਿਆ ਗਿਆ। ਇਸ ਤੋਂ ਬੜੀ ਹਲਚਲ ਰਿਆਸਤ ਦੇ ਹਿੰਦੂਆਂ ਵੱਲੋਂ ਮਚੀ।

(੨) ਸੋਢੀ ਹੁਕਮ ਕਰਤਾਰ ਸਿੰਘ ਢਿਲਾਂ ਵਾਲੇ ਨਾਲ ਜੰਗਲ ਦਾ ਝਗੜਾ।

(੩) ਸ੍ਰ: ਗੁਰਦਿਆਲ ਸਿੰਘ ਮਾਨ ਡਿਪਟੀ ਕਮਿਸ਼ਨਰ ਤੇ ੮੦ ਹਜ਼ਾਰ ਦਾ ਦਾਵਾ। ਇਹ ਦੋਵੇਂ ਮੁਕੱਦਮੇ ਲੰਡਨ ਤੱਕ ਅੱਪੜੇ ਤੇ ਮਹਾਰਾਜਾ ਦੇ ਵਿਰੁੱਧ ਹੋਏ।

(੪) ਸਰਦਾਰ ਅਜੀਤ ਸਿੰਘ ਅਟਾਰੀ ਵਾਲੇ ਤੇ

(੫) ਸਰਦਾਰ ਗੁਰਦਿਤ ਸਿੰਘ ਤੇ

(੬) ਇੱਕ ਅੰਗ੍ਰੇਜ਼ ਤੇ ਇੱਕ ਬਾਜ਼ ਦੇ ਕਾਰਣ

(੭) ਮੁਕਤਸਰ ਦੇ ਪੁਜਾਰੀਆਂ ਤੇ

(੮) ਅਖਬਾਰ ਪੰਜ ਦਿੱਲੀ ਤੇ

(੯) ਖਾਲਸਾ ਅਖਬਾਰ ਲਾਹੌਰ ਤੇ।

ਇਸ ਤਰ੍ਹਾਂ ਦੇ ਕਈ ਝਗੜੇ ਮੂੰਹਤਾਣੇ ਪਰ ਬੇਸਮਝ ਸਲਾਹਕਾਰਾਂ ਨੇ ਕਰਵਾ ਦਿੱਤੇ ਜੋ ਹਾਈ ਕੋਰਟ ਵਿੱਚ ਜਾ ਕੇ ਖਾਰਜ ਹੋ ਮਹਾਰਾਜਾ ਸਾਹਿਬ ਦੇ ਵਾਸਤੇ ਬਦਨਾਮੀ ਦਾ ਕਾਰਨ ਹੋਏ। ਜੇ ਸਲਾਹਕਾਰ ਚੰਗੇ ਹੁੰਦੇ ਤਦ ਕਦੇ ਵੀ ਅਜਿਹਾ ਨਾ ਹੋਣ ਦਿੰਦੇ।

ਰਾਜਾ ਸਾਹਿਬ ਆਪਣੇ ਵੱਡਿਆਂ ਦੇ ਰਿਵਾਜ ਅਨੁਸਾਰ ਅੰਗਰੇਜ਼ਾਂ ਨੂੰ ਮਦਦ ਦੇਂਦੇ ਰਹੇ। ਕਾਬਲ ਦੀ ਲੜਾਈ ਸਮੇਂ ੧੯੩੫ ਬਿ. ਮੁਤਾਬਕ ੧੮੭੮ ਈ. ਨੂੰ ਅੰਗਰੇਜ਼ੀ ਫੌਜ ਨੂੰ ਰਸਦ ਤੇ ਭਾਰ ਬਰਦਾਰੀ ਦੇ ਸਮਾਨ ਵਿੱਚ ਵਿਤੋਂ ਵਧ ਕੇ ਮਦਦ ਦਿੱਤੀ।

ਰਾਜਾ ਸਾਹਿਬ ਨੇ ਭੁਲ, ਲਖੀ ਜੰਗਲ, ਮੁਕਤਸਰ ਤੇ ਲੋਹਗੜ੍ਹ ਗੁਰਦੁਆਰੇ ਬੜਾ ਧਨ ਖ਼ਰਚ ਕੇ ਬਣਵਾਏ।

ਮਹਾਰਾਜਾ ਸਾਹਿਬ ਨੇ ਆਪਣੀ ਰਿਆਸਤ ਵਿੱਚ ਇੱਕ ਕਾਨੂੰਨ ਜਾਰੀ ਕੀਤਾ ਕਿ ਜੇ ਕਦੀ ਕੋਈ ਆਦਮੀ ਸੰਤਾਨਹੀਨ ਮਰ ਜਾਏ ਤਦ ਉਹਦੀ ਜਾਇਦਾਦ ਉਹਦੇ ਵਾਰਸਾਂ ਤੋਂ ਕੁਝ ਨਜ਼ਰਾਨਾ ਲੈ ਕੇ ਦਿੱਤੀ ਜਾਂਦੀ ਤੇ ਜ਼ਬਤ ਨਾ ਹੁੰਦੀ। ਇਸੇ ਤਰ੍ਹਾਂ ਲਗਾਨ ਵੀ ਦੂਜੀਆਂ ਰਿਆਸਤਾਂ ਨਾਲੋਂ ਕੁਝ ਜ਼ਿਆਦਾ ਹੈ।

ਰਾਜਾ ਬਿਕਰਮਾ ਸਿੰਘ ਨੇ ੧੯੫੪ ਬਿ. ਮੁਤਾਬਕ ੧੮੯੮ ਨੂੰ ਸ੍ਰੀ ਅੰਮ੍ਰਿਤਸਰ ਪੁੱਜ ਕੇ ਗੁਰੂ ਦੇ ਬਾਗ਼ ਵਿੱਚ ਬੜਾ ਭਾਰੀ ਜਲਸਾ ਕੀਤਾ, ਜਿਸ ਵਿੱਚ ਸ਼ਹਿਰ ਦੇ ਸਾਰੇ ਰਈਸ ਤੇ ਡਿਪਟੀ ਕਮਿਸ਼ਨਰ ਵੀ ਸ਼ਾਮਿਲ ਸਨ। ਇਸ ਵੇਲੇ ਲੰਗਰ ਤੇ ਬਿਜਲੀ ਦੇ ਮਕਾਨਾਂ ਦੀ ਨੀਂਹ ਰੱਖੀ ਗਈ ਤੇ ਇਨ੍ਹਾਂ ਦੋਨਾਂ ਕੰਮਾਂ ਵਾਸਤੇ ਇੱਕ ਲੱਖ ਰੁਪਇਆ ਅਰਦਾਸ ਕਰਾਇਆ ਜਿਸ ਵਿੱਚੋਂ ੨੫੦੦੦) ਬਿਜਲੀ ਵਾਸਤੇ ਤੇ ੭੫੦੦੦) ਲੰਗਰ ਦੇ ਵਾਸਤੇ, ਜਿਸ ਦੇ ਸੂਦ ਨਾਲ ਦੋ ਰੁਪਏ ਰੋਜ਼ ਦਾ ਆਟਾ ਪਕਾ ਕੇ ਵੰਡਣ ਦਾ ਇਕਰਾਰ ਕੀਤਾ। ਇੱਕ ਕਮੇਟੀ ੧੯੫੫ ਬਿ. ਨੂੰ ਬਣੀ ਜਿਸ ਦੇ

ਵੱਲੋਂ ਲੰਗਰ ਤੇ ਰੌਸ਼ਨੀ ਦਾ ਪ੍ਰਬੰਧ ਜਾਰੀ ਹੋ ਗਿਆ। ਇਸ ਕਮੇਟੀ ਦੇ ਪ੍ਰਧਾਨ ਸਰਦਾਰ ਸੁੰਦਰ ਸਿੰਘ ਜੀ ਮਜੀਠਾ ਹਨ ਤੇ ਵਾਈਸ ਪ੍ਰੈਜ਼ੀਡੈਂਟ ਕਰਨਲ ਜਵਾਲਾ ਸਿੰਘ ਸਰਬ੍ਰਾਹ ਗੁਰਦੁਆਰਿਆਂ ਦਾ।

ਰਾਜਾ ਸਾਹਿਬ ਦੀਆਂ ਰਾਣੀਆਂ:

੧. ਰਾਜਾ ਬਲਬਗੜ੍ਹ ਦੀ ਲੜਕੀ।

੨. ਬਖ਼ਸ਼ੀ ਪ੍ਰਤਾਪ ਸਿੰਘ ਚਾਹਲ ਦੀ ਲੜਕੀ ਜਿਸ ਦੀ ਕੁੱਖੋਂ ਦੋ ਸ਼ਹਿਜ਼ਾਦੇ ਤੇ ਇੱਕ ਸ਼ਹਿਜ਼ਾਦੀ ਉਤਪੰਨ ਹੋਈ ਜਿਸ ਦਾ ਵਿਆਹ ਮੁਰਸਾਂ ਪ੍ਰਗਣੇ ਵਿੱਚ ਹੋਇਆ।

੮ ਅਗਸਤ ੧੮੯੮ ਈ. ਮੁਤਾਬਕ ਭਾਦ੍ਰੋਂ ੧੯੫੫ ਬਿ. ਨੂੰ ਰਾਜਾ ਸਾਹਿਬ ਬੁਖਾਰ ਤੇ ਦਰਦਾਂ ਦੀ ਬੀਮਾਰੀ ਨਾਲ ਬੀਮਾਰ ਰਹਿ ਕੇ ਚਲਾਣਾ ਕਰ ਗਏ।

੧੬ ਦਸੰਬਰ ੧੮੯੮ ਈ. ਨੂੰ ਰਾਜਾ ਬਲਬੀਰ ਸਿੰਘ ਗੱਦੀ ਤੇ ਬੈਠਾ। ਸਰਦਾਰ ਠਾਕਰ ਸਿੰਘ ਔਲਖ ਵਜ਼ੀਰ ਆਜ਼ਮ ਬੂਟੀ ਰਾਮ ਮੀਰ ਮੁਨਸ਼ੀ ਲਛਮੀ ਸਹਾਏ ਦੀਵਾਨ ਤੇ ਕਿਰਪਾ ਅਦਾਲਤੀ ਸਨ। ਰਾਜਾ ਸਾਹਿਬ ਦੀ ਸੁਸਤੀ ਦੇ ਕਾਰਨ ਇਹ ਰਿਆਸਤ ਲਾਹੌਰ ਦੀ ਲਫਟੰਟੀ ਵਿੱਚੋਂ ਨਿੱਕਲ ਕੇ ਕਮੀਸ਼ਨ ਦੀ ਤਾਬਿਆਦਾਰੀ ਵਿੱਚ ਚਲੀ ਗਈ।

## ੨੧. ਰਾਜਾ ਬਿਕਰਮਾ ਸਿੰਘ ਦੀ ਵਸੀਅਤ

(੧) ੪ ਲੱਖ ਰੁਪਿਆ ਬੀਬੀ ਬਲਵੰਤ ਕੌਰ ਦੇ ਨਾਮ ਤੇ ਦਿੱਤਾ ਗਿਆ, ਜਿਸ ਦੀ ਸ਼ਾਦੀ ਮੁਰਸਾ ਹੋਈ ਤੇ ਇਹ ਬੀਬੀ ੨੦ ਦਿਨ ਦਾ ਲੜਕਾ ਛੱਡ ਕੇ ੫੬ ਵਿੱਚ ਮਰ ਗਈ।

(੨) ੯ ਲੱਖ ਰੁਪਿਆ ਕੰਵਰ ਰਾਜਿੰਦਰ ਸਿੰਘ ਦੇ ਨਾਮ ਤੇ ਜਮ੍ਹਾਂ ਹੋਇਆ। ਤਿੰਨ ਕੋਠੀਆਂ ਲਾਹੌਰ, ਸ਼ਿਮਲਾ ਤੇ ਫਿਰੋਜ਼ਪੁਰ ਨੌਂ ਪਿੰਡ ਹਿਸਾਰ ਦੇ ਜ਼ਿਲ੍ਹੇ ਵਿੱਚ ਦਿੱਤੇ ਗਏ।

(੩) ੯ ਲੱਖ ਰੁਪਿਆ ਦੋਨਾਂ ਰਾਣੀਆਂ ਨੂੰ ਗੁਜ਼ਾਰੇ ਵਾਸਤੇ ਸਾਢੇ ਚਾਰ ਲੱਖ ਰਾਣੀ ਇੰਦਰ ਕੌਰ ਮਾਤਾ ਕੰਵਰ ਰਾਜਿੰਦਰ ਸਿੰਘ, ਸਾਢੇ ਚਾਰ ਲੱਖ ਰਾਣੀ ਬਿਸ਼ਨ ਕੌਰ ਮਾਤਾ ਬਲਬੀਰ ਸਿੰਘ। ਇਸ ਰੁਪਏ ਤੇ ਇਨ੍ਹਾਂ ਨੂੰ ਪੂਰਾ ਵਸੀਕਾਰ ਹੈ, ਜਿੱਥੇ ਚਾਹਵਨ ਖ਼ਰਚ ਕਰਨ।

# ੨੨. ਫਰੀਦਕੋਟ ਦੇ ਰਾਜ ਘਰਾਣੇ ਦਾ ਸ਼ਜਰਾ

ਸੰਘਰ

ਲਾਲ    ਭਲਨ

ਕਪੂਰਾ ੧੭੧੭ ਬਿ:

ਮੁਖੀਆ    ਸੁਜਾਨਾ    ਸੁਖੀਆ ੧੭੪੩ ਬਿ:

੧੭੬੭ ਬਿ. ਜੋਧ ਸਿੰਘ    ੧੭੮੧ ਬਿ. ਹਮੀਰ ਸਿੰਘ    ਬੀਰ ਸਿੰਘ

ਟੇਕ ਸਿੰਘ ੧੮੦੨ ਬਿ:    ਜੀਤ ਸਿੰਘ ੧੭੬੭ ਬਿ:    ਦਲ ਸਿੰਘ ੧੮੦੪ ਬਿ:    ਮੋਹਰ ਸਿੰਘ ੧੭੯੮ ਬਿ:

ਜਗਤ ਸਿੰਘ    ਕਰਮ ਸਿੰਘ    ਚੜ੍ਹਤ ਸਿੰਘ    ਭੂਮਾ ਸਿੰਘ

ਇਨ੍ਹਾਂ ਦੀ ਸੰਤਾਨ ਬਹੁਤ ਸਾਰੀ ਹੈ

ਗੁਲਾਬ ਸਿੰਘ ੧੮੨੬ ਬਿ.    ਰਾਜਾ ਪਹਾੜਾ ਸਿੰਘ ੧੮੪੯ ਬਿ.    ਸਾਹਬ ਸਿੰਘ ੧੮੩੧ ਬਿ:    ਮਹਤਾਬ ਸਿੰਘ

ਅਤਰ ਸਿੰਘ ੧੮੪੭ ਬਿ:    ਰਾਜਾ ਵਜ਼ੀਰ ਸਿੰਘ ੧੮੭੪ ਬਿ:

ਰਾਜਾ ਬਿਕ੍ਰਮ ਸਿੰਘ ੧੯੫੩ ਬਿ:

ਰਾਜਾ ਬਲਬੀਰ ਸਿੰਘ    ਕੰਵਰ ਰਾਜਿੰਦਰ ਸਿੰਘ

# ਆਹਲੂਵਾਲੀਆ ਦੀ ਮਿਸਲ ੧੨

## ਕਪੂਰਥਲੇ ਦਾ ਰਾਜ ਘਰਾਣਾ

ਇਹ ਮਿਸਲ ਵੀ ਫੂਲਕਿਆਂ ਦੀ ਮਿਸਲ ਵਾਂਗ ਬੜੀ ਪ੍ਰਸਿੱਧ ਤੇ ਸ਼ਕਤੀ ਵਾਲੀ ਮਿਸਲ ਹੈ, ਜਿਸ ਦਾ ਵਜੂਦ ਹੁਣ ਤੱਕ ਸੰਸਾਰ ਤੇ ਕਪੂਰਥਲੇ ਦੇ ਨਾਮ ਤੋਂ ਕਾਇਮ ਹੈ। ਇਸ ਮਿਸਲ ਦਾ ਕਰਤਾ ਸਰਦਾਰ ਬਾਗ਼ ਸਿੰਘ ਪਿੰਡ ਹਲਾਂ ਵਾਲਾ ਸਰਦਾਰ ਜੱਸਾ ਸਿੰਘ ਦਾ ਮਾਮਾ ਸੀ। ਇਨ੍ਹਾਂ ਦੀ ਸੰਤਾਨ ਨਹੀਂ ਸੀ, ਇਸ ਕਰ ਕੇ ਇਨ੍ਹਾਂ ਦੇ ਚਲਾਣਾ ਕਰਨ ਤੇ ਮਿਸਲ ਦੀ ਸਰਦਾਰੀ ਸਰਦਾਰ ਜੱਸਾ ਸਿੰਘ ਨੂੰ ਪੁੱਜੀ।

ਸਰਦਾਰ ਜੱਸਾ ਸਿੰਘ ਪ੍ਰਤਾਪੀ ਐਸ਼ਵਰਜ ਵਾਲਾ, ਭਾਗਾਂ ਵਾਲਾ ਤੇ ਬੜਾ ਸਿਆਣਾ ਆਦਮੀ ਸੀ ਇਸ ਮਿਸਲ ਨੂੰ ਐਥੋਂ ਤੱਕ ਉੱਨਤ੍ਰ ਕੀਤਾ ਕਿ ਪੰਥ ਖਾਲਸੇ ਦਾ ਬਾਦਸ਼ਾਹ ਅਖਵਾ ਗਿਆ। ੪੦ ਲੱਖ ਰੁਪਏ ਦੇ ਮੁਲਕ ਤੇ ੮ ਹਜ਼ਾਰ ਸਵਾਰਾਂ ਦਾ ਮਾਲਕ ਬਣਿਆ ਰਿਹਾ।

ਇਹ ਰਿਆਸਤ ਕਪੂਰਥਲਾ ਦਰਿਆ ਬਿਆਸ ਦੇ ਲਾਗੇ ਲਖੂ ਦੇ ਪੱਤਨ ਪਾਸ ਹੈ। ਇਸ ਦਾ ਕੁਲ ਰਕਬਾ ੬੦੦ ਮੁਰੱਬਾ ਮੀਲ ਹੈ। ਆਬਾਦੀ ਢਾਈ ਲੱਖ ਹੈ। ੧੦ ਲੱਖ ਦੀ ਆਮਦਨੀ ਪੰਜਾਬ ਵਿੱਚ ਤੇ ੧੦ ਲੱਖ ਦੀ ਅਵਧ ਸੂਬੇ ਵਿੱਚ ਹੈ ਤੇ ਤਿੰਨ ਲੱਖ ਦੇ ਕਰੀਬ ਓਥੋਂ ਦੀ ਵਸੋਂ ਹੈ। ਓਹ ਇਲਾਕਾ ਰਾਜਾ ਰਣਧੀਰ ਸਿੰਘ ਨੂੰ ੧੯੧੪ ਬਿਕਰਮੀ ਵਿੱਚ ਗਦਰ ਦੇ ਦਿਨਾਂ ਦੇ ਵਿੱਚ ਸੇਵਾ ਕਰਨ ਦੇ ਬਦਲੇ ਮਿਲਿਆ ਸੀ ਤੇ ਕੁਝ ਓਸ ਨੇ ਮੁਲ ਖਰੀਦ ਲਿਆ। ਇਸ ਆਮਦਨੀ ਵਿੱਚ ੧ ਲੱਖ ੩੧ ਹਜ਼ਾਰ ਗਵਰਨਮੈਂਟ ਨੂੰ ਕਮੀਸ਼ਨ ਵਜੋਂ ਦੇਣਾ ਪੈਂਦਾ ਹੈ। ਕਪੂਰਥਲੇ ਦੇ ਰਈਸ ਦੀ ੧੧ ਤੋਪਾਂ ਦੀ ਸਲਾਮੀ ਹੈ, ਦਰਬਾਰ ਕੈਸਰ ਹਿੰਦ ਵਿੱਚ ਨੰਬਰ ਤੇ ਰਾਜਾਏ ਰਾਜਗਾਨ ਦਾ ਖ਼ਿਤਾਬ ਹੈ। ਪਟਿਆਲਾ, ਨਾਭਾ ਤੇ ਜੀਂਦ ਵਾਂਗ ਇਹਨਾਂ ਨੂੰ ਫਾਂਸੀ ਦੇਣ ਦੀ ਸਜ਼ਾ ਦਾ ਅਖਤਿਆਰ ਨਹੀਂ ਮਿਲਿਆ, ਇਸ ਕਰ ਕੇ ਫਾਂਸੀ ਦੇਣ ਦੀ ਸਜ਼ਾ ਕਮਿਸ਼ਨਰ ਜਲੰਧਰ ਦੀ ਮਨਜ਼ੂਰੀ ਨਾਲ ਹੈ ਤੇ ਨਾ ਹੀ ਓਹਨਾਂ ਰਿਆਸਤਾਂ ਵਾਂਗ ਇਸ ਰਿਆਸਤ ਨਾਲ ਸਰਕਾਰ ਦਾ ਇਕਰਾਰ ਹੈ ਕਿ ਦਖ਼ਲ ਨਾ ਦੇਵਾਂਗੇ।

## ੧. ਤਾਰੀਖ ਖਾਨਦਾਨ ਕਪੂਰਥਲਾ

ਸਰਦਾਰ ਜੱਸਾ ਸਿੰਘ ਦੇ ਕਾਰਨਾਮਿਆਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਇਸ ਖਾਨਦਾਨ ਦਾ ਵਿਰਤਾਂਤ ਦੱਸਣਾ ਜ਼ਰੂਰੀ ਹੈ। ਇਹ ਖਾਨਦਾਨ ਮੁਦਤ ਤੋਂ ਕਲਾਲ ਨਾਮ ਤੇ ਪ੍ਰਸਿੱਧ ਰਿਹਾ ਹੈ ਤੇ ਰੋਟੀ ਬੇਟੀ ਦਾ ਲੈਣ ਦੇਣ ਵੀ ਏਹਨਾਂ ਦਾ ਕਲਾਲਾਂ ਨਾਲ ਚਲਾ ਆਇਆ ਹੈ। ਹਰ ਤਰ੍ਹਾਂ ਦੀਆਂ ਰਸਮਾਂ ਰਿਵਾਜ਼ ਕਲਾਲ ਦੇ ਨਾਲ ਹੀ ਬਣੀਆਂ ਰਹੀਆਂ, ਕਿੰਤੂ ਕੁਝ ਸਮੇਂ ਤੋਂ ਇਸ ਖਾਨਦਾਨ ਦਾ ਅਸਲ ਕੌਮ ਭੱਟੀ ਰਾਜਪੂਤ ਜੈਂਦੇ ਰਾਜੇ ਜੈਸਲਮੇਰ ਵਾਲਿਆਂ ਨਾਲ ਮਿਲਾਈ ਗਈ ਹੈ, ਇਸ ਗੱਲ ਨੂੰ ਕਾਇਮ ਕਰਨ ਲਈ ਰਾਜਾ ਜਗਜੀਤ ਸਿੰਘ ਦੀ ਸ਼ਾਦੀ ਵੀ ਕਟੋਚ ਰਾਜਪੂਤਾਂ ਦੇ ਘਰ ਕੀਤੀ ਗਈ।

## ੨. ਇਸ ਖਾਨਦਾਨ ਦਾ ਸ਼ਜਰਾ


ਜੋ ਜੈਸਲਮੇਰ ਵਾਲਿਆਂ ਨਾਲ ਮਿਲਾਇਆ ਜਾਂਦਾ ਹੈ ਇੰਜ ਹੈ:

- ਰਾਵਲ ਜੈਸਲ ਜੀ
  - ਸਾਲਬਾਹਨ
    - ਕਰਨ
    - ਚਾਚੂ
    - ਕਾਲਨ
    - ਪਛਲ
    - ਚੰਦਰ
    - ਅਚਲ
    - ਜਗਪਾਲ
    - ਧਮ
      - ਪਦਮ

ਕਰਨ ਦੀ ਬਤੀਵੀਂ ਪੀੜੀ ਵਿੱਚ ਰਾਜਾ ਸਾਲਬਾਹਨ ਜੈਸਲਮੇਰ ਵਾਲਾ ਹੁਣ ਹੈ। ਇਸ ਨੂੰ ਕਪੂਰਥਲੇ ਵੱਲੋਂ ਜੋ ਚਿੱਠੀ ਲਿਖੀ ਜਾਂਦੀ ਹੈ, ਉਸ ਵਿੱਚ ਉਹਦਾ ਸਿਰਲੇਖ ਇਹ ਹੁੰਦਾ ਹੈ:-

ਮਹਾਰਾਵਲ ਸਾਹਿਬ ਮਸ਼ਫਕ ਮੇਹਰਬਾਨ ਕਰਮ ਫਰਮਾਏ ਮੁਖਲਸਾਨ ਮਹਾਰਾਜਾ ਧਿਰਾਜ ਰਾਜ ਰਾਜੇਸ੍ਵਰ ਮਹਾਰਾਵਲ ਰਾਜਾ ਸਾਹਿਬ ਬਹਾਦਰ।

ਧਮ ਦਾ ਪੁੱਤ੍ਰ ਪਦਮ ਸੀ ਤੇ ਪਦਮ ਤੋਂ ਅੱਗੇ ਸਿਲਸਿਲੇਵਾਰ ਇੰਜ ਹਨ:-ਪਦਮ ਭਾਨ ਬਰਪਾਲ ਉਧਰਨ ਚੰਦਰਪਾਲ ਰਾਨਾ ਤੁਲਸੀ ਕਪੂਰ ਗਗੜ ਸਲੋਹ ਸੈਨਾ ਸਿੰਘ ਬੁੱਢਾ ਸਿੰਘ, ਗੰਡ੍ਹਾ ਸਿੰਘ ਸਦਾਵਹਾ ਸਿੰਘ, ਗੋਪਾਲ ਸਿੰਘ ਤੇ ਫਿਰ ਗੁਪਾਲ ਸਿੰਘ ਤੋਂ ਅੱਗੇ ਇੰਜ ਹੈ:


ਗੁਪਾਲ ਸਿੰਘ
ਸਦਰ ਸਿੰਘ
ਬਦਰ ਸਿੰਘ
ਗੁਰਬਚਨ ਸਿੰਘ
ਲਾਲ ਸਿੰਘ
ਮੰਨਾ ਸਿੰਘ
ਸ੍ਰਦਾਰ ਜੱਸਾ ਸਿੰਘ
ਕ੍ਰਿਪਾਲ ਸਿੰਘ
ਲਧਾ ਸਿੰਘ
ਲੜਕੀ
ਮੇਹਰ ਸਿੰਘ
ਰਾਜਾ ਅਮਰ ਸਿੰਘ ਤੰਗ ਵਾਲਾ
ਲੜਕੀ
ਜੋ ਮੋਹਨ ਸਿੰਘ
ਫਤੇਹਅਬਾਦੀ
ਨਾਲ ਵਿਆਹੀ ਗਈ
ਲੜਕੀ ਜੋ ਰਤਨ ਸਿੰਘ ਨਾਲ ਵਿਆਹੀ ਗਈ
ਭਾਗ ਸਿੰਘ
ਸ੍ਰ. ਫਤਿਹ ਸਿੰਘ
ਕੰਵਰ ਅਮਰ ਸਿੰਘ
ਰਾਜਾ ਨਿਹਾਲ ਸਿੰਘ
ਲੜਕੀ
ਜੋ ਦੇਵਾ ਸਿੰਘ ਮੁਕੰਦਪੁਰ
ਨਾਲ ਵਿਆਹੀ ਗਈ
ਕੰਵਰ ਸੁਚੇਤ ਸਿੰਘ
ਕੰਵਰ ਬਿਕਰਮਾ ਸਿੰਘ
ਰਾ: ਰਣਧੀਰ ਸਿੰਘ
ਪ੍ਰਤਾਪ ਸਿੰਘ
ਸਰਦਾਰ ਭਗਤ ਸਿੰਘ
ਵਜ਼ੀਰ ਕਪੂਰਥਲਾ
ਲੜਕੀ ਬੂਟਾ ਸਿੰਘ ਨਾਲ ਵਿਆਹੀ ਗਈ
ਕੰਵਰ ਹਰਨਾਮ ਸਿੰਘ
ਰਾਜਾ ਖੜਗ ਸਿੰਘ
ਰਾਜਾ ਜਗਜੀਤ ਸਿੰਘ
ਟਿਕਾ ਸਾਹਿਬ
ਦਲੀਪ ਸਿੰਘ
ਇੰਦਰਜੀਤ ਸਿੰਘ
ਰਜਿੰਦਰ ਸਿੰਘ
ਸ਼ਮਸ਼ੇਰ ਸਿੰਘ
ਮੇਹਰਾਜ ਸਿੰਘ
ਰਘਬੀਰ ਸਿੰਘ

## ੩. ਕਲਾਲ ਹੋਣ ਦਾ ਕਾਰਨ

ਅਕਬਰ ਬਾਦਸ਼ਾਹ ਦੇ ਸਮੇਂ ਜੈਸਲਮੇਰ ਦੇ ਤਖ਼ਤ ਤੇ ਹਰਰਾਏ ਨਾਮ ਦਾ ਰਾਜਾ ਬੈਠਾ ਹੋਇਆ ਸੀ, ਇਸ ਤੋਂ ਅਕਬਰ ਨੇ ਓਹਦੇ ਭਰਾ ਦੀ ਲੜਕੀ ਦਾ ਰਿਸ਼ਤਾ ਮੰਗਿਆ। ਭਾਵੇਂ ਇਸ ਨੂੰ ਬਾਦਸ਼ਾਹ ਵੱਲੋਂ ਰਾਵਲ ਦਾ ਖ਼ਿਤਾਬ ਵੀ ਮਿਲਿਆ ਸੀ ਤਦ ਵੀ ਉਸ ਨੇ ਆਪਣੀ ਪਤ ਤੇ ਆਬਰੂ ਦੇ ਵਾਸਤੇ ਸਾਕ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਇਸ ਤੇ ਬਾਦਸ਼ਾਹ ਦੇ ਕ੍ਰੋਧ ਦੀ ਜਵਾਲਾ ਆ ਪਈ ਤੇ ਇਸ ਨੂੰ ਆਪਣਾ ਵਤਨ ਛੱਡ ਕੇ ਕੁਝ ਚਿਰ ਐਧਰ ਓਧਰ ਫਿਰਨਾ ਪਿਆ। ਫਿਰ ਪੰਜਾਬ ਵਿੱਚ ਆ ਗਿਆ। ਇਸ ਦੀ ਸੰਤਾਨ ਵਿੱਚ ਰਾਨਾ ਤੁਲਸੀ ਬੜਾ ਪ੍ਰਸਿੱਧ ਆਦਮੀ ਹੋਇਆ ਹੈ, ਜਿਸ ਦੇ ਪੋਤਰੇ ਕਪੂਰੇ ਨੇ ਕਪੂਰਥਲਾ ਵਸਾਇਆ ਜੋ ਇੱਕ ਮੁਦਤ ਪਿੱਛੋਂ ਤਲਵੰਡੀ ਦੇ ਰਾਜਪੂਤ ਮੁਸਲਮਾਨਾਂ ਨੇ ਓਹਦੀ ਸੰਤਾਨ ਪਾਸੋਂ ਖੋਹ ਲਿਆ। ਸੈਨਾ ਸਿੰਘ ਤੇ ਬਧਾਵਾ ਸਿੰਘ ਪਿਓ ਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਸ ਰਹਿੰਦੇ ਸਨ ਤੇ ਇਨ੍ਹਾਂ ਦੇ ਨਾਲ ਫੌਜ ਸੀ। ਇਹ ਗੁਰੂ ਜੀ ਪਾਸ ਨੌਕਰ ਹੋ ਕੇ ਰਹੇ ਸਨ। ਦਿਲ ਜਾਨ ਹੋ ਗੁਰੂ ਜੀ ਦੀ ਸੇਵਾ ਵਿੱਚ ਰਹੇ। ਪਿੰਡ ਗੁਜਰ ਚਕ ਜੋ ਤਰਨਤਾਰਨ ਦੇ ਪਾਸ ਹੈ, ਰਹਿਣ ਲੱਗੇ। ਵਧਾਵਾ ਸਿੰਘ ਦਾ ਪੁੱਤਰ ਗੰਡਾ ਸਿੰਘ ਬੜਾ ਚੋਰ ਸੀ। ਇਸ ਨੇ ਕਈ ਵੇਰ ਦਿਨ ਦਿਹਾੜੇ ਲਾਹੌਰ ਲੁੱਟ ਲਿਆ। ਸੂਬੇਦਾਰ ਦਲਾਵਰ ਖਾਂ ਨੇ ਹੋਰ ਕਿਸੇ ਤਰ੍ਹਾਂ ਕਾਬੂ ਵਿੱਚ ਹੁੰਦਾ ਨਾ ਵੇਖ ਇਸ ਨੂੰ ਨੌਕਰ ਰੱਖ ਲਿਆ। ਇੱਕ ਲੜਾਈ ਵਿੱਚ ਇਸ ਨੇ ਸੂਬੇ ਨੂੰ ਬੜੀ ਮਦਦ ਦਿੱਤੀ ਜਿਸ ਦੇ ਬਦਲੇ ਓਸ ਨੇ ਇਸ ਨੂੰ ਪੰਜ ਪਿੰਡ ਆਹਲੂ, ਹਲੋ, ਸਾਧਲੋ, ਤੋਰ ਤੇ ਚਕ ਦਾ ਜਮਾਂਦਾਰ ਬਣਾ ਦਿੱਤਾ, ਜਿਸ ਵਿੱਚ ਖਾਹ ਅਹਲੋ ਇਸ ਨੂੰ ਮਾਫ਼ ਕੀਤਾ ਗਿਆ, ਜਿਸ ਤੋਂ ਫਿਰ ਓਹ ਪਿੰਡ ਹਲੋ ਵਿੱਚ ਹੀ ਚਲੇ ਗਏ।

ਇਸ ਖਾਨਦਾਨ ਦੇ ਕਲਾਲ ਬਣਨ ਦੀ ਰਵਾਇਤ ਇੰਜ ਹੈ:

ਗੰਡਾ ਸਿੰਘ ਦਾ ਲੜਕਾ ਵਧਾਵਾ ਸਿੰਘ ਇੱਕ ਕਲਾਲ ਦੀ ਲੜਕੀ ਤੇ ਜੋ ਬੜੀ ਸੁੰਦਰ ਸੀ, ਮੋਹਤ ਹੋ ਗਿਆ। ਲੜਕੀ ਦੇ ਪਿਤਾ ਨੇ ਇਸ ਸ਼ਰਤ ਤੇ ਲੜਕੀ ਦੇਣੀ ਪ੍ਰਵਾਨ ਕੀਤੀ ਕਿ ਇਸ ਦੀ ਜੋ ਸੰਤਾਨ ਹੋਵੇਗੀ ਓਹਨਾਂ ਦੇ ਹਿੱਸੇ ਤੇ ਨਾਤੇ ਕਲਾਲਾਂ ਵਿੱਚ ਹੀ ਕੀਤੇ ਜਾਣਗੇ। ਵਧਾਵਾ ਸਿੰਘ ਨੇ ਵੀ ਇਹ ਗੱਲ ਮੰਨ ਲਈ, ਜਿਸ ਤੋਂ ਇਨ੍ਹਾਂ ਦਾ ਵਿਆਹ ਹੋ ਗਿਆ। ਇਸ ਲੜਕੀ ਵਿੱਚੋਂ ਗੋਪਾਲ ਸਿੰਘ, ਹੇਮੂੰ, ਸਕੰਦਰ ਤੇ ਚਾਹਨਾਮਾਂ ਵਾਲੇ ਚਾਰ ਲੜਕੇ ਹੋਏ ਤੇ ਇੱਕ ਲੜਕੀ ਉਤਪੰਨ ਹੋਈ। ਇਨ੍ਹਾਂ ਸਾਰਿਆਂ ਦੇ ਸੰਬੰਧ ਕਲਾਲਾਂ ਦੇ ਘਰਾਂ ਵਿੱਚ ਹੋ ਗਏ। ਇਸ ਕਰ ਕੇ ਇਸ ਖਾਨਦਾਨ ਦਾ ਕਲਾਲ ਹੋਣਾ ਦੱਸਿਆ ਜਾਂਦਾ ਹੈ। ਚਾਹਾ ਦੇ ਦੋ ਪੁੱਤਰ ਮਾਨੂ ਸਿੰਘ ਤੇ ਖਾਨੂੰ ਸਿੰਘ ਉਤਪੰਨ ਹੋਏ ਤੇ ਇਹ ਲਾਹੌਰ ਦੇ ਵਿੱਚ ਰਹਿਣ ਲੱਗੇ, ਜਿਸ ਤੋਂ ਇਨ੍ਹਾਂ ਦੇ ਨਾਮ ਤੇ ਇੱਕ ਬਾਜ਼ਾਰ ਬਣਿਆ ਜੋ ਹੁਣ ਤੱਕ ਇਸੇ ਨਾ ਤੋਂ ਮਸ਼ਹੂਰ ਤੇ ਮੌਜੂਦ ਹੈ। ਸਕੰਦਰ ਤੇ ਹੇਮੂ ਨੇ ਪ੍ਰਸਿੱਧਤਾ ਪ੍ਰਾਪਤ ਨਹੀਂ ਕੀਤੀ। ਗੋਪਾਲ ਸਿੰਘ ਦਾ ਬੇਟਾ ਦੇਵਾ ਸਿੰਘ ਜਿਸ ਦੇ ਤਿੰਨ ਪੁੱਤਰ ਬਦਰ ਸਿੰਘ, ਸਦਰ ਸਿੰਘ ਤੇ ਗੁਰਬਖ਼ਸ਼ ਸਿੰਘ ਸੀ। ਬਦਰ ਸਿੰਘ ਦਾ ਵਿਆਹ ਇਸ ਮਿਸਲ ਦੇ ਬਾਨੀ ਸਰਦਾਰ ਬਾਗ਼ ਸਿੰਘ ਦੀ ਭੈਣ ਨਾਲ ਹੋਇਆ, ਇਸ ਤੋਂ ਸਰਦਾਰ ਜੱਸਾ ਸਿੰਘ ਨੇ ਜਨਮ ਲਿਆ। ਇਸ ਨੂੰ ਆਪਣੇ ਮਾਮੇ ਦੀ ਰਿਆਸਤ ਮਿਲੀ ਤੇ ਸੰਸਾਰ ਵਿੱਚ ਇਹਦੇ ਨਾਮ ਦਾ ਸਿੱਕਾ ਚਲਿਆ।

ਰਵਾਇਤ ਹੈ ਕਿ ਬਦਰ ਸਿੰਘ ਦੇ ਘਰ ਜੋ ਲੜਕਾ ਹੁੰਦਾ ਸੀ ਮਰ ਜਾਂਦਾ ਸੀ, ਜਿਸ ਤੋਂ ਇੱਕ ਦਿਨ ਗੱਲਬਾਤ ਹੁੰਦੇ ਸਰਦਾਰ ਬਾਗ਼ ਸਿੰਘ ਨੇ ਕਿਹਾ ਕਿ ਜੇ ਕਦੀ ਤੂੰ ਗੁਰੂ ਦਾ ਸਿੰਘ ਬਣ ਜਾਏਂ ਤੇ ਗੁਰਮਤ ਕਰੇਂ ਤਦ ਸ਼ਾਇਦ ਗੁਰੂ ਦੀ ਕ੍ਰਿਪਾ ਨਾਲ ਤੇਰੀ ਸੰਤਾਨ ਜੀਉਂਦੀ ਰਹੇ। ਉਸ ਨੇ ਇਹ ਗੱਲ ਮੰਨ ਲਈ, ਜਿਸ ਤੋਂ ਕੁਝ ਮੁਦਤ ਪਿੱਛੋਂ ੧੭੭੬ ਬਿ. ਨੂੰ ਬਦਰ ਸਿੰਘ ਦੇ ਘਰ ਲੜਕਾ ਹੋਇਆ। ੧੭੯੦ ਬਿਕ੍ਰਮੀ ਨੂੰ ਬਦਰ ਸਿੰਘ ਚਲਾਣਾ ਕਰ ਗਿਆ। ਜੱਸਾ ਸਿੰਘ ਦੀ ਮਾਤਾ ਨੇ ਬੜੇ ਸ਼ੋਕਾਂਤਰ ਹੋ ਆਪਣੇ ਪੁੱਤਰ ਦੀ ਮੰਨਤ ਦੇਣ ਲਈ ਮਾਤਾ ਸੁੰਦਰੀ ਜੀ ਦੇ ਪਾਸ ਦਿੱਲੀ ਜਾਣ

ਦੀ ਤਿਆਰੀ ਕੀਤੀ। ਦਿੱਲੀ ਪੁੱਜ ਕੇ ਮਾਤਾ ਜੀ ਦੀ ਸੇਵਾ ਵਿੱਚ ਹਾਜ਼ਰ ਰਹਿਣ ਲੱਗੇ। ਜੱਸਾ ਸਿੰਘ ਦੀ ਸੁੰਦਰਤਾ ਹੋਣਹਾਰ ਤੇ ਭੋਲੀਆਂ ਭਾਲੀਆਂ ਗੱਲਾਂ ਵੇਖ ਮਾਤਾ ਸੁੰਦਰੀ ਜੀ ਇਸ ਦੇ ਨਾਲ ਪਿਆਰ ਕਰਦੇ ਆਪਣੀ ਝੋਲੀ ਵਿੱਚ ਲੈ ਕੇ ਖਿਡਾਂਦੇ ਸਨ। ਮਾਤਾ ਜੀ ਨੇ ਹੀ ਜੱਸਾ ਸਿੰਘ ਨੂੰ ਗੁਰਮੁਖੀ ਪੜ੍ਹਾਈ। ਜੱਸਾ ਸਿੰਘ ਦੀ ਮਾਤਾ ਸਵੇਰ ਵੇਲੇ ਦੋ ਤਾਰੇ ਨਾਲ ਆਸਾ ਦੀ ਵਾਰ ਪੜ੍ਹ ਕੇ ਮਾਤਾ ਜੀ ਨੂੰ ਸੁਣਾਇਆ ਕਰਦੀ ਸੀ। ਜੱਸਾ ਸਿੰਘ ਵੀ ਆਪਣੀ ਮਾਂ ਦੇ ਨਾਲ ਪੜ੍ਹਨ ਲੱਗ ਪਿਆ। ਇਨ੍ਹਾਂ ਦੀ ਮਿਲਵੀਂ ਤੇ ਦਿਲ ਖਿਚਵੀਂ ਅਵਾਜ਼ ਨੂੰ ਮਾਤਾ ਜੀ ਨੇ ਬਹੁਤ ਹੀ ਪਸੰਦ ਕੀਤਾ। ਅੰਤ ਨੂੰ ੧੭੮੬ ਨੂੰ ਜਦ ਸਰਦਾਰ ਬਾਗ਼ ਸਿੰਘ ਜੀ ਮਾਤਾ ਸੁੰਦਰੀ ਜੀ ਪਾਸ ਦਿੱਲੀ ਗਏ, ਤਦ ਉੱਥੇ ਮਾਤਾ ਜੀ ਪਾਸ ਬਿਨੈ ਕੀਤੀ ਕਿ ਮੇਰੇ ਘਰ ਕੋਈ ਸੰਤਾਨ ਨਹੀਂ, ਜੇ ਕਦੀ ਆਪ ਜੱਸਾ ਸਿੰਘ ਨੂੰ ਬਖ਼ਸ਼ ਦੇਵੋ ਤਦ ਬੜੀ ਕ੍ਰਿਪਾ ਹੋਵੇਗੀ। ਮਾਤਾ ਜੀ ਨੇ ਆਗਿਆ ਦੇ ਦਿੱਤੀ ਤਾਂ ਜੱਸਾ ਸਿੰਘ ਨੂੰ ਇੱਕ ਤਲਵਾਰ, ਇੱਕ ਢਾਲ, ਕਮਾਨ ਭਤਾ ਤੀਰਾਂ ਦਾ ਇੱਕ ਖਿਲਅਤ ਤੇ ਇੱਕ ਚਾਂਦੀ ਦੀ ਚੋਬ ਦੇ ਕੇ ਕਿਹਾ ਕਿ ਤੇਰੇ ਵਾਰਸਾਂ ਦੇ ਅੱਗੇ ਚੋਬਦਾਰ ਚਲਿਆ ਕਰਨਗੇ।

ਸਰਦਾਰ ਬਾਗ਼ ਸਿੰਘ ਆਪਣੀ ਭੈਣ ਤੇ ਭਤੀਜੇ ਜੱਸਾ ਸਿੰਘ ਨੂੰ ਨਾਲ ਲੈ ਕੇ ਜਦ ਵਾਪਸ ਮੁੜੇ ਤਦ ਕਰਤਾਰਪੁਰ ਵਿੱਚ ਸਰਦਾਰ ਕਪੂਰ ਸਿੰਘ ਖਾਲਸਾ ਦੇ ਦਲ ਸਮੇਤ ਉੱਤਰੇ ਹੋਏ ਸਨ। ਸ੍ਰ. ਕਪੂਰ ਸਿੰਘ ਨੇ ਬਾਗ਼ ਸਿੰਘ ਨੂੰ ਆਪਣੇ ਪਾਸ ਠਹਿਰਾ ਲਿਆ। ਦੂਜੇ ਦਿਨ ਸਵੇਰੇ ਜਦ ਸੰਗਤ ਇਕਤ੍ਰ ਹੋਈ ਤਦ ਜੱਸਾ ਸਿੰਘ ਤੇ ਓਹਨਾਂ ਦੀ ਮਾਤਾ ਨੇ ਦੋਤਾਰੇ ਨਾਲ ਇਸ ਤਰ੍ਹਾਂ ਪ੍ਰੇਮ ਭਰੀ ਤੇ ਰਸੀਲੀ ਅਵਾਜ਼ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ ਕਿ ਸੰਗਤ ਨੂੰ ਅਕਹਿ ਆਨੰਦ ਪ੍ਰਾਪਤ ਹੋਇਆ। ਸਰਦਾਰ ਕਪੂਰ ਸਿੰਘ ਨੇ ਜ਼ੋਰ ਦੇ ਕੇ ਇੱਕ ਮਹੀਨਾ ਤੱਕਣ ਮਾਂ ਪੁੱਤ ਨੂੰ ਆਪਣੇ ਪਾਸ ਰੱਖਿਆ। ਦੋਨੋਂ ਵੇਲੇ ਇਨ੍ਹਾਂ ਤੋਂ ਕੀਰਤਨ ਸੁਣ ਜੱਥਾ ਲਾਭ ਉਠਾਂਦਾ ਰਿਹਾ।

ਸਰਦਾਰ ਕਪੂਰ ਸਿੰਘ ਦੇ ਵੀ ਕੋਈ ਲੜਕਾ ਨਹੀਂ ਸੀ। ਓਹ ਵੀ ਇਸ ਲੜਕੇ ਨੂੰ ਆਪਣਾ ਲੜਕਾ ਸਮਝ ਰਖਵਾਲੀ ਕਰਨ ਲੱਗੇ। ਇੱਕ ਮਹੀਨੇ ਪਿੱਛੋਂ ਇਹਦੀ ਮਾਤਾ ਤਾਂ ਆਪਣੇ ਪਿੰਡ ਅਹਲੋਵਾਲ ਚਲੀ ਗਈ ਤੇ ਜੱਸਾ ਸਿੰਘ ਜੱਥੇ ਵਿੱਚ ਹੀ ਰਿਹਾ। ਹੁਣ ਇੱਥੇ ਜੱਥੇ ਨਾਲ ਹੋਣ ਤੋਂ ਜੱਸਾ ਸਿੰਘ ਸ਼ਸਤ੍ਰ ਵਿੱਦਿਆ ਵਿੱਚ ਬੜਾ ਪ੍ਰਬੀਨ ਹੋ ਗਿਆ। ਸੋਹਣਾ ਉੱਚਾ ਲੰਮਾ ਜਵਾਨ ਤੇ ਦੂਹਰੇ ਦਸਤਾਰੇ ਨਾਲ ਬੜਾ ਹੀ ਸਜੀਲਾ ਫਬੀਲਾ ਲੱਗਦਾ ਸੀ। ਬੋਲ ਚਾਲ ਵੀ ਦਿੱਲੀ ਵਿੱਚ ਰਹਿਣ ਕਰ ਕੇ ਦਿੱਲੀ ਦੇ ਢੰਗ ਤੇ ਹੋ ਗਈ ਸੀ। ਇਨ੍ਹਾਂ ਨਵਾਬ (ਸਰਦਾਰ) ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛੱਕ ਲਿਆ।

ਜੱਸਾ ਸਿੰਘ ਸਵਾਰਾਂ ਨੂੰ ਘੋੜਿਆਂ ਦੇ ਵਾਸਤੇ ਦਾਣਾ ਦੇਣ ਤੇ ਨੀਯਤ ਹੋਏ ਸਨ। ਇੱਕ ਦਿਨ ਦਾਣਾ ਵੰਡਣ ਵਾਲੇ ਸਵਾਰਾਂ ਨਾਲ ਕਿਸੇ ਗੱਲ ਤੋਂ ਖਿਝ ਗਏ ਤੇ ਨਵਾਬ ਕਪੂਰ ਸਿੰਘ ਪਾਸ ਆ ਕੇ ਕਿਹਾ ਕਿ ਇਸ ਕੰਮ ਤੋਂ ਮੇਰਾ ਪਿੱਛਾ ਛੁਡਾਓ। ਨਵਾਬ ਨੇ ਹੱਸ ਕੇ ਕਿਹਾ ਕਿ ਤੁਸੀਂ ਦਾਣਾ ਵੰਡ ਕੇ ਘਬਰਾ ਗਏ ਹੋ, ਤੁਹਾਡੇ ਹੱਥੋਂ ਤਾਂ ਅਸਾਂ ਹਜ਼ਾਰਾਂ ਆਦਮੀਆਂ ਨੂੰ ਤਨਖਾਹ ਵੰਡਾਣੀਆਂ ਹਨ। ਜਿਕਣ ਮੈਨੂੰ ਖਾਲਸੇ ਨੇ ਨਵਾਬ ਦਾ ਖ਼ਿਤਾਬ ਦਿੱਤਾ ਹੈ, ਇਕਣ ਹੀ ਆਸ ਹੈ ਕਿ ਤੁਹਾਨੂੰ ਇੱਕ ਦਿਨ ਬਾਦਸ਼ਾਹ ਦਾ ਖ਼ਿਤਾਬ ਦਿੱਤਾ ਜਾਏਗਾ। ਓਸੇ ਦਿਨ ਤੋਂ ਜੱਥੇ ਦੇ ਸਿੰਘ ਸਰਦਾਰ ਜੱਸਾ ਸਿੰਘ ਨੂੰ ਬਾਦਸ਼ਾਹ ਪੁਕਾਰਣ ਲੱਗ ਪਏ।

## ੪. ਜੱਸਾ ਸਿੰਘ ਦੇ ਕਾਰਨਾਮੇ

ਨਵਾਬ ਕਪੂਰ ਸਿੰਘ ਨੂੰ ਸਿੱਖਾਂ ਵਿੱਚ ਬੜਾ ਮਾਨ ਪ੍ਰਾਪਤ ਸੀ ਤੇ ਹਰ ਇੱਕ ਇਨ੍ਹਾਂ ਦਾ ਅਦਬ ਤੇ ਸਤਕਾਰ ਕਰਦਾ ਸੀ। ਜੱਸਾ ਸਿੰਘ ਇਨ੍ਹਾਂ ਦਾ ਮੀਤ ਸਹਾਇਕ ਬਣ ਗਿਆ, ਜਿਸ ਤੋਂ ਇਨ੍ਹਾਂ ਦੀ ਵੀ ਬੜੀ ਇੱਜ਼ਤ ਹੋਣ ਲੱਗ ਪਈ। ਇੱਕ ਰਾਤ ਬਾਰਸ਼ ਹੋ ਰਹੀ ਸੀ। ਨਵਾਬ ਕਪੂਰ ਸਿੰਘ ਨੇ ਤਿੰਨ ਚਾਰ ਵਾਰ ਉੱਠ ਕੇ ਪੁੱਛਿਆ ਕਿ ਪਹਿਰੇ ਤੇ ਕੌਣ ਹੈ? ਹਰ ਵਾਰ ਸਰਦਾਰ ਜੱਸਾ ਸਿੰਘ ਨੇ ਹੀ ਉੱਤਰ ਦਿੱਤਾ। ਨਵਾਬ ਕਪੂਰ ਸਿੰਘ ਨੇ ਪ੍ਰਸੰਨ ਹੋ ਕੇ ਕਿਹਾ ਕਿ ਇਸ ਛੋਟੀ ਆਯੂ ਵਿੱਚ ਹੀ ਤੁਸੀਂ ਏਨੇ ਆਗਿਆ ਪਾਲਕ ਹੋ, ਤੁਹਾਨੂੰ ਬੜੇ ਭਾਗ ਲੱਗਣਗੇ। ਜੱਸਾ ਸਿੰਘ

ਦੀ ਬਾਬਤ ਇਸ ਘਟਨਾ ਤੋਂ ਨਵਾਬ ਸਾਹਿਬ ਦੇ ਦਿਲ ਵਿੱਚ ਬੜੀ ਇੱਜ਼ਤ ਹੋ ਗਈ ਤੇ ਜੱਥੇ ਵਿੱਚ ਵੀ ਮਾਣ ਵਧ ਗਿਆ। ਜੱਸਾ ਸਿੰਘ ਹਰ ਵੇਲੇ ਨਵਾਬ ਸਾਹਿਬ ਦੇ ਨਾਲ ਰਹਿੰਦਾ ਸੀ, ਜਿਸ ਤੋਂ ਕਈ ਜੰਗਾਂ ਵਿੱਚ ਵੀ ਗਏ, ਜਿਸ ਤੇ ਇਨ੍ਹਾਂ ਦਾ ਹੌਸਲਾ ਵੀ ਵਧ ਗਿਆ।

## ੫. ਜੱਸਾ ਸਿੰਘ ਦਾ ਪਹਿਲਾ ਵਾਰ

ਸ੍ਰ: ਜੱਸਾ ਸਿੰਘ ਛੁੱਟੀ ਲੈ ਕੇ ਘਰ ਜਾ ਰਿਹਾ ਸੀ। ੬੦-੭੦ ਸਵਾਰ ਨਾਲ ਸਨ। ਰਾਹ ਵਿੱਚ ਪਤਾ ਲੱਗਾ ਕਿ ਕੁਝ ਪਠਾਣ ਕਾਬਲ ਵੱਲੋਂ ਆਏ ਹਨ। ਰਸਤੇ ਵਿੱਚ ਲੁੱਟਮਾਰ ਕਰਦੇ ਦਿੱਲੀ ਵੱਲ ਜਾ ਰਹੇ ਹਨ। ਕਈ ਪਿੰਡਾਂ ਦੇ ਵਸਨੀਕਾਂ ਨੇ ਇਨ੍ਹਾਂ ਦੇ ਹੱਥੋਂ ਦੁਖੀ ਹੋ ਆਪਣੀ ਕਹਾਣੀ ਸ੍ਰ. ਜੱਸਾ ਸਿੰਘ ਨੂੰ ਸੁਣਾਈ। ਇਨ੍ਹਾਂ ਆਪਣੇ ਸਾਥੀਆਂ ਸਮੇਤ ਪਠਾਨਾਂ ਨੂੰ ਜਾ ਘੇਰਿਆ। ਪਠਾਣ ਉੱਠ ਨਸੇ। ਉਹਨਾਂ ਦੇ ਸ੍ਰ: ਮੁਰਤੁਜ਼ਾ ਖਾਂ ਨੇ ਘਾਹ ਦੀ ਗਠੜੀ ਵਿੱਚ ਲੁਕ ਕੇ ਜਾਨ ਬਚਾਈ। ਜੱਸਾ ਸਿੰਘ ਦੇ ਹੱਥ ਜੋ ਕੁਝ ਪਠਾਣਾਂ ਦਾ ਮਾਲ ਆਇਆ ਸਾਰਾ ਵੰਡ ਦਿੱਤਾ।

ਹਲੋਸਾਧੂ ਵਿੱਚ ਆਪਣੇ ਮਾਮੇ ਬਾਗ਼ ਸਿੰਘ ਪਾਸ ਅੱਪੜੇ। ਉਹਨਾਂ ਨੂੰ ਇਹ ਸਾਰੀ ਵਿਥਿਆ ਸੁਣਾਈ, ਜਿਸ ਤੋਂ ਉਹਨਾਂ ਪ੍ਰਸੰਨ ਹੋ ਕੇ ਆਪਣਾ ਮੁਤਬੰਨਾ ਬਣਾ ਲਿਆ। ੧੭੮੯ ਬਿਕਰਮੀ ਨੂੰ ਜਦ ਸ੍ਰ: ਬਾਗ਼ ਸਿੰਘ ਪਿੰਡ ਹਰਯਾ ਵਿੱਚ ਇੱਕ ਲੜਾਈ ਕਰਦੇ ਸ਼ਹੀਦ ਹੋ ਗਏ ਤਦ ਉਹਨਾਂ ਦੀ ਜਗ੍ਹਾ ਸ੍ਰ: ਜੱਸਾ ਸਿੰਘ ਉਹਨਾਂ ਦੀ ਮਿਸਲ ਦਾ ਮਾਲਕ ਬਣਿਆ।

ਇਹ ਸਰਦਾਰ ਬੜਾ ਜਵਾਂਮਰਦ, ਬਹਾਦਰ, ਦਲੇਰ ਤੇ ਦਾਨੀ ਸੀ। ਥੋੜ੍ਹੇ ਹੀ ਦਿਨਾਂ ਵਿੱਚ ਆਪਣੇ ਕੌਮੀ ਪਿਆਰ ਦੇ ਕਾਰਨ ਪੰਜਾਬ ਦੇ ਸਾਰਿਆਂ ਜੱਥਿਆਂ ਵਿੱਚ ਇਹਦੀ ਇੱਜ਼ਤ ਵੱਧ ਗਈ। ਉਸ ਵੇਲੇ ਪੰਥ ਵਿੱਚ ਨਵਾਬ ਕਪੂਰ ਸਿੰਘ ਤੋਂ ਦੂਜੇ ਦਰਜੇ ਤੇ ਸ੍ਰ: ਜੱਸਾ ਸਿੰਘ ਸਮਝਿਆ ਜਾਂਦਾ ਸੀ। ਇਨ੍ਹਾਂ ਦੀ ਅਕਲ-ਸ਼ਕਲ, ਰੰਗ-ਰੂਪ ਤੇ ਸਜ-ਧਜ ਨਿਰਾਲੀ ਹੀ ਸੀ। ਬੜਾ ਤਾਕਤ ਵਾਲਾ ਤੇ ਉੱਚੀ ਡੀਲ ਡੌਲ ਦਾ ਸੀ। ਅੱਧਾ ਬਕਰਾ ਇਕੱਲਾ ਖਾ ਜਾਂਦਾ ਸੀ। ਨਿਤਾਪ੍ਰਤੀ ਇੱਕ ਸੇਰ ਮੱਖਣ ਮਿਸਰੀ ਨਾਲ ਛਕਿਆ ਕਰਦਾ ਸੀ।

ਸ੍ਰ: ਜੱਸਾ ਸਿੰਘ ਹਰ ਜੰਗ ਵਿੱਚ ਪੰਥ ਦੇ ਨਾਲ ਰਿਹਾ ਤੇ ਮੈਦਾਨੇ ਜੰਗ ਵਿੱਚ ਇਸ ਦਾ ਘੋੜਾ ਅੱਗੇ ਵੇਖਿਆ ਗਿਆ। ੧੭੯੭ ਨੂੰ ਜਦ ਨਾਦਰ ਸ਼ਾਹ ਹਿੰਦ ਵਿੱਚ ਆਇਆ ਤਦ ਲੁੱਟ ਮਾਰ ਕਰਦਾ ਦਿੱਲੀ ਤੱਕ ਚਲਾ ਗਿਆ। ਜਦ ਇੱਥੋਂ ਮਥਰਾ, ਬਿੰਦਰਾਬਨ, ਆਗਰਾ ਤੇ ਦਿੱਲੀ ਆਦਿਕ ਲੁੱਟਦਾ ਵਾਪਸ ਮੁੜਿਆ, ਤਦ ਇਸ ਦੇ ਜ਼ੁਲਮ ਦੀ ਕਥਾ ਖਾਲਸੇ ਨੇ ਸੁਣੀ। ਸਰਦਾਰ ਜੱਸਾ ਸਿੰਘ ਖਾਲਸੇ ਦਾ ਦਲ ਨਾਲ ਲੈ ਕੇ ਆ ਗਿਆ ਤੇ ਨਾਦਰ ਸ਼ਾਹ ਦੇ ਲਾਹੌਰ ਅੱਪੜਨ ਤੋਂ ਪਹਿਲਾਂ ਪਹਿਲਾਂ ਜੋ ਕੁਝ ਲੁੱਟ ਦਾ ਮਾਲ ਉਹਨੇ ਆਂਦਾ ਸੀ, ਲੈ ਲਿਆ; ਜਿਸ ਤੋਂ ਨਾਦਰ ਜਿਹਾ ਖ਼ਾਲੀ ਹੱਥ ਆਇਆ ਸੀ, ਉਸੇ ਤਰ੍ਹਾਂ ਚਲਾ ਗਿਆ।

ਸ੍ਰ: ਜੱਸਾ ਸਿੰਘ ਦੇ ਜੱਥੇ ਵਿੱਚ ਹੁਣ ਗਿਣਤੀ ਦਿਨ-ਬ-ਦਿਨ ਵਧਣ ਲੱਗੀ ਤੇ ਇਨ੍ਹਾਂ ਪਿੰਡ ਡਲੇ ਵਿੱਚ ਇੱਕ ਕਿਲ੍ਹਾ ਬਣਾ ਕੇ ਆਪਣਾ ਕੇਂਦਰੀ ਅਸਥਾਨ ਇਸੇ ਜਗ੍ਹਾ ਨੂੰ ਨੀਯਤ ਕੀਤਾ।

ਜਸਪਤ ਰਾਏ ਸਿੱਖਾਂ ਦਾ ਬੜਾ ਵੈਰੀ ਸੀ। ਇਹ ਖ਼ਬਰ ਸੁਣ ਕੇ ਕਿ ਰੋੜੀ ਸਾਹਿਬ (ਐਮਨਾਬਾਦ) ਖਾਲਸਾ ਇਕੱਠਾ ਹੋ ਰਿਹਾ ਹੈ, ਇਸ ਲਈ ਓਹ ਵੀ ਆ ਗਿਆ। ਖਾਲਸੇ ਨੂੰ ਵੀ ਪਤਾ ਲੱਗ ਗਿਆ। ਉਹਨਾਂ ਜਸਪਤ ਰਾਏ ਨੂੰ ਜਾ ਘੇਰਿਆ ਤੇ ਉਸ ਤੋਂ ਖ਼ਜ਼ਾਨਾ ਆਦਿਕ ਖੋਹ ਲਿਆ। ਜਸਪਤ ਰਾਏ ਮਾਰਿਆ ਗਿਆ।

ਜਸਪਤ ਰਾਏ ਦੇ ਮਾਰੇ ਜਾਣ ਦੀ ਖ਼ਬਰ ਸੁਣ ਕੇ ਉਹਦਾ ਭਰਾ ਲਖਪਤ ਰਾਏ ਬੜਾ ਗ਼ੁੱਸੇ ਵਿੱਚ ਆਇਆ ਤੇ ਇਸ ਨੇ ਲਾਹੌਰੋਂ ਸੂਬੇ ਦੀ ਫੌਜ ਲੈ ਕੇ ਕਾਹਨੂਵਾਨ ਦੇ ਛੰਭ ਪਾਸ ਸਿੱਖਾਂ ਨਾਲ ਜਾ ਜੰਗ ਮਚਾਈ। (ਪੂਰਾ ਹਾਲ ਵੇਖੋ ਹਿੱਸਾ ਦੂਜਾ) ਸਿੰਘ ਉਸ ਵੇਲੇ ਪਹਾੜਾਂ ਵਿੱਚ ਸਨ, ਜਿਸ ਤੋਂ ਲਖਪਤ ਮੁੜ ਆਇਆ। ਇਸ ਤੋਂ ਪਿੱਛੋਂ ਕਾਫੀ ਚਿਰ ਤੱਕ ਮੀਰ ਮੁਈਨਓਲ ਮੁਲਕ ਸੂਬੇਦਾਰ ਲਾਹੌਰ ਤੇ ਅਦੀਨਾ ਬੇਗ ਨਾਲ ਸਰਦਾਰ ਜੱਸਾ ਸਿੰਘ ਦੇ ਜੰਗ ਹੁੰਦੇ ਰਹੇ, ਜਿਨ੍ਹਾਂ ਵਿੱਚ ਕਦੇ ਇਹ, ਤੇ ਕਦੇ ਓਹ ਧਿਰ ਉੱਪਰ ਰਹੀ। ਇਨ੍ਹਾਂ ਹੀ ਦਿਨਾਂ ਵਿੱਚ ਸਰਦਾਰ ਜੱਸਾ ਸਿੰਘ ਨੇ

ਅੰਮ੍ਰਿਤਸਰ ਦੇ ਫੌਜਦਾਰ ਸਲਾਬਤ ਖਾਂ ਨਾਲ ਜੰਗ ਕਰ ਕੇ ਓਹਨੂੰ ਮਾਰ ਦਿੱਤਾ ਤੇ ਓਹਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ।

੧੮੦੯ ਬਿਕ੍ਰਮੀ ਨੂੰ ਦੀਵਾਨ ਕੌੜਾ ਮਲ ਨੇ ਸਰਦਾਰ ਜੱਸਾ ਸਿੰਘ ਤੋਂ ਮਦਦ ਮੰਗੀ। ਸਰਦਾਰ ਜੱਸਾ ਸਿੰਘ ਹੋਰ ਸਰਦਾਰਾਂ ਸਮੇਤ ਫੌਜ ਲੈ ਕੇ ਚਲਾ ਗਿਆ। ਕੌੜਾ ਮੱਲ ਦੇ ਨਾਲ ਜੰਗ ਕਰਨ ਵਾਸਤੇ ਖਾਨ ਬਹਾਦਰ ਦਾ ਪੁੱਤਰ ਸ਼ਾਹ ਨਿਵਾਜ਼ ਖਾਂ ਆਇਆ ਸੀ ਤੇ ਇਹਦੀ ਮਨਸ਼ਾ ਲਾਹੌਰ ਛੁਡਾਣ ਦੀ ਸੀ। ਸਰਦਾਰ ਜੱਸਾ ਸਿੰਘ ਨੇ ਸ਼ਾਹ ਸ਼ੁਜਾਹ ਨੂੰ ਕਤਲ ਕਰ ਕੇ ਓਹਦੀ ਫੌਜ ਨੂੰ ਨਸਾ ਦਿੱਤਾ, ਜਿਸ ਤੋਂ ਦਿੱਲੀ ਦਰਬਾਰ ਵੱਲੋਂ ਦੀਵਾਨ ਕੌੜਾ ਮਲ ਨੂੰ ਮਹਾਰਾਜ ਦਾ ਖ਼ਿਤਾਬ ਤੇ ਖਿਲਅਤ ਮਿਲੀ, ਜਿਸ ਤੋਂ ਦੀਵਾਨ ਦਾ ਸੰਬੰਧ ਖਾਲਸੇ ਨਾਲ ਹੋਰ ਵੀ ਹੱਛਾ ਹੋ ਗਿਆ ਤੇ ਇਸ ਨੇ ਖਾਲਸੇ ਦੀ ਮਦਦ ਕੀਤੀ। (ਵੇਖੋ ਹਿੱਸਾ ਦੂਜਾ)

ਇਸੇ ਸਾਲ ਅਦੀਨਾ ਬੇਗ ਨੇ ਰਾਮਗੜ੍ਹੀਆ ਸਰਦਾਰਾਂ ਨੂੰ ਨਾਲ ਲੈ ਕੇ ਮਾਖੋਵਾਲ ਆਹਲੂਵਾਲੀਏ ਸਰਦਾਰ ਘਨੱਯਾ ਤੇ ਸ਼ੁਕਰਚੱਕੀਆਂ ਦਾ ਟਾਕਰਾ ਕੀਤਾ। ਸਰਦਾਰ ਜੱਸਾ ਸਿੰਘ ਨੇ ਇਹ ਗੱਲ ਦਿਲ ਵਿੱਚ ਰੱਖ ਕੇ ੧੮੩੪-੩੫ ਵਿੱਚ ਰਾਮਗੜ੍ਹੀਆ ਸਰਦਾਰਾਂ ਦੀ ਸੋਧ ਕੀਤੀ।

੧੮੨੧ ਬਿਕ੍ਰਮੀ ਨੂੰ ਸਰਦਾਰ ਜੱਸਾ ਸਿੰਘ ਨੇ ਅਜ਼ੀਜ਼ ਜਾਨ ਸਪਾਹ ਸਾਲਾਰ ਨੂੰ ਸ਼ਕਸਤ ਦੇ ਕੇ ਜਗਰਾਉਂ ਦਾ ਇਲਾਕਾ ਫਤਹ ਕੀਤਾ ਤੇ ਪਹਾੜੀ ਰਾਜੇ ਜੋ ਆਪਣਾ ਖਰਾਜ ਲਾਹੌਰ ਭੇਜ ਰਹੇ ਸਨ, ਨਾਦੌਣ ਦੇ ਮੁਕਾਮ ਤੇ ਉਹਨਾਂ ਤੋਂ ਲੈ ਲਿਆ। ਦੋ ਸਾਲ ਬਰਾਬਰ ਅਦੀਨਾ ਬੇਗ ਦੇ ਨਾਲ ਲੜਾਈ ਕਰਦੇ ਰਹੇ, ਕਿੰਤੂ ੧੮੧੩ ਬਿਕ੍ਰਮੀ ਵਿੱਚ ਸਰਦਾਰ ਜੱਸਾ ਸਿੰਘ ਨੇ ਖਡੂਰ ਦੇ ਮੁਕਾਮ ਤੇ ਅਦੀਨਾ ਬੇਗ ਨੂੰ ਇੱਕ ਭਾਰੀ ਸ਼ਕਸਤ ਦਿੱਤੀ ਤੇ ਫਤਹਬਾਦ ਜੋ ਦਰਿਆ ਬਿਆਸ ਦੇ ਕੰਢੇ ਤੇ ਹੈ, ਓਸ ਤੋਂ ਖੋਹ ਕੇ ਆਪਣੇ ਰਾਜ ਵਿੱਚ ਮਿਲਾ ਲਿਆ।

## ੬. ਉਮੈਦ ਖਾਂ ਦਾ ਕਤਲ ਤੇ ਅਦੀਨਾ ਬੇਗ ਨਾਲ ਸੁਲਾਹ

੧੮੧੪ ਬਿਕ੍ਰਮੀ ਨੂੰ ਉਮੈਦ ਖਾਂ ਪਹਾੜੀ ਰਾਜਿਆਂ ਤੋਂ ਨਜ਼ਰਾਨੇ ਲੈ ਕੇ ਮੁੜਦਾ ਸਰਦਾਰ ਜੱਸਾ ਸਿੰਘ ਦੇ ਸਾਹਮਣੇ ਆ ਗਿਆ। ਸਰਦਾਰ ਜੱਸਾ ਸਿੰਘ ਨੇ ਸ਼ਕਸਤ ਦੇ ਕੇ ਉਮੈਦ ਖਾਂ ਨੂੰ ਕਤਲ ਕਰ ਦਿੱਤਾ। ਇਸੇ ਤਰ੍ਹਾਂ ਅਜ਼ੀਜ਼ ਬੇਗ, ਜਿਸ ਨੂੰ ਅਦੀਨਾ ਬੇਗ ਨੇ ਟਾਕਰੇ ਲਈ ਭੇਜਿਆ ਸੀ, ਇੱਕ ਭਾਰੀ ਸ਼ਕਸਤ ਦਿੱਤੀ ਜਿਸ ਤੋਂ ਅਦੀਨਾ ਬੇਗ ਬੜਾ ਢਿੱਲਾ ਹੋ ਗਿਆ ਤੇ ਓਹਨੇ ਸਰਦਾਰ ਜੱਸਾ ਸਿੰਘ ਜਹੇ ਬਹਾਦਰ, ਦਲੇਰ ਤੇ ਜਵਾਂਮਰਦ ਆਦਮੀ ਨਾਲ ਸੁਲਾਹ ਕਰਨ ਵਿੱਚ ਭਲਾਈ ਜਾਤੀ।

## ੭. ਅਦੀਨਾ ਬੇਗ ਦੀ ਸਹਾਇਤਾ

ਇਸੇ ਸਾਲ ਅਹਿਮਦ ਸ਼ਾਹ ਅਬਦਾਲੀ ਨੇ ਹਮਲਾ ਕੀਤਾ। ਜਲੰਧਰ ਤੋਂ ਅਦੀਨਾ ਬੇਗ ਨੂੰ ਕੱਢ ਕੇ ਓਹਦੀ ਜਗ੍ਹਾ ਨਾਸਰ ਦੀਨ ਮੁਕੱਰਰ ਕੀਤਾ। ਅਦੀਨਾ ਬੇਗ ਸੋਢੀ ਵਡਭਾਗ ਸਿੰਘ ਪਾਸ ਪੁੱਜਾ ਤੇ ਮਦਦ ਦੀ ਜਾਚਨਾ ਕੀਤੀ। ਓਹਨਾਂ ਸਰਦਾਰ ਜੱਸਾ ਸਿੰਘ ਅੱਗੇ ਸਫਾਰਸ਼ ਕੀਤੀ। ਸਰਦਾਰ ਜੱਸਾ ਸਿੰਘ ਨੇ ਨਾਲ ਹੋ ੧੮੧੩ ਵਿੱਚ ਨਾਸਰ ਅਲੀ ਖਾਂ ਨਾਲ ਭਿਆਨਕ ਜੰਗ ਮਚਾਈ। ਨਾਸਰ ਅਲੀ ਖਾਂ ਮਾਰਿਆ ਗਿਆ। ਸਰਦਾਰ ਜੱਸਾ ਸਿੰਘ ਨੇ ਅਦੀਨਾ ਬੇਗ ਨੂੰ ਓਹਦਾ ਮੁਲਕ ਵਾਪਸ ਦਵਾ ਦਿੱਤਾ। ਅਦੀਨਾ ਬੇਗ ਨੇ ਪੰਥ ਦੀ ਸੇਵਾ ਕੀਤੀ।

ਸਰਦਾਰ ਜੱਸਾ ਸਿੰਘ ਨੇ ਕਰਤਾਰਪੁਰ ਠਹਿਰ ਕੇ ਇੱਥੋਂ ਦਾ ਗੁਰਦੁਆਰਾ ਜੋ ਨਾਸਰ ਅਲੀ ਖਾਂ ਨੇ ਢਾਹ ਦਿੱਤਾ ਸੀ, ਨਵੇਂ ਸਿਰੇ ਬਣਵਾਇਆ ਤੇ ਅਦੀਨਾ ਬੇਗ ਪਾਸੋਂ ਜਗੀਰ ਵੀ ਇਸ ਗੁਰਦੁਆਰੇ ਦੇ ਨਾਮ ਲਵਾਈ। ਇਸ ਸਮੇਂ ਕੇਵਲ ਅਦੀਨਾ ਬੇਗ ਹੀ ਪੰਜਾਬ ਵਿੱਚ ਇੱਕ ਅਜਿਹਾ ਅਫਸਰ ਸੀ ਜੋ ਸ੍ਰ. ਜੱਸਾ ਸਿੰਘ ਨਾਲ ਮਿਲ ਕੇ ਮਾਮਲਾ ਖਾਣ ਦੇ ਕਾਰਨ ਖਤਰੇ ਤੋਂ ਬਾਹਰ ਸੀ, ਨਹੀਂ ਤਾਂ ਬਾਕੀ ਸਾਰੇ ਅਫਸਰ ਖਾਲਸੇ ਦੀ ਤਲਵਾਰ ਦੇ ਹੇਠ ਸਨ। ਇਨ੍ਹਾਂ ਹੀ ਦਿਨਾਂ ਵਿੱਚ ਸਰਦਾਰ ਜੱਸਾ ਸਿੰਘ ਨੇ ਬਹਾਵਲਪੁਰ ਦੇ ਪਾਸੇ ਦੌਰਾ ਕੀਤਾ ਤੇ ਨਜ਼ਰਾਨੇ ਵਸੂਲ ਕੀਤੇ।

## ੮. ਅਹਿਮਦ ਸ਼ਾਹ ਤੇ ਹਮਲਾ

੧੮੧੪ ਬਿ. ਨੂੰ ਅਹਿਮਦ ਸ਼ਾਹ ਨੇ ਹਿੰਦ ਤੇ ਛੇਵਾਂ ਹਮਲਾ ਕੀਤਾ। ਅਲੀਗੜ੍ਹ ਤੇ ਮਥਰਾ ਆਦਿਕ ਤੱਕ ਸਾਰੇ ਇਲਾਕੇ ਲੁੱਟ ਕੇ ਜਦ ਵਾਪਸ ਮੁੜਿਆ, ਤਦ ਖਾਲਸੇ ਨੇ ਰਾਹ ਵਿੱਚ ਹੀ ਉਸ ਨੂੰ ਘੇਰ ਲਿਆ। ਅਜੇ ਇਹ ਲਾਹੌਰ ਵੀ ਨਹੀਂ ਪੁੱਜਾ ਸੀ ਕਿ ਉਹਦੇ ਪਾਸ ਜੋ ਕੁਝ ਸੀ, ਖਾਲਸੇ ਨੇ ਖੋਹ ਲਿਆ। ਲਾਹੌਰ ਪੁੱਜ ਕੇ ਅਹਿਮਦ ਸ਼ਾਹ ਨੇ ਖਾਲਸੇ ਨੂੰ ਦਬਾਣ ਲਈ ਫੌਜ ਭੇਜੀ ਜਦ ਕਾਮਯਾਬੀ ਨਾ ਹੋਈ ਤਦ ਉਹ ਸਧਾਰਨ ਜਿਹਾ ਪ੍ਰਬੰਧ ਕਰ ਕੇ ਕਾਬਲ ਵੱਲ ਚਲਾ ਗਿਆ (ਵੇਖੋ ਹਿੱਸਾ ਦੂਜਾ)

## ੯. ਬੀਕਾਨੇਰ ਵੱਲ ਜਾਣਾ

ਬੇਕਾਨੀਰ ਤੇ ਜੈਸਲਮੀਰ ਦੀ ਖਟਪਟੀ ਸੀ। ਬੀਕਾਨੇਰ ਵਾਲਿਆਂ ਖਾਲਸਾ ਦਲ ਪਾਸ ਰਾਜਾ ਆਲਾ ਸਿੰਘ ਦੀ ਰਾਹੀਂ ਬਿਨੈ ਕੀਤੀ ਕਿ ਮੇਰੀ ਮਦਦ ਕਰੋ। ਇੱਕ ਲੱਖ ਰੁਪਿਆ ਤੁਹਾਡੇ ਆਉਣ ਜਾਣ ਦੇ ਖ਼ਰਚ ਦਾ ਦਿੱਤਾ ਜਾਵੇਗਾ। ੧੧ ਹਜ਼ਾਰ ਖਾਲਸਾ ਜਵਾਨ ਬੀਕਾਨੇਰ ਜਾ ਪੁੱਜਾ। ਨਵਾਬ ਕਪੂਰ ਸਿੰਘ ਨੇ ਸ੍ਰ. ਜੱਸਾ ਸਿੰਘ ਨੂੰ ਸਿਖਿਆ ਦਿੱਤੀ ਸੀ ਕਿ ਦੋਹਾਂ ਧਿਰਾਂ ਵਿੱਚ ਸੁਲਾਹ ਕਰਾ ਕੇ ਦੇਸ਼ ਨੂੰ ਖ਼ੂਨ ਖਰਾਬੇ ਤੋਂ ਬਚਾਣਾ। ਸੋ ਸਰਦਾਰ ਜੱਸਾ ਸਿੰਘ ਨੇ ਦੋਨਾਂ ਦੀ ਸੁਲਾਹ ਕਰ ਦਿੱਤੀ। ਬੀਕਾਨੇਰ ਵਾਲੇ ਨੇ ਖਾਲਸੇ ਦਾ ਆਉਣ ਜਾਣ ਤੇ ਜੋ ਖ਼ਰਚ ਹੋਇਆ ਸੀ, ਦੇਣ ਤੋਂ ਨਾਂਹ ਕਰ ਦਿੱਤੀ। ਜਦ ਖਾਲਸਾ ਆਪਣੇ ਹੱਥ ਦੱਸਣ ਨੂੰ ਤਿਆਰ ਹੋਇਆ ਤਦ ਬੀਕਾਨੇਰ ਨੇ ਆਪਣੇ ਇਕਰਾਰ ਅਨੁਸਾਰ ਰਕਮ ਦੇ ਦਿੱਤੀ।

ਇਥੇ ਮੁੜ ਕੇ ਸਰਦਾਰ ਜੱਸਾ ਸਿੰਘ ਨੇ ਜੰਡਿਆਲੇ ਤੇ ਹੱਲਾ ਕੀਤਾ, ਜਿਸ ਵਿੱਚ ਸ੍ਰ. ਲਾਲ ਸਿੰਘ ਜੋ ਸਰਦਾਰ ਜੱਸਾ ਸਿੰਘ ਦਾ ਭਾਈ ਸੀ, ਫੱਟੜ ਹੋ ਗਿਆ। ਕਿੰਤੂ ਫਤਹ ਇਨ੍ਹਾਂ ਦੇ ਨਾਮ ਦੀ ਹੀ ਰਹੀ। ਸਰਨ ਦਾਸ ਉੱਥੋਂ ਦਾ ਰਈਸ ਕੈਦ ਹੋ ਗਿਆ, ਜਿਸ ਨੇ ੭੦੦੦ ਰੁਪਿਆ ਦੇ ਕੇ ਆਪਣਾ ਪਿੱਛਾ ਛੁਡਾਇਆ। ੧੮੬੧ ਬਿਕਰਮੀ ਦੇ ਗੁਜ਼ਰਨ ਤੇ ਅਦੀਨਾ ਬੇਗ ਮਰ ਗਿਆ। ਉਹਦੇ ਦੀਵਾਨ ਬਿਸੁੰਭਰ ਦੀ ਖਾਲਸੇ ਨਾਲ ਛਿੜ ਗਈ। ਕਾਦੀਆਂ ਦੇ ਮੁਕਾਮ ਤੇ ਇੱਕ ਬੜੇ ਜ਼ੋਰ ਦੀ ਲੜਾਈ ਹੋਈ ਤੇ ਉਹਦੇ ਇਲਾਕੇ ਤੇ ਖਾਲਸੇ ਨੇ ਕਬਜ਼ਾ ਕਰ ਲਿਆ।

ਇਸੇ ਸਾਲ ਸਰਦਾਰ ਜੱਸਾ ਸਿੰਘ ਨੇ ਅਬਦੁਲਾ ਖਾਂ ਤੇ ਸ਼ਾਹਵਲੀ ਖਾਂ ਜਲੰਧਰ ਦੇ ਰਈਸਾਂ ਨੂੰ ਸ਼ਕਸਤ ਦੇ ਕੇ ਉਹਨਾਂ ਦੇ ਬਹੁਤ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ ਤੇ ਉੱਥੋਂ ਦਾ ਥਾਨੇਦਾਰ ਆਪਣੇ ਨੌਕਰ ਚਰਨਦਾਸ ਨੂੰ ਬਣਾ ਦਿੱਤਾ। ਫਿਰ ਲਾਹੌਰ ਤੇ ਹਮਲਾ ਕੀਤਾ। ਇੱਥੋਂ ਦੇ ਨਾਜ਼ਮ ਮੁਨੀਮ ਮੁਹੰਮਦ ਖਾਂ ਤੋਂ ੩੦ ਹਜ਼ਾਰ ਨਜ਼ਰਾਨਾ ਲੈ ਕੇ ਉਹਨੂੰ ਛੱਡ ਦਿੱਤਾ। ਇਸੇ ਸਾਲ ੧੮੧੭ ਵਿੱਚ ਨਵਾਬ ਕਪੂਰ ਸਿੰਘ ਨੇ ਸ੍ਰੀ ਅੰਮ੍ਰਿਤਸਰ ਵਿੱਚ ਚਲਾਣਾ ਕੀਤਾ ਤੇ ਰਿਵਾਜ ਅਨੁਸਾਰ ਖਾਲਸਾ ਪੰਥ ਦੀ ਜੱਥੇਦਾਰੀ ਦੀ ਦਸਤਾਰ ਸ੍ਰ. ਜੱਸਾ ਸਿੰਘ ਨੂੰ ਦੇ ਦਿੱਤੀ, ਜਿਸ ਤੋਂ ਸਰਦਾਰ ਜੱਸਾ ਸਿੰਘ ਦੀ ਇੱਜ਼ਤ ਪੰਥ ਵਿੱਚ ਹੋਰ ਵੀ ਵਧ ਗਈ।

ਇਸ ਤੋਂ ਪਿੱਛੋਂ ਸਰਦਾਰ ਜੱਸਾ ਸਿੰਘ ਨੇ ਫਿਰੋਜ਼ਪੁਰ ਵੱਲ ਵਾਗ ਫੇਰੀ। ਡੋਗਰ ਤੇ ਭੱਟੀ ਕੌਮ ਦੇ ਇਲਾਕਿਆਂ ਮੁਲਾ ਵਾਲਾ ਤੇ ਮਖੂ ਤੇ ਕਬਜ਼ਾ ਕਰ ਕੇ ਦੋਨੋਂ ਥਾਵਾਂ ਤੇ ਕਿਲ੍ਹੇ ਬਣਾਏ ਜੋ ਜੰਗ ਤੱਕ ਇਸੇ ਰਿਆਸਤ ਦੇ ਕਬਜ਼ੇ ਵਿੱਚ ਰਹੇ। ਫਿਰ ਕੋਟ ਈਸਾ ਖਾਂ ਜੋ ਇਸੇ ਇਲਾਕੇ ਵਿੱਚ ਸੀ, ਚੜ੍ਹਾਈ ਕਰ ਕੇ ਫਤਹ ਕੀਤਾ। ਕਾਦਰ ਬਖ਼ਸ਼ ਇੱਥੋਂ ਦੇ ਹਾਕਮ ਪਾਸ ਕੇਵਲ ਚਾਰ ਪਿੰਡ ਗੁਜ਼ਾਰੇ ਵਾਸਤੇ ਛੱਡ ਕੇ ਬਾਕੀ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ। ਫਿਰ ਇਨ੍ਹਾਂ ਹੀ ਗਰਮੀਆਂ ਵਿੱਚ ਸਰਦਾਰ ਜੱਸਾ ਸਿੰਘ ਭੜੋਗ ਤੇ ਨਰਾਇਨਗੜ੍ਹ ਤੇ ਹਮਲਾ ਕਰ ਕੇ (ਇਹ ਅੰਬਾਲਾ ਤੇ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿੱਚ ਹਨ) ਫਤਹ ਕੀਤਾ ਤੇ ਫਿਰ ਕਪੂਰਥਲੇ ਦੇ ਜਾਗੀਰਦਾਰ ਰਾਏ ਇਬਰਾਹੀਮ ਤੋਂ ਖਰਾਜ ਵਸੂਲ ਕੀਤਾ ਤੇ ਲਾਹੌਰ ਤੱਕ ਨੂੰ ਸੋਧਦਾ ਹੋਇਆ ਝੰਗ ਤੱਕ ਜਾ ਪੁੱਜਾ ਤੇ ਇੱਥੋਂ ਵਾਪਸ ਮੁੜ ਆਇਆ।

ਇਸੇ ਸਾਲ ਖਾਲਸੇ ਨੇ ਏਕਾ ਕਰ ਦੁਰਾਨੀਆਂ ਨੂੰ ਸ੍ਰੀ ਅੰਮ੍ਰਿਤਸਰ ਵਿੱਚੋਂ ਕੱਢ ਦਿੱਤਾ। ਸੂਬੇਦਾਰ ਜਹਾਨ ਖਾਂ ਨੂੰ ਅਟਾਰੀ ਦੇ ਮੁਕਾਮ ਤੇ ਸਰਦਾਰ ਜੱਸਾ ਸਿੰਘ ਨੇ ਭਾਰੀ ਸ਼ਕਸਤ ਦਿੱਤੀ ਤੇ ਲਾਹੌਰ ਤੱਕ ਪਿੱਛਾ ਕੀਤਾ।

ਗੱਲ ਕੀ ਸਰਦਾਰ ਜੱਸਾ ਸਿੰਘ ਨੇ ਖਾਲਸਾ ਦਲ ਦੇ ਹਰ ਜੱਥੇ ਨਾਲ ਹੋ ਕੇ ਪੰਜਾਬ ਦੀ ਸੋਧ ਵਿੱਚ ਹਿੱਸਾ ਲਿਆ ਤੇ ਸੰਮਤ ੧੮੧੮ ਬਿਕਰਮੀ ਨੂੰ ਆਪਣੇ ਨਾਮ ਦਾ ਸਿੱਕਾ ਚਲਾਇਆ, ਜਿਸ ਤੇ ਇਹ ਸ਼ੇਅਰ ਲਿਖਿਆ ਸੀ।

ਸਿੱਕਾ ਜ਼ਦ ਦਰ ਜਹਾਂ ਬਫਜ਼ਲੇ ਅਕਾਲ।
ਮੁਲਕ ਐਹਮਦ ਗਿਰਫਤ ਜਸਾ ਕਲਾਲ।

(ਅਕਾਲ ਪੁਰਖ ਦੇ ਫਜ਼ਲ ਨਾਲ ਜਹਾਨ ਵਿੱਚ ਸਿਕਾ ਚਲਾਇਆ, ਐਹਮਦ ਸ਼ਾਹ ਦਾ ਮੁਲਕ ਜੱਸਾ ਸਿੰਘ ਕਲਾਲ ਨੇ ਲੈ ਲਿਆ)

## ੧੦. ਜੱਸਾ ਸਿੰਘ ਦੀ ਬਹਾਦਰੀ ਤੇ ਘੱਲੂਘਾਰਾ

੧੮੧੮ ਨੂੰ ਅਹਿਮਦ ਸ਼ਾਹ ਦਾ ਅੱਠਵਾਂ ਹਮਲਾ ਖ਼ਾਸ ਸਿੱਖਾਂ ਦੇ ਦਬਾਣ ਲਈ ਹੋਇਆ। ਇਸ ਨੂੰ ਕਸੂਰ ਦੇ ਪਠਾਣ ਤੇ ਜੰਡਿਆਲੇ ਵਾਲੇ ਨਿਰੰਜਨੀ ਚੜ੍ਹਾ ਕੇ ਲਿਆਏ ਸਨ। ਇਸ ਨੇ ਖਾਲਸਾ ਦੇ ਇੱਕ ਇੱਕ ਜੱਥੇ ਨੂੰ ਰਾਏਪੁਰ ਤੇ ਗੁਜਰਵਾਲ ਦੇ ਪਾਸ ਘੇਰ ਲਿਆ। ਸ੍ਰ. ਜੱਸਾ ਸਿੰਘ ਨੇ ਇਸ ਲੜਾਈ ਵਿੱਚ ਦੁਰਾਨੀਆਂ ਦਾ ਕਿੰਨੀ ਵਾਰ ਬੜੀ ਸਖ਼ਤੀ ਨਾਲ ਮੂੰਹ ਭੰਨਿਆ। ਇੱਕ ਵੇਰ ਜਦ ਅਹਿਮਦ ਸ਼ਾਹ ਆਪ ਹਮਲਾ ਕਰ ਕੇ ਨੇੜੇ ਆ ਗਿਆ ਤਦ ਸਰਦਾਰ ਜੱਸਾ ਸਿੰਘ ਨੇ ਇੱਕ ਹਜ਼ਾਰ ਜਵਾਨ ਲੈ ਕੇ ਅਜਿਹਾ ਰੋਕਿਆ ਕਿ ਅਹਿਮਦ ਸ਼ਾਹ ਹੱਕਾ ਬੱਕਾ ਹੋ ਕੇ ਰਹਿ ਗਿਆ। ਸਰਦਾਰ ਜੱਸਾ ਸਿੰਘ ਦੁਰਾਨੀ ਫੌਜ ਨੂੰ ਚੀਰਦਾ ਕਈ ਅਫਸਰਾਂ ਨੂੰ ਧਰਤੀ ਤੇ ਲਟਾਂਦਾ ਅਹਿਮਦ ਸ਼ਾਹ ਤੱਕ ਜਾ ਪੁੱਜਾ ਤੇ ਪੁਕਾਰ ਕੇ ਆਖਣ ਲੱਗਾ ਕਿ ਐ ਅਹਿਮਦ ਸ਼ਾਹ! ਦੋ ਹੱਥ ਆਪਣੇ ਵਿਖਾ ਜਾ। ਇਹ ਮੌਕਾ ਬਹਾਦਰੀ ਦਾ ਹੈ। ਕਿੰਤੂ ਅਬਦਾਲੀ ਨੂੰ ਹਿੰਮਤ ਨਾ ਪਈ ਕਿ ਅਜੇਹੇ ਸੂਰਮੇ ਸਾਹਮਣੇ ਆਉਂਦਾ, ਝਟ ਪਿੱਛੇ ਹਟ ਗਿਆ। ਉਹਦਾ ਪਿੱਛਾ ਵਿਖਾਣਾ ਸੀ ਕਿ ਸ੍ਰ. ਜੱਸਾ ਸਿੰਘ ਬੜੀ ਫੁਰਤੀ ਨਾਲ ਦੁਸ਼ਮਣ ਦੀ ਸੈਨਾ ਵਿੱਚੋਂ ਨਿੱਕਲ ਕੇ ਆਪਣੀ ਫੌਜ ਵਿੱਚ ਆ ਗਿਆ। ਇਸ ਜੰਗ ਵਿੱਚ ੧੦-੧੨ ਹਜ਼ਾਰ ਸਿੰਘ ਮਾਰੇ ਗਏ। ਇਹ ਲੜਾਈ ਵੱਡੇ ਘੱਲੂਘਾਰਾ ਦੇ ਨਾਮ ਤੇ ਮਸ਼ਹੂਰ ਹੈ।

ਅਹਿਮਦ ਸ਼ਾਹ ਦੇ ਮੁੜਦਿਆਂ ਹੀ ਖਾਲਸਾ ਫਿਰ ਮੈਦਾਨ ਵਿੱਚ ਆ ਗਿਆ ਤੇ ਇੰਨਾ ਜ਼ੋਰ ਫੜਿਆ ਕਿ ਸਾਰੇ ਮੁਲਕ ਤੇ ਕਬਜ਼ਾ ਕਰ ਲਿਆ। ਪਹਿਲਾਂ ਸਾਢੋਰਾ ਫਤਹ ਕੀਤਾ। ੧੮੨੮ ਵਿੱਚ ਸਰਹਿੰਦ ਨੂੰ ਅਜੇਹੀ ਤਰ੍ਹਾਂ ਲੁੱਟਿਆ ਕਿ ਉਹਦੀ ਇੱਟ ਨਾਲ ਇੱਟ ਵਜਾ ਦਿੱਤੀ।

## ੧੧. ਸਰਹੰਦ ਦੀ ਤਬਾਹੀ

ਸਰਹੰਦ ਦਾ ਹਾਕਮ ਜ਼ੈਨ ਖਾਂ ਸੀ। ਇਸ ਨੂੰ ਕਤਲ ਕਰ ਕੇ ਇਸ ਇਲਾਕੇ ਦੀ ਕਾਫੀ ਵੰਡ ਕਰ ਲਈ। ਸਰਦਾਰ ਜੱਸਾ ਸਿੰਘ ਨੇ ਪ੍ਰਗਣਾ ਭੜੋਗ ਜਿਸ ਵਿੱਚ ੧੦੩ ਪਿੰਡ ਸਨ ਜੋ ਹੁਣ ਤਹਿਸੀਲ ਖਰੜ ਵਿੱਚ ਹੈ, ਆਪਣੇ ਕਬਜ਼ੇ ਵਿੱਚ ਕਰ ਕੇ ਆਪਣੇ ਜਵਾਈ ਸ੍ਰ. ਅਮਰ ਸਿੰਘ ਨੂੰ ਦੇ ਦਿੱਤੇ। ੧੨ ਪਿੰਡ ਬੁੰਡਾਲੇ ਦੇ, ੪ ਪਿੰਡ ਰੁੜਕੀ ਦੇ ਸਿੰਘ ਨੂੰ ਜੋ ਉਹਦੇ ਨਾਲ ਸਨ ਦੇ ਦਿੱਤੇ। ਬਾਕੀ ੮ ਪਿੰਡ ਆਪਣੇ ਕਬਜ਼ੇ ਵਿੱਚ ਰਖੇ ਜੋ ਪਿੱਛੋਂ ਪਟਿਆਲੇ ਵਾਲੇ ਦੇ ਕਬਜ਼ੇ ਵਿੱਚ ਚਲੇ ਗਏ ਜੋ ਫਿਰ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਨਾਲ ਸ੍ਰ. ਫਤਹ ਸਿੰਘ ਦੇ ਕਬਜ਼ੇ ਵਿੱਚ ਨੌਂ ਪ੍ਰਗਣੇ ਤੇ ਕਿਲ੍ਹਾ ਨਾਰਾਇਨ ਗੜ੍ਹ ਵਾਪਸ ਆ ਗਏ।

ਇੱਥੋਂ ਖਾਲਸਾ ਦਲ ਦੇ ਨਾਲ ਸਰਦਾਰ ਜੱਸਾ ਸਿੰਘ ਪੂਰਬੀ ਇਲਾਕਿਆਂ ਦੀ ਸੋਧ ਲਈ ਗਿਆ। ਪਹਿਲਾਂ ਸਹਾਰਨਪੁਰ ਜੋ ਉਸ ਵੇਲੇ ਮਰਹੱਟਿਆਂ ਦੇ ਕਬਜ਼ੇ ਵਿੱਚ ਸੀ, ਲਿਆ। ਜਵਾਲਾ ਪੁਰ ਕਨਖਲ ਦੇ ਵਿੱਚ ਦੀ ਹੋਂਦਾ ਜਦ ਲੰਢੌਰਾ ਵੱਲ ਗਿਆ ਤਦ ਉੱਥੋਂ ਦੇ ਰਈਸ ਗੁਜਰਮੱਲ ਨੇ ੨੦ ਹਜ਼ਾਰ ਨਜ਼ਰਾਨਾ ਦੇ ਕੇ ਜਾਨ ਛੁਡਾਈ। ਫਿਰ ਗੰਗਾ ਪਾਰ ਹੋ ਕੇ ਨਜੀਬਾਬਾਦ, ਨਗੀਨਾ, ਚੰਦੋਸੀ,

ਅਨੂਪ ਸ਼ਹਿਰ ਗੜ੍ਹ ਮੁਕਤੇਸ੍ਵਰ ਹੁੰਦੇ ਹੋਏ ਮੀਰਪੁਰ, ਦੇਵਬੰਦ, ਮੁਜ਼ਫਰਨਗਰ ਸ਼ਹਿਰਾਂ ਨੂੰ ਸੋਧਦਾ ਪੰਜਾਬ ਵਿੱਚ ਵਾਪਸ ਆਇਆ ਤੇ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਨੂੰ ਅਹਿਮਦ ਸ਼ਾਹ ਅਬਦਾਲੀ ਗਿਰਾ ਕੇ ਸਰੋਵਰ ਭਰ ਗਿਆ ਸੀ, ਮਿੱਟੀ ਕਢਾ ਕੇ ਫਿਰ ਜਲ ਪਵਾਇਆ ਤੇ ਹਰਿਮੰਦਰ ਬਣਵਾਨ ਦਾ ਪ੍ਰਬੰਧ ਵੀ ਕੀਤਾ। ਇਸ ਤੋਂ ਛੁਟ ਸਰਦਾਰ ਜੱਸਾ ਸਿੰਘ ਨੇ ਇੱਕ ਬੜਾ ਸੋਹਣਾ ਬਜ਼ਾਰ ਕਟੜਾ ਆਹਲੂਵਾਲੀਆ ਦੇ ਨਾਮ ਤੇ ਵਸਾਇਆ ਜੋ ਹੁਣ ਤੱਕ ਮੌਜੂਦ ਹੈ।

ਗੱਲ ਕੀ, ਸਾਰਾ ਮੁਲਕ ਜੋ ਦਰਿਆ ਜਮਨਾ ਤੇ ਝਨਾਂ ਦੇ ਵਿਚਕਾਰ ਹੈ, ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ। ਤਦ ਜ਼ਿਮੀਂਦਾਰ ਖਾਨ ਚਠੇ ਨਜ਼ਰਾਨੇ ਲੈ ਕੇ ਸਰਦਾਰ ਜੱਸਾ ਸਿੰਘ ਨੂੰ ਆ ਮਿਲੇ। ਸਤ ਘੜੀ ਤੇ ਕਾਟ ਗੜ੍ਹ ਵਿੱਚ ਇੱਕ ਭਾਰੀ ਲੜਾਈ ਹੋਈ ਜਿਸ ਵਿੱਚ ਦੁਸ਼ਮਣ ਨੱਸ ਗਿਆ। ਰਾਜਾ ਘਮੰਡ ਚੰਦ ਵਾਲੀ ਕਟੋਚ ਨੂੰ ਲੜਾਈ ਵਿੱਚ ਸ਼ਕਸਤ ਦੇ ਕੇ ਸਰਦਾਰ ਜੱਸਾ ਸਿੰਘ ਨੇ ਓਹਦੇ ਪਾਸੋਂ ਵੀ ਨਜ਼ਰਾਨਾ ਲਿਆ।

੧੮੨੨ ਬਿਕ੍ਰਮੀ ਨੂੰ ਸਰਦਾਰ ਜੱਸਾ ਸਿੰਘ ਨੇ ਜਵਾਹਰ ਮੱਲ ਭਰਤ ਪੁਰ ਵਾਲੇ ਦੀ ਮਦਦ ਤੇ ਨਜੀਬ ਖਾਂ ਦੇ ਟਾਕਰੇ ਵਾਸਤੇ ਹੋਰ ਖਾਲਸਾ ਦਲ ਦੇ ਸਰਦਾਰਾਂ ਨੂੰ ਨਾਲ ਲੈ ਕੇ ਦਿੱਲੀ ਵੱਲ ਕੂਚ ਕੀਤਾ। ਉੱਥੇ ਪੁੱਜ ਕੇ ਦੋ ਚਾਰ ਮੁਕਾਬਲੇ ਹੋਏ। ਅਜੇ ਦੋਹਾਂ ਵਿੱਚੋਂ ਕਿਸੇ ਧਿਰ ਨੂੰ ਜਿੱਤ ਨਹੀਂ ਹੋਈ ਸੀ ਕਿ ਅਹਿਮਦ ਸ਼ਾਹ ਦੇ ਆਉਣ ਦੀ ਖ਼ਬਰ ਅਪੜੀ। ਨਜੀਬ ਖਾਂ ਨੂੰ ਤੰਗ ਪੈ ਕੇ ਜਵਾਹਰ ਮੱਲ ਨਾਲ ਸੁਲਾਹ ਕਰਨੀ ਪਈ। ਰਾਜਾ ਨੇ ਤਿੰਨ ਲੱਖ ਰੁਪਿਆ ਖਾਲਸਾ ਦਲ ਨੂੰ ਦੇ ਕੇ ਵਾਪਸ ਕੀਤਾ।

ਇਸ ਵਾਰ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਜਦ ਸਰਹਿੰਦ ਪੁੱਜੀ, ਤਦ ਓਹਦੇ ਵਿੱਚ ਹੈਜ਼ਾ ਪੈ ਗਿਆ, ਜਿਸ ਤੋਂ ਓਹਨੂੰ ਵਾਪਸ ਮੁੜਨਾ ਪਿਆ। ਇਹ ਮੌਕਾ ਸਿੰਘਾਂ ਨੂੰ ਘੱਲੂਘਾਰੇ ਦੇ ਵੇਲੇ ਦਾ ਬਦਲਾ ਲੈਣ ਦਾ ਮਿਲ ਗਿਆ। ਸਰਦਾਰ ਜੱਸਾ ਸਿੰਘ ਨੇ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਨੂਰਮਹਲ ਦੇ ਪਾਸ ਕਪੂਰਥਲੇ ਦੇ ਲਾਗੇ ਅਹਿਮਦ ਸ਼ਾਹ ਤੇ ਇਸ ਜ਼ੋਰ ਦਾ ਹਮਲਾ ਕੀਤਾ ਕਿ ਓਹ ਲੜਾਈ ਦੀ ਹਿੰਮਤ ਨਾ ਰੱਖਦਾ ਹੋਇਆ ਨੱਸ ਪਿਆ। ਸਿੱਖਾਂ ਨੇ ਜੇਹਲਮ ਤੱਕ ਓਹਦਾ ਪਿੱਛਾ ਕੀਤਾ ਤੇ ਦੁਰਾਨੀਆਂ ਦੀ ਬੇਸ਼ੁਮਾਰ ਫੌਜ ਕਤਲ ਕਰ ਦਿੱਤੀ। (ਵੇਖੋ ਹਿੱਸਾ ਦੂਜਾ)

ਇਸ ਸਾਲ ਸਰਦਾਰ ਜੱਸਾ ਸਿੰਘ ਨੇ ਅਨਾਇਤੁਲਾ ਖਾਂ ਰਈਸ ਝੰਗ ਤੇ ਹਮਲਾ ਕੀਤਾ, ਕਿੰਤੂ ਕਾਮਯਾਬ ਨਾ ਹੋਇਆ। ਸ਼ੁਕਰਚਕੀਏ ਸਰਦਾਰ ਚੜ੍ਹਤ ਸਿੰਘ ਤੇ ਵੀ ਹਮਲਾ ਕੀਤਾ। ਇਨ੍ਹਾਂ ਨੇ ਸਰਦਾਰ ਜੱਸਾ ਸਿੰਘ ਦੇ ਘੋੜੇ ਤੇ ਹੋਰ ਅਸਬਾਬ ਖੋਹ ਲਿਆ, ਕਿੰਤੂ ਇਨ੍ਹਾਂ ਦਾ ਮਾਨ ਰੱਖਦੇ ਹੋਏ ਫੇਰ ਵਾਪਸ ਦੇ ਦਿੱਤੇ।

੧੮੨੨ ਵਿੱਚ ਸਰਦਾਰ ਜੱਸਾ ਸਿੰਘ ਫਤਹਅਬਾਦ ਖਾਂ ਵਿੱਚ ਦੂਜਾ ਸ਼ਾਦੀ ਕੀਤੀ ਤੇ ਰਾਜਾ ਆਲਾ ਸਿੰਘ ਪਟਿਆਲੇ ਵਾਲੇ ਦੇ ਚਲਾਣੇ ਤੇ ਲੜਕੇ ਅਮਰ ਸਿੰਘ ਨੂੰ ਖਿਲਅਤ ਦਿੱਤੀ ਤੇ ਪਟਿਆਲੇ ਤੇ ਜੀਂਦ ਦੀ ਸਲਾਹ ਨਾਲ ਝੱਜਰ, ਬੋਰੀ, ਨਾਰਨੋਲ, ਰੋਹਤਕ, ਸਾਮਲੀ ਤੇ ਬਾਗ਼ਪਤ ਆਦਿਕ ਸ਼ਹਿਰਾਂ ਨੂੰ ਅਧੀਨ ਕਰਦਾ ਮਾਲੇਰਕੋਟਲੇ ਦੇ ਪਠਾਣਾਂ ਤੋਂ ਪਾਇਲ ਈਸਟਰ ਖੋਹ ਲਏ। ਇਸ ਕਰ ਕੇ ਇਲਾਕਾ ਈਸਟਰ ਸਰਦਾਰ ਅਮਰ ਸਿੰਘ ਰਾਜਾ ਪਟਿਆਲਾ ਨੇ ਸਰਦਾਰ ਜੱਸਾ ਸਿੰਘ ਦੀ ਨਜ਼ਰ ਕੀਤਾ ਜੋ ੧੯੦੬ ਤੱਕ ਇਨ੍ਹਾਂ ਦੇ ਕਬਜ਼ੇ ਵਿੱਚ ਹੀ ਰਿਹਾ।

## ੧੨. ਸਰਦਾਰ ਜੱਸਾ ਸਿੰਘ ਦਾ ਜਲਾਲਾਬਾਦ ਵੱਲ ਜਾਣਾ

੧੮੨੫ ਬਿਕ੍ਰਮੀ ਦੀ ਵਿਸਾਖੀ ਤੇ ਖਾਲਸਾ ਪੰਥ ਵੱਲੋਂ ਸ੍ਰੀ ਅੰਮ੍ਰਿਤਸਰ ਇਕੱਠ ਹੋਇਆ। ਸ੍ਰੀ ਹਰਿਮੰਦਰ ਸਾਹਿਬ ਦੇ ਬਣਾਨ ਦੇ ਸਵਾਲ ਤੇ ਵਿਚਾਰ ਹੋ ਰਹੀ ਸੀ ਕਿ ਜਲਾਲਾਬਾਦ ਲੁਹਾਰੀ ਦਾ ਇੱਕ ਬ੍ਰਾਹਮਣ ਆ ਕੇ ਫਰਿਆਦ ਕਰਨ ਲੱਗਾ ਕਿ ਖਾਲਸਾ ਜੀ ਮੇਰੀ ਲੜਕੀ ਮੁਹੰਮਦ ਹਸਨ ਖਾਂ ਨੇ ਖੋਹ ਕੇ ਘਰ ਵਿੱਚ ਪਾ ਲਈ ਹੋਈ ਹੈ। ਮੈਂ ਬਥੇਰਾ ਹਿੰਦੂ ਰਾਜਪੂਤ ਰਾਜਿਆਂ ਅੱਗੇ ਰੋਇਆ, ਕਿਸੇ ਨੇ ਨਹੀਂ ਸੁਣੀ। ਤੁਸੀਂ ਮੇਰੀ ਲੜਕੀ ਲੈ ਦੇਵੋ। ਸਰਦਾਰ ਜੱਸਾ ਸਿੰਘ ਨੇ ਉਸੇ ਵੇਲੇ ਚੜ੍ਹਾਈ ਕਰ ਦਿੱਤੀ। ਮੁਹੰਮਦ ਹਸਨ ਖਾਂ ਨੂੰ ਕੈਦ ਕਰ ਦਿੱਤਾ। ਉਸ ਤੋਂ ਬ੍ਰਾਹਮਣ ਦੀ ਲੜਕੀ

ਲੈ ਕੇ ਉਹਦੇ ਪਿਤਾ ਨੂੰ ਦੇ ਦਿੱਤੀ। ਫਿਰ ਜ਼ਾਬਤਾ ਖਾਂ ਮੇਰਠ ਵਾਲੇ ਵੱਲ ਮੂੰਹ ਕੀਤਾ। ਉਸ ਤੋਂ ਨਜ਼ਰਾਨਾ ਲੈ ਕੇ ਨਜੀਬਅਬਾਦ, ਨਗੀਨਾ ਚੰਦੌਸੀ, ਅਲੀਗੜ੍ਹ ਹੁੰਦਾ ਹੋਇਆ ਫਰੁਖਾਬਾਦ ਜਾ ਪੁੱਜਾ। ਇੱਥੋਂ ਦੇ ਨਵਾਬ ਨਾਲ ਤਿੰਨ ਦਿਨ ਬਰਾਬਰ ਲੜਾਈ ਹੁੰਦੀ ਰਹੀ। ਸਰਦਾਰ ਜੱਸਾ ਸਿੰਘ ਇਸ ਲੜਾਈ ਵਿੱਚ ਜ਼ਖ਼ਮੀ ਹੋ ਗਿਆ। ਅੰਤ ਨੂੰ ਇੱਥੋਂ ਨਜ਼ਰਾਨਾ ਲਿਆ। ਵਾਪਸੀ ਦੇ ਵੇਲੇ ਖੁਰਜਾ ਗਿਆ ਤੇ ਪ੍ਰਣ ਕੀਤਾ ਕਿ ਇੱਥੋਂ ਜਿੰਨਾ ਰੁਪਿਆ ਮਿਲੇਗਾ ਉਹ ਸਾਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਤੇ ਲਗਾਇਆ ਜਾਵੇਗਾ। ਇੱਥੋਂ ੪ ਲੱਖ ਦੇ ਉੱਪਰ ਰੁਪਿਆ ਮਿਲਿਆ। ਓਹ ਸਾਰਾ ਹਰਿਮੰਦਰ ਜੀ ਦੀ ਇਮਾਰਤ ਤੇ ਖ਼ਰਚ ਕੀਤਾ ਗਿਆ।

## ੧੩. ਸਰਦਾਰ ਜੱਸਾ ਸਿੰਘ ਸ਼ਾਹੀ ਤਖ਼ਤ ਤੇ

ਖੁਰਜੇ ਤੋਂ ਹੋ ਕੇ ਖਾਲਸੇ ਨੇ ਦਿੱਲੀ ਤੇ ਚੜ੍ਹਾਈ ਕਰ ਦਿੱਤੀ। ਕਿਲ੍ਹੇ ਵਿੱਚ ਵੜ ਕੇ ਤਖ਼ਤ ਤੇ ਕਬਜ਼ਾ ਕਰ ਲਿਆ, ਜਿਸ ਤੇ ਸ੍ਰ. ਜੱਸਾ ਸਿੰਘ ਨੂੰ ਬਠਾਇਆ ਗਿਆ। ਇਸ ਦਿਨ ਤੋਂ ਇਨ੍ਹਾਂ ਦਾ ਨਾਮ ਬਾਦਸ਼ਾਹ ਸਾਰੇ ਪੰਥ ਵਿੱਚ ਮਸ਼ਹੂਰ ਹੋ ਗਿਆ।

ਉਸ ਜ਼ਮਾਨੇ ਵਿੱਚ ਖਾਲਸੇ ਨੂੰ ਕਬਜ਼ੇ ਕਰਨ ਦਾ ਸ਼ੌਕ ਨਹੀਂ ਸੀ। ਕੇਵਲ ਕੱਚੇ ਪਿਲੇ ਦੀ ਸੋਧ ਕਰਨਾ ਮੁੱਖ ਗੱਲ ਸੀ। ਇਹ ਹੀ ਕਾਰਨ ਹੈ ਕਿ ਦਿੱਲੀ ਦੇ ਤਖ਼ਤ ਤੇ ਕਬਜ਼ਾ ਕਰ ਕੇ ਅਗਲੇ ਦਿਨ ਇਸ ਨੂੰ ਛੱਡ ਕੇ ਪਾਨੀਪਤ ਕਰਨਾਲ ਵੱਲ ਚੜ੍ਹਾਈ ਸ਼ੁਰੂ ਕਰ ਦਿੱਤੀ। ਨਹੀਂ ਤਾਂ ਦਿੱਲੀ ਦੇ ਤਖ਼ਤ ਤੇ ਕਬਜ਼ਾ ਕਰ ਕੇ ਫਿਰ ਛੱਡ ਆਉਣ ਦੀ ਕੋਈ ਵਜ੍ਹਾ ਨਹੀਂ ਸੀ। ਪਾਣੀਪਤ ਕਰਨਾਲ ਤੋਂ ਹੋ ਲੁਹਾਰੂ ਪੁੱਜਾ। ਇੱਥੋਂ ਦੇ ਅੱਗੇ ਪਿੱਛੇ ਦੇ ਰਾਜਪੂਤਾਂ ਨੇ ੨੫ ਹਜ਼ਾਰ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਟਾਕਰਾ ਕੀਤਾ, ਕਿੰਤੂ ਮੂੰਹ ਦੀ ਖਾਧੀ ਤੇ ਨਜ਼ਰ ਦੇਣੀਆਂ ਪਈਆਂ। ਦੋ ਹਜ਼ਾਰ ਜਵਾਨ ਸਰਦਾਰ ਜੱਸਾ ਸਿੰਘ ਨੂੰ ਫੌਜ ਵਾਸਤੇ ਦਿੱਤਾ। ਇੱਥੋਂ ਜੈਪੁਰ, ਬੀਕਾਨੇਰ ਵੱਲ ਧਾਵਾ ਬੋਲਿਆ। ਇਨ੍ਹਾਂ ਵੀ ਨਜ਼ਰਾਨੇ ਪੇਸ਼ ਕੀਤੇ। ਇੱਥੋਂ ਮੁੜ ਕੇ ਹਾਂਸੀ, ਹਿਸਾਰ ਦੇ ਪਾਸ ਅਲਜਾਸ ਬੇਗ ਨਾਲ ਜੰਗ ਹੋਈ। ਸ਼ਕਸਤ ਖਾ ਕੇ ਅਲਜਾਸ ਬੇਗ ਨੇ ਵੀ ਨਜ਼ਰਾਨੇ ਪੇਸ਼ ਕੀਤੇ।

੧੮੨੬ ਬਿ. ਨੂੰ ਕੋਟ ਮਹਤਾਬ ਫਤਹ ਕੀਤਾ। ਇੱਕ ਲੱਖ ਰੁਪਿਆ ਖ਼ਰਚ ਕਰ ਕੇ ਅਨੰਦਪੁਰ ਸਾਹਿਬ ਬਾਵਲੀ ਬਨਵਾਈ। ਅਨੰਦਪੁਰ ਦੇ ਸੋਢੀਆਂ ਨੂੰ ਕੁਝ ਹੋਰ ਜਾਗੀਰ ਦਿੱਤੀ। ਦਰਿਆ ਸਤਲੁਜ ਲੰਘ ਕੇ ਜੋ ਲੋਕ ਡਾਕੇ ਮਾਰਦੇ ਸਨ, ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਤੇ ਉਹਨਾਂ ਦੇ ਆਗੂ ਸ਼ੇਰ ਖਾਂ ਨੂੰ ਫੜ ਲਿਆ।

## ੧੪. ਕਸੂਰ ਤੇ ਹਮਲਾ

੧੮੩੭ ਬਿ. ਨੂੰ ਸਰਦਾਰ ਜੱਸਾ ਸਿੰਘ ਨੇ ਬੈਰੋਂਵਾਲ ਦੇ ਪਠਾਣਾਂ ਤੇ ਰਾਜਪੂਤਾਂ ਤੋਂ ਰਾਏਕੋਟ ਦੀ ਗੜ੍ਹੀ ਖੋਹ ਲਈ। ਉੱਥੋਂ ਦੇ ਰਈਸ ਉਮਰ ਖਾਂ ਨੇ ਨਜ਼ਰਾਨੇ ਦਿੱਤੇ। ਫਿਰ ਰਾਮਦਾਸਪੁਰ ਵਿੱਚ ਅੱਪੜ ਕੇ ਸਰਦਾਰ ਜੱਸਾ ਸਿੰਘ ਨੇ ਬਾਬੇ ਦੀ ਸੰਤਾਨ ਨੂੰ ਜਾਗੀਰ ਤੇ ਖਿਲਅਤ ਦਿੱਤੀ। ਇਸ ਤੋਂ ਛੁਟ ਇਸ ਇਲਾਕੇ ਦੇ ਜ਼ਿਮੀਂਦਾਰ ਜੋ ਸਰਕਸ਼ ਹੋ ਰਹੇ ਸਨ ਤੇ ਬਾਬੇ ਬੁੱਢੇ ਦੀ ਸੰਤਾਨ ਨਾਲ ਟਾਕਰਾ ਕਰਦੇ ਸਨ, ਉਹਨਾਂ ਨੂੰ ਸਜ਼ਾ ਦੇ ਕੇ ੫੦ ਹਜ਼ਾਰ ਜੁਰਮਾਨਾ ਵਸੂਲ ਕੀਤਾ।

## ੧੫. ਹਰਿਮੰਦਰ ਜੀ ਦੀ ਇਮਾਰਤ ਦੀ ਓਨਰੀ

ਸ੍ਰ: ਜੱਸਾ ਸਿੰਘ ਨੇ ਸ੍ਰੀ ਅੰਮ੍ਰਿਤਸਰ ਬੈਠ ਕੇ ਸ੍ਰੀ ਹਰਿਮੰਦਰ ਤੇ ਕਟੜਾ ਬਨਵਾਣਾ ਸ਼ੁਰੂ ਕੀਤਾ। ਸ੍ਰੀ ਹਰਿਮੰਦਰ ਦੀ ਸੇਵਾ ਵਿੱਚ ਭਾਵੇਂ ਸਾਰੀਆਂ ਮਿਸਲਾਂ ਵੱਲੋਂ ਰੁਪਇਆ ਖ਼ਰਚ ਹੁੰਦਾ ਸੀ, ਕਿੰਤੂ ਸਭ ਤੋਂ ਜ਼ਿਆਦਾ ਇਸੇ ਸਰਦਾਰ ਨੇ ਖ਼ਰਚ ਕੀਤਾ।

## ੧੬. ਕਪੂਰਥਲੇ ਤੇ ਕਬਜ਼ਾ

ਕਪੂਰਥਲੇ ਦੇ ਹਾਕਮ ਰਾਏ ਇਬਰਾਹੀਮ ਨੇ ਇੱਕ ਲੱਖ ਰੁਪਿਆ ਖਰਾਜ ਦੇਣਾ ਕੀਤਾ ਸੀ, ਕਿੰਤੂ ਨਾ ਦਿੱਤਾ। ਜਦ ੧੮੩੧ ਬਿ. ਨੂੰ ਸਰਦਾਰ ਜੱਸਾ ਸਿੰਘ ਦਾ ਜਵਾਈ ਖਰਾਜ ਲੈਣ ਗਿਆ ਤਦ ਦਿਲ ਵਿੱਚ ਗੋਲੀ ਲੱਗਣ ਨਾਲ ਇਹ ਚਲਾਣਾ ਕਰ ਗਏ। ੧੮੬੨ ਬਿ. ਨੂੰ ਇਸੇ ਗੱਲ ਨੂੰ ਮੁੱਖ

ਰੱਖ ਕੇ ਸਰਦਾਰ ਜੱਸਾ ਸਿੰਘ ਨੇ ਕਪੂਰਥਲੇ ਤੇ ਕਬਜ਼ਾ ਕਰ ਲਿਆ ਤੇ ਇਸੇ ਨੂੰ ਆਪਣੀ ਰਾਜਧਾਨੀ ਬਣਾਇਆ।

## ੧੭. ਰਾਮਗੜ੍ਹੀਆ ਸਰਦਾਰਾਂ ਨੂੰ ਭਾਂਜ

ਇਨ੍ਹੀਂ ਦਿਨੀਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦਾ ਪੰਜਾਬ ਵਿੱਚ ਚੰਗਾ ਪ੍ਰਭਾਵ ਸੀ। ਦਿਨ-ਬ-ਦਿਨ ਉਹਦੀ ਤਾਕਤ ਵਧਦੀ ਜਾ ਰਹੀ ਸੀ। ਇਹ ਸਰਦਾਰ ਜੱਸਾ ਸਿੰਘ ਦੀ ਪ੍ਰਵਾਹ ਨਹੀਂ ਕਰਦਾ ਸੀ। ਇੱਕ ਵੇਰ ਇਸ ਨੇ ਉਕਤ ਸਰਦਾਰ ਜੀ ਨੂੰ ਫੜ ਲਿਆ ਤੇ ਫੇਰ ਹੋਰਨਾਂ ਦੇ ਕਹਿਣ ਤੇ ਛੱਡ ਦਿੱਤਾ ਸੀ। ਇਸ ਕਰ ਕੇ ਉਕਤ ਸਰਦਾਰ ਜੀ ਨੇ ਘਨੱਯਾ ਤੇ ਭੰਗੀ ਆਦਿਕ ਮਿਸਲਾਂ ਨੂੰ ਨਾਲ ਲੈ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਸ਼ਕਸਤ ਦਿੱਤੀ। ੧੮੩੫ ਬਿਕ੍ਰਮੀ ਨੂੰ ਪੰਜਾਬ ਤੋਂ ਬਾਹਰ ਕੱਢ ਦਿੱਤਾ। ਪੰਜ ਛੀ ਸਾਲ ਤੱਕ ਹਾਂਸੀ-ਹਿਸਾਰ ਵੱਲ ਇਹ ਫਿਰਦਾ ਰਿਹਾ। ਫਿਰ ਸਰਦਾਰ ਮਹਾਂ ਸਿੰਘ ਸ਼ੁਕਰਚਕੀਏ ਦੇ ਸੱਦਣ ਤੇ ਆ ਗਿਆ ਤੇ ਘਨੱਯਾ ਮਿਸਲ ਵਾਲਿਆਂ ਨੂੰ ਸ਼ਕਸਤ ਦੇ ਕੇ ਜੱਸਾ ਸਿੰਘ ਨੂੰ ਸਾਰਾ ਇਹਦਾ ਇਲਾਕਾ ਦਵਾ ਦਿੱਤਾ।

## ੧੮. ਦਿੱਲੀ ਦੇ ਵਜ਼ੀਰ ਦੀ ਚੜ੍ਹਾਈ

੧੮੩੭ ਬਿਕ੍ਰਮੀ ਨੂੰ ਜਦ ਅਬਦੁਲ ਖਾਂ ਵਜ਼ੀਰ ਪੰਜਾਬ ਦਾ ਇਲਾਕਾ ਸਿੱਖਾਂ ਤੋਂ ਵਾਪਸ ਲੈਣ ਲਈ ਆਇਆ ਤੇ ਸ੍ਰ. ਬਘੇਲ ਸਿੰਘ ਆਦਿਕ ਕਰੋੜੀਆਂ ਮਿਸਲ ਦੇ ਨੂੰ ਨਾਲ ਲੈ ਕੇ ਪਟਿਆਲੇ ਵੱਲ ਵਧਿਆ ਤਦ ਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਜਿਸ ਤੋਂ ਅੰਮ੍ਰਿਤ ਛਕਿਆ ਸੀ, ਆਪਣੀ ਸਹਾਇਤਾ ਲਈ ਸੱਦਿਆ ਤੇ ਇਹ ਬਾਕੀ ਦੇ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਅੱਪੜ ਗਿਆ। ਸਿੱਟਾ ਇਹ ਨਿੱਕਲਿਆ ਕਿ ਵਜ਼ੀਰ ਨੇ ੧ ਲੱਖ ੨੫ ਹਜ਼ਾਰ ਰੁਪਏ ਦੇ ਕੇ ਆਪਣਾ ਪਿੱਛਾ ਛੁਡਾਇਆ ਤੇ ਵਾਪਸ ਦਿੱਲੀ ਚਲਾ ਗਿਆ॥

## ੧੯. ਕਰਤਾਰਪੁਰ ਦੇ ਸੋਢੀਆਂ ਨੂੰ ਨਾਲ ਮਿਲਾਣਾ

੧੮੩੮ ਨੂੰ ਜਦ ਕਰਤਾਰਪੁਰ ਦੇ ਸੋਢੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤਦ ਓਹਨਾਂ ਦੇ ਸੱਦਣ ਤੇ ਸਰਦਾਰ ਜੱਸਾ ਸਿੰਘ ਕਰਤਾਰਪੁਰ ਗਿਆ ਤੇ ਓਹਨਾਂ ਦੇ ਲੰਗਰ ਦਾ ਪ੍ਰਸ਼ਾਦ ਛਕ ਕੇ ਓਹਨਾਂ ਨੂੰ ਪੰਥ ਨਾਲ ਅਭੇਦ ਕੀਤਾ, ਕਿਉਂਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੰਥ ਨੂੰ ਸੋਢੀ ਧੀਰਮਲ ਦੀ ਸੰਤਾਨ ਨਾਲ ਮੇਲ ਮਿਲਾਪ ਨਾ ਰੱਖਣ ਦਾ ਹੁਕਮ ਦਿੱਤਾ ਹੋਇਆ ਸੀ ਤੇ ਸਰਦਾਰ ਜੱਸਾ ਸਿੰਘ ਨੇ ਇਨ੍ਹਾਂ ਨੂੰ ਕੁਝ ਪਿੰਡ ਜਾਗੀਰ ਵਜੋਂ ਦੇ ਰਖੇ ਸਨ। ਇਸ ਕਰ ਕੇ ਮੇਲ ਜੋਲ ਹੋਣ ਦੇ ਕਾਰਨ ਸਰਦਾਰ ਸਾਹਿਬ ਨੇ ਸੋਢੀਆਂ ਨੂੰ ਪੰਥ ਵਿੱਚ ਸ਼ਾਮਿਲ ਕੀਤਾ ਸੀ, ਜੋ ਹੁਣ ਫਿਰ ਖੰਡੇ ਦੀ ਪਾਹੁਲ ਲੈਣ ਤੋਂ ਮੂੰਹ ਮੋੜ ਗਏ ਹਨ।

## ੨੦. ਸਰਦਾਰ ਭਾਗ ਸਿੰਘ ਦਾ ਮੁਲਤਾਨ ਵੱਲ ਦੌਰਾ

ਇਸੇ ਸਾਲ ਸਰਦਾਰ ਭਾਗ ਸਿੰਘ ਜੋ ਕਿ ਸਰਦਾਰ ਜੱਸਾ ਸਿੰਘ ਦਾ ਭਤੀਜਾ ਸੀ, ਮੁਲਤਾਨ ਵੱਲ ਗਿਆ। ਇਸ ਸਫਰ ਦਾ ਖ਼ਰਚ ੩੨ ਵਰਕਿਆਂ ਤੇ ਉਦੋਂ ਦਾ ਮੰਜ਼ਲ ਵਾਰ ਲਿਖਿਆ ਹੋਇਆ ਕਪੂਰਥਲੇ ਪਿਆ ਹੈ, ਜਿਸ ਦੇ ਵੇਖਣ ਤੋਂ ਪਤਾ ਲੱਗਦਾ ਹੈ ਕਿ ਤੋਪਖਾਨਾ ਘੋੜਿਆਂ ਦਾ, ਬਲਦ ਤੇ ਹਾਥੀ ਆਦਿਕ ਵੀ ਨਾਲ ਸਨ।

ਮੁਲਤਾਨ ਪੁੱਜਣ ਤੇ ਉੱਥੋਂ ਦੇ ਹਾਕਮ ਨੇ ਸਰਦਾਰ ਭਾਗ ਸਿੰਘ ਦੀ ਬੜੀ ਖਾਤਰ ਕੀਤੀ, ਜਿਸ ਤੋਂ ਮਾਲੂਮ ਹੁੰਦਾ ਹੈ ਕਿ ਸਰਦਾਰ ਜੱਸਾ ਸਿੰਘ ਦਾ ਲੋਹਾ ਮੁਲਤਾਨ ਤੱਕ ਮੰਨਿਆ ਜਾਂਦਾ ਸੀ। ਨਹੀਂ ਤਾਂ ਕਦੇ ਵੀ ਨਹੀਂ ਹੋ ਸਕਦਾ ਸੀ ਕਿ ਅਜਿਹੇ ਇਲਾਕੇ ਵਿੱਚ ਅਰਾਮ ਨਾਲ ਦੌਰਾ ਕਰ ਸਕਦੇ। ਮਾਝੇ ਵੱਲੋਂ ਜਾਣਾ ਤੇ ਲਾਹੌਰ ਵੱਲੋਂ ਮੁੜਨਾ ਕੋਈ ਸੌਖੀ ਗੱਲ ਨਹੀਂ ਸੀ।

## ੨੧. ਸਰਦਾਰ ਜੱਸਾ ਸਿੰਘ ਦਾ ਚਲਾਣਾ ਤੇ ਸਰਦਾਰ ਭਾਗ ਸਿੰਘ ਦੀ ਗੱਦੀ ਨਸ਼ੀਨੀ

ਸ੍ਰ. ਜੱਸਾ ਸਿੰਘ ਜੋ ਕਿ ਇੱਕ ਬੜੇ ਬਹਾਦਰ, ਦਲੇਰ, ਨਿਡਰ ਤੇ ਅਕਲਮੰਦ ਸਿੱਖ ਸਨ, ਸੰ. ੧੮੪੦ ਬਿ. ਨੂੰ ਪੇਟ ਦੀ ਦਰਦ ਨਾਲ ਸ੍ਰੀ ਅੰਮ੍ਰਿਤਸਰ ਜੀ ਵਿੱਚ ਚਲਾਣਾ ਕਰ ਗਏ। ਇਨ੍ਹਾਂ ਦੇ

੧੯੦੪ ਵਿੱਚ ਇੱਕ ਲੜਕਾ ਹੋਇਆ ਸੀ ਜੋ ਛੀ ਮਹੀਨੇ ਪਿੱਛੋਂ ਚਲਾਣਾ ਕਰ ਗਿਆ। ਬਾਕੀ ਦੋ ਲੜਕੀਆਂ ਸੀ, ਜਿਨ੍ਹਾਂ ਵਿੱਚੋਂ ਇੱਕ ਫਤਹਆਬਾਦ ਵਿੱਚ ਮੋਹਨ ਸਿੰਘ ਦੇ ਨਾਲ ਤੇ ਦੂਜੀ ਤੁੰਗ ਵਿਆਹੀ ਗਈ ਸੀ, ਇਸ ਤੋਂ ਬਿਨਾਂ ਹੋਰ ਕੋਈ ਸੰਤਾਨ ਨਹੀਂ ਸੀ। ਇਸੇ ਕਰ ਕੇ ਆਪ ਨੇ ਆਪਣੇ ਜੀਉਂਦੇ ਜੀ ਆਪਣੇ ਸਕੇ ਚਾਚੇ ਗੁਰਬਖ਼ਸ਼ ਸਿੰਘ ਦੇ ਲੜਕੇ ਸ੍ਰ. ਭਾਗ ਸਿੰਘ ਨੂੰ ਸਾਰਾ ਕੰਮ ਕਾਰ ਰਿਆਸਤ ਦਾ ਸੌਂਪ ਰੱਖਿਆ ਸੀ।

## ੨੨. ਸਰਦਾਰ ਜੱਸਾ ਸਿੰਘ ਦਾ ਸੰਖੇਪ ਜੀਵਨ

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇੱਕ ਬੜਾ ਹੀ ਦਲੇਰ, ਬਹਾਦਰ ਤੇ ਜਵਾਂਮਰਦ ਆਦਮੀ ਸੀ। ਇਸ ਨੇ ਆਪਣੇ ਬਾਹੂਬਲ ਤੇ ਅਕਲਮੰਦੀ ਨਾਲ ਨਾ ਕੇਵਲ ਕੌਮ ਨੂੰ ਹੀ ਬਹੁਤ ਸਾਰਾ ਲਾਭ ਪਹੁੰਚਾਇਆ ਸਗੋਂ ਆਪਣੇ ਵਾਸਤੇ ਵੀ ਬਹੁਤ ਕੁਝ ਕੀਤਾ। ਇਹਨਾਂ ਦੇ ਸਰੀਰ ਤੇ ੩੫ ਜ਼ਖ਼ਮ ਸਨ। ਇਹ ਅਜਿਹਾ ਭਾਗਾਂ ਵਾਲਾ ਜੀਵ ਸੀ ਕਿ ਜਿਸ ਪਾਸੇ ਮੂੰਹ ਕੀਤਾ, ਫਤਹ ਨੇ ਹਮੇਸ਼ਾਂ ਇਸ ਦੇ ਪੈਰ ਚੁੰਮੇ। ਇਸ ਵਿੱਚ ਸ਼ੱਕ ਨਹੀਂ ਕਿ ਬਾਕੀ ਮਿਸਲਾਂ ਦੇ ਸਰਦਾਰਾਂ ਨੇ ਵੀ ਪੰਥ ਦੀਆਂ ਬੜੀਆਂ ਬੜੀਆਂ ਮੁਸ਼ਕਲਾਂ ਹੱਲ ਕੀਤੀਆਂ ਤੇ ਉਹਨਾਂ ਵਿੱਚੋਂ ਕਈ ਸ੍ਰ. ਜੱਸਾ ਸਿੰਘ ਨਾਲੋਂ ਵੀ ਬਹਾਦਰ ਸੀ। ਕਿੰਤੂ ਜੋ ਇੱਜ਼ਤ ਤੇ ਪਤ ਇਨ੍ਹਾਂ ਦੀ ਪੰਥ ਵਿੱਚ ਸੀ, ਉਹ ਕਿਸੇ ਹੋਰ ਦੀ ਨਹੀਂ ਸੀ। ਇਹਦਾ ਕਾਰਨ ਇਹ ਸੀ ਕਿ ਇਨ੍ਹਾਂ ਨੂੰ ਨਵਾਬ ਕਪੂਰ ਸਿੰਘ ਨੇ ਸ੍ਰੀ ਗੁਰੂ ਕਲਗੀਧਰ ਜੀ ਦਾ ਉਹ ਗੁਰਜ ਦੇ ਰੱਖਿਆ ਸੀ, ਜੋ ਕਿ ਅੱਜਕੱਲ੍ਹ ਸ੍ਰੀ ਅਕਾਲ ਤਖ਼ਤ ਤੇ ਪਿਆ ਹੈ ਤੇ ਇਸ ਨੂੰ ਉਨ੍ਹਾਂ ਆਪਣੀ ਜਗ੍ਹਾ ਦਿੱਤੀ ਸੀ। ਦੂਜੀ ਗੱਲ ਜਿਸ ਤੋਂ ਇਨ੍ਹਾਂ ਦੀ ਇੱਜ਼ਤ ਪੰਥ ਵਿੱਚ ਬਹੁਤ ਹੋਈ, ਉਹ ਇਹ ਸੀ ਕਿ ਇਨ੍ਹਾਂ ਦੇ ਹੱਥੋਂ ਪੰਥ ਦੇ ਵੱਡੇ ਵੱਡੇ ਰਈਸਾਂ; ਜਿਹਾ ਕਿ ਅਮਰ ਸਿੰਘ ਪਟਿਆਲਾ ਵਾਲਿਆਂ ਨੇ ਅੰਮ੍ਰਿਤ ਛਕਿਆ ਸੀ। ਨਵਾਬ ਕਪੂਰ ਸਿੰਘ ਦੇ ਪਿੱਛੋਂ ਆਮ ਤੌਰ ਤੇ ਇਹ ਕੌਮ ਦੇ ਬਾਦਸ਼ਾਹ ਦੇ ਨਾਮ ਤੇ ਮਸ਼ਹੂਰ ਸਨ। ਇਨ੍ਹਾਂ ਨੇ ਆਪਣੀ ਕੌਮ ਵਿੱਚ ਬੜੇ ਬੜੇ ਹੱਛੇ ਕੰਮ ਕੀਤੇ। ਸ਼ਹਿਰ ਅੰਮ੍ਰਿਤਸਰ ਜਿਸ ਨੂੰ ਅਹਿਮਦ ਸ਼ਾਹ ਦੁਰਾਨੀ ਢਾਹ ਗਿਆ ਸੀ, ਨਵੇਂ ਸਿਰੇ ਆਬਾਦ ਕੀਤਾ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਦਾ ਕੰਮ ਜਿਸ ਨੂੰ ਭੰਗੀ ਸਰਦਾਰਾਂ ਨੇ ਤੇ ਪੁਜਾਰੀਆਂ ਨੇ ਚੌਧਰੀ ਸਾਹਿਬ ਰਾਏ ਨੂੰ ਸੌਂਪ ਦਿੱਤਾ ਸੀ, ਇਸ ਨੇ ਆਪਣੇ ਹੱਥ ਵਿੱਚ ਲਿਆ ਤੇ ਕੁੱਲ ਕਰਜ਼ੇ ਦੀ ਰਕਮ ਆਪਣੇ ਪਾਸੋਂ ਦੇ ਕੇ ਹਰਿਮੰਦਰ ਨੂੰ ਬਣਵਾਇਆ। ਅਨੰਦਪੁਰ ਸਾਹਿਬ ਵਿੱਚ ਇੱਕ ਤਾਲਾਬ ਤੇ ਬਾਉਲੀ ਬਣਵਾਈ ਤੇ ਉੱਥੋਂ ਦੇ ਸੋਢੀਆਂ ਦੀ ਬਹੁਤ ਹੀ ਸਹਾਇਤਾ ਕੀਤੀ। ਆਪਣੇ ਪੰਥ ਦੀ ਬ੍ਰਿਧੀ ਦੇ ਬਹੁਤ ਸਾਰੇ ਕੰਮ ਕੀਤੇ ਤੇ ਇਨ੍ਹਾਂ ਦਾ ਜੀਵਨ ਖਾਲਸਾ ਕੌਮ ਦੇ ਵਾਸਤੇ ਬਹੁਤ ਹੀ ਲਾਭਦਾਇਕ ਸਾਬਤ ਹੋਇਆ।

ਇਹ ਇੱਕ ਬੜਾ ਹੀ ਦਾਨੀ, ਮਾਨੀ ਤੇ ਦਾਨਾ ਆਦਮੀ ਸੀ। ਇਸ ਦੇ ਲੰਗਰ ਵਿੱਚ ਨਿਤਾਪ੍ਰਤੀ ਸੈਂਕੜੇ ਆਦਮੀਆਂ ਨੂੰ ਬਿਨਾਂ ਕਿਸੇ ਕੌਮ ਦੀ ਤਮੀਜ਼ ਦੇ ਪ੍ਰਸ਼ਾਦ ਮਿਲਦਾ ਸੀ। ਇਸ ਦੇ ਸੁਭਾਉ ਵਿੱਚ ਕਟਰਪੁਣਾ ਨਹੀਂ ਸੀ। ਸੈਂਕੜੇ ਮੁਸਲਮਾਨ ਇਨ੍ਹਾਂ ਪਾਸ ਨੌਕਰ ਸੀ ਤੇ ਉਹਨਾਂ ਸਾਰਿਆਂ ਨੂੰ ਆਪਣੇ ਮਜ਼ਬੀ ਫਰਜ਼ ਪੂਰੇ ਕਰਨ ਦੀ ਖੁੱਲ੍ਹ ਸੀ। ਹਾਂ, ਗਊ ਹੱਤਿਆ ਕਰਨ ਦੇ ਬੜਾ ਵਿਰੁੱਧ ਸੀ। ਸੋ ਇਸ ਗੱਲ ਦੀ ਰੋਕ ਵਾਸਤੇ ਲਾਹੌਰ ਅਤੇ ਕਸੂਰ ਤੇ ਕਈ ਵੇਰ ਚੜ੍ਹਾਈਆਂ ਕੀਤੀਆਂ ਤੇ ਬੁਚੜਾਂ ਨੂੰ ਵੱਢਿਆ।

ਇਸ ਦੇ ਸਮੇਂ ਵਿੱਚ ਸਿੱਖਾਂ ਦੀ ਜੰਗੀ ਤਾਕਤ ਬਹੁਤ ਵਧ ਗਈ ਤੇ ਸ਼ਕਤੀਵਾਨ ਹੋ ਗਏ। ਜਦ ਕਦੇ ਕਿਸੇ ਮਿਸਲ ਦੇ ਸਰਦਾਰ ਜਾਂ ਕਿਸੇ ਗੈਰ ਕੌਮ ਦੇ ਸਰਦਾਰ ਹੱਲਾ ਕਰਦੇ ਤਦ ਉਹ ਆਪਣੀ ਫੌਜ ਦੀ ਕਮਾਨ ਨਾਮ ਮਾਤਰ ਸ੍ਰ. ਜੱਸਾ ਸਿੰਘ ਨੂੰ ਦਿੰਦੇ, ਕਿਉਂਕਿ ਇਹ ਨਵਾਬ ਕਪੂਰ ਸਿੰਘ ਦੀ ਗੱਦੀ ਤੇ ਸਨ। ਕਿੰਤੂ ਉਂਜ ਹਰ ਇੱਕ ਫੌਜ ਆਪਣੇ ਆਪਣੇ ਸਰਦਾਰਾਂ ਦੇ ਅਧੀਨ ਹੋ ਕੇ ਲੜਦੀ ਤੇ ਜੇਹੜਾ ਜੇਹੜਾ ਇਲਾਕਾ ਜੇਹੜਾ ਜੇਹੜਾ ਸਰਦਾਰ ਫਤਹ ਕਰਦਾ ਉਹਦੇ ਤੇ ਉਹਦਾ ਹੀ ਕਬਜ਼ਾ ਹੋ ਜਾਂਦਾ ਸੀ।

ਉਸ ਵੇਲੇ ਖਾਲਸੇ ਦੀ ਫੌਜ ਦਾ ਨਾਮ 'ਖਾਲਸਾ ਦਲ' ਸੀ। ਇਸ ਵਿੱਚ ਆਮ ਤੌਰ ਤੇ ਸਵਾਰ ਬਹੁਤ ਸਨ। ਹਰ ਇੱਕ ਸਰਦਾਰ ਨੇ ਆਪਣੇ ਨੌਕਰ ਰੱਖੇ ਹੋਏ ਹੁੰਦੇ ਸਨ। ਘੋੜੇ ਆਪੋ ਆਪਣੇ ਹੁੰਦੇ ਸੀ। ਇਨ੍ਹਾਂ ਨੂੰ ਖ਼ਰਚ ਤੇ ਲੜਾਈ ਦਾ ਸਾਮਾਨ ਆਪਣੇ ਪਾਸੋਂ ਦਿੰਦੇ ਸੀ ਤੇ ਇਨ੍ਹਾਂ ਦਾ ਨਾਮ ਸੀ ਬਾਰਗੀਰ।

ਓਸ ਜ਼ਮਾਨੇ ਵਿੱਚ ਪਿਆਦਾ ਫੌਜ ਦੀ ਬਹੁਤੀ ਲੋੜ ਨਹੀਂ ਸਮਝੀ ਜਾਂਦੀ ਸੀ। ਪਿਆਦਾ ਫੌਜ ਕੇਵਲ ਪਹਿਰੇ ਤੇ ਰਾਖੀ ਦੇ ਲੋੜੀਂਦੇ ਆਦਮੀਆਂ ਦੀ ਹੀ ਹੁੰਦੀ ਸੀ। ਪੈਦਲਾਂ ਦੀ ਕੇਵਲ ਅਕਾਲੀ ਫੂਲਾ ਸਿੰਘ ਦੀ ਪਲਟਣ ਹੀ ਹੁੰਦੀ, ਜਿਸ ਦੀ ਪੰਥ ਵਿੱਚ ਬੜੀ ਇੱਜ਼ਤ ਹੁੰਦੀ ਸੀ। ਇਹ ਹਰ ਲੜਾਈ ਵਿੱਚ ਅੱਗੇ ਤੇ ਹਮਲਾ ਕਰਨ ਵਿੱਚ ਪਹਿਲਾਂ ਹੁੰਦੇ ਸਨ। ਇਨ੍ਹਾਂ ਦੇ ਜ਼ੋਰਦਾਰ ਹੱਲਿਆਂ ਤੋਂ ਬੜਾ ਲਾਭ ਪੁੱਜਦਾ ਸੀ। ਖਾਲਸੇ ਪਾਸ ਤੋੜੇਦਾਰ ਬੰਦੂਕਾਂ ਤੇ ਤੋਪਾਂ ਵੀ ਸਨ, ਕਿੰਤੂ ਲੜਾਈਆਂ ਵਿੱਚ ਆਮ ਤੌਰ ਤੇ ਤਲਵਾਰ ਵਰਤਦੇ ਸਨ। ਇਨ੍ਹਾਂ ਦੀ ਤਲਵਾਰ ਦੀ ਧਾਰ ਸਾਹਮਣੇ ਕੋਈ ਅਫਗਾਨ ਪਠਾਨ ਤੇ ਦੁਰਾਨੀ ਆਦਿਕ ਠਹਿਰ ਨਹੀਂ ਸਕਦਾ ਸੀ। ਲੜਾਈ ਦੇ ਵਿੱਚ ਜੋ ਹੱਥ ਆਉਂਦਾ, ਬਰਾਬਰ ਹਿੱਸੇ ਤੇ ਵੰਡਿਆ ਜਾਂਦਾ। ਜੋ ਸਿੰਘ ਸ਼ਹੀਦ ਹੋ ਜਾਂਦਾ, ਓਹਦੇ ਵਾਰਸਾਂ ਨੂੰ ਇੱਕ ਤਕੜੀ ਰਕਮ ਗੁਜ਼ਾਰੇ ਵਾਸਤੇ ਦਿੱਤੀ ਜਾਂਦੀ ਤੇ ਸ਼ਹੀਦ ਹੋਣ ਵਾਲੇ ਦੀ ਸਿੰਘ ਦੀ ਥਾਂ ਤੇ ਉਹਦਾ ਲੜਕਾ ਨੀਯਤ ਹੋ ਜਾਂਦਾ।

ਹਾਂ, ਸਰਦਾਰ ਜੱਸਾ ਸਿੰਘ ਦੇ ਚਲਾਣੇ ਦੇ ਮਗਰੋਂ ਓਹਨਾਂ ਦਾ ਭਤੀਜਾ ਸਰਦਾਰ ਭਾਗ ਸਿੰਘ ਗੱਦੀ ਤੇ ਬੈਠਾ। ਇਸ ਨੇ ਦੀਵਾਨ ਬੂੜਾ ਮੱਲ ਤੇ ਸ਼ੇਰ ਕਰੀਮ ਦੀਨ ਨੂੰ ਆਪਣੇ ਇਲਾਕੇ ਦਾ ਪ੍ਰਬੰਧ ਸੌਂਪ ਆਪ ਦਵਾਬੇ ਵਿੱਚ ਦੌਰਾ ਸ਼ੁਰੂ ਕੀਤਾ। ਫਗਵਾੜਾ ਤੇ ਨੂਰਮਹਿਲ ਦੇ ਇਲਾਕੇ ਦੇ ਜਾਗੀਰਦਾਰਾਂ ਤੋਂ ਨਜ਼ਰਾਨਾ ਲਿਆ। ੧੮੪੧ ਨੂੰ ਸਲਨ ਦੇ ਲੋਕਾਂ ਦੀ ਸ਼ਕਾਇਤ ਤੇ ਸਰਦਾਰ ਗੁਰਬਖ਼ਸ਼ ਸਿੰਘ ਨੂੰ ਓਸ ਇਲਾਕੇ ਵਿੱਚੋਂ ਹਟਾ ਦਿੱਤਾ। ਫਿਰ ਇਸੇ ਸਾਲ ਨਕੇਈ ਸਰਦਾਰਾਂ ਤੋਂ ਸ਼ਰਕਪੁਰ ਦਾ ਇਲਾਕਾ ਵਾਪਸ ਲੈ ਲਿਆ ਤੇ ਹੋਰ ਸਿੱਖ ਸਰਦਾਰਾਂ ਦੇ ਨਾਲ ਹੋ ਕੇ ਕਸੂਰ ਤੇ ਹਮਲਾ ਕਰ ਕੇ ਫਤਹ ਕੀਤਾ। ਓਥੇ ਹੀ ਸਰਦਾਰ ਭਾਗ ਸਿੰਘ ਦੇ ਘਰ ਲੜਕਾ ਹੋਣ ਦੀ ਖ਼ਬਰ ਪੁੱਜੀ। ਇਸ ਕਰ ਕੇ ਇਸ ਲੜਕੇ ਦਾ ਨਾਮ ਫਤਹ ਸਿੰਘ ਰੱਖਿਆ ਗਿਆ।

੧੮੪੩ ਬਿਕ੍ਰਮੀ ਵਿੱਚ ਸਰਦਾਰ ਭਾਗ ਸਿੰਘ ਨੇ ਦਰਿਆ ਬਿਆਸ ਲੰਘ ਕੇ ਬੇਦੀਆਂ ਨੂੰ ਓਹਨਾਂ ਦੀ ਰਿਆਸਤ ਚਮਕੌਰ ਜਿੱਥੋਂ ਓਹਨਾਂ ਨੂੰ ਸਰਦਾਰ ਹਰੀ ਸਿੰਘ ਡੱਲ੍ਹੇ ਵਾਲੇ ਕੱਢ ਦਿੱਤਾ ਸੀ, ਵਾਪਸ ਦਵਾਈ ਤੇ ਆਪ ਕਪੂਰਥਲੇ ਗਿਆ।

## ੨੩. ਤਰਨਤਾਰਨ ਅਤੇ ਜੰਡਿਆਲੇ ਤੇ ਕਬਜ਼ਾ

ਸਰਦਾਰ ਗੁਲਾਬ ਸਿੰਘ ਭੰਗੀ ਦੇ ਆਪਣਿਆਂ ਨੇ ਪਿੰਡ ਝਬਾਲ ਵਿੱਚ ਸਰਦਾਰ ਭਾਗ ਸਿੰਘ ਦੇ ਨੌਕਰ ਨੂੰ ਕਤਲ ਕਰ ਦਿੱਤਾ ਸੀ। ਇਸ ਕਰ ਕੇ ਸਰਦਾਰ ਭਾਗ ਸਿੰਘ ਨੇ ਇਲਾਕਾ ਤਰਨਤਾਰਨ ਤੇ ਜੰਡਿਆਲੇ ਤੇ ਕਬਜ਼ਾ ਕਰ ਲਿਆ। ਕਿੰਤੂ ਇਹ ਇਲਾਕਾ ਬਹੁਤ ਦਿਨਾਂ ਤੱਕ ਇਨ੍ਹਾਂ ਦੇ ਹੱਥ ਨਹੀਂ ਰਿਹਾ।

## ੨੪. ਬੂੜਾ ਮੱਲ ਦਾ ਹਟਾਇਆ ਜਾਣਾ ਤੇ ਰਾਮਗੜ੍ਹੀਆਂ ਦੀ ਹਾਰ

੧੮੪੪ ਬਿਕ੍ਰਮੀ ਨੂੰ ਪਤਾ ਲੱਗਾ ਕਿ ਓਹਦਾ ਦੀਵਾਨ ਬੂੜਾ ਮੱਲ ਹੱਛੇ ਚਾਲ ਚਲਣ ਦਾ ਆਦਮੀ ਨਹੀਂ। ਇਸ ਕਰ ਕੇ ਇਸ ਨੂੰ ਹਟਾ ਕੇ ਇਹਦੀ ਜਗ੍ਹਾ ਦੀਵਾਨ ਸਿੰਘ ਨੂੰ ਦੀਵਾਨ ਨੀਯਤ ਕੀਤਾ। ਬੀਰੂ ਵਾਲ ਸਰੂਪ ਸਿੰਘ ਥਾਣੇਦਾਰ ਬਣਾਇਆ ਤੇ ਪਿੰਡ ਸੀਕਰ ਦੇ ਪਾਸ ਰਾਮਗੜ੍ਹੀਆਂ ਨੂੰ ਇੱਕ ਸ਼ਕਸਤ ਦਿੱਤੀ ਤੇ ਸਰਦਾਰ ਬਘੇਲ ਸਿੰਘ ਦੇ ਕਹਿਣ ਤੇ ਉਹਦੇ ਕਰਮਚਾਰੀਆਂ ਦਾ ਪ੍ਰਬੰਧ ਕੀਤਾ।

## ੨੫. ਸਰਦਾਰ ਫਤਹ ਸਿੰਘ ਨੂੰ ਅੰਮ੍ਰਿਤ ਛਕਾਣਾ ਤੇ ਵਿਆਹ

ਸੰ: ੧੮੫੨ ਨੂੰ ਸਰਦਾਰ ਭਾਗ ਸਿੰਘ ਨੇ ਆਪਣੇ ਲੜਕੇ ਫਤਹ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲਿਆ ਕੇ ਅੰਮ੍ਰਿਤ ਛਕਾਇਆ ਤੇ ੧੮੫੩ ਵਿੱਚ ਵਿਆਹ ਧੂਮਧਾਮ ਨਾਲ ਕਰ ਦਿੱਤਾ।

## ੨੬. ਜ਼ਮਾਨ ਸ਼ਾਹ ਦੀ ਆਮਦ ਤੇ ਰਾਮਗੜ੍ਹੀਆਂ ਨਾਲ ਜੰਗ

੧੮੫੫ ਬਿਕ੍ਰਮੀ ਨੂੰ ਫਿਰ ਜ਼ਮਾਨ ਸ਼ਾਹ ਹਿੰਦੁਸਤਾਨ ਵਿੱਚ ਆਇਆ। ਜਿਸ ਵੇਲੇ ਇਹ ਲਾਹੌਰ ਪੁੱਜਾ, ਓਸ ਵੇਲੇ ਸਿੰਘ ਪਹਾੜਾਂ ਵੱਲ ਗਏ ਹੋਏ ਸਨ। ਸਰਦਾਰ ਭਾਗ ਸਿੰਘ ਪਿੰਡ ਵੈਰੋਵਾਲ ਵਿੱਚ ਸੀ। ਸਰਦਾਰ ਮੇਹਰ ਸਿੰਘ ਤੇ ਮੰਗਲ ਸਿੰਘ ਨੇ; ਜੋ ਕਿ ਸਰਦਾਰ ਭਾਗ ਸਿੰਘ ਨਾਲ ਦਿਲੋਂ ਵੱਟ ਰੱਖਦੇ ਸਨ, ਪਿੰਡ ਵਨਜਾਰਾ ਧਾਲੀਵਾਲਾ ਤੇ ਢੋਕੀਆਂ ਆਦਿਕ ਤੇ ਕਬਜ਼ਾ ਕਰ ਲਿਆ। ਸਰਦਾਰ ਭਾਗ ਸਿੰਘ ਨੇ ਇਹ ਖ਼ਬਰ ਸੁਣ ਕੇ ਆਪਣੇ ਵੱਲੋਂ ਸਰਦਾਰ ਹਮੀਰ ਸਿੰਘ ਨੂੰ ਨੀਯਤ ਕੀਤਾ, ਜਿਨ੍ਹਾਂ ਨੇ ਇਨ੍ਹਾਂ ਪਾਸੋਂ ਮਹਿਤਾਬ ਕੋਟ ਆਦਿਕ ਦੇ ਇਲਾਕੇ ਖੋਹ ਲਏ। ਇਸ ਤੋਂ ਪਿੱਛੋਂ ਸ੍ਰ. ਭਾਗ ਸਿੰਘ ਨੇ ਆਪਣੇ ਵੈਰੀ ਰਾਮਗੜ੍ਹੀਆਂ ਦੇ ਟਾਕਰੇ ਤੇ ਸਦਾ ਕੌਰ ਦੀ ਸਹਾਇਤਾ ਕੀਤੀ, ਜਿਸ ਦੀ ਮਦਦ ਵਾਸਤੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪ ਆਏ ਹੋਏ ਸਨ। ਕਾਫੀ ਚਿਰ ਤੱਕ ਮਿਆਣੀ ਦੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ, ਕਿੰਤੂ ਦਰਿਆ ਰਾਵੀ ਵਿੱਚ ਹੜ੍ਹ ਆ ਜਾਣ ਦੇ ਕਾਰਨ ਕੋਈ ਸਫ਼ਲਤਾ ਨਾ ਹੋਈ।

## ੨੭. ਟਿਕਾ ਫਤਹ ਸਿੰਘ ਸਮੇਤ ਦੌਰਾ

੧੮੫੬ ਨੂੰ ਸ੍ਰ. ਭਾਗ ਸਿੰਘ ਨੇ ਆਪਣੇ ਲੜਕੇ ਫਤਹ ਸਿੰਘ ਨੂੰ ਨਾਲ ਲੈ ਕੇ ਸਤਲੁਜ ਦੇ ਇਸ ਪਾਰ ਦੇ ਇਲਾਕੇ ਦਾ ਦੌਰਾ ਕੀਤਾ ਤੇ ਰਾਏਕੋਟ ਆਦਿਕ ਦੇ ਰਈਸਾਂ ਤੋਂ ਨਜ਼ਰਾਨੇ ਲੈ ਕੇ ਕਪੂਰਥਲੇ ਵਾਪਸ ਚਲਾ ਗਿਆ।

੧੮੫੭ ਵਿੱਚ ਟਿੱਕਾ ਫਤਹ ਸਿੰਘ ਨੇ ਸਤਲੁਜ ਦੇ ਇਸ ਪਾਰ ਆ ਕੇ ਸਹੋੜ ਖਾਨ ਪੁਰ ਦਾ ਉਦਮਜ਼ਰਾਪੀਰ, ਸੋਹਨਾ, ਹਸਨ ਪੁਰ, ਮਜਹੇਲੀ ਸਕਰ ਅਲਾ ਪੁਰ, ਰੁੜਕੀ ਆਦਿਕ ਤੇ ਕਬਜ਼ਾ ਕਰ ਲਿਆ ਤੇ ਸਰਹਾਲੀ; ਜਿਸ ਵਿੱਚ ਡਾਕੂ ਵਸਦੇ ਸਨ, ਇਸ ਥਾਂ ਦੀ ਸੋਧ ਕੀਤੀ। ਖੋਜਾ ਪੁਰੀ ਮੰਦਰੀ ਵਾਲੇ ਨਜ਼ਰਾਨੇ ਵਜੋਂ ਇੱਕ ਘੋੜੀ ਲੈ ਕੇ ਹਾਜ਼ਰ ਹੋਏ।

## ੨੮. ਰਾਮਗੜ੍ਹੀਆਂ ਨਾਲ ਲੜਾਈ ਤੇ ਚਲਾਣਾ

੧੮੫੮ ਬਿ. ਨੂੰ ਰਾਮਗੜ੍ਹੀਆ ਸਰਦਾਰਾਂ ਨੇ ਸੰਸਾਰ ਚੰਦ ਦੀ ਫੌਜ ਸਮੇਤ ਦਵਾਬੇ ਦੇ ਇਲਾਕੇ ਤੇ ਚੜ੍ਹਾਈ ਕੀਤੀ। ਇਹ ਖ਼ਬਰ ਸੁਣਦੇ ਹੀ ਸ੍ਰ. ਭਾਗ ਸਿੰਘ ਨੇ ਫੌਜ ਦੇ ਕੇ ਸਰਦਾਰ ਹਮੀਰ ਸਿੰਘ ਨੂੰ ਭੇਜਿਆ, ਜਿਸ ਦੇ ਫੱਟੜ ਹੋ ਜਾਣ ਨਾਲ ਸ਼ਕੱਸਤ ਹੋ ਗਈ। ਇਹ ਗੱਲ ਸੁਣਦੇ ਹੀ ਸ੍ਰ. ਭਾਗ ਸਿੰਘ ਫੌਜ ਲੈ ਕੇ ਆ ਪੁੱਜਾ, ਕਸਬਾ ਫਗਵਾੜਾ ਤੇ ਇਨ੍ਹਾਂ ਦੇ ਪੈਰ ਨੂੰ ਸਖ਼ਤ ਚੋਟ ਆਈ, ਜਿਸ ਤੋਂ ਇਨ੍ਹਾਂ ਦੀ ਹਾਲਤ ਦਿਨ-ਬ-ਦਿਨ ਖ਼ਰਾਬ ਹੁੰਦੀ ਗਈ। ਇਸ ਕਰ ਕੇ ਵਾਪਸ ਕਪੂਰਥਲੇ ਚਲੇ ਗਏ, ਜਿੱਥੇ ਜਾ ਕੇ ਚਲਾਣਾ ਕਰ ਗਏ।

## ੨੯. ਟਿੱਕਾ ਫਤਹ ਸਿੰਘ ਗੱਦੀ ਤੇ

ਸ੍ਰ. ਭਾਗ ਸਿੰਘ ਦੇ ਚਲਾਣਾ ਕਰ ਜਾਣ ਤੇ ਓਹਨਾਂ ਦਾ ਇੱਕੋ ਇੱਕ ਲੜਕਾ ਸਰਦਾਰ ਫਤਹ ਸਿੰਘ ਗੱਦੀ ਤੇ ਬੈਠਾ। ਓਹਨੀਂ ਦਿਨੀਂ ਸਠਿਆਲਾ ਤੇ ਬੋਤਾਲਾ ਦੇ ਜਗੀਰਦਾਰਾਂ ਨੇ ਰਾਮਗੜ੍ਹੀਆਂ ਸਰਦਾਰਾਂ ਦੇ ਵਰਗਲਾਣ ਤੇ ਬਗਾਵਤ ਕਰ ਦਿੱਤੀ। ਇਹ ਖ਼ਬਰ ਸੁਣਦੇ ਹੀ ਸਰਦਾਰ ਫਤਹ ਸਿੰਘ ਫੌਜ ਲੈ ਕੇ ਅਪੜ ਗਏ ਤੇ ਲੜਾਈ ਕਰ ਕੇ ਰਾਮਗੜ੍ਹੀਆਂ ਦਾ ਥਾਣਾ ਓਥੋਂ ਚੱਕ ਦਿੱਤਾ ਤੇ ਆਪਣਾ ਕਬਜ਼ਾ ਕਰ ਕੇ ਜ਼ਿਮੀਂਦਾਰਾਂ ਨੂੰ ਜੁਰਮਾਨਾ ਕੀਤਾ।

## ੩੦. ਸ਼ੇਰਿ ਪੰਜਾਬ ਨਾਲ ਦਸਤਾਰ ਬਦਲਨੀ

੧੮੫੯ ਵਿੱਚ ਸ਼ੇਰਿ ਪੰਜਾਬ ਸ੍ਰ. ਭਾਗ ਸਿੰਘ ਦੇ ਚਲਾਣੇ ਦਾ ਸ਼ੋਕ ਪ੍ਰਗਟ ਕਰਨ ਲਈ ੨੦੦ ਬਾਡੀ ਗਾਰਡ ਸਵਾਰਾਂ ਸਮੇਤ ਫਤਹਅਬਾਦ ਆਇਆ। ਸਰਦਾਰ ਫਤਹ ਸਿੰਘ ਨੇ ਇਨ੍ਹਾਂ ਦੀ ਆਓ ਭਗਤ ਕੀਤੀ। ਗੱਲਾਂ ਕਥਾਂ ਹੁੰਦਿਆਂ ਹੋਇਆਂ ਸ਼ੇਰੇ ਪੰਜਾਬ ਨੇ ਕਿਹਾ ਕਿ ਅਸੀਂ ਤੁਸੀਂ ਦੋਨੋਂ ਆਪਸ ਵਿੱਚ ਮਿੱਤਰ ਬਣ ਜਾਈਏ। ਜਿੱਥੇ ਚੜ੍ਹਾਈ ਕੀਤੀ ਜਾਏ, ਇਕੱਠੇ ਚਲੀਏ ਤੇ ਜੋ ਇਲਾਕਾ ਫਤਹ ਹੋਵੇ ਅੱਧੋ ਅੱਧ ਵੰਡ ਲਿਆ ਜਾਏ। ਅਸੀਂ ਦੋਨੋਂ ਆਪੋ ਵਿੱਚ ਇੱਕ ਹੋ ਕੇ

ਰਹੀਏ। ਇਸ ਗੱਲ ਨੂੰ ਸਰਦਾਰ ਫਤਹ ਸਿੰਘ ਨੇ ਵੀ ਮੰਨ ਲਿਆ। ਦੋਨੋਂ ਨੌਜਵਾਨ ਰਈਸ ਸ੍ਰੀ ਅੰਮ੍ਰਿਤਸਰ ਆ ਗਏ ਤੇ ਇੱਥੇ ਆਪੋ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਦਸਤਾਰੇ ਬਦਲ ਲਏ ਤੇ ਆਪੋ ਵਿੱਚ ਇੱਕ ਮਿਕ ਹੋ ਕੇ ਰਹਿਣ ਦਾ ਪ੍ਰਣ ਕੀਤਾ।

## ੩੧. ਆਕੀਆਂ ਨੂੰ ਦਬਾਣਾ ਤੇ ਮਹਾਰਾਜੇ ਦੀ ਮਦਦ ਤੇ ਜਾਣਾ

ਰਾਮਗੜ੍ਹੀਆ ਸਰਦਾਰਾਂ ਦੀ ਚੁੱਕ ਵਿੱਚ ਆ ਕੇ ਚੀਮਾ ਤੇ ਸਰਹਾਲੀ ਦੇ ਜ਼ਿਮੀਂਦਾਰਾਂ ਨੇ ਵੀ ਸਿਰ ਉਠਾ ਲਿਆ। ਇਹ ਖ਼ਬਰ ਸੁਣਦੇ ਹੀ ਸਰਦਾਰ ਫਤਹ ਸਿੰਘ ਆ ਗਿਆ ਤੇ ਇਨ੍ਹਾਂ ਦੀ ਹੋਸ਼ ਠਿਕਾਣੇ ਕਰ ਦਿੱਤੀ। ਸ਼ੇਰੇ ਪੰਜਾਬ ਦੇ ਸੱਦੇ ਤੇ ਜਾਮ ਕੇ ਦੀ ਚੜ੍ਹਾਈ ਵਿੱਚ ਸ੍ਰ. ਫਤਹ ਸਿੰਘ ਜਾ ਮਿਲਿਆ। ਜਾਮ ਕੇ ਫਤਹ ਕਰ ਕੇ ਨੌਸ਼ੈਹਰਾ ਨੂੰ ਵੀ ਫਤਹ ਕੀਤਾ ਤੇ ਕੁਝ ਦਿਨ ਸ਼ੇਰਿ ਪੰਜਾਬ ਪਾਸ ਹੀ ਠਹਿਰੇ ਰਹੇ।

## ੩੨. ਕਸੂਰ ਤੇ ਚੜ੍ਹਾਈ

੧੮੬੦ ਬਿ. ਨੂੰ ਮਹਾਰਾਜਾ ਨੇ ਕਸੂਰ ਤੇ ਚੜ੍ਹਾਈ ਕੀਤੀ। ਸਰਦਾਰ ਫਤਹ ਸਿੰਘ ਵੀ ਨਾਲ ਸੀ। ਦੋ ਤਿੰਨ ਕਿਲ੍ਹੇ ਫਤਹ ਹੋਏ ਜਿਨ੍ਹਾਂ ਤੇ ਸਰਦਾਰ ਅਮਰ ਸਿੰਘ ਮਜੀਠਾ ਨੂੰ ਥਾਣੇਦਾਰ ਨੀਯਤ ਕਰ ਕੇ ਮੁੜ ਆਏ।

## ੩੩. ਬੁੰਗਾ ਅਤੇ ਫਗਵਾੜੇ ਤੇ ਕਬਜ਼ਾ

੧੮੬੧ ਬਿ. ਨੂੰ ਸ੍ਰ. ਫਤਹ ਸਿੰਘ ਨੇ ਬੁੰਗੇ ਤੇ ਕਬਜ਼ਾ ਕੀਤਾ, ਫਗਵਾੜੇ ਦੇ ਹਾਕਮ ਦੇ ਆਕੀ ਹੋਣ ਤੇ ਓਸ ਤੋਂ ਫਗਵਾੜਾ ਵਾਪਸ ਲੈ ਲਿਆ।

ਕੁਝ ਦਿਨ ਸ੍ਰ. ਫਤਹ ਸਿੰਘ ਨੇ ਆਪਣੇ ਇਲਾਕੇ ਦਵਾਬੇ ਦੀ ਦੇਖ ਭਾਲ ਰੱਖੀ। ਪੰਜਲਾਸਾ ਤੇ ਨਰਾਇਨ ਗੜ੍ਹ ਤੇ ਕਬਜ਼ਾ ਕਰ ਕੇ ਆਪਣਾ ਠਾਣਾ ਬਹਾਇਆ। ਫਿਰ ਜਦ ਰਾਜਾ ਸੰਸਾਰ ਚੰਦ ਨੇ ਜੋਧ ਸਿੰਘ ਰਾਮਗੜ੍ਹੀਏ ਸਮੇਤ ਬਜਵਾੜੇ ਦੇ ਕਰੀਬ ਧਾਵਾ ਕੀਤਾ, ਤਦ ਸ੍ਰ. ਫਤਹ ਸਿੰਘ ਨੇ ਪੁੱਜ ਕੇ ਦੋਨਾਂ ਨੂੰ ਸ਼ਕੱਸਤ ਦੇ ਕੇ ਨਸਾ ਦਿੱਤਾ।

## ੩੪. ਜਸਵੰਤ ਰਾਏ ਹੁਲਕਰ

੧੮੬੨ ਬਿਕ੍ਰਮੀ ਵਿੱਚ ਜਸਵੰਤ ਰਾਏ ਹੁਲਕਰ ਅੰਗਰੇਜ਼ਾਂ ਤੋਂ ਭਾਂਜ ਖਾ ਕੇ ਪੰਜਾਬ ਵਿੱਚ ਆ ਗਿਆ ਤੇ ਇਸ ਨੇ ਸ਼ੇਰਿ ਪੰਜਾਬ ਤੋਂ ਮਦਦ ਮੰਗੀ। ਮਹਾਰਾਜਾ ਸਾਹਿਬ ਦੀ ਮਨਸ਼ਾ ਮਦਦ ਦੇਣ ਦੀ ਹੋ ਗਈ ਸੀ, ਕਿੰਤੂ ਸ੍ਰ. ਫਤਹ ਸਿੰਘ ਆਹਲੂਵਾਲੀਆ ਸਰਦਾਰ ਭਾਗ ਸਿੰਘ ਜੀਂਦ ਵਾਲਿਆਂ ਦੇ ਕਹਿਣ ਸੁਣਨ ਤੇ ਸ਼ੇਰਿ ਪੰਜਾਬ ਨੇ ਅੰਗਰੇਜ਼ਾਂ ਤੇ ਜਸਵੰਤ ਰਾਏ ਦੀ ਸੁਲਾਹ ਕਰਾ ਦੇਣੀ ਉਚਿਤ ਸਮਝੀ। ਲਾਰਡ ਲੇਕ ਜਸਵੰਤ ਰਾਏ ਦੇ ਪਿੱਛੇ ਬਿਆਸ ਤੱਕ ਆ ਗਿਆ ਸੀ ਜੋ ਸ਼ੇਰਿ ਪੰਜਾਬ ਨੇ ਵਿੱਚ ਪੈ ਕੇ ਸੁਲਾਹ ਕਰਾ ਦਿੱਤੀ ਤੇ ਜਸਵੰਤ ਰਾਏ ਤੇ ਅੰਗਰੇਜ਼ਾਂ ਦੇ ਵਿਚਕਾਰ ਇੱਕ ਇਕਰਾਰਨਾਮਾ ੨੪ ਦਸੰਬਰ ੧੮੦੫ ਈ. ਨੂੰ ਲਿਖਵਾ ਦਿੱਤਾ। ਇਸ ਇਕਰਾਰਨਾਮੇ ਨਾਲ ਜਸਵੰਤ ਰਾਏ ਹੁਲਕਰ ਨੂੰ ਟਾਂਕ ਰਾਮਪੁਰ ਬੋਦੀ ਦੇ ਇਲਾਕੇ ਛੱਡਣੇ ਪਏ। ਚੰਬਲ ਦੇ ਪਾਸੇ ਦੇ ਇਲਾਕੇ ਬਾਬਤ ਅੰਗਰੇਜ਼ਾਂ ਨੇ ਇਕਰਾਰ ਕੀਤਾ ਕਿ ਇਸ ਵਿੱਚ ਦਖ਼ਲ ਨਾ ਦੇਵਾਂਗੇ। ਇਸ ਤਰ੍ਹਾਂ ਨਾਲ ਜਸਵੰਤ ਰਾਓ ਨੂੰ ਉਹਦਾ ਗਿਆ ਹੋਇਆ ਕੁਝ ਇਲਾਕਾ ਦਵਾ ਦਿੱਤਾ।

ਇਸੇ ਸੰਬੰਧ ਵਿੱਚ ਸਰਦਾਰ ਫਤਹ ਸਿੰਘ, ਸ਼ੇਰਿ ਪੰਜਾਬ ਤੇ ਅੰਗਰੇਜ਼ਾਂ ਵਿੱਚ ਇਕਰਾਰ ਨਾਮਾ ਲਿਖਿਆ ਗਿਆ। ਇਹ ਲਿਖਤ ੪ ਜਨਵਰੀ ੧੮੦੫ ਨੂੰ ਹੋਈ, ਇਸ ਦਾ ਭਾਵ ਇਹ ਸੀ ਕਿ ਜਦ ਤੱਕ ਲਾਹੌਰ ਦਰਬਾਰ ਤੇ ਸਰਦਾਰ ਫਤਹ ਸਿੰਘ ਦਾ ਸੰਬੰਧ ਅੰਗਰੇਜ਼ਾਂ ਨਾਲ ਹੱਛਾ ਰਹੇਗਾ, ਉਸ ਵੇਲੇ ਤੱਕ ਅੰਗਰੇਜ਼ ਲਾਹੌਰ ਦਰਬਾਰ ਜਾਂ ਰਿਆਸਤ ਆਹਲੂਵਾਲੀਆ ਦੇ ਹੱਕ ਵਿੱਚ ਹੱਥ ਨਹੀਂ ਪਾਣਗੇ।

ਇਕਰਾਰਨਾਮਾ ਲਿਖੇ ਜਾਣ ਮਗਰੋਂ ਜਸਵੰਤ ਰਾਏ ਚਲਾ ਗਿਆ। ਲਾਰਡ ਲੇਕ ਨੇ ਸ੍ਰ. ਫਤਹ ਸਿੰਘ ਨੂੰ ਖ਼ੁਸ਼ ਹੋ ਕੇ ਇੱਕ ਚਿਤਰਾ ਦਿੱਤਾ ਤੇ ਸਰਦਾਰ ਫਤਹ ਸਿੰਘ ਨੇ ਲਾਰਡ ਲੇਕ ਨੂੰ ਇੱਕ ਬਾਜ਼ ਨਜ਼ਰ ਦਿੱਤਾ।

## ੩੫. ਫਤਹ ਸਿੰਘ ਦਾ ਮਹਾਰਾਜੇ ਨਾਲ ਦੌਰਾ

੧੮੬੩ ਬਿ. ਨੂੰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਸ੍ਰ. ਫਤਹ ਸਿੰਘ ਨੇ ਮਿਲ ਕੇ ਮਾਲਵੇ ਦਾ ਦੌਰਾ ਕੀਤਾ ਜਿਸ ਤੋਂ ਜਗਰਾਉਂ ਦਾ ਪਿੰਡ ਇਨ੍ਹਾਂ ਨੂੰ ਮਿਲਿਆ। ਰਾਏ ਸਾਹਿਬ ਦੀ ਰਾਣੀ ਨੂੰ ਰਾਏਕੋਟ ਦਾ ਇਲਾਕਾ ਗੁਜ਼ਾਰੇ ਵਾਸਤੇ ਦਿੱਤਾ ਗਿਆ। ਫਿਰ ਮਹਾਰਾਜਾ ਦੀ ਮਦਦ ਨਾਲ ਨਰਾਇਨਗੜ੍ਹ ਤੇ ਫਤੇ ਹਾਸਲ ਹੋਈ ਤੇ ਪੰਜਲਾਸਾ ਜੀਵਮਰਜਾ ਮਰਟਾਨਾ ਆਦਿਕ ਪਿੰਡ ਜੋ ਰਾਜਾ ਨਾਹਨ ਨੇ ਦਬਾ ਲਏ ਸੀ, ਵਾਪਸ ਲੈ ਲਏ।

ਇਸੇ ਸਾਲ ਸ੍ਰ. ਫਤਹ ਸਿੰਘ ਲਾਹੌਰ ਦੇ ਮਹਾਰਾਜਾ ਨਾਲ ਝੰਗ ਗਿਆ, ਜਿੱਥੇ ਫਤਹ ਹੋਈ। ਇੱਥੋਂ ਕਪੂਰਥਲੇ ਮੁੜ ਆਇਆ ਤੇ ਕਸਬਾ ਤਲਵੰਡੀ ਤੇ ਚੜ੍ਹਾਈ ਕੀਤੀ। ਸ਼ੇਰਿ ਪੰਜਾਬ ਵੱਲੋਂ ਮਿਤ ਸਿੰਘ ਮਦਦ ਲੈ ਕੇ ਆ ਗਿਆ ਸੀ। ਸੋਢੀਆਂ ਦਾ ਇਲਾਕਾ ੨੪ ਸਾਲ ਮਗਰੋਂ ਉਹਨਾਂ ਨੂੰ ਦਵਾਇਆ। ਇਸ ਤੋਂ ਫਿਰ ਕਸੂਰ ਤੇ ਹਮਲਾ ਕੀਤਾ। ਇੱਕ ਭਿਆਨਕ ਲੜਾਈ ਮਗਰੋਂ ਸ਼ੇਰਿ ਪੰਜਾਬ ਦੀ ਫਤਹ ਹੋਈ ਤੇ ਇਹ ਕੁੱਲ ਇਲਾਕਾ ਲਾਹੌਰ ਦਰਬਾਰ ਨਾਲ ਮਿਲ ਗਿਆ।

ਗੱਲ ਕੀ, ਇਸੇ ਤਰ੍ਹਾਂ ਨਾਲ ਸ੍ਰ. ਫਤਹ ਸਿੰਘ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਹਰ ਜੰਗ ਵਿੱਚ ਰਿਹਾ ਤੇ ਆਪਣੀ ਸ਼ਕਤੀ ਭਰੀ ਸਹਾਇਤਾ ਕਰ ਕੇ ਉਹਦੀ ਤਾਕਤ ਨੂੰ ਵਧਾਂਦਾ ਰਿਹਾ।

## ੩੬. ਮਿ: ਮਟਕਾਫ ਦਾ ਸ਼ੇਰਿ ਪੰਜਾਬ ਪਾਸ ਆਉਣਾ

ਸਤੰਬਰ ੧੮੦੫ ਈ. ਮੁਤਾਬਕ ੧੮੬੫ ਬਿ. ਨੂੰ ਜਦ ਮਿਸਟਰ ਮਟਕਾਫ ਸਫੀਰ ਅੰਗਰੇਜ਼ੀ ਕਸੂਰ ਦੇ ਮੁਕਾਮ ਤੇ ਸ਼ੇਰਿ ਪੰਜਾਬ ਨੂੰ ਮਿਲਿਆ। ਉਸ ਵੇਲੇ ਉਸ ਦੀ ਆਉ ਭਾਗਤ ਕਰਨ ਵਾਸਤੇ ਸ੍ਰ. ਫਤਹ ਸਿੰਘ ਤੇ ਦੀਵਾਨ ਮੋਹਕਮ ਚੰਦ ਨੀਯਤ ਸੀ। ਜਦ ਤੱਕ ਮਿਸਟਰ ਮਟਕਾਫ ਵਾਪਸ ਨਹੀਂ ਗਿਆ ਤਦ ਤੱਕ ਸ੍ਰ. ਫਤਹ ਸਿੰਘ ਮਹਾਰਾਜਾ ਪਾਸ ਹੀ ਰਿਹਾ। ੨੫ ਅਪ੍ਰੈਲ ੧੮੦੯ ਨੂੰ ਅੰਗਰੇਜ਼ਾਂ ਤੇ ਸ਼ੇਰਿ ਪੰਜਾਬ ਵਿੱਚ ਇਕਰਾਰਨਾਮਾ ਹੋਇਆ, ਉਸ ਵੇਲੇ ਤੱਕ ਸ੍ਰ. ਫਤਹ ਸਿੰਘ ਇੱਥੇ ਹੀ ਰਿਹਾ, ਜਿਸ ਤੋਂ ਪਤਾ ਲੱਗਦਾ ਹੈ ਕਿ ਸ਼ੇਰਿ ਪੰਜਾਬ ਤੇ ਅੰਗਰੇਜ਼ਾਂ ਵਿੱਚ ਜੋ ਸ਼ਰਤਾਂ ਹੋਈਆਂ ਉਹਨਾਂ ਦੇ ਵਿੱਚ ਸ੍ਰ. ਫਤਹ ਸਿੰਘ ਦੀ ਸਲਾਹ ਲਈ ਗਈ ਸੀ।

੧੮੬੬ ਬਿ. ਨੂੰ ਸ੍ਰ. ਫਤਹ ਸਿੰਘ ਕਾਂਗੜੇ ਦੇ ਮੁਹਾਸਰੇ ਵਿੱਚ ਸ਼ਾਮਲ ਹੋਇਆ। ਇਹ ਘੇਰਾ ਅਮਰ ਸਿੰਘ ਜਾਂ ਗੋਰਖਿਆਂ ਦੇ ਸਰਦਾਰਾਂ ਨੇ ਪਾ ਰੱਖਿਆ ਸੀ।

੧੮੬੬ ਬਿ. ਨੂੰ ਜਦ ਸ਼ੇਰਿ ਪੰਜਾਬ ਮੁਲਤਾਨ ਵੱਲ ਗਿਆ ਤਦ ਲਾਹੌਰ ਤੇ ਅੰਮ੍ਰਿਤਸਰ ਦੀ ਰਖਵਾਲੀ ਸ੍ਰ. ਫਤਹ ਸਿੰਘ ਦੇ ਸਪੁਰਦ ਸੀ, ਫਿਰ ੧੮੬੬ ਨੂੰ ਜਦ ਸ਼ਾਹ ਮਹਮੂਦ ਤੇ ਸ਼ਾਹ ਸ਼ੁਜਾ ਦੇ ਨਾਲ ਸ਼ੇਰਿ ਪੰਜਾਬ ਨੇ ਰਾਵਲਪਿੰਡੀ ਮੁਲਾਕਾਤ ਕੀਤੀ, ਤਦ ਸ੍ਰ. ਫਤਹ ਸਿੰਘ ਨਾਲ ਸੀ।

## ੩੭. ਜਲੰਧਰ ਦਾ ਛਡਵਾਣਾ

ਜਲੰਧਰ ਦੇ ਹਾਕਮ ਬੁੱਧ ਸਿੰਘ ਨੇ ਸ਼ੇਰਿ ਪੰਜਾਬ ਦਾ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ, ਜਿਸ ਤੇ ਦੀਵਾਨ ਮੋਹਕਮ ਚੰਦ ਤੇ ਸ੍ਰ. ਫਤਹ ਸਿੰਘ ਨੇ ਹੱਲਾ ਕਰ ਦਿੱਤਾ। ਸ੍ਰ. ਬੁਧ ਸਿੰਘ ਜਲੰਧਰ ਛੱਡ ਕੇ ਸਤਲੁਜੋਂ ਪਾਰ ਆਪਣੇ ਇਲਾਕੇ ਵਿੱਚ ਚਲਾ ਗਿਆ। ਇਹ ਸਾਰਾ ਇਲਾਕਾ ਲਾਹੌਰ ਦਰਬਾਰ ਨੇ ਲੈ ਲਿਆ। ਪ੍ਰਗਣਾ ਥਾਡਾ ਤੇ ਮਲੀਆ ਸਰਦਾਰ ਫਤਹ ਸਿੰਘ ਦੇ ਹੱਥ ਆਇਆ।

## ੩੮. ਰਿਆਸਤ ਭੜੋਕ ਦਾ ਮੁਕੱਦਮਾ

ਸਰਦਾਰ ਫਤਹ ਸਿੰਘ ਨੇ ਸਰ ਅਖਤਰ ਲੋਨੀ ਦੇ ਕਹਿਣ ਤੇ ਇੱਕ ਫੌਜ ਦੀ ਕਮਾਨ, ਮੀਰ ਨਜ਼ਾਮੁਦੀਨ ਨੂੰ ਦੇ ਕੇ ਭੜੋਕ ਵੱਲ ਭੇਜੀ। ਭੜੋਕ ਵਾਲਿਆਂ ਨੂੰ ਸਖ਼ਤ ਸ਼ਕਸਤ ਹੋਈ, ਦੋਹਾਂ ਧਿਰਾਂ ਦੇ ੧੫੦ ਦੇ ਕਰੀਬ ਆਦਮੀ ਮਾਰੇ ਗਏ।

ਭੜੋਕ ਤੇ ਚੜ੍ਹਾਈ ਦਾ ਸੰਖੇਪ ਤੌਰ ਤੇ ਕਾਰਨ ਇਹ ਸੀ ਕਿ ਇਹ ਇਲਾਕਾ ਸਰਦਾਰ ਜੱਸਾ ਸਿੰਘ ਨੇ ਆਪਣੇ ਜਵਾਈ ਮਰਾਰ ਸਿੰਘ ਨੂੰ ਦਿੱਤਾ ਸੀ। ਓਹਦਾ ਪੁੱਤਰ ਮਹਾਂ ਸਿੰਘ ਛੋਟਾ ਜਿਹਾ ਸੀ। ਇਸ ਕਰ ਕੇ ਓਹਦੀ ਮਾਂ ਨੇ ਇਲਾਕੇ ਦਾ ਪ੍ਰਬੰਧ ਵਸਾਵਾ ਸਿੰਘ ਤੇ ਰਾਏ ਸਿੰਘ ਨੌਕਰਾਂ ਦੇ ਸਪੁਰਦ ਕੀਤਾ, ਜਿਨ੍ਹਾਂ ਦੇ ਪਾਸੋਂ ਪ੍ਰਬੰਧ ਨਾ ਹੋ ਸਕਣ ਦੇ ਕਾਰਨ ਗੜਬੜ ਮਚ ਗਈ।

ਜਦ ਸਤਲੁਜ ਤੋਂ ਓਸ ਪਾਰ ਦੀਆਂ ਕੁੱਲ ਰਿਆਸਤਾਂ ਦਾ ਇੰਤਜ਼ਾਮ ਸਰਕਾਰ ਦੀ ਨਿਗਰਾਨੀ ਵਿੱਚ ਹੋ ਗਿਆ ਤੇ ਅੰਗਰੇਜ਼ੀ ਹਾਕਮਾਂ ਨੇ ਮਹਾਂ ਸਿੰਘ ਨੂੰ ਰਈਸ ਭੜੋਗੀਆਂ ਨੂੰ ਕੁਝ ਗੱਲਾਂ ਕਰਨ ਦੀ ਆਗਿਆ ਦਿੱਤੀ ਤਦ ਓਸ ਨੇ ਆਪਣੇ ਆਪ ਨੂੰ ਸਰਦਾਰ ਫਤਹ ਸਿੰਘ ਆਹਲੂਵਾਲੀਏ ਦਾ ਜ਼ੈਲਦਾਰ ਦੱਸਿਆ। ਅੰਗ੍ਰੇਜ਼ੀ ਹਾਕਮਾਂ ਨੇ ਸ੍ਰਦਾਰ ਭੜੋਗੀਆਂ ਨੂੰ ਕੁਝ ਫਸਾਦਾਂ ਦਾ ਜ਼ੁਮੇਵਾਰ ਦੱਸ ਕੇ ਸਰਦਾਰ ਫਤਹ ਸਿੰਘ ਨੂੰ ਓਸ ਦੇ ਇਲਾਕੇ ਦੀ ਜ਼ਬਤੀ ਬਾਬਤ ਲਿਖਿਆ, ਜੋ ਉਸੇ ਤਰ੍ਹਾਂ ਕੀਤਾ ਗਿਆ, ਕਿੰਤੂ ਹੁਣ ਗਵਰਨਮੈਂਟ ਨੇ ਮਹਾਂ ਸਿੰਘ ਦੀ ਛੋਟੀ ਆਯੂ ਦਾ ਖ਼ਿਆਲ ਕਰ ਕੇ ਓਹਦੇ ਅਪਰਾਧ ਨੂੰ ਬਖ਼ਸ਼ ਦਿੱਤਾ ਤੇ ਸਰਦਾਰ ਫਤਹ ਸਿੰਘ ਨੂੰ ਲਿਖਿਆ ਕਿ ਭੜੋਕ ਮਹਾਂ ਸਿੰਘ ਨੂੰ ਫਿਰ ਦੇ ਦਿੱਤਾ ਜਾਏ। ਕਿੰਤੂ ਆਹਲੂਵਾਲੀਏ ਸਰਦਾਰ ਨੇ ਇਸ ਹੁਕਮ ਦੇ ਮੰਨਣ ਵਿੱਚ ਕੁਝ ਢਿੱਲ ਕੀਤੀ। ਕਿਉਂਕਿ ਇਸ ਮੁਹਿੰਮ ਦੇ ਕਾਰਨ ਜੋ ਨੁਕਸਾਨ ਤੇ ਤਕਲੀਫ਼ ਰਿਆਸਤ ਨੂੰ ਉਠਾਣੀ ਪਈ, ਰਿਆਸਤ ਨੂੰ ਦੇਣ ਵਿੱਚ ਵਿਚਾਰ ਕਰਨਾ ਨਿਆਇ ਅਨੁਕੂਲ ਸੀ। ਸਰ ਚਾਰਲਸ ਮਟਕਾਫ ਨੇ ਵੀ ਇਸ ਮਾਮਲੇ ਵਿੱਚ ਗਵਰਨਮੈਂਟ ਦੀ ਸਖ਼ਤੀ ਨੂੰ ਮੰਨਿਆ ਹੈ। ਓਹਨੇ ਇੱਕ ਚਿੱਠੀ ਵਿੱਚ ਲਿਖਿਆ ਹੈ ਕਿ:

ਸਰਦਾਰ ਫਤਹ ਸਿੰਘ ਦਾ ਮਹਾਂ ਸਿੰਘ ਦੀ ਜਾਇਦਾਦ ਵਾਪਸ ਦਵਾ ਦੇਣ ਤੋਂ ਜਦਕਿ ਓਹਦੀ ਜਾਇਦਾਦ ਜ਼ਬਤ ਹੋ ਚੁੱਕੀ ਸੀ, ਨੁਕਸਾਨ ਹੋਇਆ ਹੈ। ਇਹ ਕੰਮ ਮਹਾਂ ਸਿੰਘ ਦੇ ਹੱਕ ਵਿੱਚ ਰਹਿਮ ਤੇ ਕ੍ਰਿਪਾਲਤਾ ਦਾ ਸੀ। ਕਿੰਤੂ ਮੈਂ ਇਹ ਗੱਲ ਮੰਨਦਾ ਹਾਂ ਕਿ ਇਸ ਤੋਂ ਫਤਹ ਸਿੰਘ ਦੇ ਹੱਕ ਵਿੱਚ ਇੱਕ ਤਰ੍ਹਾਂ ਨਾਲ ਸਖ਼ਤੀ ਹੋਈ। ਭਾਵੇਂ ਹਾਲਾਤ ਤੋਂ ਇੰਜ ਹੀ ਹੋਣਾ ਠੀਕ ਸੀ। ਅੰਤ ਨੂੰ ਜਦ ਗਵਰਨਮੈਂਟ ਨੂੰ ਸਰਦਾਰ ਫਤਹ ਸਿੰਘ ਨੂੰ ਰਿਆਸਤ ਵਾਪਸ ਦੇਣ ਤੇ ਮਜਬੂਰ ਕੀਤਾ ਤਦ ਉਸ ਨੇ ਰਿਆਸਤ ਭੜੋਕ ਮਹਾਂ ਸਿੰਘ ਨੂੰ ਦੇ ਦਿੱਤੀ ਤੇ ਆਪਣੀ ਫੌਜ ਵਾਪਸ ਮੰਗਾ ਲਈ। ਕਿੰਤੂ ਮਹਾਂ ਸਿੰਘ ਨੇ ਜਦ ਹੋਸ਼ ਸੰਭਾਲੀ ਤਦ ਗਵਰਨਮੈਂਟ ਦੀ ਇਸ ਖ਼ਾਸ ਰਿਆਇਤ ਦੀ ਓਸ ਨੇ ਕੋਈ ਕਦਰ ਨਹੀਂ ਕੀਤੀ ਤੇ ਜਿਹਾ ਮੂੰਹ ਤਾਣਾ ਹੋਇਆ ਕਿ ਸੰਮਤ ੧੮੮੨ ਨੂੰ ਓਸ ਨੇ ਸਰਦਾਰ ਆਹਲੂਵਾਲੀਏ ਦੀ ਜ਼ੈਲਦਾਰੀ ਤੋਂ ਇਨਕਾਰ ਕਰ ਦਿੱਤਾ। ਏਜੰਟ ਦੀਆਂ ਲਗਾਤਾਰ ਤਾੜਨਾਂ ਦੀ ਵੀ ਓਹਨੇ ਕੁਝ ਪ੍ਰਵਾਹ ਨਾ ਕੀਤੀ, ਜਿਸ ਤੋਂ ਓਹਨੇ ਰੈਜ਼ੀਡੈਂਟ ਨੂੰ ਲਿਖਿਆ ਕਿ ਜਦ ਤੱਕ ਮਹਾਂ ਸਿੰਘ ਆਗਿਆ ਦਾ ਪਾਲਣ ਨਾ ਕਰੇ ਓਹਦਾ ਸਾਰਾ ਜਾਂ ਕੁਝ ਇਲਾਕਾ ਕੁਰਕ ਹੋਣਾ ਚਾਹੀਦਾ ਹੈ। ਰੈਜ਼ੀਡੈਂਟ ਨੇ ਵੀ ਬਹੁਤੇਰਾ ਸਮਝਾਇਆ, ਕਿੰਤੂ ਉਸ ਨੂੰ ਕਿਸੇ ਦੀ ਗੱਲ ਨਾ ਪੋਹੀ, ਓਹ ਤਾਂ ਸਾਫ਼ ਕਹਿੰਦਾ ਸੀ, "ਭਿਖ ਮੰਗਣਾ ਕਬੂਲ, ਕਿੰਤੂ ਫਤਹ ਸਿੰਘ ਦੀ ਜ਼ੈਲਦਾਰੀ ਕਰਨਾ ਪ੍ਰਵਾਨ ਨਹੀਂ।"

ਅੰਤ ਨੂੰ ਜਦ ਇਹ ਮਾਮਲਾ ਗਵਰਨਮੈਂਟ ਪਾਸ ਪੁੱਜਾ ਤਦ ਉੱਥੋਂ ਫ਼ੈਸਲਾ ਹੋਇਆ, ਕਿਉਂਕਿ ਅਹਿਦਨਾਮਾ ਜੋ ੧੮੦੯ ਈ. ਨੂੰ ਸਰਕਾਰ ਅੰਗਰੇਜ਼ੀ ਤੇ ਮਹਾਰਾਜਾ ਸਾਹਿਬ ਦੇ ਵਿਚਕਾਰ ਹੋਇਆ ਹੈ। ਸਰਦਾਰ ਫਤਹ ਸਿੰਘ ਦੀ ਅਧੀਨਗੀ ਤੋਂ ਕੋਈ ਸਰਦਾਰ ਵੀ ਬਾਹਰ ਨਹੀਂ ਰੱਖਿਆ ਗਿਆ। ਫਿਰ ਅਜੇਹੀ ਹਾਲਤ ਵਿੱਚ ਜਦਕਿ ਸਰਦਾਰ ਮਹਾਂ ਸਿੰਘ ਦੀ ਰਿਆਸਤ ਸਰਦਾਰ ਫਤਹ ਸਿੰਘ ਦੇ ਹੱਕ ਵਿੱਚ ਦਿੱਤੀ ਹੋਈ ਹੈ, ਮਹਾਂ ਸਿੰਘ ਦੇ ਵੱਡੇ ਹਮੇਸ਼ਾਂ ਕਪੂਰਥਲਾ

ਰਿਆਸਤ ਦੇ ਅਧੀਨ ਰਹੇ ਹਨ, ਤਦ ਕੋਈ ਵਜ੍ਹਾ ਨਹੀਂ ਕਿ ਮਹਾਂ ਸਿੰਘ ਨੂੰ ਸਰਦਾਰ ਆਹਲੂਵਾਲੀਆ ਦਾ ਜ਼ੈਲਦਾਰ ਨਾ ਸਮਝਿਆ ਜਾਵੇ ਜਾਂ ਓਹ ਆਗਿਆ ਨਾ ਮੰਨੇ। ਇਸ ਕਰ ਕੇ ਸਰਦਾਰ ਫਤਹ ਸਿੰਘ ਨੂੰ ਓਸ ਤੋਂ ਜ਼ੋਰ ਜਾਂ ਸੁਲਾਹ ਨਾਲ ਜਿਵੇਂ ਚਾਹੇ ਹੁਕਮ ਮਨਾਣ ਦਾ ਅਖਤਿਆਰ ਹੈ।

ਜਿਸ ਵੇਲੇ ਇਹ ਫ਼ੈਸਲਾ ਕਪੂਰਥਲੇ ਪੁੱਜਾ ਓਸ ਵੇਲੇ ਸਰਦਾਰ ਫਤਹ ਸਿੰਘ ਬੜੀਆਂ ਸੋਚਾਂ ਵਿੱਚ ਪਿਆ ਹੋਇਆ ਸੀ ਤੇ ਮਹਾਰਾਜਾ ਲਾਹੌਰ ਵੱਲੋਂ ਕਈ ਤਰ੍ਹਾਂ ਦੇ ਫ਼ਿਕਰ ਲੱਗੇ ਹੋਏ ਸਨ, ਕਿੰਤੂ ਓਸ ਨੇ ੧੮੮੩ ਬਿਕ੍ਰਮੀ ਨੂੰ ਆਪਣੇ ਬਾਗ਼ੀ ਸਰਦਾਰ ਮੜੋਕ ਨੂੰ ਸੋਧਨ ਲਈ ਫੌਜ ਭੇਜ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਫਤਹ ਸਿੰਘ ਨੂੰ ਕਹਿ ਭੇਜਿਆ ਕਿ ਬਿਨਾਂ ਸਾਡੇ ਕਹੇ ਦੇ ਮਹਾਂ ਸਿੰਘ ਤੇ ਚੜ੍ਹਾਈ ਨਾ ਕਰੇ। ਜੇ ਕਦੇ ਫੌਜ ਭੇਜਣੀ ਜ਼ਰੂਰੀ ਹੋਵੇ ਤਦ ਲਾਹੌਰ ਦਰਬਾਰ ਦੀ ਫੌਜ ਨਾਲ ਜਾਵੇ। ਜਦ ਇਹ ਗੱਲ ਗਵਰਨਮੈਂਟ ਨੇ ਸੁਣੀ ਤਦ ਓਸ ਨੇ ਲਾਹੌਰ ਦਰਬਾਰ ਦੀ ਫੌਜ ਨੂੰ ਨਾ ਲੰਘਣ ਦਿੱਤਾ, ਤਦ ਅਣ ਚਾਹੁੰਦਿਆਂ ਹੋਇਆਂ ਫੌਜ ਰੋਕਣੀ ਪਈ ਤੇ ਇਹ ਗੱਲ ਸੁਣ ਕੇ ਮਹਾਂ ਸਿੰਘ ਦਾ ਹੌਸਲਾ ਹੋਰ ਵੀ ਵਧ ਗਿਆ।

ਸਰਦਾਰ ਫਤਹ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਦਾ ਆਪਸ ਵਿੱਚ ਬਹੁਤ ਚੰਗਾ ਸਲੂਕ ਰਹਿ ਚੁੱਕਾ ਸੀ। ਸ੍ਰ. ਫਤਹ ਸਿੰਘ ਸ਼ੇਰੇ ਪੰਜਾਬ ਦੇ ਨਾਲ ਹਰ ਜੰਗ ਵਿੱਚ ਸ਼ਾਮਿਲ ਹੋਇਆ ਤੇ ਲਗਭਗ ਹਰ ਮਾਮਲੇ ਵਿੱਚ ਸ਼ੇਰਿ ਪੰਜਾਬ ਇਹਨਾਂ ਦੀ ਸਲਾਹ ਵਰਤਦਾ ਰਿਹਾ। ਜੋ ਐਸ਼ਵਰਜ ਤੇ ਪ੍ਰਤਾਪ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਾਪਤ ਹੋਇਆ, ਓਹਦੇ ਵਿੱਚ ਕੁਝ ਹਿੱਸਾ ਸ੍ਰ. ਫਤਹ ਸਿੰਘ ਦੇ ਯਤਨਾਂ ਦਾ ਵੀ ਸੀ, ਕਿੰਤੂ ਇਨ੍ਹਾਂ ਦਿਨਾਂ ਵਿੱਚ ਏਹਨਾਂ ਦੀ ਆਪੋ ਵਿੱਚ ਕਿਸੇ ਕਾਰਨ ਖਟਪਟੀ ਜਹੀ ਹੋ ਗਈ।

## ੩੯. ਜੋਧ ਸਿੰਘ ਦਾ ਚਲਾਣਾ ਤੇ ਕੁਝ ਇਲਾਕਾ ਮਿਲਣਾ

੧੮੭੫ ਬਿਕ੍ਰਮੀ ਨੂੰ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਚਲਾਣਾ ਕਰ ਗਿਆ, ਜਿਸ ਤੋਂ ਇਸ ਦੇ ਇਲਾਕੇ ਤੇ ਲਾਹੌਰ ਦਰਬਾਰ ਨੇ ਕਬਜ਼ਾ ਕਰ ਲਿਆ। ਪਿੰਡ ਕਰਮਲ, ਟਾਂਡਾ, ਐਚੋਪੁਰ ਤੇ ਗਢਦਮਾਲ ਆਦਿਕ ਸਰਦਾਰ ਫਤਹ ਸਿੰਘ ਦੇ ਕਬਜ਼ੇ ਵਿੱਚ ਆ ਗਏ।

## ੪੦. ਕੰਵਰ ਨਿਹਾਲ ਸਿੰਘ ਦਾ ਜਨਮ ਤੇ ਈਸੜੂ ਦਾ ਜ਼ਿਕਰ

ਇਸ ਸਾਲ ਸਰਦਾਰ ਦੇ ਘਰ ਨਿਹਾਲ ਸਿੰਘ ਲੜਕਾ ਜਨਮਿਆ। ੧੮੭੫ ਬਿ. ਨੂੰ ਸਰਦਾਰ ਫਤਹ ਸਿੰਘ ਨੇ ਸ੍ਰੀ ਅੰਮ੍ਰਿਤਸਰ ਦੇ ਕਿਲ੍ਹਾ ਗੋਬਿੰਦਗੜ੍ਹ ਦੇ ਨਮੂਨੇ ਦਾ ਕਿਲ੍ਹਾ ਈਸੜੂ ਵਿੱਚ ਬਣਵਾਣਾ ਸ਼ੁਰੂ ਕੀਤਾ। ਇਸ ਦੇ ਅੱਗੇ ਪਿੱਛੇ ਪਟਿਆਲੇ ਦੇ ਪਿੰਡ ਸਨ, ਜਿਸ ਤੋਂ ਮਹਾਰਾਜਾ ਪਟਿਆਲਾ ਨੂੰ ਸ਼ੁਬ੍ਹੇ ਉਤਪੰਨ ਹੋਣ ਲੱਗੇ। ਗਵਰਨਮੈਂਟ ਪਾਸ ਇਨ੍ਹਾਂ ਦਿਨਾਂ ਵਿੱਚ ਇਹ ਗੱਲ ਪੁੱਜਣ ਤੇ ਇਹ ਕਿਲ੍ਹਾ ਬਣਨ ਤੋਂ ਸਰਕਾਰ ਨੇ ਰੋਕ ਦਿੱਤਾ।

## ੪੧. ਰਿਆਸਤ ਕੋਟਲਾ ਦਾ ਮਾਮਲਾ

੧੮੭੮ ਬਿਕ੍ਰਮੀ ਨੂੰ ਜਦ ਮਹਾਰਾਜਾ ਲਾਹੌਰ ਨੇ ਕਸ਼ਮੀਰ ਤੇ ਚੜ੍ਹਾਈ ਕੀਤੀ, ਤਦ ਪਿੱਛੋਂ ਲਾਹੌਰ ਦਾ ਪ੍ਰਬੰਧ ਸ੍ਰ. ਫਤਹ ਸਿੰਘ ਦੇ ਹੱਥ ਵਿੱਚ ਰਿਹਾ। ੧੮੭੯ ਬਿ. ਨੂੰ ਸਰਦਾਰ ਫਤਹ ਸਿੰਘ ਨੇ ਕਿਲ੍ਹਾ ਕੋਟਲਾ ਤੇ ਕਬਜ਼ਾ ਕਰ ਲਿਆ। ਇਹ ਕਿਲ੍ਹਾ ਦਰਿਆ ਸਤਲੁਜ ਦੇ ਇਸ ਪਾਰ ਮੱਧ ਵਿੱਚ ਸੀ। ਸ੍ਰ. ਫਤਹ ਸਿੰਘ ਨੇ ਕਿਹਾ ਕਿ ਇਹ ਸਾਡੇ ਅਧੀਨ ਹੈ। ਇਸ ਕਿਲ੍ਹੇ ਦਾ ਮਾਲਕ ਨਿਹੰਗ ਖਾਂ ਦਾ ਨਿੱਕਾ ਭਰਾ ਬਲਵੰਤ ਖਾਂ ਦਾ ਸ੍ਰ. ਫਤਹ ਸਿੰਘ ਪਾਸ ਰਹਿਣ ਬਹਿਣ ਸੀ ਤੇ ਦੋਨਾਂ ਭਰਾਵਾਂ ਦੀ ਆਪੋ ਵਿੱਚ ਅਣਬਣ ਸੀ। ਪੋਲੀਟੀਕਲ ਏਜੰਟ ਨੇ ਇਹ ਕਿਲ੍ਹਾ ਛੱਡ ਦੇਣ ਲਈ ਸਰਦਾਰ ਫਤਹ ਸਿੰਘ ਨੂੰ ਬਹੁਤ ਵਾਰੀ ਲਿਖਿਆ, ਕਿੰਤੂ ਓਹਨਾਂ ਇਹਦੀ ਕੋਈ ਪ੍ਰਵਾਹ ਨਾ ਕੀਤੀ। ਨਿਹੰਗ ਖਾਂ ਤੇ ਬਲਵੰਤ ਖਾਂ ਦੇ ਝਗੜੇ ਦੇ ਕਾਰਨ ਇਹ ਮਾਮਲਾ ਚੋਖਾ ਲੰਮਾ ਹੋਇਆ। ਅੰਬਾਲੇ ਦੇ ਏਜੰਟ ਨੇ ਵੀ ਜੋ ਫ਼ੈਸਲਾ ਕੀਤਾ ਸਰਦਾਰ ਫਤਹ ਸਿੰਘ ਨੇ ਨਾ ਮੰਨਿਆ ਜਿਸ ਤੋਂ:

## ੪੨. ਗਵਰਨਮੈਂਟ ਦਾ ਫ਼ੈਸਲਾ

ਗਵਰਨਮੈਂਟ ਨੇ ਫ਼ੈਸਲਾ ਕੀਤਾ ਕਿ ਇਸ ਵਿੱਚ ਸ਼ੱਕ ਨਹੀਂ ਕਿ ਇਹ ਜਗ੍ਹਾ ਕਿਸੇ ਸਮੇਂ ਵਿੱਚ ਕਪੂਰਥਲੇ ਦੇ ਅਧੀਨ ਰਹਿ ਚੁੱਕੀ ਹੈ, ਕਿੰਤੂ ਓਹ ਅਧੀਨਤਾ ਨਾਮ ਮਾਤ੍ਰ ਤੇ ਕਿਸੇ ਖ਼ਾਸ ਗਰਜ਼ ਵਾਸਤੇ ਸੀ। ਇਸ ਗੱਲ ਨੂੰ ਛੱਡ ਕੇ ਸਰਕਾਰ ਦਾ ਰਿਆਸਤ ਤੋਂ ਹੱਕ ਸਰਕਾਰ ਅੰਗਰੇਜ਼ੀ ਦੇ ਆਉਣ ਤੋਂ ਪਹਿਲਾਂ ਉੱਠ ਚੁੱਕਾ ਸੀ, ਕਿਉਂਕਿ ਇੱਕ ਤਾਂ ਸਰਕਾਰ ਨੇ ਇਸ ਰਿਆਸਤ ਦਾ ਮਾਮਲਾ ਇਨ੍ਹਾਂ ਦੀ ਬਹਾਦਰੀ ਕਰ ਕੇ ਆਪ ਹੀ ਮਾਫ਼ ਕਰ ਦਿੱਤਾ ਸੀ। ਦੂਜਾ ਸਿੱਖ ਸਰਦਾਰਾਂ ਦੀਆਂ ਜ਼ਿਆਦਤੀਆਂ ਵੀ ਕੋਟਲੇ ਨੂੰ ਨਹੀਂ ਬਚਾਉਂਦੀਆਂ ਸੀ। ਇਸ ਵਾਸਤੇ ਸਰਦਾਰ ਫਤਹ ਸਿੰਘ ਨੂੰ ਹਦਾਇਤ ਹੋਈ ਕਿ ਓਹ ਕੋਟਲੇ ਦੇ ਮਾਮਲੇ ਵਿੱਚ ਅੱਗੋਂ ਨੂੰ ਕਿਸੇ ਤਰ੍ਹਾਂ ਦਾ ਦਖ਼ਲ ਨਾ ਦੇਵੇ। ਨਿਹੰਗ ਖਾਂ ਨੂੰ ਕੋਟਲਾ ਫਿਰ ਵਾਪਸ ਮਿਲ ਗਿਆ, ਸਗੋਂ ਸਰਕਾਰ ਅੰਗਰੇਜ਼ੀ ਨੇ ਬਲਵੰਤ ਖਾਂ ਦਾ ਹਿੱਸਾ ਵੀ ਜ਼ਬਤ ਕਰ ਕੇ ਇਸ ਨੂੰ ਦੇ ਦਿੱਤਾ।

ਜੋ ਫ਼ੈਸਲਾ ਓਸ ਵੇਲੇ ਸਰਕਾਰ ਨੇ ਕੀਤਾ ਓਹ ਭਾਵੇਂ ਓਸ ਵੇਲੇ ਦੀ ਪਾਲਸੀ ਦੇ ਅਨੁਕੂਲ ਹੋਵੇ, ਕਿੰਤੂ ਅਸਲ ਵਿੱਚ ਇਸ ਮਾਮਲੇ ਵਿੱਚ ਸ੍ਰ. ਫਤਹ ਸਿੰਘ ਰਾਸਤੀ ਤੇ ਸੀ। ਜੋ ਗੱਲਾਂ ਸਰਕਾਰ ਨੇ ਰਿਆਸਤ ਕਪੂਰਥਲਾ ਦਾ ਹੱਕ ਜਾਂਦਾ ਰਹਿਣ ਬਾਬਤ ਦੱਸੀਆਂ ਹਨ, ਇਹ ਕੋਈ ਵਜ਼ਨਦਾਰ ਨਹੀਂ, ਸਗੋਂ ਇਹ ਵੀ ਸ੍ਰ. ਫਤਹ ਸਿੰਘ ਦੇ ਦਾਵੇ ਦੀ ਪੁਸ਼ਟੀ ਹੀ ਕਰਦੀਆਂ ਹਨ।

## ੪੩. ਲਾਹੌਰ ਤੋਂ ਕਪੂਰਥਲੇ ਫੌਜ ਆਉਣੀ

੧੮੮੨ ਬਿ. ਨੂੰ ਸਰਦੀਆਂ ਦੇ ਮੌਸਮ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਦੋ ਪਲਟਨਾਂ ਕਪੂਰਥਲੇ ਵੱਲ ਭੇਜੀਆਂ। ਇਹ ਖ਼ਬਰ ਸੁਣਦੇ ਹੀ ਸਰਦਾਰ ਫਤਹ ਸਿੰਘ ਆਪਣੀ ਰਿਆਸਤ ਛੱਡ ਕੇ ਜਗਰਾਉਂ ਜੋ ਸਰਕਾਰ ਅੰਗਰੇਜ਼ੀ ਦੇ ਕਬਜ਼ੇ ਵਿੱਚ ਸੀ, ਉੱਥੇ ਚਲਾ ਗਿਆ। ਸ੍ਰ. ਫਤਹ ਸਿੰਘ ਦਾ ਅਜਿਹਾ ਕਰਨਾ ਉਹਦੀ ਕਿਸੇ ਕਮਜ਼ੋਰੀ ਤੋਂ ਨਹੀਂ ਸੀ, ਬਲਕਿ ਉਹ ਕਿਸੇ ਤਰ੍ਹਾਂ ਦੀ ਵਧੀਕੀ ਨਹੀਂ ਕਰਨਾ ਚਾਹੁੰਦਾ ਸੀ। ਉਹਦੇ ਸੁਭਾਓ ਵਿੱਚ ਨਹੀਂ ਸੀ। ਇਹਨੇ ਚਾਹਿਆ ਕਿ ਸਰਕਾਰ ਅੰਗਰੇਜ਼ੀ ਕੁਝ ਮਦਦ ਕਰੇ। ਕਿੰਤੂ ੧੮੦੯ ਈ. ਦੇ ਇਕਰਾਰਨਾਮੇ ਅਨੁਸਾਰ ਸਰਕਾਰ ਅੰਗਰੇਜ਼ੀ ਸਤਲੁਜੋਂ ਇਸ ਪਾਰ ਦੇ ਮਾਮਲਿਆਂ ਵਿੱਚ ਦਖ਼ਲ ਨਹੀਂ ਦੇ ਸਕਦੀ ਸੀ ਤੇ ਸ੍ਰ. ਫਤਹ ਸਿੰਘ ਦੇ ਇਲਾਕੇ ਸਤਲੁਜੋਂ ਪਾਰ ਦੇ ਵੀ ਸਾਰੇ ਸਰਕਾਰ ਅੰਗਰੇਜ਼ੀ ਦੀ ਰੱਖਿਆ ਵਿੱਚ ਨਹੀਂ ਸਨ। ੪੫੪ ਪਿੰਡਾਂ ਵਿੱਚੋਂ ੨੯੧ ਤਾਂ ਖ਼ਾਸ ਸਰਦਾਰ ਫਤਹ ਸਿੰਘ ਦੇ ਕਬਜ਼ੇ ਵਿੱਚ ਸਨ, ੧੬੩ ਪਿੰਡ ਜਾਗੀਰਦਾਰਾਂ ਪਾਸ ਸਨ। ਇਨ੍ਹਾਂ ਨੂੰ ਛੱਡ ਕੇ ੪੬ ਨਰਾਇਨ ਗੜ੍ਹ ਦੇ, ੬੬ ਜਗਰਾਉਂ ਦੇ ਇਲਾਕੇ ਦੇ ਜੋ ਸਰਦਾਰ ਫਤਹ ਸਿੰਘ ਨੂੰ ਇੱਕ ਤਕੜੇ ਨਜ਼ਰਾਨੇ ਦੇ ਬਦਲੇ ਮਹਾਰਾਜਾ ਲਾਹੌਰ ਵੱਲੋਂ ਮਿਲੇ ਹੋਏ ਸਨ, ਉਹਨਾਂ ਤੇ ਲਾਹੌਰ ਦਰਬਾਰ ਦਾ ਅਧਿਕਾਰ ਆਪ ਸਰਕਾਰ ਮੰਨ ਚੁੱਕੀ ਸੀ।

ਸ਼ੇਰਿ ਪੰਜਾਬ ਦੀ ਮਨਸ਼ਾ ਕਪੂਰਥਲਾ ਰਿਆਸਤ ਵਿਗਾੜਨ ਦੀ ਨਹੀਂ ਸੀ। ਉਸ ਨੇ ਸਰਦਾਰ ਫਤਹ ਸਿੰਘ ਨਾਲ ਸੁਲਾਹ ਕਰਨ ਦੀ ਮਨਸ਼ਾ ਜ਼ਾਹਰ ਕੀਤੀ ਤੇ ਰਿਆਸਤ ਕਾਇਮ ਰੱਖਣ ਦਾ ਹਰ ਤਰ੍ਹਾਂ ਯਕੀਨ ਦਵਾਇਆ ਤੇ ਇਸ ਭਾਵ ਦਾ ਇੱਕ ਇਕਰਾਰਨਾਮਾ ਜ਼ਾਫਰਾਨ ਦਾ ਪੰਜਾ ਲਾ ਕੇ ੧੮੮੪ ਬਿ. ਨੂੰ ਕੰਵਰ ਨੌਨਿਹਾਲ ਸਿੰਘ, ਰਾਜਾ ਧਿਆਨ ਸਿੰਘ, ਸ੍ਰ. ਦੇਸਾ ਸਿੰਘ ਆਨੰਦਪੁਰ ਦੇ ਸੋਢੀਆਂ ਦੀ ਰਾਹੀਂ ਸ੍ਰ. ਫਤਹ ਸਿੰਘ ਨੂੰ ਭੇਜ ਕੇ ਵਾਪਸ ਬੁਲਾ ਲਿਆ। ਅੰਗਰੇਜ਼ਾਂ ਵੱਲੋਂ ਕੁਝ ਮਦਦ ਨਾ ਮਿਲਣ ਕਰ ਕੇ ਰਾਜਾ ਧਿਆਨ ਸਿੰਘ ਦੇ ਕਹੇ ਤੇ ਸ੍ਰ. ਫਤਹ ਸਿੰਘ ਕਪੂਰਥਲੇ ਵਾਪਸ ਆ ਗਿਆ। ਕਿੰਤੂ ਵਾਪਸ ਮੁੜਨ ਤੋਂ ਪਹਿਲਾਂ ਖ਼ਿਆਲ ਸੀ ਕਿ ਸ਼ਾਇਦ ਫਿਰ ਕਦੀ ਇਧਰ ਪਨਾਹ ਲੈਣੀ ਪੈ ਜਾਏ।

ਜਦ ਸਰਦਾਰ ਫਤਹ ਸਿੰਘ ਕਪੂਰਥਲੇ ਵਾਪਸ ਆ ਗਿਆ ਤਦ ਸ਼ੇਰੇ ਪੰਜਾਬ ਨੇ ਹੇਠ ਲਿਖੇ ਇਲਾਕੇ ਵਾਪਸ ਨਾ ਦਿੱਤੇ:

| ਨੰ: | ਨਾਮ ਇਲਾਕਾ | ਪਿੰਡਾਂ ਦੀ ਗਿਣਤੀ |
|---|---|---|
| ੧ | ਔਰੰਗਾਬਾਦ | ੮ |
| ੨ | ਬੋਹ | ੯ |
| ੩ | ਬਲਾਚੋਰ | ੧੭ |
| ੪ | ਬੋਹਦੇਸਲ | ੧੨ |
| ੫ | ਬੋਂਦਾਸਾ | ੫ |
| ੬ | ਬੈਹਗਾ | ੫ |
| ੭ | ਪਿੰਡੋਰੀ | ੨ |
| ੮ | ਪਤੀ | ੧੫ |
| ੯ | ਟਸਕਾ | ੧ |
| ੧੦ | ਟਾਂਡਾਅੜਮ | ੧੦ |
| ੧੧ | ਤਲਵੰਡੀ ਸੱਯਦਾਂ | ੭ |
| ੧੨ | ਮਹਤੀ (ਕੋਹਸਤਾਨ) | ੯ |
| ੧੩ | ਜਲਾਲ ਆਬਾਦ | ੬ |
| ੧੪ | ਜੰਡਿਆਲਾ ਦਰ ਤੋਦਰੀ | ੪੪ |
| ੧੫ | ਛਡਾ | ੩ |
| ੧੬ | ਚੰਗੀ ਗੋਹਲਵਰਵਾਲੀ | ੧੯ |
| ੧੭ | ਸੰਦਲਕਚ | ੧੧ |
| ੧੮ | ਚੋਰਚਕ | ੦ |
| ੧੯ | ਢੁਹਾਲਾ | ੧ |
| ੨੦ | ਢੂਲਹਾ | ੧੯ |
| ੨੧ | ਧਰਮਕੋਟ | ੧੪ |
| ੨੨ | ਰਾਏਕੋਟ | ੧੯ |
| ੨੩ | ਸਰਾਲਾ | ੨੮ |
| ੨੪ | ਸਰਹਾਲੀ | ੧੬ |
| ੨੫ | ਸਰੀਅਸਮੇਤਮਲਕਾ | ੭ |
| ੨੬ | ਫਤੌਰ ਆਬਾਦ | ੬੫ |
| ੨੭ | ਫਤੇਹ ਕੋਟ | ੨੪ |
| ੨੮ | ਫਤੇਹਗੜ੍ਹ | ੨੯ |
| ੨੯ | ਅੰਮ੍ਰਿਤਸਰ ਕਟੜਾ ਆਹਲੂਵਾਲੀਆ | ੧੫ |
| ੩੦ | ਕੋਟ ਬਾਬਲ ਖਾਂ | ੮ |
| ੩੧ | ਕਲੇਥਾ | ੮ |
| ੩੨ | ਖੋਰਪਾਲ | ੭ |
| ੩੩ | ਲਾਡੀਆਂ | ੧੨ |
| ੩੪ | ਸਰਹਾਲੀ ਮਕਸੂਦ ਪੁਰ | ੮ |
| ੩੫ | ਹੈਬਤ ਪੁਰ | ੨੨ |
| ੩੬ | ਨੂਰਮਹਲ | ੨੨ |
| ੩੭ | ਵੈਰੋਵਾਲ | ੫ |

| | | |
|---|---|---|
| ੩੮ | ਵੇਰਕਾ | ੨ |
| ੩੯ | ਸਰੋਕੜ | ੨ |

## ੪੪. ਰਾਜਾ ਰਣਧੀਰ ਸਿੰਘ ਦਾ ਜਨਮ

੧੮੮੪ ਬਿਕ੍ਰਮੀ ਨੂੰ ਸਰਦਾਰ ਫਤਹ ਸਿੰਘ ਨੇ ਆਪਣੇ ਵਲੀਅਹਿਦ ਰਾਜਾ ਨਿਹਾਲ ਸਿੰਘ ਦਾ ਵਿਆਹ ਫਤਹ ਅਬਾਦ ਵਿੱਚ ਬੜੀ ਧੂਮ ਧਾਮ ਨਾਲ ਕੀਤਾ, ਜਿਸ ਵਿੱਚੋਂ ੧੮੮੪ ਨੂੰ ਰਣਧੀਰ ਸਿੰਘ ਤਖ਼ਤ ਦਾ ਵਾਰਸ ਉਤਪੰਨ ਹੋਇਆ।

ਸੰ: ੧੮੮੫ ਬਿ. ਨੂੰ ਚੜ੍ਹਤ ਸਿੰਘ ਨੂਰ ਮਹਲ ਦੇ ਚਲਾਣਾ ਕਰ ਜਾਣ ਤੇ ਸਰਦਾਰ ਫਤਹ ਸਿੰਘ ਓਹਦੇ ਲੜਕੇ ਕੇਸਰ ਸਿੰਘ ਨੂੰ ਆਗਿਆ ਪਾਲਨ ਵਿੱਚ ਰਹਿਣ ਦੀ ਸ਼ਰਤ ਤੇ ਓਹਦਾ ਜਾਨਸ਼ੀਨ ਨੀਯਤ ਕੀਤਾ। ਇਸੇ ਸਾਲ ਰਾਜਾ ਨਿਹਾਲ ਸਿੰਘ ਦੇ ਘਰ ਕੰਵਰ ਬਿਕ੍ਰਮਾ ਸਿੰਘ ਦੂਜਾ ਲੜਕਾ ਉਤਪੰਨ ਹੋਇਆ।

## ੪੫. ਸਰਦਾਰ ਫਤਹ ਸਿੰਘ ਦਾ ਚਲਾਣਾ

ਅਕਤੂਬਰ ੧੮੩੭ ਮੁਤਾਬਕ ੧੮੯੪ ਬਿਕ੍ਰਮੀ ਨੂੰ ਸਰਦਾਰ ਫਤਹ ਸਿੰਘ ਇਸ ਦੁਨੀਆਂ ਤੋਂ ਕੂਚ ਕਰ ਗਏ। ਰਾਜਾ ਨਿਹਾਲ ਸਿੰਘ ਓਹਨਾਂ ਦੀ ਜਗ੍ਹਾ ਗੱਦੀ ਤੇ ਬੈਠੇ। ਜਦ ਰਾਜਾ ਨਿਹਾਲ ਸਿੰਘ ਮਹਾਰਾਜਾ ਲਾਹੌਰ ਨੂੰ ਮਿਲਣ ਗਿਆ ਤਦ ਮਹਾਰਾਜਾ ਨੇ ੪ ਲੱਖ ਰੁਪਿਆ ਉਸ ਤੋਂ ਨਜ਼ਰਾਨਾ ਲਿਆ ਤੇ ਜ਼ੋਰੋ ਜ਼ੋਰੀ ਪੰਜ ਸੌ ਪਿਆਦਾ ਤੇ ਜੰਬੂਰਕ ਦੀ ਨੌਕਰੀ ਲਿਖਵਾ ਲਈ।

## ੪੬. ਕੰਵਰ ਅਮਰ ਸਿੰਘ ਦਾ ਝਗੜਾ

ਕੰਵਰ ਅਮਰ ਸਿੰਘ ਨੇ ਆਪਣੇ ਵੱਡੇ ਭਰਾ ਰਾਜਾ ਨਿਹਾਲ ਸਿੰਘ ਨੂੰ ਤਖ਼ਤ ਤੋਂ ਉਤਾਰ ਕੇ ਆਪ ਤਖ਼ਤ ਤੇ ਬੈਠਣ ਦੀ ਸਾਜ਼ਿਸ਼ ਸ਼ੁਰੂ ਕੀਤੀ। ਕਿਹਾ ਜਾਂਦਾ ਹੈ ਕਿ ਇਸ ਮਾਮਲੇ ਵਿੱਚ ਲਾਹੌਰ ਦਰਬਾਰ ਪਾਸੋਂ ਕੁਝ ਮਦਦ ਮੰਗੀ, ਕਿੰਤੂ ਆਪਣੀ ਨਾਦਾਨੀ ਨਾਲ ਫਿਰ ਰਿਆਸਤ ਦੇ ਕੁਝ ਅਹਿਲਕਾਰਾਂ ਨੂੰ ਨਾਲ ਮਿਲਾ ਕੇ ਰਾਜਾ ਨੂੰ ਕਤਲ ਕਰਨ ਦੀ ਗੋਂਦ ਗੁੰਦੀ ਤੇ ਆਪਣੇ ਇਸ ਭੈੜੇ ਮਨਸੂਬੇ ਨੂੰ ਪੂਰਾ ਕਰਨ ਵਾਸਤੇ ਓਹ ਵੇਲਾ ਨੀਯਤ ਕੀਤਾ, ਜਿਸ ਵੇਲੇ ਕਿ ਰਾਜਾ ਸਾਹਿਬ ਦੋ ਨੌਕਰਾਂ ਦੇ ਨਾਲ ਘਰੋਂ ਨਿੱਕਲ ਕੇ ਸੈਰ ਕਰਨ ਜਾ ਰਹੇ ਸੀ। ਰਾਜਾ ਨਿਹਾਲ ਸਿੰਘ ਆਪਣੇ ਘਰ ਵਿੱਚੋਂ ਕੇਵਲ ਦੋ ਨੌਕਰਾਂ ਦੇ ਨਾਲ ਨਿੱਕਲਿਆ। ਉਸ ਵੇਲੇ ਲਖਾ ਰੂੜ ਸਿੰਘ ਤੇ ਮਹਤਾਬ ਸਿੰਘ ਆਦਿਕ ਕੁਝ ਆਦਮੀਆਂ ਨੇ ਨਿਹਾਲ ਸਿੰਘ ਤੇ ਹਮਲਾ ਕਰ ਦਿੱਤਾ। ਰਾਜੇ ਨੇ ਬੜੀ ਬਹਾਦਰੀ ਨਾਲ ਆਪਣੀ ਜਾਨ ਬਚਾਈ। ਭਾਵੇਂ ਕੁਝ ਥੋੜ੍ਹੇ ਜਿਹੇ ਜ਼ਖ਼ਮ ਆਏ, ਕਿੰਤੂ ਗੁਲਾਬ ਸਿੰਘ ਤੇ ਚੜ੍ਹਤ ਸਿੰਘ ਨੇ ਆਪਣੇ ਆਪ ਨੂੰ ਰਾਜਾ ਦੇ ਵਾਸਤੇ ਢਾਲ ਬਣਾ ਦਿੱਤਾ, ਆਪ ਟੁਕੜੇ ਟੁਕੜੇ ਹੋ ਗਏ। ਇਤਨੇ ਵਿੱਚ ਰਾਜਾ ਸਾਹਿਬ ਦੇ ਸਾਥੀ ਆ ਪੁੱਜੇ ਤੇ ਵੈਰੀ ਫੜੇ ਗਏ। ਆਪਣੇ ਕੀਤੇ ਦਾ ਫ਼ਲ ਭੁਗਤਣ ਲੱਗੇ।

## ੪੭. ਰਾਜਾ ਨਿਹਾਲ ਸਿੰਘ ਤੇ ਅਮਰ ਸਿੰਘ ਦੀ ਸੁਲਾਹ

ਜਦ ਇਹ ਖ਼ਬਰ ਲਾਹੌਰ ਅੱਪੜੀ ਤਦ ਦੋਨੋਂ ਭਰਾਵਾਂ ਨੂੰ ਆਪਣੇ ਪਾਸ ਸੱਦਿਆ। ਵੱਡੇ ਭਰਾ ਨਾਲ ਹਮਦਰਦੀ ਪ੍ਰਗਟ ਕੀਤੀ ਤੇ ਨਿੱਕੇ ਨੂੰ ਤਾੜਨਾ ਕੀਤੀ ਤੇ ਵੱਡੇ ਨੂੰ ਕਿਹਾ ਕਿ ਨਿੱਕੇ ਨੂੰ ਇੱਕ ਲੱਖ ਦੀ ਜਾਗੀਰ ਤੋਂ ਵੱਖ ੩੦ ਹਜ਼ਾਰ ਦੀ ਇੱਕ ਜਾਗੀਰ ਦੇ ਦੇਵੋ ਤੇ ਜਿਨ੍ਹਾਂ ਸ਼ੈਤਾਨਾਂ ਦੀ ਚੁੱਕ ਵਿੱਚ ਇਹ ਘਟਨਾ ਹੋਈ ਹੈ ਉਹਨਾਂ ਨੂੰ ਕਰੜਾ ਡੰਡ ਦੇਵੋ। ਸੋ ਰਾਜਾ ਨਿਹਾਲ ਸਿੰਘ ਨੇ ਕਪੂਰਥਲੇ ਆ ਕੇ ਅਮਰ ਸਿੰਘ ਨੂੰ ੩੦ ਹਜ਼ਾਰ ਦਾ ਸੁਲਤਾਨਪੁਰ ਦਾ ਇਲਾਕਾ ਦੇ ਦਿੱਤਾ ਤੇ ਜਿਨ੍ਹਾਂ ਲੂਣ ਹਰਾਮ ਨੌਕਰਾਂ ਨੇ ਕਤਲ ਕਰਾਣ ਦੀ ਗੋਂਦ ਗੁੰਦੀ ਸੀ, ਓਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।

੧੮੯੬ ਬਿ. ਨੂੰ ਮੌਲਵੀ ਗ਼ੁਲਾਮ ਮੁਹੰਮਦ ਖਾਂ ਨੂੰ ਵਜ਼ੀਰ ਬਣਾਇਆ ਗਿਆ।

੧੮੯੭ ਬਿ. ਨੂੰ ਜਦ ਮਹਾਰਾਜਾ ਸ਼ੇਰ ਸਿੰਘ ਤਖ਼ਤ ਤੇ ਬੈਠੇ, ਤਦ ਕੰਵਰ ਅਮਰ ਸਿੰਘ ਨੇ ਤਖ਼ਤ ਸੰਭਾਲਣ ਦੀ ਗੋਂਦ ਗੁੰਦੀ, ਕਿੰਤੂ ਅਜੇ ਕੰਵਰ ਅਮਰ ਸਿੰਘ ਸੋਚਾਂ ਵਿੱਚ ਹੀ ਸੀ ਕਿ ਮੌਤ ਨੇ ਆ ਘੇਰਿਆ।

## ੪੮. ਅਮਰ ਸਿੰਘ ਦਾ ਚਲਾਣਾ

੨੮ ਮਾਰਚ ਨੂੰ ਮਹਾਰਾਜਾ ਸ਼ੇਰ ਸਿੰਘ, ਰਾਜਾ ਧਿਆਨ ਸਿੰਘ, ਰਾਜਾ ਹੀਰਾ ਸਿੰਘ ਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਕਿਸ਼ਤੀ ਵਿੱਚ ਬੈਠੇ ਦਰਿਆ ਰਾਵੀ ਦੀ ਸੈਰ ਕਰ ਰਹੇ ਸਨ। ਕੰਵਰ ਅਮਰ ਸਿੰਘ ਆਹਲੂਵਾਲੀਆ ਵੀ ਨਾਲ ਬੈਠਾ ਸੀ। ਅਚਣਚੇਤ ਕਿਸ਼ਤੀ ਵਿੱਚ ਪਾਣੀ ਆ ਗਿਆ ਤੇ ਡੁੱਬ ਗਈ। ਮਹਾਰਾਜਾ ਸਾਹਿਬ ਹੋਰ ਸਾਰੇ ਸਰਦਾਰਾਂ ਸਮੇਤ ਓਹਨਾਂ ਹਾਥੀਆਂ ਤੇ ਜੋ ਦਰਿਆ ਦੇ ਕੰਢੇ ਤੇ ਖੜ੍ਹੇ ਹੋਏ ਇਹ ਵੇਖਦੇ ਹੀ ਦਰਿਆ ਵਿੱਚ ਠੇਹਲ ਦਿੱਤੇ ਗਏ ਸਨ, ਚੜ੍ਹ ਕੇ ਪਾਰ ਹੋ ਗਏ, ਕਿੰਤੂ ਸਰਦਾਰ ਅਮਰ ਸਿੰਘ ਆਹਲੂਵਾਲੀਆ ਡੁੱਬ ਗਿਆ। ਰਾਜਾ ਨਿਹਾਲ ਸਿੰਘ ਨੇ ਰਾਜਾ ਧਿਆਨ ਸਿੰਘ ਦੀ ਰਾਹੀਂ ਇੱਕ ਤਕੜੀ ਰਕਮ ਦੇ ਕੇ ਕੰਵਰ ਦੀ ਜਾਗੀਰ ਤੇ ਕਬਜ਼ਾ ਕਰ ਲਿਆ, ਤੇ ਓਹਦੇ ਲੜਕੇ ਕੇਸਰ ਸਿੰਘ ਵਾਸਤੇ ਕੁਝ ਪਿੰਡ ਗੁਜ਼ਾਰੇ ਵਾਸਤੇ ਦੇ ਦਿੱਤੇ ਗਏ।

੧੮੯੯ ਬਿ. ਨੂੰ ਮਹਾਰਾਜਾ ਸ਼ੇਰ ਸਿੰਘ ਨੇ ਕਿਸੇ ਗੱਲ ਤੋਂ ਨਾਰਾਜ਼ ਹੋ ਕੇ ਸਰਦਾਰ ਲਹਿਣਾ ਸਿੰਘ ਮਜੀਠੀਏ ਨੂੰ ਭੇਜਿਆ, ਤਾਂ ਕਿ ਕਪੂਰਥਲੇ ਦੀ ਰਿਆਸਤ ਦੇ ਕੁਝ ਪਿੰਡਾਂ ਤੇ ਕਬਜ਼ਾ ਕਰ ਲਏ। ਸੋ ਓਸ ਨੇ ਗੁਮਾਂ ਵਾਲਾ, ਮਕੀ ਵਾਲਾ, ਜੈਮਲ ਵਾਲਾ; ਜੋ ਕਪੂਰਥਲੇ ਦੇ ਇਲਾਕੇ ਵਿੱਚ ਸਨ, ਲਾਹੌਰ ਦਰਬਾਰ ਦੇ ਕਬਜ਼ੇ ਵਿੱਚ ਲੈ ਆਂਦੇ। ਇਸ ਤੇ ਰਾਜਾ ਨਿਹਾਲ ਸਿੰਘ ਨਾਰਾਜ਼ ਹੋ ਕੇ ਸਤਲੁਜੋਂ ਪਾਰ ਆਪਣੇ ਇਲਾਕੇ ਪਖੋਵਾਲ ਚਲਾ ਗਿਆ ਤੇ ਓਥੇ ਮਿਸਟਰ ਕਲਾਰਕ ਏਜੰਟ ਗਵਰਨਰ ਜਨਰਲ ਨਾਲ ਮਿਲ ਕੇ ਲਾਹੌਰ ਦਰਬਾਰ ਦੀ ਜਗ੍ਹਾ ਸਰਕਾਰ ਅੰਗਰੇਜ਼ੀ ਦੇ ਅਧੀਨ ਰਹਿਣਾ ਪਸੰਦ ਕੀਤਾ।

ਰਾਜਾ ਨਿਹਾਲ ਸਿੰਘ ਨੇ ਦੋ-ਤਿੰਨ ਵੇਰ ਸਰਕਾਰ ਅੰਗਰੇਜ਼ੀ ਨੂੰ ਆਪਣੀ ਖੈਰਖਾਹੀ ਦਾ ਸਬੂਤ ਦਿੱਤਾ। ਇੱਕ ਤਾਂ ੧੮੩੮ ਨੂੰ ਜਦ ਲਾਰਡ ਆਕਲੈਂਡ ਪੰਜਾਬ ਵਿੱਚ ਆਏ। ਤਦ ਓਹਨਾਂ ਦੀ ਫੌਜ ਨੂੰ ਰਸਦ ਆਦਿਕ ਦਿੱਤੀ। ਫਿਰ ਜਦ ਵਾਪਸ ਮੁੜਨ ਲੱਗੇ ਤਦ ਸਤਲੁਜੋਂ ਪਾਰ ਹੋਣ ਵਾਸਤੇ ਇੱਕ ਪੁਲ ਹਰੀ ਦੇ ਪੱਤਨ ਤੇ ਬਣਵਾ ਦਿੱਤਾ ਤੇ ਮੁਕੋ ਜਾ ਕੇ ਸਾਹਿਬ ਨਾਲ ਮੁਲਾਕਾਤ ਕੀਤੀ। ੧੮੪੨ ਈ. ਵਿੱਚ ਜਦ ਸਰਕਾਰ ਅੰਗਰੇਜ਼ੀ ਨੇ ਕਾਬਲ ਤੇ ਚੜ੍ਹਾਈ ਕੀਤੀ, ਤਦ ਨਿਹਾਲ ਸਿੰਘ ਨੇ ਰਸਦ ਆਦਿਕ ਤੋਂ ਬਿਨਾਂ ਆਪਣੀ ਇੱਕ ਫੌਜ ਹੈਦਰ ਅਲੀ ਖਾਂ ਦੀ ਕਮਾਨ ਵਿੱਚ ਸਰਕਾਰੀ ਫੌਜ ਦੇ ਨਾਲ ਸਹਾਇਤਾ ਵਾਸਤੇ ਭੇਜੀ।

## ੪੯. ਲਾਹੌਰ ਦਰਬਾਰ ਦਾ ਹਾਲ

੧੫ ਸਤੰਬਰ ੧੮੪੩ ਈ. ਨੂੰ ਫਿਰ ਲਾਹੌਰ ਦਰਬਾਰ ਵਿੱਚ ਫਸਾਦ ਉੱਠਿਆ। ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰ ਕੇ ਦਲੀਪ ਸਿੰਘ ਨੂੰ ਗੱਦੀ ਤੇ ਬਿਠਾਇਆ ਗਿਆ। ਇਸ ਮੌਕੇ ਤੇ ਜੇ ਕਦੀ ਰਾਜਾ ਨਿਹਾਲ ਸਿੰਘ ਦੀ ਇੱਛਾ ਹੁੰਦੀ ਤਦ ਪੰਜਾਬ ਦਾ ਤਖ਼ਤ ਲੈ ਲੈਣਾ ਓਹਦੇ ਵਾਸਤੇ ਸਾਧਾਰਨ ਗੱਲ ਸੀ, ਕਿਉਂਕਿ ਰਾਜਾ ਧਿਆਨ ਸਿੰਘ ਦੇ ਮਰ ਜਾਣ ਤੇ ਸੰਧਾਵਾਲੀਆਂ ਦਾ ਜੱਥਾ ਟੁੱਟ ਗਿਆ ਸੀ। ਹੀਰਾ ਸਿੰਘ ਤੋਂ ਫੌਜ ਨਾਰਾਜ਼ ਸੀ। ਰਾਜਾ ਗੁਲਾਬ ਸਿੰਘ ਜੰਮੂ ਨੂੰ ਨਾ ਫੌਜ ਪਸੰਦ ਕਰਦੀ ਸੀ ਤੇ ਨਾ ਹੀ ਰਾਣੀ। ਲਹਿਣਾ ਸਿੰਘ ਮਜੀਠੀਆ ਇੱਕ ਦਰਬਾਰ ਵਿੱਚ ਅਜਿਹਾ ਆਦਮੀ ਸੀ ਜਿਸ ਦੀ ਦਾਲ ਗਲ ਸਕਦੀ ਸੀ, ਕਿੰਤੂ ਡਰਪੋਕ ਤੇ ਬੁਜ਼ਦਿਲ ਸੀ। ਇਸ ਵੇਲੇ ਓਹਦੇ ਸਲਾਹ ਮਸ਼ਵਰੇ ਦੀ ਲੋੜ ਸੀ, ਕਿੰਤੂ ਓਹ ਆਪਣਾ ਵਤਨ ਛੱਡ ਕੇ ਚਲਾ ਗਿਆ। ਸੋ ਰਾਜਾ ਨਿਹਾਲ ਸਿੰਘ ਜੋ ਕਿ ਨਵਾਬ ਕਪੂਰ ਸਿੰਘ ਦੇ ਸ੍ਰ. ਜੱਸਾ ਸਿੰਘ ਦੀ ਥਾਂ ਹੋਣ ਕਰ ਕੇ ਸਿੱਖਾਂ ਦੇ ਵਿੱਚ ਖਾਨਪਾਨ ਤੇ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ, ਜੇ ਕਦੀ ਇਹ ਜ਼ਰਾ ਵੀ ਇੱਛਾ ਪ੍ਰਗਟ ਕਰਦਾ ਤਦ ਫੌਜ ਖਾਲਸਾ ਇਸ ਨੂੰ ਤਖ਼ਤ ਤੇ ਬਿਠਾ ਦੇਂਦੀ ਕਿੰਤੂ ਇਸ ਨੇ ਅਜਿਹਾ ਨਾ ਕੀਤਾ ਸਗੋਂ ਦੁਸੈਹਰੇ ਦੇ ਦਰਬਾਰ ਵਿੱਚ ਵੀ ਬੀਮਾਰੀ ਦਾ ਬਹਾਨਾ ਬਣਾ ਕੇ ਨਾ ਗਿਆ। ਇਸ

ਨੂੰ ਇਹ ਵੀ ਖ਼ਬਰ ਸੀ ਕਿ ਲਾਹੌਰ ਦੀ ਫੁਟ ਦੇ ਕਾਰਨ ਇੱਕ ਨਾ ਇੱਕ ਦਿਨ ਅੰਗਰੇਜ਼ਾਂ ਦਾ ਦਖ਼ਲ ਹੋਵੇਗਾ, ਇਸ ਕਰ ਕੇ ਫੌਜ ਦੇ ਸੱਦਣ ਤੇ ਵੀ ਇਹ ਨਾ ਗਿਆ ਤੇ ਆਪਣੇ ਪਾਰ ਦੇ ਇਲਾਕੇ ਵਿੱਚ ਜਾ ਕੇ ਮੌਲਵੀ ਰਜਬ ਅਲੀ ਖਾਂ ਦੀ ਰਾਹੀਂ ਅੰਗਰੇਜ਼ੀ ਅਫਸਰਾਂ ਨੂੰ ਲਾਹੌਰ ਦਰਬਾਰ ਦੀ ਸਾਰੀ ਹਾਲਤ ਦੱਸੀ। ਦੀਵਾਨ ਸੌਦਾਗਰ ਮੱਲ ਨੇ ਨੱਥੂ ਮੱਲ ਨੂੰ ਅੰਗਰੇਜ਼ਾਂ ਦੇ ਪਾਸ ਛੱਡ ਕੇ ਆਪ ਖਿਲਅਤ ਤੇ ਦੋਸਤੀ ਦੀ ਸਨਦ ਲੈ ਕੇ ਕਪੂਰਥਲੇ ਆ ਗਿਆ।

੧੯੦੧ ਬਿਕ੍ਰਮੀ ਨੂੰ ਲਾਹੌਰ ਵਿੱਚ ਫੌਜ ਵੱਲੋਂ ਆਪਾ ਧਾਪੀ ਮਚਣ ਤੇ ਵੀ ਕਪੂਰਥਲੇ ਹੀ ਰਹੇ ਤੇ ਲਾਲਾ ਕਿਰਪਾ ਰਾਮ ਤੇ ਜੱਸਾ ਸਿੰਘ ਨੂੰ ਅੰਗਰੇਜ਼ਾਂ ਪਾਸ ਭੇਜ ਕੇ ਸਾਰਾ ਹਾਲ ਦੱਸ ਦਿੱਤਾ।

## ੫੦. ਸਤਲੁਜ ਦੀ ਲੜਾਈ

੧੯੦੨ ਬਿ. ਮੁਤਾਬਕ ੧੮੪੫ ਈ. ਵਿੱਚ ਜਦ ਸਤਲੁਜ ਦੇ ਜੰਗ ਦੀ ਤਿਆਰੀ ਹੋ ਰਹੀ ਸੀ ਤਦ ਅੰਗਰੇਜ਼ਾਂ ਨੇ ਇੱਕ ਏਲਾਨ ਕੱਢ ਕੇ ਸਾਰੇ ਰਈਸਾਂ ਨੂੰ ਜੋ ਓਨ੍ਹਾਂ ਦੀ ਰੱਖਿਆ ਵਿੱਚ ਸਨ, ਇਸ ਸਮੇਂ ਮਦਦ ਦੇਣ ਲਈ ਕਿਹਾ ਤੇ ਇਹ ਵੀ ਕਿਹਾ ਕਿ ਜੇਹੜਾ ਰਈਸ ਇਸ ਸਮੇਂ ਮਦਦ ਨਾ ਦੇਵੇਗਾ ਓਹ ਅਕ੍ਰਿਤਘਣ ਸਮਝਿਆ ਜਾਵੇਗਾ। ਰਾਜਾ ਨਿਹਾਲ ਸਿੰਘ ਨੇ ਲਾਲਾ ਕ੍ਰਿਪਾ ਰਾਮ ਵਕੀਲ ਦੀ ਰਾਹੀਂ ਸਤਲੁਜ ਤੋਂ ਪਾਰ ਜਾਣ ਦੀ ਖ਼ਬਰ ਇੱਕ ਚਿੱਠੀ ਦਵਾਰਾ ਮੇਜਰ ਬ੍ਰਾਡਫੁਟ ਸਾਹਿਬ ਨੂੰ ਦਿੱਤੀ। ਕਿੰਤੂ ਇਸ ਵੇਲੇ ਕਪੂਰਥਲੇ ਦੀ ਫੌਜ ਆਕੀ ਹੋ ਗਈ। ਓਹਨਾਂ ਨੇ ਵਜ਼ੀਰ ਨੂੰ ਕਤਲ ਕਰ ਦਿੱਤਾ ਤੇ ਮਹਾਰਾਜਾ ਨੂੰ ਘੇਰ ਲਿਆ। ਜਿਸ ਤੋਂ ਰਾਜਾ ਨਿਹਾਲ ਸਿੰਘ ਅੰਗਰੇਜ਼ਾਂ ਨਾਲ ਸ਼ਾਮਲ ਨਾ ਹੋ ਸਕਿਆ। ਅੰਗਰੇਜ਼ਾਂ ਨੇ ਓਸ ਵੇਲੇ ਇਹਦੇ ਸ਼ਾਮਲ ਨਾ ਹੋਣ ਨੂੰ ਮਜਬੂਰੀ ਨਹੀਂ ਸਮਝਿਆ, ਬਲਕਿ ਪਾਲਸੀ ਖ਼ਿਆਲ ਕੀਤਾ, ਕਿਉਂਕਿ ਗਵਰਨਮੈਂਟ ਦੀ ਇਸ ਦੀ ਬਾਬਤ ਰੀਪੋਰਟ ਹੈ ਕਿ:

(੧) ਅੱਵਲ ਤਾਂ ਰਾਜਾ ਨਿਹਾਲ ਸਿੰਘ ਨੂੰ ਚਾਹੀਦਾ ਸੀ ਕਿ ੨੫ ਅਪ੍ਰੈਲ ੧੮੦੯ ਦੇ ਇਸ਼ਤਿਹਾਰ ਦੇ ਅੰਕ ੪ ਅਨੁਸਾਰ ਸਤਲੁਜ ਤੋਂ ਓਸ ਪਾਰ ਦੀ ਫੌਜ ਵਾਸਤੇ ਰਸਦ ਦਾ ਸਮਾਨ ਇਕੱਤ੍ਰ ਕਰਦਾ।

(੨) ੧੮੪੮ ਦੇ ਏਲਾਨ ਅਨੁਸਾਰ ਰਾਜਾ ਨੂੰ ਚਾਹੀਦਾ ਸੀ ਕਿ ਆਪ ਸਤਲੁਜ ਤੋਂ ਓਸ ਪਾਰ ਚਲਾ ਜਾਂਦਾ ਤੇ ਅੰਗਰੇਜ਼ਾਂ ਦੀ ਮਦਦ ਕਰਦਾ, ਕਿੰਤੂ ਇਸ ਨੇ ਕਰਨਲ ਮੈਕਸਨ ਕਪਤਾਨ ਮੈਲਸ ਸਾਹਿਬ ਤੇ ਮੇਜਰ ਬਰਾਡਫੁਟ ਦੀਆਂ ਕਈ ਤਾਕੀਦੀ ਚਿੱਠੀਆਂ ਲਿਖਣ ਤੇ ਵੀ ਨਾ ਕਾਫੀ ਰਸਦ ਇਕੱਠੀ ਕੀਤੀ ਤੇ ਨਾ ਹੀ ਆਪ ਹਾਜ਼ਰ ਹੋਇਆ।

ਇਸ ਵਿੱਚ ਸ਼ੁਬ੍ਹਾ ਨਹੀਂ ਕਿ ਰਾਜਾ ਨਿਹਾਲ ਸਿੰਘ ਦੀ ਹਾਲਤ ਓਸ ਵੇਲੇ ਦੋ ਅਫਸਰਾਂ ਦੇ ਅਧੀਨ ਹੋਣ ਵਾਲੀ ਸੀ। ਇਸ ਸਮੇਂ ਓਹਦਾ ਅੰਗਰੇਜ਼ੀ ਫੌਜ ਵਿੱਚ ਨਾ ਜਾਣਾ ਵੀ ਸ਼ੁਬ੍ਹੇ ਤੋਂ ਖ਼ਾਲੀ ਨਹੀਂ, ਕਿੰਤੂ ਓਹਨੇ ਆਪਣੇ ਇਤਬਾਰੀ ਵਕੀਲ ਕ੍ਰਿਪਾ ਰਾਮ ਨੂੰ ਜਗਰਾਓਂ ਦੇ ਇਲਾਕੇ ਵਿੱਚ ਇਸ ਗੱਲ ਵਾਸਤੇ ਭੇਜਿਆ ਕਿ ਓਥੋਂ ਰਸਦ ਆਦਿਕ ਇਕੱਠੀ ਕਰ ਕੇ ਅੰਗਰੇਜ਼ਾਂ ਨੂੰ ਮਦਦ ਦੇਵੇ ਤੇ ਆਪ ਲਾਹੌਰ ਦੇ ਸਮਾਚਾਰ ਅੰਗਰੇਜ਼ਾਂ ਤੱਕ ਪੁਚਾਣ ਵਿੱਚ ਲੱਗਾ ਰਿਹਾ। ਐਥੋਂ ਤੱਕ ਹਰ ਰੋਜ਼ ਪੰਜ ਛੀ ਖਤ ਨਿਤਾਪ੍ਰਤੀ ਮੇਜਰ ਮੈਕਸਨ ਤੇ ਲਫਟੰਟ ਕਨਿੰਘਮ ਸਾਹਿਬ ਦੇ ਪਾਸ ਆਪਣੇ ਆਦਮੀ ਦੀ ਰਾਹੀਂ ਭੇਜਦਾ ਰਹਿੰਦਾ ਸੀ, ਮੇਜਰ ਹੈਨਰੀ ਲਾਰੰਸ ਸਾਹਿਬ ਨੇ ਆਪਣੀ ਰੀਪੋਰਟ ਵਿੱਚ ਇਨ੍ਹਾਂ ਖਤਾਂ ਦਾ ਜ਼ਿਕਰ ਕੀਤਾ।

ਕਪੂਰਥਲੇ ਤੋਂ ਇਸ ਤਰ੍ਹਾਂ ਦੀਆਂ ਚਿੱਠੀਆਂ ਲੈ ਕੇ ੧੫-੨੦ ਹਰਕਾਰੇ ਹਰ ਰੋਜ਼ ਜਾਂਦੇ ਸਨ, ਕਿੰਤੂ ਫੌਜ ਨਾਲ ਆਪਣੀ ਕੌਮ ਦਾ ਮੁਕਾਬਲਾ ਕਰਨਾ ਨਹੀਂ ਚਾਹੁੰਦਾ ਸੀ। ਇਸ ਕਰ ਕੇ ਫੌਜ ਨੇ ੨੦ ਦਸੰਬਰ ੧੮੪੫ ਈ. ਨੂੰ ਰਾਜੇ ਨੂੰ ਘੇਰ ਲਿਆ ਤੇ ਗ਼ੁਲਾਮ ਮੁਹੰਮਦ ਖਾਂ ਵਜ਼ੀਰ ਨੂੰ ਕਤਲ ਕਰ ਦਿੱਤਾ ਤੇ ੨੨ ਦਸੰਬਰ ੧੮੪੫ ਨੂੰ ਫੌਜ ਸਰਦਾਰ ਰਣਜੋਧ ਸਿੰਘ ਨੂੰ ਨਾਲ ਲੈ ਕੇ ਫਲੌਰ ਆ ਮਿਲੀ।

ਰਾਜਾ ਨਿਹਾਲ ਸਿੰਘ ਵਜ਼ੀਰ ਦੀ ਤਰ੍ਹਾਂ ਮਾਰੇ ਜਾਣ ਦੇ ਡਰ ਕਾਰਣ ਅੰਦਰੋਂ ਬਾਹਰ ਨਹੀਂ ਨਿੱਕਲਿਆ। ਮਹਲਾਂ ਵਿੱਚ ਹੀ ਬੈਠਾ ਰਿਹਾ, ਜਿਸ ਦਾ ਨਤੀਜਾ ਇਹ ਨਿੱਕਲਿਆ ਕਿ ਸਤਲੁਜ ਦੀ ਜੰਗ ਦੇ ਮਗਰੋਂ ਅੰਗਰੇਜ਼ਾਂ ਨੇ ਓਸ ਤੇ ਇਹ ਦੂਸ਼ਣ ਲਾਏ:

(੧) ਰਾਜਾ ਨਿਹਾਲ ਸਿੰਘ ਵੱਲੋਂ ਓਸ ਵੇਲੇ ਤੱਕ ਸਰ ਹੈਨਰੀ ਲਾਰੰਸ ਪਾਸ ਕੋਈ ਖ਼ਬਰ ਨਹੀਂ ਪੁੱਜੀ, ਜਦ ਤੱਕ ਕਿ ਕਿਸੇ ਦੂਜੇ ਪਾਸੋਂ ਓਹ ਖ਼ਬਰ ਨਾ ਪੁੱਜ ਚੁੱਕੀ ਹੋਵੇ।

(੨) ਮੈਕਸਨ ਸਾਹਿਬ ਨੇ ਆਪਣੀ ਰੀਪੋਰਟ ਵਿੱਚ ਲਿਖਿਆ ਹੈ ਕਿ ਕਈ ਵਾਰੀ ਚਿੱਠੀਆਂ ਭੇਜਣ ਤੇ ਵੀ ਆਹਲੂਵਾਲੀਆ ਦੇ ਕਰਮਚਾਰੀ ਰਸਦ ਪੁਚਾਣ ਤੋਂ ਪਿੱਛੇ ਰਹੇ।

(੩) ਮੈਲਸ ਸਾਹਿਬ ਨੇ ਆਪਣੀ ਰੀਪੋਰਟ ਵਿੱਚ ਲਿਖਿਆ ਹੈ ਕਿ ਆਹਲੂਵਾਲੀਆ ਨੇ ਜੰਗ ਦੇ ਵਿਚਕਾਰ ਕੇਵਲ ਨਾਮ ਮਾਤਰ ੫੮ ਮਣ ਅਨਾਜ ਭੇਜਿਆ, ਕਿੰਤੂ ਸਿੱਖਾਂ ਨੂੰ ਸ਼ਕਸਤ ਮਿਲਣ ਤੇ ਇਨ੍ਹਾਂ ਨੇ ਖੁੱਲ੍ਹੇ ਦਿਲ ਅੰਗਰੇਜ਼ਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ।

(੪) ਅਲੀਵਾਲ ਤੇ ਬਦੋਵਾਲ ਤੇ ਆਹਲੂਵਾਲੀਆ ਫੌਜ ਹੈਦਰਅਲੀ ਦੀ ਕਮਾਨ ਵਿੱਚ ਅੰਗਰੇਜ਼ਾਂ ਨਾਲ ਲੜੀ ਤੇ ਸਰ ਹੈਨਰੀ ਸਮਿਥ ਦੀ ਫੌਜ ਪਾਸੋਂ ਇੱਕ ਹਾਥੀ ਨੌ ਦਸ ਘੋੜੇ ਆਹਲੂਵਾਲੀਆ ਫੌਜ ਨੇ ਲੁੱਟ ਕੇ ਰਾਜਾ ਸਾਹਿਬ ਕਪੂਰਥਲਾ ਨੂੰ ਤੋਹਫੇ ਵਜੋਂ ਭੇਜੇ।

ਇਨ੍ਹਾਂ ਸਾਰੇ ਦੂਸ਼ਨਾਂ ਵਿੱਚੋਂ ਅੰਤਲਾ ਦੂਸ਼ਨ ਜਿਸ ਸ਼ਕਲ ਵਿੱਚ ਲਾਇਆ ਗਿਆ ਸੀ ਉਹ ਸਖ਼ਤ ਸੀ, ਕਿੰਤੂ ਰਾਜਾ ਨਿਹਾਲ ਸਿੰਘ ਨੇ ਇਹਦੇ ਉੱਤਰ ਵਿੱਚ ਕਿਹਾ ਕਿ ਜਦ ਮੇਰੀ ਬਾਬਤ ਇਹ ਪਤਾ ਲੱਗਣ ਤੇ ਕਿ ਮੈਂ ਅੰਗਰੇਜ਼ਾਂ ਦੀ ਮਦਦ ਕਰਨ ਲੱਗਾ ਹਾਂ, ਫੌਜ ਨੇ ਬਾਗ਼ੀ ਹੋ ਕੇ ਮੈਨੂੰ ਕੈਦ ਤੇ ਵਜ਼ੀਰਾਂ ਨੂੰ ਕਤਲ ਕਰ ਦਿੱਤਾ ਤੇ ਮੈਂ ਇਸ ਗੱਲ ਦੀ ਖ਼ਬਰ ਉਸੇ ਵੇਲੇ ਅੰਗਰੇਜ਼ਾਂ ਨੂੰ ਦੇ ਦਿੱਤੀ, ਤਦ ਅਜੇਹੀ ਹਾਲਤ ਵਿੱਚ ਬਾਗ਼ੀ ਫੌਜ ਦੇ ਕਿਸੇ ਕੰਮ ਦਾ ਮੈਂ ਜ਼ੁਮੇਵਾਰ ਨਹੀਂ ਹੋ ਸਕਦਾ, ਕਿੰਤੂ ਅੰਗਰੇਜ਼ਾਂ ਨੇ ਕਿਹਾ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ। ਦੂਜਾ ਵਜ਼ੀਰ ਇਸ ਕਰ ਕੇ ਮਾਰਿਆ ਗਿਆ ਕਿ ਲੋਕੀਂ ਉਹਨੂੰ ਪਸੰਦ ਨਹੀਂ ਕਰਦੇ ਸੀ ਤੇ ਫੌਜ ਨੂੰ ਆਪਣੀ ਵਧੀ ਹੋਈ ਤਨਖਾਹ ਲੈਣ ਵਿੱਚ ਤਕਲੀਫ਼ ਹੋ ਰਹੀ ਸੀ। ਜੇ ਕਦੀ ਇਹ ਮੰਨ ਵੀ ਲਿਆ ਜਾਏ ਕਿ ਫੌਜ ਬਾਗ਼ੀ ਹੋ ਗਈ ਸੀ ਤਦ ਰਾਜਾ ਨੂੰ ਇਕੱਲਿਆਂ ਹੀ ਰਹਿ ਜਾਣਾ ਚਾਹੀਦਾ ਸੀ। ਦੂਜੇ ਫੌਜ ਆਹਲੂਵਾਲੀਆ ਦਾ ਅੰਗਰੇਜ਼ੀ ਫੌਜ ਦੇ ਹਾਥੀ ਘੋੜੇ ਲੁੱਟ ਕੇ ਭੇਜਣਾ ਇਸ ਗੱਲ ਦਾ ਸਬੂਤ ਹੈ ਕਿ ਅਸਲ ਵਿੱਚ ਅੰਦਰਖਾਨੇ ਉਹ ਫੌਜ ਨਾਲ ਮਿਲਿਆ ਹੋਇਆ ਸੀ।

ਅੰਗਰੇਜ਼ਾਂ ਤੇ ਰਾਜਾ ਸਾਹਿਬ ਦੀ ਇਸ ਦਲੀਲਬਾਜ਼ੀ ਤੋਂ ਇਹ ਨਤੀਜਾ ਕੱਢਣਾ ਮੁਸ਼ਕਲ ਹੈ ਕਿ ਦੋਹਾਂ ਵਿੱਚੋਂ ਕੌਣ ਸੱਚਾ ਸੀ, ਕਿੰਤੂ ਜ਼ਰਾ ਜਿੰਨੀ ਵਿਚਾਰ ਕਰਨ ਤੋਂ ਪਤਾ ਲੱਗ ਜਾਂਦਾ ਹੈ ਕਿ ਹਰ ਹਾਲ ਫੌਜ ਦਾ ਬਗਾਵਤ ਕਰਨਾ ਤਾਂ ਸਿੱਧ ਹੈ ਕਿ ਉਹ ਵਜ਼ੀਰ ਤੋਂ ਨਾਰਾਜ਼ਗੀ ਦੇ ਕਾਰਨ ਹੋਈ ਜਾਂ ਤਨਖਾਹ ਦੇ ਨਾ ਮਿਲਣ ਤੇ ਬਗਾਵਤ ਫੌਜ ਨੇ ਜ਼ਰੂਰ ਕਰ ਦਿੱਤੀ ਤੇ ਰਾਜਾ ਸਾਹਿਬ ਦੇ ਵਸ ਤੋਂ ਫੌਜ ਬਾਹਰ ਹੋ ਗਈ। ਸੋ ਇਸ ਸੂਰਤ ਵਿੱਚ ਰਾਜਾ ਨਿਹਾਲ ਸਿੰਘ ਫੌਜ ਦੇ ਕਿਸੇ ਕੰਮ ਦਾ ਕਿਸ ਤਰ੍ਹਾਂ ਉੱਤਰ ਦਾਤਾ ਹੋ ਸਕਦੇ ਹਨ?

ਦੂਜਾ ਰਾਜਾ ਨਿਹਾਲ ਸਿੰਘ ਨੂੰ ਫੌਜ ਨੇ ਘੇਰ ਰੱਖਿਆ ਸੀ। ਜੇ ਕਦੀ ਉਹ ਇਕੱਲਿਆਂ ਨੱਸ ਕੇ ਅੰਗਰੇਜ਼ਾਂ ਪਾਸ ਜਾਣ ਦੀ ਕੋਸ਼ਸ਼ ਕਰਦਾ ਤਦ ਡਰ ਸੀ ਕਿ ਵਜ਼ੀਰ ਦੀ ਤਰ੍ਹਾਂ ਉਹ ਵੀ ਨਾ ਮਾਰ ਦਿੱਤਾ ਜਾਏ।

ਤੀਜਾ ਅਕਸਰ ਵੇਖਿਆ ਗਿਆ ਹੈ ਕਿ ਜਦ ਕੋਈ ਨੌਕਰ ਮਾਲਕ ਦੀ ਮਰਜ਼ੀ ਦੇ ਉਲਟ ਕੋਈ ਕੰਮ ਕਰ ਦੇਵੇ ਤਦ ਉਹ ਕਾਮਯਾਬ ਹੋ ਜਾਣ ਤੇ ਮਾਲਕ ਦੀ ਪ੍ਰਸੰਨਤਾ ਲੈਣ ਤੇ ਆਪਣੇ ਮਤਲਬ ਦੀ ਪੁਸ਼ਟੀ ਕਰਨ ਲਈ ਫਤਹਯਾਬੀ ਦੀਆਂ ਕੁਝ ਚੀਜ਼ਾਂ ਭੇਜ ਦਿੰਦਾ ਹੈ ਕਿ ਮਾਲਕ ਖ਼ੁਸ਼ ਹੋ ਜਾਏ।

ਸਰ ਲੈਪਲ ਗ੍ਰਿਫਨ ਨੇ ਵੀ ਇਹ ਹੀ ਰਾਏ ਦਿੱਤੀ ਹੈ ਕਿ ਰਾਜਾ ਨਿਹਾਲ ਸਿੰਘ ਜਹੇ ਸਰਦਾਰ ਨੂੰ ਜਦ ਉਹਦੇ ਫਰਜ਼ ਇੱਕ ਪਾਸੇ ਪ੍ਰੇਰਨਾ ਕਰਨ, ਉਹਦੀ ਹਮਦਰਦੀ ਆਪਣੀ ਪ੍ਰਜਾ ਤੇ ਫੌਜ ਦੀ ਆਪ ਖਾਹਸ਼ ਦੂਜੇ ਪਾਸੇ ਖਿਚੇ, ਕਿਸ ਕਦਰ ਤਕਲੀਫ਼ ਹੁੰਦੀ ਹੈ। ਅਜੇਹੀ ਸਖ਼ਤ ਪ੍ਰੀਖਯਾ ਵਿੱਚ ਬੜੇ

ਬੜੇ ਦ੍ਰਿੜ੍ਹ ਵਿਸ਼ਵਾਸੀਆਂ ਦੇ ਪੈਰ ਉੱਖੜ ਜਾਂਦੇ ਹਨ। ਰਾਜਾ ਨਿਹਾਲ ਸਿੰਘ ਜਹੇ ਕਮਜ਼ੋਰ ਆਦਤ ਤੇ ਆਦਮੀ ਦੀ ਗੱਲ ਹੀ ਕੀ ਸੀ?

(ਕਰਤਾ)

ਗੱਲ ਕੀ, ਰਾਜਾ ਨਿਹਾਲ ਸਿੰਘ ਨੇ ਇਨ੍ਹਾਂ ਦੂਸ਼ਨਾਂ ਦਾ ਬੜਾ ਜ਼ੋਰਦਾਰ ਜਵਾਬ ਦਿੱਤਾ ਕਿ ਇੱਕ ਤਾਂ ਮੈਂ ਹਰ ਰੋਜ਼ ਪੰਜ ਛੀ ਚਿੱਠੀਆਂ ਭੇਜਦਾ ਰਹਿੰਦਾ ਸੀ, ਜਿਸ ਨੂੰ ਅੰਗਰੇਜ਼ ਅਫਸਰ ਵੀ ਮੰਨਦੇ ਹਨ। ਦੂਜਾ ਮੇਰੇ ਆਦਮੀ ਜਗਰਾਉਂ ਦੇ ਇਲਾਕੇ ਵਿੱਚ ਰਸਦ ਇਕੱਠੀ ਕਰ ਕੇ ਦੇਣ ਤੇ ਨੀਯਤ ਸਨ। ਜਲੰਧਰ ਵਿੱਚ ੪੦ ਹਜ਼ਾਰ ਦੁਸ਼ਮਣ ਦੀ ਫੌਜ ਮੌਜੂਦ ਸੀ ਤਦ ਵੀ ਅੰਗਰੇਜ਼ੀ ਫੌਜ ਦੇ ਵਾਸਤੇ ਇੱਕ ਲੱਖ ਮਣ ਅਨਾਜ ਇਕੱਠਾ ਕਰ ਰੱਖਿਆ ਜੋ ਲਾਹੌਰ ਤੋਂ ਮੁੜਨ ਤੇ ਦਿੱਤਾ ਗਿਆ।

ਜਲਾਣ ਲਈ ਲੱਕੜਾਂ ਪੁਚਾਈਆਂ ਤੇ ਇਨ੍ਹਾਂ ਦੇ ਲਿਆਉਣ ਵਿੱਚ ਇੰਨੀ ਸਰਗਰਮੀ ਵਖਾਈ ਕਿ ਲੋਕਾਂ ਦੇ ਘਰਾਂ ਦੀਆਂ ਛੱਤਾਂ ਦੀਆਂ ਕੜੀਆਂ ਉੱਤਰਵਾ ਕੇ ਭੇਜ ਦਿੱਤੀਆਂ। ਬਾਕੀ ਰਿਹਾ ਮੇਰਾ ਨਾ ਪੁੱਜਣਾ, ਮੇਰੀ ਫੌਜ ਬਾਗ਼ੀ ਹੋ ਗਈ, ਵਜ਼ੀਰ ਮਾਰਿਆ ਗਿਆ, ਮੈਂ ਕੈਦ ਵਿੱਚ ਸੀ, ਬੇਬਸ ਸੀ, ਹਾਜ਼ਰ ਨਾ ਹੋ ਸਕਿਆ। ਇਸ ਹਾਲਤ ਵਿੱਚ ਵੀ ਮੈਂ ਆਪਣੀ ਸ਼ਕਤੀ ਅਨੁਸਾਰ ਖਬਰਾਂ ਦਿੰਦਾ ਰਿਹਾ। ਮੈਂ ਹਮੇਸ਼ਾਂ ਗਵਰਨਮੈਂਟ ਦਾ ਖੈਰਖਾਹ ਰਿਹਾ ਹਾਂ ਆਦਿ।

ਕਿੰਤੂ ਇਸ ਵੇਲੇ ਗਵਰਨਮੈਂਟ ਦੀ ਪਾਲਸੀ ਹੀ ਇਹ ਸੀ ਕਿ ਸਾਰੇ ਸਿੱਖ ਸਰਦਾਰਾਂ ਦੀ ਸ਼ਕਤੀ ਨੂੰ ਘਟਾ ਦਿੱਤਾ ਜਾਵੇ। ਇਹ ਹੀ ਕਾਰਨ ਹੈ ਕਿ ਰਾਜਾ ਨਿਹਾਲ ਸਿੰਘ ਦੇ ਇਸ ਤਰ੍ਹਾਂ ਦੇ ਜ਼ੋਰਦਾਰ ਸਬੂਤ ਹੁੰਦਿਆਂ ਵੀ ਉਹਨੂੰ ਦੋਸ਼ੀ ਸਮਝਿਆ ਗਿਆ। ਇਸੇ ਤਰ੍ਹਾਂ ਪਟਿਆਲਾ ਨੂੰ ਛੱਡ ਕੇ ਨਾਭਾ ਤੇ ਜੀਂਦ ਨਾਲ ਵੀ ਜ਼ਰਾ ਜ਼ਰਾ ਗਲ ਦੇ ਸ਼ੁਬ੍ਹੇ ਤੇ ਅਜਿਹਾ ਹੀ ਸਲੂਕ ਕੀਤਾ ਗਿਆ।

ਮੁਕਦੀ ਗੱਲ ਇਹ ਕਿ ਮੇਜਰ ਲਾਰੰਸ ਪੋਲੀਟੀਕਲ ਅਫਸਰ ਨੇ ਉੱਪਰਲੇ ਅਫਸਰਾਂ ਨੂੰ ਲਿਖਿਆ ਕਿ ਇਸ ਕਸੂਰ ਦੇ ਕਾਰਨ ਰਾਜਾ ਕਸੂਰ ਦਾ ਕੁੱਲ ਇਲਾਕਾ ਸਤਲੁਜ ਵੱਲੋਂ ਦੱਖਣ ਦੇ ਪਾਸੇ ਦਾ ਜਿਸ ਦੀ ਆਮਦਨੀ ਪੰਜ ਲੱਖ ਪੈਂਠ ਹਜ਼ਾਰ ਰੁਪਿਆ ਸਾਲ ਦੇ ਕਰੀਬ ਹੈ, ਜ਼ਬਤ ਕਰ ਲਿਆ ਜਾਵੇ। ਦਵਾਬਾ, ਬਿਸਤ, ਜਲੰਧਰ ਦਾ ਪੰਜ ਲੱਖ ਸਤੱਤਰ ਹਜ਼ਾਰ ੭੬੩ ਦਾ ਇਲਾਕਾ ਜਿਸ ਦੀ ਬਾਬਤ ਚਾਰ ਸੌ ਸਵਾਰ, ਪੰਜ ਸੌ ਪੈਦਲ ਫੌਜ ਰਖਣਾ ਉਸ ਤੇ ਜ਼ਰੂਰੀ ਸੀ, ਇਨ੍ਹਾਂ ਪਾਸ ਰਹਿਣ ਦਿੱਤਾ ਜਾਏ। ਇਸ ਦੇ ਇਲਾਕੇ ਦੇ ਉਹ ਪਿੰਡ ਜੋ ਅੱਡੋ ਅੱਡ ਥਾਵਾਂ ਤੇ ਹਨ, ਫੌਜੀ ਖਿਦਮਤ ਦੇ ਬਦਲੇ ਬਹਿਸਾਬ ਫੀ ਸਵਾਰ ੧੬) ਰੁਪਿਆ ਫੀ ਪਿਆਦਾ ੬) ਰੁਪਏ ਦੇ ਕੁੱਲ ਮਹਾਵਾਰੀ ੧ ਲੱਖ ੧੨ ਹਜ਼ਾਰ ਅੱਠ ਸੌ ਰੁਪਏ ਸਲਾਨਾ ਦਾ ਲੈ ਲਿਆ ਜਾਵੇ। ਇਸ ਤਰ੍ਹਾਂ ਨਾਲ ਇਸ ਸਰਦਾਰ ਪਾਸ ੪ ਲੱਖ ਚੌਸਠ ਹਜ਼ਾਰ ੯੬੦ ਰੁਪਏ ਸਲਾਨਾ ਦਾ ਇਸ ਸੂਰਤ ਤੇ ਰਹੇ ਕਿ ਇਨ੍ਹਾਂ ਦਾ ਚਾਲ ਚਲਣ ਸਰਕਾਰ ਅੰਗਰੇਜ਼ੀ ਨਾਲ ਨੇਕ ਤੇ ਰਿਆਸਤ ਦਾ ਪ੍ਰਬੰਧ ਹੱਛਾ ਰਹੇ ਤੇ ਜੰਗ ਦੇ ਦਿਨਾਂ ਵਿੱਚ ਹਰ ਤਰ੍ਹਾਂ ਨਾਲ ਅੰਗਰੇਜ਼ਾਂ ਦੇ ਨਾਲ ਰਹਿਣ ਤੇ ਜਿਹੜੇ ਆਮ ਰਾਹ ਉਸ ਦੀ ਰਿਆਸਤ ਵਿੱਚੋਂ ਲੈ ਆਂਦੇ ਹਨ, ਉਹਨਾਂ ਨੂੰ ਤਿਆਰ ਰੱਖੇ। ਮੇਜਰ ਲਾਰੰਸ ਦੀ ਇਸ ਲਿਖਤ ਨੂੰ ਗਵਰਨਮੈਂਟ ਨੇ ਪ੍ਰਵਾਨ ਕਰ ਲਿਆ ਤੇ ਇਲਾਕੇ ਦੀ ਜ਼ਬਤੀ ਦਾ ਹੁਕਮ ਦੇ ਦਿੱਤਾ।

## ੫੧. ਜ਼ਬਤ ਹੋਏ ਇਲਾਕੇ ਦੀ ਸੂਚੀ:

| ਨੰ: | ਨਾਮ ਇਲਾਕਾ | ਪਿੰਡਾਂ ਦੀ ਗਿਣਤੀ |
|---|---|---|
| ੧ | ਈਸੜੂ | ੬੨ |
| ੨ | ਬਸੀਆ | ੨੭ |
| ੩ | ਭੋਡਰੀ | ੭੭ |
| ੪ | ਭੜੋਕ | ੨੧ |
| ੫ | ਈਸਾ ਖਾਂ | ੭੯ |
| ੬ | ਜਗਰਾਉਂ | ੫੩ |

| | | |
|---|---|---|
| ੭ | ਆਲਮਪੁਰ | ੧੭ |
| ੮ | ਫਤਹਗੜ੍ਹ | ੨੯ |
| ੯ | ਬਲਾਂ ਵਾਲਾ | ੪੬ |
| ੧੦ | ਮਖੂ | ੪੩ |
| ੧੧ | ਨਰਾਇਨ ਗੜ੍ਹ | ੫੭ |
| ੧੨ | ਵਲੀ ਪੁਰ | ੫ |
| ੧੩ | ਸਤਲੁਜੋਂ ਓਸ ਪਾਰ ਦਾ ਫੁਟਕਲ ਇਲਾਕਾ | ੯ |

ਜਲੰਧਰ ਦੇ ਦਵਾਬੇ ਵਿੱਚ ਦਾ ਇਲਾਕਾ ਰਾਜਾ ਸਾਹਿਬ ਤੇ ਉਹਨਾਂ ਦੀ ਸੰਤਾਨ ਪਾਸ ਰਹਿਣ ਦਾ ਫ਼ੈਸਲਾ ਹੋਇਆ ਤੇ ਇਨ੍ਹਾਂ ਦੇ ਫੌਜਦਾਰੀ ਅਖਤਿਆਰ ਕਾਇਮ ਰਖੇ, ਤੇ ਫੌਜੀ ਖਿਦਮਤ ਦੇ ਬਦਲੇ ਹੋਰ ਰਿਆਸਤਾਂ ਵਾਂਗ ਨਕਦ ਰਕਮ ਨਾਲ ਬਦਲ ਦਿੱਤਾ ਗਿਆ॥

## ੫੨. ਰਿਆਸਤ ਦਾ ਪ੍ਰਬੰਧ, ਟਿੱਕਾ ਰਣਧੀਰ ਸਿੰਘ ਦਾ ਵਿਆਹ ਤੇ ਰਾਜਗੀ ਦਾ ਖਿਤਾਬ

੧੯੦੪ ਵਿੱਚ ਰਾਜਾ ਨਿਹਾਲ ਸਿੰਘ ਨੇ ਆਪਣੇ ਇਲਾਕੇ ਵਿੱਚ ਫੌਜਦਾਰੀ ਤੇ ਦੀਵਾਨੀ ਮਹਿਕਮੇ ਅੰਗਰੇਜ਼ੀ ਢੰਗ ਤੇ ਕਾਇਮ ਕੀਤੇ। ਟਿੱਕਾ ਰਣਧੀਰ ਸਿੰਘ ਦਾ ਵਿਆਹ ਪਿੰਡ ਕਾਲੇ ਵਿੱਚ ਬੜੀ ਧੂਮ ਧਾਮ ਨਾਲ ਕੀਤਾ। ੧੯੦੫ ਵਿੱਚ ਕੰਵਲ ਦੀ ਸ਼ਾਦੀ ਕੀਤੀ ਤੇ ਅੰਮ੍ਰਿਤਸਰ ਵਿੱਚ ਕਟੜਾ ਬਣਵਾਇਆ। ਦੂਜੀ ਵਾਰ ਜਦ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਛਿੜੀ ਤਦ ਰਾਜਾ ਨਿਹਾਲ ਸਿੰਘ ਨੇ ਹਰ ਤਰ੍ਹਾਂ ਰਸਤ ਆਦਿਕ ਦੀ ਮਦਦ ਦਿੱਤੀ ਤੇ ਮੁਲਤਾਨ ਜਾਣ ਦੀ ਦਰਖ਼ਾਸਤ ਦਿੱਤੀ, ਜਿਸ ਦੀ ਲੋੜ ਨਾ ਸਮਝ ਕੇ ਸਰਕਾਰ ਨੇ ਧੰਨਵਾਦ ਕੀਤਾ। ਜੰਗ ਮੁਕਣ ਮਗਰੋਂ ਲਫਟੰਟ ਗਵਰਨਰ ਨੇ ਕਪੂਰਥਲੇ ਆ ਕੇ ਰਾਜਾ ਨਿਹਾਲ ਸਿੰਘ ਨੂੰ ਰਾਜਗੀ ਦਾ ਖ਼ਿਤਾਬ ਦਿੱਤਾ ਤੇ ਇੱਕ ਸਨਦ ਦਿੱਤੀ।

## ੫੩. ਸਨਦ ਦਾ ਸਾਰ

੫ ਦਸੰਬਰ ੧੮੪੯ ਕੰਪਨੀ ਅੰਗਰੇਜ਼ ਬਹਾਦਰ ਦੀ ਵਫ਼ਾਦਾਰੀ ਫਰਮਾਂ ਬਰਦਾਰੀ ਤੇ ਦੋਸਤੀ ਜਾਨ ਫਸ਼ਾਨੀ ਨਾਲ ਜੋ ਕੀਤੀ ਗਈ ਹੈ ਉਹ ਸਬੂਤ ਹੋ ਗਈ ਹੈ। ਇਸ ਕਰ ਕੇ ਰਹਿਮ ਤੇ ਕ੍ਰਿਪਾਲਤਾ ਨਾਲ ਰਾਜਗੀ ਬਹਾਦਰੀ ਦਾ ਖ਼ਿਤਾਬ ਖਿਲਅਤ ਸਮੇਤ ਇਸ ਸਨਦ ਦੇ ਦਿੱਤਾ ਗਿਆ ਚਾਹੀਏ ਕਿ ਅੱਗੋਂ ਨੂੰ ਪਿੱਛੇ ਨਾਲੋਂ ਵਧੀਕ ਖੈਰਖਾਹੀ ਪ੍ਰਗਟ ਕੀਤੀ ਜਾਏ।

## ੫੪. ਰਾਜਾ ਖੜਗ ਸਿੰਘ ਤੇ ਕੰਵਰ ਹਰਨਾਮ ਸਿੰਘ ਦਾ ਜਨਮ ਤੇ ਨਿਹਾਲ ਸਿੰਘ ਦਾ ਚਲਾਣਾ

ਅਗਸਤ ੧੮੫੦ ਈ. ਸੰਮਤ ੧੯੦੬ ਬਿਕ੍ਰਮੀ ਵਿੱਚ ਟਿੱਕਾ ਰਣਧੀਰ ਸਿੰਘ ਦੇ ਘਰ ਟਿੱਕਾ ਖੜਗ ਸਿੰਘ ਉਤਪੰਨ ਹੋਇਆ। ਸੰਮਤ ੧੯੦੭ ਬਿਕ੍ਰਮੀ ਵਿੱਚ ਕੰਵਰ ਸੁਚੇਤ ਸਿੰਘ ਦਾ ਵਿਆਹ ਹੋਇਆ। ੧੯੦੯ ਬਿ. ਨੂੰ ਕੰਵਰ ਹਰਨਾਮ ਸਿੰਘ ਉਤਪੰਨ ਹੋਇਆ।

## ੫੫. ਰਾਜਾ ਨਿਹਾਲ ਸਿੰਘ ਦੇ ਗੁਣ

ਰਾਜਾ ਨਿਹਾਲ ਸਿੰਘ ਬੜਾ ਨੇਕ ਨੀਯਤ ਸੀ ਤੇ ਨਿਆਏਸ਼ੀਲ ਸੀ। ਪ੍ਰਜਾ ਇਸ ਨੂੰ ਚਾਹੁੰਦੀ ਤੇ ਇਹ ਪ੍ਰਜਾ ਨਾਲ ਪਿਆਰ ਕਰਦਾ ਸੀ। ਇਸ ਦਾ ਪ੍ਰਬੰਧ ਸ਼ਲਾਘਾਯੋਗ ਸੀ ਤੇ ਅੰਗਰੇਜ਼ਾਂ ਦਾ ਦੋਸਤ ਸੀ।

ਰਾਜਾ ਨਿਹਾਲ ਸਿੰਘ ਨੂੰ ਆਪਣੀ ਦੂਜੀ ਰਾਣੀ ਨਾਲ ਬਹੁਤ ਪਿਆਰ ਸੀ। ਇਸ ਕਰ ਕੇ ਉਹ ਚਾਹੁੰਦਾ ਸੀ ਕਿ ਆਪਣੀ ਨਿੱਕੀ ਸੰਤਾਨ ਵਿੱਚੋਂ ਕਿਸੇ ਨੂੰ ਰਾਜਾ ਬਣਾਵੇ। ਕਿੰਤੂ ਸਰਕਾਰ ਦੇ ਵੱਡੇ ਲੜਕੇ ਦੇ ਹੱਕ ਤੇ ਜ਼ੋਰ ਦੇਣ ਤੇ ਬਿਠਾਣਾ ਪਿਆ। ਰਿਆਸਤ ਤੇ ਹਕੂਮਤ ਦੇਣੀ ਪਈ। ਇਸ ਨੇ

ਆਪਣੇ ਚਲਾਣੇ ਤੋਂ ਪਹਿਲਾਂ ਇੱਕ ਵਸੀਅਤ ਨਾਮਾ ਲਿਖ ਕੇ ਮਨਜ਼ੂਰੀ ਦੇ ਵਾਸਤੇ ਬੋਰਡ ਆਫ ਮਨਸਟ੍ਰੇਸ਼ਨ ਨੂੰ ਭੇਜਿਆ, ਜਿਸ ਦਾ ਸਾਰ ਭਾਵ ਇੰਜ ਹੈ:

ਇਹ ਸੰਸਾਰ ਸਦਾ ਰਹਿਣ ਦੀ ਥਾਂ ਨਹੀਂ, ਮੌਤ ਨੇ ਇੱਕ ਦਿਨ ਅਚਣਚੇਤ ਆ ਫੜਨਾ ਹੈ, ਪਰ ਸਮਝਦਾਰ ਨੂੰ ਚਾਹੀਦਾ ਹੈ ਕਿ ਆਪਣੀ ਜਾਇਦਾਦ ਦਾ ਅਜਿਹਾ ਪ੍ਰਬੰਧ ਕਰੇ ਜੋ ਪਿੱਛੇ ਓਹਦੇ ਵਾਰਸਾਂ ਵਿੱਚ ਝਗੜਾ ਨਾ ਹੋਵੇ। ਸੋ ਮੈਂ ਬਹੁਤ ਸੋਚ ਵਿਚਾਰ ਦੇ ਮਗਰੋਂ ਇਹ ਫ਼ੈਸਲਾ ਕੀਤਾ ਕਿ ਮੇਰੇ ਤਿੰਨ ਲੜਕੇ ਹਨ: ਟਿੱਕਾ ਰਣਧੀਰ ਸਿੰਘ, ਕੰਵਰ ਬਿਕਰਮਾ ਸਿੰਘ ਤੇ ਕੰਵਰ ਸੁਚੇਤ ਸਿੰਘ। ਇਹਨਾਂ ਤਿੰਨਾਂ ਵਿੱਚ ਕਿਸੇ ਤਰ੍ਹਾਂ ਦਾ ਝਗੜਾ ਨਾ ਹੋ ਜਾਵੇ, ਇਸ ਖ਼ਿਆਲ ਤੋਂ ਇੰਜ ਵੰਡ ਕਰਦਾ ਹਾਂ: ਇਕ ਇੱਕ ਲੱਖ ਰੁਪਏ ਦਾ ਇਲਾਕਾ ਬਿਨਾਂ ਕਿਸੇ ਤਰ੍ਹਾਂ ਦਾ ਗਵਰਨਮੈਂਟ ਨੂੰ ਨਜ਼ਰਾਨਾ ਦਿੱਤੇ ਦੇ ਕੰਵਰ ਬਿਕ੍ਰਮਾ ਸਿੰਘ ਤੇ ਸੁਚੇਤ ਸਿੰਘ ਵਿੱਚੋਂ ਹਰ ਇੱਕ ਨੂੰ ਦਿੱਤਾ ਜਾਏ, ਤਾਂ ਜੋ ਆਪੋ ਆਪਣੇ ਇਲਾਕੇ ਲੈ ਕੇ ਰਾਜ਼ੀ ਖ਼ੁਸ਼ੀ ਰਹਿਣ ਤੇ ਕਿਸੇ ਤਰ੍ਹਾਂ ਦਾ ਝਗੜਾ ਫਸਾਦ ਆਪੋ ਵਿੱਚ ਨਾ ਕਰਨ। ਬਾਕੀ ਰਿਆਸਤ ਵੱਡੇ ਪੁੱਤਰ ਕੰਵਰ ਰਣਧੀਰ ਸਿੰਘ ਦੇ ਕਬਜ਼ੇ ਵਿੱਚ ਰਹੇ, ਜਿਸ ਦੇ ਵਾਸਤੇ ਰੋੱਜ਼ੀਨੇ, ਨੌਕਰਾਂ ਦੀਆਂ ਤਨਖਾਹਾਂ, ਪਰਜਾ ਦੇ ਹੱਕਾਂ ਦਾ ਖ਼ਿਆਲ ਰੱਖਣਾ ਤੇ ਦੋਨਾਂ ਭਰਾਵਾਂ ਦੀਆਂ ਜਾਗੀਰਾਂ ਬਾਬਤ ਨਜ਼ਰਾਨੇ ਗਵਰਨਮੈਂਟ ਨੂੰ ਦੇਣਾ ਹੋਵੇਗਾ। ਹਰ ਇੱਕ ਗਵਰਨਮੈਂਟ ਨੂੰ ਹਰ ਇੱਕ ਸਿਪਾਹੀ ਤੋਂ ਵੱਖੋ ਵੱਖ ਨਜ਼ਰਾਨਾ ਲੈਣ ਦੀ ਪ੍ਰਵਾਨਗੀ ਹੋਵੇ। ਤਦ ਇਨ੍ਹਾਂ ਦੋਨਾਂ ਭਰਾਵਾਂ ਦੇ ਹਿੱਸਿਆਂ ਵਿੱਚ ਇੰਨਾ ਹੀ ਵਾਧਾ ਕਰਨਾ ਹੋਵੇਗਾ। ਇਨ੍ਹਾਂ ਭਰਾਵਾਂ ਦੇ ਇਲਾਕੇ ਦੇ ਫੌਜਦਾਰੀ ਮਾਮਲਿਆਂ ਦਾ ਸੰਬੰਧ ਵੀ ਟਿੱਕਾ ਪਾਸ ਹੋਵੇਗਾ। ਇਸ ਵਾਸਤੇ ਓਹਦੇ ਲਈ ਨਿਆਇਸ਼ੀਲ ਹੋਣਾ ਜ਼ਰੂਰੀ ਹੋਵੇਗਾ ਤੇ ਜੇ ਇਹ ਦੋਨੋਂ ਭਰਾ ਆਪਣੇ ਇਲਾਕੇ ਦੇ ਫੌਜਦਾਰੀ ਮਾਮਲਿਆਂ ਦੇ ਪ੍ਰਬੰਧ ਤੋਂ ਟਿੱਕੇ ਤੇ ਰਾਜ਼ੀ ਨਾ ਹੋਣ ਤਦ ਗਵਰਨਮੈਂਟ ਨੂੰ ਇਹ ਮਾਮਲੇ ਆਪਣੇ ਹੱਥ ਲੈ ਲੈਣੇ ਚਾਹੀਦੇ ਹਨ। ਮੇਰੇ ਲੜਕਿਆਂ ਨੂੰ ਗਵਰਨਮੈਂਟ ਦੀ ਵਫ਼ਾਦਾਰੀ ਆਪਣੀ ਇੱਜ਼ਤ ਦਾ ਕਾਰਨ ਸਮਝਣੀ ਚਾਹੀਦੀ ਹੈ ਤੇ ਪਰਜਾ ਦਾ ਇਨਸਾਫ਼ ਕਰਨਾ ਤੇ ਗ਼ਰੀਬਾਂ ਦੇ ਪਾਲਣ ਦਾ ਸਦਾ ਖ਼ਿਆਲ ਰੱਖਣਾ ਚਾਹੀਦਾ ਹੈ। ਇਸ ਵਸੀਅਤ ਦੀ ਇੱਕ ਨਕਲ ਮਹਿਕਮਾ ਬੋਰਡ ਆਪਣੇ ਪਾਸ ਰੱਖੇ ਤੇ ਇੱਕ ਕਾਗ਼ਜ਼ ਜਿਸ ਤੇ ਬੋਰਡ ਦੇ ਦਸਤਖ਼ਤ ਹੋਣ ਮੇਰੇ ਪਾਸ ਭੇਜ ਦੇਵੇ। ਇਹਦੇ ਪੁੱਜਣ ਤੇ ਨਕਦੀ ਗਹਿਣੇ ਤੇ ਮਕਾਨਾਂ ਬਾਬਤ ਵਸੀਅਤ ਦਾ ਕਾਗ਼ਜ਼ ਬੋਰਡ ਪਾਸ ਸਹੀ ਲਈ ਭੇਜਿਆ ਜਾਵੇਗਾ। ਮੈਨੂੰ ਆਸ ਹੈ ਕਿ ਗਵਰਨਮੈਂਟ ਮੇਰੇ ਵਾਂਗ ਮੇਰੇ ਲੜਕਿਆਂ ਦੀ ਇੱਜ਼ਤ ਕਰੇਗੀ। ਇਨ੍ਹਾਂ ਨੂੰ ਆਪਣੇ ਅਧੀਨ ਰਖੇਗੀ ਤੇ ਇਹ ਵੀ ਸਰਕਾਰ ਦਾ ਹੁਕਮ ਮੰਨਦੇ ਰਹਿਣਗੇ।

ਇਸ ਵਸੀਅਤ ਵਿੱਚ ਭਾਵੇਂ ਟਿੱਕੇ ਨੂੰ ਰਾਜ ਦਾ ਵਾਰਸ ਹੋਣਾ ਦੱਸਿਆ ਸੀ, ਕਿੰਤੂ ਦੂਜੇ ਲੜਕਿਆਂ ਨੂੰ ਇੰਨਾ ਲਾਭ ਪੁਚਾਣਾ ਚਾਹਿਆ, ਜਿਸ ਤੋਂ ਨਾ ਕੇਵਲ ਟਿੱਕਾ ਰਣਧੀਰ ਸਿੰਘ ਨੂੰ ਹੀ ਨੁਕਸਾਨ ਪੁੱਜਦਾ ਸੀ, ਬਲਕਿ ਆਹਲੂਵਾਲੀਆ ਰਿਆਸਤ ਦਾ ਕਾਇਮ ਰਹਿਣਾ ਵੀ ਅਸੰਭਵ ਹਨ।

ਰਿਆਸਤ ਦੀ ਕੁੱਲ ਆਮਦਨ ੫ ਲੱਖ ੨੨ ਹਜ਼ਾਰ ੨੬੩ ਸੀ, ਜਿਸ ਵਿੱਚੋਂ ੨ ਲੱਖ ਦੀ ਉਹਨਾਂ ਨੇ ਆਪਣੇ ਲੜਕਿਆਂ ਨੂੰ ਬਿਨਾਂ ਨਜ਼ਰਾਨਿਆਂ ਦੇ ਦੇਣ ਦੀ ਤਜਵੀਜ਼ ਕੀਤੀ ਤੇ ਬਾਕੀ ੩ ਲੱਖ ੨੨ ਹਜ਼ਾਰ ੨੬੩ ਵਿੱਚੇ ਕੁੱਲ ਖ਼ਰਚ ਤੇ ਨਜ਼ਰਾਨੇ ਆਦਿਕ ਮਿਲਾ ਕੇ ਵੱਡੇ ਲੜਕੇ ਰਣਧੀਰ ਸਿੰਘ ਨੂੰ ਦੇਣਾ ਕਿਹਾ, ਜਿਸ ਵਿੱਚੋਂ ਕੁੱਲ ਖ਼ਰਚ ਕੱਢਣ ਤੇ ਰਾਜਾ ਰਣਧੀਰ ਸਿੰਘ ਵਾਸਤੇ ਸਿਰਫ ੨੦ ਹਜ਼ਾਰ ੩੩੧ ਰੁਪਏ ਜ਼ਾਤੀ ਖ਼ਰਚੇ ਵਾਸਤੇ ਬਚਦੇ ਸੀ, ਜਿਸ ਤੋਂ ਰਿਆਸਤ ਦੇ ਬਰਬਾਦ ਹੋਣ ਤੋਂ ਬਿਨਾਂ ਕੋਈ ਗੱਲ ਨਹੀਂ ਸੀ ਜੋ ਹੋਂਦੀ। ਕਿੰਤੂ ਰਾਜਾ ਰਣਧੀਰ ਸਿੰਘ ਬੜਾ ਸਿਆਣਾ ਤੇ ਅਕਲਮੰਦ ਸੀ। ਪਿਤਾ ਦੇ ਮਰਨ ਤੇ ਉਹਨੇ ਆਪਣੇ ਦੋਨਾਂ ਭਰਾਵਾਂ ਨੂੰ ਆਪਣੇ ਨਾਲ ਮਿਲਾ ਲਿਆ ਤੇ ਤਿੰਨਾਂ ਨੇ ਮਿਲ ਕੇ ਬੋਰਡ ਨੂੰ ਲਿਖਿਆ ਕਿ ਪਿਤਾ ਦੀ ਵਸੀਅਤ ਸਾਨੂੰ ਮਨਜ਼ੂਰ ਨਹੀਂ। ਅਸੀਂ ਰਿਆਸਤ ਵਿੱਚ ਵੰਡੀਆਂ ਨਹੀਂ ਕਰਨਾ ਚਾਹੁੰਦੇ। ਅਸੀਂ ਮਿਲ ਕੇ ਰਹਾਂਗੇ ਤੇ ਦੋਨਾਂ ਛੋਟੇ ਭਰਾਵਾਂ ਨੇ ਵੱਖੋ ਵੱਖ ਚਿੱਠੀਆਂ ਵੀ ਬੋਰਡ ਨੂੰ ਲਿਖੀਆਂ ਕਿ ਅਸੀਂ

ਆਪਣੇ ਵੱਡੇ ਭਰਾ ਦੇ ਹੁਕਮ ਵਿੱਚ ਰਹਿਣਾ ਚਾਹੁੰਦੇ ਹਾਂ। ਉਸ ਦੀ ਸਲਾਹ ਨਾਲ ਹਰ ਕੰਮ ਕਰਾਂਗੇ। ਇਲਾਕੇ ਵੰਡਣ ਦੀ ਕੋਈ ਲੋੜ ਨਹੀਂ। ਕਿੰਤੂ ਬੋਰਡ ਦੇ ਮੈਂਬਰਾਂ ਦੀ ਕਪੂਰਥਲਾ ਸਟੇਟ ਬਾਬਤ ਇੱਕ ਰਾਏ ਨਹੀਂ ਸੀ। ਇੱਕ ਮੈਂਬਰ ਤਾਂ ਕਹਿੰਦਾ ਸੀ ਕਿ ਨਜ਼ਰਾਨੇ ਦੀ ਰਕਮ ਬਦਲੇ ਪਿੰਡ ਲੈ ਲੈਣੇ ਚਾਹੀਦੇ ਹਨ, ਨਹੀਂ ਤਾਂ ਇਹ ਤਾਂ ਜ਼ਰੂਰ ਹੋਣਾ ਚਾਹੀਦਾ ਹੈ ਕਿ ਫਗਵਾੜਾ ਜਹੇ ਇਲਾਕੇ ਜੋ ਰਿਆਸਤ ਦੀ ਰਾਜਧਾਨੀ ਤੋਂ ਦੂਰ ਹਨ, ਲੈ ਲਏ ਜਾਣ। ਉਹਨਾਂ ਦੀ ਆਮਦਨੀ ਖਰਾਜ ਦੇ ਵਿੱਚੋਂ ਘਟਾ ਦਿੱਤੀ ਜਾਵੇ। ਪੁਲਿਸ ਤੇ ਫੌਜਦਾਰੀ ਦੇ ਅਖਤਯਾਰਾਤ ਜੋ ਰਾਜਾ ਸਾਹਿਬ ਨੂੰ ਪ੍ਰਾਪਤ ਸਨ, ਵਾਪਸ ਲੈ ਲਏ ਜਾਣ। ਬਾਕੀ ਦੇ ਦੋ ਮੈਂਬਰਾਂ ਦੀ ਰਾਏ ਇਹਦੇ ਵਿਰੁੱਧ ਸੀ। ਉਹ ਇਕਰਾਰ ਦੇ ਵਿਰੁੱਧ ਕੋਈ ਕੰਮ ਕਰਨਾ ਨਹੀਂ ਚਾਹੁੰਦੇ ਸਨ। ਇਸ ਕਰ ਕੇ ਮੈਂਬਰਾਂ ਨੇ ਜੋ ਜੋ ਰਾਏ ਦਿੱਤੀਆਂ, ਗਵਰਨਮੈਂਟ ਹਿੰਦ ਪਾਸ ਅੰਤਮ ਫ਼ੈਸਲੇ ਲਈ ਭੇਜ ਦਿੱਤੀਆਂ ਗਈਆਂ ਤੇ ਉੱਥੋਂ ਇਹ ਫ਼ੈਸਲਾ ਹੋਇਆ ਕਿ:

ਜਦ ਤੱਕ ਤਿੰਨੇ ਭਰਾ ਇਕੱਠੇ ਰਹਿਣ, ਸਾਰੀ ਰਿਆਸਤ ਰਾਜਾ ਰਣਧੀਰ ਸਿੰਘ ਦੇ ਕਬਜ਼ੇ ਵਿੱਚ ਰਹੇ। ਕਿੰਤੂ ਜਦ ਇਨ੍ਹਾਂ ਵਿੱਚ ਫੁਟ ਪੈ ਜਾਏ, ਜਿਸ ਦੇ ਪੈਣ ਦੀ ਪੂਰਨ ਆਸ ਹੈ, ਤਦ ਇਨ੍ਹਾਂ ਦੇ ਹਿੱਸੇ ਵੰਡ ਕੇ ਇੱਕ ਜਾਗੀਰ ਵਜੋਂ ਕਰ ਦਿੱਤੇ ਜਾਣਗੇ ਤੇ ਵਸੀਅਤ ਪ੍ਰਕਾਸ਼ਤ ਕਰ ਦਿੱਤੀ ਜਾਵੇਗੀ, ਇਸ ਤਰ੍ਹਾਂ ਜਾਗੀਰ ਵਿੱਚ ਫੌਜਦਾਰੀ ਪ੍ਰਬੰਧ ਵਿੱਚ ਸਾਡਾ ਦਖ਼ਲ ਹੋਵੇਗਾ।

ਦੂਜੀ ਗੱਲ ਨਜ਼ਰਾਨੇ ਦੇ ਬਦਲੇ ਰਿਆਸਤ ਦੇ ਪਿੰਡ ਲੈਣ ਨੂੰ ਸਰਕਾਰ ਨੇ ਅਪ੍ਰਵਾਨ ਕਰ ਦਿੱਤਾ ਤੇ ਕਿਹਾ ਕਿ ਇਸ ਵਿੱਚ ਸ਼ੱਕ ਨਹੀਂ ਕਿ ਇਸ ਤਰ੍ਹਾਂ ਦੇ ਖਿੰਡਰੇ ਹੋਏ ਪਿੰਡ ਦੇ ਲੈ ਲੈਣ ਤੇ ਰਿਆਸਤ ਦੇ ਪ੍ਰਬੰਧ ਵਿੱਚ ਸੁਖੈਨਤਾ ਹੋ ਜਾਵੇਗੀ, ਕਿੰਤੂ ਇਸ ਗੱਲ ਨੂੰ ਇਕਰਾਰ ਦੇ ਉਲਟ ਹੋਣ ਕਰ ਕੇ ਸਰਕਾਰ ਇਸ ਮਾਮਲੇ ਵਿੱਚ ਸਖ਼ਤੀ ਨਹੀਂ ਕਰਨਾ ਚਾਹੁੰਦੀ।

ਪੁਲਿਸ ਤੇ ਫੌਜਦਾਰੀ ਅਖਤਿਆਰ ਲੈ ਲੈਣ ਵਾਲੀ ਗੱਲ ਨੂੰ ਵੀ ਨਾ ਮੰਨਿਆ ਤੇ ਇਸ ਨੂੰ ਇਨਸਾਫ਼ ਵਿਰੁੱਧ ਸਮਝ ਕੇ ਰਾਜਾ ਰਣਧੀਰ ਸਿੰਘ ਪਾਸ ਹੀ ਰਹਿਣ ਦਿੱਤਾ ਤੇ ਲਿਖ ਦਿੱਤਾ ਕਿ ਰਾਜਾ ਰਣਧੀਰ ਸਿੰਘ ਨੂੰ ਗੱਦੀ ਤੇ ਬਿਠਾ ਦਿੱਤਾ ਜਾਏ ਤੇ ਖਿਲਅਤ ਦਿੱਤੀ ਜਾਵੇ। ਸੋ ਅਪ੍ਰੈਲ ੧੮੫੩ ਈ. ਨੂੰ ਕਮਿਸ਼ਨਰ ਸਾਹਿਬ ਜਲੰਧਰ ਨੇ ਰਾਜਾ ਰਣਧੀਰ ਸਿੰਘ ਨੂੰ ਖਿਲਅਤ ਦਿੱਤੀ।

## ੫੬. ਕੰਵਰ ਸੁਚੇਤ ਸਿੰਘ ਦਾ ਝਗੜਾ

ਅਜੇ ਇਸ ਗੱਲ ਨੂੰ ਥੋੜ੍ਹਾ ਸਮਾਂ ਵੀ ਨਹੀਂ ਗੁਜ਼ਰਿਆ ਸੀ ਕਿ ਛੋਟੇ ਲੜਕੇ ਕੰਵਰ ਸੁਚੇਤ ਸਿੰਘ ਨੇ ਆਪਣੀਆਂ ਲਿਖਤਾਂ ਨੂੰ ਭੁੱਲ ਕੇ ਆਪਣੇ ਇਲਾਕੇ ਦੇ ਵੰਡ ਦੀ ਦਰਖ਼ਾਸਤ ਦਿੱਤੀ ਤੇ ਸੁਪਰੀਮ ਗਵਰਨਮੈਂਟ ਨੂੰ ਇੱਕ ਚਿੱਠੀ ਵੀ ਭੇਜੀ। ਉਸ ਵੇਲੇ ਵਸੀਅਤ ਦਾ ਪ੍ਰਕਾਸ਼ਤ ਕਰਨਾ, ਜ਼ਰੂਰੀ ਸਮਝਿਆ ਗਿਆ ਤੇ ਕਮਿਸ਼ਨਰ ਜਲੰਧਰ ਨੂੰ ਲਿਖਿਆ ਗਿਆ ਕਿ ਉਹ ਜਾਂਚ ਪੜਤਾਲ ਕਰ ਕੇ ਜੇਹੜੇ ਪਿੰਡ ਉਚਿਤ ਸਮਝੇ ਇਨ੍ਹਾਂ ਨੂੰ ਦਵਾ ਦੇਵੇ।

ਅਪ੍ਰੈਲ ੧੮੫੪ ਨੂੰ ਉਕਤ ਸਾਹਿਬ ਦਾਈਆ ਭੋਂਗਾ ਨੇ ਇਲਾਕੇ ਜਿਨ੍ਹਾਂ ਦੀ ਆਮਦਨੀ ਲਗਭਗ ਨੀਯਤ ਰਕਮ ਜਿੰਨੀ ਹੀ ਸੀ, ਕੰਵਰ ਸੁਚੇਤ ਸਿੰਘ ਨੂੰ ਦਵਾ ਦਿੱਤੇ ਤੇ ਭੋਂਗਾ ਜ਼ਿਲ੍ਹਾ ਹੁਸ਼ਿਆਰਪੁਰ ਤੇ ਦਾਈਆ ਜ਼ਿਲ੍ਹਾ ਜਲੰਧਰ ਵਿੱਚ ਮਿਲਾ ਦਿੱਤਾ ਗਿਆ।

ਇਸੇ ਸਮੇਂ ਵਿੱਚ ਫਿਰ ਕੰਵਰ ਸੁਚੇਤ ਸਿੰਘ ਨੇ ਆਪਣੇ ਭਰਾਵਾਂ ਨਾਲ ਮਿਲ ਕੇ ਇੱਕ ਦਰਖ਼ਾਸਤ ਗਵਰਨਮੈਂਟ ਨੂੰ ਦਿੱਤੀ ਕਿ ਮੈਨੂੰ ਇੱਕ ਲੱਖ ਰੁਪਏ ਦੀ ਵੱਖਰੀ ਜਾਗੀਰ ਲੈਣੀ ਪ੍ਰਵਾਨ ਨਹੀਂ, ਮੈਨੂੰ ਆਪਣੇ ਭਰਾ ਦੀ ਤਾਬਿਆਦਾਰੀ ਵਿੱਚ ਰਹਿ ਕੇ ੫੦ ਹਜ਼ਾਰ ਦੀ ਜਾਗੀਰ ਲੈਣੀ ਪ੍ਰਵਾਨ ਹੈ।

ਕਰਨਲ ਲੇਕ ਸਾਹਿਬ ਕਮਿਸ਼ਨਰ ਜਲੰਧਰ ਨੇ ੧੮੬੦ ਵਿੱਚ ਲਿਖਿਆ ਕਿ ਇੰਜ ਕਰਨ ਦੇ ਨਾਲ ਸਾਰੇ ਭਰਾ ਸਹਿਮਤ ਹਨ, ਵਸੀਅਤ ਵੀ ਨਹੀਂ ਟੁੱਟੇਗੀ। ਨਿੱਕੇ ਭਰਾ ਨੇ ਤਾਬਿਆਦਾਰ ਰਹਿਣਾ ਤੇ ਵੱਡੇ ਭਰਾ ਨੇ ਇਲਾਕਾ ਦੇਣਾ ਪ੍ਰਵਾਨ ਕਰ ਲਿਆ ਹੈ ਤੇ ਇਹ ਜਾਗੀਰ ਸੁਚੇਤ ਸਿੰਘ ਦੇ ਵਾਰਸਾਂ ਪਾਸ ਕਾਇਮ ਰਹੇਗੀ। ਇਸ ਕਰ ਕੇ ਇਸ ਗੱਲ ਨੂੰ ਮੰਨ ਲੈਣਾ ਹਾਨੀਕਾਰਕ ਨਹੀਂ ਹੋਵੇਗਾ।

ਗਵਰਨਮੈਂਟ ਪੰਜਾਬ ਨੇ ਰਾਜਾ ਰਣਧੀਰ ਸਿੰਘ ਦੀ ਗਦਰ ਦੇ ਦਿਨਾਂ ਵਿੱਚ ਸੇਵਾ ਨੂੰ ਮੁੱਖ ਰੱਖ ਕੇ ਇਸ ਗੱਲ ਨੂੰ ਪ੍ਰਵਾਨ ਕਰ ਲਿਆ।

## ੫੭. ਬਿਕ੍ਰਮਾ ਸਿੰਘ ਦੀ ਅਜੋੜ

੧੮੬੬ ਈ. ਵਿੱਚ ਫਿਰ ਭਰਾਵਾਂ ਦੀ ਆਪੋ ਵਿੱਚ ਅਣਬਣ ਹੋ ਗਈ। ਕੰਵਰ ਬਿਕਰਮਾ ਸਿੰਘ ਨੇ ਗਵਰਨਮੈਂਟ ਨੂੰ ਲਿਖਿਆ ਕਿ ਸਾਡੀ ਆਪੋ ਵਿੱਚ ਪੂਰੇ ਤੌਰ ਤੇ ਅਣਬਣ ਹੋ ਗਈ ਹੈ। ਇਸ ਕਰ ਕੇ ਸਾਡੇ ਪਿਤਾ ਦੀ ਵਸੀਅਤ ਅਨੁਸਾਰ ਵੰਡ ਕੀਤੀ ਜਾਵੇ।

ਗਵਰਨਮੈਂਟ ਨੇ ਹੁਣ ਇਸ ਮਾਮਲੇ ਵਿੱਚ ਦਖ਼ਲ ਦੇਣਾ ਠੀਕ ਨਾ ਸਮਝਿਆ ਤੇ ਕੋਰਾ ਜਵਾਬ ਦੇ ਦਿੱਤਾ। ਕੰਵਰ ਬਿਕਰਮਾ ਸਿੰਘ ਨੇ ਦੋ ਤਿੰਨ ਵਾਰ ਚਿੱਠੀਆਂ ਲਿਖ ਕੇ ਯਾਦ ਕਰਾਇਆ, ਕਿੰਤੂ ਹਰ ਵਾਰ ਇੱਕੋ 'ਨਾਂਹ' ਵਿੱਚ ਹੀ ਜਵਾਬ ਮਿਲਿਆ।

ਆਪਣੇ ਦਾਵੇ ਨੂੰ ਜ਼ੋਰਦਾਰ ਕਰਨ ਲਈ ਕੰਵਰ ਬਿਕਰਮਾ ਸਿੰਘ ਨੇ ਆਪਣੇ ਨਿੱਕੇ ਭਰਾ ਕੰਵਰ ਸੁਚੇਤ ਸਿੰਘ ਨੂੰ ਵੀ ਆਪਣੇ ਨਾਲ ਮਿਲਾ ਲਿਆ ਤੇ ਫਿਰ ਦਰਖ਼ਾਸਤ ਦਿੱਤੀ। ਪੰਜਾਬ ਗਵਰਨਮੈਂਟ ਨੇ ਇਸ ਮਾਮਲੇ ਨੂੰ ਆਖ਼ਰੀ ਫ਼ੈਸਲੇ ਲਈ ਹਿੰਦ ਦੀ ਸਰਕਾਰ ਪਾਸ ਭੇਜ ਦਿੱਤਾ ਜਿੱਥੋਂ ਰਾਜਾ ਬਿਕਰਮਾ ਸਿੰਘ ਦੇ ਹੱਕ ਵਿੱਚ ਫ਼ੈਸਲਾ ਹੋਇਆ।

੧੮੫੨ ਨੂੰ ਗਵਰਨਮੈਂਟ ਨੇ ਵਸੀਅਤਨਾਮਾ ਪ੍ਰਵਾਨ ਕਰ ਲਿਆ ਤੇ ਭਾਵੇਂ ਉਸ ਵੇਲੇ ਹਿੱਸੇ ਵੰਡਣ ਤੇ ਜ਼ੋਰ ਨਹੀਂ ਦਿੱਤਾ ਗਿਆ ਸੀ, ਕਿੰਤੂ ਹਿੱਸੇ ਵੰਡਣੇ ਮਨਜ਼ੂਰ ਕਰ ਲਏ ਗਏ ਸਨ। ਰਾਜਾ ਸਾਹਿਬ ਨੇ ਇਹਦੇ ਵਿਰੁੱਧ ਅਪੀਲ ਕੀਤੀ, ਕਿੰਤੂ ਗਵਰਨਮੈਂਟ ਨੇ ਇਹ ਹੀ ਹੁਕਮ ਦਿੱਤਾ ਕਿ ਵੰਡ ਜ਼ਰੂਰ ਹੋਵੇਗੀ।

੧੮੬੦ ਵਿੱਚ ਜੋ ਤਕਰੀਰ ਲਾਰਡ ਕੈਨਿੰਗ ਨੇ ਕੀਤੀ, ਉਸ ਤੋਂ ਵਸੀਅਤਨਾਮੇ ਦਾ ਮੁਲਤਵੀ ਹੋਣਾ ਪ੍ਰਗਟ ਹੁੰਦਾ ਹੈ। ਵਸੀਅਤਨਾਮਾ ਵਰਤੋਂ ਵਿੱਚ ਕਦੇ ਨਹੀਂ ਆਵੇਗਾ, ਇਹ ਕਿਤੇ ਨਹੀਂ ਲਿਖਿਆ ਭਾਵੇਂ ਕੁਝ ਹੀ ਹੋਵੇ, ਇਹ ਪ੍ਰਬੰਧ ਜਿਸ ਨੂੰ ਗਵਰਨਮੈਂਟ ਪ੍ਰਵਾਨ ਕਰ ਚੁੱਕੀ ਹੈ, ਰੱਦ ਨਹੀਂ ਹੋ ਸਕਦਾ। ਇਸ ਕਰ ਕੇ ਵਸੀਅਤਨਾਮੇ ਅਨੁਸਾਰ ਵੰਡ ਜ਼ਰੂਰ ਹੋਣੀ ਚਾਹੀਦੀ ਹੈ।

ਨਿੱਕੇ ਭਰਾ ਨੂੰ ਇੱਕ ਲੱਖ ਦੀ ਜਾਗੀਰ ਦਾ ਇਲਾਕਾ ਦਿੱਤਾ ਜਾ ਚੁੱਕਾ ਹੈ, ਵੱਡੇ ਨੂੰ ਵੀ ਇਸੇ ਤਰ੍ਹਾਂ ਦਿੱਤਾ ਜਾਵੇ। ਇਨ੍ਹਾਂ ਦੀ ਸੰਤਾਨ ਵਿੱਚ ਇਹ ਜਾਇਦਾਦ ਰਹੇਗੀ। ਕਿੰਤੂ ਲੜਕਾ ਨਾ ਹੋਣ ਦੀ ਸ਼ਕਲ ਵਿੱਚ ਇਹ ਜਾਇਦਾਦ ਫਿਰ ਰਾਜਾ ਸਾਹਿਬ ਪਾਸ ਚਲੀ ਜਾਵੇਗੀ।

## ੫੮. ਵਲਾਇਤ ਵਿੱਚ ਅਪੀਲ

ਇਹ ਫ਼ੈਸਲਾ ਰਾਜਾ ਰਣਧੀਰ ਸਿੰਘ ਦੀ ਮਰਜ਼ੀ ਦੇ ਵਿਰੁੱਧ ਹੋਇਆ ਸੀ, ਇਸ ਕਰ ਕੇ ਉਹਨਾਂ ਨੇ ਆਪਣੇ ਦੀਵਾਨ ਮਥਰਾ ਦਾਸ ਨੂੰ ਵਲਾਇਤ ਭੇਜ ਕੇ ਸੈਕਰੇਟਰੀ ਆਫ ਸਟੇਟ ਪਾਸ ਅਪੀਲ ਕੀਤੀ, ਜਿੱਥੋਂ ਰਾਜਾ ਸਾਹਿਬ ਦੇ ਹੱਕ ਵਿੱਚ ਫ਼ੈਸਲਾ ਹੋਇਆ। ੧੨ ਫਰਵਰੀ ੧੮੬੯ ਨੂੰ ਵਾਇਸਰਾਏ ਹਿੰਦ ਪਾਸ ਇਸ ਮੁਕੱਦਮੇ ਦਾ ਆਖ਼ਰੀ ਫ਼ੈਸਲਾ ਜੋ ਪੁੱਜਾ ਓਹਦੇ ਵਿੱਚ ਲਿਖਿਆ ਸੀ ਕਿ:

ਆਪ ਦੇ ਮੁਕੱਦਮੇ ਦੇ ਕਾਗ਼ਜ਼ ਬਾਇਜਲਾਸ ਕੌਂਸਲ ਜਿਹਾ ਕਿ ਏਸ ਮੁਕੱਦਮੇ ਦੀ ਗੌਰਵਤਾ ਹੈ, ਡੂੰਘੀ ਵਿਚਾਰ ਨਾਲ ਵੇਖੇ ਗਏ। ਲਾਰਡ ਕੈਨਿੰਗ ਨੇ ਰਾਜਾ ਸਾਹਿਬ ਵੱਲੋਂ ਲੜਾਈ ਦੇ ਦਿਨਾਂ ਵਿੱਚ ਹੋਈ ਜੰਗੀ ਸੇਵਾ ਦਾ ਧੰਨਵਾਦ ਕਰਦੇ ਹੋਏ ਜੋ ਲਫ਼ਜ਼ ਕਹੇ ਉਹ ਇਹ ਹਨ:

ਇਨ੍ਹਾਂ ਸ਼ੁਭਚਿੰਤਕਾਂ ਤੇ ਵਫ਼ਾਦਾਰੀ ਦੀ ਸੇਵਾ ਦੇ ਬਦਲੇ ਅਸਾਂ ਤੁਹਾਨੂੰ ਆਪ ਦਾ ਪੁਰਾਣਾ ਇਲਾਕਾ ਜੋ ਦਵਾਬਾ ਬਾਰੀ ਵਿੱਚ ਵਾਕਿਆ ਹੈ, ਹਮੇਸ਼ਾਂ ਵਾਸਤੇ ਦਿੱਤਾ ਤੇ ਆਪ ਦੇ ਵਾਲਦ ਦਾ ਵਸੀਅਤਨਾਮਾ ਮਨਸੂਖ ਹੋਇਆ। ਆਪ ਦਾ ਇਲਾਕਾ ਦਾਈਆ ਤੇ ਭੋਂਗਾ ਓਸ ਤਰ੍ਹਾਂ ਕਾਇਮ ਰੱਖਿਆ ਗਿਆ ਤੇ ਰਿਆਸਤ ਵਿੱਚ ਮਿਲਾਇਆ ਗਿਆ ਜਿਸ ਤਰ੍ਹਾਂ ਕਿ ਪਹਿਲਾਂ ਸੀ।

ਆਪ ਦੀ ਗਵਰਨਮੈਂਟ ਨੇ ਇਹਦੇ ਅਰਥ ਇਹ ਲਏ ਹਨ ਕਿ ਵਾਇਸਰਾਏ ਨੇ ਵਸੀਅਤਨਾਮਾ ਮੁਲਤਵੀ ਕੀਤਾ ਸੀ, ਇਹ ਨਹੀਂ ਕਿਹਾ ਕਿ ਇਹ ਵਰਤੋਂ ਵਿੱਚ ਕਦੇ ਨਾ ਆਵੇਗਾ।

ਇਹ ਤਕਰੀਰ ਕਰ ਚੁੱਕਣ ਤੇ ਰਾਜਾ ਸਾਹਿਬ ਨੇ ਮਥਰਾ ਦਾਸ ਨੂੰ ਆਪਣੇ ਪਾਸ ਸੱਦਿਆ ਤੇ ਮੁਰਵਾਰੀਦ ਦਾ ਇੱਕ ਕੈਂਠਾ ਆਪਣੀ ਹੱਥੀਂ ਇਹਦੇ ਗੱਲ ਵਿੱਚ ਪਾਇਆ ਤੇ ਕਿਹਾ ਕਿ ਅਸੀਂ ਤੈਨੂੰ ਇਹ ਇਸ ਵੇਲੇ ਦੀ ਯਾਦਗਾਰ ਦੇਂਦੇ ਹਾਂ ਤੇ ਇਹ ਬਹੁਮੁੱਲੀ ਖਿਲਅਤ ਦਿੱਤੀ। ਇਸ ਤੋਂ ਵੱਖਰਾ ਕਰਨੈਲ ਮੁਹੰਮਦ ਅਲੀ ਖਾਂ ਨੂੰ ਜੋ ਮਥਰਾ ਦਾਸ ਦੇ ਨਾਲ ਵਲਾਇਤ ਗਿਆ ਸੀ, ੧੦੦) ਮਹੀਨਾ ਪਿਨਸ਼ਨ ਤਨਖਾਹ ਤੋਂ ਵੱਖਰਾ ਤੇ ੨੦੦) ਨਾਲ ਦੇ ਨੌਕਰਾਂ ਵਾਸਤੇ ਦਿੱਤਾ।

ਹੁਣ ਤੱਕ ਤਾਂ ਰਿਅਸਤ ਦੇ ਘਰ ਦੇ ਝਗੜਿਆਂ ਦਾ ੧੯ ਸਾਲ ਰਹੇ ਦਾ ਜ਼ਿਕਰ ਹੋਇਆ ਹੈ। ਕਿੰਤੂ ਹੁਣ ਇਸ ਸਮੇਂ ਦੇ ਕੁਝ ਸਾਲ ਪਹਿਲੇ ਦੇ ਇਤਿਹਾਸ ਤੇ ਨਜ਼ਰ ਮਾਰਨਾ ਜ਼ਰੂਰੀ ਹੈ।

## ੫੯. ਰਾਜਾ ਰਣਧੀਰ ਸਿੰਘ ਦੀ ਗਵਰਨਮੈਂਟ ਨੂੰ ਮਦਦ

ਇਸ ਸਮੇਂ ਰਾਜਾ ਰਣਧੀਰ ਸਿੰਘ ਨੇ ਬੜੇ ਕਠਨ ਸਮੇਂ ਤੇ ਸਾਥ ਦਿੱਤਾ ਜਦੋਂ ਕਿ ਅੰਗਰੇਜ਼ੀ ਹਕੂਮਤ ਦੀ ਕਿਸ਼ਤੀ ਭੰਵਰ ਵਿੱਚ ਚੁੱਭੀਆਂ ਲਾ ਰਹੀ ਸੀ। ਇਸ ਨੂੰ ਬਚਾ ਕੇ ਕੰਢੇ ਤੇ ਲਾਣ ਵਾਲਾ ਸਵਾਏ ਸਿੱਖਾਂ ਦੀ ਬਹਾਦਰ ਕੌਮ ਦੇ ਤੇਜ਼ਰੋ ਮਲਾਹ ਕੇਹੜਾ ਨਿੱਕਲਣਾ ਸੀ ਅਰਥਾਤ ੧੮੫੭ ਵਿੱਚ ਜਦੋਂ ਹਿੰਦ ਵਿੱਚ ਫਸਾਦ ਦੀ ਅੱਗ ਬਲੀ ਉਸ ਵੇਲੇ ਰਾਜਾ ਰਣਧੀਰ ਸਿੰਘ ਨੂੰ ਅੰਗਰੇਜ਼ਾਂ ਦਾ ਇੱਕ ਜ਼ੈਲਦਾਰ ਹੋਣ ਦੀ ਸੂਰਤ ਵਿੱਚ ਵਾਜਬ ਸੀ ਕਿ ਅੰਗਰੇਜ਼ਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰਦਾ। ਕਿੰਤੂ ਓਹ ੧ ਲੱਖ ੩੨ ਹਜ਼ਾਰ ਰੁਪਿਆ ਨਕਦ ਸਲਾਨਾ ਫੌਜੀ ਖਿਦਮਤ ਦੇ ਬਦਲੇ ਪਹਿਲਾਂ ਹੀ ਦੇ ਚੁੱਕਾ ਸੀ। ਇਸ ਕਰ ਕੇ ਇਨ੍ਹਾਂ ਨੂੰ ਫੌਜੀ ਸੇਵਾ ਦੇ ਵਾਸਤੇ ਮਜਬੂਰ ਨਹੀਂ ਕੀਤਾ ਜਾ ਸਕਦਾ ਸੀ। ਤਦ ਵੀ ਜਿਸ ਵੇਲੇ ਇਨ੍ਹਾਂ ਦਿੱਲੀ ਤੇ ਮੇਰਠ ਵਿੱਚ ਗਦਰ ਹੋਣ ਦੀ ਖ਼ਬਰ ਸੁਣੀ ਤਦ ਉਸ ਵੇਲੇ ਸਾਰੀ ਫੌਜ ਇਕੱਠੀ ਕਰ ਕੇ ਆਪਣੇ ਭਾਈ ਕੰਵਰ ਬਿਕਰਮਾ ਸਿੰਘ ਤੇ ਹੋਰ ਅਹਿਲਕਾਰਾਂ ਸਮੇਤ ਜਲੰਧਰ ਚਲੇ ਗਏ ਤੇ ਸਾਰੀਆਂ ਗਰਮੀਆਂ ਦਾ ਸਮਾਂ ਆਪਣੀ ਫੌਜ ਦੇ ਨਾਲ ਓਥੇ ਹੀ ਰਹੇ। ਆਪਣੀ ਫੌਜ ਦਾ ਇੱਕ ਹਿੱਸਾ ਦਿੱਲੀ ਵੀ ਭੇਜਣਾ ਚਾਹਿਆ, ਕਿੰਤੂ ਇਹਨਾਂ ਦੀ ਲੋੜ ਦਿੱਲੀ ਨਾਲੋਂ ਇੱਥੇ ਵਧੀਕ ਸੀ। ਇਸ ਕਰ ਕੇ ਇਨ੍ਹਾਂ ਦੀ ਇਹ ਦਰਖ਼ਾਸਤ ਗਵਰਨਮੈਂਟ ਨੇ ਪ੍ਰਵਾਨ ਨਹੀਂ ਕੀਤੀ। ਇਸ ਤੋਂ ਪਿੱਛੋਂ ਜਦ ਜਲੰਧਰ ਵਿੱਚ ਗਦਰ ਦੀ ਅੱਗ ਭੜਕੀ, ਉਸ ਦਿਨ ਰਾਜਾ ਸਾਹਿਬ ਨੇ ਸਾਰਾ ਸ਼ਹਿਰ, ਖ਼ਜ਼ਾਨਾ ਤੇ ਜੇਲ੍ਹ ਆਦਿਕਾਂ ਦੀ ਬੜੀ ਸਰਗਰਮੀ ਨਾਲ ਰੱਖਿਆ ਕੀਤੀ ਤੇ ਜਨਰਲ ਜਾਨਸਟਨ ਦੇ ਨਾਲ ਆਪਣੀ ਸਾਰੀ ਫੌਜ ਨੂੰ ਬਾਗ਼ੀਆਂ ਦੇ ਪਿੱਛੇ ਭੇਜਿਆ। ਫਿਰ ਜੁਲਾਈ ਦੇ ਮਹੀਨੇ ਜਦ ਸਿਆਲਕੋਟ ਵਿੱਚ ਗਦਰ ਹੋਇਆ ਤੇ ਹੁਸ਼ਿਆਰਪੁਰ ਦੀ ਰੱਖਿਆ ਦੀ ਜ਼ਰੂਰਤ ਪਈ ਤਦ ਰਾਜਾ ਸਾਹਿਬ ਨੇ ਦੋ ਸੌ ਪੈਦਲ, ਇੱਕ ਸੌ ਸਵਾਰ ਤੇ ਦੋ ਤੋਪਾਂ ਉਸ ਪਾਸੇ ਭੇਜੀਆਂ ਜੋ ਨਵੰਬਰ ਤੱਕ ਓਥੇ ਹੀ ਰਹੀਆਂ। ਸਰਦਾਰ ਬਿਕਰਮਾ ਸਿੰਘ ਨੇ ਆਪਣੇ ਭਰਾ ਦੀ ਤਰ੍ਹਾਂ ਬੜੀ ਖੈਰਖਾਹੀ ਪ੍ਰਗਟ ਕੀਤੀ। ਜਲੰਧਰ ਦੇ ਮੁਕਾਮ ਤੇ ਰਾਜਾ ਸਾਹਿਬ ਦੀਆਂ ਫੌਜਾਂ ਦੇ ਸਾਹਮਣੇ ਅੰਗਰੇਜ਼ਾਂ ਦੀਆਂ ਫੌਜਾਂ ਨਿਮਕ ਹਰਾਮੀ ਦਿਖਾਂਦੀਆਂ ਰਹੀਆਂ ਕਿੰਤੂ ਇਨ੍ਹਾਂ ਕੋਲੋਂ ਕੋਈ ਅਜਿਹਾ ਕੰਮ ਨਹੀਂ ਹੋਇਆ ਜੋ ਅਮਨ ਤੇ ਨਿਯਮਾਂ ਦੇ ਵਿਰੁੱਧ ਹੋਵੇ ਸਗੋਂ ਉਸ ਮੌਕੇ ਤੇ ਰਾਜਾ ਸਾਹਿਬ ਦੀ ਸਾਰੀ ਫੌਜ ਤੇ ਅਫਸਰਾਂ ਦਾ ਚਾਲ ਚਲਣ ਬੜਾ ਹੀ ਤਾਰੀਫ਼ ਯੋਗ ਰਿਹਾ।

ਜੇਹੜੀ ਫੌਜ ਦਿੱਲੀ ਭੇਜਣੀ ਸੀ, ਭੇਜ ਦਿੱਤੀ ਗਈ। ਦਵਾਬੇ ਦੇ ਇਲਾਕੇ ਵਿੱਚ ੧੦੦ ਗੋਰਾ ਫਲੌਰ ਦੇ ਕਿਲ੍ਹੇ ਦੀ ਰਾਖੀ ਲਈ ਨੀਯਤ ਕੀਤਾ ਗਿਆ। ਇੰਨੇ ਹੀ ਗੋਰੇ ਖ਼ਾਸ ਜਲੰਧਰ ਵਿੱਚ ਰਖੇ ਗਏ। ਨੌਂ ਸੌ ਟਵਾਣੇ ਸਵਾਰ ਤੇ ਇੱਕ ਪੈਦਲ ਪਲਟਣ ਪੰਜਾਬੀਆਂ ਦੀ ਤੋਂ ਸਿਵਾ ਕੇਵਲ ਰਾਜਾ ਰਣਧੀਰ ਸਿੰਘ ਦੀ ਹੀ ਅਜਿਹੀ ਫੌਜ ਸੀ, ਜਿਸ ਦੇ ਸਰਦਾਰਾਂ ਤੇ ਖੈਰਖਾਹੀ ਤੇ ਵਫ਼ਾਦਾਰੀ ਦਾ ਵਿਸ਼ਵਾਸ ਕੀਤਾ ਜਾ ਸਕਦਾ ਸੀ। ਨਹੀਂ ਤਾਂ ਦਿੱਲੀ ਦੇ ਬਾਗ਼ੀਆਂ ਦਾ ਫੌਜ ਅੰਗਰੇਜ਼ੀ ਦੇ ਮੁਕਾਬਲੇ ਤੇ ਉਸੇ ਤਰ੍ਹਾਂ ਪਹਿਲੇ ਵਾਂਗ ਕਾਇਮ ਰਹਿਣਾ ਤਕ ਕੇ ਬਹੁਤ ਸਾਰੇ ਲੋਕ ਸਰਕਾਰ ਦੀ ਕਾਮਯਾਬੀ ਤੋਂ ਨਿਰਾਸ ਹੋ ਗਏ ਸਨ, ਕਿੰਤੂ ਰਾਜਾ ਰਣਧੀਰ ਸਿੰਘ ਦੀ ਵਫ਼ਾਦਾਰੀ ਵਿੱਚ ਕਿਸੇ ਤਰ੍ਹਾਂ ਦਾ ਫ਼ਰਕ ਨਹੀਂ ਆਇਆ। ਉਹ ਬਰਾਬਰ ਆਪਣੀ ਖੈਰਖਾਹੀ ਤੇ ਸਾਬਤ ਕਦਮ ਰਹੇ।

ਗਵਰਨਮੈਂਟ ਨੂੰ ਵੀ ਸਤਲੁਜ ਦੇ ਉਸ ਪਾਰ ਤੇ ਦਵਾਬਾ ਜਲੰਧਰ ਦੇ ਵਾਸਤੇ ਬੜੀ ਮਦਦ ਮਿਲ ਗਈ। ਰਾਜਾ ਸਾਹਿਬ ਨੇ ਇਨ੍ਹਾਂ ਸਾਰੀਆਂ ਗੱਲਾਂ ਦੇ ਹੁੰਦੇ ਹੋਏ ਫੌਜੀ ਖਿਦਮਤ ਦਾ ਖਰਾਜ ਦੇਣਾ ਜਿਸ ਨੂੰ ਉਹ ਇਨਸਾਫ਼ ਨਾਲ ਉਸ ਫੌਜ ਦੀ ਤਨਖਾਹ ਬਾਬਤ ਜਿਸ ਦੇ ਕਾਇਦੇ ਨਾਲ ਹਾਜ਼ਰ ਕਰਨਾ ਇਨ੍ਹਾਂ ਤੇ ਵਾਜਬ ਸੀ ਲੈ ਸਕਦਾ ਸੀ, ਬਲਕਿ ਠੀਕ ਮੌਕੇ ਤੇ ਖਰਾਜ ਦੀ ਰਕਮ ਅਦਾ ਕਰਦੇ ਰਹਿਣ ਤੋਂ ਰਾਜਾ ਸਾਹਿਬ ਨੇ ਆਪਣੇ ਤੇ ਬਹੁਤ ਸਾਰਾ ਕਰਜ਼ੇ ਦਾ ਭਾਰ ਚੁੱਕ ਲਿਆ, ਕਿੰਤੂ ਗਵਰਨਮੈਂਟ ਦੀਆਂ ਮੁਸ਼ਕਲਾਂ ਨੂੰ ਨਹੀਂ ਵਧਣ ਦਿੱਤਾ।

## ੬੦. ਗ਼ਦਰ ਦੇ ਸਮੇਂ ਕਪੂਰਥਲੇ ਦੀ ਫੌਜ ਦੀ ਗਿਣਤੀ

ਇਨ੍ਹਾਂ ਦਿਨਾਂ ਵਿੱਚ ਰਾਜਾ ਸਾਹਿਬ ਦੀ ਜਿਸ ਫੌਜ ਨੇ ਕੰਮ ਦਿੱਤਾ, ੧੪੦੦ ਤੋਂ ਵਧੀਕ ਸੀ। ੧੨੦੦ ਪੈਦਲ, ਦੋ ਸੌ ਸਵਾਰ ਤੇ ਪੰਜ ਤੋਪਾਂ ਸਨ, ਜਿਨ੍ਹਾਂ ਵਾਸਤੇ ਨਵੰਬਰ ੧੮੫੭ ਈ. ਨੂੰ ਸੁਪਰੀਮ ਗਵਰਨਮੈਂਟ ਨੇ ੧੨੦੦੦ ਰੁਪਏ ਦਾ ਇਨਾਮ ਮਨਜ਼ੂਰ ਕੀਤਾ ਜੋ ਹਰ ਇੱਕ ਅਫਸਰ ਤੇ ਸਿਪਾਹੀ ਦੀ ਇੱਕ ਇੱਕ ਮਹੀਨੇ ਦੀ ਤਨਖਾਹ ਦੇ ਬਰਾਬਰ ਸੀ।

ਦਫਾ ੩. ਲਾਰਡ ਕੈਨਿੰਗ ਦੇ ਸ਼ਬਦਾਂ ਦੇ ਜੋ ਅਰਥ ਤੁਸਾਂ ਸਮਝੇ ਹਨ ਮੈਂ ਉਹਨਾਂ ਨੂੰ ਠੀਕ ਨਹੀਂ ਸਮਝਦਾ, ਕਿਉਂਕਿ ਲਾਰਡ ਕੈਨਿੰਗ ਨੇ ਆਪਣੇ ਇਨ੍ਹਾਂ ਵਾਕਾਂ ਨੂੰ ਰਾਜਾ ਸਾਹਿਬ ਦੀ ਪੋਲੀਟੀਕਲ ਸੇਵਾ ਦੇ ਜ਼ਿਕਰ ਨਾਲ ਜੋੜਿਆ ਹੈ, ਇਸ ਤੋਂ ਸਾਫ਼ ਤੌਰ ਤੇ ਖਿਦਮਤ ਦਾ ਬਦਲਾ ਦੇਣ ਦਾ ਭਾਵ ਸੀ। ਕਿਉਂਕਿ ਜੇ ਇਹ ਨਾ ਹੁੰਦਾ ਤਦ ਕਿਸੇ ਤਰ੍ਹਾਂ ਬਦਲਾ ਨਹੀਂ ਸੀ, ਇਸ ਸੂਰਤ ਵਿੱਚ ਪੋਲੀਟੀਕਲ ਸੇਵਾ ਦਾ ਜ਼ਿਕਰ ਵੀ ਬੇਅਰਥ ਸੀ। ਕਿੰਤੂ ਜਦ ਇਸ ਤੋਂ ਬਦਲਾ ਮੰਤਵ ਸੀ, ਤਦ ਇੱਕ ਇਕਰਾਰ ਦੀ ਸ਼ਕਲ ਜ਼ਰੂਰ ਹੋਈ। ਜੇ ਇਨ੍ਹਾਂ ਅਰਥਾਂ ਵਿੱਚ ਲਿਆ ਜਾਏ ਜਿਸ ਨੂੰ ਗਵਰਨਮੈਂਟ ਹਿੰਦ ਲੈਂਦੀ ਹੈ, ਤਦ ਰਾਜਾ ਨਿਹਾਲ ਸਿੰਘ ਦੀ ਵਸੀਅਤ ਰਾਜੇ ਦੀ ਅੱਗੋਂ ਦੀ ਵੰਡ ਦਾ ਖਤਰਾ ਹੋ ਗਿਆ ਸ।, ਇਸ ਖਤਰੇ ਤੋਂ ਰਾਜਾ ਰਣਧੀਰ ਸਿੰਘ ਨੂੰ ਬਹੁਤ ਚਿੰਤਾ ਹੋਈ, ਇਸ ਕਰ ਕੇ ਮੇਰੇ ਖ਼ਿਆਲ ਵਿੱਚ ਗਵਰਨਮੈਂਟ ਦੀ ਮਨਸ਼ਾ ਇਹ ਹੀ ਸੀ ਅਸਾਂ ਸਮਝੀ ਹੈ।

ਦਫਾ ੪. ਮਲਕਾ ਵਿਕਟੋਰੀਆ ਦੀ ਵੀ ਇਹ ਹੀ ਰਾਏ ਹੈ ਕਿ ਲਾਰਡ ਕੈਨਿੰਗ ਦੇ ਫ਼ੈਸਲੇ ਨੂੰ ਕਾਇਮ ਰੱਖਿਆ ਜਾਵੇ ਤੇ ਕੋਈ ਅਜਿਹਾ ਹੁਕਮ ਨਹੀਂ ਦੇਣਾ ਚਾਹੀਦਾ, ਜਿਸ ਤੋਂ ਇੱਕ ਅਜਿਹੇ ਰਈਸ ਦੀ ਸ਼ਾਨ ਤੇ ਹਕੂਮਤ ਵਿੱਚ ਕਮੀ ਹੁੰਦੀ ਹੋਵੇ ਜੋ ਸਾਡੇ ਮਿੱਤਰਾਂ ਵਿੱਚੋਂ ਹੈ।

ਦਫਾ ੫. ਮੇਰੀ ਇੱਛਾ ਹੈ ਕਿ ਰਾਜਾ ਰਣਧੀਰ ਸਿੰਘ ਦਾ ਹੁਕਮ ਕੁੱਲ ਰਿਆਸਤ ਤੇ ਰਹੇ। ਭਰਾਵਾਂ ਨੇ ਜੋ ਆਪੋ ਵਿੱਚ ਵੰਡ ਕੀਤੀ ਹੈ ਉਸ ਅਨੁਸਾਰ ਜੋ ਇਲਾਕੇ ਉਹਨਾਂ ਨੂੰ ਮਿਲਣ ਉਹਨਾਂ ਦੇ ਫੌਜਦਾਰੀ ਹੱਕ ਰਾਜਾ ਸਾਹਿਬ ਪਾਸ ਰਹਿਣ। ਭਰਾਵਾਂ ਦੇ ਗੁਜ਼ਰਨ ਤੇ ਉਹਨਾਂ ਦੀ ਸੰਤਾਨ ਨੂੰ ਗੁਜ਼ਾਰੇ ਵਾਸਤੇ ਮਿਲੇ ਤੇ ਜਾਗੀਰ ਰਾਜਾ ਸਾਹਿਬ ਨੂੰ।

ਦਫਾ ੬. ਉਮੈਦ ਹੈ ਕਿ ਮਲਕਾ ਵਿਕਟੋਰੀਆ ਦੇ ਇਸ ਹੁਕਮ ਨਾਲ ਨਵਾਬ ਲਫਟੰਟ ਗਵਰਨਰ ਪੰਜਾਬ ਆਪ ਦੀਆਂ ਹਦਾਇਤਾਂ ਤੋਂ ਅਜਿਹਾ ਪ੍ਰਬੰਧ ਕਰ ਸਕਣਗੇ, ਜਿਸ ਤੋਂ ਸਾਰੀਆਂ ਧਿਰਾਂ ਰਾਜ਼ੀ ਹੋ ਜਾਣ।

## ੬੧. ਵਲਾਇਤ ਦੇ ਫ਼ੈਸਲੇ ਦੀ ਵਰਤੋਂ

ਇਸ ਫ਼ੈਸਲੇ ਤੋਂ ਰਾਜਾ ਸਾਹਿਬ ਦੇ ਦੋਨੋਂ ਛੋਟੇ ਭਰਾ ਵੱਡੇ ਭਰਾ ਤੋਂ ਨਰਾਜ਼ ਸਨ ਤੇ ਜਦ ਉਹਨਾਂ ਦੀ ਸਫ਼ਾਈ ਕਿਸੇ ਤਰ੍ਹਾਂ ਨਾ ਹੁੰਦੀ ਵੇਖੀ, ਤਦ ਸਰਕਾਰ ਨੇ ਇਨ੍ਹਾਂ ਦੋਨਾਂ ਭਰਾਵਾਂ ਨੂੰ ਉਹਨਾਂ ਦੇ ਹਿੱਸ ਵੱਲ ਨਕਦ ਰਕਮ ਦਵਾਣ ਦੀ ਸੋਚ ਕੀਤੀ, ਕਿੰਤੂ ਵੱਖ ਕੀਤੇ ਗਏ ਇਲਾਕੇ ਦੀ ਜਮਾਬੰਦੀ ਭਾਵੇਂ ਰਾਜਾ ਨਿਹਾਲ ਸਿੰਘ ਦੇ ਸਮੇਂ ਇੱਕ ਲੱਖ ਸੀ, ਕਿੰਤੂ ਅੰਗਰੇਜ਼ਾਂ ਦੇ ਹੇਠ ਜਾਣ ਤੋਂ ਉਹਦੀ ਆਮਦਨੀ ੫੨ ਹਜ਼ਾਰ ੧੪ ਰੁਪਏ ਰਹਿ ਗਈ ਸ।, ਇਸ ਕਰ ਕੇ ਇਨਸਾਫ਼ ਦੇ ਨਾਲ ਵਸੀਅਤਨਾਮੇ ਅਨੁਸਾਰ ਦੋਨਾਂ ਨੂੰ ੬੦-੬੦ ਹਜ਼ਾਰ ਦਾ ਵਜ਼ੀਫਾ ਸਾਲਾਨਾ ਛੀ ਛੀ

ਮਹੀਨਿਆਂ ਦੀਆਂ ਕਿਸ਼ਤਾਂ ਤੇ ਮਿਲਣਾ ਕਪੂਰਥਲੇ ਵੱਲੋਂ ਪ੍ਰਵਾਨ ਹੋਇਆ। ਭੋਗਾਂ ਤੇ ਚਾਹਿਆ ਕੰਵਰ ਸੁਚੇਤ ਸਿੰਘ ਤੋਂ ਵਾਪਸ ਲਏ ਗਏ। ਇਨ੍ਹਾਂ ਘਰ ਦੇ ਝਗੜਿਆਂ ਨੇ ਅੰਤਲੀ ਆਯੂ ਵਿੱਚ ਰਾਜਾ ਰਣਧੀਰ ਸਿੰਘ ਨੂੰ ਬੜਾ ਚਿੰਤਾਤੁਰ ਕੀਤੀ ਰੱਖਿਆ।

## ੬੨. ਦੀਵਾਨ ਮਥਰਾ ਦਾਸ ਨੂੰ ਖਤਾਬ ਤੇ ਜਾਗੀਰਾਂ

ਦੀਵਾਨ ਮਥਰਾ ਦਾਸ ਦੇ ਵਲਾਇਤੋਂ ਮੁਕੱਦਮਾ ਜਿੱਤ ਕੇ ਵਾਪਸ ਆਉਣ ਤੇ ਰਾਜਾ ਸਾਹਿਬ ਨੇ ਕਪੂਰਥਲੇ ਵਿੱਚ ਇੱਕ ਭਾਰੀ ਦਰਬਾਰ ਕੀਤਾ, ਜਿਸ ਵਿੱਚ ਲਾਹੌਰ ਤੇ ਅੰਮ੍ਰਿਤਸਰ ਆਦਿਕ ਜਗ੍ਹਾ ਤੋਂ ਪ੍ਰਤਿਸ਼ਟਤ ਸੱਜਣ ਤੇ ਕਈ ਪਤਵੰਤੇ ਯੂਰਪੀਨ ਵੀ ਆਏ। ਰਾਜਾ ਸਾਹਿਬ ਨੇ ਦੀਵਾਨ ਮਥਰਾ ਦਾਸ ਦੀ ਸੇਵਾ ਦਾ ਜ਼ਿਕਰ ਤੇ ਪ੍ਰਸੰਸਾ ਕਰ ਕੇ ਦੋ ਹਜ਼ਾਰ ਰੁਪਏ ਸਲਾਨਾ ਦੀ ਜਾਗੀਰ ਰਾਮਪੁਰ ਤੇ ਸ਼ਾਹਜਹਾਨਪੁਰ (ਤਹਿਸੀਲ ਸੁਲਤਾਨਪੁਰ) ਦੀ ਹਮੇਸ਼ਾਂ ਵਾਸਤੇ ਦਿੱਤੀ। ਇਸ ਮੌਕੇ ਤੇ ਰਾਜਾ ਸਾਹਿਬ ਨੇ ਤਕਰੀਰ ਕਰਦੇ ਹੋਏ ਪਹਿਲਾਂ ਤਾਂ ਮਲਕਾ ਵਿਕਟੋਰੀਆ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਕਪੂਰਥਲੇ ਨੂੰ ਵੰਡਣ ਤੋਂ ਬਚਾਇਆ। ਫਿਰ ਆਪਣੇ ਅਹਿਲਕਾਰ ਮਥਰਾ ਦਾਸ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਮੈਂ ਦੀਵਾਨ ਮਥਰਾ ਦਾਸ ਤੇ ਬੜਾ ਖ਼ੁਸ਼ ਹਾਂ, ਜਿਸ ਨੇ ਮੇਰੇ ਹੁਕਮ ਅਨੁਸਾਰ ਵਲਾਇਤ ਜਾ ਕੇ ਬੜੀ ਹੱਛੀ ਤਰ੍ਹਾਂ ਕੰਮ ਕੀਤਾ। ਇਸ ਕਰ ਕੇ ਰਾਜਾ ਸਾਹਿਬ ਨੂੰ ਦੀਵਾਨ ਮੰਨਿਆ ਤੇ ਜਾਗੀਰ ਦੋ ਹਜ਼ਾਰ ਸਾਲ ਦੀ ਦਿੱਤੀ ਕਿ ਧੰਨਵਾਦੀ ਰਹੇ।

ਇਸ ਤੋਂ ਬਿਨਾਂ ਗਵਰਨਮੈਂਟ ਨੇ ਰਾਜਾ ਰਣਧੀਰ ਸਿੰਘ ਦੀ ਸਹਾਇਤਾ ਦਾ ਧੰਨਵਾਦ ਕੀਤਾ ਤੇ ਰਾਜਾ ਸਾਹਿਬ ਦੇ ਖਰਾਜ ਵਿੱਚੋਂ ੨੫ ਹਜ਼ਾਰ ਰੁਪਿਆ ਸਲਾਨਾ ਘਟਾ ਦਿੱਤਾ। ਇੱਕ ਸਾਲ ਦਾ ਖਰਾਜ ਉੱਕਾ ਮਾਫ਼ ਕਰ ਦਿੱਤਾ। ੧੫ ਹਜ਼ਾਰ ਦਾ ਖਿਲਅਤ ਰਾਜਾ ਸਾਹਿਬ ਨੂੰ, ੧੦ ਹਜ਼ਾਰ ਦਾ ਸਰਦਾਰ ਬਿਕ੍ਰਮਾ ਸਿੰਘ ਓਹਨਾਂ ਦੇ ਭਰਾ ਨੂੰ ਦੇ ਕੇ ਰਾਜਾ ਸਾਹਿਬ ਦੇ ਵਾਸਤੇ ੧੧ ਤੋਪਾਂ ਦੀ ਸਲਾਮੀ 'ਫਰਜ਼ੰਦੇ ਦਿਲਬੰਦਰਾ ਸਖਉਲ ਏਤਕਾਦ' ਦਾ ਖਤਾਬ ਨੀਯਤ ਕੀਤਾ ਤੇ ਸਰਦਾਰ ਬਿਕਰਮਾ ਸਿੰਘ ਜੀ ਨੂੰ ਬਹਾਦਰ ਦਾ ਖ਼ਿਤਾਬ ਦਿੱਤਾ।

ਇਸ ਤੋਂ ਪਿੱਛੋਂ ੧੮੫੮ ਈ. ਦੇ ਆਰੰਭ ਵਿੱਚ ਰਾਜਾ ਰਣਧੀਰ ਸਿੰਘ ਸ੍ਰ. ਬਿਕਰਮਾ ਸਿੰਘ ਸਮੇਤ ਸੁਪ੍ਰੀਅਮ ਗਵਰਨਮੈਂਟ ਦੀ ਆਗਿਆ ਲੈ ਕੇ ਆਪਣੀ ਫੌਜ ਦੇ ਨਾਲ ਅਵਧ ਨੂੰ ਗਏ। ਦਸ ਮਹੀਨੇ ਤੱਕ ਓਥੇ ਇਨ੍ਹਾਂ ਦੀ ਫੌਜ ਬਰਾਬਰ ਮੈਦਾਨ ਜੰਗ ਵਿੱਚ ਬਹਾਦਰੀ ਦੇ ਕੰਮ ਕਰਦੀ ਰਹੀ। ੬ ਵਾਰੀ ਇਸ ਫੌਜ ਨੂੰ ਦੂ-ਬ-ਦੂ ਹੋ ਕੇ ਦੁਸ਼ਮਣ ਦੀ ਫੌਜ ਨਾਲ ਲੜਨਾ ਪਿਆ, ਜਿਸ ਵਿੱਚ ਏਹ ਫੌਜ ਹਮੇਸ਼ਾ ਕਾਮਯਾਬ ਰਹੀ। ਇਨ੍ਹਾਂ ਨੇ ੯ ਤੋਪਾਂ ਖੋਹ ਲਈਆਂ। ਇਸ ਸਾਰੇ ਸਮੇਂ ਵਿੱਚ ਰਾਜਾ ਸਾਹਿਬ ਤੇ ਓਹਨਾਂ ਦੇ ਭਰਾ ਨੇ ਤਾਂ ਕੋਈ ਤਕਲੀਫ਼ ਅਨੁਭਵ ਨਹੀਂ ਕੀਤੀ ਤੇ ਨਾ ਹੀ ਕਿਸੇ ਗੱਲ ਦੀ ਸ਼ਕਾਇਤ ਪ੍ਰਗਟ ਕੀਤੀ, ਬਲਕਿ ਹਮੇਸ਼ਾ ਆਪਣੀ ਫੌਜ ਦੇ ਨਾਲ ਹੋ ਕੇ ਲੜਦੇ ਰਹੇ ਤੇ ਆਪਣੀ ਅਦੁੱਤੀ ਬਹਾਦਰੀ ਤੇ ਦਲੇਰੀ ਦਾ ਸਬੂਤ ਦਿੰਦੇ ਰਹੇ। ਸੱਚ ਤਾਂ ਇਹ ਹੈ ਕਿ ਰਾਜਾ ਸਾਹਿਬ ਦੀ ਫੌਜ ਨੇ ਨਾ ਕੇਵਲ ਮੈਦਾਨ ਜੰਗ ਵਿੱਚ ਬਹਾਦਰੀ ਵਖਾਈ, ਸਗੋਂ ਆਪਣੇ ਨੇਕ ਚਾਲ ਚਲਨ ਦੇ ਵਾਸਤੇ ਵੀ ਬੜੀ ਨੇਕਨਾਮ ਰਹੀ।

ਮਾਰਚ ੧੮੫੯ ਈ. ਦੇ ਅਖੀਰ ਵਿੱਚ ਰਾਜਾ ਸਾਹਿਬ ਅਤੇ ਓਹਨਾਂ ਦੀ ਫੌਜ ਅਵਧ ਦੇ ਵੱਲੋਂ ਨਿਸ਼ਚਿੰਤ ਹੋ ਕੇ ਪੰਜਾਬ ਵਿੱਚ ਵਾਪਸ ਆਈ।

ਰਾਜਾ ਰਣਧੀਰ ਸਿੰਘ ਜੀ ਨੂੰ ਅਵਧ ਦੀ ਸੇਵਾ ਦੇ ਬਦਲੇ ਬੋਡੀ ਤੇ ਭਟੋਲੀ ਜੋ ਭੜੋਜ (ਬਾਰਾਂ ਵੰਨੀ) ਦੇ ਤਲਕੇਦਾਰਾਂ ਦੇ ਜ਼ਬਤ ਹੋ ਗਏ ਸਨ, ਹਮੇਸ਼ਾਂ ਦੇ ਕਰਜ਼ੇ ਦੇ ਤੌਰ ਤੇ ਸਾਰੇ ਹੱਕ ਤੇ ਅਖਤਿਆਰ ਜੋ ਓਥੋਂ ਦੇ ਮਾਲਕਾਂ ਨੂੰ ਪ੍ਰਾਪਤ ਸਨ, ੪ ਲੱਖ ੩੨ ਹਜ਼ਾਰ ਰੁਪਏ ਸਲਾਨਾ ਤੇ ਸਨਦ ਸਮੇਤ ਦਿੱਤੇ ਗਏ। ਇਸ ਤੋਂ ਛੁੱਟ ੨ ਲੱਖ ਰੁਪਏ ਫੌਜ ਦੇ ਖ਼ਰਚ ਬਾਬਤ ਜੋ ਚੀਫ ਕਮਿਸ਼ਨਰ ਅਵਧ ਨੇ ਪਹਿਲਾਂ ਹੀ ਇਕਰਾਰ ਕਰ ਲਿਆ ਸੀ, ਵੱਖ ਕਰ ਦਿੱਤਾ। ਇਸ ਤੋਂ ਛੁਟ ਫੌਜ ਦੇ ਦੇਸੀ ਅਫਸਰਾਂ ਦਾ ਜੋ ਰਾਜਾ ਸਾਹਿਬ ਦੀ ਫੌਜ ਦੇ ਮੁਤਅਲਕ ਸਨ, ਗਵਰਨਮੈਂਟ ਨੇ ਸ਼ੁਕਰੀਆ

ਅਦਾ ਕੀਤਾ ਤੇ ਰਾਜਾ ਰਣਧੀਰ ਸਿੰਘ ਨੂੰ ੫੦੦੦) ਦਾ ਖਿਲਅਤ ਸਨਦ ਸਮੇਤ ਉਪਰੋਕਤ ਇਲਾਕਿਆਂ ਦੇ ਮਿਲਿਆ।

ਇਸੇ ਤਰ੍ਹਾਂ ਬਿਕਰਮਾ ਸਿੰਘ ਨੂੰ ਵੀ ਗਵਰਨਮੈਂਟ ਅਵਧ ਦੀਆਂ ਖਿਦਮਤਾਂ ਦੇ ਬਦਲੇ ਵਿੱਚ ਇਕੱਤਰ ਮਲਕਾ ਇਕੋਨਾ ਜਿਸ ਦੀ ਆਮਦਨੀ ੪੫੦੦੦) ਸਲਾਨਾ ਸੀ ਤੇ ਜੋ ਭੜਾਇਚ ਦੇ ਇਲਾਕੇ ਵਿੱਚ ਹੈ, ਮਾਮਲੇ ਦੇ ਪੂਰੀ ਸ਼ਰ੍ਹਾ ਤੇ ਦਿੱਤਾ। ਇਸ ਤਰ੍ਹਾਂ ਮਹਾਰਾਜਾ ਸਾਹਿਬ ਦੇ ਕੁਝ ਹੋਰ ਅਹਿਲਕਾਰਾਂ ਨੂੰ ਵੀ ਜਿਨ੍ਹਾਂ ਕਿ ਚੰਗੀ ਸੇਵਾ ਕੀਤੀ ਸੀ, ਇਸੇ ਇਲਾਕੇ ਵਿੱਚੋਂ ਕੁਝ ਜਾਗੀਰ ਤੇ ਖਿਲਅਤਾਂ ਦਿੱਤੀਆਂ ਗਈਆਂ।

੧੯੧੯ ਬਿਕ੍ਰਮੀ ਨੂੰ ਰਾਜਾ ਰਣਧੀਰ ਸਿੰਘ ਨੇ ਅਕੋਨਾ ਦਾ ਇਲਾਕਾ ਸਰਦਾਰ ਬਿਕਰਮਾ ਸਿੰਘ ਪਾਸੋਂ ਓਹਨਾਂ ਸੂਰਤਾਂ ਅਨੁਸਾਰ ਵਾਪਸ ਲਿਆ ਜੋ ਸਰ ਹੈਨਰੀ ਡੇਵਡ ਚੀਫ ਕਮਿਸ਼ਨਰ ਅਵਧ ਨੇ ਨੀਯਤ ਕੀਤੀ ਅਮਨ ਤੇ ਸਰਦਾਰ ਬਿਕਰਮਾ ਸਿੰਘ ਨੂੰ ੫ ਲੱਖ ਦੀ ਜਾਗੀਰ ਪੁਰ ਵਿੱਚ ਖਰੀਦ ਦਿੱਤੀ। ਹੁਣ ਇਕਨੋਂ ਇਲਾਕੇ ਦੀ ਆਮਦਨੀ ੩ ਲੱਖ ਰੁਪਏ ਸਲਾਨਾ ਦੀ ਹੈ, ਜਿਸ ਵਿੱਚੋਂ ੧ ਲੱਖ ੩੨ ਹਜ਼ਾਰ ਰੁਪਏ ਗਵਰਨਮੈਂਟ ਨੂੰ ਮਾਮਲੇ ਵਜੋਂ ਦਿੱਤਾ ਜਾਂਦਾ ਹੈ।

ਇਸ ਤੋਂ ਛੁਟ ਰਾਜਾ ਰਣਧੀਰ ਸਿੰਘ ਨੂੰ ਇੱਕ ਬਾਗ਼ ਜਿਸ ਦਾ ਮੁੱਲ ੧੩੦੦) ਤੇ ਨਰਾਇਨ ਗੜ੍ਹ ਜ਼ਿਲ੍ਹਾ ਅੰਬਾਲਾ ਦੇ ਵਿੱਚ ਹੈ ਤੇ ਸਿੱਖਾਂ ਦੀ ਪਹਿਲੀ ਲੜਾਈ ਤੋਂ ਪਿੱਛੋਂ ਆਹਲੂਵਾਲੀਆ ਸਰਦਾਰਾਂ ਤੋਂ ਗਵਰਨਮੈਂਟ ਨੇ ਜ਼ਬਤ ਕਰ ਲਿਆ ਸੀ, ਗਦਰ ਦੇ ਦਿਨਾਂ ਦੀ ਸੇਵਾ ਦੇ ਬਦਲੇ ਹਮੇਸ਼ਾਂ ਵਾਸਤੇ ਵਾਪਸ ਦੇ ਦਿੱਤਾ।

## ੬੩. ਮੁਤਬੰਨਾ ਬਨਾਣ ਦੀ ਸਨਦ ਦਾ ਮਿਲਨਾ

ਇਨ੍ਹਾਂ ਸਾਰਿਆਂ ਤੋਂ ਵਧ ਕੇ ਗਵਰਨਮੈਂਟ ਦੀ ਰਾਜਾ ਰਣਧੀਰ ਸਿੰਘ ਤੇ ਇੱਕ ਕ੍ਰਿਪਾ ਦ੍ਰਿਸ਼ਟੀ ਇਹ ਹੋਈ ਕਿ ੩੧ ਮਾਰਚ ੧੯੬੩ ਨੂੰ ਲਾਰਡ ਕੈਨਿੰਗ ਵਾਇਸਰਾਏ ਵੱਲੋਂ ਮੁਤਬੰਨਾ ਬਨਾਣ ਦੀ ਸਨਦ ਮਿਲੀ, ਜਿਸ ਦਾ ਉਲਥਾ ਹੇਠ ਦਿੰਦੇ ਹਾਂ:

ਨਾਮ ਫਰਜਿੰਦ ਦਿਲ ਬੰਦ ਰਾਸਖਉਲ ਏਤਕਾਦ ਰਾਜਾਏ ਰਾਜਗਾਨ ਰਣਧੀਰ ਸਿੰਘ ਵਾਲੀਏ ਕਪੂਰਥਲਾ ਮਲਕਾ ਮੁਅੱਜ਼ਮਾ ਦੀ ਇਹ ਇੱਛਾ ਹੈ ਕਿ ਉਹ ਸਾਰੇ ਸਰਦਾਰ ਤੇ ਰਈਸ ਜੋ ਹਿੰਦੁਸਤਾਨ ਵਿੱਚ ਆਪਣੀ ਰਿਆਸਤ ਦੇ ਅੰਦਰ ਐਸ ਵੇਲੇ ਹੁਕਮਰਾਨ ਹਨ, ਉਹਨਾਂ ਦੀਆਂ ਹਕੂਮਤਾਂ ਤੇ ਰਿਆਸਤਾਂ ਸਦਾ ਲਈ ਕਾਇਮ ਰਹਿਣ। ਉਹਨਾਂ ਦੇ ਖਾਨਦਾਨ ਦਾ ਨਾਮ ਤੇ ਇੱਜ਼ਤ ਕਾਇਮ ਰਹੇ। ਸੋ ਮੈਂ ਇਸ ਇੱਛਾ ਦੀ ਪੂਰਤੀ ਲਈ ਇਸ ਸਨਦ ਦਵਾਰਾ ਆਪ ਨੂੰ ਪਤਾ ਦਿੰਦਾ ਹਾਂ ਕਿ ਤੁਹਾਡੇ ਅਸਲੀ ਵਾਰਸ ਨਾ ਹੋਣ ਦੀ ਸੂਰਤ ਵਿੱਚ ਆਪਦਾ ਤੇ ਆਪ ਦੀ ਰਿਆਸਤ ਦਾ ਵਾਰਸ ਧਰਮ ਸ਼ਾਸਤਰ ਤੇ ਤੁਹਾਡੇ ਖਾਨਦਾਨ ਦੇ ਰਵਾਜ ਅਨੁਸਾਰ ਹੋਵੇਗਾ ਤੇ ਆਪ ਦੀ ਕੌਮ ਦੇ ਕਿਸੇ ਆਦਮੀ ਨੂੰ ਜਾਨਸ਼ੀਨੀ ਦੇ ਵਾਸਤੇ ਮੁਤਬੰਨਾ ਕਰ ਲੈਣਾ ਮਨਜ਼ੂਰ ਕਰ ਲੀਤਾ ਜਾਵੇਗਾ ਤੇ ਇਸ ਗੱਲ ਦੀ ਤਸੱਲੀ ਰੱਖੋ ਕਿ ਜਿਸ ਵੇਲੇ ਤੱਕ ਆਪ ਦੇ ਖਾਨਦਾਨ ਸਲਤਨਤ ਦੇ ਤਾਜ ਦੇ ਤਖ਼ਤ ਦਾ ਖੈਰਖਾਹ ਰਹੇਗਾ ਤੇ ਗਵਰਨਮੈਂਟ ਅੰਗਰੇਜ਼ੀ ਨਾਲ ਜੋ ਇਕਰਾਰਨਾਮੇ ਸਨਦਾਂ ਜਾਂ ਕੌਲਕਰਾਰ ਹੋਏ ਹਨ, ਉਹਨਾਂ ਸ਼ਰਤਾਂ ਤੇ ਕਾਇਮ ਤੇ ਦ੍ਰਿੜ੍ਹ ਰਹਿਣਗੇ, ਕੋਈ ਚੀਜ਼ ਇਸ ਸਨਦ ਦਵਾਰਾ ਕੀਤੇ ਗਏ ਇਕਰਾਰਨਾਮਿਆਂ ਵਿੱਚ ਹਰਜ ਨਹੀਂ ਪਾ ਸਕੇਗੀ।

## ੬੪. ਇਲਾਕਾ ਆਹਲੂ ਦਾ ਵਾਪਸ ਮਿਲਣਾ

ਇਸ ਤੋਂ ਪਿੱਛੋਂ ਰਾਜਾ ਰਣਧੀਰ ਸਿੰਘ ਨੇ ਦਰਖ਼ਾਸਤ ਦਿੱਤੀ ਕਿ ਪਿੰਡ ਆਹਲੂ ਦਾ ਇਲਾਕਾ ਜੋ ਇਨ੍ਹਾਂ ਦਾ ਅਸਲੀ ਵਤਨ ਹੈ ਤੇ ਸਤੰਬਰ ੧੯੫੨ ਨੂੰ ਸਰਕਾਰ ਨੇ ਜ਼ਬਤ ਕਰ ਲਿਆ ਸੀ, ਵਾਪਸ ਦਿੱਤਾ ਜਾਏ। ਇਸ ਇਲਾਕੇ ਨਾਲ ਰਾਜਾ ਸਾਹਿਬ ਨੂੰ ਇੱਕ ਖ਼ਾਸ ਤਰ੍ਹਾਂ ਦਾ ਪਿਆਰ ਸੀ। ਇਸ ਸਾਰੇ ਇਲਾਕੇ ਦੀ ਆਮਦਨ ਦਾ ਅਨੁਮਾਨ ਕਰਨਲ ਲਾਰੰਸ ਸਾਹਿਬ ਨੇ ੧੯੫੦ ਵਿੱਚ ੬੬੩੦੦ ਰੁਪਏ ਕੀਤਾ ਸੀ। ਇਸ ਇਲਾਕੇ ਦੇ ੧੯ ਪਿੰਡ ਜ਼ਿਲ੍ਹਾ ਲਾਹੌਰ ਵਿੱਚ ਤੇ ੨੧ ਅੰਮ੍ਰਿਤਸਰ ਦੇ ਵਿੱਚ ਹਨ ਤੇ ਇੱਕ ਬਾਗ਼ ਮੁਲਤਾਨ ਦੇ ਵਿੱਚ ਸੀ।

ਰਾਜਾ ਸਾਹਿਬ ਦੀ ਇਹ ਬਿਨੈ ਵੀ ਗਵਰਨਮੈਂਟ ਨੇ ਪ੍ਰਵਾਨ ਕਰ ਲਈ ਤੇ ਉਸ ਨੂੰ ਇਹ ਇਲਾਕਾ ਹਮੇਸ਼ਾ ਦੀ ਜਾਗੀਰ ਵਾਂਗ ਦਿੱਤਾ ਗਿਆ ਜਿਸ ਦੀ ਹਕੂਮਤ ਦੀਵਾਨ ਤੇ ਫੌਜਦਾਰੀ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਰਹੀ। ਹਾਲਾਂਕਿ ਰਾਜਾ ਸਾਹਿਬ ਨੇ ਇਸ ਗੱਲ ਵਾਸਤੇ ਵੀ ਬੜਾ ਜ਼ੋਰ ਦਿੱਤਾ ਸੀ, ਕਿੰਤੂ ਇਹ ਗੱਲ ਸਰਕਾਰ ਨੇ ਪ੍ਰਵਾਨ ਕਰਨੀ ਉਚਿਤ ਨਾ ਸਮਝੀ।

## ੬੫. ਰਾਜਾਏ ਰਾਜਗਾਨ ਦਾ ਖ਼ਿਤਾਬ ਮਿਲਣਾ

੧੮੬੧ ਵਿੱਚ ਗਵਰਨਮੈਂਟ ਨੇ ਰਾਜਾ ਸਾਹਿਬ ਨੂੰ ਅਵਧ ਦੇ ਤਅੱਲਕੇਦਾਰਾਂ ਨਾਲੋਂ ਉੱਚਾ ਬਨਾਣ ਲਈ ਰਾਜਾਏ ਰਾਜਗਾਨ ਦਾ ਖ਼ਿਤਾਬ ਦਿੱਤਾ, ਕਿਉਂਕਿ ਰਾਜਾ ਸਾਹਿਬ ਰੁਤਬੇ ਦੇ ਖ਼ਿਆਲ ਤੋਂ ਮਾਨ ਸਿੰਘ ਤੇ ਬਿਜੈ ਸਿੰਘ ਆਦਿਕ ਮਹਾਰਾਜਗਾਨ ਤੇ ਸ਼ਾਹ ਗੰਜ ਤੇ ਬਲਰਾਮ ਪੁਰ ਨਾਲੋਂ ਵੱਡੇ ਸੀ।

## ੬੬. ਸਤਾਰਾ ਹਿੰਦ ਦਾ ਤਗਮਾ ਮਿਲਣਾ

੧੭ ਅਕਤੂਬਰ ੧੮੬੪ ਨੂੰ ਹਜ਼ੂਰ ਵਾਇਸਰਾਏ ਹਿੰਦ ਨੇ ਰਾਜਾ ਰਣਧੀਰ ਸਿੰਘ ਸਾਹਿਬ ਨੂੰ ਲਾਹੌਰ ਦੇ ਵੈਸਰਾਈਗੱਲ ਦਰਬਾਰ ਵਿੱਚ ਕਸ਼ਮੀਰ, ਪਟਿਆਲਾ, ਨਾਭਾ, ਜੀਂਦ, ਮੰਡੀ, ਫਰੀਦਕੋਟ, ਚੰਬਾ, ਸੁਕੇਤ, ਗੋਲੇਰ ਦੇ ਮਹਾਰਾਜੇ ਮਲੇਰਕੋਟਲਾ, ਪਾਟੋਦੀ, ਦੁਜਾਨ, ਲੁਹਾਰ ਦੇ ਨਵਾਬ, ਤੇ ਕਲਸੀਆ ਆਦਿਕ ਦੇ ਵੱਡੇ ਵੱਡੇ ਸਰਦਾਰ ਜਿਸ ਵਿੱਚ ਸ਼ਾਮਿਲ ਸਨ, ਸਤਾਰਾ ਹਿੰਦ ਦਾ ਤਮਗ਼ਾ ਦਿੱਤਾ। ਇਸ ਤੋਂ ਛੁਟ ਵਾਇਸਰਾਏ ਹਿੰਦ ਨੇ ਰਾਜਾ ਰਣਧੀਰ ਸਿੰਘ ਦੀ ਮਹਿਮਾ ਕੀਤੀ। ਉੱਤਰ ਵਿੱਚ ਰਾਜਾ ਸਾਹਿਬ ਨੇ ਵੀ ਮਲਕਾ ਮਹਾਰਾਣੀ, ਵਾਇਸਰਾਏ ਸਾਹਿਬ ਬਹਾਦਰ ਤੇ ਗਵਰਨਮੈਂਟ ਦਾ ਧੰਨਵਾਦ ਕੀਤਾ।

## ੬੭. ਵਲਾਇਤ ਦੀ ਸੈਰ

ਇਸ ਤੋਂ ਪਿੱਛੋਂ ਰਾਜਾ ਰਣਧੀਰ ਸਿੰਘ ਸਾਹਿਬ ਦੀ ਮਨਸ਼ਾ ਵਲਾਇਤ ਜਾਣ ਦੀ ਹੋਈ ਤੇ ੧੮੭੦ ਈਸਵੀ ਦੇ ਵਿੱਚ ਇਨ੍ਹਾਂ ਜਾਣ ਦਾ ਪੱਕਾ ਫ਼ੈਸਲਾ ਕਰ ਲਿਆ ਤੇ ਆਪਣੇ ਪਿੱਛੇ ਕੰਵਰ ਖੜਕ ਸਿੰਘ ਦੇ ਹੱਥ ਵਿੱਚ ਸਾਰਾ ਪ੍ਰਬੰਧ ਸੌਂਪ ਦਿੱਤਾ ਤੇ ਇਹ ਗੱਲ ਕਹਿ ਦਿੱਤੀ ਕਿ ਜੇਹੜੇ ਮਾਮਲੇ ਬਹੁਤ ਜ਼ਰੂਰੀ ਹੋਣ, ਉਹਨਾਂ ਬਾਬਤ ਮੇਰੇ ਪਾਸੋਂ ਪੁੱਛ ਕਰ ਲੈਣੀ। ਬਾਕੀ ਮਾਮਲੇ ਆਪ ਤੇ ਆਪਣੇ ਅਹਿਲਕਾਰਾਂ ਦੀ ਰਾਏ ਨਾਲ ਨਜਿੱਠ ਲੈਣੇ।

੧੫ ਮਾਰਚ ੧੮੭੦ ਨੂੰ ਰਾਜਾ ਸਾਹਿਬ ਵਲਾਇਤ ਦੀ ਸੈਰ ਵਾਸਤੇ ਕਪੂਰਥਲੇ ਤੋਂ ਬੰਬੇ ਵੱਲ ਰਵਾਨਾ ਹੋਏ। ਕਿੰਤੂ ਜਿਗਰ ਦੇ ਵਿੱਚ ਕੁਛ ਖਰਾਬੀ ਆ ਜਾਣ ਤੋਂ ਇਨ੍ਹਾਂ ਦੀ ਅਰੋਗਤਾ ਦੀ ਦਸ਼ਾ ਅਜੇਹੀ ਨਹੀਂ ਸੀ ਕਿ ਇਹ ਲੰਮਾ ਸਫਰ ਕਰ ਸਕਣ, ਜਿਸ ਤੋਂ ਇਨ੍ਹਾਂ ਦੇ ਕਈ ਸੱਜਣਾਂ ਮਿੱਤਰਾਂ ਨੇ ਇਸ ਸਫਰ ਦੇ ਨਾ ਕਰਨ ਦੀ ਸਲਾਹ ਦਿੱਤੀ, ਪ੍ਰੰਤੂ ਸਫਰ ਦਾ ਸਾਰਾ ਪ੍ਰਬੰਧ ਹੋ ਚੁੱਕਾ ਸੀ ਤੇ ਇਨ੍ਹਾਂ ਦੇ ਦਿਲ ਵਿੱਚ ਇੰਗਲਸਤਾਨ ਦੀ ਸੈਰ ਦਾ ਸ਼ੌਕ ਇੰਨਾ ਵਧੀਕ ਸੀ ਕਿ ਇਨ੍ਹਾਂ ਕਿਸੇ ਗੱਲ ਦੀ ਪ੍ਰਵਾਹ ਨਾ ਕੀਤੀ ਤੇ ਸਫਰ ਵਿੱਚ ਦੇਰ ਕਰਨਾ ਵਾਜਬ ਨਾ ਸਮਝਿਆ।

## ੬੮. ਰਾਜਾ ਰਣਧੀਰ ਸਿੰਘ ਦਾ ਚਲਾਣਾ

ਸ਼ੋਕ ਹੈ ਕਿ ਇਨ੍ਹਾਂ ਦੇ ਦਿਲ ਵਿੱਚ ਇਸ ਸੈਰ ਦਾ ਜਿੰਨਾ ਸ਼ੌਕ ਸੀ, ਪੂਰਾ ਨਾ ਹੋ ਸਕਿਆ। ਇਨ੍ਹਾਂ ਦੀ ਹਾਲਤ ਬੰਬੇ ਤੋਂ ਚੱਲ ਕੇ ਅਦਨ ਅੱਪੜਦਿਆਂ ਤੱਕ ਹੀ ਅਜੇਹੀ ਹੋ ਗਈ ਕਿ ਡਾਕਟਰਾਂ ਦੀ ਇੱਕ ਕਮੇਟੀ ਨੇ ਇਨ੍ਹਾਂ ਨੂੰ ਵੇਖ ਕੇ ਕਹਿ ਦਿੱਤਾ ਕਿ ਹੁਣ ਮਹਾਰਾਜਾ ਸਾਹਿਬ ਕੋਈ ਘੜੀਆਂ ਦੇ ਮਹਿਮਾਨ ਹਨ। ਸੋ ਅਜਿਹਾ ਹੀ ਹੋਇਆ ਕਿ ਜਦ ਇਨ੍ਹਾਂ ਨੂੰ ਇਸ ਜਹਾਜ਼ ਤੋਂ ਕੱਢ ਕੇ ਬੰਬੇ ਆਉਣ ਵਾਲੇ ਜਹਾਜ਼ ਵਿੱਚ ਲਿਆਂਦਾ ਗਿਆ ਤਦ ਉਸ ਦੇ ਥੋੜ੍ਹੇ ਚਿਰ ਮਗਰੋਂ ਹੀ ਚਲਾਣਾ ਕਰ ਗਏ ਤੇ ਉਹਨਾਂ ਦਾ ਸਰੀਰ ਇਨ੍ਹਾਂ ਦੇ ਸਾਥੀ ਬੰਬੇ ਲੈ ਆਏ। ਇਧਰੋਂ ਕੰਵਰ ਖੜਕ ਸਿੰਘ ਜੀ ਵੀ ਆਪਣੇ ਪਿਤਾ ਦੀ ਬੀਮਾਰੀ ਦੀ ਖ਼ਬਰ ਸੁਣ ਕੇ ਬੰਬੇ ਅੱਪੜ ਗਏ ਸੀ। ਇੱਥੋਂ ਮਹਾਰਾਜਾ ਸਾਹਿਬ ਦੇ ਸਰੀਰ ਨੂੰ ਨਾਸਕ ਵਿੱਚ ਲੈ ਜਾ ਕੇ ਦਾਹ ਕਰਮ ਕੀਤਾ ਗਿਆ।

ਟਿਕਾ ਖੜਕ ਸਿੰਘ ਨੂੰ ਆਪਣੇ ਪਿਤਾ ਦੀ ਗੱਦੀ ਮਿਲਣ ਲਈ ਵੈਸਰਾਏ ਹਿੰਦ ਤੋਂ ਮਨਜ਼ੂਰੀ ਮੰਗਾਈ ਗਈ। ਵਾਇਸਰਾਏ ਨੇ ਟਿਕਾ ਖੜਕ ਸਿੰਘ ਨੂੰ ਗੱਦੀ ਤੇ ਬੈਠਣ ਦੀ ਆਗਿਆ ਦੇ ਦਿੱਤੀ ਤੇ ਰਾਜਾ ਰਣਧੀਰ ਸਿੰਘ ਦੇ ਚਲਾਣੇ ਦੀ ਖ਼ਬਰ ਸੁਣ ਕੇ ਸ਼ੋਕ ਪ੍ਰਗਟ ਕਰਦੇ ਹੋਏ ਲਿਖਿਆ ਕਿ:

'ਰਾਜਾ ਰਣਧੀਰ ਸਿੰਘ ਦੀ ਮੌਤ ਤੋਂ ਗਵਰਨਮੈਂਟ ਅੰਗਰੇਜ਼ੀ ਦਾ ਇੱਕ ਵਫ਼ਾਦਾਰ ਵੱਡਾ ਦਰਜੇ ਦਾ ਦੋਸਤ ਤੇ ਇੱਕ ਅਜਿਹਾ ਰਈਸ ਜਿਸ ਨੇ ਇੱਕ ਪੱਕੀ ਤੇ ਉੱਨਤ ਕਰਨ ਵਾਲੇ ਢੰਗ ਨਾਲ ਦੂਜੀਆਂ ਰਿਆਸਤਾਂ ਦੇ ਵਾਲੀਆਂ ਵਾਸਤੇ ਇੱਕ ਉਮਦਾ ਨਮੂਨਾ ਕਾਇਮ ਕਰ ਦਿੱਤਾ ਜਾਂਦਾ ਰਿਹਾ। ਉਹ ਖਿਦਮਤਾਂ ਜੋ ਰਾਜਾ ਸਾਹਿਬ ਨੇ ਕਸ਼ਟ ਤੇ ਖਤਰੇ ਦੇ ਦਿਨਾਂ ਵਿੱਚ ਕੀਤੀਆਂ, ਭੁੱਲਣ ਵਾਲੀਆਂ ਨਹੀਂ ਹਨ।'

## ੬੯. ਮਲਕਾ ਵਿਕਟੋਰੀਆ ਵੱਲੋਂ ਸ਼ੋਕ

ਰਾਜਾ ਰਣਧੀਰ ਸਿੰਘ ਸੱਚਮੁੱਚ ਇੱਕ ਬੜਾ ਅਕਲਮੰਦ ਤੇ ਦਾਨਾ ਰਾਜਾ ਸੀ। ਓਹਦੀ ਬਾਬਤ ਜੋ ਕੁਝ ਵਾਇਸਰਾਏ ਨੇ ਲਿਖਿਆ ਹੈ, ਓਸ ਵਿੱਚ ਵਾਲ ਜਿੰਨਾ ਵੀ ਫ਼ਰਕ ਨਹੀਂ। ਚੁਨਾਂਚੇ ਮਲਕਾ ਵਿਕਟੋਰੀਆ ਨੇ ਵੀ ਇਨ੍ਹਾਂ ਦੇ ਚਲਾਣੇ ਤੇ ਸ਼ੋਕ ਪ੍ਰਗਟ ਕੀਤਾ ਜੋ ਅੱਜ ਤੱਕ ਕਿਸੇ ਬਾਬਤ ਨਹੀਂ ਸੁਣਿਆ। ਇੱਕ ਚਿੱਠੀ ਮਲਕਾ ਵੱਲੋਂ ਤੇ ਇੱਕ ਚਿੱਠੀ ਵਜ਼ੀਰ ਆਜ਼ਮ, ਡੇਵਕ ਆਰਗਲ ਵੱਲੋਂ ਅੰਗਰੇਜ਼ੀ ਵਿੱਚ ਲਿਖੀਆਂ ਜੂਨ ੧੯੭੦ ਨੂੰ ਟਿੱਕਾ ਖੜਕ ਸਿੰਘ ਪਾਸ ਪੁੱਜੀਆਂ, ਜਿਸ ਤੋਂ ਇਨ੍ਹਾਂ ਨੂੰ ਫਖਰ ਦਾ ਮੌਕਾ ਮਿਲਿਆ, ਕਿਉਂਕਿ ਇਸ ਤੋਂ ਪਹਿਲਾਂ ਕਿਸੇ ਹੋਰ ਰਾਜੇ ਬਾਬਤ ਅਜਿਹਾ ਨਹੀਂ ਹੋਇਆ ਸੀ।

## ੭੦. ਖੜਕ ਸਿੰਘ ਦੀ ਗੱਦੀ ਨਸ਼ੀਨੀ

੧੨ ਮਈ ੧੯੭੦ ਨੂੰ ਰਾਜਾ ਖੜਕ ਸਿੰਘ ਆਪਣੇ ਪਿਤਾ ਦੀ ਜਗ੍ਹਾ ਬੜੀ ਧੂਮ ਧਾਮ ਨਾਲ ਗੱਦੀ ਤੇ ਬੈਠੇ। ਇਸ ਜਲਸੇ ਵਿੱਚ ਬਹੁਤ ਸਾਰੇ ਹਿੰਦੀ ਰਈਸ ਤੇ ਅੰਗਰੇਜ਼ ਅਫਸਰ ਸ਼ਾਮਲ ਸਨ। ਪਹਿਲੋਂ ਗਵਰਨਮੈਂਟ ਵੱਲੋਂ ਕਰਨਲ ਕਾਕਸ ਨੇ ਖਿਲਅਤ ਪੇਸ਼ ਕੀਤੀ। ਫਿਰ ਸੁਤੰਤਰ ਰਿਆਸਤਾਂ ਵੱਲੋਂ ਖਿਲਅਤਾਂ ਪੇਸ਼ ਹੋਈਆਂ। ਗੱਦੀ ਨਸ਼ੀਨੀ ਦੀਆਂ ਕੁਲ ਰਸਮਾਂ ਹੋ ਚੁੱਕਣ ਤੇ ਕਪੂਰਥਲੇ ਦੀ ਪ੍ਰਜਾ ਤੇ ਅਹਿਲਕਾਰਾਂ ਵੱਲੋਂ ਇੱਕ ਪ੍ਰਸੰਨਤਾ ਪੱਤ੍ਰ ਪੇਸ਼ ਹੋਇਆ, ਜਿਸ ਵਿੱਚ ਪ੍ਰਲੋਕ ਵਾਸੀ ਰਾਜਾ ਸਾਹਿਬ ਦੀ ਪ੍ਰਸੰਸਾ ਕਰ ਕੇ ੧ ਲੱਖ ੨੦ ਹਜ਼ਾਰ ਰਕਮ ਪੇਸ਼ ਕੀਤੀ ਕਿ ਇਸ ਦੇ ਨਾਲ ਓਹਨਾਂ ਦੀ ਇੱਕ ਯੋਗ ਯਾਦਗਾਰ ਕਾਇਮ ਕੀਤੀ ਜਾਏ। ਰਾਜਾ ਖੜਕ ਸਿੰਘ ਨੇ ਇਸ ਗੱਲ ਨੂੰ ਪ੍ਰਵਾਨ ਕਰ ਕੇ ੧ ਲੱਖ ਰੁਪਿਆ ਆਪਣੇ ਪਾਸੋਂ ੨੦ ਹਜ਼ਾਰ ਨਾਲ ਰਣਧੀਰ ਕਾਲਜ ਤੇ ੫ ਹਜ਼ਾਰ ਨਾਲ ਰਣਧੀਰ ਸ਼ਫਾਖਾਨਾ ਦੀ ਇਮਾਰਤ ਕਾਇਮ ਕਰ ਕੇ ਦੋ ਲੱਖ ਰੁਪਏ ਦੇ ਪ੍ਰਮੇਸਰੀ ਨੋਟ ਖਰੀਦ ਲਏ, ਜਿਨ੍ਹਾਂ ਦੇ ਨਾਲ ੧੯੦੦੦) ਰੁਪਯਾ ਮਹਾਵਾਰ ਸੂਦ ਆਉਣ ਲੱਗਾ, ਜਿਸ ਤੋਂ ਕਾਲਜ ਤੇ ਸ਼ਫਾਖਾਨਾ ਬੇਫਿਕਰੀ ਨਾਲ ਚੱਲਣ ਲੱਗ ਪਏ।

ਰਾਜਾ ਖੜਕ ਸਿੰਘ ਨੇ ਪ੍ਰਜਾ ਦੇ ਪੱਤਰ ਦਾ ਜੋ ਉੱਤਰ ਦਿੱਤਾ ਓਹਦੇ ਵੇਖਣ ਤੋਂ ਪਤਾ ਲੱਗਦਾ ਸੀ ਕਿ ਇਸ ਨੌਜਵਾਨ ਹੁਕਮਰਾਨ ਨੂੰ ਆਪਣੇ ਪਿਤਾ ਵੱਲੋਂ ਵਿਰਸੇ ਵਿੱਚ ਓਹ ਸਿਆਣਪ ਤੇ ਦਾਨਾਈ ਮਿਲੀ ਹੈ, ਜੋ ਓਹਨਾਂ ਦਾ ਖ਼ਾਸ ਗੁਣ ਸੀ। ਰਾਜਾ ਖੜਕ ਸਿੰਘ ਨੇ ਇਸ ਸਮੇਂ ੨੫੦੦੦) ਦੀ ਰਕਮ ਇਸ ਗੱਲ ਵਾਸਤੇ ਦਿੱਤੀ ਕਿ ਇਸ ਦੇ ਨਾਲ ਸਰ ਡੋਨਲਡ ਮੈਕਲੇਡ ਸਾਹਿਬ ਬਹਾਦਰ ਲਫਟੰਟ ਗਵਰਨਰ ਪੰਜਾਬ ਦੀ ਇੱਕ ਯੋਗ ਯਾਦਗਾਰ ਕਾਇਮ ਕੀਤੀ ਜਾਵੇ। ਲਫਟੰਟ ਗਵਰਨਰ ਨੇ ਕਿਹਾ ਕਿ ਇਸ ਰਕਮ ਦੇ ਵਿਆਜ ਨਾਲ ਇੱਕ ਖ਼ਾਸ ਇਨਾਮ ਓਸ ਹਿੰਦੀ ਨੂੰ ਦਿੱਤਾ ਜਾਏ ਤਾਂ ਹਰ ਸਾਲ ਪਦਾਰਥ ਵਿੱਦਿਆ ਤੇ ਦੇਸੀ ਭਾਸ਼ਾ ਵਿੱਚ ਕੋਈ ਚੰਗੀ ਪੁਸਤਕ ਲਿਖੇ।

ਸ਼ੋਕ ਹੈ ਕਿ ਰਾਜਾ ਸਾਹਿਬ ਦੀ ਮੌਤ ਨੇ ਇਨ੍ਹਾਂ ਨੂੰ ਬਹੁਤ ਚਿਰ ਗੱਦੀ ਤੇ ਬੈਠਣ ਦਾ ਸਮਾਂ ਨਾ ਦਿੱਤਾ। ਵਿਸਾਖ ੧੯੩੧ ਨੂੰ ਭਾਗਸੂ ਤੋਂ ਆਰਾਮ ਕਰ ਕੇ ਮੁੜਦੇ ਹੋਏ ਹੁਸ਼ਿਆਰਪੁਰ ਪੁੱਜਣ ਤੇ ਓਹਨਾਂ ਦੇ ਦਿਮਾਗ਼ ਵਿੱਚ ਖਲਲ ਆ ਗਿਆ।

ਇਹ ਰੋਗ ੯ ਮਈ ੧੮੭੪ ਨੂੰ ਪ੍ਰਗਟ ਹੋਇਆ, ਰਾਜਾ ਸਾਹਿਬ ਦੇ ਸਾਥੀ ਇਲਾਜ ਲਈ ਆਪਣੇ ਨਾਲ ਕਪੂਰਥਲੇ ਲੈ ਆਏ।

## ੭੧. ਕੌਂਸਲ ਆਫ ਰੀਜੈਂਸੀ ਦਾ ਨੀਯਤ ਹੋਣਾ

ਰਾਜਾ ਸਾਹਿਬ ਦੇ ਕਪੂਰਥਲੇ ਪੁੱਜਣ ਤੇ ਬੜੀ ਸਰਗਰਮੀ ਨਾਲ ਉਹਨਾਂ ਦਾ ਇਲਾਜ ਹੋਣ ਲੱਗਾ, ਕਿੰਤੂ ਜਦ ਕੋਈ ਅਰਾਮ ਦੀ ਸੂਰਤ ਨਾ ਹੋਈ ਤਦ ਗਵਰਨਮੈਂਟ ਨੇ ਕੌਂਸਲ ਆਫ ਰੇਜੰਸੀ ਬਣਾ ਦਿੱਤੀ, ਜਿਸ ਦੇ ਮੈਂਬਰ ਗ਼ੁਲਾਮ ਜੀਲਾਨੀ, ਦੀਵਾਨ ਰਾਮਜਸ ਤੇ ਦੀਵਾਨ ਬੈਜਨਾਥ ਸਨ। ਤਿੰਨ ਸਾਲ ਤੱਕ ਇਸ ਕੌਂਸਲ ਨੇ ਪ੍ਰਬੰਧ ਕੀਤਾ।

## ੭੨. ਸਰ ਲੈਪਲ ਗ੍ਰਿਫਨ ਸਾਹਿਬ ਸੁਪ੍ਰੰਟੰਡੰਟ ਬਣਾਏ ਗਏ

ਕਿੰਤੂ ਸਰਕਾਰ ਨੂੰ ਇਹ ਜ਼ਰੂਰੀ ਪ੍ਰਤੀਤ ਹੋਇਆ ਕਿ ਰਿਆਸਤ ਦਾ ਪ੍ਰਬੰਧ ਕਿਸੇ ਜ਼ਿੰਮੇਵਾਰ ਅੰਗਰੇਜ਼ ਦੇ ਸਪੁਰਦ ਕੀਤਾ ਜਾਏ, ਇਸ ਕਰ ਕੇ ਸਰ ਲੈਪਲ ਗ੍ਰਿਫਨ ਸਾਹਿਬ ਰਿਆਸਤ ਕਪੂਰਥਲਾ ਦੇ ਸੁਪ੍ਰੰਟੰਡੰਟ ਬਣਾਏ ਗਏ। ੧੮ ਅਪ੍ਰੈਲ ੧੮੭੫ ਨੂੰ ਇਨ੍ਹਾਂ ਕੌਂਸਲ ਦਾ ਚਾਰਜ ਲਿਆ।

## ੭੩. ਰਾਜਾ ਖੜਕ ਸਿੰਘ ਦਾ ਚਲਾਣਾ ਤੇ ਜਗਜੀਤ ਸਿੰਘ ਦੀ ਗੱਦੀ ਨਸ਼ੀਨੀ

ਰਾਜਾ ਖੜਕ ਸਿੰਘ ਨੂੰ ਆਰਾਮ ਨਾ ਹੋਇਆ, ਤਿੰਨ ਸਾਲ ਤੱਕ ਦਿਮਾਗ਼ ਦੇ ਖਲਲ ਦੇ ਕਾਰਨ ਇਨ੍ਹਾਂ ਨੂੰ ਕਮੁਦ ਰਿਹਾ। ੨੨ ਭਾਦ੍ਰੋਂ ੧੯੩੪ ਬਿ. ਮੁਤਾਬਕ ੫ ਸਤੰਬਰ ੧੮੭੭ ਨੂੰ ਭਾਗਸੂ ਦੇ ਮੁਕਾਮ ਤੇ ਚਲਾਣਾ ਕਰ ਗਏ। ਇਨ੍ਹਾਂ ਦਾ ਸਰੀਰ ਕਪੂਰਥਲੇ ਲਿਆ ਕੇ ਦਾਹ ਕਰਮ ਕੀਤਾ ਗਿਆ। ਇਨ੍ਹਾਂ ਦੀ ਜਗ੍ਹਾ ਇਨ੍ਹਾਂ ਦੇ ਲੜਕੇ ਜਗਜੀਤ ਸਿੰਘ ਜਿਨ੍ਹਾਂ ਦਾ ਜਨਮ ੨੩ ਨਵੰਬਰ ੧੮੭੨ ਨੂੰ ਹੋਇਆ ਸੀ, ਗੱਦੀ ਤੇ ਬੈਠੇ। ਇਹ ਮੁਬਾਰਕ ਰਸਮ ੩ ਮੱਘਰ ੧੯੩੮ ਬਿਕ੍ਰਮੀ ਮੁਤਾਬਕ ੧੯ ਨਵੰਬਰ ੧੮੭੭ ਨੂੰ ਅਦਾ ਕਰਨ ਵਾਸਤੇ ਆਪ ਐਜਰਟਨ ਸਾਹਿਬ ਬਹਾਦਰ ਲਫਟੰਟ ਗਵਰਨਰ ਪੰਜਾਬ ੫੦ ੬੦ ਅੰਗਰੇਜ਼ ਅਫਸਰਾਂ ਦੇ ਸਮੇਤ ਕਪੂਰਥਲੇ ਆਏ। ਦੂਜੇ ਰਾਜਿਆਂ ਤੇ ਰਈਸਾਂ ਦੇ ਸਾਹਮਣੇ ਪਹਿਲਾਂ ਗਵਰਨਮੈਂਟ ਵੱਲੋਂ ਖਿਲਅਤ ਪੇਸ਼ ਹੋਈ। ਫਿਰ ਦੂਜੀਆਂ ਰਿਆਸਤਾਂ ਵੱਲੋਂ ਖਿਲਅਤਾਂ ਪੇਸ਼ ਹੋਈਆਂ ਤੇ ਗੱਦੀ ਨਸ਼ੀਨੀ ਦੀ ਰਸਮ ਅਦਾ ਹੋਈ। ਫਿਰ ਰਾਜਾ ਸਾਹਿਬ ਨੇ ਜਿਨ੍ਹਾਂ ਦੀ ਉਮਰ ਉਸ ਵੇਲੇ ੫ ਵਰ੍ਹਿਆਂ ਦੀ ਸੀ, ਆਪ ਉੱਠ ਕੇ ਸਾਰੇ ਦਰਬਾਰੀ ਤੇ ਅਹਿਲਕਾਰਾਂ ਤੇ ਗਵਰਨਰ ਦੇ ਸਾਹਮਣੇ ਇਹ ਲਫਜ਼ ਕਹੇ:

'ਮੈਂ ਬੜੇ ਮਾਨ ਨਾਲ ਇਸ ਗੱਲ ਦਾ ਧੰਨਵਾਦ ਕਰਦਾ ਹਾਂ ਕਿ ਸਰ ਨੇਵਸ ਸਾਹਿਬ ਨੇ ਮੇਰਾ ਨਾਮ ਗਜ਼ਟ ਕੀਤਾ ਹੈ ਤੇ ਜਨਾਬ ਐਜਰਟਨ ਸਾਹਿਬ ਨੇ ਮੈਨੂੰ ਗੱਦੀ ਤੇ ਬਠਾਇਆ ਹੈ।'

ਇਹ ਵਾਕ ਨਿੱਕੇ ਜਿਹੇ ਬਾਲ ਰਾਜਾ ਦੇ ਮੂੰਹ ਤੋਂ ਸੁਣ ਕੇ ਲਫਟੰਟ ਗਵਰਨਰ ਨੇ ਖ਼ੁਸ਼ੀ ਨਾਲ ਤਿੰਨ ਵਾਰ ਚੇਅਰਜ਼ ਦਿੱਤੇ। ਇਸ ਤੋਂ ਪਿੱਛੋਂ ਜਦ ਜਲਸਾ ਤਮਾਸ਼ੇ ਆਤਸ਼ਬਾਜ਼ੀ ਦੇਖ ਕੇ ਬ੍ਰਖ਼ਾਸਤ ਹੋਇਆ ਤਦ ਲਾਟ ਸਾਹਿਬ ਰਾਜਾ ਸਾਹਿਬ ਨੂੰ ਕੋਠੀ ਤੱਕ ਪੁਚਾਣ ਨਾਲ ਗਏ ਤੇ ਜਦ ਉੱਥੋਂ ਮੁੜਨ ਲੱਗੇ ਤਦ ਦੀਵਾਨ ਜਸਪਤ ਰਾਏ ਨੂੰ ਕਿਹਾ:

'ਦੀਵਾਨ ਸਾਹਿਬ! ਆਪ ਦੇ ਮਹਾਰਾਜਾ ਸਾਹਿਬ ਬੜੇ ਪ੍ਰਤਾਪ ਵਾਲੇ ਹੋਣਗੇ। ਵੇਖੋ ਅੱਜ ਸਵੇਰ ਤੋਂ ਰਾਤ ਦੇ ੧੧ ਬਜੇ ਤੱਕ ਆਪ ਦੇ ਮਹਾਰਾਜਾ ਸਾਹਿਬ ਨੇ ਇਸ ਛੋਟੀ ਆਯੂ ਵਿੱਚ ਸਾਰੇ ਕੰਮਾਂ ਨੂੰ ਅਜੇਹੀ ਚੰਗੀ ਤਰ੍ਹਾਂ ਭੁਗਤਾਇਆ ਹੈ ਜੋ ਕਿਸੇ ਵੱਡੇ ਤੋਂ ਹੋਣਾ ਵੀ ਕਠਨ ਹੈ। ਮੈਂ ਇਨ੍ਹਾਂ ਦੀ ਤਰੱਕੀ ਚਾਹੁੰਦਾ ਹਾਂ।'

ਰਾਜਾ ਸਾਹਿਬ ਦੇ ਨਾਬਾਲਗ ਹੋਣ ਦੇ ਦਿਨਾਂ ਵਿੱਚ ਹੇਠ ਲਿਖੇ ਅੰਗਰੇਜ਼ ਅਫਸਰ ਰਿਆਸਤ ਕਪੂਰਥਲੇ ਵਿੱਚ ਸੁਪ੍ਰੰਟੰਡੰਟ ਰਹੇ:

(੧) ਸਰ ਲੈਪਲ ਗ੍ਰਿਫਨ ਸਾਹਿਬ ੧੮ ਅਪ੍ਰੈਲ ੧੮੭੫ (੭ ਵੈਸਾਖ ੧੯੩੨) ਤੋਂ ੧੩ ਫਰਵਰੀ ੧੮੭੬ ਤੱਕ।

(੨) ਮਿਸਟਰ ਰੀਵਾਰ ਸਾਹਿਬ ੪ ਫੱਗਨ ਸੰਮਤ ੧੯੩੨ ਮੁਤਾਬਕ ੧੪ ਫਰਵਰੀ ੧੮੭੬ ਤੋਂ ਸ਼ੁਰੂ ਮਈ ੧੮੮੩ ਤੱਕ।

(੩) ਡਬਲਯੂ ਫਰੇਅਰ ਸਾਹਿਬ ੮ ਮਈ ੧੮੮੩ (੨੭ ਵਿਸਾਖ ੧੯੪੦) ਸ਼ੁਰੂ ਫਰਵਰੀ ੧੮੮੪ ਤੱਕ।

(੪) ਇਸਟਰ ਕਨੇਹਮ ੧੪ ਫਰਵਰੀ ੧੮੮੪ (੪ ਫੱਗਣ ੧੯੪੦) ਸ਼ੁਰੂ ਅਪ੍ਰੈਲ ੧੮੮੫ ਤੱਕ।

(੫) ਮਿਸਟਰ ਜਾਰਜ ਕਾਰਲਸ ਨਮਰ ਸਾਹਿਬ ੧੫ ਅਪ੍ਰੈਲ ੧੮੮੫ ਤੋਂ (੫ ਵਿਸਾਖ ੧੯੪੨) ਅਗਸਤ ੧੮੮੬ ਤੱਕ।

(੬) ਮੇਜਰ ਮੇਸੀ ਸਾਹਿਬਾ ੧੮ ਅਗਸਤ ੧੮੮੩ (੪ ਭਾਦਰੋਂ ਸੰ. ੧੯੪੩) ੨੩ ਨਵੰਬਰ ੧੮੯੦ ਤੱਕ।

ਹੁਣ ਜਦ ਰਾਜਾ ਜਗਜੀਤ ਸਿੰਘ ਅੰਗਰੇਜ਼ੀ ਤੇ ਫ਼ਾਰਸੀ ਦੀ ਸਿਖਿਆ ਵਿੱਚ ਪ੍ਰਬੀਨ ਹੋ ਰਿਆਸਤ ਦਾ ਪ੍ਰਬੰਧ ਕਰਨ ਯੋਗ ਹੋ ਗਏ, ਤਦ ਸਰ ਜੇਮਜ਼ ਲਾਇਲ ਸਾਹਿਬ ਲਫਟੰਟ ਗਵਰਨਰ ਪੰਜਾਬ ਨੇ ਆਪਣਾ ਸਟਾਫ ਤੇ ਹੋਰ ਅੰਗਰੇਜ਼ ਅਫਸਰਾਂ ਸਮੇਤ ਕਪੂਰਥਲੇ ਪੁੱਜ ਕੇ ਇੱਕ ਵੱਡੇ ਦਰਬਾਰ ਵਿੱਚ ਰਾਜਾ ਜਗਜੀਤ ਸਿੰਘ ਨੂੰ ਗੱਦੀ ਤੇ ਬਠਾਇਆ ਤੇ ਅੰਗਰੇਜ਼ ਸੁਪ੍ਰੰਟੰਡੰਟ ਤੇ ਹੋਰ ਅਹਿਲਕਾਰਾਂ ਦੀ ਸਹਾਇਤਾ ਦੇਣ ਬਦਲੇ ਧੰਨਵਾਦ ਕੀਤਾ। ਹੇਠ ਲਿਖੇ ਨਾਮ ਆਪ ਨੇ ਆਪਣੀ ਸਪੀਚ ਵਿੱਚ ਲਏ:

ਕੰਵਰ ਹਰਨਾਮ ਸਿੰਘ, ਦੀਵਾਨ ਰਾਮ ਜਸ ਸਾਹਿਬ, ਸਰਦਾਰ ਭਗਤ ਸਿੰਘ, ਲਾਲਾ ਹਰਭਗਵਾਨ ਦਾਸ, ਸਰਦਾਰ ਨਬੀ ਬਖ਼ਸ਼ ਸਾਹਿਬ, ਦੀਵਾਨ ਮਥਰਾ ਦਾਸ, ਲਾਲਾ ਹਰਚਰਨ ਦਾਸ, ਦੀਵਾਨ ਬੈਜਨਾਥ, ਮੀਆਂ ਗ਼ੁਲਾਮ ਜੀਲਾਨੀ, ਲਾਲਾ ਬਿਸ਼ਨ ਦਾਸ ਸਾਹਿਬ, ਲਾਲਾ ਈਸ਼ਰਦਾਸ, ਸਰਦਾਰ ਬਿਕਰਮਾ ਸਿੰਘ, ਮੌਂ: ਮੁਹੰਮਦ ਵਲੀ ਅਲਾ, ਕਰਨੈਲ ਮੁਹੰਮਦ ਅਲੀ ਖਾਂ।

ਸਰਦਾਰ ਭਗਤ ਸਿੰਘ ਰਾਜਾ ਸਾਹਿਬ ਦੇ ਪ੍ਰਾਈਵੇਟ ਸਕੱਤਰ ਸਨ, ਕਿੰਤੂ ਇਨ੍ਹਾਂ ਦੀ ਯੋਗਤਾ ਵੇਖ ਕੇ ਰਾਜਾ ਸਾਹਿਬ ਨੇ ਆਪਣਾ ਵੱਡਾ ਸਲਾਹਕਾਰ ਬਣਾਇਆ ਜੋ ਆਪ ਨੇ ਬੜੀ ਹੱਛੀ ਤਰ੍ਹਾਂ ਸੇਵਾ ਕੀਤੀ।

ਲਾਲਾ ਭਗਵਾਨ ਦਾਸ ਪਹਿਲਾਂ ਸਕੱਤਰ ਸੀ, ਇਨ੍ਹਾਂ ਦੀ ਯੋਗਤਾ ਵੇਖ ਕੇ ਤਰੱਕੀ ਦੇ ਕੇ ਕਪੂਰਥਲਾ ਕੌਂਸਲ ਦੇ ਮੈਂਬਰ ਬਣਾਏ।

ਰਾਜਾ ਸਾਹਿਬ ਨੇ ਗੱਦੀ ਤੇ ਬੈਠਦੇ ਹੀ ਆਪਣੇ ਅਹਿਲਕਾਰਾਂ ਦੀ ਓਹਨਾਂ ਦੀ ਯੋਗਤਾ ਅਨੁਸਾਰ ਤਰੱਕੀ ਕੀਤੀ ਤੇ ਤਨਖਾਹ ਵਧਾਈ। ਆਪਣੇ ਮੁਲਕ ਦੇ ਸਾਰੇ ਵੱਡੇ ਵੱਡੇ ਸ਼ਹਿਰਾਂ ਦੀ ਸੈਰ ਕਰ ਕੇ ਆਪਣੇ ਤਜਰਬੇ ਨੂੰ ਵਧਾਇਆ। ਇਹ ਰਾਜਾ ਸਾਹਿਬ ਬੜੇ ਹੋਣਹਾਰ, ਅਕਲਮੰਦ, ਸ਼ਰਮੀਲੇ ਸਜੀਲੇ ਸਨ; ਮੋਟੀਆਂ ਮੋਟੀਆਂ ਅੱਖਾਂ ਤੇ ਖੁੱਲ੍ਹੀ ਪੇਸ਼ਾਨੀ ਸੀ।

ਆਪ ਨੇ ਇੱਕ ਲੱਖ ਰੁਪਿਆ ਖਾਲਸਾ ਕਾਲਜ ਦੇ ਖੁੱਲ੍ਹਣ ਸਮੇਂ ਦਿੱਤਾ ਸੀ, ਜਿਸ ਤੋਂ ਆਪ ਦੇ ਦਾਨੀ ਸੁਭਾਵ ਦਾ ਪਤਾ ਲੱਗਦਾ ਹੈ।

੧੭ ਮਈ ੧੮੯੨ ਮੁਤਾਬਕ ੬ ਜੇਠ ੧੯੪੯ ਨੂੰ ਰਾਜਾ ਜਗਜੀਤ ਸਿੰਘ ਦੇ ਘਰ ਟਿੱਕਾ ਸਾਹਿਬ ਉਤਪੰਨ ਹੋਏ, ਜਿਸ ਤੋਂ ਸਾਰੀ ਪ੍ਰਜਾ ਨੇ ਬੜੀ ਖ਼ੁਸ਼ੀ ਮਨਾਈ। ਦੂਜੇ ਦਿਨ ੧੮ ਮਈ ਨੂੰ ਅਚਣਚੇਤ ਹੀ ਮਹਾਰਾਜਾ ਸਾਹਿਬ ਪਟਿਆਲਾ ਆ ਗਏ ਜਿਨ੍ਹਾਂ ਨੇ ਆਪਣੀ ਜ਼ਬਾਨੀ ਮੁਬਾਰਕ ਦਿੱਤੀ। ਮਹਾਰਾਜਾ ਪਟਿਆਲਾ ਦੇ ਆਉਣ ਤੇ ਖ਼ੁਸ਼ੀ ਹੋਰ ਵੀ ਦੂਣੀ ਹੋ ਗਈ। ਪਹਿਲਾਂ ਸਰਦਾਰ ਭਗਤ ਸਿੰਘ ਤੇ ਫਿਰ ਦੀਵਾਨ ਰਾਮਜਸ ਨੇ ਦਾਅਵਤਾਂ ਦਿੱਤੀਆਂ, ਜਿਨ੍ਹਾਂ ਵਿੱਚ ਦੋਨੋਂ ਰਾਜੇ ਸ਼ਰੀਕ ਹੋਏ।

## ੭੪. ਕਪੂਰਥਲੇ ਵਿੱਚ ਇਹ ਅਸਥਾਨ ਵੇਖਣ ਯੋਗ ਹਨ:

(੧) ਸ਼ਾਲਾਮਾਰ ਬਾਗ਼: ਇਸ ਵਿੱਚ ਫਵਾਰਾ ਤੇ ਬਾਰਾਂਦਰੀ ਹੈ। ਇਹ ਜਗ੍ਹਾ ਸਰਦਾਰ ਫਤਹ ਸਿੰਘ ਨੇ ਬਣਵਾਈ ਸੀ ਤੇ ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰੀਤੀ ਭੋਜਨ ਦਿੱਤਾ ਗਿਆ ਸੀ। ਇੱਥੇ ਹਰ ਐਤਵਾਰ ਨੂੰ ਮੇਲਾ ਲੱਗਦਾ ਹੈ॥

(੨) ਖੁੱਲ੍ਹੇ ਮੈਦਾਨ ਵਿੱਚ ਕਚਹਿਰੀ: ਇਹ ੮ ਲੱਖ ਦੇ ਖ਼ਰਚ ਨਾਲ ਬਣੀ ਹੈ। ਇੱਥੇ ਇੱਕ ਹਾਲ ਹੈ, ਜਿਸ ਵਿੱਚ ਬੜੀਆਂ ਸੁੰਦਰ ਤਸਵੀਰਾਂ ਰਖੀਆਂ ਹੋਈਆਂ ਹਨ ਤੇ ਦੋ ਮੰਜ਼ਲਾ ਤੇ ਤਿੰਨ ਮੰਜ਼ਲਾ ਬੜੀ ਹੀ ਸ਼ਾਨਦਾਰ ਇਮਾਰਤ ਬਣੀ ਹੋਈ ਹੈ।

(੩) ਰਣਧੀਰ ਕਾਲਜ

(੪) ਫੌਜੀ ਛਾਵਣੀ

(੫) ਕੋਠੀ

(੬) ਲਾਇਬ੍ਰੇਰੀ

(੭) ਬਾਗ਼ ਆਦਿਕ।

॥ ਇਤਿ ॥